# ਮਨੁੱਖਤਾਵਾਦੀ

## ਕ੍ਰਿਪਾਲ ਸਿੰਘ ਦੁੱਗਲ

ਤ੍ਰਿਲੋਚਨ ਸਿੰਘ ਦੁੱਗਲ

Manukhtawadi - Kirpal Singh Duggal
©Trilochan Singh Duggal
47, Caar Manor Ave.
Leeds, LS175BJ
U.K.
Tel : +44-78128 92459
Email : Trilochanduggal@Hotmail.com

2015

Price : SEVA

Printed At
ASIA VISIONS
Ludhiana, Punjab
+91-98159-45018

# ਸਮਰਪਣ

ਆਦਰਸ਼ਵਾਦੀ ਪੂਜਨੀਕ ਪਿਤਾ ਸਰਦਾਰ
ਕ੍ਰਿਪਾਲ ਸਿੰਘ ਦੀਆਂ ਅਨਮੋਲ ਨਿੱਘੀਆਂ
ਯਾਦਾਂ ਦੇ ਇਸ ਸੰਗ੍ਰਹਿ ਨੂੰ ਆਪਣੀ ਮਾਤਾ
ਗੁਰਬਚਨ ਕੌਰ ਜੀ ਨੂੰ ਅਦਬ ਸਹਿਤ
ਸਮਰਪਣ ਕਰਦਾ ਹਾਂ

-ਤ੍ਰਿਲੋਚਨ ਸਿੰਘ ਦੁੱਗਲ

# ਤਤਕਰਾ


5 ਕੁੱਝ ਸ਼ਬਦ
7 ਮਨੁੱਖਤਾਵਾਦੀ- ਕ੍ਰਿਪਾਲ ਸਿੰਘ ਦੁੱਗਲ
9 ਪੁਸਤਕ ਦੀ ਪਰਿਭਾਸ਼ਾ ਦਾ ਨਜ਼ਰੀਆ
12 ਵੀਰਾ ਜੀ-ਕ੍ਰਿਪਾਲ ਸਿੰਘ ਵਾਰੇ ਕੁੱਝ ਸ਼ਬਦ
16 ਇੱਕ ਦਾਨਸ਼ਮੰਦ ਇਨਸਾਨ ਨਾਲ ਬੀਤੇ ਪਲਾਂ ਦੀ ਯਾਦ
24 ਸਰਦਾਰ ਮਨਮੋਹਨ ਸਿੰਘ ਦਾ ਬਾਬਾ ਸੰਗਤ ਸਿੰਘ ਯਾਦਗਾਰੀ ਟਰੱਸਟ ਜਲੰਧਰ ਪ੍ਰਤੀ ਯੋਗਦਾਨ
26 ਧੰਨਵਾਦ
29 ਠਰਬਿੁਟਣ ਟੋਿਰ. ਖਰਿਪਓਲ ਸ਼ਨਿਗਹ ਧੁਗਗਓਲ
31 ਪਿੰਡ ਜਮਸ਼ੇਰ ਦਾ ਪਰਿਚੇ
40 ਵਡੇਰਿਆਂ ਦੀ ਜਬਾਨੀ ਪਿਤਾ ਜੀ ਦਾ ਬਚਪਣ
61 ਨਾਨਕਾ-ਘਰ
67 ਜਵਾਨੀ ਦੇ ਲਮਹੇ
76 ਗ੍ਰਿਸਤੀ ਜੀਵਨ
87 ਯੂ.ਪੀ. ਵਿੱਚ ਜ਼ਮੀਨ ਖਰੀਦਣੀ
97 ਇੰਗਲੈਂਡ ਜਾਣ ਦੀ ਤਿਆਰੀ
107 ਮਨੁੱਖੀ ਕਦਰਾਂ ਕੀਮਤਾਂ ਦਾ ਆਭਾਸ
113 ਇੰਗਲੈਂਡ ਤੋਂ ਹਿੰਦੁਸਤਾਨ ਦਾ ਸੜਕ ਰਾਹੀਂ ਕਾਰ ਦੇ ਵਿੱਚ ਸਫ਼ਰ
123 ਪੰਜਾਬ ਦਾ ਦੌਰਾ
133 ਇੰਗਲੈਂਡ ਦੀ ਵਾਪਿਸੀ
154 ਪਿੰਡ ਜੰਡੂ ਸਿੰਘਾ ਵਿਖੇ ਗਿਆਨੀ ਦਿੱਤ ਸਿੰਘ ਲਾਇਬਰੇਰੀ
157 ਆਨੰਦਪੁਰ ਸਾਹਿਬ ਗੁਰਦੁਆਰਾ ਸਾਹਿਬ ਦੀ ਅਸਥਾਪਨਾ
160 ਬਿਮਾਰੀ ਵਿੱਚ ਗ੍ਰਸਣਾ
183 ਪਿੰਡ ਕੱਟਾ ਸਬੌਰ ਵਿਖੇ ਬਾਬਾ ਸੰਗਤ ਸਿੰਘ ਜੀ ਦੀ ਯਾਦਗਾਰ
190 ਦੋਦੜਾ ਸਾਹਿਬ ਦੀ ਸੰਗਤ ਨਾਲ ਸੰਪਰਕ
194 ਆਪਣੇ ਪਰਿਵਾਰ ਪ੍ਰਤੀ ਜੁੰਮੇਵਾਰੀ
206 ਧੰਨਵਾਦ

# ਕੁੱਝ ਸ਼ਬਦ



ਸ੍ਰ: ਤਰਲੋਚਨ ਸਿੰਘ ਦੁੱਗਲ ਹੋਰਾਂ ਨੇ ਆਪਣੇ ਸਤਿਕਾਰਯੋਗ ਪਿਤਾ ਜੀ ਸ੍ਰ: ਕਿਰਪਾਲ ਸਿੰਘ ਜੀ ਦੇ ਸੰਘਰਸ਼ਮਈ ਜੀਵਨ ਦੀ ਦਾਸਤਾਂ ਨੂੰ ਇਕ ਕਿਤਾਬ ਦੇ ਰੂਪ ਵਿੱਚ ਛਾਪ ਕੇ ਬਹੁਤ ਹੀ ਵੱਧੀਆ ਉੱਦਮ ਉਪਰਾਲਾ ਕੀਤਾ ਹੈ । ਮੈਂ ਸਮਝਦਾ ਹਾਂ ਕਿ ਆਪਣੇ ਪੁਰਖਿਆਂ ਦੀਆਂ ਜੱਦੀ ਪੁਸ਼ਤੈਨੀ ਵਿਰਾਸਤਾਂ ਨੂੰ ਇਕ ਮਾਲ਼ਾ ਵਿੱਚ ਪਰੋ ਕੇ ਸਾਂਭਣਾ ਇਕ ਸੱਚੀ ਸ਼ਰਧਾਂਜਲੀ ਹੈ । ਮਾਨਯੋਗ ਸ੍ਰ: ਕਿਰਪਾਲ ਸਿੰਘ ਜੀ ਦੇ ਗੁਰਸਿੱਖੀ ਅਤੇ ਆਦਰਸ਼ਮਈ ਜੀਵਨ ਤੋਂ ਪਾਠਕਾਂ ਨੂੰ ਕਾਫੀ ਕੁਝ ਸਿੱਖਣ ਨੂੰ ਮਿਲੇਗਾ । ਕਿਉਂ ਕਿ ਸ੍ਰ: ਤਰਲੋਚਨ ਸਿੰਘ ਅਕਸਰ ਗੱਲ ਕਰਿਆ ਕਰਦੇ ਹਨ ਕਿ ਇਹਨਾਂ ਦੇ ਪਿਤਾ ਜੀ ਨੇ ਜਿੰਦਗੀ ਵਿੱਚ ਕਦੇ ਵੀ ਹੌਂਸਲਾ ਨਹੀਂ ਹਾਰਿਆ ਅਤੇ ਵਾਹਿਗੁਰੂ ਦੇ ਭਾਣੇ ਵਿੱਚ ਰਹਿਣਾ ਹੀ ਉਹਨਾਂ ਦੀ ਅਪਣੀ ਜਿੰਦਗੀ ਦਾ ਅਸਲ ਮਨੋਰਥ ਸੀ । ਨਿਸ਼ਕਾਮ ਭਾਵਨਾਂ ਦੇ ਨਾਲ ਲੋਕ ਭਲਾਈ ਦੇ ਕੰਮਾਂ ਵਿੱਚ ਵੱਧ ਚੜ੍ਹ ਕੇ ਯੋਗਦਾਨ ਪਾਉਣਾ ਅਤੇ ਕਿਸੇ ਦੇ ਕੰਮ ਆ ਸਕਣਾ ਸਿਰਫ ਗੁਰਮੁਖ ਜਾਂ ਦਰਵੇਸ਼ ਸਖਸ਼ੀਅਤਾਂ ਦੇ ਹਿੱਸੇ ਹੀ ਆਇਆ ਹੈ ।

ਉਹਨਾਂ ਦੇ ਜੀਵਨ ਵਾਰੇ ਕਿਤਾਬ ਲਿਖਣਾ ਕੋਈ ਅਸਾਨ ਕੰਮ ਨਹੀਂ ਸੀ ਪਰ ਸ੍ਰ: ਤਰਲੋਚਨ ਸਿੰਘ ਦੁੱਗਲ ਬੜੀ ਲਗਨ ਅਤੇ ਮੇਹਨਤ ਸਦਕਾ ਇਸ ਕਾਰਜ਼ ਨੂੰ ਨੇਪਰੇ ਚਾੜ੍ਹਨ ਵਿੱਚ ਕਾਮਯਾਬ ਹੋਏ ਹਨ । ਆਪਣੇ ਪਿਤਾ ਜੀ ਦੇ ਨਾਲ਼ ਬਿਤਾਏ ਹੋਏ ਪਲਾਂ ਨੂੰ ਅਤੇ ਜੀਵਨ ਸੰਘਰਸ਼ ਨੂੰ ਇੱਕ ਫਿਲਮ ਵਾਂਗੂੰ ਪੇਸ਼ ਕਰਕੇ ਸ੍ਰ: ਤਰਲੋਚਨ ਸਿੰਘ ਨੇ ਇੱਕ ਨੇਕ ਸਪੁੱਤਰ ਹੋਣ ਦਾ ਫਰਜ਼ ਅਦਾ ਕੀਤਾ ਹੈ ।ਇਹਨਾਂ ਦੀ ਮਾਂ ਬੋਲੀ ਪੰਜਾਬੀ ਵਿੱਚ ਛਾਪੀ ਗਈ ਦੂਰ ਦ੍ਰਿਸ਼ਟੀ ਅਤੇ ਵਿਦਵਤਾ ਭਰਪੂਰ ਇਹ ਪਲੇਠੀ ਪੁਸਤਕ ਆਮ ਪਾਠਕਾਂ ਲਈ ਇੱਕ ਚਾਨਣ ਮੁਨਾਰਾ ਸਾਬਤ ਹੋਵੇਗੀ । ਇਹ ਉੱਚੀ ਸੁੱਚੀ ਸੋਚ ਅਤੇ ਗਿਆਨ ਇਹਨਾਂ ਨੇ ਆਪਣੇ ਪਿਤਾ ਜੀ ਸ੍ਰ: ਕਿਰਪਾਲ ਸਿੰਘ ਦੁੱਗਲ ਹੋਰਾਂ ਦੇ ਆਦਰਸ਼ਮਈ ਜੀਵਨ ਤੋਂ ਪ੍ਰਾਪਤ ਕੀਤਾ ਹੈ ।

ਸ੍ਰ: ਤਰਲੋਚਨ ਸਿੰਘ ਦੁੱਗਲ ਖੁਦ ਬਹੁਤ ਹੀ ਪੜ੍ਹੇ ਲਿਖੇ ਅਤੇ ਰਹਿਮ ਦਿਲ ਇਨਸਾਨ ਹਨ । ਇਹਨਾਂ ਨੇ ਇੰਗਲੈਂਡ ਵਿੱਚ ਰਹਿੰਦਿਆਂ ਕੈਮੀਕਲ ਇੰਜਨੀਅਰਿੰਗ ਦੀ ਆਨਰੇਰੀ ਡਿਗਰੀ ਪ੍ਰਾਪਤ ਕਰਕੇ ਆਪਣੇ ਮਾਤਾ ਪਿਤਾ ਜੀ ਦੇ ਸੁਪਨੇ ਨੂੰ ਸਾਕਾਰ ਕਰ ਵਿਖਾਇਆ । ਉਸ ਤੋਂ ਓਪਰੰਤ ਮਾਸਟਰ ਡਿਗਰੀ ਫਿਰ ਟੀਚਿੰਗ

ਵਿ'ਚ ਪੋਸਟ ਗਰੈਜੂਏਸ਼ਨ ਵੀ ਹਾਸਲ ਕੀਤੀ । ਪਿਤਾ ਜੀ ਨਾਲ਼ ਕਾਰੋਬਾਰ ਚਲਾਉਣ ਲਈ ਇੰਡੀਆ ਵੀ ਕਾਫੀ ਸੰਘਰਸ਼ ਕੀਤਾ ਅਤੇ ਵਾਪਸ ਇੰਗਲੈਂਡ ਆ ਕੇ ਅਧਿਆਪਕ ਦੇ ਕਿੱਤੇ ਨੂੰ ਅਪਣਾਇਆ । ਇਸ ਦੇ ਨਾਲ਼ ਨਾਲ਼ ਹੀ ਇਹ ਲੋਕ ਭਲਾਈ ਦੇ ਕੰਮਾਂ ਵਿੱਚ ਪੰਜਾਬੀ ਅਤੇ ਅੰਗ੍ਰੇਜੀ ਸੰਸਥਾਵਾਂ ਵਿ'ਚ ਕਾਫੀ ਯੋਗਦਾਨ ਪਾਉਂਦੇ ਰਹੇ ਹਨ ਅਤੇ ਪਾ ਰਹੇ ਹਨ । ਅੱਜ ਕਲ੍ਹ ਰਿਟਾਇਰਮੈਂਟ ਉਪਰੰਤ ਕਈ ਸੰਸਥਾਵਾਂ ਅਤੇ ਸਭਾ ਸੁਸਾਇਟੀਆਂ ਦੇ ਪ੍ਰਧਾਨ ਅਤੇ ਪ੍ਰਮੁੱਖ ਮੈਂਬਰ ਹਨ । ਮੌਜੂਦਾ ਸਮੇਂ ਇਹ ਬਰਿਟਸ਼ ਐਜੂਕੇਸ਼ਨਲ ਐਂਡ ਕਲਚਰਲ ਐਸੋਸੀਏਸ਼ਨ ਔਫ ਸਿਖਸ (ਭਓਛਅਸ਼) ਬੀਕਾਸ ਸੰਸਥਾ ਦੇ ਪ੍ਰਧਾਨ ਹਨ ਜੋ ਕਿ ਪਹਿਲਾਂ ਬਰੈਡਫੋਰਡ ਐਜੂਕੇਸ਼ਨਲ ਐਂਡ ਕਲਚਰਲ ਐਸੋਸੀਏਸ਼ਨ ਔਫ ਸਿੱਖਸ ਦੇ ਨਾਮ ਨਾਲ ਜਾਣੀ ਜਾਂਦੀ ਸੀ । ਇਹ ਸੰਸਥਾ ਤਕਰੀਬਨ 30 ਸਾਲ ਤੋਂ ਵੀ ਵੱਧ ਪੁਰਾਣੀ ਹੈ, ਇਹ ਇਸ ਸੰਸਥਾ ਦੇ ਬਾਨੀ ਹਨ ਅਤੇ ਉਦੋਂ ਤੋਂ ਹੀ ਜਨਰਲ ਸੈਕਟਰੀ ਅਤੇ ਪ੍ਰਧਾਨ ਦੇ ਔਹਦਿਆਂ ਤੇ ਰਹਿੰਦਿਆਂ ਪ੍ਰਮੁੱਖ ਸੇਵਾਵਾਂ ਨਿਭਾਉਂਦੇ ਰਹੇ ਹਨ । ਬੀਕਾਸ ਸੰਸਥਾ ਵਿੱਚ ਵਿਚਰਦਿਆਂ ਮੈਂ ਇਹਨਾਂ ਦੇ ਵਿਚਾਰਾਂ ਤੋਂ ਕਾਫੀ ਪ੍ਰਭਾਵਿਤ ਹੋਇਆ ਹਾਂ । ਇਹਨਾਂ ਵਿੱਚ "ਨਿਸ਼ਚੈ ਕਰ ਅਪਨੀ ਜੀਤ ਕਰੋਂ" ਦੀ ਤੰਮਨਾਂ ਹਮੇਸ਼ਾ ਪ੍ਰਬਲ ਰਹਿੰਦੀ ਹੈ ਅਤੇ ਆਪਣੇ ਮਨੋਰਥ ਨੂੰ ਪੂਰਾ ਕਰਨ ਦੇ ਧਾਰਨੀ ਹਨ । ਸੋ ਆਪਣੇ ਪਿਤਾ ਜੀ ਦੇ ਚਿੰਨ ਕਦਮਾਂ ਤੇ ਚਲਦਿਆਂ ਜਿੰਦਗੀ ਵਿੱਚ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹਿ ਕੇ ਸਫਲਤਾ ਹਾਸਲ ਕਰਨ ਵਿੱਚ ਵਿਸ਼ਵਾਸ ਰੱਖਦੇ ਹਨ । ਆਪਣੀ ਕਰੜੀ ਮੇਹਨਤ ਸਦਕਾ ਸ੍ਰ: ਤਰਲੋਚਨ ਸਿੰਘ ਜੀ ਨੇ ਪਿਤਾ ਜੀ ਨੂੰ ਸ਼ਰਧਾਂਜਲੀ ਵਜੋਂ ਇੱਕ ਅਨਮੋਲ ਤੋਹਫਾ ਪਾਠਕਾਂ ਨੂੰ ਭੇਟ ਕਰਕੇ ਸੁਚ'ਜੀ ਸੇਧ ਦਿ'ਤੀ ਹੈ।

ਦਾਸ ਆਪਣੇ ਵਲੋਂ ਅਤੇ ਬੀਕਾਸ ਸੰਸਥਾ ਦੇ ਸਮੂਹ ਮੈਂਬਰਾਂ ਵਲੋਂ ਇਸ ਕਾਰਜ਼ ਦੀ ਸਫਲਤਾ ਲਈ ਬਹੁਤ ਬਹੁਤ ਵਧਾਈਆਂ ਦਿੰਦਾ ਹੋਇਆ ਅਕਾਲ ਪੁਰਖ ਅੱਗੇ ਅਰਦਾਸ ਕਰਦਾ ਹਾਂ ਕਿ ਵਾਹਿਗੁਰੂ ਸ੍ਰ: ਤਰਲੋਚਨ ਸਿੰਘ ਨੂੰ ਦੇਸ਼, ਕੌਮ ਅਤੇ ਸਮਾਜ ਦੀ ਸੇਵਾ ਕਰਨ ਦਾ ਹੋਰ ਉੱਦਮ ਤੇ ਬੱਲ ਬਖਸ਼ੇ ।

**ਕਸ਼ਮੀਰ ਸਿੰਘ ਘੁੰਮਣ ਲੀਡਜ਼**

ਬੀਕਾਸ ਸੰਸਥਾ ਦੇ ਸਮਾਜਕ ਅਤੇ ਸਭਿ'ਆਚਾਰਕ ਸਟੇਜ ਸਕ'ਤਰ

# ਮਨੁੱਖਤਾਵਾਦੀ- ਕ੍ਰਿਪਾਲ ਸਿੰਘ ਦੁੱਗਲ



ਕੁੱਝ ਪੁਰਸ਼ ਆਪਣੀ ਬਹੁਪੱਖੀ ਸਖ਼ਸ਼ੀਅਤ, ਸਾਦਗੀ, ਸੰਜਮ, ਸੰਘਰਸ਼, ਸਫ਼ਲਤਾ, ਸਮਾਜਿਕ-ਫ਼ਰਜ਼ ਪ੍ਰਤੀ ਸੰਜੀਦਗੀ ਅਤੇ ਕਾਰਜ਼ਸ਼ੈਲੀ ਕਾਰਨ ਪੁਰਸ਼ ਤੋਂ ਮਹਾਂਪੁਰਸ਼ ਹੋ ਨਿਬੜਦੇ ਹਨ। ਇਹੋ ਜਿਹੇ ਮਹਾਂਪੁਰਸ਼ਾਂ ਬਾਰੇ ਕੁੱਝ ਲਿਖਣਾ ਸ਼ਬਦਾਂ ਦੀ ਪਕੜ ਤੋ ਬਾਹਰਲਾ ਕੰਮ ਹੋ ਜਾਂਦਾ ਹੈ ਅਤੇ ਲਿਖਣ ਵਾਲੇ ਨੂੰ ਇਓਂ ਲਗਦਾ ਹੈ ਕਿ ਜਿਵੇਂ ਢੁੱਕਦੇ ਸ਼ਬਦਾਂ ਦੀ ਅਣਹੋਂਦ ਕਾਰਨ ਉਸ ਮਹਾਂਪੁਰਸ਼ ਦੀ ਸਖ਼ਸ਼ੀਅਤ ਬਾਰੇ ਲਿਖਦਿਆਂ ਉਹ ਪੂਰਾ ਇਨਸਾਫ਼ ਨਹੀਂ ਕਰ ਰਿਹਾ। ਸ. ਕ੍ਰਿਪਾਲ ਸਿੰਘ ਜੀ ਦੁੱਗਲ ਬਾਰੇ ਲਿਖਦਿਆਂ, ਮੈਂ ਵੀ ਕੁੱਝ ਅਜਿਹਾ ਹੀ ਮਹਿਸੂਸ ਕਰ ਰਿਹਾ ਹਾਂ।

ਹੱਥਲੀ ਪੁਸਤਕ ਵਿੱਚ ਉਹਨਾਂ ਬਾਰੇ ਭਾਵੇਂ ਕਾਫ਼ੀ ਕੁੱਝ ਲਿਖਿਆ ਗਿਆ ਹੈ ਪਰ ਮੈਂ ਸਮਝਦਾ ਹਾਂ ਕਿ ਉਹਨਾਂ ਦੀ ਲਿਆਕਤ, ਲਗਨ ਅਤੇ ਮਿਸ਼ਨ ਬਾਰੇ ਹੋਰ ਵੀ ਬਹੁਤ ਕੁੱਝ ਲਿਖਿਆ ਜਾ ਸਕਦਾ ਹੈ। ਉਹ ਕੇਵਲ ਇੱਕ ਵਿਆਕਤੀ ਹੀ ਨਹੀਂ ਸਨ। ਚੰਡੀਗੜ੍ਹ ਮੇਰੀ ਰਹਾਇਸ਼ ਨੇੜੇ ਹੋਕੇ ਮੈਨੂੰ ਕਹਿਣ ਲੱਗੇ ਕਿ ਮੈਂ ਵੀ ਇੱਕ ਇਹੋ ਜਿਹੀ ਇਮਾਰਤ ਬਨਵਾਉਣੀ ਚਾਹੁੰਦਾ ਹਾਂ, ਜਿੱਥੇ ਕੇਵਲ ਉਹ ਵਿਦਿਆਰਥੀ ਮੁਫ਼ਤ ਵਿਦਿਆ ਲੈ ਸਕਣਗੇ, ਜਿਨ੍ਹਾਂ ਦੀ ਵਿੱਦਿਆ ਲੈਣ ਦੀ ਚਾਹ ਗਰੀਬੀ ਅਤੇ ਗੁਰਬਤ ਦੀ ਮਜ਼ਬੂਰੀ ਥੱਲੇ ਦੱਬ ਕੇ ਪੂਰੀ ਹੋਣੋ ਰਹਿ ਜਾਂਦੀ ਹੈ। ਉਹਨਾਂ ਦੀਆਂ ਗੱਲਾਂ-ਬਾਤਾਂ ਸੁਣਨ ਉਪਰੰਤ ਮੈਨੂੰ ਇਓਂ ਲੱਗਦਾ ਕਿ ਉਹਨਾਂ ਨੇ ਸਿੱਖ-ਫਿਲਾਸਫੀ, ਸਿੱਖੀ ਸਿਧਾਤਾਂ ਅਤੇ ਸਿੱਖੀ ਅਸੂਲਾਂ ਨੂੰ ਇਸ ਕਰਕੇ ਵੀ ਅਪਣਾਇਆ ਕਿ ਗੁਰੂ-ਘਰ ਨੇ ਨਿਤਾਣਿਆਂ ਨੂੰ ਤਾਣ, ਨਿਓਟਿਆਂ ਨੂੰ ਓਟ ਅਤੇ ਨਿਆਸਰਿਆਂ ਨੂੰ ਆਸਰਾ ਦੇਣ ਦੀ ਕੇਵਲ ਗੱਲ ਹੀ ਨਹੀਂ ਕੀਤੀ ਸਗੋਂ ਉਸ ਸਮੇਂ ਦੇ ਸਮਾਜਿਕ, ਸਿਆਸੀ ਅਤੇ ਸ਼ਾਹੀ ਵਿਰੋਧ ਦੇ ਬਾਵਜੂਦ ਇਹ ਆਸਰਾ ਦਿੱਤਾ ਵੀ। ਹਾਸ਼ੀਏ ਤੇ ਧੱਕੇ ਲੋਕਾਂ ਲਈ ਸ. ਦੁੱਗਲ ਦੇ ਦਿਲ ਵਿੱਚ ਦਰਦ ਸੀ। ਸਮਾਜ ਵਿੱਚ ਫੈਲੇ ਭ੍ਰਿਸ਼ਟਾਚਾਰ, ਗਰੀਬੀ, ਭੁੱਖਮਾਰੀ, ਅਗਿਆਨਤਾ, ਜਾਤ-ਪਾਤ, ਵਿਤਕਰਾ ਅਤੇ ਭਰਮਾਂ- ਵਹਿਮਾਂ ਦਾ ਖੰਡਨ ਕਰੇ ਬਿਨਾ ਉਹ ਰਹਿ ਨਹੀਂ ਸਨ ਸਕਦੇ। ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਵਿੱਚ ਬਲਦਾ ਦੇਖ ਕੇ ਉਹਨਾਂ ਦਾ ਦਿਲ ਕੁਰਲਾ ਉੱਠਦਾ ਸੀ।

ਉਹਨਾਂ ਦੇ ਦਿਲ-ਦਿਮਾਗ਼ ਵਿੱਚ ਬੇਗਮਪੁਰਾ ਸ਼ਹਿਰ ਸਿਰਜਣ ਦਾ ਸੰਕਲਪ ਸੀ।

ਸ. ਦੁੱਗਲ ਦੂਰ-ਅੰਦੇਸ਼, ਕਾਬਲ ਅਤੇ ਸਮਾਜ ਦੀ ਕਿਸ਼ਤੀ ਦਾ ਪਾਰ ਉਤਾਰਾ ਕਰਨ ਲਈ ਮਲਾਹ ਬਣ ਕੇ ਆਪਣਾ ਫਰਜ਼ ਪੂਰਾ ਕਰਨ ਲਈ ਬਚਨ-ਵੱਧ ਸਨ। ਅੱਜ ਭਾਵੇਂ ਉਹ ਸਾਡੇ ਵਿੱਚ ਨਹੀਂ ਰਹੇ ਪਰ ਉਹਨਾਂ ਦਾ ਸੱਚਾ-ਸੁੱਚਾ ਜੀਵਨ ਸਮੁੱਚੀ ਮਨੁੱਖਤਾ ਦਾ ਮਾਰਗ-ਦਰਸ਼ਨ ਕਰਨ ਵਿੱਚ ਹਮੇਸ਼ਾ ਸਹਾਈ ਰਹੇਗਾ।ਅਜਿਹੇ ਮਹਾਂਪੁਰਸ਼ ਕਦੇ ਮਰਿਆ ਨਹੀਂ ਕਰਦੇ ਸਗੋਂ ਹਮੇਸ਼ਾ ਲਈ ਅਮਰ ਰਹਿੰਦੇ ਹਨ।

**ਤਰਲੋਕ ਸਿੰਘ ਚੌਹਾਨ (ਐਡਵੋਕੇਟ)**

ਸਾਬਕਾ ਐਡੀਸ਼ਨਲ ਐਡਵੋਕੇਟ ਜਨਰਲ ਪੰਜਾਬ

ਸੰਪਰਕ 98142-10847

# ਪੁਸਤਕ ਦੀ ਪਰਿਭਾਸ਼ਾ ਦਾ ਨਜ਼ਰੀਆ



ਸੰਸਾਰ ਦੀ ਪ੍ਰਕਿਰਤੀ ਵਹਿਗੁਰੂ ਦੀ ਆਪਣੀ ਰਚਨਾ ਹੈ ਜਿਸ ਵਿੱਚ ਮਨੁੱਖ ਦੇ ਕਰਤਵ ਨੂੰ ਵਿਸ਼ੇਸ਼ਤਾ ਦਿੱਤੀ ਗਈ ਹੈ। ਗੁਰਮਤਿ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਮਨੁੱਖਾ ਜਨਮ ਦੁਰਲੱਭ ਹੈ ਸੋ ਇਸਦੇ ਲਕਸ਼ ਨੂੰ ਸਮਝਣਾ ਅਤੇ ਸੱਚੀ-ਸੁੱਚੀ ਜਿੰਦਗੀ ਨੂੰ ਅਪਨਾਉਣਾ ਹਰ ਵਿਅਕਤੀ ਦਾ ਇਖਲਾਕੀ ਫ਼ਰਜ਼ ਬਣਦਾ ਹੈ। ਹਰ ਇੱਕ ਧਰਮ ਇਨਸਾਨ ਨੂੰ ਮਨੁੱਖੀ ਕਦਰਾਂ ਕੀਮਤਾਂ ਵੱਲ ਪ੍ਰੇਰਿਤ ਕਰਨ ਦਾ ਯਤਨ ਕਰਦਾ ਹੈ ਪਰ ਇਸ ਗੱਲ ਦੀ ਸੋਝੀ ਕਿਸੇ ਕਿਸੇ ਨੂੰ ਨਸੀਬ ਹੁੰਦੀ ਹੈ ਨਹੀਂ ਤਾਂ ਬਹੁਤਾਤ ਜਿੰਦਗੀਆਂ ਵਿਅਰਥ ਖੁਆਰ ਹੁੰਦੀਆਂ ਆਵਾਗਮਨ ਦੀ ਗਰਦਿਸ਼ ਵਿੱਚ ਹੀ ਵਿਅਸਤ ਰਹਿੰਦੀਆਂ ਹਨ। ਧੰਨ ਹਨ ਉਹ ਲੋਕ ਜਿਹਨੀਂ ਆਪਣੇ ਲਕਸ਼ ਨੂੰ ਪੂਰਾ ਕਰਨ ਦਾ ਯਤਨ ਕੀਤਾ ਹੈ ਅਤੇ ਅੱਜ ਵੀ ਕੁੱਝ ਲੋਕਾਂ ਦਾ ਜੀਵਨ ਅਜਿਹੇ ਸੰਘਰਸ਼ ਵਿੱਚ ਜੁਟਿਆ ਹੋਇਆ ਹੈ। ਮੈਂ ਸਮਝਦਾ ਹਾਂ ਕਿ ਅਜਿਹੀਆਂ ਸ਼ਖਸੀਅਤਾਂ ਉੱਤੇ ਅਕਾਲ ਪੁਰੱਖ ਦੀ ਅਪਾਰ ਰਹਿਮਤ ਹੈ।

ਸਿੱਖ ਪਰਿਵਾਰ ਵਿੱਚ ਗੁਣਵਾਨ ਅਤੇ ਆਦਰਸ਼ਵਾਦੀ ਬੱਚੇ ਦਾ ਜਨਮ ਹੋਣਾ ਮਾਤਾ ਪਿਤਾ ਲਈ ਯਕੀਨਨ ਰੱਬੀ ਤੋਹਫ਼ਾ ਕਿਹਾ ਜਾ ਸਕਦਾ ਹੈ। ਅਜਿਹੀ ਅਨਮੋਲ ਦਾਤ ਨੂੰ ਘਰੇਲੂ ਪਰਵਿਰਤੀ ਦਾ ਸੰਕੇਤਕ ਚਿੰਨ੍ਹ ਕਹਿਣਾ ਵੀ ਠੀਕ ਰਹੇਗਾ। ਇਸੇ ਸੋਚ ਦੇ ਆਧਾਰ ਤੇ ਜਮਸ਼ੇਰ ਨਿਵਾਸੀ ਮੇਰੇ ਬਾਬਾ ਜੀ ਸਰਦਾਰ ਤੇਜਾ ਸਿੰਘ ਅਤੇ ਦਾਦੀ ਜੀ ਕਰਤਾਰ ਕੌਰ ਦੇ ਘਰ ਪਹਿਲੇ ਲੜਕੇ, ਮੇਰੇ ਆਪਣੇ ਪਿਤਾ ਜੀ ਸਰਦਾਰ ਕ੍ਰਿਪਾਲ ਸਿੰਘ ਹੋਰਾਂ ਦਾ ਜਨਮ ਹੋਣਾ ਜਿੰਦਗੀ ਦੇ ਕਈ ਪਹਿਲੂਆਂ ਤੋਂ ਦੁੱਗਲ ਪਰਿਵਾਰ ਲਈ ਆਸ਼ਾਵਾਦੀ ਸੋਚ ਦਾ ਪ੍ਰਤੀਕ ਰਿਹਾ ਹੈ। ਮੇਰੇ ਲਈ ਆਪਣੇ ਪਿਤਾ ਜੀ ਦੀ ਜਿੰਦਗੀ ਵਾਰੇ ਕੁੱਝ ਲਿਖਣਾ ਜਿਵੇਂ ਉਸ ਸੂਰਜ ਦੀ ਕਿਸੇ ਕਿਰਨ ਨੂੰ ਅਨੁਭਵ ਕਰਦਿਆਂ ਉਸਦੇ ਸਾਖਿਆਤ ਰੂਪ ਨੂੰ ਬਿਆਨ ਕਰਨ ਦੇ ਬਰਾਬਰ ਬਹੁਤੀ ਅਸੰਭਵ ਜਿਹੀ ਗੱਲ ਜਾਪਦੀ ਹੈ। ਖਾਸਕਰ ਉਨ੍ਹਾਂ ਦੇ ਬਚਪਨ ਦੀਆਂ ਪ੍ਰਕਿਰਿਆਵਾਂ ਜਾਂ ਪ੍ਰਾਪਤੀਆਂ ਵਾਰੇ ਕੁੱਝ ਵੀ ਕਹਿਣਾ ਮੇਰੇ ਲਈ ਪਾਰਦਰਸ਼ੀ ਸੋਚ ਦਾ ਵਿਸ਼ਾ ਨਹੀਂ ਹੋ ਸਕਦਾ। ਹਾਂ ਜੋ ਉਨ੍ਹਾਂ ਵਾਰੇ ਸੁਣਿਆ ਜਾਂ ਆਪਣੀ ਸੁਰਤ ਸੰਭਾਲਣ ਦੌਰਾਨ ਦੇਖਿਆ ਹੈ ਉਸਨੂੰ ਪ੍ਰਗਟਾਉਣ ਦਾ ਯਤਨ ਅਵੱਸ਼ ਕੀਤਾ ਜਾ ਸਕਦਾ ਹੈ।

ਪਿਤਾ ਜੀ ਹੋਰਾਂ ਦੇ ਸਮੁੱਚੇ ਜੀਵਨ ਦੇ ਸਫ਼ਰ ਨੂੰ ਸੰਖੇਪ ਰੂਪ ਵਿੱਚ ਇਸ ਪੁਸਤਕ ਰਾਹੀਂ ਦਰਸਾਉਣ ਦਾ ਨਿਮਾਣਾ ਜਿਹਾ ਉਪਰਾਲਾ ਹੈ। ਪਿਤਾ ਜੀ ਦਾ ਬਚਪਨ, ਜਵਾਨੀ, ਅਤੇ ਬੁਢੇਪਾ ਜਿਹਨਾ ਲੀਹਾਂ ਚੋਂ ਲੰਘਿਆ ਸੀ ਉਹ ਪੈੜਾਂ ਵੀ ਗੁਪਤੀ ਤੌਰ ਤੇ ਇਨ੍ਹਾਂ ਲਈ ਗੁਣਕਾਰੀ ਸਿੱਧ ਹੋਈਆਂ ਪ੍ਰਮਾਣਿਤ ਰੂਪ ਵਿੱਚ ਸਫਲ ਹਨ। ਇਸੇ ਹੀ ਪ੍ਰਕਾਸ਼ ਸਰੋਤ ਦੀ ਬਦੌਲਤ ਉਨ੍ਹਾਂ ਦੇ ਜੀਵਨ ਦੀ ਹਰ ਸਮੱਸਿਆ ਵਕਤੀ ਤੌਰ ਤੇ ਸਕਾਰਥ ਹੁੰਦੀ ਚਲੀ ਗਈ। ਬਚਪਣ ਤੋਂ ਹੀ ਰੱਬੀ ਸੋਚ ਅਤੇ ਧਾਰਮਿਕ ਰੁਚੀ ਦੇ ਧਾਰਨੀ ਹੋਣਾ ਉਹਨਾਂ ਲਈ ਆਤਿਮਕ ਚੇਤੰਤਾ ਦਾ ਰੱਬੀ ਵਰਦਾਨ ਦੀ ਪ੍ਰਾਪਤੀ ਕਹਿ ਦੇਣਾ ਅਕੱਥ ਕਥਨੀ ਗੱਲ ਨਹੀ ਹੈ। ਇਹ ਬਖਸ਼ਿਸ਼ ਉਨ੍ਹਾਂ ਦੇ ਮਨੋਬੱਲ ਦੀ ਦ੍ਰਿੜਤਾ ਦਾ ਸੰਕੇਤਿਕ ਰੂਪ ਹੁੰਦਿਆਂ ਹੋਇਆਂ ਉਨ੍ਹਾਂ ਨੂੰ ਦੁੱਖ-ਤਕਲੀਫ਼ਾਂ ਨੂੰ ਸਹਿਣ ਕਰਨ ਦਾ ਬੱਲ ਬਖਸ਼ਦਾ ਸੀ ਅਤੇ ਉਸ ਅਕਾਲ ਪੁਰੱਖ ਦੇ ਭਾਣੇ ਵਿੱਚ ਸੰਤੁਸ਼ਟ ਰਹਿਣ ਦੀ ਪ੍ਰੇਰਨਾ ਵੀ ਦਿੰਦਾ ਸੀ ਜਿਸਦੇ ਫਲ ਸਰੂਪ ਆਤਮਿਕ ਗਿਆਨ ਦਾ ਵਿਕਾਸ ਹੋਣਾ ਅਗਲੇ ਪੜਾਵ ਲਈ ਉਨ੍ਹਾਂ ਨੂੰ ਹੁਸ਼ਿਆਰ ਕਰ ਦਿੰਦਾ ਸੀ। ਇਸੇ ਜੀਵਨ ਸੰਘਰਸ਼ ਨੇ ਉਨ੍ਹਾਂ ਨੂੰ ਲੋਕਾਂ ਦੀ ਬੇਬਸੀ ਅਤੇ ਤਕਲੀਫ਼ਾਂ ਨੂੰ ਸਮਝਣ ਅਤੇ ਨਿਵਿਰਤ ਕਰਨ ਦੇ ਯੋਗ ਮਕਬੂਲ ਬਣਾਇਆ ਸੀ। ਜਿੱਥੇ ਆਪਣੇ ਘਰੇਲੂ ਸੰਕਟ ਅਤੇ ਗਰੀਬੀ ਦੇ ਦ੍ਰਿਸ਼ਟਾਂਤ ਨੇ ਉਨ੍ਹਾਂ ਨੂੰ ਉੱਚ ਵਿੱਦਿਆ ਦੀ ਪ੍ਰਾਪਤੀ ਲਈ ਪ੍ਰੇਰਿਤ ਕੀਤਾ ਸੋ ਇਸੇ ਸੰਧਰਵ ਵਿੱਚ ਉਹ ਗਰੀਬ ਬਚਿੱਆਂ ਨੂੰ ਯੋਗ ਵਿਦਿਆ ਪਰਾਪਤ ਕਰਨ ਲਈ ਮਾਲੀ ਸਹਿਯੋਗ ਦੇ ਕੇ ਉਨ੍ਹਾਂ ਨੂੰ ਪੜਾਈ ਲਈ ਹਮੇਸ਼ਾਂ ਉਤਸ਼ਾਹਿਤ ਕਰਦੇ ਰਹੇ ਸਨ। ਉਨ੍ਹੀਂ ਗਰੀਬ ਲੜਕੀਆਂ ਦੇ ਵਿਆਹ ਸਮੇਂ ਉਨ੍ਹਾਂ ਦੀ ਸਹਾਇਤਾ ਕਰਦੇ ਹੋਏ ਇੱਕ ਨਿਸ਼ਕਾਮ ਭਾਵਨਾ ਤਹਿਤ ਆਪਣੇ ਇਖਲਾਕੀ ਫ਼ਰਜ਼ ਦੀ ਹਮੇਸ਼ਾਂ ਅਦਾਇਗੀ ਕਰਨੀ ਉਚਿਤ ਸਮਝੀ। ਗੁਰੂ-ਘਰਾਂ ਦੀ ਉਸਾਰੀ, ਸਿੱਖ ਇਤਿਹਾਸ ਨੂੰ ਪ੍ਰਚਾਰਨ ਦੇ ਯਤਨ, ਗੁਰਮਤਿ ਗਿਆਨ ਨੂੰ ਵੰਡਣਾ, ਸੁਹਿਰਦਤਾ, ਨੇਕ-ਨੀਤੀ, ਪ੍ਰੇਮ-ਭਾਵਨਾ, ਦੂਰ ਅੰਦੇਸ਼ੀ, ਗੁਰਮਤਿ ਦੇ ਧਾਰਨੀ ਹੋਣਾ ਇਹ ਇਨ੍ਹਾਂ ਦੇ ਜੀਵਨ ਦੇ ਸਾਰੇ ਪਹਿਲੂ ਗੁਰਸਿੱਖੀ ਜੀਵਨ ਜੀਊਣ ਦੀ ਪ੍ਰਤੱਖ ਮਿਸਾਲ ਦਾ ਪ੍ਰਗਟਾਵਾ ਕਰਦੇ ਹਨ। ਸੋ ਅਜਿਹੀ ਸ਼ਖਸੀਅਤ ਦਾ ਅਸਰ ਪਰਿਵਾਰਕ ਮੈਂਬਰਾਂ ਤੇ ਅਤੇ ਆਮ ਲੋਕਾਈ ਲਈ ਕਲਿਆਣਕਾਰੀ ਸਿੱਧ ਹੋਣਾ ਸੁਭਾਵਿਕ ਗੱਲ ਸੀ। ਇਸਨੂੰ ਉਸ ਦਾਤੇ ਦੀ ਆਪਣੀ ਵਡਿਆਈ ਹੀ ਕਿਹਾ ਜਾ ਸਕਦਾ ਹੈ। ਪਿਤਾ ਜੀ ਵੱਲੋਂ ਸਿੱਖ ਕੌਮ ਦੀ ਚੜਦੀ ਕਲਾ ਲਈ ਗੁਰਮਤਿ ਦੇ ਖੋਜੀ ਹੋਣਾ, ਦਾਤੇ ਦੇ ਹੁਕਮ ਦੀ ਪਾਲਣਾ ਕਰਨਾ ਅਤੇ ਮਨੁੱਖੀ ਕਦਰਾਂ ਕੀਮਤਾਂ ਨੂੰ ਸਮਝਦਿਆਂ ਹੋਇਆਂ ਲੋਕ ਭਲਾਈ ਹਿੱਤ ਸ਼ੁੱਭ ਕਰਮ ਕਰਦੇ ਰਹਿਣਾ ਇਹ ਸ਼ਲਾਘਾਯੋਗ ਕਰਮ ਮੰਨਿਆ ਜਾ ਸਕਦਾ ਹੈ। ਇਸ ਪ੍ਰਕਰਨ ਦਾ ਯੋਗ ਵਿਸ਼ਲੇਸ਼ਣ ਕਰਨਾ ਮੇਰੇ ਲਈ ਆਪਣੇ ਪਿਤਾ ਦੀ ਉਸਤਤੀ ਦਾ ਪ੍ਰਮਾਣ ਨਹੀਂ ਹੈ ਬਲਕਿ ਇਹ

ਇੱਕ ਯਤਨ ਉਸ ਗੁਰਸਿੱਖ ਦੇ ਆਦਰਸ਼ਕ ਜੀਵਨ ਨੂੰ ਬਿਆਨ ਕਰਨ ਦਾ ਉਪਰਾਲਾ ਹੈ। ਆਮ ਕਹਾਵਤ ਸੁਣਦੇ ਹਾਂ ਕਿ ਇਨਸਾਨ ਦੇ ਸੰਸਕਾਰ ਉਸਦੇ ਕੀਤੇ ਕਾਰਨਾਮਿਆਂ ਤੇ ਨਿਰਭਰ ਹੁੰਦੇ ਹਨ ਜਿਵੇਂ ਕਿ 'ਜੋ ਮੈਂ ਕੀਆ ਸੋ ਮੈਂ ਪਾਇਆ'। ਇਹ ਰੱਬੀ ਸਿਧਾਂਤ ਦੇ ਅਨੁਕੂਲ ਜਿੰਦਗੀ ਵਿੱਚ ਆਉਣ ਵਾਲੇ ਸਾਰੇ ਦੁੱਖ-ਸੁੱਖ, ਉਤਰਾ-ਚੜ੍ਹਾ ਜੀਵਨ ਦੀ ਅਦੁੱਤੀ ਕਾਰ ਹੈ। ਅਜਿਹੀ ਬੇਰੁਖੀ ਤੋਂ ਨਿਵਿਰਤ ਹੋਣ ਲਈ ਰੱਬੀ ਭਾਣੇ ਵਿੱਚ ਰਹਿਣਾ ਅਤੇ ਜੀਵਨ ਦੇ ਲਕਸ਼ ਨੂੰ ਸਮਝਣਾ ਸਾਰਿਆਂ ਦਾ ਫ਼ਰਜ਼ ਬਣ ਜਾਂਦਾ ਹੈ। ਪਿਤਾ ਜੀ ਹੋਰਾਂ ਦੀ ਜਿੰਦਗੀ ਦੇ ਸਫ਼ਰਨਾਮੇ ਵਾਰੇ ਲਿਖੀ ਗਈ ਇਸ ਪੁਸਤਕ ਦਾ ਮਕਸਦ ਕੇਵਲ ਜੀਵਨ ਦੇ ਲਕਸ਼ ਨੂੰ ਸਮਝਣ ਅਤੇ ਸਮਝਾਉਣ ਦਾ ਉਪਰਾਲਾ ਹੈ। ਸੋ ਇਸੇ ਪ੍ਰਥਾਏ ਪਿਤਾ ਜੀ ਹੋਰਾਂ ਦੀ ਜਿੰਦਗੀ ਦੇ ਦਰਸਾਏ ਗਏ ਵਾਕਿਆਤ, ਆਸ ਹੈ ਕਿ ਪਾਠਕਾਂ ਨੂੰ ਚੰਗੀ ਸੇਧ ਦੇਣ ਦੇ ਸਮਰੱਥ ਹੋਣਗੇ।

ਮੁਮਕਿਨ ਹੈ ਕਿ ਅਣਜਾਣ-ਪੁਣੇ ਵਿੱਚ ਉਨ੍ਹਾਂ ਦੇ ਕਈ ਦੋਸਤਾਂ ਦਾ ਲਿਖਤੀ ਤੌਰ ਤੇ ਜਿਕਰ ਨਾ ਕਰ ਸਕਿਆ ਹੋਵਾਂ ਸੋ ਖਿਮਾ ਕਰ ਦੇਣਾ। ਮੇਰੇ ਲਈ ਉਨ੍ਹਾਂ ਦੇ ਸਾਰੇ ਮਿੱਤਰ ਆਦਰਯੋਗ ਹਨ। ਕਿਸੇ ਵੀ ਵਿਅਕਤੀ ਦੀ ਸ਼ਾਨ ਦੇ ਖਿਲਾਫ ਕੋਈ ਅੱਖਰ ਲਿਖਣ ਦੀ ਮੰਦ-ਭਾਵਨਾ ਨਹੀਂ ਹੈ ਅਗਰ ਵੱਧ ਘੱਟ ਲਿਖਿਆ ਗਿਆ ਹੋਵੇ ਜਾਂ ਮੇਰੀ ਲਿਖਤ ਨੇ ਕਿਸੇ ਵੀ ਵਿਅਕਤੀ ਦੀ ਆਤਮਾ ਨੂੰ ਠੇਸ ਪਹੁੰਚਾਈ ਹੋਵੇ ਤਾਂ ਖਿਮਾ ਦਾ ਯਾਚਕ ਹਾਂ।

ਪਿਤਾ ਜੀ ਆਪਣੇ ਪਰਿਵਾਰ ਅਤੇ ਆਮ ਲੋਕਾਈ ਨੂੰ 8 ਅਕਤੂਬਰ 2006 ਦੀ ਰਾਤ ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਦੀ ਘਾਟ ਤਾਂ ਪੂਰੀ ਨਹੀ ਕੀਤੀ ਜਾ ਸਕਦੀ, ਸੋ ਅਕਾਲ ਪੁਰੱਖ ਦੇ ਭਾਣੇ ਵਿੱਚ ਰਹਿਣਾ ਹੀ ਸਾਡਾ ਫ਼ਰਜ ਬਣਦਾ ਹੈ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਜਰੂਰ ਕਰਾਂਗਾ ਕਿ ਦਾਤਾ ਉਸ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ।

**ਤ੍ਰਿਲੋਚਨ ਸਿੰਘ ਦੁੱਗਲ**

ਲੀਡਜ਼-ਵੈਸਟ ਯੌਰਕਸ਼ਾਇਰ

ਇੰਗਲੈਂਡ

# ਵੀਰਾ ਜੀ-ਕ੍ਰਿਪਾਲ ਸਿੰਘ ਵਾਰੇ ਕੁੱਝ ਸ਼ਬਦ

ਵੀਰਾ ਜੀ ਮੇਰੇ ਸੱਭ ਤੋਂ ਵੱਡੇ ਭਰਾ ਜੀ ਦੀ ਉਮਰ ਦੇ ਸਨ। ਦੋਹਾਂ ਦਾ ਸੁਭਾਉ ਇੱਕੋ ਜਿਹਾ ਸੀ ਕਿ ਹਰ ਗੱਲ ਬੜੇ ਰੋਹਬ ਨਾਲ ਕਰਦੇ ਸਨ। ਸਾਡੇ ਦੋਹਾਂ ਪਰਿਵਾਰਾਂ ਦੀ ਪਿਆਰ-ਸਾਂਝ ਸੰਨ 1924 ਤੋਂ ਚੱਲਦੀ ਆ ਰਹੀ ਹੈ ਅੱਜ ਤਕਰੀਬਨ 88 ਸਾਲ ਹੋ ਗਏ ਹਨ।

ਵੀਰਾ ਜੀ ਦੇ ਵੱਡੇ ਤਾਇਆ ਜੀ ਦਲੇਲ ਸਿੰਘ ਤੇ ਮੇਰੇ ਪਿਤਾ ਜੀ ਇਹ ਦੋਵੇਂ ਅੰਗਰੇਜ਼ਾਂ ਦੇ ਖਿਲਾਫ ਸੰਨ 1924 ਨੂੰ ਜੈਤੋ ਦੇ ਮੋਰਚੇ ਵਿੱਚ ਇਕੱਠੇ ਗਏ ਸਨ। ਇਸ ਲਈ ਦੋਹਾਂ ਪਰਿਵਾਰਾਂ ਦੀ ਪਿਆਰ-ਸ਼ਾਂਝ 1924 ਤੋਂ ਹੀ ਸ਼ੁਰੂ ਹੁੰਦੀ ਹੈ। ਇਹ ਪਿਆਰ-ਸ਼ਾਂਝ ਹੋਰ ਗੂੜ੍ਹੀ ਕਿਵੇਂ ਹੋਈ ਇਸ ਵਾਰੇ ਮੈਂ ਕਹਾਂਗਾ ਕਿ ਵੀਰਾ ਕ੍ਰਿਪਾਲ ਸਿੰਘ ਜੀ ਦੇ ਸਕੇ ਚਾਚਾ ਜੀ ਸਰਦਾਰ ਕਰਮ ਸਿੰਘ ਹੋਰੀਂ ਅਧਿਆਪਕ ਸਨ ਜੋ ਕਿ ਸਾਡੇ ਪਿੰਡ ਸ਼ੰਕਰ ਪੜਾਉਂਦੇ ਹੁੰਦੇ ਸਨ। ਮਾਸਟਰ ਕਰਮ ਸਿੰਘ ਹੋਰੀਂ ਦਲੇਲ ਸਿੰਘ ਹੋਰਾਂ ਦੇ ਚਚੇਰੇ ਭਾਈ ਸਨ ਇਸ ਕਰਕੇ ਮੇਰੇ ਪਿਤਾ ਜੀ ਦੀ ਨੇੜਤਾ ਮਾਸਟਰ ਜੀ ਵੱਲ ਹੋ ਗਈ, ਫਿਰ ਇਸ ਨੇੜਤਾ ਵਿੱਚ ਦੋਵੇਂ ਘੁਲ਼-ਮਿਲ ਗਏ। ਮਾਸਟਰ ਜੀ ਪੰਜਾਬ ਛੱਡਕੇ ਪੂਨੇ (ਮਹਾਂਰਾਸ਼ਟਰ) ਵਿੱਚ ਚਲੇ ਗਏ। ਮੇਰੇ ਪਿਤਾ ਜੀ ਦੇ ਦਿਲ ਵਿੱਚ ਜਦ ਵੀ ਇੱਛਾ ਹੁੰਦੀ ਸੀ ਤਾਂ ਪੂਨੇ ਮਾਸਟਰ ਜੀ ਹੋਰਾਂ ਨੂੰ ਮਿਲਣ ਚਲੇ ਜਾਂਦੇ ਸਨ। ਦੋਵੇਂ ਇੱਕਠੇ ਹੋਕੇ ਓੜਕਾਂ ਦੀ ਖੁਸ਼ੀ ਮਹਿਸੂਸ ਕਰਦੇ ਸਨ ਫਿਰ ਇੱਕਠਿਆਂ ਕਦੀ ਹਜ਼ੂਰ ਸਾਹਿਬ ਕਦੀ ਕਿਸੇ ਹੋਰ ਗੁਰੂ-ਧਾਮ ਦੀ ਯਾਤਰਾ ਲਈ ਚਲੇ ਜਾਇਆ ਕਰਦੇ ਸਨ।

ਵੀਰਾ ਜੀ ਕ੍ਰਿਪਾਲ ਸਿੰਘ ਦੇ ਘਰ ਪਹਿਲਾ ਲੜਕਾ ਸੰਨ 1944 ਵਿੱਚ ਹੋਇਆ ਜਿਸਦਾ ਨਾਮ ਤ੍ਰਿਲੋਚਨ ਸਿੰਘ ਰੱਖਿਆ ਗਿਆ। ਸਤਿਗੁਰੂ ਜੀ ਦਾ ਸ਼ੁਕਰਾਨਾ ਕਰਨ ਲਈ ਸ੍ਰੀ ਅਖੰਡ ਪਾਠ ਕਰਵਾਇਆ ਗਿਆ। ਮੈਂ ਉਸ ਮੌਕੇ ਤੇ ਗਿਆ ਸੀ। ਮਾਸਟਰ ਜੀ ਮੈਨੂੰ ਕਹਿਣ ਲੱਗੇ ਕਿ ਕ੍ਰਿਪਾਲ ਇੱਕ ਚੇਤੰਨ ਅਤੇ ਸਿਰ-ਕੱਢ ਮੁੰਡਾ ਹੈ ਕਈ ਕਾਰਣਾ ਕਰਕੇ ਮੇਰਾ ਸੂਤ ਨਹੀਂ ਲੱਗਾ ਨਹੀਂ ਤਾਂ ਮੈਂ ਇਸਨੂੰ ਮਨਿਸਟਰ ਬਣਾਉਣਾ ਸੀ, ਇਹ ਇਸ ਕੰਮ ਦੇ ਬਿਲਕੁਲ ਕਾਬਲ ਹੈ। ਇਹ ਰਿਸ਼ਵਤਾਂ ਦੇ ਚੱਕਰ ਵਿੱਚ ਨਹੀਂ ਪਵੇਗਾ ਸਿਰਫ ਲੋਕ ਭਲਾਈ ਦੇ ਕੰਮ ਹੀ ਡਟਕੇ ਕਰੇਗਾ। ਇਹ ਬੜੇ ਹੀ ਕਮਾਲ ਦੀ ਗੱਲ ਹੈ ਕਿ ਵੀਰਾ ਜੀ ਦੇ ਸੰਬੰਧ ਵੱਡੇ ਵੱਡੇ ਅਫਸਰਾਂ ਦੇ ਨਾਲ ਸਨ। ਪੜ੍ਹਾਈ ਤੋਂ ਬਾਦ ਮੈਂ ਸਮਝਦਾ ਹਾਂ ਕਿ ਦੁਨੀਆਂ ਦਾ ਸਭ ਤੋਂ ਔਖਾ ਕੰਮ ਹੈ ਕਿ ਚੰਗਾ ਕੰਮ ਲੱਭਣਾ, ਮੈਂ ਵੀਰਾ ਜੀ ਨੂੰ ਕਿਹਾ ਕਿ ਮੇਰਾ ਮਨ ਬਣਿਆ ਹੈ ਕਿ ਮੈਂ ਹਵਾਈ ਸੈਨਾ ਵਿੱਚ ਭਰਤੀ ਹੋ ਜਾਵਾਂ। ਵੀਰਾ ਜੀ ਮੈਨੂੰ ਆਪਣੇ

ਨਾਲ ਲੈਫਟੀਨੈਂਟ ਕਰਨਲ ਸਰਦਾਰ ਮੋਹਿੰਦਰ ਸਿੰਘ ਹੋਰਾਂ ਦੇ ਘਰ ਅੰਬਾਲੇ ਲੈ ਗਏ ਅਤੇ ਅਸੀਂ ਤਿੰਨ ਦਿਨ ਉਨ੍ਹਾਂ ਦੇ ਘਰ ਰਹੇ। ਸੱਭ ਕੁੱਝ ਪਤਾ ਕਰਕੇ ਜਿਸ ਅਫਸਰ ਨੇ ਜਲੰਧਰ ਛਾਉਣੀ ਭਰਤੀ ਕਰਨ ਲਈ ਆਉਣਾ ਸੀ ਉਸਦੇ ਨਾਮ ਦੀ ਚਿੱਠੀ ਲਿਖਕੇ ਸਰਦਾਰ ਮੋਹਿੰਦਰ ਸਿੰਘ ਹੋਰੀਂ ਸਾਨੂੰ ਦੇ ਦਿੱਤੀ। ਮੈਂ ਜਲੰਧਰ ਛਾਉਣੀ ਭਰਤੀ ਹੋਣ ਚਲਾ ਗਿਆ ਬਦਕਿਸਮਤੀ ਨਾਲ ਉਹ ਚਿੱਠੀ ਵਾਲਾ ਅਫਸਰ ਤਾਂ ਨਹੀਂ ਆਇਆ ਤੇ ਉਸਦੀ ਜਗ੍ਹਾ ਕੋਈ ਬਦ-ਦਿਮਾਗ ਬੰਦਾ ਆ ਗਿਆ, ਉਸਨੇ ਬਿਨਾ ਚਿੱਠੀ ਦੇਖੇ ਸਿਰਫ ਇੰਨਾਂ ਹੀ ਕਿਹਾ ਕਿ ਉਹ ਅਫਸਰ ਅਗਲੇ ਹਫਤੇ ਜਰੂਰ ਆਵੇਗਾ।

ਇਨ੍ਹਾਂ ਦਿਨਾਂ ਵਿੱਚ ਹੀ ਮੇਰੇ ਵੱਡੇ ਮਾਮਾ ਜੀ ਜੋ ਬੰਬਈ ਰਹਿੰਦੇ ਸਨ ਅਤੇ ਉਨ੍ਹਾਂ ਦਾ ਆਪਣਾ ਹੀ ਕਾਰੋਬਾਰ ਸੀ। ਉਨ੍ਹਾਂ ਸੰਨ 1950 ਵਿੱਚ ਆਟਾ ਪੀਸਣ ਵਾਲੀ ਚੱਕੀ ਲਾਈ ਹੋਈ ਸੀ। ਸਾਰੇ ਖਰਚ ਵਗੈਰਾ ਭੁਗਤਾ ਕੇ ਉਹਨੀਂ ਦਿਨੀ ਫਿਰ ਵੀ ਆਮਦਨ 700 ਰੁਪਏ ਮਹੀਨਾ ਹੁੰਦੀ ਸੀ। ਮਾਮਾ ਜੀ ਦੇ ਪੰਜ ਵਿਆਹ ਹੋਏ ਸਨ ਇਸਦਾ ਕਾਰਣ ਮੇਰੀ ਮਾਮੀ ਜੀ ਦੀ ਕਿਸੇ ਨਾ ਕਿਸੇ ਵਜ੍ਹਾ ਮੌਤ ਹੋ ਜਾਂਦੀ ਰਹੀ। ਉਨ੍ਹਾਂ ਦੇ ਨਾਲ ਉਸ ਸਮੇਂ ਬਹੁਤ ਘਾਤਕ ਵਾਕਿਆ ਹੋਇਆ ਕਿ ਸਾਡੇ ਮਾਮਾ ਜੀ ਦੀ ਸਕੀ ਭਤੀਜੀ ਨੇ ਆਪਣੇ ਪਤੀ ਦੇ ਕਹੇ ਸਕੇ ਤਾਇਆ ਜੀ ਨੂੰ ਜ਼ਹਿਰ ਦੇ ਦਿੱਤੀ ਕਿ ਛੜਾ ਛਾਂਟ ਹੈ ਇਹ ਜ਼ਹਿਰ ਨਾਲ ਮਰ ਜਾਏਗਾ ਫਿਰ ਸੱਭ ਕੁੱਝ ਅਸੀਂ ਸਾਂਭ ਲਵਾਂਗੇ। ਮਾਮਾ ਜੀ ਖੁੱਦ ਹਕੀਮ ਵੀ ਸਨ ਉਹ ਜਾਣ ਗਏ ਕਿ ਜ਼ਹਿਰ ਦਿੱਤੀ ਹੈ ਮਾਮਾ ਜੀ ਦੇ ਦੋਸਤ ਦਾ ਲੜਕਾ ਡਾਕਟਰ ਸੀ ਉਸਨੇ ਮੌਤ ਤੋਂ ਬਚਾ ਲਿਆ। ਮਾਮਾ ਜੀ ਨੇ ਟੈਲੀਗਰਾਮ ਸਾਨੂੰ ਸ਼ੰਕਰ ਭੇਜੀ ਕਿ ਮੈਨੂੰ ਜ਼ਹਿਰ ਦਿੱਤੀ ਗਈ ਹੈ ਸੋ ਮੈਨੂੰ ਸਾਂਭਣ ਲਈ ਛੇਤੀਂ ਪਹੁੰਚੋ। ਫਿਰ ਕੀ ਸੀ ਕਿ ਘਰਦਿਆਂ ਨੇ ਮੈਨੂੰ ਬੰਬਈ ਭੇਜ ਦਿੱਤਾ ਅਤੇ ਮੇਰੀ ਹਵਾਈ ਸੈਨਾ ਵਿੱਚ ਭਰਤੀ ਹੋਣ ਦੀ ਤਮੰਨਾ ਅਜਾਂਈ ਖੁਰਦ-ਬੁਰਦ ਹੋ ਗਈ।

ਵੀਰਾ ਜੀ ਨੇ ਇੱਕ ਬਾਰ ਜਲੰਧਰ ਆਸ਼ਰਮ ਦੀਆਂ ਮੈਨੂੰ ਫੋਟੋਆਂ ਦਿਖਾਈਆਂ ਸਨ, ਆਸ਼ਰਮ ਵਾਰੇ ਮੈਨੂੰ ਬਹੁਤੀ ਜਾਣਕਾਰੀ ਤਾਂ ਨਹੀ ਸੀ। ਵੀਰਾ ਜੀ ਨੇ ਅਹਿਮਦਾਬਾਦ ਇੱਕ ਛੋਟਾ ਜਿਹਾ ਹੋਟਲ ਵੀ ਚਲਾਇਆ ਸੀ ਅਤੇ ਕਈ ਸਾਲ ਇਸੇ ਕਾਰੋਬਾਰ'ਚ ਰਹੇ ਫਿਰ ਪੰਜਾਬ ਆ ਕੇ ਖੇਡਾਂ ਦਾ ਸਾਮਾਨ ਵੇਚਣ ਦਾ ਕੰਮ ਵੀ ਕਈ ਸਾਲ ਕਰਦੇ ਰਹੇ। ਇਸਤੋਂ ਬਾਦ ਇਹ ਇੰਗਲੈਂਡ ਆ ਗਏ, ਇੱਥੇ ਆ ਕੇ ਫਿਰ ਇਨ੍ਹੀਂ ਜਰਮਨ ਵਿੱਚ ਹੋਟਲ ਖੋਲ੍ਹਿਆ, ਨਵੀਂ ਚੀਜ ਹੋਣ ਕਰਕੇ ਆਮਦਨ ਜਿਆਦਾ ਹੋਣੀ ਚਾਹੀਦੀ ਸੀ ਪਰ ਹੋਇਆ ਇਸਤੋਂ ਉਲਟ। ਇਨ੍ਹਾਂ ਦਾ ਹਿੱਸੇਦਾਰ ਅੱਯਾਸ਼ ਸੀ ਉਸਨੇ ਨਵੇਂ ਹੋਟਲ ਨੂੰ ਕਾਮਯਾਬੀ ਨਾਲ ਚਲਾਉਣ ਵੱਲ ਘੱਟ ਧਿਆਨ

ਦਿੱਤਾ ਤੇ ਅੱਯਾਸ਼ੀ ਵੱਲ ਜਿਆਦਾ ਸੋ ਇਸੇ ਕਾਰਣ ਹੋਟਲ ਦਾ ਕੰਮ ਠੱਪ ਹੋ ਗਿਆ।

ਵੀਰਾ ਜੀ ਸਰੀਰ ਦੇ ਉੱਚੇ ਲੰਬੇ ਸਨ ਅਤੇ ਸਰੀਰ ਵੀ ਭਰਵਾਂ ਸੀ ਜੇ ਕਿਤੇ ਫੌਜ ਵਿੱਚ ਚਲੇ ਜਾਂਦੇ ਤਾਂ ਸੌਖਿਆਂ ਹੀ ਲੈਫਟੀਨੈਂਟ ਕਰਨਲ ਜਾਂ ਕੋਈ ਹੋਰ ਉੱਚੀ ਅਫਸਰੀ ਤੋਂ ਰਿਟਾਇਰ ਹੋਣਾ ਸੀ। ਮੈਂ ਮੁੜ ਵਾਪਸ ਇੰਡੀਆ ਜਾਂਦਾ ਹਾਂ ਕਿਉਂਕਿ ਇਹ ਗੱਲ ਮੈਨੂੰ ਬੜੀ ਪਿਆਰੀ ਅਤੇ ਸੁਆਦਲੀ ਲੱਗਦੀ ਹੈ। ਇੱਕ ਸ਼ਾਮ ਛੇਕੜਲੀ ਰੇਲਗੱਡੀ ਵਿੱਚ ਜਮਸ਼ੇਰ ਤੋਂ ਸਾਡੇ ਪਿੰਡ ਛੇ ਜਣੇ ਆ ਗਏ ਮਾਸਟਰ ਜੀ ਅਤੇ ਵੀਰਾ ਜੀ ਤੋਂ ਇਲਾਵਾ ਬਾਕੀ ਚਾਰ ਦਾ ਮੈਨੂੰ ਬਿਲਕੁਲ ਪਤਾ ਨਹੀਂ ਕੌਣ ਸਨ, ਹੋਣਗੇ ਤਾਂ ਭਾਵੇਂ ਘਰ ਵਿੱਚੋਂ ਹੀ ਪਰ ਇਹਨਾਂ ਸਾਰਿਆ ਨੇ ਰਾਤ ਸ਼ੰਕਰ ਰਹਿਣਾ ਸੀ। ਮੰਜੇ ਕੋਠੇ ਉੱਪਰ ਚੜਾਉਣੇ ਤੇ ਵਿਛਾਈ ਕਰਨੀ ਮੇਰਾ ਕੰਮ ਸੀ ਉਸ ਵਕਤ ਮੈਂ ਛੋਟਾ ਜਿਹਾ ਸੀ ਮੈਂ ਕਹਿ ਦਿੱਤਾ ਅੱਜ ਤਾਂ ਸਾਰਾ ਜਮਸ਼ੇਰ ਹੀ ਆ ਗਿਆ ਹੈ। ਪਿਤਾ ਜੀ ਨੇ ਮੈਨੂੰ ਕਿਹਾ ਓਏ ਘਰਦਿਆਂ ਨੂੰ ਇਸ ਤਰਾਂ ਨਹੀਂ ਕਹੀਦਾ। ਮੈਂ ਸੋਚਦਾ ਸੀ ਜੇ ਉਹ ਚਾਹੁੰਦੇ ਤਾਂ ਸਵੇਰ ਦੀ ਪਹਿਲੀ ਗੱਡੀ ਆ ਕੇ ਸਾਰਾ ਦਿਨ ਰਹਿ ਕੇ ਉਸੇ ਦਿਨ ਸ਼ਾਮ ਦੀ ਛੇਕੜਲੀ ਗੱਡੀ ਵਿੱਚ ਵਾਪਿਸ ਜਮਸ਼ੇਰ ਜਾ ਸਕਦੇ ਸਨ ਪਰ ਉਹ ਘਰ ਰਾਤ ਕਿਉਂ ਰਹਿਣਾ ਚਾਹੁੰਦੇ ਹੋਣਗੇ ਇਸ ਗੱਲ ਦੀ ਉਸ ਵਕਤ ਮੈਨੂੰ ਸੋਝੀ ਨਹੀਂ ਸੀ। ਉਹ ਸਾਰੇ ਰਾਤ ਰਹਿਕੇ ਦੂਸਰੇ ਦਿਨ ਛੇਕੜਲੀ ਗੱਡੀ ਵਾਪਿਸ ਜਮਸ਼ੇਰ ਚਲੇ ਗਏ। ਇਹੋ ਆਪਸੀ ਪਿਆਰ-ਸਾਂਝ ਦਾ ਪੱਕਾ ਸਬੂਤ ਹੈ ਕਿ ਵੱਧ ਤੋਂ ਵੱਧ ਸਮਾਂ ਇੱਕਠੇ ਬੈਠੀਏ। ਮੈਂ ਵੀ ਲੀਡਜ਼ 3 ਐਬਰਸਟੱਨ ਟੈਰੇਸ ਵੀਰਾ ਜੀ ਅਤੇ ਬਲਦੇਵ ਹੋਰਾਂ ਨੂੰ ਮਿਲਣ ਜਾਂਦਾ ਰਹਿੰਦਾ ਸੀ। ਇੱਕ ਵਾਰ ਰਾਤ ਨੂੰ ਇੱਕ ਵਜੇ ਵੀਰਾ ਜੀ ਲੰਡਨ ਮੇਰੇ ਕੋਲ੍ਹ ਆਏ ਇਹ ਪੰਜ ਜਣੇ ਸਨ ਬਾਕੀ ਚੌਂਹ ਦਾ ਮੈਨੂੰ ਪਤਾ ਨਹੀਂ ਸੀ ਕੌਣ ਸਨ ਪਰ ਇਨ੍ਹਾਂ ਦੇ ਨਾਲ ਹੀ ਆਏ ਸਨ ਅਤੇ ਖੂਬ ਮਸਤੀ ਦੀ ਲੋਰ੍ਹ ਵਿੱਚ ਸਨ। ਵੀਰਾ ਜੀ ਦੱਸਦੇ ਸਨ ਕਿ ਉਨ੍ਹੀਂ 57 ਨੰਬਰ ਘਰ ਦੀ ਘੰਟੀ ਖੜਕਾਈ ਅੰਦਰੋਂ ਗੋਰੀ ਆਈ ਤੇ ਉਸਨੇ ਦਰਵਾਜ਼ਾ ਖੋਲ੍ਹਿਆ, ਇਨ੍ਹਾਂ ਵੱਲ ਦੇਖ ਕੇ ਗੋਰੀ ਡਰਦੀ ਹੋਈ ਘਬਰਾ ਗਈ ਇਨ੍ਹੀਂ ਮੇਰੇ ਵਾਰੇ ਪੁੱਛਿਆ ਕਿ ਮਿਸਟਰ ਸਿੰਘ ਕਿੱਥੇ ਹੈ ਗੋਰੀ ਦਾ ਜਵਾਬ ਸੀ ਕਿ ਇੱਥੇ ਕੋਈ ਮਿਸਟਰ ਸਿੰਘ ਨਹੀਂ ਰਹਿੰਦਾ, ਕਈ ਸਾਲਾਂ ਤੋਂ ਮੈਂ ਹੀ ਇੱਥੇ ਰਹਿ ਰਹੀ ਹਾਂ। ਵੀਰਾ ਜੀ ਨੇ ਗੁੱਸੇ ਵਿੱਚ ਕਿਹਾ ਕਿ ਇਹ ਬਕਬਾਸ ਕਰਦੀ ਹੈ ਇਹ ਸਾਡੇ ਭਰਾ ਦਾ ਘਰ ਹੈ ਚਲੋ ਅੰਦਰ ਚੱਲੀਏ ਅਤੇ ਸਾਰੇ ਅੰਦਰ ਜਾਣ ਲਈ ਤਿਆਰ ਸਨ ਉਸ ਸਹਿਮੀ ਹੋਈ ਗੋਰੀ ਨੇ ਚੀਖਿਆ ਅਤੇ ਬਹੁਤ ਹੀ ਘਬਰਾ ਗਈ। ਉਸਨੇ ਆਪਣਾ ਖੈੜਾ ਛੁਡਾਣ ਲਈ ਕਿਹਾ ਕਿ ਇਹੀ ਸੜਕ ਹੈ ਅਗਾਂਹ ਟੀ ਮੋੜ ਤੇ ਜਾ ਕੇ ਇੱਕ ਪਾਸੇ ਟੈਰਸ ਰੋਡ ਅਤੇ ਦੂਸਰੇ ਪਾਸੇ

ਹੈਰਲ੍ਹਡ ਰੋਡ ਹੈ ਫਿਰ ਇਹ ਪੰਜੇ ਜਣੇ 57 ਹੈਰਲ੍ਹਡ ਰੋਡ ਤੇ ਆ ਗਏ। ਵੀਰਾ ਜੀ ਨੇ ਕਿਹਾ ਸਵੇਰ ਤੋਂ ਹੀ ਨੱਠ ਭੱਜ ਕਾਰਣ ਕੁੱਝ ਵੀ ਖਾਧਾ ਨਹੀਂ ਹੈ ਭੁੱਖ ਬਹੁਤ ਲੱਗੀ ਹੋਈ ਹੈ ਸੋ ਰੋਟੀ ਬਣਾਉ। ਰਾਤ ਦੇ ਇੱਕ ਵਜੇ ਰੋਟੀ ਬਣਨੀ ਸ਼ੁਰੂ ਹੋ ਗਈ। ਇਹ ਪਿਆਰ-ਸਾਂਝ ਨਹੀਂ ਤਾਂ ਹੋਰ ਕੀ ਹੈ। ਅੱਜ ਤੋਂ 88 ਸਾਲ ਪਹਿਲੇ ਦੋ ਪ੍ਰੇਮੀਂ ਗੁਰਸਿੱਖਾਂ ਤੋਂ ਇਹ ਸਾਂਝ ਸ਼ੁਰੂ ਹੋਈ ਜੋ ਹੁਣ ਤੱਕ ਬਰਕਰਾਰ ਹੈ ਅਤੇ ਮਾੜੀ ਜਿਹੀ ਵੀ ਫਿੱਕੀ ਜਾਂ ਮੱਧਮ ਨਹੀਂ ਪਈ ਹੁਣ ਵੀ ਜਦੋਂ ਆਪਿਸ ਵਿੱਚ ਅਸੀਂ ਮਿਲਦੇ ਹਾਂ ਤਾਂ ਬਹੁਤ ਖੁਸ਼ੀ ਹੁੰਦੀ ਹੈ। ਉਹੋ ਪੁਰਾਣੀਆਂ ਗੱਲਾਂ ਨੂੰ ਦੁਹਰਾਉਂਦੇ ਰਹੀਦਾ ਹੈ ਅਤੇ ਮਨ ਨੂੰ ਅਜੀਬ ਜਿਹਾ ਸਕੂਨ ਮਿਲਦਾ ਹੈ। ਵੀਰਾ ਜੀ ਸਟੇਜ ਤੇ ਨਿਧੜਕ ਹੋਕੇ ਬੋਲਦੇ ਸਨ, ਉਨ੍ਹਾਂ ਦੀ ਪ੍ਰਤਿਪਾਦਨ ਯੋਗਤਾ ਦਾ ਵਹਾ ਪ੍ਰਬਲ ਖੂਬਸੂਰਤ ਤੇ ਕਮਾਲ ਸੀ ਜੋ ਕਿ ਲੋਕਾਂ ਉੱਤੇ ਵੇਗਵਾਨ ਹੁੰਦਾ ਹੋਇਆ ਉਨ੍ਹਾਂ ਨੂੰ ਕਾਇਲ ਕਰ ਜਾਇਆ ਕਰਦਾ ਸੀ। ਇਸਦਾ ਮੁੱਖ ਕਾਰਣ ਸੀ ਕਿ ਉਹਨਾਂ ਕੋਲ ਬੋਲਣ ਲਈ ਕਾਫੀ ਭੰਡਾਰ ਹੁੰਦਾ ਸੀ, ਉਹਨਾਂ ਨੂੰ ਸਮਾਜਿਕ ਸੂਝ-ਬੂਝ ਸੀ ਅਤੇ ਗੁਰਮਤਿ ਦੇ ਖੋਜੀ ਸਨ ਸੋ ਇਸ ਰੱਬੀ ਦਾਤ ਦੇ ਵਰੋਸਾਏ ਹੋਣ ਕਾਰਣ ਉਹਨਾਂ ਦੇ ਭਾਸ਼ਣ ਪ੍ਰਭਾਵਸ਼ਾਲੀ ਮੰਨੇ ਜਾਂਦੇ ਸਨ। ਉਹਨੀਂ ਸਕੂਲਾਂ ਦੀ ਉਸਾਰੀ ਕਰਨੀ ਅਤੇ ਗੁਰਦੁਆਰੇ ਬਣਾਉਣ ਦਾ ਕੰਮ ਸਾਰੀ ਉਮਰ ਡੱਟਕੇ ਕੀਤਾ, ਲੀਡਜ਼ ਸ਼ਹਿਰ ਗੁਰਦੁਆਰਾ ਸਥਾਪਤਿ ਕਰਨ ਵਿੱਚ ਉਹਨਾਂ ਦਾ ਵਡਮੁੱਲਾ ਯੋਗਦਾਨ ਹੈ। ਦੋਦਰ੍ਹੇ ਵਾਲੇ ਬਾਬੂ ਜੀ ਦੀ ਗੁਰਮਤਿ ਸੇਧ ਨੂੰ ਪਰਚਾਰਨ ਲਈ ਦਿਨ ਰਾਤ ਦੂਰ-ਦੁਰੇਡੇ ਜਾ ਜਾ ਕੇ ਲੋਕਾਂ ਤਾਈਂ ਉਹਨਾਂ ਦੇ ਅਨੁਭਵੀ ਰੱਬੀ ਸੰਦੇਸ਼ ਨੂੰ ਪਹੁੰਚਾਇਆ। ਇੱਕ ਸਮਾਗਮ ਮੈਂ ਤੇ ਵੀਰਾ ਜੀ ਨੇ ਰਲਕੇ ਸਾਊਥਹਾਲ ਔਸਵਾਲ੍ਹਡ ਰੋਡ ਵਾਲੇ ਗੁਰਦੁਆਰੇ ਵਿੱਚ ਕਰਵਾਇਆ ਸੀ ਅਤੇ ਦੇਸ ਪ੍ਰਦੇਸ ਅਖਬਾਰ ਵਿੱਚ ਖਬਰ ਛਾਪਣ ਲਈ ਮੈਂ ਉਹਨਾਂ ਨੂੰ ਮਜ਼ਮੂਨ ਦੇਣ ਗਿਆ। ਇਸ ਸਮਾਗਮ ਵਿੱਚ ਸੰਗਤ ਦਾ ਕਾਫੀ ਇੱਕਠ ਹੋਇਆ ਅਤੇ ਸਮਾਗਮ ਦੀ ਰੌਣਕ ਸ਼ਲਾਘਾਯੋਗ ਸੀ। ਲੀਡਜ਼ ਤੋਂ ਸਾਊਥਹਾਲ 200 ਤੋਂ ਜਿਆਦਾ ਮੀਲ ਦਾ ਸਫਰ ਤਹਿ ਕਰਕੇ ਇਸ ਸਮਾਗਮ ਨੂੰ ਉਲੀਕਣਾ ਗੁਰਮਤਿ ਗਿਆਨ ਦੇ ਪਰਚਾਰ ਕਰਨ ਦੀ ਸਹੀ ਭਾਵਨਾ ਕਹੀ ਜਾ ਸਕਦੀ ਹੈ।

ਹੁਣ ਉਹਨਾਂ ਦਾ ਸਰੀਰ ਸਾਡੇ ਵਿੱਚ ਨਹੀਂ ਹੈ ਜੇ ਸਤਿਗੁਰ ਜੀ ਨੇ ਮੁਕਤ ਕਰ ਦਿੱਤਾ ਹੋਵੇ ਤਾਂ ਬੜੀ ਖੁਸ਼ੀ ਵਾਲੀ ਗੱਲ ਹੈ। ਜੇ ਫਿਰ ਮਨੁੱਖਾ ਜਨਮ ਦੁਬਾਰਾ ਮਿਲਿਆ ਹੋਵੇ ਤਾਂ ਮੇਰਾ ਯਕੀਨ ਹੈ ਕਿ ਇਸ ਬਾਰ ਉਹ ਪਹਿਲੇ ਨਾਲੋਂ ਜ਼ਿਆਦਾ ਸਕੂਲ ਤੇ ਗੁਰਦੁਆਰੇ ਬਣਾਉਣਗੇ। ਉਹਨਾਂ ਦੀ ਰੂਹ ਹੁਣ ਪਤਾ ਨਹੀਂ ਕਿੱਥੇ ਹੈ, ਜਿੱਥੇ ਕਿਤੇ ਵੀ ਹੋਵੇ ਉਸ ਰੂਹ ਨੂੰ ਮੇਰਾ ਆਖਿਰੀ ਪ੍ਰਣਾਮ ਹੈ।

**ਅਮਰਜੀਤ ਸਿੰਘ**

ਲੰਡਨ 11-7-2012

# ਇੱਕ ਦਾਨਸ਼ਮੰਦ ਇਨਸਾਨ ਨਾਲ ਬੀਤੇ ਪਲਾਂ ਦੀ ਯਾਦ

ਜ਼ਿੰਦਗੀ ਦੇ ਵਿੱਚ ਕੁੱਝ ਪਲ ਅਜਿਹੇ ਹੁੰਦੇ ਹਨ ਜਿਹਨਾਂ ਦਾ ਪ੍ਰਤਿਬਿੰਬ ਸਦੀਵੀ ਤੌਰ ਤੇ ਆਤਮਾ ਦੀ ਗਹਿਰਾਈ ਤੱਕ ਸਮੋ ਜਾਇਆ ਕਰਦਾ ਹੈ। ਇਹ ਮਿੱਠੀਆਂ ਯਾਦਾਂ ਜ਼ਿੰਦਗੀ ਨੂੰ ਨਵਾਂ ਮੋੜ ਦੇ ਕੇ ਨਵੀਂਆਂ ਲੀਹਾਂ ਤੇ ਤੋਰਨ ਦੇ ਸਮਰੱਥ ਹੋ ਜਾਂਦੀਆਂ ਹਨ। ਇਸੇ ਤਰਾਂ ਦੁਗੱਲ ਸਾਹਿਬ ਇੱਕ ਮਹਾਨ ਆਤਮਾ ਦੇ ਨਾਲ ਅਚਾਨਕ ਮੇਰੀ ਜਾਣ ਪਛਾਣ ਹੋਣੀ ਮੇਰੇ ਲਈ ਇੱਕ ਸੁਨੈਹਰੀ ਤਬਦੀਲੀ ਦਾ ਕਾਰਣ ਬਣ ਗਈ। ਮੈਂ ਇਹਨਾਂ ਮੁਲਾਕਾਤਾਂ ਨੂੰ ਬਿਆਨ ਕਰਨ ਦੇ ਵਿੱਚ ਉਸੇ ਦਾਤੇ ਦੀ ਵਡਿਆਈ ਸਮਝਦਾ ਹਾਂ। ਮੈਨੂੰ ਸੱਭ ਤੋਂ ਜਿਆਦਾ ਇਹ ਗੱਲ ਇਤਨੀ ਕਾਇਲ ਕਰ ਗਈ ਕਿ ਮੈਂ ਇਹਨਾਂ ਯਾਦਾਂ ਨੂੰ ਇਸ ਰੱਬੀ ਕਲਾਮ ਤੋਂ ਹੀ ਆਰੰਭ ਕਰਨ ਦਾ ਯਤਨ ਕਰ ਰਿਹਾ ਹਾਂ।

**ਨਾ ਓਹੁ ਮਰੈ ਨ ਹੋਵੇ ਸੋਗੁ ਮ: 1**

ਸਰਦਾਰ ਕ੍ਰਿਪਾਲ ਸਿੰਘ ਦੁੱਗਲ ਹੋਰੀਂ ਮੈਨੂੰ ਕਹਿ ਰਹੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਹੋਰਾਂ ਦੇ ਅਨਮੋਲ ਵਚਨ ਹਨ ਕਿ ਸਰੀਰ ਮਰਦਾ ਹੈ ਪਰ ਆਤਮਾ ਅਮਰ ਰਹਿੰਦੀ ਹੈ। ਆਤਮਾ ਦੀ ਮੌਤ ਨਹੀਂ ਹੁੰਦੀ, ਆਤਮਾ ਇਨਸਾਨ ਦੇ ਆਪਣੇ ਕੀਤੇ ਕਰਮਾ ਦੇ ਆਧਾਰ ਤੇ ਦੁਨੀਆਂ ਦੇ ਵਿੱਚ ਦੁਬਾਰਾ ਸਰੀਰ ਦੇ ਵਿੱਚ ਪ੍ਰਵੇਸ਼ ਹੁੰਦੀ ਹੈ ਅਤੇ ਇਹ ਜਾਤ-ਬਰਾਦਰੀ ਜਾਂ ਕਿਸੇ ਪੁਲਾੜ ਦੇ ਬੰਧਨ ਵਿੱਚ ਨਹੀਂ ਆਉਂਦੀ। ਇਹ ਤਾਂ ਜਨਮਾਂ ਜਨਮਾਂਤਰਾਂ ਦੀ ਗਤੀ ਦੇ ਵਿੱਚ ਰਮਦੀ ਹੈ, ਕਦੀ ਬਾਪ ਕਦੀ ਬੇਟਾ ਕਦੀ ਪਤੀ ਕਦੀ ਪਤਨੀ ਇਹ ਕਾਇਆਂ ਕਈ ਰੂਪ ਧਾਰਣ ਕਰਦੀ ਹੈ ਅਤੇ ਇਹ ਆਵਾਗਮਨ ਦਾ ਸਿਲਸਲਾ ਚੱਲਦਾ ਹੀ ਰਹਿੰਦਾ ਹੈ, ਕਈਆਂ ਲਈ ਇਸਦਾ ਭਾਵ ਲੈਣ ਦੇਣ ਅਤੇ ਇੱਕ ਦੂਸਰੇ ਦਾ ਕਰਜ਼ ਉਤਾਰਨ ਦਾ ਜਰੀਆ ਮੰਨਿਆ ਜਾਂਦਾ ਹੈ। ਗੁਰੂ ਦਾ ਸਿੱਖ ਕਦੀ ਵੀ ਦੁਬਾਰਾ ਜ਼ਿੰਦਗੀ ਦੀ ਲੋਚਾ ਨਹੀਂ ਰੱਖਦਾ, ਜੀਵਨ ਦਾ ਮਕਸਦ ਉਸ ਅਕਾਲ ਪੁਰੱਖ ਦੇ ਨਾਲ ਅਭੇਦ ਹੋਣਾ ਹੈ। ਇਸਦਾ ਮੋਕਸ਼ ਹੋਣਾ ਗੁਰੂ ਦੇ ਸ਼ਬਦ ਵਿੱਚ ਅਭੇਦ ਹੋਇਆਂ ਹੀ ਸੰਭਵ ਹੋ ਸਕਦਾ ਹੈ, ਉਪਰੰਤ ਉਸ ਅਕਾਲ ਪੁਰੱਖ ਦੀ ਰਹਿਮਤ ਦੇ ਵਰੋਸਾਏ ਹੋ ਸਕਣਾ ਉਸ ਦਾਤੇ ਦੇ ਆਪਣੇ ਹੱਥ ਵੱਸ ਹੈ। ਮੇਰੇ ਪਾਸ ਇੱਕ ਧਾਰਮਿਕ ਪੁਸਤਕ ਸੀ, ਦੁੱਗਲ ਜੀ ਨੇ ਕਹਿਣਾ ਚੱਗਰ ਜੀ ਇਸ ਵਿੱਚੋਂ ਕੁੱਝ ਸੁਣਾਉ ਮੈਂ ਪੜਨਾ ਸ਼ੁਰੂ ਕਰ ਦੇਣਾ ਤਾਂ ਉਹਨੀਂ ਗੁਰਬਾਣੀ ਦੇ ਅਰਥ ਕਰਕੇ ਸਮਝਾਉਣਾ। ਇਹਨਾਂ ਨੂੰ ਗੁਰਬਾਣੀ ਦੀ ਚੋਖੀ ਮਹਾਰਤ

ਸੀ, ਇਸ ਗੱਲ ਦਾ ਮੈਨੂੰ ਬਹੁਤ ਮਾਣ ਹੈ ਕਿ ਗੁਰਬਾਣੀ ਦੀ ਮਾੜੀ ਮੋਟੀ ਸੋਝੀ ਜੋ ਅੱਜ ਮੈਨੂੰ ਹੋਈ ਹੈ ਇਹ ਦੁੱਗਲ ਹੋਰਾਂ ਦੀ ਆਪਣੀ ਹੀ ਦੇਣ ਹੈ ਜਿਸ ਲਈ ਮੈਂ ਉਹਨਾਂ ਦਾ ਸਦੀਵੀ ਤੌਰ ਤੇ ਆਭਾਰੀ ਰਹਾਂਗਾ।

ਮੇਰੀ ਜਿੰਦਗੀ ਦਾ ਇਹ ਸਮਾਂ ਇਹਨਾਂ ਦੇ ਸੱਤ-ਸੰਗੀ ਹੋਣਾ ਗਨੀਮਤ ਹੋ ਨਿਬੜਿਆ ਹੈ। ਜੋ ਕੁੱਝ ਮੈਂ ਇਹਨਾਂ ਤੋਂ ਸਿੱਖਿਆ ਹਾਂ ਅਗਰ ਪੂਰਾ ਵਰਤਾਂਤ ਲਿਖਣ ਦਾ ਯਤਨ ਕਰਾਂ ਤਾਂ ਕਈ ਕਿਤਾਬਾਂ ਲਿਖੀਆਂ ਜਾ ਸਕਦੀਆਂ ਹਨ।

ਪਰ ਸਮੇਂ ਨੂੰ ਮੁਖਾਤਿਬ ਹੁੰਦਿਆਂ ਉਹਨਾਂ ਦੀਆਂ ਕੁੱਝ ਅਨਮੋਲ ਗੱਲਾਂ ਮੈਂ ਆਪ ਸਾਰੇ ਪਾਠਕਾਂ ਦੇ ਨਾਲ ਸਾਂਝੀਆਂ ਕਰਨੀਆਂ ਚਾਹਾਂਗਾ ਜੋ ਅਮੂਮਨ ਮੇਰੀ ਛੋਟੀ ਜਿਹੀ ਦੁਕਾਨ ਦੇ ਵਿੱਚ ਬੈਠਕੇ ਉਹ ਮੈਨੂੰ ਦੱਸਿਆ ਕਰਦੇ ਸਨ। ਮੈਂ ਆਪਣੇ ਪਿੰਡ ਤੋਂ ਪਹਿਲੀ ਬਾਰ ਜਲੰਧਰ ਸ਼ਹਿਰ ਆਇਆ ਸੀ, ਪਿੰਡ ਅਤੇ ਸ਼ਹਿਰ ਦੀ ਰਹਿਣੀ ਬਹਿਣੀ ਦੇ ਵਿੱਚ ਬਹੁਤ ਅੰਤਰਾ ਹੁੰਦਾ ਹੈ, ਮੈਂ ਮਾਡਲ ਟਾਊਨ ਇੱਕ ਖੰਡਰ ਜਿਹੇ ਮਕਾਨ ਦੇ ਵਿੱਚ ਰਹਿਣ ਲੱਗਾ। ਦੁਗੱਲ ਜੀ ਹੋਰੀਂ ਇੰਗਲੈਂਡ ਤੋਂ ਆਏ ਹੀ ਸਨ, ਇੱਕ ਦਿਨ ਮੇਰੀ ਇਹਨਾਂ ਦੇ ਨਾਲ ਮੁਲਾਕਾਤ ਹੋਈ ਇਹ ਮੇਰੀ ਦੁਕਾਨ ਤੇ ਆ ਕੇ ਮੇਰੇ ਕੋਲ ਬੈਠ ਗਏ। ਮੇਰੀ ਦੁਕਾਨ ਇਹਨਾਂ ਦੀ ਰਿਹਾਇਸ਼ ਘਰ ਦੇ ਬਿਲਕੁੱਲ ਸਾਹਮਣੇ ਸੀ। ਦੁੱਗਲ ਹੋਰੀਂ ਮੈਨੂੰ ਪੁੱਛਣ ਲੱਗੇ ਕਿ ਬਰਖੁਰਦਾਰ ਤੂੰ ਕਿੱਥੇ ਰਹਿੰਦਾ ਹੈਂ, ਮੈਂ ਕਿਹਾ ਕਿ ਮੈਂ ਮਾਡਲ ਟਾਊਨ 652 ਨੰਬਰ ਇੱਕ ਪੁਰਾਣੀ ਕੋੱਠੀ ਵਿੱਚ ਰਹਿੰਦਾ ਹਾਂ। ਉਸੇ ਸ਼ਾਮ ਇਹ ਮੇਰੇ ਘਰ ਆਏ ਅਤੇ ਕਹਿਣ ਲੱਗੇ ਕਿ ਆਪਣਾ ਸਾਮਾਨ ਚੁੱਕ ਲੈ ਅਤੇ ਮੇਰੇ ਘਰ ਚੱਲ, ਇੱਥੇ ਇਹ ਕੁੜੀ (ਮੇਰੀ ਪਤਨੀ) ਇੱਕਲੀ ਰਹਿੰਦੀ ਹੈ, ਇਹ ਠੀਕ ਨਹੀਂ ਹੈ। ਇਹਨਾਂ ਦੀ ਗੱਲ ਮੇਰੇ ਮਨ ਨੂੰ ਪ੍ਰਭਾਵਤ ਕਰ ਗਈ ਜਿਵੇਂ ਇੱਕ ਪਿਤਾ ਆਪਣੇ ਪੁੱਤਰ ਨੂੰ ਹਿਦਾਇਤ ਕਰ ਰਿਹਾ ਹੋਵੇ, ਫਿਰ ਕੀ ਸੀ ਮੈਂ ਉਸੇ ਦਿਨ ਇਹਨਾਂ ਦੇ ਕੋਲ ਆ ਗਿਆ ਅਤੇ ਇਹਨੀਂ ਇਹ ਵੀ ਕਹਿ ਦਿੱਤਾ ਕਿ ਜੱਦ ਤੱਕ ਤੇਰਾ ਦਿਲ ਕਰੇ ਇੱਥੇ ਰਹਿ ਸਕਦਾ ਹੈਂ। ਉਹਨਾਂ ਦੀ ਯਾਦ ਦੇ ਵਿੱਚ ਮੇਰਾ ਮਨ ਭਰ ਆਇਆ ਹੈ ਕਿ ਨਾ ਤਾਂ ਮੇਰੀ ਕੋਈ ਇਹਨਾਂ ਦੇ ਨਾਲ ਰਿਸ਼ਤੇਦਾਰੀ ਅਤੇ ਨਾ ਹੀ ਕੋਈ ਜਾਣ ਪਛਾਣ ਸੀ ਪਰ ਫਿਰ ਵੀ ਇਤਨੀ ਹਮਦਰਦੀ ਅਤੇ ਅਪਣੱਤਤਾ ਜਿਵੇਂ ਇਹ ਕੋਈ ਪੁਰਾਤਨ ਸੰਬੰਧ ਉਜਾਗਰ ਹੋਇਆ ਹੋਵੇ। ਇਹਨਾਂ ਦੇ ਆਪਣੇ ਲੜਕਿਆਂ ਨੇ ਵੀ ਕਦੀ ਮੈਨੂੰ ਘਰ ਛੱਡ ਕੇ ਜਾਣ ਲਈ ਨਹੀਂ ਸੀ ਕਿਹਾ ਬਲਕਿ ਆਪਣੇ ਘਰ ਦਾ ਹੀ ਮੈਂਬਰ ਸਮਝਦੇ ਸਨ। ਦੁੱਗਲ ਸਹਿਬ ਮੈਨੂੰ ਕਿਰਾਏਦਾਰ ਨਹੀਂ ਸੀ ਸਮਝਦੇ ਅਤੇ ਨਾ ਹੀ ਕਿਸੇ ਨੂੰ ਇਹ ਗੱਲ ਕਹਿਣ ਦਿੰਦੇ ਸਨ। ਮੇਰੇ ਸੱਸ ਸਹੁਰਾ ਸਾਹਿਬ ਦਿੱਲੀ ਰਹਿੰਦੇ ਹਨ ਅਤੇ ਜਦੋਂ ਮੇਰੇ ਘਰੋਂ ਦਿੱਲੀ ਜਾਇਆ ਕਰਦੀ ਸੀ ਤਾਂ ਦੁੱਗਲ ਹੋਰੀਂ ਕਹਿਣਾ ਕਿ ਕੀ ਚੱਗਰ ਅੱਜ

ਇੱਕਲਾ ਹੀ ਹੈ, ਤਾਂ ਘਰ ਕੰਮ ਕਰਨ ਵਾਲੇ ਮੁੰਡੇ ਨੂੰ ਕਹਿਣਾ ਕਿ ਇੰਦਰਜੀਤ ਚੱਗਰ ਨੂੰ ਸੱਦ ਕੇ ਲਿਆ ਅਤੇ ਉਸਨੂੰ ਪਹਿਲਾਂ ਰੋਟੀ ਖੁਆਉ ਫਿਰ ਆਪ ਰੋਟੀ ਖਾਣੀ। ਮੇਰੀ ਪਤਨੀ ਭਾਵੇਂ ਹਫਤਾ ਜਾਂ ਦੋ ਹਫਤੇ ਦਿੱਲੀ ਰਹੇ ਪਰ ਮੈਨੂੰ ਇਹ ਬਾਹਰੋਂ ਰੋਟੀ ਨਹੀਂ ਸੀ ਖਾਣ ਦਿੰਦੇ। ਆਪਣੇ ਘਰ ਦੇ ਜੀਆਂ ਨੂੰ ਕਹਿਣਾ ਪਹਿਲਾਂ ਚੱਗਰ ਨੂੰ ਸੱਦ ਕੇ ਲਿਆਓ ਉਹ ਰੋਟੀ ਖਾ ਲਵੇ, ਇੱਕ ਦਿਨ ਮੈਂ ਬਾਹਰੋਂ ਰੋਟੀ ਖਾ ਆਇਆ ਤਾਂ ਮੈਨੂੰ ਇਹ ਝਿੜਕਣ ਲੱਗ ਪਏ, ਉਸ ਦਿਨ ਮੈਨੂੰ ਮਹਿਸੂਸ ਹੋਇਆ ਕਿ ਇਸ ਤਰਾਂ ਲੱਗਦਾ ਸੀ ਜਿਵੇਂ ਬਾਪ ਆਪਣੇ ਬੱਚੇ ਨੂੰ ਝਿੜਕ ਰਿਹਾ ਹੋਵੇ। ਇਹੋ ਜਿਹਾ ਪਿਆਰ, ਹਮਦਰਦੀ ਅਤੇ ਅਪਣੱਤਤਾ, ਆਪਣਾ ਬੱਚਾ ਸਮਝ ਕੇ ਮੇਰਾ ਖਿਆਲ ਰੱਖਣਾ ਅਜਿਹੇ ਕਿਰਦਾਰ ਦਾ ਵਿਅਕਤੀ ਕੋਈ ਆਮ ਵਿਅਕਤੀ ਨਹੀਂ ਹੋ ਸਕਦਾ ਸੀ, ਯਕੀਨਨ ਇਹ ਕੋਈ ਰੱਬੀ ਦਾਤ ਲੋਕ ਭਲਾਈ ਹਿੱਤ ਦੁਨੀਆਂ ਦੇ ਵਿੱਚ ਵਿਚਰ ਰਹੀ ਪ੍ਰਤੀਤ ਹੁੰਦੀ ਸੀ। ਇਹਨਾਂ ਦੇ ਜੀਵਨ ਦੀ ਸਾਦਗੀ ਕਮਾਲ ਦੀ ਸੀ ਪਰ ਪਾਰਦਰਸ਼ੀ ਸੋਚ ਦੇ ਬਹੁਤ ਧਾਰਨੀ ਸਨ, ਜਿਹੜਾ ਵੀ ਇਨਸਾਨ ਇਹਨਾਂ ਦੇ ਸੰਪਰਕ ਦੇ ਵਿੱਚ ਆਇਆ ਉਹ ਇਹਨਾਂ ਦਾ ਹੀ ਬਣ ਕੇ ਰਹਿ ਜਾਂਦਾ ਸੀ। ਇਹਨਾਂ ਦਾ ਸਮੁੱਚਾ ਜੀਵਨ ਸਿੱਖੀ ਰਵਾਇਤਾਂ ਦਾ ਕਾਇਲ ਹੁੰਦੇ ਹੋਏ ਆਪਣੀ ਕੌਮ ਨੂੰ ਸਮਰਪਿਤ ਸੀ। ਇੱਕ ਦਿਨ ਮੈਨੂੰ ਕਹਿਣ ਲੱਗੇ ਕਿ ਚੱਗਰ ਮੇਰੀ ਜਿੰਦਗੀ ਹੁਣ ਆਪਣੀ ਨਹੀਂ ਰਹੀ, ਮੈਂ 40 ਸਾਲਾਂ ਤੋਂ ਸੰਜਮ ਦਾ ਜੀਵਨ ਵਤੀਤ ਕਰ ਰਿਹਾ ਹਾਂ ਤਾਂ ਕਿ ਇਹ ਜੀਵਨ ਹੁਣ ਗੁਰੂ ਦੇ ਲੇਖੇ ਲੱਗ ਜਾਵੇ ਇਹੋ ਮੇਰਾ ਮਕਸਦ ਬਾਕੀ ਰਹਿ ਗਿਆ ਹੈ। ਇਹ ਮੰਜ਼ਲ ਭਾਵੇਂ ਲੰਬੇਰੀ ਹੈ ਪਰ ਲੋਕਾਂ ਦੇ ਕਾਫ਼ਲੇ ਨਾਲ ਤੁਰਦੇ ਜਾਣਾ ਹੈ ਵਾਹਿਗੁਰੂ ਆਪੇ ਭਲੀ ਕਰੇਗਾ।

ਇੱਕ ਦਿਨ ਕਹਿਣ ਲੱਗੇ ਕਿ ਚੱਗਰ ਸਾਡੇ ਘਰ ਇੱਕ ਪੱਥਰ ਦੀ ਇੱਕ ਸਿੱਲ ਹੁੰਦੀ ਸੀ ਅਤੇ ਪਿੰਡ ਦੇ ਬਹੁਤ ਮੁੰਡੇ ਸਾਡੇ ਘਰ ਇਸ ਪੱਥਰ ਨੂੰ ਚੁੱਕਣ ਲਈ ਆਇਆ ਕਰਦੇ ਸੀ ਪਰ ਕੋਈ ਵੀ ਨਹੀਂ ਸੀ ਚੁੱਕ ਸਕਿਆ ਸਿਰਫ ਮੈਂ ਹੀ ਉਹ ਚੁੱਕਿਆ ਕਰਦਾ ਸੀ। ਇੰਗਲੈਂਡ ਤੋਂ ਮੈਂ ਕਾਰ ਵਿੱਚ ਇੰਡੀਆ ਆਇਆ ਸੀ, ਜਦੋਂ ਕਤਰ ਪਹੁੰਚੇ ਤਾਂ ਉੱਥੇ ਦੇ ਸੁਲਤਾਨ ਬਾਦਸ਼ਾਹ ਨੂੰ ਪਤਾ ਲੱਗਾ ਕਿ ਕੁੱਝ ਸਰਦਾਰ ਇੰਗਲੈਂਡ ਤੋਂ ਗੱਡੀ ਰਾਹੀਂ ਇੱਥੇ ਆਏ ਹਨ ਅਤੇ ਇਹ ਇੰਡੀਆ ਜਾ ਰਹੇ ਹਨ ਤਾਂ ਕਹਿਣ ਲੱਗੇ ਕਿ ਉਸਨੇ ਸਾਨੂੰ ਕਈ ਦਿਨ ਆਪਣੇ ਪਾਸ ਰੱਖਿਆ ਅਤੇ ਸ਼ਾਹੀ ਦਾਵਤ ਦਿੱਤੀ। ਕਾਰ ਰਾਹੀਂ ਇੰਗਲੈਂਡ ਤੋਂ ਇੰਡੀਆ ਆਉਣਾ ਅਤੇ ਵਾਪਿਸ ਜਾਣਾ ਕਮਾਲ ਦੀ ਦ੍ਰਿੜਤਾ ਅਤੇ ਵਿਸ਼ਾਲ ਸੋਚ ਦਾ ਪ੍ਰਮਾਣ ਹੈ।

ਇਹਨੀਂ ਬਾਬਾ ਸੰਗਤ ਸਿੰਘ ਯਾਦਗਾਰੀ ਟਰੱਸਟ ਬਣਾਇਆ, ਸਰਦਾਰ ਨਿਰੰਜਨ ਸਿੰਘ ਸਾਥੀ ਅਤੇ ਚੇਤਨ ਸਿੰਘ ਨੂੰ ਨਾਲ ਲੈ ਕੇ ਇੱਕ ਖਾਸ ਮਿਸ਼ਨ ਦੀ

ਉਸਾਰੀ ਕਰਨ ਲਈ ਤੁਰ ਪਏ, ਬੰਦੇ ਭਾਵੇਂ ਥੋੜੇ ਸਨ ਪਰ ਇਹ ਮਿਸ਼ਨ ਬਹੁਤ ਵੱਡਾ ਸੀ। ਮੈਂ ਪੁੱਛਿਆ ਅੰਕਲ ਜੀ ਤਿੰਨ ਬੰਦੇ ਕੀ ਕਰਨਗੇ, ਕਹਿਣ ਲੱਗੇ ਚੱਗਰ ਇੱਕ ਦਿਨ ਐਸਾ ਆਏਗਾ ਜਦੋਂ ਹਰ ਕੋਈ ਕਹੇਗਾ ਕਿ ਮੈਨੂੰ ਵੀ ਆਪਣੀ ਸੰਸਥਾ ਦਾ ਮੈਂਬਰ ਬਣਾਉ। ਮੈਨੂੰ ਯਾਦ ਹੈ ਜਦੋਂ ਇਹਨਾਂ ਦੇ ਘਰ ਤਕਰੀਬਨ 200 ਬੰਦਿਆਂ ਦਾ ਇੱਕਠ ਹੋਇਆ ਸੀ ਅਤੇ ਮੈਨੂੰ ਕਿਹਾ ਚੱਗਰ ਇਹਨਾਂ ਲਈ ਹੋਟਲ ਵਿੱਚੋਂ ਖਾਣਾ ਮੰਗਵਾਓ, ਅਸੀਂ ਹੁਕਮ ਮੰਨ ਕੇ ਖਾਣਾ ਲਿਆਂਦਾ। ਸ਼ਾਮ ਨੂੰ ਕਹਿਣ ਲੱਗੇ ਚੱਗਰ ਦੇਖਿਆ ਹੁਣ ਕਿੰਨੇ ਮੈਂਬਰ ਹੋ ਗਏ ਹਨ ਇਹ ਕਾਫ਼ਲਾ ਇਸੇ ਤਰਾਂ ਚੱਲਦਾ ਰਹੇਗਾ ਅਤੇ ਲੋਕ ਇਸਦੇ ਨਾਲ ਜੁੜਦੇ ਰਹਿਣਗੇ। ਅੱਜ ਉਹਨਾਂ ਦੇ ਹੋਣਹਾਰ ਸਪੁੱਤਰ ਸਰਦਾਰ ਤ੍ਰਿਲੋਚਨ ਸਿੰਘ ਉਹਨਾਂ ਦੇ ਕਦਮ-ਨਸ਼ੀਨ ਹੁੰਦਿਆਂ ਇਸੇ ਟਰੱਸਟ ਨੂੰ ਅੱਗੇ ਲੈ ਕੇ ਜਾ ਰਹੇ ਹਨ। ਇਸ ਮਿਸ਼ਨ ਨੂੰ ਪੂਰਾ ਕਰਨ ਲਈ ਦੁੱਗਲ ਪਰਿਵਾਰ ਵੱਲੋਂ ਮਾਇਆ, ਹਿੰਮਤ, ਹੌਸਲਾ ਅਤੇ ਹਰ ਪੱਖ ਤੋਂ ਪੂਰਾ ਤਾਣ ਲਾ ਕੇ ਨਿਭਾਇਆ ਜਾ ਰਿਹਾ ਹੈ। ਇੱਕ ਉਹਨਾਂ ਦੀ ਹੋਰ ਵਡੇਰੀ ਸੋਚ ਸੀ ਕਿ ਉਹ ਛੋਟੇ ਬੱਚਿਆਂ ਨੂੰ ਮੁਫ਼ਤ ਵਿੱਦਿਆ ਦੇਣ ਲਈ ਯਤਨਸ਼ੀਲ ਸਨ, ਪਰ ਅਜੋਕੀ ਵਿੱਦਿਆ ਪ੍ਰਣਾਲੀ ਦੇ ਉਹ ਚਾਹਵਾਨ ਨਹੀਂ ਸਨ। ਉਹ ਹਮੇਸ਼ਾਂ ਇਹ ਕਿਹਾ ਕਰਦੇ ਸਨ ਕਿ ਬੱਚਿਆਂ ਨੂੰ ਮੁਫ਼ਤ ਵਿੱਦਿਆ ਦੇ ਨਾਲ ਨਾਲ ਧਾਰਮਿਕ ਵਿੱਦਿਆ ਵੀ ਦੇਣੀ ਜਰੂਰੀ ਹੈ ਅਤੇ ਇਹਨਾਂ ਨੂੰ ਕੀਰਤਨ ਕਰਨ ਦਾ ਬੋਧ ਹੋਣਾ ਵੀ ਲਾਜ਼ਮੀ ਪ੍ਰਕਿਰਿਆ ਹੋਣੀ ਚਾਹੀਦੀ ਹੈ। ਉਹਨੀਂ ਆਪਣੀ ਜਿੰਦਗੀ ਦੇ ਆਖਰੀ ਪੜਾ ਵਿੱਚ ਬੱਚਿਆਂ ਲਈ ਕਾਲਜ ਖੋਹਲਣ ਦਾ ਯਤਨ ਵੀ ਕੀਤਾ ਸੀ, ਜ਼ਮੀਨ ਖਰੀਦੀ ਪਰ ਉਸ ਜਗ੍ਹਾ ਦਾ ਹਾਲੇ ਤੱਕ ਕੋਈ ਫੈਸਲਾ ਨਹੀਂ ਹੋ ਸਕਿਆ। ਇਹ ਵੀ ਕਿਹਾ ਕਰਦੇ ਸੀ ਕਿ ਮੇਰੇ ਤੋਂ ਬਾਦ ਜੋ ਕੰਮ ਰਹਿ ਗਿਆ ਉਹ ਮੇਰਾ ਵੱਡਾ ਲੜਕਾ ਤ੍ਰਿਲੋਚਨ ਪੂਰਾ ਕਰੇਗਾ ਕਿਉਂਕਿ ਉਸਦੀ ਸੋਚ ਮੇਰੇ ਵਾਂਗ ਹੀ ਹੈ।

ਸੰਨ 1990 ਦੀ ਗੱਲ ਹੈ ਇਹਨੀਂ ਇੱਕ ਬਾਰ ਸੁਲਤਾਨ ਪੁਰ ਲੋਧੀ ਦੇ ਨਜਦੀਕ ਤਕਰੀਬਨ 20 ਕਿਲੋਮੀਟਰ ਦੀ ਦੂਰੀ ਤੇ ਹਰੀ ਕੇ ਪੱਤਣ ਲਾਗੇ ਪਿੰਡ ਸਰੁਵਾਲ਼ ਬਾਬਾ ਮੁੱਖੇ ਦੇ ਡੇਰੇ ਬਹੁਤ ਵੱਡਾ ਇੱਕਠ ਕੀਤਾ, ਇਸ ਜਗ੍ਹਾ ਦੇ ਨਜਦੀਕ ਹੀ ਮਰਦਾਨੇ ਦੇ ਮਾਣ ਤਹਿਤ ਰਬਾਬ ਸਾਹਿਬ ਗੁਰਦੁਵਾਰਾ ਬਣਿਆ ਹੋਇਆ ਹੈ। ਇਸ ਸਮਾਗਮ ਵਿੱਚ ਭਗਤ ਪੂਰਨ ਸਿੰਘ ਜੀ, ਸ੍ਰੀ ਆਨੰਦ ਪੁਰ ਸਾਹਿਬ ਦੇ ਜੱਥੇਦਾਰ, ਅਕਾਲ ਤੱਖਤ ਦੇ ਜੱਥੇਦਾਰ ਅਤੇ ਹੋਰ ਇਲਾਕੇ ਦੇ ਪਤਵੰਤੇ ਸੱਜਣਾਂ ਦਾ ਵੱਡਾ ਇੱਕਠ ਠਾਠਾਂ ਮਾਰਦਾ ਦੇਖਣ ਯੋਗ ਸੀ। ਮੈਨੂੰ ਇਹ ਕਹਿਣ ਲੱਗੇ ਚੱਗਰ ਤੂੰ ਜਰੂਰ ਉੱਥੇ ਪਹੁੰਚਣਾ ਹੈ, ਮੈਂ ਅਤੇ ਮੇਰਾ ਦੋਸਤ ਸਰਦਾਰ ਰਾਮ ਸਿੰਘ ਸਕੂਟਰ ਤੇ ਚਲੇ ਗਏ, ਰਸਤਾ ਉੱਘੜ-ਦੁਘੜਾ ਜਿਹਾ ਸੀ ਅਤੇ ਇਲਾਕਾ ਵੀ ਪੱਛੜਿਆ

ਹੋਇਆ ਦਿੱਸਦਾ ਸੀ। ਦੁੱਗਲ ਸਾਹਿਬ ਸਟੇਜ ਤੇ ਲੈਕਚਰ ਕਰ ਰਹੇ ਸਨ ਅਤੇ ਕਹਿ ਰਹੇ ਸੀ ਕਿ ਇੱਥੇ ਗਰੀਬ-ਗੁਰਬਾ ਲੋਕਾਂ ਦਾ ਗਲਬਾ ਹੈ ਸੋ ਮੈਂ ਇਸ ਇਲਾਕੇ ਦੇ ਵਿੱਚ ਗਰੀਬ ਬੱਚਿਆਂ ਲਈ ਸਕੂਲ ਖੋਹਲਣਾ ਚਾਹੁੰਦਾ ਹਾਂ ਜਿੱਥੇ ਹਰ ਇੱਕ ਬੱਚੇ ਨੂੰ ਮੁਫ਼ਤ ਵਿੱਦਿਆ ਦਿੱਤੀ ਜਾ ਸਕੇ ਅਤੇ ਧਾਰਮਿਕ ਸਿਖਿਆ ਦੇ ਨਾਲ ਨਾਲ ਗੁਰਮਤਿ ਸੰਗੀਤ ਦੀ ਵਿੱਦਿਆ ਵੀ ਹੋਣੀ ਜਰੂਰੀ ਹੈ। ਰੱਬ ਨੇ ਜਾਤ ਪਾਤ ਨਹੀਂ ਬਣਾਈ ਇਹ ਲੋਕਾਂ ਦਾ ਆਪਣਾ ਰਚਿਆ ਹੋਇਆ ਅਡੰਬਰ ਹੈ, ਇਸ ਵਿਤਕਰੇ ਨੂੰ ਨਿਵਿਰਤ ਕਰਨਾ ਸਾਡਾ ਆਪਣਾ ਫ਼ਰਜ ਹੈ, ਸੋ ਮੈਂ ਚਾਹੁੰਦਾ ਹਾਂ ਕਿ ਮੁੱਢਲੀ ਵਿੱਦਿਆ ਸਾਰਿਆਂ ਲਈ ਮੁਫ਼ਤ ਹੋਣੀ ਚਾਹੀਦੀ ਹੈ, ਇਹ ਇਹਨਾਂ ਦਾ ਆਪਣਾ ਹੱਕ ਹੈ ਜੋ ਇਹਨਾਂ ਨੂੰ ਦਿੱਤਾ ਜਾਣਾ ਚਾਹੀਦਾ ਹੈ। ਫਿਰ ਕੀ ਸੀ ਕਿ ਸਾਰਾ ਪੰਡਾਲ ਗੂੰਜ ਉੱਠਿਆ ਅਤੇ ਲੋਕਾਂ ਦੇ ਅੰਦਰ ਇੱਕ ਖੁਸ਼ੀ ਦੀ ਅਜੀਬ ਜਿਹੀ ਲਹਿਰ ਦੌੜ ਗਈ। ਇਹ ਤਾਂ ਪਤਾ ਨਹੀਂ ਕਿ ਕਿਸ ਕਾਰਣ ਬਾਬਾ ਜੀ ਮੁੱਖਾ ਜੀ ਹੋਰਾਂ ਦੀ ਸ਼ਤਰ ਸ਼ਾਇਆ ਹੇਠ ਇਹ ਤਜਵੀਜ ਕਿਉਂ ਸਾਕਾਰ ਨਹੀਂ ਹੋ ਸਕੀ ਅਤੇ ਦੁਗੱਲ ਹੋਰਾਂ ਦੀ ਇਹ ਸੋਚ ਕਿਵੇਂ ਅਧੂਰੀ ਹੀ ਰਹਿ ਗਈ। ਦੁੱਗਲ ਹੋਰਾਂ ਦੀ ਨੇਕ ਨੀਤੀ ਅਤੇ ਲੋਕ ਭਲਾਈ ਹਿੱਤ ਸਾਰੀਆਂ ਯੋਜਨਾਵਾਂ ਮਨੁੱਖੀ ਕਦਰਾਂ ਕੀਮਤਾਂ ਦੇ ਅਹਿਸਾਸ ਦਾ ਪ੍ਰੱਤਖ ਪ੍ਰਮਾਣ ਹੈ। ਕਿਸੇ ਵੀ ਯੋਜਨਾ ਦੀ ਅਸਫਲ਼ਤਾ ਦਾ ਕਾਰਣ ਉਹ ਲੋਕ ਵੀ ਹੋ ਸਕਦੇ ਹਨ ਜਿਹਨਾਂ ਦੇ ਰਾਹੀਂ ਕੋਈ ਚੰਗਾ ਕਾਰਜ਼ ਨਜਿੱਠਿਆ ਜਾਣਾ ਹੁੰਦਾ ਹੈ, ਅਗਰ ਦੋਵੇਂ ਧਿਰਾਂ ਦੀ ਸੁਮੇਲਤਾ ਪਰਪੱਕ ਮੁੱਦੇ ਤੇ ਨਿਰਧਾਰਿਤ ਬਣੀ ਰਹੇ ਤਾਂ ਲੋਕਾਂ ਦਾ ਭਲਾ ਯਕੀਨਨ ਹੋ ਸਕਦਾ ਹੈ। ਦੁਗੱਲ ਹੋਰਾਂ ਦੀ ਇਮਾਨਦਾਰੀ ਅਤੇ ਦ੍ਰਿੜਤਾ ਤੇ ਮੈਨੂੰ ਪੂਰਾ ਫਖਰ ਹੈ ਅਤੇ ਖੇਦ ਹੈ ਕਿ ਇਹਨਾਂ ਦੇ ਬਹੁਤੇ ਸਾਰੇ ਸਹਿਯੋਗੀਆਂ ਨੇ ਸੱਚਾਈ ਉੱਤੇ ਪਹਿਰਾ ਨਹੀਂ ਦਿੱਤਾ ਫਿਰ ਵੀ ਦੁੱਗਲ ਹੋਰੀਂ ਉਹਨਾਂ ਦਾ ਭਲਾ ਹੀ ਮੰਗਿਆ ਕਰਦੇ ਸਨ।

ਇੱਕ ਦਿਨ ਤਿੰਨ ਬੰਦੇ ਮੇਰੀ ਦੁਕਾਨ ਤੇ ਆਏ, ਇਹਨਾਂ ਦੇ ਵਿੱਚੋਂ ਇੱਕ ਦੁੱਗਲ ਸਾਹਿਬ ਨੂੰ ਜਾਣਦਾ ਸੀ ਕਿਉਂਕਿ ਇਹ ਸੱਜਣ ਦੁੱਗਲ ਸਾਹਿਬ ਦੇ ਪਿੰਡ ਜਮਸ਼ੇਰ ਦਾ ਹੀ ਰਹਿਣ ਵਾਲਾ ਸੀ। ਸਰਦਾਰ ਹੋਰੀਂ ਉਹਨਾਂ ਨੂੰ ਪੁੱਛਿਆ ਕਿ ਕਿੱਥੇ ਜਾ ਰਹੇ ਹੋ ਤਾਂ ਉਹਨੀਂ ਕਿਹਾ ਕਿ ਇਹ ਇੱਕ ਸਾਧ ਹੈ ਇਹਨਾਂ ਨੂੰ ਜਮੀਨ ਮਹਾਰਾਜਾ ਰਣਜੀਤ ਸਿੰਘ ਵੱਲੋਂ ਮਿਲੀ ਹੋਈ ਹੈ, ਤਕਰੀਬਨ ਇਹ 10 ਖੇਤ ਹਨ ਅਤੇ ਇਹ ਵੇਚਣ ਲਈ ਆਏ ਸੀ। ਦੁਗੱਲ ਹੋਰੀਂ ਕਿਹਾ ਕਿ ਮੈਨੂੰ ਵੀ ਸਕੂਲ ਵਾਸਤੇ ਜਮੀਨ ਚਾਹੀਦੀ ਹੈ ਜਿੱਥੇ ਮੈਂ ਮੁਫ਼ਤ ਵਿੱਦਿਆ ਦਾ ਕੇਂਦਰ ਖੋਹਲਣਾ ਚਾਹੁੰਦਾ ਹਾਂ। ਮੈਂ ਉਹਨਾਂ ਨੂੰ ਕਿਹਾ ਕਿ ਤੁਸੀਂ ਜਾਓ ਅਸੀਂ ਜਮੀਨ ਨਹੀਂ ਲੈਣੀ, ਦੁੱਗਲ ਹੋਰੀਂ ਕਹਿਣ ਲੱਗੇ ਚੱਗਰ ਤੈਨੂੰ ਮੇਰੇ ਕੋਲ ਰਹਿਦਿੰਆ ਕਿੰਨੇ ਸਾਲ ਬਤੀਤ ਹੋ ਗਏ

ਤੂੰ ਨਹੀਂ ਸਮਝਦਾ, ਮੈਂ ਕਈ ਬਾਰ ਤੈਨੂੰ ਆਪਣੇ ਦਿਲ ਦੀ ਗੱਲ ਦੱਸੀ ਹੈ ਕਿ ਮੁਫ਼ਤ ਵਿੱਦਿਆ ਦੇਣ ਲਈ ਮੈਂ ਇੱਕ ਸਕੂਲ ਅਤੇ ਕਾਲਜ ਖੋਹਲਣਾ ਚਾਹੁੰਦਾ ਹਾਂ ਅਤੇ ਜਿੱਥੇ ਇਹ ਜਗ੍ਹਾ ਦਸੱਦੇ ਹਨ ਉਹ ਮੈਨੂੰ ਜਿਆਦਾ ਸੁਖਾਉਣੀ ਦਿੱਸਦੀ ਹੈ। ਮੈਂ ਕਹਿ ਬੈਠਾ ਅੰਕਲ ਜੀ ਕਾਹਲੀ ਨਾ ਕਰੋ ਆਪਾਂ ਦੇਖ ਲਵਾਂਗੇ, ਇਹ ਮੇਰੇ ਨਾਲ ਗੁੱਸੇ ਹੋ ਕੇ ਉੱਠ ਖੜੇ ਹੋਏ ਅਤੇ ਉਹਨਾਂ ਨੂੰ ਕਹਿਣ ਲੱਗੇ ਚੱਗਰ ਨੂੰ ਕੀ ਪਤਾ ਮੇਰੇ ਮਿਸ਼ਨ ਦਾ ਚਲੋ ਆਉ ਮੇਰੇ ਘਰ ਚੱਲਦੇ ਹਾਂ ਉੱਥੇ ਬੈਠ ਕੇ ਗੱਲ ਕਰਦੇ ਹਾਂ। ਇੱਕ ਘੰਟੇ ਬਾਅਦ ਹੀ ਦੁਗੱਲ ਹੋਰੀਂ ਫਿਰ ਮੇਰੇ ਕੋਲ ਆਏ ਅਤੇ ਕਹਿਣ ਲੱਗੇ ਚੱਗਰ ਮੈਂ ਜਮੀਨ ਲੈ ਲਈ ਹੈ, ਮੈਂ ਕਿਹਾ ਕਿੰਨੇ ਦੀ ਲਈ ਹੈ ਤਾਂ ਕਹਿਣ ਲੱਗੇ ਨੇਕ ਕੰਮ ਲਈ ਕੀਮਤ ਨਹੀਂ ਗਿਣੀ ਮਿੱਥੀ ਜਾਂਦੀ। ਗੁਰੂਘਰ ਲਈ ਐਡਾ ਵੱਡਾ ਉਤਸ਼ਾਹ ਰੱਖਣਾ ਕੋਈ ਕੀ ਅੰਦਾਜਾ ਲਾ ਸਕਦਾ ਹੈ, ਮੈਨੂੰ ਤਾਂ ਕਈ ਬਾਰ ਇਹੋ ਮਹਿਸੂਸ ਹੁੰਦਾ ਰਹਿੰਦਾ ਸੀ ਕਿ ਗੁਰੂ ਸਾਹਿਬ ਦੇ ਵੇਲੇ ਦੀ ਇਹ ਰੂਹ ਇਸ ਮਨੁੱਖੀ ਚੋਲ਼ਾ ਧਾਰਨ ਕਰਕੇ ਲੋਕ ਭਲਾਈ ਹਿੱਤ ਉਸ ਮਿਸ਼ਨ ਨੂੰ ਪੂਰਾ ਕਰਨ ਲਈ ਆਈ ਹੋਈ ਹੈ। ਇੱਕ ਦਿਨ ਕੋਈ ਹੈਡਮਾਸਟਰ ਸਾਹਿਬ ਸਰਦਾਰ ਗੁਰਬਚਨ ਸਿੰਘ ਜਲੰਧਰ ਆਏ ਅਤੇ ਦੁੱਗਲ ਹੋਰਾਂ ਨੂੰ ਕਹਿਣ ਲੱਗੇ ਕਿ ਭਾਈ ਮੈਂ ਭਾਈ ਸੰਗਤ ਸਿੰਘ ਜੀ ਦੇ ਪਿੰਡ ਤੋਂ ਆਇਆ ਹਾਂ ਅਤੇ ਦੁੱਗਲ ਹੋਰਾਂ ਨੂੰ ਕਿਹਾ ਆਉ ਮੇਰੇ ਗਲ਼ੇ ਲੱਗ ਜਾਓ, ਇਹਨੀਂ ਉਹਨਾਂ ਨੂੰ ਘਰ ਲਿਜਾ ਕੇ ਲੰਗਰ ਸ਼ਕਾਇਆ ਅਤੇ ਕਿਹਾ ਮੈਂ ਬਾਬਾ ਸੰਗਤ ਸਿੰਘ ਦੀ ਉੱਥੇ ਯਾਦਗਾਰ ਬਣਾਉਣੀ ਚਾਹੁੰਦਾ ਹਾਂ। ਹੈਡਮਾਸਟਰ ਸਾਹਿਬ ਨੇ ਕਿਹਾ ਤੁਸੀਂ ਉੱਥੇ ਆਓ, ਪਿੰਡ ਕੱਟਾ ਸਬੌਰ ਆਨੰਦਪੁਰ ਸਾਹਿਬ ਦੇ ਕੋਲ ਨੂਰਪੁਰ ਬੇਦੀ ਦੇ ਲਾਗੇ ਹੈ। ਬਾਬਾ ਗੁਰਬਚਨ ਸਿੰਘ ਜੀ ਸਾਈਕਲ ਤੇ ਹੀ ਪਿੱਛੇ ਕਹੀ ਰੱਖ ਕੇ ਉਸ ਇਲਾਕੇ ਦੇ ਗੁਰਦੁਆਰਿਆਂ ਦੇ ਰਸਤਿਆਂ ਨੂੰ ਪੱਧਰਾਂ ਕਰਨ ਦੀ ਸੇਵਾ ਕਰਿਆ ਕਰਦੇ ਸੀ। ਦੁੱਗਲ ਹੋਰੀਂ ਉਹਨਾਂ ਨੂੰ ਇੱਕ ਸਕੂਟਰ ਲੈ ਕੇ ਦਿੱਤਾ ਅਤੇ ਕਿਹਾ ਹੋਰ ਕੋਈ ਇੱਛਾ ਹੋਵੇ ਤਾਂ ਮੈਨੂੰ ਦੱਸੋ, ਕੁੱਝ ਪੇਸੇ ਵੀ ਦਿੱਤੇ ਅਤੇ ਪਿਆਰ ਸਤਿਕਾਰ ਦੇ ਨਾਲ ਉਹਨਾਂ ਨੂੰ ਵਾਪਿਸ ਤੋਰਿਆ ਇਹੋ ਜਿਹਾ ਸੱਦ ਭਾਵਨਾ ਵਾਲ਼ਾ ਕਰਿਸ਼ਮਾ ਵੀ ਦੇਖਣ ਦੇ ਯੋਗ ਸੀ। ਬਾਬਾ ਗੁਰਬਚਨ ਸਿੰਘ ਹੋਰਾਂ ਦੇ ਨਾਲ ਇਹਨਾਂ ਦੀ ਬਹੁਤ ਸਾਂਝ ਬਣੀ ਰਹੀ ਹੈ ਕਿਉਂਕਿ ਬਾਬਾ ਜੀ ਨੂਰਪੁਰ ਬੇਦੀ ਦੇ ਨਜਦੀਕ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ ਵਿੱਚ ਲੀਨ ਰਹਿੰਦੇ ਸਨ ਅਤੇ ਦੁਗੱਲ ਸਾਹਿਬ ਇਹਨਾਂ ਨੂੰ ਪੇਸੇ ਦੇਣ ਜਾਇਆ ਕਰਦੇ ਸਨ, ਜਦੋਂ ਤੋਂ ਇਹਨਾਂ ਦੀ ਸੇਹਤ ਕਿਤੇ ਆਉਣ ਜਾਣ ਦੇ ਯੋਗ ਨਾ ਰਹੀ ਤਾਂ ਇਹਨੀਂ ਪੈਸੇ ਅੰਟੀ ਹੋਰਾਂ ਨੂੰ ਦੇ ਕੇ ਭੇਜਣਾ ਜਿਹਨਾਂ ਦੀ ਖੁਦ ਆਪਣੀ ਸੇਹਤ ਵਿਰਦ ਅਵਸਥਾ ਵਿੱਚ ਹੋਣ ਕਾਰਣ ਬਹੁਤੀ ਚੰਗੀ ਨਹੀਂ ਸੀ। ਇਸ ਮੁਲਾਕਾਤ ਤੋਂ ਉਪਰੰਤ ਇਹਨੀਂ ਆਪਣੇ ਘਰ ਮੀਟਿੰਗਾਂ ਕਰਨੀਆ ਸ਼ੁਰੂ ਕੀਤੀਆਂ, ਅੱਜ ਦੁੱਗਲ ਹੋਰਾਂ ਦੀ ਘਾਲਣਾ ਸਦਕੇ ਪਿੰਡ ਕੱਟਾ ਸਬੌਰ ਵਿੱਚ ਬਾਬਾ

ਸੰਗਤ ਸਿੰਘ ਦੀ ਯਾਦਗਾਰੀ ਇਮਾਰਤ ਇੱਕ ਉੱਚਾ ਅਤੇ ਮਹਾਨ ਇਤਿਹਾਸਕ ਗੁਰਦੁਆਰਾ ਸਸ਼ੋਭਿਤ ਹੈ।

ਸੰਨ 1992 ਵਿੱਚ ਦਾਦਾ ਨਗਰ ਦੇ ਪਤਵੰਤੇ ਸੱਜਣ ਇੱਕਠੇ ਹੋਏ ਅਤੇ ਦੁਗੱਲ ਸਾਹਿਬ ਨੂੰ ਮਿਲਣ ਆਏ, ਉਹਨੀਂ ਕਿਹਾ ਕਿ ਆਪਣੇ ਘਰਾਂ ਦੇ ਅੱਗੇ ਵਾਰਿਸ਼ ਕਾਰਣ ਪਾਣੀ ਇੱਕਠਾ ਹੋ ਜਾਂਦਾ ਹੈ ਅਤੇ ਕਈ ਕਈ ਦਿਨ ਗੰਦ ਇਸੇ ਤਰਾਂ ਪਿਆ ਰਹਿੰਦਾ ਹੈ, ਇਸਦਾ ਕੋਈ ਪਰਬੰਧ ਕਰਨਾ ਚਾਹੀਦਾ ਹੈ। ਦੁੱਗਲ ਹੋਰੀਂ ਮਲ-ਵਿਵਸਥਾ ਦੇ ਨਿਕਾਸ ਮਹਿਕਮੇ ਜਲੰਧਰ ਕਾਰਪੋਰੇਸ਼ਨ ਨੂੰ ਦਰਖਾਸਤ ਦਿੱਤੀ ਅਤੇ ਕੁੱਝ ਸਮੇਂ ਬਾਦ ਨਾਲੀਆਂ ਕੱਢਣ ਦਾ ਸਿਲਸਲਾ ਸ਼ੁਰੂ ਹੋਣ ਲੱਗਾ, ਦੁੱਗਲ ਸਾਹਿਬ ਨੇ ਠੇਕੇਦਾਰ ਠਾਕਰ ਸਾਹਿਬ ਦੀ ਹਾਜ਼ਰੀ ਵਿੱਚ ਟੱਕ ਲਾਉਂਦੇ ਹੋਏ ਆਪਣੇ ਕੋਲੋਂ 50,000 ਰੁਪਏ ਵੀ ਦਿੱਤੇ, ਮਹੱਲੇ ਵਾਲਿਆਂ ਨੇ ਇਹਨਾਂ ਦਾ ਧੰਨਵਾਦ ਕੀਤਾ ਅਤੇ ਸਾਰੇ ਕਹਿਣ ਲੱਗੇ ਕਿ ਦੁਗੱਲ ਸਾਹਿਬ ਇਹ ਤੁਸੀਂ ਬਹੁਤ ਵੱਡਾ ਪਰਉਕਾਰ ਕੀਤਾ ਹੈ, ਪਰ ਇਹਨੀਂ ਕਿਹਾ ਇਹ ਉਸ ਦਾਤੇ ਦੀ ਆਪਣੀ ਮੇਹਰ ਹੈ ਉਸੇ ਦੀ ਕ੍ਰਿਪਾ ਦੇ ਨਾਲ ਇਹ ਪਰਬੰਧ ਸਾਕਾਰ ਹੋਇਆ ਹੈ, ਸੋ ਸ਼ੁਕਰਾਨਾ ਵੀ ਸਾਨੂੰ ਉਸੇ ਦਾ ਕਰਨਾ ਚਾਹੀਦਾ ਹੈ।

ਸੰਨ 1997/98 ਦੀ ਇਹ ਗੱਲ ਹੈ ਕਿ ਇੱਕ ਬਾਰ ਇਹਨਾਂ ਦਾ ਪੈਰ ਬਲ਼ਦੇ ਕੋਲ਼ੇ ਵਾਲੇ ਲੋਹਾਂਡੇ ਦੇ ਵਿੱਚ ਰੱਖਿਆ ਗਿਆ ਅਸੀਂ ਇਹਨਾਂ ਦਾ ਪੈਰ ਬਾਹਿਰ ਕੱਢਿਆ, ਪੈਰਾਂ ਤੇ ਕੋਈ ਛਾਲਾ ਨਹੀ ਸੀ ਨਾ ਹੀ ਅੱਗ ਦੇ ਸੇਕ ਦਾ ਕੋਈ ਕਿਤੇ ਨਿਸ਼ਾਨ ਦਿੱਸਦਾ ਸੀ ਪਰ ਇਹ ਗੁੰਮ ਸੁੰਮ ਹੋਏ ਬੈਠੇ ਸਨ ਅਸੀਂ ਇਹਨਾਂ ਨੂੰ ਪੁੱਛਿਆ ਕਿ ਇਹ ਕਿਵੇਂ ਹੋ ਗਿਆ ਉਸੇ ਵੇਲੇ ਇਹ ਮੰਜੇ ਤੇ ਡਿੱਗ ਪਏ। ਅਸੀਂ ਇਹਨਾਂ ਨੂੰ ਬੇਹੋਸ਼ੀ ਦੀ ਹਾਲਤ ਦੇ ਵਿੱਚ ਪਟੇਲ ਹਸਪਤਾਲ ਲੈ ਗਏ ਅਤੇ ਡਾਕਟਰਾਂ ਨੂੰ ਦਿਖਾਇਆ। ਡਾਕਟਰਾਂ ਨੇ ਇਹਨਾਂ ਦੀ ਚੰਗੀ ਤਰਾਂ ਜਾਂਚ ਕੀਤੀ ਅਤੇ ਸਾਨੂੰ ਕਹਿ ਦਿੱਤਾ ਕਿ ਇਹ ਖਤਮ ਹੋ ਗਏ ਹਨ, ਮੈਂ ਬਹੁਤ ਘਬਰਾ ਗਿਆ ਅਤੇ ਬਾਹਰ ਜਾ ਕੇ ਘਰਦਿਆਂ ਨੂੰ ਟੈਲੀਫੋਨ ਕੀਤਾ ਜਦੋਂ ਵਾਪਿਸ ਆਇਆ ਤਾਂ ਦੁੱਗਲ ਸਾਹਿਬ ਬੈਠੇ ਸਨ ਅਤੇ ਕਹਿਣ ਲੱਗੇ ਚਲੋ ਘਰ ਨੂੰ ਚੱਲੀਏ ਮੈਂ ਠੀਕ ਠਾਕ ਹਾਂ। ਡਾਕਟਰ ਵੀ ਹੈਰਾਨ ਹੋ ਗਏ ਕਹਿੰਦੇ ਇਹਨਾਂ ਨੂੰ ਕੋਈ ਬਿਮਾਰੀ ਨਹੀਂ ਹੈ, ਇਹਨਾਂ ਨੂੰ ਘਰ ਲੈ ਜਾਉ। ਮੈਂ ਇਹਨਾਂ ਨੂੰ ਪੁੱਛਿਆ ਕਿ ਅੰਕਲ ਜੀ ਤੁਹਾਨੂੰ ਕੀ ਹੋਇਆ ਸੀ, ਕਹਿਣ ਲੱਗੇ ਲੋਕ ਭਲਾਈ ਦੇ ਕਈ ਕੰਮ ਕਰਨ ਵਾਲੇ ਹਾਲੇ ਰਹਿੰਦੇ ਹਨ, ਸੋ ਮੇਰੀ ਇੱਥੇ ਲੋੜ ਹੈ। ਇਹਨਾਂ ਦਾ ਰੱਬ ਤੇ ਕਿਹੋ ਜਿਹਾ ਭਰੋਸਾ ਅਤੇ ਸਿਦਕ ਸੀ ਅਸੀਂ ਸੋਚ ਕੇ ਹੈਰਾਨ ਹੋ ਜਾਇਆ ਕਰਦੇ ਸੀ। ਇਹਨਾਂ ਦੇ ਨਾਲ ਕਈ ਹਾਦਸੇ ਅਜਿਹੇ ਹੋਏ ਹਨ ਜਿਹਨਾਂ ਨੂੰ ਦੇਖ ਕੇ ਅਸੀਂ ਸਾਰੇ ਭੈਭੀਤ ਹੋ ਜਾਇਆ ਕਰਦੇ ਸੀ ਪਰ

ਇਹਨੀਂ ਟਸ ਤੋਂ ਮਸ ਨਾ ਹੋਣਾ, ਜਿਵੇਂ ਇਹਨਾਂ ਦੀ ਸੁਰਤ ਪਤਾ ਨਹੀਂ ਕਿੱਥੇ ਜਾ ਟਿਕਦੀ ਹੁੰਦੀ ਸੀ। ਡਾਕਟਰ ਹਰਭਜਨ ਸਿੰਘ ਹੋਰਾਂ ਦੇ ਨਾਲ ਇਹਨਾਂ ਦਾ ਬਹੁਤ ਪਿਆਰ ਹੁੰਦਾ ਸੀ ਉਹ ਵੀ ਰੱਬੀ-ਰੂਹ ਮਸਤੀ ਦੇ ਵਿੱਚ ਲੀਨ ਰਿਹਾ ਕਰਦੇ ਸੀ ਉਹਨਾਂ ਦਾ ਹੀ ਕਹਿਣਾ ਹੁੰਦਾ ਸੀ ਕਿ ਕ੍ਰਿਪਾਲ ਸਿੰਘ ਬਹੁਤ ਉੱਚੀ ਹਸਤੀ ਹੈ। ਮੈਨੂੰ ਤਾਂ ਇਹੋ ਪ੍ਰਤੀਤ ਹੁੰਦਾ ਸੀ ਕਿ ਇਹ ਦੋਵੇਂ ਰੂਹਾਂ ਬਹੁਤ ਪਵਿੱਤਰ ਹਨ ਅਤੇ ਲੋਕ ਭਲਾਈ ਕਰਦੇ ਰਹਿਣਾ ਹੀ ਇਹਨਾਂ ਦਾ ਮਨੋਰਥ ਬਣਿਆ ਰਿਹਾ ਹੈ।

ਇੱਕ ਹੋਰ ਗੱਲ ਮੈਂ ਆਪ ਸਾਰਿਆਂ ਦੇ ਨਾਲ ਸਾਂਝੀ ਕਰਨੀ ਚਾਹਾਂਗਾ ਕਿ ਸਾਡੇ ਘਰ 16 ਸਾਲਾਂ ਤੋਂ ਕੋਈ ਔਲਾਦ ਨਹੀਂ ਸੀ ਹੋਈ, ਅਸੀਂ ਪਤੀ ਪਤਨੀ ਇਲਾਜ਼ ਲਈ ਕਈ ਡਾਕਟਰਾਂ ਦੇ ਕੋਲ ਜਾ ਚੁੱਕੇ ਸੀ ਪਰ ਹਰ ਪੱਖ ਤੋਂ ਸਾਨੂੰ ਨਿਰਾਸ਼ਾ ਹੀ ਹੁੰਦੀ ਰਹੀ ਸੀ। ਇੱਕ ਦਿਨ ਮੈਂ ਦੁੱਗਲ ਹੋਰਾਂ ਦੇ ਨਾਲ ਇਸੇ ਵਿਸ਼ੇ ਤੇ ਗੱਲ ਕੀਤੀ, ਕੁੱਝ ਦੇਰ ਇਹ ਚੁੱਪ ਰਹੇ ਫਿਰ ਕਹਿਣ ਲੱਗੇ ਕਿ ਚੱਗਰ ਤੇਰੇ ਘਰ ਬੱਚੇ ਦਾ ਜਨਮ ਜਰੂਰ ਹੋਵੇਗਾ, ਮੈਂ ਕਿਹਾ ਡਾਕਟਰਾਂ ਨੇ ਤਾਂ ਸਾਨੂੰ ਜਵਾਬ ਦੇ ਦਿੱਤਾ ਹੈ ਇਹਨੀਂ ਕਿਹਾ ਇਹ ਡਾਕਟਰਾਂ ਦੇ ਵੱਸ ਦੀ ਗੱਲ ਨਹੀਂ ਹੈ ਰੱਬ ਦਾ ਨਾਮ ਲਿਆ ਕਰੋ ਉਹੋ ਭਲੀ ਕਰੇਗਾ। 16 ਸਾਲਾਂ ਤੋਂ ਬਾਦ ਸਾਡੇ ਘਰ ਸੰਨ 1999 ਦੇ ਵਿੱਚ ਕਾਕੇ ਨੇ ਜਨਮ ਲਿਆ ਜਿਸਦੇ ਪਹਿਲੇ ਵਰ੍ਹੇ-ਗੰਢ ਤੇ ਦੁਗੱਲ ਹੋਰੀਂ ਆਪ ਹਾਜ਼ਿਰ ਸਨ। ਜਦੋਂ ਮੈਂ ਪਿਛੋਕੜ ਵੱਲ ਝਾਤ ਮਾਰਦਾ ਹਾਂ ਅਤੇ ਦੁੱਗਲ ਸਾਹਿਬ ਨਾਲ ਹੋਈਆਂ ਮੁਲਾਕਾਤਾਂ ਨੂੰ ਗੌਰ ਨਾਲ ਵਿਚਾਰਦਾ ਹਾਂ ਤਾਂ ਸਾਖਿਆਤ ਰੂਪ ਵਿੱਚ ਦੁੱਗਲ ਹੋਰੀਂ ਮੈਨੂੰ ਪਰਮਾਰਥਿਕ ਪੈਂਡੇ ਦੇ ਰਾਹੀ ਦਿੱਸਦੇ ਸਨ ਜਿਹਨਾਂ ਪਾਸ ਰੱਬੀ ਗੁਣਾ ਦਾ ਬੇਹੱਦ ਭੰਡਾਰ ਸੀ। ਉਹਨੀਂ ਮੇਰੀ ਆਪਣੀ ਜਿੰਦਗੀ ਦੀ ਨੁਹਾਰ ਸਹੀ ਲੀਹਾਂ ਤੇ ਮੋੜ ਦਿੱਤੀ ਮੈਂ ਉਹਨਾਂ ਦਾ ਹਮੇਸ਼ਾਂ ਰਿਣੀ ਰਹਾਂਗਾ ਅਤੇ ਉਹਨਾਂ ਦੀ ਵਿੱਛੜੀ ਰੂਹ ਨੂੰ ਬਾਰ ਬਾਰ ਪ੍ਰਣਾਮ ਕਰਦਾ ਹਾਂ।

**ਨਿਰੰਕਾਰ ਸਿੰਘ ਚੱਗਰ**

ਜਲੰਧਰ

# ਸਰਦਾਰ ਮਨਮੋਹਨ ਸਿੰਘ ਦਾ ਬਾਬਾ ਸੰਗਤ ਸਿੰਘ ਯਾਦਗਾਰੀ ਟਰੱਸਟ ਜਲੰਧਰ ਪ੍ਰਤੀ ਯੋਗਦਾਨ

ਪਿਤਾ ਜੀ ਹੋਰਾਂ ਦੇ ਅਕਾਲ ਚਲਾਣੇ ਤੋਂ ਉਪਰੰਤ ਸਾਡਾ ਸਮੂਹ ਪਰਿਵਾਰ ਇੰਗਲੈਂਡ ਤੋਂ ਮਾਰਚ 2007 ਨੂੰ ਜਲੰਧਰ ਗਿਆ ਹੋਇਆ ਸੀ। ਭਾਵੇਂ ਪਿਤਾ ਜੀ ਦੇ ਨਮਿੱਤ ਆਪਣੇ ਘਰ ਸਹਿਜ ਪਾਠ ਆਰੰਭ ਕਰਕੇ ਇਸਦੇ ਭੋਗ ਚੈਪਲ ਟਾਊਨ ਲੀਡਜ਼ ਗੁਰਦੁਆਰਾ ਸਾਹਿਬ ਵਿਖੇ ਸੰਪੰਨ ਹੋਏ ਸਨ, ਪਰ ਜਲੰਧਰ ਜਿਸ ਘਰ ਦੇ ਵਿੱਚ ਰਹਿਕੇ ਇਹਨੀਂ ਕੌਮ ਦੀ ਉਸਾਰੀ ਲਈ ਉਚੇਚਾ ਯੋਗਦਾਨ ਪਾਇਆ ਹੋਵੇ ਘਰ ਦੇ ਜੀਅ ਚਾਹੁੰਦੇ ਸਨ ਕਿ ਫਿਰ ਵੀ ਜਲੰਧਰ ਜਾ ਕੇ ਉਹਨਾਂ ਦੇ ਨਮਿੱਤ ਆਪਣੇ ਘਰ ਸਹਿਜ ਪਾਠ ਆਰੰਭ ਕਰਨੇ ਚਾਹੀਦੇ ਹਨ ਸੋ ਇਸੇ ਪ੍ਰਥਾਏ ਘਰ ਸਹਿਜ ਪਾਠ ਆਰੰਭ ਕੀਤੇ ਗਏ ਅਤੇ ਪਹਿਲੀ ਅਪ੍ਰੈਲ 2007 ਨੂੰ ਜਲੰਧਰ ਸ਼ਹਿਰ ਮਾਡਲ ਟਾਊਨ ਗੁਰਦੁਆਰਾ ਸਾਹਿਬ ਵਿਖੇ ਸਹਿਜਪਾਠ ਦੇ ਭੋਗ ਪਾਏ।

ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸਰਦਾਰ ਗੁਰਸ਼ੇਰ ਸਿੰਘ ਹੋਰਾਂ ਦਾ ਮੈਂ ਰਿਣੀ ਹਾਂ ਜਿਹਨੀਂ ਮੇਰੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਉਸ ਦਿਨ ਸਟੇਜ਼ ਦੀ ਕਾਰਵਾਈ ਨਿਭਾਉਣ ਲਈ ਮੈਨੂੰ ਇਜਾਜ਼ਤ ਦਿੱਤੀ ਸੀ, ਇਸਦਾ ਕਾਰਣ ਇਹ ਸੀ ਕਿ ਉਸ ਮੌਕੇ ਤੇ ਕੁੱਝ ਅੰਗ੍ਰੇਜ਼ ਲੋਕਾਂ ਦੀ ਇੰਗਲੈਂਡ ਤੋਂ ਇੱਥੇ ਹਾਜ਼ਿਰ ਹੋਣ ਦੀ ਸੰਭਾਵਨਾ ਸੀ ਅਤੇ ਪਰੋਗਰਾਮ ਅ੍ਰਗੇਜ਼ੀ ਜਬਾਨ ਦੇ ਵਿੱਚ ਦਿੱਤਾ ਜਾਣਾ ਸੀ। ਇਸ ਦਿਨ ਬਾਬਾ ਸੰਗਤ ਸਿੰਘ ਯਾਦਗਾਰੀ ਟਰੱਸਟ ਜਲੰਧਰ ਦੇ ਟਰੱਸਟੀ ਸਾਹਿਬਾਨ ਅਤੇ ਕਾਰਗੁਜ਼ਾਰੀ ਕਮੇਟੀ ਦੇ ਮੈਂਬਰ ਹਾਜ਼ਿਰ ਸਨ।

ਪਿਤਾ ਜੀ ਦੇ ਪਿਆਰ ਸਤਿਕਾਰ ਵਜੋਂ ਸਾਡੇ ਰਿਸ਼ਤੇਦਾਰ, ਮਿੱਤਰ, ਅਤੇ ਅਨੇਕਾਂ ਜਾਣੂ-ਪਛਾਣੂ ਲੋਕ ਭੋਗ ਸਮੇਂ ਪੁਹੰਚੇ ਹੋਏ ਸਨ। ਉਸ ਸਮੇਂ ਪਰੋਗਰਾਮ ਦੇ ਦੌਰਾਨ ਇਹ ਗੱਲ ਗੁਰੂ ਦੀ ਹਜ਼ੂਰੀ ਵਿੱਚ ਪ੍ਰਵਾਨ ਹੋਈ ਕਿ ਪਿਤਾ ਜੀ ਦੇ ਜੀਵਨ ਦੀਆਂ ਪ੍ਰਾਪਤੀਆਂ ਬਾਰੇ ਪੁਸਤਕ ਲਿਖਣੀ ਚਾਹੀਦੀ ਹੈ। ਉਸੇ ਵਕਤ ਕਰਤਾਰਪੁਰ ਨਿਵਾਸੀ ਸਰਦਾਰ ਮਨਮੋਹਨ ਸਿੰਘ ਹੋਰੀਂ ਪਹਿਲ ਕਰਦਿਆਂ ਟਰਸਟ ਦੇ ਨਾਮ ਤੇ 21,000 ਰੁਪਏ ਦਾ ਚੈਕ ਦੇ ਕੇ ਇਸ ਪੁਸਤਕ ਦੀ ਸ਼ੁਰੂਆਤ ਲਈ ਉਤਸ਼ਾਹਤ ਕੀਤਾ ਸੀ। ਇਹਨਾਂ ਦਾ ਪਿਤਾ ਜੀ ਹੋਰਾਂ ਦੇ ਨਾਲ ਬਹੁਤ ਪਿਆਰ ਹੁੰਦਾ ਸੀ ਅਤੇ ਇਹ ਜਾਣਦੇ ਸਨ ਕਿ ਮੇਰੇ ਪਿਤਾ ਜੀ ਹੋਰਾਂ ਦੀ ਸਿੱਖ ਕੌਮ ਲਈ ਕਿੱਡੀ ਵੱਡੀ ਦੇਣ ਸੀ ਸੋ ਇਸੇ ਆਸ਼ੇ ਨੂੰ ਮੁੱਖ ਰੱਖਦਿਆਂ ਇਹਨੀਂ ਪੁਸਤਕ ਲਿਖਣ ਦੀ ਤਜਵੀਜ ਨੂੰ

ਸਲਾਹਿਆ ਸੀ। ਬਾਬਾ ਸੰਗਤ ਸਿੰਘ ਟਰੱਸਟ ਦੇ ਜਨਰਲ ਸਕੱਤਰ ਹੋਰੀਂ ਪੁਸਤੱਕ ਲਿਖਣ ਦਾ ਵਾਇਦਾ ਵੀ ਕੀਤਾ ਸੀ, ਪਰ ਖੇਦ ਹੈ ਕਿ ਸਾਲਾਂ ਬੱਧੀ ਕਿਸੇ ਵਜ਼ਾ ਉਹ ਇਸ ਕਾਰਜ਼ ਨੂੰ ਆਰੰਭ ਨਹੀਂ ਕਰ ਸਕੇ।

ਪਿਛਲੇਰੇ ਹਫਤੇ ਹੀ ਮੇਰੇ ਕੰਨੀ ਬਹੁਤ ਦਰਦਨਾਕ ਖਬਰ ਪਹੁੰਚੀ ਹੈ ਕਿ ਸਰਦਾਰ ਮਨਮੋਹਨ ਸਿੰਘ ਜੀ ਕੁੱਝ ਦਿਨ ਪਹਿਲਾਂ ਇੱਕ ਭਿਆਨਕ ਸੜਕ ਹਾਦਸੇ ਵਿੱਚ ਸਾਨੂੰ ਸਾਰਿਆਂ ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਮੇਰੇ ਮਨ ਤੇ ਇਸ ਖਬਰ ਨੇ ਗਹਿਰੀ ਸੱਟ ਮਾਰੀ ਹੈ, ਉਹਨਾਂ ਦੇ ਪਰਿਵਾਰ ਦੇ ਕਈ ਜੀਅ ਕੁੱਝ ਸਾਲਾਂ ਦੇ ਵਿੱਚ ਇਸੇ ਤਰਾਂ ਦੇ ਹਾਦਸਿਆਂ ਦੇ ਸ਼ਿਕਾਰ ਹੋ ਚੁੱਕੇ ਹਨ, ਖਾਸਕਰ ਉਹਨਾਂ ਦਾ ਆਪਣਾ ਵੱਡਾ ਸਪੁੱਤਰ ਬਹੁਤ ਬੀਬਾ ਅਤੇ ਇੱਕ ਦਾਰਸ਼ਨਿਕ ਲੜਕਾ ਸੀ ਜੋ ਉਹ ਵੀ ਸੜਕ ਹਾਦਸੇ ਵਿੱਚ ਅੱਠ ਨੌਂ ਜੀਆਂ ਦੇ ਨਾਲ ਮਾਰਿਆ ਗਿਆ ਸੀ।

ਇਹ ਪਰਿਵਾਰ ਬਾਬਾ ਸੰਗਤ ਸਿੰਘ ਯਾਦਗਾਰੀ ਟਰੱਸਟ ਦੇ ਨਾਲ ਜੁੜਿਆ ਹੋਇਆ ਹੈ ਅਤੇ ਟਰੱਸਟ ਪ੍ਰਤੀ ਇਹਨਾਂ ਦੀਆਂ ਸੇਵਾਵਾਂ ਤਨ ਮਨ ਅਤੇ ਧੰਨ ਕਰਕੇ ਸ਼ਲਾਘਾਯੋਗ ਪ੍ਰਮਾਣਿਤ ਹਨ। ਪਿਤਾ ਜੀ ਦੀ ਜੀਵਨੀ ਤੇ ਜੋ ਪੁਸਤਕ 5/6 ਸਾਲ ਪਹਿਲਾਂ ਛਪ ਜਾਣੀ ਚਾਹੀਦੀ ਸੀ ਅਜਿਹਾ ਹੋ ਨਹੀਂ ਸਕਿਆ ਸ਼ਾਇਦ ਇਸੇ ਵਿੱਚ ਕੋਈ ਰੱਬੀ ਭੇਦ ਹੋਵੇ। ਸਰਦਾਰ ਮਨਮੋਹਨ ਸਿੰਘ ਦੀ ਖੁਆਇਸ਼ ਨੂੰ ਪੂਰਾ ਕਰਨ ਲਈ ਉਹਨਾਂ ਦੀ ਮੌਤ ਤੋਂ ਉਪਰੰਤ ਮੈਂ ਇਹ ਪੁਸਤਕ ਲਿਖਣੀ ਆਰੰਭ ਕੀਤੀ ਹੈ ਵਾਹਿਗੁਰੂ ਦਾ ਹੀ ਓਟ ਆਸਰਾ ਲੋਚਦਾ ਹਾਂ, ਖੇਦ ਜਰੂਰ ਹੈ ਕਿ ਇਹ ਪੁਸਤਕ ਮਨਮੋਹਨ ਸਿੰਘ ਦੇ ਜੀਵਨ ਕਾਲ ਵਿੱਚ ਕਿਉਂ ਨਹੀਂ ਛਪ ਸਕੀ।

ਅੰਤ ਵਿੱਚ ਇਸ ਦੁਖਾਂਤ ਸਮੇਂ ਮੈਂ ਸਰਦਾਰ ਮਨਮੋਹਨ ਸਿੰਘ ਹੋਰਾਂ ਦੇ ਪਰਿਵਾਰ ਦੇ ਨਾਲ ਉਹਨਾਂ ਦੇ ਦੁੱਖ ਵਿੱਚ ਸ਼ਰੀਕ ਹੁੰਦਾ ਹੋਇਆ ਦਿਲੀ ਅਫਸੋਸ ਦਾ ਇਜ਼ਹਾਰ ਕਰਦਾ ਹਾਂ ਅਤੇ ਵਾਹਿਗੁਰੂ ਅੱਗੇ ਅਰਦਾਸ ਹੈ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਅਤੇ ਪਰਿਵਾਰ ਨੂੰ ਦਾਤੇ ਦੀ ਰਜ਼ਾ ਵਿੱਚ ਰਹਿਣ ਲਈ ਬਲ਼ ਬਖਸ਼ੇ।

ਸਿੱਖ ਪੰਥ ਦਾ ਦਾਸ

**ਤ੍ਰਿਲੋਚਨ ਸਿੰਘ**

# ਧੰਨਵਾਦ

ਪਿਤਾ ਜੀ ਨੂੰ ਸੰਘਰਸ਼ਮਈ ਜੀਵਨ ਵਿੱਚੋਂ ਦੀ ਲੰਘਦਿਆਂ ਰੱਬੀ ਰਜ਼ਾ ਦੀ ਪਾਲਣਾ ਕਰਦਿਆਂ ਜੋ ਉਹਨਾਂ ਤੇ ਰਹਿਮਤਾਂ ਹੋਈਆਂ ਅਤੇ ਜਿਸਦੀ ਬਦੌਲਤ ਲੋਕ ਭਲਾਈ ਹਿੱਤ ਜੋ ਉਹਨੀ ਪ੍ਰਾਪਤੀਆਂ ਕੀਤੀਆਂ ਉਸ ਰਹੱਸਮਈ ਆਕਾਰ ਨੂੰ ਪ੍ਰਕਾਸ਼ਿਤ ਕਰਨ ਲਈ ਸਮੇਂ ਸਮੇਂ ਉਹਨਾਂ ਦੇ ਮਿਤੱਰਾਂ ਵੱਲੋਂ ਮੈਨੂੰ ਹੁਕਮ ਹੁੰਦਾ ਰਿਹਾ ਪਰ ਮੇਰੀ ਆਪਣੀ ਬੁੱਧੀ ਇਸ ਕਾਰਜ ਨੂੰ ਨੇਪਰੇ ਚਾੜ੍ਹਣ ਤੋਂ ਅਸਮਰਥ ਜਾਪਦੀ ਸੀ। ਪਿਤਾ ਜੀ ਹੋਰਾਂ ਦੇ ਅਨਮੋਲ ਬਚਨਾਂ ਨੂੰ ਹੀ ਯਾਦ ਕਰਦਿਆਂ ਕਿ ਜਿੱਥੇ ਮਨ ਦੀ ਦ੍ਰਿੜਤਾ ਬਰਕਰਾਰ ਹੋਵੇ ਵਾਹਿਗੁਰੂ ਆਪੇ ਆਪਣੀ ਮੇਹਰ ਬਖਸ਼ਦਾ ਹੈ ਸੋ ਇਸੇ ਆਸ ਦੇ ਨਾਲ ਮੈਂ ਆਪਣੇ ਵੱਲੋਂ ਇਹ ਨਿਮਾਣਾ ਜਿਹਾ ਯਤਨ ਕੀਤਾ ਹੈ ਕਿ ਉਹਨਾਂ ਦੇ ਜੀਵਨ ਦੀਆਂ ਕੁੱਝ ਪ੍ਰਾਪਤੀਆਂ ਦਾ ਖੁਲਾਸਾ ਕਰ ਸਕਾਂ। ਪਿਤਾ ਜੀ ਦੇ ਛਿਆਸੀ ਸਾਲਾਂ ਦੇ ਪੈਂਡੇ ਨੂੰ ਕਲਮਬੰਦ ਕਰਨਾ ਕੋਈ ਸੌਖੀ ਗੱਲ ਨਹੀਂ ਹੈ ਮੁਮਕਿਨ ਹੈ ਕਿ ਬਹੁਤ ਸਾਰੀਆਂ ਗੱਲਾਂ ਤੋਂ ਉਹਨਾਂ ਦੇ ਸਾਥੀ ਭਾਵੇਂ ਜਾਣੂ ਹੋਣਗੇ ਜਾਂ ਉਹ ਖੁਦ ਜਾਣਦੇ ਸਨ ਪਰ ਪੁੱਤਰ ਲਈ ਆਪਣੇ ਪਿਤਾ ਬਾਰੇ ਲਿਖਣਾ ਸ਼ਾਇਦ ਬਹੁਤ ਅਸੰਭਵ ਜਿਹੀ ਗੱਲ ਹੁੰਦੀ ਹੈ। ਜਿਵੇਂ ਹੀ ਉਹਨਾਂ ਬਾਰੇ ਲਿਖਣਾ ਆਰੰਭ ਕੀਤਾ ਉਹਨਾਂ ਦੇ ਮਿੱਤਰਾਂ ਅਤੇ ਖਾਸ ਕਰਕੇ ਮੇਰੀ ਮਾਤਾ ਜੀ ਵੱਲੋਂ ਮੈਨੂੰ ਬਹੁਤ ਸਹਿਯੋਗ ਪ੍ਰਾਪਤ ਹੋਇਆ ਅਤੇ ਇਸੇ ਫ਼ਲਸਰੂਪ ਅੱਜ ਇਹ ਪੁਸਤਕ ਆਪ ਜੀ ਦੇ ਹੱਥਾਂ ਵਿੱਚ ਉਪਲਭਦ ਹੋਣ ਦਾ ਉਪਰਾਲਾ ਸਿੱਧ ਹੋਇਆ ਹੈ। ਮੈਂ ਸਮਝਦਾ ਹਾਂ ਕਿ ਕਿਸੇ ਵੀ ਵਿਸ਼ੇ ਤੇ ਲਿਖਣ ਲਈ ਲੋੜਿੰਦੀ ਸਮਗਰੀ ਜਰੂਰੀ ਹੁੰਦੀ ਹੈ ਬਿਨਾ ਖੋਜ਼ ਕੀਤਿਆਂ ਜਾਂ ਸਹਿਯੋਗੀ ਲੋਕਾਂ ਦੇ ਸੰਪਰਕ ਤੋਂ ਬਿਨਾ ਕਿਸੇ ਵੀ ਵਿਅਕਤੀ ਦੀ ਜਿੰਦਗੀ ਬਾਰੇ ਬਹੁਤਾ ਕੁੱਝ ਲਿਖਿਆ ਵੀ ਨਹੀਂ ਜਾ ਸਕਦਾ। ਇਸ ਪੁਸਤਕ ਨੂੰ ਲਿਖਣ ਲਈ ਸੱਭ ਤੋਂ ਪਹਿਲਾਂ ਮੈਂ ਰਿਣੀ ਹਾਂ ਆਪਣੀ ਮਾਤਾ ਜੀ ਦਾ ਜਿਹਨੀ ਮੈਨੂੰ ਸਮੇਂ ਸਮੇਂ ਪਿਤਾ ਜੀ ਦੇ ਜੀਵਨ ਵਿੱਚ ਘਟੀਆਂ ਘਟਨਾਵਾਂ ਵਾਰੇ ਦਰਸਾਇਆ ਹੈ। ਉਪਰੰਤ ਸੰਤ ਲਕਸ਼ਮਨ ਜੀ ਹੋਰਾਂ ਦਾ ਤਹਿ ਦਿਲੁ ਤੋਂ ਸ਼ੁਕਰ ਗੁਜ਼ਾਰ ਹਾਂ ਜਿਹਨੀ ਪਿਤਾ ਜੀ ਦੇ ਬਚਪਣ ਬਾਰੇ ਕਾਫੀ ਕੁੱਝ ਮੈਨੂੰ ਦੱਸਿਆ ਹੈ। ਪਿਤਾ ਜੀ ਦਾ ਬਚਪਣ ਅਤੇ ਸਮੁੱਚਾ ਜੀਵਨ ਸੰਤਾ ਦੇ ਸੰਪਰਕ ਵਿੱਚ ਬਤੀਤ ਹੋਇਆ, ਪੰਜਾਬ ਵਿੱਚੋਂ ਅੱਵਲ ਨੰਬਰ ਤੇ ਗਿਆਨੀ ਪਾਸ ਕਰਨ ਦਾ ਸੇਹਰਾ ਵੀ ਸੰਤ ਜੀ ਹੋਰਾਂ ਦੇ ਸਿਰ ਸਜਦਾ ਹੈ, ਇਹਨੀ ਹੀ ਪਿਤਾ ਜੀ ਨੂੰ ਗਿਆਨੀ ਕਰਨ ਲਈ ਉਕਸਾਇਆ ਸੀ ਫਿਰ ਗੁਰਮਤਿ ਗਿਆਨ ਦੀ ਸੋਝੀ ਦੇਣੀ ਅਤੇ ਪਿਤਾ ਜੀ ਨੇ ਗੁਰਮਤਿ ਦਾ ਪ੍ਰਚਾਰ ਕਰਨਾ, ਕਥਾ ਕਰਿਆ ਕਰਨੀ ਇਹ ਵੀ ਸੰਤਾ ਦੀ ਹੀ ਮਹਾਨ ਦੇਣ ਹੈ। ਨੌਟੀਘੰਮ ਤੋਂ ਮੇਰੇ ਛੋਟੇ ਵੀਰ ਗੁਰਮੇਲ ਸਿੰਘ ਨਿੱਜਰ ਦਾ ਵੀ ਧੰਨਵਾਦ ਕਰਦਾ ਹਾਂ ਜਿਹਨੀਂ ਜਮਸ਼ੇਰ ਪਿੰਡ ਦੀਆਂ

ਕਈ ਗੱਲਾਂ ਮੇਰੇ ਨਾਲ ਸਾਂਝੀਆਂ ਕੀਤੀਆਂ, ਇਹਨਾਂ ਦੇ ਸਹਿਯੋਗ ਕਾਰਣ ਜਮਸ਼ੇਰ ਤੋਂ ਸਾਡੇ ਮਿੱਤਰ ਚੈਨ ਸਿੰਘ ਸ਼ੇਰਗਿਲ ਹੋਰੀਂ ਪਿੰਡ ਦੇ ਪਿਛੋਕੜ ਬਾਰੇ ਬਹੁਤ ਕੁੱਝ ਲਿਖਿਆ ਚਿੱਠਾ ਸਾਨੂੰ ਭੇਜਿਆ ਹੈ। ਲੀਡਜ਼ ਨਿਵਾਸੀ ਸ੍ਰੀ ਸੁਖਦੇਵ ਚੰਦ, ਸ੍ਰ: ਅਜੀਤ ਸਿੰਘ ਸ਼ੇਰਗਿਲ, ਸ੍ਰ: ਰੇਸ਼ਮ ਸਿੰਘ ਗਿੱਲ, ਸ੍ਰ: ਦਲਜੀਤ ਸਿੰਘ ਸੌਂਧ ਅਤੇ ਭਾਗ ਮੱਲ ਹੋਰਾਂ ਦਾ ਵੀ ਧੰਨਵਾਦੀ ਹਾਂ ਜਿਹਨੀਂ ਪਿਤਾ ਜੀ ਬਾਰੇ ਬਹੁਤੀ ਜਾਣਕਾਰੀ ਦਿੱਤੀ ਹੈ। ਪਿਤਾ ਜੀ ਦੇ ਖਾਸ ਮਿੱਤਰ ਪੱਧੀ ਜਗੀਰ ਤੋਂ ਸ੍ਰ: ਰਣਜੀਤ ਸਿੰਘ ਹੇਅਰ ਜੋ ਅੱਜਕਲ੍ਹ ਲੈਮਿੰਗਟਨ ਸਪਾ ਰਹਿੰਦੇ ਹਨ ਉਹਨਾਂ ਦਾ ਉਚੇਚੇ ਤੌਰ ਤੇ ਧੰਨਵਾਦ ਕਰਾਂਗਾ ਜਿਹਨੀ ਬਹੁਤ ਸੁੱਚਜੇ ਢੰਗ ਦੇ ਨਾਲ ਪਿਤਾ ਜੀ ਹੋਰਾਂ ਦੇ ਨਾਲ ਲੀਡਜ਼ ਤੋਂ ਜਲੰਧਰ ਤੱਕ ਦਾ ਕਾਰ ਰਾਹੀਂ ਸੜਕ ਦੇ ਰਸਤੇ ਕੀਤੇ ਸਾਰੇ ਸਫਰ ਨੂੰ ਵਿਸਥਾਰ ਪੂਰਵਕ ਬਿਆਨ ਕੀਤਾ ਹੈ। ਲੰਡਨ ਤੋਂ ਸ੍ਰ: ਅਮਰਜੀਤ ਸਿੰਘ ਮਥਾਰੂ ਪਿੰਡ ਸ਼ੰਕਰ ਤੋਂ ਜਿਹਨਾਂ ਦੇ ਬਜ਼ੁਰਗਾਂ ਦੇ ਨਾਲ ਸਾਡੇ ਪਰਿਵਾਰ ਦੀ ਅਠਾਸੀ ਸਾਲਾ ਸਾਂਝ ਅਜੱਤਕ੍ਹ ਬਣੀ ਰਹੀ ਹੈ ਉਹਨੀਂ ਪਿਤਾ ਜੀ ਹੋਰਾਂ ਦੇ ਨਾਲ ਬਿਤਾਏ ਸਮੇਂ ਦਾ ਜ਼ਿਕਰ ਕੀਤਾ ਹੈ ਉਹਨਾਂ ਦਾ ਦਿਲ੍ਹੀ ਤੌਰ ਤੇ ਮੈਂ ਬਹੁਤ ਮਸ਼ਕੂਰ ਹਾਂ। ਚੰਡੀਗੜ ਤੋਂ ਸ੍ਰ: ਤਰਲੋਕ ਸਿੰਘ ਚੌਹਾਨ ਹੋਰਾਂ ਦਾ ਵੀ ਧੰਨਵਾਦੀ ਹਾਂ ਜਿਹਨੀ ਆਪਣੀ ਯੋਗ ਵਿਦਵਤਾ ਭਰਪੂਰ ਸੁਝਾਵ ਦਿੰਦਿਆਂ ਪੁਸਤਕ ਦੀ ਲਿਖਤ ਨੂੰ ਹੋਰ ਵੀ ਸ਼ਿੰਗਾਰਿਆ ਹੈ। ਆਪਣੇ ਮਾਸੜ ਜੀ ਸ੍ਰ: ਸੋਹਣ ਸਿੰਘ ਸਿੱਧੂ ਹੋਰਾਂ ਦਾ ਵੀ ਸ਼ੁਕਰਾਨਾ ਕਰਾਂਗਾ ਜਿਹਨੀ ਪਿਤਾ ਜੀ ਹੋਰਾਂ ਦੇ ਨਾਲ ਅਹਿਮਦਾਬਾਦ ਰਹਿੰਦਿਆਂ ਚੋਖਾ ਸਮਾਂ ਇੱਕਠਿਆਂ ਬਤੀਤ ਕੀਤਾ ਅਤੇ ਉਸ ਸਮੇਂ ਦੀਆਂ ਘਟਨਾਵਾਂ ਦਾ ਵਰਣਨ ਕੀਤਾ ਹੈ। ਪੁਸਤਕ ਦੀ ਸੰਪਾਦਨਾ ਪ੍ਰਤੀ ਯੋਗ ਸੋਧਾਂ ਕਰਨ ਲਈ ਆਪਣੇ ਮਿੱਤਰਾਂ ਸ੍ਰ: ਸੰਤੋਖ ਸਿੰਘ ਢਿੱਲੋਂ, ਸ੍ਰ: ਕਸ਼ਮੀਰ ਸਿੰਘ ਘੁੰਮਣ ਅਤੇ ਸ੍ਰ: ਜਨਮੇਜਾ ਜੌਹਲ ਹੋਰਾਂ ਦਾ ਅਤੀ ਧੰਨਵਾਦੀ ਹਾਂ। ਉਹਨਾਂ ਸਹਿਯੋਗੀਆਂ ਦਾ ਜਿਨ੍ਹਾਂ ਪਿਆਰ ਅਤੇ ਸਤਿਕਾਰ ਵੱਜੋਂ ਪਿਤਾ ਜੀ ਦੀ ਯਾਦ ਵਿੱਚ ਉਹਨਾਂ ਦੇ ਨਾਲ ਬਿਤਾਏ ਹੋਏ ਪਲਾਂ ਨੂੰ ਸੰਦੇਸ਼ ਰਾਹੀਂ ਪ੍ਰਗਟਾਇਆ ਹੈ ਜਿਵੇਂ ਸ੍ਰ: ਅਮਰਜੀਤ ਸਿੰਘ ਜੀ, ਸ੍ਰ: ਨਿਰੰਕਾਰ ਸਿੰਘ ਚੱਗਰ ਜੀ, ਮਿਸਟਰ ਨੈਵਲ਼ ਜੇਕੱਬ, ਸ੍ਰ: ਤਰਲੋਕ ਸਿੰਘ ਚੌਹਾਨ ਜੀ ਅਤੇ ਸ੍ਰ: ਪ੍ਰੀਤਮ ਸਿੰਘ ਪ੍ਰਦੇਸੀ ਜੀ ਜੋ ਬਾਬਾ ਸੰਗਤ ਸਿੰਘ ਯਾਦਗਾਰੀ ਟਰਸਟ ਜਲੰਧਰ ਦੇ ਮੁਖੀ ਹਨ ਇਹਨਾਂ ਸਾਰੇ ਸਹਿਯੋਗੀਆਂ ਦਾ ਮੈਂ ਰਿਣੀ ਹਾਂ ਅਤੇ ਦਿਲ੍ਹੀ ਤੌਰ ਤੇ ਮਸ਼ਕੂਰ ਹਾਂ। ਮੇਰੇ ਵੀਰ ਸ੍ਰ: ਕੁਲਵੰਤ ਸਿੰਘ ਪੰਡੋਰੀ ਹੋਰੀਂ ਪਿਤਾ ਜੀ ਦੇ ਜੀਵਨ ਕਾਲ ਦੀਆਂ ਕਈ ਯਾਦਾਂ ਦੁਹਰਾਈਆਂ ਹਨ ਜਿਹਨਾਂ ਨੂੰ ਮੈਂ ਭੁੱਲੀ ਬੈਠਾ ਸੀ ਵੈਸੇ ਵੀ ਇਸ ਪਰਿਵਾਰ ਦਾ ਸਮੁੱਚੇ ਤੌਰ ਤੇ ਪਿਤਾ ਜੀ ਨਾਲ ਅਥਾਹ ਪਿਆਰ ਸੀ ਸੋ ਇਨ੍ਹਾਂ ਸਾਰਿਆਂ ਦਾ ਧੰਨਵਾਦ ਕਰਨਾ ਮੇਰਾ ਫਰਜ਼ ਬਣ ਜਾਂਦਾ ਹੈ। ਕਰਤਾਰਪੁਰ ਤੋਂ ਸ੍ਰ: ਮਨਮੋਹਨ ਸਿੰਘ ਦਾ ਬਹੁਤ ਧੰਨਵਾਦ ਕਰਦਾ ਹਾਂ ਜੋ ਪਹਿਲੇ ਇਨਸਾਨ ਸਨ ਜਿਨ੍ਹਾਂ

ਦੀ ਪ੍ਰੇਰਨਾ ਸਦਕਾ ਪਿਤਾ ਜੀ ਦੇ ਬਾਰੇ ਕੁੱਝ ਲਿਖਣ ਦਾ ਮੈਂ ਸਾਹਿਸ ਕੀਤਾ ਹੈ। ਅੱਜ ਭਾਵੇਂ ਸ੍ਰ: ਮਨਮੋਹਨ ਸਿੰਘ ਜੀ ਸਾਨੂੰ ਸਦੀਵੀ ਤੌਰ ਤੇ ਵਛੋੜਾ ਦੇ ਗਏ ਹਨ ਪਰ ਉਹਨਾਂ ਦਾ ਪਿਆਰ ਅਤੇ ਮਿੱਠੀਆਂ ਯਾਦਾਂ ਹਮੇਸ਼ਾਂ ਮੇਰੇ ਦਿਲੋ ਦਿਮਾਗ ਵਿੱਚ ਵਸੀਆਂ ਰਹਿਣਗੀਆਂ। ਅੰਤ ਵਿੱਚ ਆਪਣੇ ਮਿੱਤਰਾਂ ਦਾ ਕਸ਼ਮੀਰ ਸਿੰਘ ਰਾਏ, ਤਰਸੇਮ ਸਿੰਘ ਖਟਕੜ ਅਤੇ ਆਪਣੇ ਪਰਿਵਾਰ ਦੇ ਸਮੂਹ ਮੈਂਬਰਾਂ ਦਾ ਜੋ ਇੰਗਲੈਂਡ ਅਤੇ ਜਲੰਧਰ ਚਾਚਾ ਸੋਹਣ ਸਿੰਘ, ਬਲਰਾਜ ਸਿੰਘ ਹੋਰੀਂ ਰਹਿੰਦੇ ਹਨ ਸਾਰਿਆਂ ਦਾ ਧੰਨਵਾਦ ਹੈ ਖਾਸ ਕਰਕੇ ਮੈਂ ਆਪਣੇ ਵੀਰ ਸ੍ਰ: ਹਰਭਜਨ ਸਿੰਘ ਦੀ ਸਪੁਤੱਰੀ, ਆਪਣੀ ਭਤੀਜੀ ਸੁਖਵਿੰਦਰ ਕੌਰ ਦਾ ਸ਼ੁਕਰਾਨਾ ਕਰਨ ਤੋਂ ਨਹੀਂ ਰਹਿ ਸਕਦਾ ਜਿਸਨੇ ਬੜੀ ਮੇਹਨਤ ਦੇ ਨਾਲ ਦੁੱਗਲ ਪਰਿਵਾਰ ਦੀ ਸੰਮਪੂਰਣ ਰੂਪ-ਰੇਖਾ ਤਿਆਰ ਕਰਕੇ ਮੇਰੇ ਧਿਆਨ ਗੋਚਰੇ ਕਈ ਅਹਿਮ ਘਟਨਾਵਾਂ ਨੂੰ ਬਿਆਨ ਕੀਤਾ ਹੈ। ਅੰਤ ਵਿੱਚ ਆਪ ਸਾਰਿਆਂ ਦਾ ਧੰਨਵਾਦੀ ਹੁੰਦਾ ਹੋਇਆ ਆਪ ਜੀ ਦੀ ਸਹੀ ਸਲਾਮਤੀ ਲਈ ਅਰਦਾਸ ਕਰਦਾ ਹਾਂ, ਵਾਹਿਗੁਰੂ ਆਪ ਜੀ ਨੂੰ ਚੜਦੀ ਕਲ੍ਹਾ, ਸੇਹਤਯਾਬ ਅਤੇ ਖੁਸੀਆਂ ਪ੍ਰਦਾਨ ਕਰੇ। ਆਸ ਕਰਦਾ ਹਾਂ ਆਪ ਸਾਰੇ ਕੌਮ ਦੀ ਬੇਹਤਰੀ ਲਈ ਆਪਣਾ ਯੋਗਦਾਨ ਹਿੱਸਾ ਪਾਉਂਦਿਆਂ ਜੀਵਨ ਦੇ ਲਕਸ਼ ਨੂੰ ਪੂਰਾ ਕਰਨ ਦੇ ਯੋਗ ਹੋ ਸਕੋਂ।

ਸ਼ੁੱਭ ਇਛਾਵਾਂ ਸਹਿਤ, ਅਲਵਿਦਾ ਕਹਿੰਦਾ ਹੋਇਆ ਆਪ ਜੀ ਤੋਂ ਇਜਾਜ਼ਤ ਮੰਗਦਾ ਹਾਂ।

ਭੁੱਲ ਚੁੱਕ ਦੀ ਖਿਮਾਂ, ਜੀਉਂਦੇ ਅਤੇ ਵਸਦੇ ਰਹੋ।

**ਤ੍ਰਿਲੋਚਨ ਸਿੰਘ**

# Tribute to Mr. Kirpal Singh Duggal



*I cannot claim to have known Mr Duggal well, but I did meet him on one or two occasions when I visited his son Trilochan and his family. My first impression was of a quiet, unassuming man who carried within him a great dignity that came not through his achievements or status, but through a natural humility that I imagine arose from his very deep faith. I am not sure that we shared more than a few words, but in fact you don't need words to know what a person is like you sim-ply need to look into their eyes. The eyes are supposed to be the window into the soul, and in Mr Duggal's eyes I discov-ered a great kindness and warmth that was much more than the smile that comes from greeting someone. I can only guess that his kindness and warmth came from a living faith that saw everyone and everything imbued with the beauty and peacefulness of God.*

*I believe that he was a man of true faith who was an inspiration and a support to many. There will be many stories about him that this book cannot tell because he wasn't man to parade his good works, but he will undoubtedly have helped others in ways that no one else knows about, I am quite sure that this is true.*

*Although I am a Christian priest, I appreciate the fact that God can be understood in so many ways and for this rea-son I visited the Gurdwara on Chapeltown Road on a number of occasions when I lived in the area. The Gurdwara provides a focus for people to come together to worship God, to meet together and to serve the community, I sometimes wish the Church was as good at this! The thought that Mr Duggal played such a key part in establishing this place of worship in this community is a moving one. In terms of his role in supporting and developing Sikhism in this country and overseas this is all that I have seen, but it is such an important achievement in terms of bringing like-minded Sikhs together and especially in providing the community with such a strong pillar of sup-port that his name should be long remembered. I can easily prove the validity of my remark by asking you to imagine Chapeltown without its Gurdwara, intolerable!*

*Despite Mr Duggal's many great works and acts I feel that at the heart of everything was his family. Of course I never knew him as a parent but I am sure that he must have been a tremendous guide and inspiration to them, instilling values and a framework for life that was there for them in times both good and bad. However, I can testify to his success in this matter as I have always felt most welcome and at home whenever I have visited his family!*

*There is one area where Mr Duggal and my family have a common bond and that is that in 1964 when he was travelling to India by car, my 69 year old grandmother was also travel-ling to India overland, but by bus! She slept out under the stars before reaching the country of her birth.*

*Many others will be to provide greater insights into Mr Duggal's life and accomplishments but I can say without hesi-tation that he was undoubtedly an impressive, profound, kindly and holy man.*

***Neville Jacob***
*Priest (Former School Teacher)*

# ਪਿੰਡ ਜਮਸ਼ੇਰ ਦਾ ਪਰਿਚੇ

ਪਿੰਡ ਜਮਸ਼ੇਰ ਖਾਸ ਜਿੱਲਾ ਜਲੰਧਰ ਦੇ ਬਹੁਤੇ ਨਜਦੀਕੀ ਪਿੰਡਾਂ ਵਿੱਚੋਂ ਇਹ ਵੱਡਾ ਪਿੰਡ ਮੰਨਿਆ ਜਾਦਾਂ ਹੈ। ਇਸ ਪਿੰਡ ਦੀਆਂ 7 ਪੱਤੀਆਂ ਹਨ, ਪਿੰਡ ਦੇ ਵਿੱਚ ਚਾਰ ਵੱਡੇ ਗੁਰਦੁਆਰੇ, ਧਰਮਸਾਲਾ ਅਤੇ ਠਾਕਰ ਦੁਆਰਾ ਬਹੁਤ ਪੁਰਾਤਨ ਹਨ। ਧਰਮਸਾਲਾ ਦੀ ਵਿਸ਼ੇਸ਼ਤਾ ਹੈ ਕਿ ਇਹ ਉਦਾਸੀ ਮੱਤ ਬਾਬਾ ਸ੍ਰੀ ਚੰਦ ਜੀ ਨਾਲ ਸੰਬੰਧਿਤ ਹੈ। ਇਹ ਪਿੰਡ ਦੇ ਵਿਚਕਾਰ ਬਣੀ ਹੋਈ ਹੈ ਅਤੇ ਕਹਿੰਦੇ ਹਨ ਕਿ ਇਹ ਸੰਨ 1857 ਦੇ ਵਿੱਚ ਬਣਾਈ ਗਈ ਸੀ। ਇਸ ਧਰਮਸਾਲਾ ਨੂੰ ਆਉਣ ਜਾਣ ਵਾਲੇ ਮੁਸਾਫਰਾਂ ਦੀ ਰਿਹਾਇਸ਼ ਲਈ ਅਤੇ ਆਰਾਮ ਕਰਨ ਲਈ ਵਰਤੋਂ ਵਿੱਚ ਲਿਆਉਂਦੇ ਸਨ। ਕਈ ਵਾਰ ਜਨੇਤਾ ਦਾ ਉਤਾਰਾ ਵੀ ਇੱਥੇ ਕੀਤਾ ਜਾਂਦਾ ਰਿਹਾ ਹੈ। ਸਰਦਾਰ ਚੈਨ ਸਿੰਘ ਸ਼ੇਰਗਿੱਲ ਲਿਖਦੇ ਹਨ ਕਿ ਇਸਦਾ ਪਹਿਲਾ ਸਰਬਰਾਹ ਮਹੰਤ ਸ੍ਰੀ ਗੰਗਾ ਦਾਸ ਜੀ ਤੋਂ ਆਰੰਭ ਹੁੰਦਾ ਹੈ। ਮੇਰੀ ਸੁਰਤ ਦੌਰਾਨ ਇਸ ਜਗ੍ਹਾ ਮਹੰਤ ਸ੍ਰੀ ਗੁਰਨਰੈਣ ਜੀ ਰਹੇ ਹਨ ਅਤੇ ਉਹਨਾਂ ਤੋਂ ਬਾਦ ਮਹੰਤ ਗੁਰਪ੍ਰਸਾਦ ਜੀ ਇਸ ਜਗ੍ਹਾ ਦੀ ਦੇਖ-ਰੇਖ ਕਰਦੇ ਰਹੇ ਹਨ। ਇੱਥੇ ਪਹਿਲਾਂ ਹਰ ਸਾਲ ਭਾਦੋਂ ਦੇ ਮਹੀਨੇ ਜੋੜ ਮੇਲਾ ਲੱਗਦਾ ਹੁੰਦਾ ਸੀ। ਇਸਦੀ ਈਮਾਰਤ ਦੀ ਬਣਤਰ ਲਾਹੌਰੀ ਇੱਟ ਦੀ ਹੈ ਅਤੇ ਅੰਧਰੂਨੀ ਛੱਤਾਂ ਅਤੇ ਕੰਧਾਂ ਸੁੰਦਰ ਹੱਥ ਦੀ ਚਿੱਤਰਕਾਰੀ ਅਤੇ ਮਨਮੋਹਣੀ ਮੀਨਾਕਾਰੀ ਨਾਲ ਸਿਰਜੀਆਂ ਹੋਈਆਂ ਹਨ। ਸਮੇਂ ਦੇ ਬਦਲਾਅ ਕਾਰਣ ਇਸ ਜਗ੍ਹਾ ਦੀ ਵਰਤੋਂ ਘੱਟਦੀ ਗਈ ਸੋ ਇਸੇ ਵਜ੍ਹਾ ਅੱਜ ਧਰਮਸਾਲਾ ਖਸਤਾ ਹਾਲਤ ਵਿੱਚ ਨਜਰ ਆਉਂਦੀ ਹੈ। ਪਿੰਡ ਦੇ ਵਿੱਚ ਇੱਕ ਠਾਕਰ ਦੁਆਰਾ ਵੀ ਹੈ। ਇਹ ਵੈਰਾਗੀ ਮੱਤ ਦਾ ਅਨੁਯਾਈ ਹੈ ਕਹਿੰਦੇ ਹਨ ਕਿ ਮਾਨ੍ਹਾ ਵੱਲ ਦੀ ਪੱਤੀ ਵਿੱਚ ਇਸ ਦੀ ਬਣਤਰ ਸੰਨ 1545 ਦੇ ਵਿੱਚ ਮੁਕੰਮਲ ਹੋਈ ਸੀ। ਇਸ ਠਾਕਰ ਦੁਆਰੇ ਦੇ ਪਹਿਲੇ ਸਰਬਰਾਹ ਮਹੰਤ ਗੁਰੂ ਲਾਲ ਦਾਸ ਜੀ ਹੋਏ ਹਨ। ਕਿਸੇ ਕਾਰਣ ਉਹ ਜਮਸ਼ੇਰ ਤੋਂ ਹੁਸ਼ਿਆਰਪੁਰ ਪਿੰਡ ਸਰੀ ਚਲੇ ਗਏ ਸਨ। ਪਿੰਡ ਦੇ ਪਤਵੰਤੇ ਸੱਜਣਾਂ ਨੇ ਉੱਥੇ ਜਾ ਕੇ ਉਹਨਾਂ ਅੱਗੇ ਵਾਪਿਸ ਪਿੰਡ ਆਉਣ ਲਈ ਬੇਨਤੀ ਕੀਤੀ। ਉਹ ਆਪ ਤਾਂ ਨਹੀ ਆਏ ਪਰ ਉਹਨੀਂ ਆਪਣੇ ਮੁਰੀਦ ਰਾਮਦਾਸ ਨੂੰ ਇਹਨਾਂ ਦੇ ਨਾਲ ਭੇਜ ਦਿੱਤਾ। ਇਸ ਤੋਂ ਬਾਦ ਕਾਫੀ ਸਮੇਂ ਤੱਕ ਇੱਥੇ ਸੀਤਲ ਦਾਸ ਵੀ ਰਹੇ ਹਨ। ਇਸ ਜਗ੍ਹਾ ਤੇ ਹੋਲੀ ਦੇ ਮੌਕੇ ਤੇ ਭਾਰੀ ਮੇਲਾ ਲੱਗਦਾ ਹੁੰਦਾ ਸੀ। ਕਹਿੰਦੇ ਹਨ ਕਿ ਇਸ ਜਗ੍ਹਾ ਦੀ ਮਾਣਤਾ ਪਵਿੱਤਰ ਧਾਰਮਿਕ ਅਸਥਾਨ ਜਗਨਨਾਥ ਵਾਂਗ ਮੰਨੀ ਜਾਂਦੀ ਸੀ। ਜਮਸ਼ੇਰ ਕਰਾਲਾਂ ਵਾਲੇ ਪਾਸੇ ਇੱਕ ਚਿਮਟੇਵਾਲੇ ਮਹੰਤ ਵੀ ਰਹਿੰਦੇ ਸਨ ਅਤੇ ਯਾਰਪੀਰ ਚੰਨਣ ਪੁਰਾ ਭੋਡੇ ਸਪਰਾਵਾਂ ਦੇ ਰਾਹ ਤੇ ਹਰ ਸਾਲ ਮੇਲਾ ਲੱਗਦਾ ਹੁੰਦਾ ਸੀ। ਪਿੰਡ ਦੇ ਵਿੱਚ ਸਿਵਲ ਹਸਪਤਾਲ, ਪਸ਼ੂਆਂ ਦਾ ਹਸਪਤਾਲ-

ਸਲੋਤਰਖਾਨਾ, ਡਾਕਖਾਨਾ, ਰੇਲਵੇ ਸਟੇਸ਼ਨ ਅਤੇ ਕੋਆਪਰੇਟਿਵ ਬੈਂਕ ਵੀ ਹੈ। ਇਸ ਪਿੰਡ ਦੇ ਵਿਚਕਾਰ ਵੱਡਾ ਬਜ਼ਾਰ ਹੈ ਜਿਥੋਂ ਲਾਗਲੇ ਪਿੰਡਾਂ ਤੋਂ ਲੋਕੀ ਆਪਣੀ ਲੋੜ ਮੁਤਾਬਿਕ ਸਮਾਨ ਖਰੀਦਣ ਜਮਸ਼ੇਰ ਆਇਆ ਕਰਦੇ ਹਨ। ਸ੍ਰੀ ਭਗਤ ਰਾਮ ਅਤੇ ਪਰਮਾਨੰਦ ਹੋਰੀਂ ਹੌਜ਼ਰੀ ਦਾ ਕੰਮ ਕਰਦੇ ਹੁੰਦੇ ਸਨ। ਪਿੰਡ ਵਿੱਚ ਸ੍ਰੀ ਹਰੀ ਰਾਮ ਕੋਹਲੀ ਅਤੇ ਸ੍ਰੀ ਜਗਨਨਾਥ ਹੋਰਾਂ ਦੀ ਕਰਿਆਨੇ ਦੀਆਂ ਦੁਕਾਨਾਂ ਤੋਂ ਇਲਾਵਾ ਸ੍ਰੀ ਦੌਲਤ ਰਾਮ ਅਤੇ ਸ੍ਰੀ ਫਤਿਹ ਚੰਦ ਹੋਰਾਂ ਦਾ ਹਲਵਾਈ ਦਾ ਚੋਖਾ ਕੰਮ ਚੱਲਦਾ ਸੀ। ਸ੍ਰੀ ਮੱਥਰਾ ਦਾਸ ਅਤੇ ਇਹਨਾਂ ਦੇ ਭਾਈ ਦੇਸ ਰਾਏ ਜੀ ਲੋਹੇ ਦਾ ਕੰਮ ਕਰਦੇ ਸਨ। ਸ੍ਰੀ ਕਾਲੀਸਰਨ ਹੋਰੀਂ ਜੋ ਜਲੰਧਰ ਤੋਂ ਆਏ ਇਸੇ ਪਿੰਡ ਦੇ ਵਸਨੀਕ ਹੋ ਗਏ ਸਨ, ਇਹਨਾਂ ਦਾ ਕਪੜੇ ਦਾ ਬਹੁਤ ਵਪਾਰ ਚੱਲਦਾ ਸੀ। ਤਕਰੀਬਨ ਹਰ ਪੱਤੀ ਦੇ ਵਿੱਚ ਹਰ ਲੋੜ ਨੂੰ ਪੂਰਾ ਕਰਨ ਲਈ ਦੁਕਾਨਾਂ ਹੁੰਦੀਆਂ ਸਨ। ਅੱਜਕਲ੍ਹ ਤਾਂ ਦੁਕਾਨਾਂ, ਹਸਪਤਾਲਾਂ, ਸਕੂਲਾਂ ਅਤੇ ਬੈਂਕਾਂ ਦੀ ਗਿਣਤੀ ਕਰਨੀ ਔਖੀ ਗੱਲ ਹੈ। ਸਰਦਾਰ ਚੈਨ ਸਿੰਘ ਹੋਰੀ ਬਹੁਤ ਵੱਡੀ ਲਿਸਟ ਭੇਜੀ ਹੈ ਜਿਹਨੀਂ ਕਈ ਗੁਰਦੁਆਰੇ, ਮੰਦਿਰ, ਗਿਰਜਾਘਰ, ਪ੍ਰਾਈਵੇਟ ਹੈਲਥ ਸੈਂਟਰ, ਹਸਪਤਾਲ ਅਤੇ ਪ੍ਰਾਈਵੇਟ ਸਕੂਲ ਬਣ ਗਏ ਦੱਸੇ ਗਏ ਹਨ। ਇਹਨਾਂ ਦਾ ਵਿਸਥਾਰ ਦੇਣਾ ਇਸ ਪੁਸਤਕ ਦਾ ਮਜ਼ਮੂਨੀ ਵਿਸ਼ਾ ਨਹੀ ਹੈ।

ਇਸ ਪਿੰਡ ਦੀ ਧਰਤੀ ਤੇ ਅਨੇਕਾਂ ਸੂਰਮਿਆਂ ਨੇ ਜਨਮ ਲਿਆ ਹੈ, ਸੂਰਮੇ ਦੀ ਪਰਿਭਾਸ਼ਾ ਵਿਭਿੰਨ ਖੇਤਰਾਂ ਦੀ ਪ੍ਰਤੀਕ ਕਹੀ ਜਾ ਸਕਦੀ ਹੈ ਜਿਵੇਂ ਨਾਮਵਰ ਸਾਹਿਤਕਾਰ, ਲਿਖਾਰੀ, ਕਵੀ, ਪਰਚਾਰਕ, ਰਾਗੀ-ਢਾਡੀ, ਭਲਵਾਨ, ਨਾਮਵਰ ਖਿਡਾਰੀ, ਅਧਿਆਪਕ, ਪ੍ਰਾਧਿਆਪਕ, ਵਿਗਿਆਨਿਕ, ਇੰਜਨੀਅਰ, ਡਾਕਟਰ ਜਾਂ ਕਿਸੇ ਹੋਰ ਕਿੱਤੇ ਵਿੱਚ ਨਿਪੁੰਨ ਵਿਅਕਤੀ ਜਾਂ ਪ੍ਰਸ਼ਾਸਕ ਅਧਿਕਾਰੀ ਨੂੰ ਸੂਰਮਾ ਕਹਿ ਕੇ ਮੁਖਾਤਿਬ ਕਰਨਾ ਅਨਉਚਿਤ ਨਹੀਂ ਹੋਵੇਗਾ। ਪੰਜਾਬ ਦੇ ਕਈ ਪਿੰਡਾਂ ਦੀ ਧਰਤੀ ਪਵਿੱਤਰ ਮੰਨੀ ਜਾਂਦੀ ਹੈ ਜਿਸ ਧਰਤੀ ਨੇ ਨਾਮਵਰ ਸੂਰਮੇਂ ਪੈਦਾ ਕੀਤੇ ਹੋਣ, ਇਸੇ ਤਰਹ ਪਿੰਡ ਜਮਸ਼ੇਰ ਖਾਸ ਦੀ ਆਪਣੀ ਹੀ ਖਾਸੀਅਤ ਹੈ। ਸਰਦਾਰ ਕਿਸ਼ਨ ਸਿੰਘ ਬਹੁਤ ਮਨੋਹਰ ਕੀਰਤਨ ਕਰਦੇ ਹੁੰਦੇ ਸਨ। ਮੈਨੂੰ ਯਾਦ ਹੈ ਜਦੋਂ ਪਿੰਡ ਦੇ ਵਿੱਚ ਨਗਰ ਕੀਰਤਨ ਕੱਢਿਆ ਜਾਂਦਾ ਸੀ ਅੰਤ ਵਿੱਚ ਇਹ ਪਿੰਡ ਦੇ ਵਿਚਕਾਰ ਧਰਮਸਾਲਾ ਦੇ ਕੋਲ ਆ ਕੇ ਸਮਾਪਤ ਹੋਇਆ ਕਰਦਾ ਸੀ। ਪਿਤਾ ਜੀ ਦੇ ਤਾਇਆ ਜੀ ਸਰਦਾਰ ਦਲੇਲ ਸਿੰਘ ਲੈਕਚਰ ਕਰਿਆ ਕਰਦੇ ਸਨ ਅਤੇ ਲਾਗਲੇ ਪਿੰਡਾ ਤੋਂ ਲੋਕਾਂ ਦਾ ਕਾਫੀ ਇੱਕਠ ਹੋਇਆ ਕਰਦਾ ਸੀ। ਸਰਦਾਰ ਤਾਰਾ ਸਿੰਘ ਮੁੱਧੜ ਪੱਕੇ ਰਾਗ ਗਾਉਣ ਵਿੱਚ ਮਾਹਿਰ ਸਨ। ਢਾਡੀਆਂ ਦੀ ਕਤਾਰ ਵਿੱਚ ਸਰਦਾਰ ਨਿਰੰਜਨ ਸਿੰਘ ਮਾਨ, ਸਰਦਾਰ ਨਾਜ਼ਰ ਸਿੰਘ ਸ਼ੇਰਗਿੱਲ, ਸਰਦਾਰ

ਲ਼ਸ਼ਕਰ ਸਿੰਘ ਸ਼ੇਰਗਿੱਲ, ਸਰਦਾਰ ਅਮਰੀਕ ਸਿੰਘ ਸ਼ੇਰਗਿੱਲ, ਸਰਦਾਰ ਚੈਨ ਸਿੰਘ ਸ਼ੇਰਗਿੱਲ, ਸਰਦਾਰ ਨਾਜ਼ਰ ਸਿੰਘ ਹੰਸ ਮਸ਼ਹੂਰ ਸਨ। ਅੱਜਕਲ੍ਹ ਸਰਦਾਰ ਕੁਲਦੀਪ ਸਿੰਘ ਸੇਖੋਂ, ਸਰਦਾਰ ਗੁਰਮੀਤ ਸਿੰਘ ਸੇਖੋਂ, ਅਤੇ ਸਰਦਾਰ ਇੰਦਰਜੀਤ ਸਿੰਘ ਸ਼ੇਰਗਿੱਲ ਹੋਰੀਂ ਇਸ ਕਲਾ ਨੂੰ ਜਾਰੀ ਤੌਰ ਤੇ ਦੇਸਾਂ ਵਿਦੇਸ਼ਾਂ ਵਿੱਚ ਉਜਾਗਰ ਕੀਤਾ ਹੈ। ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਪਿਤਾ ਪੁਰਖੀ ਕਲਾ ਇੰਦਰਜੀਤ ਸਿੰਘ ਨੇ ਬਰਕਰਾਰ ਰੱਖੀ ਹੈ। ਇਹ ਮੇਰੇ ਆਪਣੇ ਮਿੱਤਰ ਚੈਨ ਸਿੰਘ ਦਾ ਬੇਟਾ ਹੈ ਜੋ ਕਈ ਬਾਰ ਇੰਗਲੈਂਡ ਵੀ ਆਪਣੇ ਹੁਨਰ ਦਾ ਪ੍ਰਗਟਾਵਾ ਕਰ ਚੁੱਕਾ ਹੈ। ਕਹਿੰਦੇ ਹਨ ਕਿ ਲਾਂਬੜੇ 27 ਢਾਡੀ ਜੱਥਿਆਂ ਦੀ ਪ੍ਰਤੀਯੋਗਤਾ ਕਰਵਾਈ ਗਈ ਇਸ ਮੁਕਾਬਲੇ ਵਿੱਚ ਬਰਖੁਰਦਾਰ ਇੰਦਰਜੀਤ ਸਿੰਘ ਦਾ ਜੱਥਾ ਅੱਵਲ ਆਇਆ ਸੀ। ਇਸ ਨੌਜਵਾਨ ਉੱਤੇ ਪ੍ਰਮਾਤਮਾ ਦੀ ਅਪਾਰ ਬਖਸ਼ਿਸ਼ ਹੈ। ਜਦੋਂ ਮੇਰਾ ਦੋਸਤ ਅਮਰੀਕ ਸਰੰਗੀ ਬਜਾਉਣ ਲੱਗਦਾ ਸੀ ਤਾਂ ਉਹ ਮਸਤ ਹੋ ਜਾਇਆ ਕਰਦਾ ਸੀ, ਆਪ ਤਾਂ ਉਹ ਰੰਗ ਮਾਣਦਾ ਹੀ ਸੀ ਪਰ ਸੁਣਨ ਵਾਲੇ ਵੀ ਵਾਹ-ਵਾ ਕਰ ਉੱਠਦੇ ਸਨ। ਚੰਡੀਗੜ ਸਰੰਗੀ ਦੇ ਮੁਕਾਬਲੇ ਵਿੱਚ ਉਹ ਅੱਵਲ ਆਇਆ ਸੀ। ਅਮਰੀਕ ਦਾ ਜਿਕਰ ਕਰਦਿਆਂ ਮਨ ਭਰ ਆਉਂਦਾ ਹੈ ਅੱਜ ਉਹ ਭਾਵੇਂ ਸਾਡੇ ਨਾਲ ਸਰੀਰਕ ਤੌਰ ਤੇ ਨਹੀ ਰਿਹਾ ਪਰ ਉਸਦੀਆਂ ਯਾਦਾਂ ਹਮੇਸ਼ਾ ਦਿਲੋ ਦਿਮਾਗ ਵਿੱਚ ਤਾਜ਼ਾ ਰਹਿਣਗੀਆਂ। ਮੇਰਾ ਦੋਸਤ ਮਲਕੀਤ ਸਿੰਘ ਵੀ ਸਾਨੂੰ ਸਦੀਵੀ ਵਿਛੋੜਾ ਦੇ ਗਿਆ ਹੈ। ਅਸੀਂ ਦੋਸਤਾਂ ਨੇ ਜਦੋਂ ਪਿੰਡ ਇੱਕਠੇ ਹੋਣਾ ਮਹਿਫਲ ਲੱਗ ਜਾਇਆ ਕਰਦੀ ਸੀ। ਕੈਪਟਨ ਸਤਿਨਾਮ ਸਿੰਘ ਆਹਲੂਵਾਲੀਆ, ਮਲਕੀਤ ਸਿੰਘ ਮੀਤਾ, ਅਮਰੀਕ ਸ਼ੇਰਗਿੱਲ, ਅਜੀਤ ਸਿੰਘ ਅਤੇ ਗੁਰਦਾਸਪੁਰ ਤੋਂ ਮੇਰਾ ਵੀਰ ਕੁਲਵੰਤ ਪੰਡੋਰੀ ਅਸੀਂ ਸਾਰੇ ਗੂੜ੍ਹੇ ਮਿੱਤਰ ਸੀ। ਸਤਿਨਾਮ ਨੂੰ ਫੌਜ਼ ਵਿੱਚ ਭਰਤੀ ਕਰਵਾਉਣ ਲਈ ਮੈਂ ਜਲੰਧਰ ਛਾਉਣੀ ਲੈ ਕੇ ਗਿਆ ਸੀ, ਇਸਨੇ ਆਪਣੀ ਮੇਹਨਤ ਦੇ ਨਾਲ ਫੌਜ਼ ਦੇ ਵਿੱਚ ਕਈ ਉੱਚ ਔਹਦੇ ਪ੍ਰਾਪਤ ਕੀਤੇ ਅਤੇ ਕੈਪਟਨ ਦੇ ਔਹਦੇ ਤੋਂ ਰਿਟਾਇਰ ਹੋਇਆ ਅੱਜ ਆਪਣੇ ਪਰਿਵਾਰ ਦੇ ਨਾਲ ਧੀਣੀ ਰਹਿੰਦਾ ਹੈ। ਜਦੋਂ ਅਸੀਂ ਜਲੰਧਰ ਕਿਰਾਏ ਦੇ ਮਕਾਨ ਵਿੱਚ ਰਹਿੰਦੇ ਹੁੰਦੇ ਸੀ ਉਸ ਸਮੇਂ ਸਤਿਨਾਮ ਅਤੇ ਇਸਦੀ ਭੇਣ ਪ੍ਰਕਾਸ਼ ਜਲੰਧਰ ਖਾਲਸਾ ਹਾਈ ਸਕੂਲ ਵਿੱਚ ਪੜਿਆ ਕਰਦੇ ਸਨ। ਇਹਨਾਂ ਦੇ ਪਰਿਵਾਰ ਦਾ ਸਾਡੇ ਉੱਤੇ ਬਹੁਤ ਪਰਉਪਕਾਰ ਰਿਹਾ ਹੈ ਇਹਨੀ ਦੋਵਾਂ ਨੇ ਰੋਜ਼ ਸਵੇਰੇ ਜਮਸ਼ੇਰ ਤੋਂ ਸਾਡੇ ਲਈ ਦੁੱਧ ਲਿਆਉਣਾ ਕਦੀ ਸਾਗ ਕਦੀ ਗੰਨੇ ਆਦਿ ਕੁੱਝ ਨਾ ਕੁੱਝ ਲਿਆਉਂਦੇ ਹੀ ਰਹਿੰਦੇ ਸਨ, ਇਹਨਾਂ ਦੇ ਮਾਤਾ ਪਿਤਾ ਹੋਰਾਂ ਦਾ ਵੀ ਸਾਡੇ ਨਾਲ ਬਹੁਤ ਸਨੇਹ ਹੁੰਦਾ ਸੀ। ਕੁਲਵੰਤ ਸਿੰਘ ਸਰਪੰਚੀ ਛੱਡ ਕੇ ਆਪਣੇ ਪਰਿਵਾਰ ਸਮੇਤ ਕਨੇਡਾ ਚਲਾ ਗਿਆ ਸੀ ਅਤੇ ਸਰੀ ਸ਼ਹਿਰ ਵਿੱਚ ਰਹਿੰਦਾ ਹੈ। ਮੇਰੇ ਦੋਸਤ ਅਜੀਤ ਸਿੰਘ ਦੇ ਵਿਆਹ ਸਮੇਂ ਮੈਂ ਆਪਣੇ ਪਿਤਾ ਜੀ ਦੀ ਇਗਲੈਂਡ ਤੋਂ ਲਿਆਂਦੀ

ਕਾਰ ਗੁਮਟਾਲੀ ਵਰਾਤੇ ਲੈ ਕੇ ਗਿਆ ਸੀ। ਉਹਨਾਂ ਦਿਨਾਂ ਵਿੱਚ ਇਸ ਕਾਰ ਦੀ ਆਪਣੀ ਅਨੋਖੀ ਵਿਸ਼ੇਸ਼ਤਾ ਸੀ। ਅੱਜ ਪਿੰਡ ਦੇ ਵਿੱਚ ਅਜੀਤ ਨੇ ਬਹੁਤ ਵੱਡਾ ਲੱਕੜ ਦੇ ਵਪਾਰ ਦਾ ਕਾਰਖਾਨਾ ਖੋਲ੍ਹਿਆ ਹੋਇਆ ਹੈ ਅਤੇ ਆਪਣੇ ਪਰਿਵਾਰ ਦੇ ਨਾਲ ਇਹ ਪਿੰਡ ਹੀ ਰਹਿੰਦਾ ਹੈ। ਅਸੀਂ ਸਾਰੇ ਮਿੱਤਰਾਂ ਨੇ ਕਈ ਵਾਰ ਗੱਲਾਂ ਬਾਤਾਂ ਕਰਦਿਆਂ ਲੇਟ ਰਾਤ ਤੱਕ ਬੈਠੇ ਰਹਿਣਾ, ਗਾਣੇ ਗਾਉਣੇ ਫਿਰ ਕਹਿਣਾ ਅਮਰੀਕ ਜਾ ਘਰੋਂ ਸਰੰਗੀ ਲਿਆ ਅਤੇ ਢੱਡ ਕਿਸੇ ਹੋਰ ਕੋਲੋਂ ਲੈਣ ਚਲੇ ਜਾਣਾ ਕਿਹੋ ਜਿਹਾ ਉਹ ਰੰਗੀਲਾ ਸਮਾਂ ਸੀ, ਅੱਜ ਵੀ ਉਹ ਲਮਹਾ ਦਿਲ ਅੰਦਰ ਸਮੋਇਆ ਹੋਇਆ ਹੈ।

ਸਾਡੇ ਪਿੰਡ ਦੇ ਭਲਵਾਨ ਵੀ ਕੁਸ਼ਤੀਆਂ ਦੇ ਵਿੱਚ ਮੰਨੇ ਪਰਮੰਨੇ ਸਿੱਧ ਹੋਏ ਹਨ। ਇਹਨਾਂ ਦੇ ਨਾਮ ਜਗੀਰ ਸਿੰਘ ਸ਼ੇਰਗਿੱਲ, ਤਰਸੇਮ ਸਿੰਘ ਫਗਵਾੜੀਆ, ਹਜੂਰਾ ਸਿੰਘ, ਸੰਤੋਖ ਸਿੰਘ ਮੱਝਾ, ਲਛਮਣ ਸਿੰਘ ਮੱਝਾ, ਦਲਵੀਰ ਸਿੰਘ ਮਾਨ ਅਤੇ ਦਲਵੀਰ ਸਿੰਘ ਸ਼ੇਰਗਿੱਲ ਹੋਏ ਹਨ। ਦਲਵੀਰ ਸਿੰਘ ਮਾਨ ਆਪਣੇ ਟਾਈਮ ਦੇ ਕਾਫੀ ਮਸ਼ਹੂਰ ਭਲਵਾਨ ਸਨ, ਇਨ੍ਹੀਂ ਫਰੀ ਸਟਾਇਲ ਕੁਸ਼ਤੀ ਵੀ ਲੜੀ ਹੈ। ਦਲਵੀਰ ਸਿੰਘ ਗਿੱਲ ਜਿਸਨੂੰ ਟਾਇਗਰ ਕਹਿ ਕੇ ਵੀ ਬੁਲਾਇਆ ਜਾਂਦਾ ਹੈ ਇਹ ਇੰਗਲੈਂਡ ਦੇ ਸ਼ਹਿਰ ਲੀਡਜ਼ ਵਿੱਚ ਰਹਿੰਦੇ ਹਨ। ਇਹਨਾਂ ਦਾ ਨਾਮ ਇੰਗਲੈਂਡ ਦੇ ਵਿੱਚ ਹੀ ਨਹੀ ਬਲਕਿ ਹੋਰ ਮੁਲਕਾਂ ਦੇ ਵਿੱਚ ਵੀ ਮਸ਼ਹੂਰ ਹੈ ਖਾਸਕਰ ਅਮਰੀਕਾ ਅਤੇ ਸਾਊਥ ਅਫਰੀਕਾ ਦੇ ਵਿੱਚ ਇਹ ਚੰਗੀ ਤਰ੍ਹਾਂ ਜਾਣੇ ਜਾਂਦੇ ਹਨ। ਇਨ੍ਹਾਂ ਨੇ ਬਹੁਤ ਕੁਸ਼ਤੀਆਂ ਲੜੀਆਂ ਹਨ ਅਤੇ ਬਹੁਤੀਆਂ ਜਿੱਤਾਂ ਵੀ ਪ੍ਰਾਪਤ ਕਰਦੇ ਰਹੇ ਹਨ। ਸਾਡੇ ਆਪਣੇ ਪਰਿਵਾਰ ਦੇ ਨਾਲ ਇਹਨਾਂ ਦੇ ਪਿਤਾ ਜੀ ਸਰਦਾਰ ਬੰਤਾ ਸਿੰਘ ਅਤੇ ਪਰਿਵਾਰ ਦੇ ਜੀਆਂ ਦਾ ਬਹੁਤ ਗੂੜ੍ਹਾ ਸੰਬੰਧ ਰਿਹਾ ਹੈ। ਸਰਦਾਰ ਬੰਤਾ ਸਿੰਘ ਜੀ ਜਿਨ੍ਹਾਂ ਨੂੰ ਮਾਣ ਵਜੋਂ ਮੈਂ ਆਪਣਾ ਚਾਚਾ ਜੀ ਕਹਿ ਸਕਦਾ ਹਾਂ ਇਹ ਸਾਡੇ ਘਰ ਲੀਡਜ਼ 6 ਦੇ ਵਿੱਚ ਵੀ ਰਿਹਾ ਕਰਦੇ ਸਨ ਜਦੋਂ ਕਿ ਇਹਨਾ ਦੇ ਬੱਚੇ ਹਾਲੇ ਪੰਜਾਬ ਹੀ ਰਹਿੰਦੇ ਸਨ। ਪਿਤਾ ਜੀ ਨੂੰ ਇਹ ਵੱਡਾ ਵੀਰਾ ਕਹਿਕੇ ਪੁਕਾਰਿਆ ਕਰਦੇ ਸਨ ਅਤੇ ਇਹਨਾਂ ਦੀ ਬਹੁਤ ਇੱਜਤ ਕਰਦੇ ਸਨ। ਮੈਨੂੰ ਇਹ ਡਾਕਟਰ ਕਿਹਾ ਕਰਦੇ ਸੀ ਅਤੇ ਲੋਕਾਂ ਨੂੰ ਮੇਰੇ ਵਾਰੇ ਦੱਸ ਕੇ ਬਹੁਤ ਮਾਣ ਮਹਿਸੂਸ ਕਰਿਆ ਕਰਦੇ ਸਨ। ਅਸੀਂ ਦਲਵੀਰ ਦੀ ਕੁਸ਼ਤੀ ਲੀਡਜ਼ ਹੋਵੇ ਜਾਂ ਬਰੈਡਫੋਰੜ ਸਾਰੇ ਦੇਖਣ ਜਾਇਆ ਕਰਦੇ ਸੀ। ਦਲਵੀਰ ਦਾ ਜੁੱਸਾ ਠੰਡਾ ਹੁੰਦਾ ਸੀ ਪਹਿਲਾਂ ਇਸਨੇ ਅਗਲੇ ਦੀਆਂ ਧੌਲ਼ਾਂ ਖਾਈ ਜਾਣੀਆਂ ਫਿਰ ਸਰੀਰ ਜਦੋਂ ਗਰਮ ਹੋ ਜਾਂਦਾ ਸੀ ਤਾਂ ਆਪਣੇ ਨਾਲ ਘੁਲਣ ਵਾਲੇ ਦੀ ਤਹਿ ਲਾ ਦੇਣੀ। ਜਦੋਂ ਇਸਨੂੰ ਪੁੱਛਣਾ ਕਿ ਦਲਵੀਰ ਜਾਂਦਾ ਹੀ ਅਗਲੇ ਨੂੰ ਚਿੱਤ ਕਿਉਂ ਨਹੀ ਕਰ ਦਿੰਦਾ ਤਾਂ ਇਸਦਾ ਜਵਾਬ ਇਹੋ ਹੋਣਾ ਕਿ ਯਾਰ

ਪਹਿਲਾਂ ਸਰੀਰ ਗਰਮ ਹੀ ਨਹੀ ਹੁੰਦਾ। ਪਿਓ ਕੋਲੋਂ ਪੁੱਤ ਧੌਲਾਂ ਖਾਂਦਾ ਦੇਖਿਆ ਨਹੀ ਸੀ ਜਾਂਦਾ ਤਾਂ ਇਨ੍ਹੀਂ ਆਪ ਦੂਸਰੇ ਭਲਵਾਨ ਨੂੰ ਚੈਲੰਜ ਕਰ ਦੇਣਾ ਕਿ ਆ ਪਹਿਲਾਂ ਮੇਰੇ ਨਾਲ ਘੁਲ ਕੇ ਦੇਖ ਲੈ। ਚਾਚੇ ਬੰਤਾ ਸਿੰਘ ਦਾ ਬੁਢੇਪੇ ਸਮੇਂ ਤੱਕ ਵੀ ਸਰੀਰ ਰਿਸ਼ਟ-ਪੁਸ਼ਟ ਸੀ, ਇਹ ਸਿੱਧੇ ਖੜੇ ਹੋ ਕੇ ਅਪਣੀਆਂ ਦੋਵੇਂ ਹਥੇਲੀਆਂ ਜਮੀਨ ਤੇ ਲਾ ਦਿਆ ਕਰਦੇ ਸੀ ਜਿੱਥੇ ਕਿ ਅਜਿਹਾ ਕਰਨਾ ਨੌਜਵਾਨਾ ਲਈ ਬਹੁਤ ਔਖਾ ਕੰਮ ਹੁੰਦਾ ਸੀ। ਪਿਓ ਪੁੱਤ ਦੀ ਯਾਰੀ ਵੀ ਕਮਾਲ ਸੀ ਇਹ ਸਾਰਾ ਪਰਿਵਾਰ ਬਹੁਤ ਨੇਕ ਸੁਭਾਵ ਦਾ ਹੈ।

ਜਮਸ਼ੇਰ ਦੇ ਅਨੇਕਾਂ ਜੱਮਪਲ ਵਿਦੇਸ਼ਾਂ ਵਿੱਚ ਰਹਿੰਦੇ ਹਨ। ਇੰਗਲੈਂਡ ਦੇ ਵਿੱਚ ਵੀ ਜਮਸ਼ੇਰੀਆਂ ਦੀ ਗਿਣਤੀ ਬਹੁਤ ਹੈ। ਪਰਦੇਸਾਂ ਦੇ ਵਿੱਚ ਰਹਿ ਕੇ ਪਿੰਡ ਦੇ ਲੋਕਾਂ ਨੇ ਬਹੁਤ ਮੇਹਨਤ ਕੀਤੀ ਹੈ ਅਤੇ ਇਹਨਾਂ ਬਜੁਰਗਾਂ ਦੀ ਔਲਾਦ ਅੱਜ ਪੜ-ਲਿਖ ਕੇ ਚੰਗੀਆਂ ਨੌਕਰੀਆਂ ਤੇ ਲੱਗੀ ਹੋਈ ਹੈ। ਤਕਰੀਬਨ ਇਹਨਾਂ ਸਾਰਿਆਂ ਦੀ ਖੁਸ਼ਹਾਲ ਜਿੰਦਗੀ, ਰਹਿਣੀ ਬਹਿਣੀ ਅਤੇ ਸਲੀਕੇ ਦੇ ਵਿੱਚ ਅਨੋਖਾ ਬਦਲਾਵ ਆਇਆ ਹੈ। ਇਹ ਰੱਬੀ ਦੇਣ ਵੀ ਪਿੰਡ ਦੇ ਨਾਲ ਜੁੜੀ ਹੋਈ ਹੈ। ਪਿਤਾ ਜੀ ਆਪਣੇ ਪਿੰਡ ਦੇ ਲੋਕਾਂ ਨੂੰ ਮਿਲਦੇ ਰਹਿੰਦੇ ਸਨ ਅਤੇ ਇਹ ਸਾਰੇ ਇੱਕ ਦੂਸਰੇ ਨੂੰ ਮਿਲ ਕੇ ਬਹੁਤ ਖੁਸ਼ ਹੋਇਆ ਕਰਦੇ ਸਨ। ਮੇਰੇ ਪਿਤਾ ਜੀ ਦੇ ਮਿਤੱਰ ਸਰਦਾਰ ਕਰਨੈਲ ਸਿੰਘ ਗਿੱਲ ਅਤੇ ਉਹਨਾਂ ਦੇ ਸਾਰੇ ਭਰਾ ਬਰਮਿੰਘਮ ਵੁਲਵਰਹੈਂਪਟਨ ਦੇ ਵਿੱਚ ਰਹਿੰਦੇ ਹਨ। ਇਹਨਾਂ ਦੇ ਛੋਟੇ ਭਰਾ ਸਰਦਾਰ ਹਰਭਜਨ ਸਿੰਘ ਦਾ ਨਾਮ ਸਾਰੇ ਸਿੱਖ ਜਗਤ ਵਿੱਚ ਆਮ ਪ੍ਰਚੱਲਤ ਹੈ ਕਿਉਂਕਿ ਇਹਨੀਂ ਹਜ਼ੂਰ ਸਾਹਿਬ ਅਤੇ ਅੰਮ੍ਰਿਤਸਰ ਸਾਹਿਬ ਵਿਖੇ ਯਾਤਰੀਆਂ ਦੀ ਰਿਹਾਇਸ਼ ਵਾਸਤੇ ਕਈ ਇਮਾਰਤਾਂ ਬਣਾਈਆਂ ਹਨ। ਪਿੰਡ ਜਮਸ਼ੇਰ ਨੂਰਮਹਿਲ ਸੜਕ ਵਾਲੇ ਗੁਰਦੁਆਰੇ ਲਈ ਉਗਰਾਹੀ ਕਰਕੇ ਇਸਦੀ ਇਮਾਰਤ ਨੂੰ ਨਵਾਂ ਰੰਗ ਰੂਪ ਦਿੱਤਾ ਹੈ। ਇਹਨਾਂ ਦੇ ਮਾਤਾ ਜੀ ਬੜੇ ਮਿੱਠੇ ਸੁਭਾਵ ਦੇ ਮਾਈ ਲੋਈ ਦੇ ਨਾਮ ਨਾਲ ਪ੍ਰਸਿੱਧ ਸਨ। ਇਹ ਬਹੁਤ ਭਜਨੀਕ ਹੋਏ ਹਨ ਅਤੇ ਸ਼ਬਦ ਚੌਂਕੀ ਲਾਇਆ ਕਰਦੇ ਸਨ। ਮੇਰੀ ਦਾਦੀ ਜੀ ਹੋਰਾਂ ਦੇ ਨਾਲ ਇਹਨਾਂ ਦਾ ਆਪਸੀ ਬਹੁਤ ਪਿਆਰ ਹੁੰਦਾ ਸੀ ਕਿਉਂਕਿ ਇਹਨਾਂ ਦਾ ਖੂਹ ਸਾਡੇ ਖੇਤਾਂ ਦੇ ਸਾਹਮਣੇ ਹੁੰਦਾ ਸੀ। ਚਾਚਾ ਜੀ ਸਰਦਾਰ ਗੁਰਦੀਪ ਸਿੰਘ ਨਿਜ਼ੱਰ ਹੋਰੀ ਅੱਜ ਭਾਵੇਂ ਸਾਡੇ ਵਿੱਚ ਨਹੀ ਰਹੇ ਪਰ ਇਹਨਾਂ ਦੇ ਪਰਿਵਾਰ ਦੇ ਨਾਲ ਅੱਜ ਵੀ ਸਾਡੀ ਚੋਖੀ ਸਾਂਝ ਹੈ। ਇਹ ਪਹਿਲਾਂ ਬਰੈਡਫੋਰਡ ਰਿਹਾ ਕਰਦੇ ਸੀ ਅਤੇ ਪਿਤਾ ਜੀ ਦੇ ਨਾਲ ਕਾਰ ਰਾਹੀਂ ਇੰਗਲੈਂਡ ਤੋਂ ਇੰਡੀਆ ਵੀ ਗਏ ਸਨ। ਜਦੋਂ ਪਿਤਾ ਜੀ ਨੇ ਮੇਰੇ ਲਈ ਬਰੈਡਫੋਰਡ ਟੈਕਨੀਕਲ ਕਾਲਜ ਵਿੱਚ ਦਾਖਲਾ ਕਰਵਾਇਆ ਸੀ ਤਾਂ ਇਹਨਾਂ ਦੇ ਘਰ ਦਾ ਸਰਨਾਮਾਂ ਦਿੱਤਾ ਸੀ। ਚਾਚੀ ਜੀ ਇਹਨਾਂ ਦੀ ਪਤਨੀ

ਹੋਰਾਂ ਦੀ ਮੈਨੂੰ ਖਾਸ ਹਿਦਾਇਤ ਹੁੰਦੀ ਸੀ ਕਿ ਦੁਪਹਿਰ ਨੂੰ ਘਰ ਆ ਕੇ ਰੋਟੀ ਖਾਣੀ ਹੈ ਮੈਂ ਆਪਣੇ ਦੋਸਤਾਂ ਦੇ ਨਾਲ ਕੈਨਟੀਨ ਦੇ ਵਿੱਚ ਕੁੱਝ ਖਾ ਲੈਂਦਾ ਸੀ ਤਾਂ ਰਸਤੇ ਦੇ ਵਿੱਚ ਕਈ ਬਾਰ ਗੁਰਪਾਲ-ਪਾਲੇ ਨੇ ਮੈਨੂੰ ਮਿਲ ਪੈਣਾ, ਉਸਨੇ ਕਹਿਣਾ ਭਾ ਜੀ ਬੀਬੀ ਤੁਹਾਨੂੰ ਘਰ ਰੋਟੀ ਲਈ ਉਡੀਕਦੀ ਹੈ। ਇਹੋ ਜਿਹੀ ਸੁਹਿਰਦਤਾ ਭਰਪੂਰ ਪਿਤਾ ਜੀ ਅਤੇ ਚਾਚਾ ਗੁਰਦੀਪ ਸਿੰਘ ਹੋਰਾਂ ਦਾ ਆਪਸੀ ਪਿਆਰ ਹੁੰਦਾ ਸੀ। ਇਹਨਾਂ ਦੇ ਸਪੁੱਤਰ ਗੁਰਮੇਜ਼ ਸਿੰਘ ਲੀਡਜ਼ ਤੋਂ ਜਾ ਕੇ ਅੱਜਕਲ੍ਹ ਨੌਟੀਘੰਮ ਰਹਿਣ ਲੱਗ ਪਏ ਹਨ। ਗੁਰਮੇਜ਼ ਦਾ ਛੋਟਾ ਭਰਾ ਗੁਰਪਾਲ ਸਰ੍ਹੀ ਕਨੇਡਾ ਵਿੱਚ ਰਹਿੰਦਾ ਹੈ ਅਤੇ ਚਾਚੇ ਦਾ ਲੜਕਾ ਘੋਗੀ ਡਰਬੀ ਰਹਿਣ ਲੱਗ ਪਿਆ ਸੀ। ਚਾਚੀ ਜੀ ਪਾਲੇ ਦੇ ਕੋਲ ਕਨੇਡਾ ਰਹਿੰਦੇ ਹਨ ਜੋ ਕਿ ਬਹੁਤ ਮਿੱਠ ਬੋਲੜੇ ਅਤੇ ਬੱਚਿਆਂ ਦੇ ਸਨੇਹੀ ਹਨ। ਅੱਜ ਕੱਲ ਇਹਨਾਂ ਦੀ ਸੇਹਤ ਠੀਕ ਨਹੀਂ ਹੈ ਸੋ ਆਪਣੇ ਵੱਲੋਂ ਵਾਹਿਗੁਰੂ ਅੱਗੇ ਉਹਨਾਂ ਦੀ ਨਰੋਈ ਸੇਹਤ ਲਈ ਅਰਦਾਸ ਕਰਦਾ ਹਾਂ। ਖੁਸ਼ੀ ਹੁੰਦੀ ਹੈ ਕਿ ਇਹਨਾਂ ਦੇ ਬੱਚੇ ਆਪੋ ਆਪਣੇ ਕਾਰੋਬਾਰਾਂ ਦੇ ਵਿੱਚ ਕਾਮਯਾਬ ਹਨ। ਪਿਤਾ ਜੀ ਦੇ ਇੱਕ ਹੋਰ ਮਿੱਤਰ ਪਿੰਡ ਜਮਸ਼ੇਰ ਤੋਂ ਤਾਇਆ ਜੀ ਸਰਦਾਰ ਨਾਜ਼ਰ ਸਿੰਘ ਮੁਧੱੜ ਲੀਡਜ਼ ਰਹਿੰਦੇ ਸਨ, ਇਹਨਾਂ ਦੇ ਨਾਲ ਪਿਤਾ ਜੀ ਦਾ ਅਟੁੱਟ ਪਿਆਰ ਸੀ, ਘਰ ਦੇ ਮਸਲੇ ਵੀ ਇੱਕ ਦੂਸਰੇ ਦੀ ਸਲਾਹ ਦੇ ਨਾਲ ਨਜਿੱਠ ਲਿਆ ਕਰਦੇ ਸਨ। ਇਹ ਆਪਣੀ ਰਿਟਾਇਰਮੈਂਟ ਤੋਂ ਪਹਿਲਾਂ ਹੀ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਇਹਨਾਂ ਦੀਆਂ ਦੋ ਲੜਕੀਆਂ ਲੀਡਜ਼ ਰਹਿੰਦੀਆਂ ਹਨ ਅਤੇ ਦੋ ਲੜਕੀਆਂ ਵੁਲਵਰਹੈਂਮਪਟਨ ਰਹਿੰਦੀਆਂ ਹਨ। ਤਾਇਆ ਨਾਜ਼ਰ ਸਿੰਘ ਜੀ ਦੇ ਚਚੇਰੇ ਭਰਾ ਬਾਬੂ ਜੀ ਸਰਦਾਰ ਬੂਟਾ ਸਿੰਘ ਮੁੱਧੜ ਜੋ ਮੇਰੇ ਚਾਚਾ ਜਸਵੰਤ ਸਿੰਘ ਦੇ ਬਹੁਤ ਗੂੜ੍ਹੇ ਮਿੱਤਰ ਸਨ ਇਹ ਆਪਣੇ ਪਰਿਵਾਰ ਦੇ ਨਾਲ ਲੀਡਜ਼ ਹੀ ਰਹਿੰਦੇ ਹਨ। ਪਿੰਡ ਦੇ ਵਿਚ ਸਾਡੇ ਪਰਿਵਾਰ ਦੀ ਬਜ਼ੁਰਗ ਸਰਦਾਰ ਭੁੱਲਾ ਸਿੰਘ ਹੋਰਾਂ ਦੇ ਨਾਲ ਵੀ ਚਿਰੋਕਣੀ ਸਾਂਝ ਰਹੀ ਹੈ। ਉਹਨਾਂ ਦੇ ਬਰਖੁਰਦਾਰ ਸਰਦਾਰ ਗਿਆਨ ਸਿੰਘ ਜਿਹਨਾਂ ਨੂੰ ਪਟਵਾਰੀ ਵੀ ਕਿਹਾ ਜਾਂਦਾ ਸੀ ਉਹ ਵੀ ਲੀਡਜ਼ ਹੀ ਰਿਹਾ ਕਰਦੇ ਸਨ। ਉਹਨਾਂ ਦਾ ਪਿਤਾ ਜੀ ਦੇ ਨਾਲ ਬਹੁਤ ਤੇਹ ਹੁੰਦਾ ਸੀ। ਪਰ ਰੱਬ ਦਾ ਭਾਣਾ ਉਹ ਕਈ ਸਾਲ ਪਹਿਲਾਂ ਅਕਾਲ ਚਲਾਣਾ ਕਰ ਗਏ ਸਨ। ਅੱਜਕਲ੍ਹ ਉਹਨਾਂ ਦੀ ਪਤਨੀ ਅਤੇ ਲੜਕੀ ਕਨੇਡਾ, ਸ਼ਹਿਰ ਵਿਕਟੋਰੀਆ ਵਿੱਚ ਰਹਿੰਦੇ ਹਨ। ਬਾਕੀ ਪਰਿਵਾਰ ਦੇ ਮੈਂਬਰ ਉਹਨਾਂ ਦੇ ਸਾਰੇ ਭਰਾ ਅਸਟ੍ਰੇਲੀਆ ਚੰਗੇ ਕਾਰੋਬਾਰ ਕਰਦੇ ਹਨ। ਸਾਡੇ ਇੱਕ ਹੋਰ ਬਜ਼ੁਰਗ ਸਰਦਾਰ ਅੱਛਰ ਸਿੰਘ ਸ਼ੇਰਗਿਲ ਜੋ ਪਿੰਡ ਦੇ ਸਰਪੰਚ ਵੀ ਰਹਿ ਚੁੱਕੇ ਸਨ ਉਹਨਾਂ ਦੇ ਸਪੁੱਤਰ ਸਰਦਾਰ ਅਜੀਤ ਸਿੰਘ ਸ਼ੇਰਗਿਲ ਲੀਡਜ਼ ਹੀ ਰਹਿੰਦੇ ਹਨ ਅਤੇ ਸਾਡਾ ਸਾਰਿਆਂ ਦਾ ਆਪਸੀ ਕਾਫੀ ਮੇਲ ਮਿਲਾਪ ਬਣਿਆ ਹੋਇਆ ਹੈ। ਸਾਡੇ ਨਜਦੀਕ ਹੀ ਜਮਸ਼ੇਰ ਤੋਂ ਬਜੁਰਗ ਸ੍ਰੀ ਫਤਿਹ ਚੰਦ

ਜੀ ਹੋਰਾਂ ਦੇ ਸਪੁੱਤਰ ਸ੍ਰੀ ਸੁਖਦੇਵ ਰਾਜ ਅਤੇ ਰਸ਼ਪਾਲ ਜੀ ਲੀਡਜ਼ ਦੇ ਵਿੱਚ ਹੀ ਰਹਿੰਦੇ ਹਨ ਅਤੇ ਅਸੀਂ ਆਮ ਮਿਲਦੇ ਰਹੀਦਾ ਹੈ। ਸਰਪੰਚ ਸਰਦਾਰ ਸ਼ਿਵ ਸਿੰਘ, ਸ੍ਰੀ ਚਰਨ ਦਾਸ ਕੋਹਲੀ ਜੀ, ਸ੍ਰੀ ਫਤਿਹ ਚੰਦ ਜੀ, ਮੇਰੇ ਪਿਤਾ ਜੀ ਅਤੇ ਇਹਨਾਂ ਦੇ ਸਾਰੇ ਹੋਰ ਮਿੱਤਰ ਸੁਣਿਆ ਹੈ ਕਿ ਵਿਹਲੇ ਸਮੇਂ ਇੱਕਠੇ ਹੋ ਕੇ ਬਹੁਤ ਸ਼ੁਗਲ ਮੇਲਾ ਕਰਦੇ ਰਹਿੰਦੇ ਸਨ ਅਤੇ ਇਹਨਾਂ ਦੀ ਆਪਸੀ ਕਾਫੀ ਨੇੜਤਾ ਹੁੰਦੀ ਸੀ। ਇੰਗਲੈਂਡ ਵਿੱਚ ਰਹਿੰਦੇ ਪਿੰਡ ਦੇ ਸੱਜਣ ਮਿੱਤਰ ਕਦੀ ਕਦਾਈਂ ਖਾਸ ਮੌਕਿਆਂ ਤੇ ਮਿਲ ਪੈਂਦੇ ਹਨ ਅਤੇ ਪਿੰਡ ਦੀ ਯਾਦ ਤਾਜ਼ਾ ਹੋ ਜਾਂਦੀ ਹੈ।

ਪਿੰਡ ਦੇ ਕਈ ਬਹਾਦਰ ਨਾਮਵਰ ਫ਼ੌਜੀ ਹੋਏ ਹਨ ਜਿਹਨਾਂ ਨੇ ਜਾਪਾਨ, ਚੀਨ ਅਤੇ ਪਾਕਿਸਤਾਨ ਦੀ ਲੜਾਈ ਵਿੱਚ ਚੰਗੇ ਜੌਹਰ ਦਿਖਾਏ ਸਨ। ਸਰਦਾਰ ਰਾਮ ਸਿੰਘ ਏਅਰ ਫੋਰਸ ਦੇ ਵਿੱਚ ਹੁੰਦੇ ਸਨ ਜਿਹਨੀਂ ਜਾਪਾਨ ਦੀ ਲੜਾਈ ਸਮੇਂ ਬਹੁਤ ਬਹਾਦਰੀ ਦੀ ਜੰਗ ਲੜੀ ਸੀ ਅਤੇ ਇਹਨਾਂ ਨੂੰ ਰਾਸ਼ਟਰੀ ਅਵਾਰਡ ਦੇ ਨਾਲ ਸਨਮਾਨਿਤ ਕੀਤਾ ਗਿਆ ਸੀ। ਸਰਦਾਰ ਕੁਲਦੀਪ ਸਿੰਘ ਸਪੁੱਤਰ ਸਰਦਾਰ ਸੋਹਨ ਸਿੰਘ (ਸੂਰਮਾ) ਸ਼ੇਰਗਿੱਲ ਜੋ ਏਅਰ ਫੋਰਸ ਦੇ ਬੇਹਤਰੀਨ ਪਾਇਲਟ ਸਨ ਇਨ੍ਹਾਂ ਨੇ ਪਾਕਿਸਤਾਨ ਦੇ ਨਾਲ ਹੋਈ ਲੜਾਈ ਵਿੱਚ ਹੈਰਾਨੀ ਜਨਕ ਜਿੱਤ ਪ੍ਰਾਪਤ ਕੀਤੀ ਸੀ ਜਿਸਦੀ ਬਦੌਲਤ ਇਨ੍ਹਾਂ ਨੂੰ ਰਾਸ਼ਟਰੀ ਵੀਰ ਚੱਕਰ ਦੇ ਨਾਲ ਸਨਮਾਨਿਤ ਕੀਤਾ ਗਿਆ ਸੀ। ਇਹਨਾਂ ਦੇ ਵੱਡੇ ਭਰਾ ਸਰਦਾਰ ਅਜੀਤ ਸਿੰਘ ਸ਼ੇਰਗਿਲ ਪਿੰਡ ਦੇ ਸਰਪੰਚ ਵੀ ਰਹੇ ਸਨ। ਕੁਲਦੀਪ ਸਿੰਘ ਦੇ ਛੋਟੇ ਭਰਾ ਆਪਣੇ ਦੋਸਤਾਂ ਵਿੱਚ ਮੰਨ੍ਹਾ ਕਰਕੇ ਜਾਣੇ ਜਾਂਦੇ ਹਨ। ਇਹ ਆਪਣੇ ਪਰਿਵਾਰ ਦੇ ਨਾਲ ਲੰਡਨ ਰਹਿੰਦੇ ਹਨ। ਬੱਬਰ ਲਹਿਰ ਦੇ ਬਹਾਦਰ ਸ਼ਹੀਦ ਸਰਦਾਰ ਦਲਬਾਰਾ ਸਿੰਘ ਅਤੇ ਸਰਦਾਰ ਭੋਲਾ ਸਿੰਘ ਨੂੰ ਪੰਜਾਬ ਗੌਰਮਿੰਟ ਨੇ ਸਟੇਟ ਅਵਾਰਡ ਦੇ ਕੇ ਸਨਮਾਨਿਤ ਕੀਤਾ ਸੀ। ਭਲਵਾਨ ਦਲਵੀਰ ਸਿੰਘ ਦੇ ਪਿਤਾ ਜੀ ਸਰਦਾਰ ਬੰਤਾ ਸਿੰਘ ਸ਼ੇਰਗਿੱਲ ਜਿਹਨਾਂ ਦਾ ਤਖੱਲਸ ਜੈ ਹਿੰਦ ਕਰਕੇ ਮਸ਼ਹੂਰ ਹੈ ਇਹ ਹਿੰਦੁਸਤਾਨ ਦੀ ਆਜ਼ਾਦੀ ਸਮੇਂ ਸ੍ਰੀ ਸੁਭਾਸ਼ ਚੰਦਰ ਬੋਸ ਦੀ ਫ਼ੌਜ਼ ਦੇ ਵਿੱਚ ਭਰਤੀ ਹੋਏ ਸਨ। ਇਨ੍ਹਾਂ ਦਾ ਜੀਵਨ ਵਿਲੱਖਣ ਅਤੇ ਰਹੱਸਵਾਦੀ ਹੁੰਦਾ ਸੀ ਜਿਹੜਾ ਵੀ ਇਨਸਾਨ ਇਨ੍ਹਾਂ ਦੇ ਸੰਪਰਕ ਵਿੱਚ ਆਇਆ ਉਹ ਇਨ੍ਹਾਂ ਨੂੰ ਕਦਾਚਿਤ ਨਹੀ ਸੀ ਭੁੱਲ ਸਕਦਾ ਇਹ ਵੀ ਲੀਡਜ਼ ਦੀ ਮਹਾਨ ਸ਼ਖਸੀਅਤ ਸਨ। ਇਹਨਾਂ ਦੇ ਬਚਿੱਆਂ ਨੇ ਵੀ ਚੰਗਾ ਨਾਮਣਾ ਖੱਟਿਆ ਹੈ। ਇਹਨਾਂ ਦਾ ਆਪਣਾ ਕਾਰੋਬਾਰ ਹੈ ਅਤੇ ਪਰਿਵਾਰ ਦੇ ਸਾਰੇ ਜੀਅ ਮੇਹਨਤੀ ਹਨ। ਇਸ ਸ਼ਹਿਰ ਦੇ ਵਿੱਚ ਇਹਨਾਂ ਦਾ ਕਾਫੀ ਰਸੂਖ ਹੈ। ਸ੍ਰੀ ਹੰਸ ਰਾਜ ਬੱਗਾ ਜੀ ਫ਼ੌਜ਼ ਦੇ ਵਿੱਚੋਂ ਲੈਫਟੀਨੈਂਟ ਔਹਦੇ ਤੋਂ ਰਿਟਾਇਰਡ ਹੋਏ ਸਨ ਅਤੇ ਸਾਡੇ ਪਿੰਡ ਦੇ ਸਰਪੰਚ ਵੀ ਰਹੇ ਸਨ। ਮੇਰੇ ਖਿਆਲ ਵਿੱਚ ਸਰਪੰਚ ਦੇ ਔਹਦੇ ਤੇ ਵਧੇਰੇ ਸਮਾਂ

ਪਿਤਾ ਜੀ ਦੇ ਦੋਸਤ ਨੰਬਰਦਾਰ ਸਰਦਾਰ ਸ਼ਿਵ ਸਿੰਘ ਸ਼ੇਰਗਿਲ ਹੋਰੀਂ ਰਹੇ ਹਨ। ਕਹਿੰਦੇ ਹਨ ਕਿ ਸ੍ਰੀ ਅਸ਼ਨਵੀ ਕੁਮਾਰ ਹੋਰਾਂ ਦੇ ਨਾਨਕੇ ਵੀ ਜਮਸ਼ੇਰ ਹੁੰਦੇ ਸਨ ਅਤੇ ਇਨ੍ਹਾਂ ਦੀ ਰਿਸ਼ਤੇਦਾਰੀ ਸ਼ਰਦ ਪਰਿਵਾਰ ਦੇ ਨਾਲ ਜੋੜੀ ਜਾਂਦੀ ਹੈ। ਸ੍ਰੀ ਅਸ਼ਵਨੀ ਕੁਮਾਰ ਜੀ ਜਲੰਧਰ ਸੰਨ 1965 ਦੇ ਵਿੱਚ ਆਈ.ਜੀ ਹੁੰਦੇ ਸਨ। ਪਾਕਿਸਤਾਨ ਦੀ ਜੰਗ ਸਮੇਂ ਅਸੀਂ ਖਾਲਸਾ ਕਾਲਜ ਪੜਦੇ ਹੁੰਦੇ ਸੀ ਅਤੇ ਰਾਤ ਨੂੰ ਹਵਾਈ ਹਮਲੇ ਤੋਂ ਬਚਣ ਲਈ ਲਾਈਟਾਂ ਬੰਦ ਕਰਨੀਆਂ ਪੈਂਦੀਆਂ ਸਨ। ਇੱਕ ਦਿਨ ਸ਼ਹਿਰ ਦੇ ਵਿੱਚ ਸਾਡੀ ਡਿਊਟੀ ਲੱਗੀ ਹੋਈ ਸੀ ਅਤੇ ਸ੍ਰੀ ਅਸ਼ਨਵੀ ਕੁਮਾਰ ਆ ਰਹੇ ਸਨ ਇਨ੍ਹਾਂ ਦੀ ਕਾਰ ਦੀਆਂ ਲਾਈਟਾ ਜਗ ਰਹੀਆਂ ਸਨ ਅਸੀ ਕਾਰ ਨੂੰ ਰੋਕਣ ਲਈ ਇਸ਼ਾਰਾ ਕੀਤਾ ਡਰਾਈਵਰ ਬਾਹਰ ਆ ਗਿਆ ਉਸਨੇ ਕਿਹਾ ਮੁੰਡਿਓ ਤੁਹਾਨੂੰ ਪਤਾ ਨਹੀ ਕਿਸਦੀ ਕਾਰ ਹੈ, ਉਸੇ ਵਕਤ ਸ੍ਰੀ ਅਸ਼ਵਨੀ ਕੁਮਾਰ ਹੋਰੀਂ ਸਾਨੂੰ ਸ਼ਾਬਾਸ਼ ਦਿੱਤੀ ਕਿ ਅਸੀਂ ਸਹੀ ਢੰਗ ਦੇ ਨਾਲ ਆਪਣੀ ਡਿਊਟੀ ਨਿਭਾ ਰਹੇ ਸੀ। ਸ਼ੰਕਰ ਤੋਂ ਵਿਦੇਸ਼ੀ ਮਿਨਿਸਟਰ ਸਰਦਾਰ ਸਵਰਨ ਸਿੰਘ ਦੀ ਰਿਸ਼ਤੇਦਾਰੀ ਵੀ ਜਮਸ਼ੇਰ ਪਿੰਡ ਦੱਸੀ ਜਾਂਦੀ ਹੈ। ਸਰਦਾਰ ਕੁਲਦੀਪ ਸਿੰਘ ਨਿਜ਼ੱਰ ਕੈਨਟੋਨਮੈਂਟ ਹਾਇਰ ਸੈਕੰਡਰੀ ਸਕੂਲ ਦੇ ਵਿੱਚ ਪੀ.ਟੀ. ਹੁੰਦੇ ਸਨ। ਇਹਨਾਂ ਨੇ ਹੀ ਮੈਨੂੰ ਇਸੇ ਸਕੂਲ ਵਿੱਚ ਦਾਖਲ ਕਰਵਾਇਆ ਸੀ। ਮੈਂ ਮੈਟਰਿਕ ਕਲਾਸ ਇਸੇ ਸਕੂਲ ਵਿੱਚੋਂ ਪਾਸ ਕੀਤੀ ਸੀ ਉਸ ਸਮੇਂ ਅਸੀਂ ਚਾਰ ਵਿਦਿਆਰਥੀਆਂ ਨੇ ਮੈਟਰਿਕ ਦੇ ਪੇਪਰ ਇੰਗਲਿਸ਼ ਮਾਧਿਅਮ ਦੇ ਵਿੱਚ ਦਿੱਤੇ ਸਨ। ਮੈਂ ਸਾਰੇ ਸਕੂਲ ਦਾ ਮੌਨੀਟਰ ਵੀ ਹੁੰਦਾ ਸੀ। ਪੀ.ਟੀ. ਜੀ ਹੋਰਾਂ ਦੇ ਕਹਿਣ ਤੇ ਹੀ ਸਕੂਲ ਦੀ ਫੁਟਬਾਲ ਦੀ ਟੀਮ ਦੇ ਵਿੱਚ ਮੈਂ ਖੇਡਿਆ ਕਰਦਾ ਸੀ ਅਤੇ ਇੱਕ ਸਾਲ ਅਸੀਂ ਸਾਰੀ ਕੈਨਟੋਨਮੈਂਟ ਡਿਵੀਜ਼ਨ ਨੂੰ ਜਿੱਤਿਆ ਵੀ ਸੀ। ਸੰਨ 1960 ਦੀ ਗੱਲ ਹੋਣੀ ਹੈ ਜਦੋਂ ਪੰਜਾਬ ਸਟੇਟ ਦੇ ਸਕਾਊਟਸ ਨੇ ਬੈਂਗਲੋਰ ਸਕਾਊਟ-ਸੰਮੇਲਨ ਦੇ ਵਿੱਚ ਹਿੱਸਾ ਲਿਆ ਸੀ। ਇਸ ਸੰਮੇਲਨ ਦੇ ਵਿੱਚ ਹਿੰਦੁਸਤਾਨ ਦੇ ਸਾਰੇ ਸੂਬਿਆਂ ਨੇ ਆਪਣੇ ਸਕੂਲਾਂ ਦੇ ਸਕਾਊਟਸ ਭੇਜੇ ਸਨ। ਪੰਜਾਬ ਤੋਂ ਪੂਰੀ ਰੇਲ-ਗੱਡੀ ਬੁੱਕ ਕੀਤੀ ਹੋਈ ਸੀ, ਆਪਣੇ ਸਕੂਲ ਦੀ ਸਕਾਊਟਸ ਟੀਮ ਦਾ ਮੈਂ ਮੋਹਰੀ ਹੁੰਦਾ ਸੀ। ਬੈਂਗਲੌਰ ਚਾਰ ਹਫਤਿਆਂ ਦਾ ਪਰੋਗਰਾਮ ਸੀ। ਅਖੀਰਲੇ ਹਫਤੇ ਵੱਖ ਵੱਖ ਟੀਮਾਂ ਨੇ ਪਰਦਰਸ਼ਨੀ ਕੀਤੀ ਸੀ, ਪੰਜਾਬ ਨੇ ਕਈ ਇਨਾਮ ਵੀ ਜਿੱਤੇ ਸਨ ਅਤੇ ਕਈ ਸੂਬਿਆਂ ਨੇ ਆਪਣੇ ਸਭਿੱਆਚਾਰਕ ਨਮੂਨੇ ਪੇਸ਼ ਕਰਦਿਆਂ ਕਈ ਤਰ੍ਹਾਂ ਦੇ ਇਨਾਮ ਪ੍ਰਾਪਤ ਕੀਤੇ ਸਨ। ਇਸ ਸਕੂਲ ਦੇ ਵਿੱਚ ਸੰਸਾਰਪੁਰ, ਖੁਸਰੋਪੁਰ ਅਤੇ ਲਾਗਲੇ ਪਿੰਡਾਂ ਦੇ ਖਿਡਾਰੀ ਜਿਹਨੀਂ ਇੰਡੀਆ ਦੀਆਂ ਟੀਮਾਂ ਵਿੱਚ ਖੇਡਿਆ ਹੈ ਇਹ ਪੀ.ਟੀ. ਕੁਲਦੀਪ ਸਿੰਘ ਹੋਰਾਂ ਦੀ ਮੇਹਨਤ ਦਾ ਪ੍ਰਤੱਖ ਸਬੂਤ ਹੈ। ਮੇਰੇ ਸਮਕਾਲੀ ਹਾਕੀ ਦੇ ਖਿਡਾਰੀ ਅਜੀਤ ਪਾਲ ਦਾ ਨਾਮ ਦੁਨੀਆਂ ਦੇ ਵਿੱਚ ਕੌਣ ਨਹੀ ਜਾਣਦਾ, ਇਹ ਵੀ ਪੀ.ਟੀ. ਕੁਲਦੀਪ ਸਿੰਘ ਹੋਰਾਂ ਦੇ ਚੇਲੇ ਬਾਲਕੇ ਹੀ ਰਹੇ

ਹਨ। ਇਹਨਾਂ ਦੀ ਦੇਖ ਰੇਖ ਹੇਠ ਅਨੇਕਾਂ ਹੀ ਖਿਡਾਰੀ ਪੰਜਾਬ ਅਤੇ ਇੰਡੀਆ ਪੱਧਰ ਤੇ ਖੇਡਦੇ ਰਹੇ ਹਨ। ਸਰਦਾਰ ਚੰਨਣ ਸਿੰਘ ਨਿੱਜ਼ਰ ਖਾਲਸਾ ਕਾਲਜ ਜਲੰਧਰ ਕਈ ਸਾਲ ਪੀ.ਟੀ. ਰਹੇ ਸਨ। ਖੇਡਾਂ ਵਿੱਚ ਇਸ ਕਾਲਜ ਦਾ ਨਾਮ ਉਹਨੀਂ ਦਿਨੀਂ ਬਹੁਤ ਮਸ਼ਹੂਰ ਹੁੰਦਾ ਸੀ। ਖਾਲਸਾ ਕਾਲਜ ਨੇ ਵੀ ਨਾਮਵਰ ਖਿਡਾਰੀ ਤਿਆਰ ਕੀਤੇ ਹਨ ਜਿਹਨੀਂ ਪੰਜਾਬ ਪੱਧਰ ਤੇ ਅਤੇ ਕਈ ਖਿਡਾਰੀਆਂ ਨੇ ਦੁਨੀਆਂ ਦੇ ਖੇਡ ਮੰਚ ਤੇ ਹਿੰਦੁਸਤਾਨ ਦਾ ਨਾਮ ਰੌਸ਼ਨ ਕੀਤਾ ਹੈ। ਇਹਨਾਂ ਖਿਡਾਰੀਆਂ ਵਿੱਚੋਂ ਫੁਟਬਾਲ ਟੀਮ ਦੇ ਮਸ਼ਹੂਰ ਮੇਰੇ ਸਮਕਾਲੀ ਅਮਰਜੀਤ ਸਿੰਘ ਜੋ ਅੱਜ ਕੱਲ ਲੀਡਜ਼ ਰਹਿੰਦੇ ਹਨ ਇਹਨਾਂ ਦੇ ਨਾਲ ਟੀਮ ਦੇ ਵਿੱਚ ਤਰਲੋਚਨ ਸਿੰਘ ਹੁੰਦੇ ਸਨ ਜੋ ਅਮ੍ਰਿਤਸਰ ਕੋਚ ਲੱਗੇ ਹੋਏ ਹਨ। ਮੇਰੇ ਦੋਸਤ ਸੰਤੋਖ ਸਿੰਘ ਢਿੱਲੋਂ ਦੇ ਛੋਟੇ ਭਰਾ ਸ਼ੰਗਾਰਾ ਸਿੰਘ 400 ਮੀਟਰ ਦੀ ਦੌੜ ਲਾਇਆ ਕਰਦੇ ਸੀ ਅਤੇ ਇਹਨਾਂ ਦੀ ਭੂਆ ਜੀ ਦੇ ਲੜਕੇ ਜਰਨੈਲ ਸਿੰਘ 800 ਮੀਟਰ ਦੀ ਦੌੜ ਲਾਇਆ ਕਰਦੇ ਸੀ ਜੋ ਡਰਬੀ ਰਹਿੰਦੇ ਹਨ। ਇਹ ਦੋਵੇਂ ਭਰਾ ਪੰਜਾਬ ਅਤੇ ਇੰਡੀਆ ਪੱਧਰ ਦੇ ਖਿਡਾਰੀ ਮੰਨੇ ਜਾਂਦੇ ਸਨ। ਮੋਹਣ ਸਿੰਘ ਕਬੱਡੀ ਦੇ ਅਤੇ ਨਰਿੰਦਰ ਸਿੰਘ ਜੈਵਲਿਨ ਦੇ ਖਿਡਾਰੀ ਮਸ਼ਹੂਰ ਸਨ। ਜਮਸ਼ੇਰ ਤੋਂ ਕੁਲਵੰਤ ਸਿੰਘ ਮੁੱਧੜ ਹਾਕੀ ਟੀਮ ਦੇ ਕਪਤਾਨ ਰਹੇ ਹਨ। ਮੇਰਾ ਛੋਟਾ ਵੀਰ ਅਜੀਤ ਪਾਲ ਸਿੰਘ ਹਾਕੀ ਦੇ ਸਿਰਮੌਰ ਖਿਡਾਰੀ ਜਲੰਧਰ ਕੈਂਟ ਹਾਈ ਸਕੂਲ ਅਤੇ ਖਾਲਸਾ ਕਾਲਜ ਜਲੰਧਰ ਦੇ ਵਿਦਿਆਰਥੀ ਹੁੰਦੇ ਹੋਏ ਇੰਡੀਆ ਹਾਕੀ ਟੀਮ ਦੇ ਕਪਤਾਨ ਬਣਕੇ ਸੱਮੁਚੇ ਸੰਸਾਰ ਅੰਦਰ ਜਾਣੇ ਜਾਂਦੇ ਹਨ। ਇਸੇ ਤਰਾਂ ਹੋਰ ਬਹੁਤ ਮਸ਼ਹੂਰ ਖਿਡਾਰੀ ਪੀ.ਟੀ. ਚੰਨਣ ਸਿੰਘ ਨਿੱਜਰ ਹੋਰਾਂ ਦੀ ਦੇਖ-ਰੇਖ ਹੇਠ ਨਾਮਵਰ ਸਿੱਧ ਹੋਏ ਹਨ। ਸਾਡੇ ਪਿੰਡ ਦੇ ਸਰਦਾਰ ਅਮਰ ਸਿੰਘ ਹੋਰੀ ਵੀ ਰਾਮਗੜੀਆ ਕਾਲਜ ਫਗਵਾੜੇ ਦੇ ਪ੍ਰਿੰਸੀਪਲ ਰਹਿ ਚੁੱਕੇ ਹਨ। ਇਹ ਸ਼ਖਸੀਅਤ ਵੀ ਜਮਸ਼ੇਰ ਪਿੰਡ ਦੀ ਮਹਾਨ ਦੇਣ ਹੈ। ਇਨ੍ਹਾਂ ਦੀ ਵੀ ਕੌਮ ਪ੍ਰਤੀ ਬਹੁਤ ਘਾਲਣਾ ਹੈ ਜਿਹਨੀ ਫਗਵਾੜੇ ਸਟੇਡੀਅਮ, ਪੌਲੀਟੈਕਨਿਕ, ਮੌਡਲ ਸਕੂਲ, ਲੜਕੀਆਂ ਲਈ ਕਾਲਜ ਬਣਾਉਣ ਵਿੱਚ ਅਥਾਹ ਯੋਗਦਾਨ ਪਾਇਆ ਹੈ। ਇਹਨੀਂ ਗਿਆਨੀ ਹਰਦਿੱਤ ਸਿੰਘ ਹੋਰਾਂ ਦੇ ਸਹਿਯੋਗ ਦੇ ਨਾਲ ਅਫਰੀਕਾ ਅਤੇ ਇੰਗਲੈਂਡ ਵਰਗੇ ਪ੍ਰਦੇਸਾਂ ਵਿੱਚ ਜਾ ਕੇ ਵਿੱਦਿਅਕ ਅਦਾਇਰਿਆ ਲਈ ਮਾਇਆ ਦੀ ਉਗਰਾਹੀ ਕੀਤੀ ਸੀ। ਪਿੰਡ ਦੇ ਲੋਕ ਭਾਵੇਂ ਵੱਖ ਵੱਖ ਬਰਾਦਰੀਆਂ ਨੂੰ ਸਬੰਧਤ ਹੋਣ ਪਰ ਜਮਸ਼ੇਰ ਦੇ ਇਹ ਸਾਰੇ ਲੋਕ ਮਿਲ਼ਨਸਾਰ ਅਤੇ ਇੱਕ ਦੂਸਰੇ ਦੇ ਹਿਮਾਇਤੀ ਹੁੰਦੇ ਸਨ। ਪਿੰਡ ਦੀਆਂ ਹੋਰ ਅਨੇਕ ਮਹਾਨ ਸ਼ਖਸੀਅਤਾ ਹਨ ਜਿਹਨਾਂ ਦਾ ਪਤਾ ਨਾ ਹੋਣ ਕਰਕੇ ਜਿਕਰ ਕਰਨਾ ਸੰਭਵ ਨਹੀ ਹੈ। ਕਈਆਂ ਦੇ ਨਾਮ ਰਹਿ ਵੀ ਗਏ ਹੋਣਗੇ ਸੋ ਆਸ ਕਰਦਾ ਹਾਂ ਕਿ ਅਗਰ ਉਹਨਾਂ ਦਾ ਜਿਕਰ ਨਹੀਂ ਵੀ ਕਰ ਸਕਿਆ ਤਾਂ ਉਹ ਮੌਕੇ ਦੀ ਅਸੰਭਵ ਨਜ਼ਾਕਤ ਨੂੰ ਸਮਝਣ ਦੇ ਸਮਰੱਥ ਹੋਣਗੇ।

ਜਮਸ਼ੇਰ ਦੀਆਂ ਅਨੇਕਾਂ ਘਟਨਾਵਾਂ ਹਨ ਜੋ ਅੱਜ ਯਾਦਾਂ ਦੇ ਰੂਪ ਵਿੱਚ ਮਨ ਨੂੰ ਟੁੰਬ ਜਾਂਦੀਆਂ ਹਨ। ਵੈਸਾਖੀ ਦਾ ਮੇਲਾ ਆਮ ਮਸ਼ਹੂਰ ਹੁੰਦਾ ਸੀ। ਇਸ ਮੇਲੇ ਵਿੱਚ ਖਾਣ ਪੀਣ ਲਈ ਭਾਂਤ ਭਾਂਤ ਦੀਆਂ ਦੁਕਾਨਾਂ, ਮੁਟਿਆਰਾਂ ਨੇ ਭੰਗੂੜੇ ਝੂਟਣੇ, ਗਾਉਣ ਵਾਲਿਆਂ ਦੇ ਅਖਾੜੇ ਲੱਗਣੇ ਕਿਤੇ ਅਲਗੋਜ਼ੇ ਬੱਜਣੇ, ਕਿਤੇ ਬੋਲੀਆਂ ਕਿਤੇ ਰਾਗ ਅਲਾਪੇ ਜਾਣੇ, ਨਕਲੀਆਂ ਨੇ ਨਕਲਾਂ ਕਰਨੀਆਂ, ਬਾਜ਼ੀਗਰਾਂ ਨੇ ਬਾਜ਼ੀਆਂ ਲਾਉਣੀਆਂ, ਭਲਵਾਨਾ ਦੀਆਂ ਕੁਸ਼ਤੀਆਂ ਹੋਣੀਆਂ, ਰੱਸਾ ਖਿੱਚਣ ਦੇ ਮੁਕਾਬਲੇ ਆਦਿ ਲੋਕਾਂ ਨੂੰ ਖੁਸ਼ ਕਰਨ ਦੇ ਅਨੇਕ ਸਾਧਨ ਹੁੰਦੇ ਸਨ। ਮੇਲੇ ਦੇ ਵਿੱਚ ਮਿੱਤਰਾਂ ਦੀਆਂ ਢਾਣੀਆਂ ਇੱਧਰ ਉੱਧਰ ਫਿਰਨੀਆਂ, ਹਾਸੇ ਮਖੌਲ ਹੋਣੇ ਕਿੰਨੇ ਚੰਗੇ ਲਗਦੇ ਸਨ। ਇਹ ਸਾਰਾ ਕੁੱਝ ਜਦੋਂ ਚੇਤੇ ਆਉਂਦਾ ਹੈ ਤਾਂ ਸੋਚੀ ਦਾ ਹੈ ਕਿ ਅਸੀਂ ਇੱਥੇ ਬੈਠੇ ਕੀ ਕਰਦੇ ਹਾਂ। ਕਿਉਂ ਅਸੀਂ ਪਿੰਡ ਛੱਡ ਕੇ ਪਰਦੇਸਾਂ ਵਿੱਚ ਬੈਠ ਗਏ। ਪਰ ਦੂਸਰੇ ਹੀ ਪਲ ਨਿਰਾਸ਼ਾ ਹੁੰਦੀ ਹੈ ਕਿ ਅੱਜ ਸਾਡੇ ਹਾਣੀ ਉੱਥੇ ਨਹੀ ਰਹੇ, ਨਾ ਹੀ ਪਹਿਲਾਂ ਵਾਂਗ ਉਹ ਰੌਣਕਾ ਹਨ। ਉਹ ਸਮਾਂ ਬੀਤ ਗਿਆ, ਸੋਚ ਬਦਲ ਗਈ ਮਾਹੌਲ ਬਦਲ ਗਿਆ, ਰਿਸ਼ਤੇ ਬਦਲ ਗਏ ਕਹਿੰਦੇ ਹਨ ਕਿ ਜੋ ਸਮਾਂ ਬੀਤ ਗਿਆ ਉਹ ਮੁੜਕੇ ਹੱਥ ਨਹੀ ਆਉਂਦਾ, ਭਵਿੱਖ ਦਾ ਕੁੱਝ ਪਤਾ ਨਹੀ ਸੋ ਮੌਜੂਦਾ ਵਕਤ ਹੀ ਵਿਚਾਰਨਾ ਸਿਆਣਪ ਹੈ।

## ਵਡੇਰਿਆਂ ਦੀ ਜਬਾਨੀ ਪਿਤਾ ਜੀ ਦਾ ਬਚਪਣ

ਦੁਗੱਲ ਪਰਿਵਾਰ ਦੇ ਮੁੱਢ-ਕਦੀਮੀ ਰਿਹਾਇਸ਼ ਦੀ ਜਦੋਂ ਗੱਲ ਹੁੰਦੀ ਹੈ ਤਾਂ ਕਈ ਧਾਰਨਾਵਾਂ ਦਿੱਤੀਆਂ ਜਾਦੀਆਂ ਹਨ। ਕਹਿੰਦੇ ਹਨ ਇਹਨਾਂ ਦਾ ਜੱਦੀ ਪਿੰਡ ਲੱਦੇਵਾਲੀ ਹੁੰਦਾ ਸੀ ਪਰ ਇਸ ਗੱਲ ਦੀ ਪੁਸ਼ਟੀ ਨਹੀ ਹੋ ਰਹੀ ਕਿ ਕਦੋਂ ਇਹਨਾਂ ਦੇ ਬਜੁਰਗ ਪਿੰਡ ਜਮਸ਼ੇਰ ਆ ਕੇ ਵੱਸ ਗਏ ਸਨ। ਖੈਰ ਮਜ਼ਮੂਨ ਮੇਰੇ ਪਿਤਾ ਜੀ ਸਰਦਾਰ ਕ੍ਰਿਪਾਲ ਸਿੰਘ ਹੋਰਾਂ ਤਾਈਂ ਹੀ ਮਹਿਦੂਦ ਹੈ ਸੋ ਗੱਲ ਮੁਖਤਸਰ ਕਰਨੀ ਹੀ ਠੀਕ ਰਹੇਗੀ। ਇਨ੍ਹਾਂ ਦਾ ਜਨਮ ਪਿੰਡ ਜਮਸ਼ੇਰ ਖਾਸ ਵਿਖੇ ਪਿਤਾ ਸਰਦਾਰ ਤੇਜਾ ਸਿੰਘ, ਮਾਤਾ ਕਰਤਾਰ ਕੌਰ ਦੀ ਕੁੱਖੋਂ 13 ਸਤੰਬਰ ਸੰਨ 1924 ਨੂੰ ਹੋਇਆ ਇਹ ਘਰ ਦੀ ਵਹੀ ਤੇ ਲਿਖਿਆ ਹੋਇਆ ਮਿਲਦਾ ਹੈ। ਘਰ ਦੇ ਵਿੱਚ ਇਹ ਵੱਡੇ ਬੇਟੇ ਸਨ, ਪਰਵਾਰ ਦੇ ਵਿੱਚ ਵੈਸੇ ਹੀ ਵੱਡੇ ਲੜਕੇ ਤੋਂ ਬਹੁਤੀ ਆਸ ਰੱਖੀ ਜਾਂਦੀ ਹੈ ਸੋ ਅਗਾਂਹ ਇਹਨਾ ਦੇ ਸਿਰ ਤੇ ਭੈਣਾ ਭਰਾਵਾਂ ਅਤੇ ਘਰੇਲੂ ਦੇਖ-ਰੇਖ ਦੀ ਜੁੰਮੇਵਾਰੀ ਕਿੱਡੀ ਵੱਡੀ ਪੈਣੀ ਸੀ ਇਸ ਗੱਲ ਦਾ ਸ਼ਾਇਦ ਹਾਲੇ ਇਨ੍ਹਾਂ ਨੂੰ ਅਹਿਸਾਸ ਨਹੀਂ ਸੀ ਹੋਇਆ। ਬਚਪਨ ਦਾ ਸਮਾਂ ਹਾਣੀਆਂ ਦੇ ਨਾਲ ਖੇਲਣ ਕੁੱਦਣ ਅਤੇ ਘਰ ਦੇ ਮਾੜੇ ਮੋਟੇ ਕੰਮ ਕਰ ਦੇਣ ਦਾ ਇਹਸਾਸ ਹੀ ਜਿਤਾਉਂਦਾ ਹੈ। ਮਾਤਾ ਪਿਤਾ ਭੈਣਾ

ਅਤੇ ਭਰਾਵਾਂ ਦੇ ਨਾਲ ਰਿਸ਼ਤੇਦਾਰੀ ਦਾ ਲਗਾਉ ਘੱਟ ਹੀ ਹੋਇਆ ਕਰਦਾ ਹੈ ਕਿਉਂਕਿ ਹਾਲੇ ਅਪਣੱਤਤਾ ਦੀ ਆਪਸੀ ਕਸ਼ਿਸ਼ ਜਾਹਰਾ ਪ੍ਰਗਟ ਨਹੀ ਹੋਈ ਹੁੰਦੀ ਬਲਕਿ ਬੱਚਿਆਂ ਦਾ ਧਿਆਨ ਵਿਚਿੱਤਰਤਾ ਦੇ ਵਿੱਚ ਰਮਿਆ ਹੋਇਆ ਆਪਣੀ ਮਸਤੀ ਦਾ ਦ੍ਰਿਸ਼ਟਾਂਤ ਹੁੰਦਾ ਹੈ। ਇਹੋ ਵਜ਼ਾ ਹੈ ਕਿ ਜਿਆਦਾ ਤੌਰ ਤੇ ਹਾਣੀਆਂ ਦੇ ਨਾਲ ਬਹੁਤਾ ਸਮਾਂ ਬਤੀਤ ਕਰਨ ਲਈ ਬੱਚੇ ਦਾ ਮਨ ਤੱਤਪਰ ਰਹਿੰਦਾ ਹੈ। ਬਾਬਾ ਜੀ ਕਹਿੰਦੇ ਸਨ ਕਿ ਤੇਰੇ ਪਿਓ ਦਾ ਬਚਪਨ ਵੀ ਇਸੇ ਤਰ੍ਹਾਂ ਆਮ ਬਚਿੱਆਂ ਵਾਂਗ ਗੁਜਰਿਆ ਸੀ। ਮਾਤਾ ਪਿਤਾ ਦਾ ਸੁਪਨਾ ਅਕਸਰ ਬੱਚੇ ਦੇ ਸ਼ਾਨਦਾਰ ਭਵਿੱਖ ਦੀ ਉਸਾਰੀ ਵੱਲ ਚਿਤਵਿਆ ਹੁੰਦਾ ਹੈ। ਬੱਚੇ ਦੇ ਵਿਕਾਸ ਵਾਰੇ ਕਈ ਤਰਾਂ ਦੇ ਅੰਦਾਜੇ ਲਾਏ ਜਾਂਦੇ ਹਨ। ਕਹਿੰਦੇ ਹਨ ਕਿ ਮੇਰੇ ਪਿਤਾ ਜੀ ਦੀ ਵਿਰਤੀ ਕਈ ਗੱਲਾਂ ਦੇ ਵਿੱਚ ਬਹੁਤ ਵਿਭਿੰਨ ਤਰਾਂ ਦੀ ਸੀ। ਇਹਨਾਂ ਦੇ ਅੰਦਰ ਚੁਸਤੀ ਅਤੇ ਇਰਦ ਗਿਰਦ ਦੇ ਵਾਤਾਵਰਣ ਨੂੰ ਪਰਖਣ ਦੀ ਜਿਆਦਾ ਚੇਸ਼ਟਾ ਹੁੰਦੀ ਸੀ। ਸ਼ਰਾਰਤਾਂ ਕਰਨੀਆਂ ਜਾਂ ਹਾਣੀਆਂ ਨੂੰ ਆਪਣੀ ਗੱਲ ਮਨਾਉਣੀ ਇਨ੍ਹਾਂ ਦਾ ਸੁਭਾਵ ਅਤੇ ਇਨ੍ਹਾਂ ਦੀਆਂ ਖੂਬੀਆਂ ਹੁੰਦੀਆਂ ਸਨ। ਜਦੋਂ ਇਹਨਾਂ ਗੱਲਾਂ ਦਾ ਮੈਨੂੰ ਪਤਾ ਲੱਗਾ ਤਾਂ ਮੇਰੀ ਆਪਣੀ ਸੁਰਤ ਆਪਣੀ ਦਾਦੀ ਦੇ ਰੋਹਬਦਾਬ ਵਤੀਰੇ ਵੱਲ ਆਪ ਮੁਹਾਰੇ ਚਲੀ ਗਈ। ਘਰ ਦੇ ਮੌਜੂਦਾ ਸਾਰੇ ਜੀਅ ਇਸ ਗੱਲ ਦੇ ਨਾਲ ਸਹਿਮਤ ਹਨ ਕਿ ਚੁਸਤੀ ਅਤੇ ਹਾਜ਼ਰ-ਜਵਾਬ ਦੀ ਪ੍ਰਕਿਰਿਆ ਦੇ ਵਿੱਚ ਮਾਂ ਪੁੱਤ ਦੋਵਾਂ ਨੂੰ ਇੱਕੋ ਜਿਹੀ ਮਹਾਰਤ ਹਾਸਲ ਸੀ। ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਇਹੋ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਪਿਤਾ ਜੀ ਜਾਤੀਗਤ ਤੌਰ ਤੇ ਹੂ-ਬ-ਹੂ ਮੇਰੀ ਦਾਦੀ ਜੀ ਤੇ ਗਏ ਸਨ। ਬੇਬੇ ਹੋਰਾਂ ਦੀ ਉੱਚ ਸੋਚ, ਯਾਦਸ਼ਕਤੀ ਅਤੇ ਸਥਿਰਤਾ ਬਹੁਤ ਪ੍ਰਬਲ ਸੀ। ਅਸੀਂ ਕਈ ਵਾਰ ਬੇਬੇ ਹੋਰਾਂ ਨੂੰ ਖਿਝਾਉਣਾ ਕਿ ਬੇਬੇ ਜੇ ਤੂੰ ਚਾਰ ਜਮਾਤਾ ਪੜ੍ਹ ਜਾਂਦੀ ਤਾਂ ਅੱਜ ਕਿਤੇ ਨਾਮਵਰ ਜੱਜ ਲੱਗੀ ਹੋਣਾ ਸੀ, ਸ਼ਾਇਦ ਇਹ ਗੱਲ ਕਹਿਣ ਦੀ ਹੀ ਨਹੀ ਬਲਕਿ ਉਹਨਾਂ ਦੀ ਆਪਣੀ ਕਾਬਲੀਅਤ ਦਾ ਵੀ ਸਬੂਤ ਸੀ ਅਤੇ ਇਹ ਹਕੀਕਤ ਵੀ ਹੋ ਸਕਦੀ ਸੀ ਅਗਰ ਉਹ ਕਿਤੇ ਉੱਚ ਪੜ੍ਹਾਈ ਕਰ ਲੈਂਦੇ। ਬੇਬੇ ਹੋਰਾਂ ਦੀ ਯਾਦਦਾਸ਼ਤ ਦੀ ਗੱਲ ਕਰਨੀ ਵੀ ਢੁਕਵਾਂ ਵਿਸ਼ਾ ਹੈ। ਬੇਬੇ ਹੋਰੀਂ ਸਾਡੇ ਨਾਲ ਬਹੁਤ ਪੁਰਾਣੀਆਂ ਗੱਲਾਂ ਕਰਿਆ ਕਰਦੇ ਸਨ, ਇਹ ਵੀ ਕਹਿੰਦੇ ਸਨ ਕਿ ਉਨ੍ਹਾਂ ਨੂੰ ਸਾਰਾ ਕੁੱਝ ਚੇਤੇ ਹੁੰਦਾ ਸੀ ਕੇ ਪਿਛਲੇਰੇ ਕਈ ਸਾਲਾਂ ਤੋਂ ਕਿਹੜੇ ਸਾਲ ਕਿਸ ਖੇਤ ਦੇ ਵਿੱਚ ਕਿਹੜਾ ਬੀਜ ਬੀਜਿਆ ਸੀ, ਕਿਹੜੀ ਫ਼ਸਲ ਚੰਗੀ ਹੋਈ ਸੀ ਅਤੇ ਕਿਹੜੀ ਮਾੜੀ ਹੋਈ ਸੀ।

ਪਿਤਾ ਜੀ ਦੇ ਜਨਮ ਤੋਂ ਬਾਦ ਮੇਰੀ ਵੱਡੀ ਭੂਆ ਜੀ ਦਾ ਜਨਮ ਹੋਇਆ ਅਤੇ ਭੈਣ ਭਰਾ ਦੀ ਜੋੜੀ ਬਣ ਗਈ। ਬਾਕੀ ਦੇ ਭੈਣ ਭਰਾ ਇਹਨਾਂ ਤੋਂ ਕਾਫੀ ਛੋਟੇ ਸਨ।

ਭੂਆ ਜੀ ਅੱਜ ਵੀ ਕਈ ਵਾਰ ਗੱਲ ਕਰਦੇ ਹਨ ਕਿ ਉਹ ਛੋਟੀ ਉਮਰ ਦੀ ਸੀ ਅਤੇ ਵੱਡੇ ਵੀਰੇ ਤੋਂ ਬਹੁਤ ਡਰਦੀ ਸੀ ਅਚਾਨਕ ਇੱਕ ਦਿਨ ਉਹਨਾਂ ਦੀ ਮਾਸੀ ਜੀ ਮੇਲੇ ਤੋਂ ਵਾਲਾਂ ਵਿਚ ਲਾਉਣ ਵਾਲੀਆਂ ਸੂਈਆਂ ਖਰੀਦ ਕੇ ਲੈ ਆਈ ਉਹਨੀਂ ਭੂਆ ਜੀ ਨੂੰ ਲਾਉਣ ਲਈ ਦੇ ਦਿੱਤੀਆਂ ਅਤੇ ਇਹਨੀ ਖੁਸ਼ ਹੁੰਦਿਆਂ ਹੋਇਆਂ ਆਪਣੇ ਵਾਲਾਂ ਵਿਚ ਲਾ ਲਈਆਂ ਉਸੇ ਸਮੇਂ ਪਤਾ ਨਹੀ ਕਿੱਧਰੋਂ ਪਿਤਾ ਜੀ ਆ ਗਏ, ਭੂਆ ਜੀ ਨੂੰ ਉਦੋਂ ਹੀ ਪਤਾ ਲੱਗਾ ਜੱਦ ਤਾੜ ਕਰਦੀ ਉਸਦੇ ਦੇ ਮੂੰਹ ਤੇ ਚਪੇੜ ਪੈ ਗਈ। ਉਸੇ ਵਕਤ ਸੂਈਆਂ ਲਹਿ ਗਈਆਂ ਅਤੇ ਕੰਨ ਫੜ ਕੇ ਮਾਫ਼ੀ ਵੀ ਮੰਗਣੀ ਪਈ। ਭੂਆ ਜੀ ਦੱਸਦੇ ਸਨ ਕਿ ਵੀਰਾ ਬੇਬੇ ਵਾਂਗ ਬਹੁਤ ਸਖਤ ਸੁਭਾਵ ਦਾ ਹੁੰਦਾ ਸੀ। ਇਸਦਾ ਘਰ ਦੇ ਵਿੱਚ ਬਹੁਤ ਰੋਹਬ ਹੁੰਦਾ ਸੀ। ਇਹ ਸਾਰੇ 5 ਭਰਾ ਅਤੇ 4 ਭੈਣਾ ਸਨ ਪਰ ਤਿੰਨ ਜੀਅ ਪਰਲੋਕ ਸਿਧਾਰ ਗਏ ਸਨ। ਇਹਨਾਂ ਦੇ ਦੋ ਭਰਾ ਬਲਦੇਵ ਸਿੰਘ ਅਤੇ ਪ੍ਰੇਮ ਸਿੰਘ ਲੀਡਜ਼ ਇੰਗਲੈਂਡ ਰਹਿੰਦੇ ਹਨ। ਇਹਨਾਂ ਦੀ ਇੱਕ ਭੈਣ ਬੀਬੀ ਗੁਰਮੇਜ਼ ਕੌਰ ਆਪਣੇ ਛੋਟੇ ਬੇਟੇ ਜਤਿੰਦਰ ਪਾਲ ਸਿੰਘ ਅਤੇ ਉਸਦੇ ਪਰਿਵਾਰ ਦੇ ਨਾਲ ਨਿਊਜ਼ੀਲੈਂਡ ਰਹਿੰਦੇ ਹਨ। ਭੂਆ ਜੀ ਦਾ ਵੱਡਾ ਲੜਕਾ ਹਰਵਿੰਦਰ ਸਿੰਘ ਆਪਣੇ ਪਰਿਵਾਰ ਦੇ ਨਾਲ ਆਸਟਰੇਲੀਆ ਰਹਿੰਦਾ ਹੈ ਅਤੇ ਇਹਨਾਂ ਦੀ ਲੜਕੀ ਹਰਿੰਦਰ ਕੌਰ ਪੰਜਾਬ-ਦਸੂਹੇ ਰਹਿੰਦੀ ਹੈ ਜਿਸਦਾ ਪਤੀ ਪਰਮਜੀਤ ਸਿੰਘ ਗੰਨੇ ਦੀ ਮਿੱਲ ਦੇ ਵਿੱਚ ਮਸ਼ੀਨਰੀ ਦੀ ਦੇਖ-ਭਾਲ ਕਰਦਾ ਹੈ। ਪਿਤਾ ਜੀ ਦੀ ਇੱਕ ਭੈਣ ਕ੍ਰਿਪਾਲ ਕੌਰ ਅਤੇ ਸਾਰਿਆਂ ਤੋਂ ਛੋਟਾ ਭਰਾ ਗੁਰਮੇਲ ਸਿੰਘ ਪੰਜਾਬ ਰਹਿੰਦੇ ਹਨ। ਇਨ੍ਹਾਂ ਦੀ ਇੱਕ ਭੂਆ ਅਤੇ ਇੱਕ ਚਾਚਾ ਜੀ ਸਨ। ਪਿਤਾ ਜੀ ਦੇ ਬਾਬਾ ਜੀ ਸਰਦਾਰ ਬੇਲਾ ਸਿੰਘ ਉਸ ਸਮੇਂ ਦੇ ਪੜ੍ਹੇ-ਲਿਖੇ ਅਤੇ ਨੌਕਰੀ ਪੇਸ਼ੇ ਤੋਂ ਡਾਕਖਾਨੇ ਮਹਿਕਮੇ ਦੇ ਵਿੱਚ ਤਾਰ ਬਾਬੂ ਹੁੰਦੇ ਸਨ। ਪਿਤਾ ਜੀ ਦੇ ਬਾਬਾ ਜੀ ਦੇ ਵੱਡੇ ਭਰਾਤਾ ਜੀ ਸਰਦਾਰ ਗੁਰਦਿੱਤ ਸਿੰਘ ਜੀ ਸਨ, ਜਿਹਨਾਂ ਦੇ ਤਿੰਨ ਲੜਕੇ ਸਰਦਾਰ ਦਲੇਲ ਸਿੰਘ, ਸਰਦਾਰ ਅਲਬੇਲ ਸਿੰਘ, ਸਰਦਾਰ ਸੁਹੇਲ ਸਿੰਘ ਹੋਏ ਹਨ। ਇਹਨਾਂ ਤਿੰਨਾ ਭਰਾਵਾਂ ਦੀ ਇੱਕ ਭੈਣ ਬੀਬੀ ਠਾਕਰ ਕੌਰ ਸੀ ਜੋ ਕਿ ਸਰਦਾਰ ਹੁਕਮ ਸਿੰਘ ਹੋਰਾਂ ਦੀ ਪਤਨੀ ਫਰਾਲ੍ਹੇ ਦੇ ਕੋਲ ਪਿੰਡ ਸੰਨਮੀ ਵਿਆਹੇ ਹੋਏ ਸਨ। ਸਰਦਾਰ ਅਲਬੇਲ ਸਿੰਘ ਦੇ ਤਿੰਨ ਲੜਕੇ ਸਰਦਾਰ ਜਗੀਰ ਸਿੰਘ, ਸਰਦਾਰ ਅਜੀਤ ਸਿੰਘ, ਸਰਦਾਰ ਜਸਵੰਤ ਸਿੰਘ, ਅਤੇ ਤਿੰਨ ਲੜਕੀਆਂ ਬੀਬੀ ਪ੍ਰੀਤਮ ਕੌਰ, ਬੀਬੀ ਸੁਰਜੀਤ ਕੌਰ ਅਤੇ ਬੀਬੀ ਗੁਰਮੀਤ ਕੌਰ ਸਨ। ਸਰਦਾਰ ਦਲੇਲ ਸਿੰਘ ਦੇ ਦੋ ਲੜਕੇ ਸਰਦਾਰ ਪ੍ਰੀਤਮ ਸਿੰਘ, ਸਰਦਾਰ ਕਰਤਾਰ ਸਿੰਘ ਅਤੇ ਦੋ ਲੜਕੀਆਂ ਬੀਬੀ ਰਾਜਾਂ ਅਤੇ ਰਾਓ ਹੁੰਦੀਆਂ ਸੀ। ਸਰਦਾਰ ਸੁਹੇਲ ਸਿੰਘ ਦੇ ਚਾਰ ਲੜਕੇ ਸਰਦਾਰ ਅਮਰ ਸਿੰਘ, ਸਰਦਾਰ ਸੋਹਣ ਸਿੰਘ, ਸਰਦਾਰ ਮੋਹਣ ਸਿੰਘ, ਸਰਦਾਰ ਸੰਤੋਖ ਸਿੰਘ ਅਤੇ ਇੱਕ ਲੜਕੀ ਬੀਬੀ ਅਮਰ ਕੌਰ ਸੀ। ਸਰਦਾਰ ਬੇਲਾ ਸਿੰਘ ਅਤੇ ਸਰਦਾਰ

ਗੁਰਦਿੱਤ ਸਿੰਘ ਦੇ ਪਿਤਾ ਜੀ ਸਰਦਾਰ ਗੁਰਮੁਖ ਸਿੰਘ ਸਨ ਸੋ ਜਿੱਥੇ ਤੱਕ ਪਿਛੋਕੜ ਵਾਰੇ ਪਤਾ ਚੱਲਦਾ ਹੈ ਇਸ ਲਿਹਾਜ਼ ਦੇ ਨਾਲ ਸਾਰੇ ਦੁੱਗਲ ਪਰਿਵਾਰ ਦੇ ਮੋਢੀ ਸਰਦਾਰ ਗੁਰਮੁਖ ਸਿੰਘ ਜੀ ਹੋਏ ਹਨ ਜਿਹਨਾਂ ਬਾਰੇ ਕਿਹਾ ਜਾਂਦਾ ਹੈ ਕਿ ਇਹ ਬਹੁਤ ਗੁਰਮੁਖ ਇਨਸਾਨ ਸਨ ਜਿਹਨੀਂ ਖੰਡੇ ਬਾਟੇ ਦੀ ਪਾਹੁਲ ਛਕੀ ਹੋਈ ਸੀ ਅਤੇ ਨਿਤ-ਨੇਮੀ ਸੱਚੀ ਸੁੱਚੀ ਕਿਰਤ ਕਰਿਆ ਕਰਦੇ ਸਨ। ਤਾਇਆ ਦਲੇਲ ਸਿੰਘ ਜੀ ਦੁੱਗਲ ਪਰਿਵਾਰ ਦੇ ਨਾਮਵਰ ਬੁਲਾਰੇ ਰਹੇ ਹਨ। ਇਹ ਪੰਥ ਦੀ ਇੱਕ ਮਹਾਨ ਸ਼ਕਸੀਅਤ ਸਨ ਜਿਹਨੀਂ ਸੰਨ 1922/25 ਦੇ ਨਨਕਾਣਾ ਸਾਹਿਬ ਵਿੱਚ ਹੋਏ ਮੋਰਚੇ ਦੀ ਅਗਵਾਈ ਕੀਤੀ ਸੀ, ਇਹਨਾਂ ਦੀ ਗੂੜ੍ਹੀ ਮਿੱਤਰਤਾ ਸਰਦਾਰ ਕਰਮ ਸਿੰਘ ਕਿਰਤੀ ਹੋਰਾਂ ਦੇ ਨਾਲ ਹੁੰਦੀ ਸੀ ਜੋ ਕਿ ਤਾਇਆ ਜੀ ਹੋਰਾਂ ਦੇ ਨਾਲ ਇੱਕਠੇ ਮੋਰਚਿਆਂ ਤੇ ਜਾਇਆ ਕਰਦੇ ਸੀ। ਸੰਨ 1939 ਦੇ ਮੋਰਚੇ ਦੌਰਾਨ ਰੁੜਕਾਂ ਕਲਾਂ ਵਿਖੇ ਇਹਨਾਂ ਨੂੰ ਗਰਿਫਤਾਰ ਕਰ ਲਿਆ ਗਿਆ ਸੀ। ਸੰਨ 1947 ਤੋਂ ਪਹਿਲਾਂ ਇੱਕ ਪੰਥਕ ਮੋਰਚਾ ਪੰਜਾ ਸਾਹਿਬ ਗੁਰਦੁਆਰਾ ਵਿਖੇ ਹੋਇਆ ਸੀ ਜਿਸ ਵਿੱਚ ਇਹ ਸਰਦਾਰ ਕਰਮ ਸਿੰਘ ਕਿਰਤੀ ਹੋਰਾਂ ਦੇ ਨਾਲ ਮੁਖੀ ਪੰਥਕ ਦਰਦੀ ਦੇ ਤੌਰ ਤੇ ਪਰਿਵਾਰਕ ਚਿੱਤਰਸ਼ਾਲਾ ਸਫ਼ੇ ਤੇ ਫੋਟੋ ਦੇ ਵਿੱਚ ਦੇਖੇ ਜਾ ਸਕਦੇ ਹਨ। ਤਾਇਆ ਜੀ ਦੇਸ਼-ਭਗਤੀ ਦੇ ਤੌਰ ਤੇ ਅਕਾਲੀ ਪਾਰਟੀ ਦੇ ਸਵਤੰਤਰਤਾ ਸੰਗਰਾਮੀ ਆਗੂ ਮੰਨੇ ਜਾਂਦੇ ਸਨ। ਸੰਨ 1920 ਦੇ ਵਿੱਚ ਅਕਾਲੀ ਪਾਰਟੀ ਦਾ ਵਜ਼ੂਦ ਹੋਂਦ ਵਿੱਚ ਆਇਆ ਸੀ ਅਤੇ ਸੰਨ 1927 ਦੇ ਵਿੱਚ ਤਾਇਆ ਦਲੇਲ ਸਿੰਘ ਜੀ ਐਸ.ਜੀ.ਪੀ.ਸੀ, ਦੀ ਚੋਣ ਜਿੱਤ ਕੇ ਇਸ ਸੰਸਥਾ ਦੇ ਮੈਂਬਰ ਨਿਯੁੱਕਤ ਹੋਏ ਸਨ ਅਤੇ ਸਾਰੀ ਜਿੰਦਗੀ ਅਕਾਲੀ ਪਾਰਟੀ ਦੇ ਇਹ ਮੈਂਬਰ ਬਣੇ ਰਹੇ ਸਨ। ਇਹਨੀਂ ਅੰਗ੍ਰੇਜ਼ਾਂ ਦੇ ਸਮੇਂ ਖਾਲਸਾ ਹਾਈ ਸਕੂਲ ਜਲੰਧਰ ਨੂੰ ਕਾਲਜ ਬਣਾਉਣ ਲਈ ਬੇਅੰਤ ਯਤਨ ਕੀਤੇ ਸਨ। ਇਹਨਾਂ ਦੇ ਵੱਡੇ ਸਪੁੱਤਰ ਸਰਦਾਰ ਪ੍ਰੀਤਮ ਸਿੰਘ ਆਪਣੇ ਪਿਤਾ ਵਾਂਗ ਲੋਕ ਭਲਾਈ ਹਿੱਤ ਕਾਂਗਰਸ ਪਾਰਟੀ ਦੇ ਮੋਹਤਬਾਰ ਮੈਂਬਰ ਰਹੇ ਸਨ। ਤਾਇਆ ਪ੍ਰੀਤਮ ਸਿੰਘ ਜੀ ਅਤੇ ਤਾਇਆ ਜਗੀਰ ਸਿੰਘ ਜੀ ਦੋਵੇਂ ਕੌਮ ਭਲਾਈ ਹਿੱਤ ਕਾਂਗਰਸ ਪਾਰਟੀ ਦੇ ਨਾਮਵਰ ਮੈਂਬਰ ਰਹੇ ਸਨ। ਸ਼ਹੀਦ ਬਾਬੂ ਲਾਭ ਸਿੰਘ , ਸਵਰਗਵਾਸੀ ਮਨਿਸਟਰ ਸਰਦਾਰ ਸਵਰਨ ਸਿੰਘ, ਸਰਦਾਰ ਕਰਮ ਸਿੰਘ ਕਿਰਤੀ, ਸਰਦਾਰ ਦਰਸ਼ਨ ਸਿੰਘ ਕੇ.ਪੀ., ਮਾਸਟਰ ਗੁਰਬੰਤਾ ਸਿੰਘ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸਰਦਾਰ ਦਰਬਾਰਾ ਸਿੰਘ ਇਹਨਾਂ ਦੇ ਬਹੁਤੇ ਕਰੀਬ ਮਿੱਤਰ ਰਹੇ ਹਨ। ਤਾਇਆ ਦਲੇਲ ਸਿੰਘ ਹੋਰਾਂ ਨੂੰ ਵੀ ਪਿਤਾ ਜੀ ਤੇ ਬਹੁਤ ਮਾਣ ਸੀ ਕਿਉਂਕਿ ਇਹ ਸ਼ੁਰੂ ਤੋਂ ਹੀ ਚੇਤੰਨ ਅਤੇ ਪ੍ਰਭਾਵਸ਼ਾਲੀ ਸਨ। ਪਿਤਾ ਜੀ ਦੇ ਜੀਵਨ ਤੇ ਬਹੁਤਾ ਪ੍ਰਭਾਵ ਤਾਇਆ ਦਲੇਲ ਸਿੰਘ ਜੀ ਦੀਆਂ ਪ੍ਰਾਪਤੀਆਂ ਦਾ ਹੋਣਾ ਸੁਭਾਵਿਕ ਗੱਲ ਮੰਨੀ ਜਾ ਸਕਦੀ ਹੈ। ਇਸਦੇ ਨਾਲ ਹੀ ਇਹਨਾਂ ਦੇ ਚਾਚਾ ਕਰਮ

ਸਿੰਘ ਹੋਰਾਂ ਦੇ ਜੀਵਨ ਦਾ ਅਕਸ ਵੀ ਪਿਤਾ ਜੀ ਦੇ ਜੀਵਨ ਉੱਤੇ ਇੱਕ ਅਹਿਮ ਛਾਪ ਹੈ।

ਪਿਤਾ ਜੀ ਦੀ ਪੜਦਾਦੀ ਜਿਸਨੂੰ ਵੱਡੀ ਮਾਂ ਕਹਿਕੇ ਪੁਕਾਰਿਆ ਜਾਂਦਾ ਸੀ ਦੱਸਦੇ ਹਨ ਕਿ ਇਹ ਬਹੁਤ ਸਖਤ ਸੁਭਾਵ ਦੀ ਹੁੰਦੀ ਸੀ। ਘਰ ਵਿੱਚ ਅਤੇ ਹਰ ਪਾਸੇ ਉਸਦਾ ਬਹੁਤ ਦੱਬ-ਦਬਾ ਹੁੰਦਾ ਸੀ। ਪਿਤਾ ਜੀ ਹੋਰਾਂ ਦੇ ਪਿਤਾ ਜੀ ਸਰਦਾਰ ਤੇਜਾ ਸਿੰਘ ਅਤੇ ਚਾਚਾ ਜੀ ਸਰਦਾਰ ਕਰਮ ਸਿੰਘ ਹੋਰੀਂ ਛੋਟੀ ਉਮਰ ਵਿੱਚ ਹੀ ਸਨ ਜਦੋਂ ਮੇਰੇ ਬਾਬਾ ਜੀ ਦੀ ਦਾਦੀ ਜੀ ਅਕਾਲ ਚਲਾਣਾ ਕਰ ਗਏ ਸਨ। ਫਿਰ ਇਨ੍ਹਾਂ ਦੀ ਮਾਤਾ ਦਾ ਵੀ ਸਾਇਆ ਸਿਰ ਤੇ ਨਾ ਰਿਹਾ ਤਾਂ ਵੱਡੀ ਮਾਂ ਜੀ ਉਤਮ ਦਈ ਨੇ ਜੋ ਸਰਦਾਰ ਗੁਰਦਿੱਤ ਸਿੰਘ ਦੀ ਪਤਨੀ ਸਨ ਉਹਨੀਂ ਚੱਕ ਕਲਾਂ ਤੋਂ ਆਪਣੀਆਂ ਦੋਵੇਂ ਭਤੀਜੀਆਂ ਦੇ ਰਿਸ਼ਤੇ ਮੇਰੇ ਬਾਬਾ ਤੇਜਾ ਸਿੰਘ ਅਤੇ ਪਿਤਾ ਜੀ ਦੇ ਚਾਚਾ ਕਰਮ ਸਿੰਘ ਨੂੰ ਕਰ ਦਿੱਤੇ ਤਾਂ ਕਿ ਰੋਟੀ ਦਾ ਕੋਈ ਵਸੀਲਾ ਬਣ ਸਕੇ। ਇਹ ਮਾਂ ਜੀ ਤਾਏ ਦਲੇਲ ਸਿੰਘ, ਅਲਬੇਲ ਸਿੰਘ, ਸੁਹੇਲ ਸਿੰਘ ਅਤੇ ਭੂਆ ਠਾਕਰ ਕੌਰ ਦੀ ਮਾਤਾ ਜੀ ਸਨ। ਚਾਚਾ ਕਰਮ ਸਿੰਘ ਹੋਰਾਂ ਦੇ ਘਰੋਂ ਚਾਚੀ ਈਸਰ ਕੌਰ ਵੀ ਕੁੱਝ ਸਮਾਂ ਪਾਕੇ ਗੁਜਰ ਗਈ ਸੀ ਸੋ ਇਹ ਦੋਵੇਂ ਭਰਾ, ਦਾਦੀ ਜੀ, ਪਿਤਾ ਜੀ, ਮੇਰੀਆਂ ਭੂਆ ਅਤੇ ਚਾਚੇ ਪਿੱਛੇ ਰਹਿ ਗਏ ਸਨ। ਇਹ ਵੱਡਾ ਪਰਿਵਾਰ ਸੀ ਅਤੇ ਘਰ ਦੇ ਖਾਣ ਵਾਲੇ ਜੀਅ ਜਿਆਦਾ ਸਨ ਸੋ ਘਰ ਦਾ ਗੁਜ਼ਾਰਾ ਤੋਰਨਾ ਬਹੁਤਾ ਔਖਾ ਹੋ ਗਿਆ ਸੀ। ਭਾਵੇਂ ਨਾਨਕੀ ਪਿੰਡੀ ਦੇ ਨਾਲ ਲੱਗਦੀ ਸਾਡੀ ਜੱਦੀ ਜਮੀਨ 15 ਕਿੱਲੇ ਹੁੰਦੀ ਸੀ ਪਰ ਇਹ ਸਾਰੀ ਜਮੀਨ ਬੰਜਰ ਸੀ। ਇਹ ਬਹੁਤੀ ਉਪਜਾਊ ਨਾ ਹੋਣ ਕਰਕੇ ਕਣਕ ਦਾ ਝਾੜ ਵੀ ਘੱਟ ਹੀ ਹੁੰਦਾ ਸੀ ਬਾਕੀ ਦੀ ਕੁੱਝ ਰੇਤਲੀ ਜਮੀਨ ਵਿੱਚ ਆਮ ਮੂੰਗਫਲੀ ਬੀਜ ਦਿੱਤੀ ਜਾਂਦੀ ਸੀ। ਪਿਤਾ ਜੀ ਦੇ ਚਾਚਾ ਜੀ ਅਤੇ ਮੇਰੇ ਚਾਚਾ ਬਲਦੇਵ ਸਿੰਘ ਹੋਰੀਂ ਕੱਚੀ ਮੂੰਗਫਲੀ ਖਾਣ ਦੇ ਬਹੁਤ ਸ਼ੌਕੀਨ ਹੁੰਦੇ ਸਨ ਜਿਸਦੇ ਕਾਰਣ ਇਹਨਾਂ ਨੂੰ ਨਜ਼ਲਾ ਕਾਫੀ ਹੋ ਜਾਇਆ ਕਰਦਾ ਸੀ। ਉਹਨੀਂ ਦਿਨੀ ਪਿੰਡ ਦੇ ਵਿੱਚ ਸ੍ਰੀ ਕਾਲੀ ਸਰਨ ਟੰਡਨ ਹੋਰਾਂ ਦੀ ਕਪੜੇ ਦੀ ਦੁਕਾਨ ਹੁੰਦੀ ਸੀ। ਇਹਨਾਂ ਦੇ ਨਾਲ ਬਾਬਾ ਜੀ ਤੇਜਾ ਸਿੰਘ ਹੋਰਾਂ ਦੇ ਚੰਗੇ ਤਲਕਾਤ ਸਨ ਸੋ ਲੋੜ ਮੁਤਾਬਿਕ ਟੰਡਨ ਹੋਰੀ ਹਮੇਸ਼ਾਂ ਦੁੱਗਲ ਪਰਿਵਾਰ ਦੇ ਸਹਾਈ ਹੋਇਆ ਕਰਦੇ ਸਨ। ਉਹ ਸਮਾਂ ਸਾਡੇ ਪਰਿਵਾਰ ਤੇ ਸਿਖਰ ਗਰੀਬੀ ਦਾ ਪਹਿਰ ਹੁੰਦਾ ਸੀ। ਇਹ ਕਹਾਵਤ ਸੱਚ ਹੀ ਹੈ ਕਿ ਜਿਸ ਦਾਤੇ ਨੇ ਜੀਅ ਪੈਦਾ ਕੀਤੇ ਹਨ ਉਸੇ ਨੇ ਉਹਨਾਂ ਲਈ ਕਿਤੇ ਨਾ ਕਿਤੇ ਅਵੱਸ਼ ਆਹਰ-ਪਾਹਰ ਦਾ ਬੰਦੋਬਸਤ ਕੀਤਾ ਹੁੰਦਾ ਹੈ। ਕਾਲੀ ਸਰਨ ਜੀ ਸਾਡੇ ਪਰਿਵਾਰ ਲਈ ਉਸ ਸਮੇਂ ਖੁਆਉਣ-ਪਿਆਉਣ ਦਾ ਸਾਧਨ ਬਣ ਕੇ ਸਾਡੇ ਲਈ ਸਹਾਈ ਹੋਏ ਹੁੰਦੇ ਰਹੇ। ਇਹਨਾਂ ਦਾ ਸਾਡੇ ਸਿਰ ਕਰਜ਼

ਰਹਿੰਦਾ ਸੀ ਅਤੇ ਮੇਰੇ ਬਾਬਾ ਜੀ ਆਪਣੀ ਘੱਟ ਕਮਾਈ ਦੇ ਵਿਚੋਂ ਇਸ ਕਰਜ਼ ਨੂੰ ਯਤਨ ਕਰਦੇ ਰਹੇ ਸਨ। ਕਾਲੀ ਸਰਨ ਜੀ ਦੇ ਉਪਕਾਰ ਨੂੰ ਕਦੀ ਵੀ ਭੁਲਾਇਆ ਨਹੀ ਜਾ ਸਕਦਾ। ਇਸੇ ਤਰਾਂ ਪਿਤਾ ਜੀ ਦੇ ਤਾਇਆਂ ਨੇ ਵੀ ਮੇਰੇ ਬਾਬਾ ਜੀ ਦੇ ਸਾਰੇ ਜੀਆਂ ਦਾ ਖਿਆਲ ਰੱਖਿਆ। ਸ੍ਰੀ ਕਾਲੀ ਸਰਨ ਹੋਰਾਂ ਦੇ ਵੱਡੇ ਲੜਕੇ ਭੀਮਾ ਜੀ ਹਨ ਅਤੇ ਛੋਟੇ ਲੜਕੇ ਗੋਲੂ ਅੱਜਕਲ੍ਹ ਆਪਣੇ ਪਰਿਵਾਰ ਸਮੇਤ ਬਰਮਿੰਘਮ ਰਹਿੰਦੇ ਹਨ। ਇਹਨਾਂ ਦਾ ਕਪੜੇ ਦਾ ਵਧੀਆ ਕਾਰੋਬਾਰ ਚੱਲਦਾ ਹੈ ਅਤੇ ਇੰਗਲੈਂਡ ਦੇ ਵਿੱਚ ਰਹਿੰਦਿਆਂ ਵੀ ਇਹਨਾਂ ਦਾ ਆਉਣਾ ਜਾਣਾ ਹਮੇਸ਼ਾਂ ਪਹਿਲਾ ਵਾਂਗ ਸਾਡੇ ਪਰਿਵਾਰ ਦੇ ਨਾਲ ਅੱਜਕਲ੍ਹ ਵੀ ਬਰਕਰਾਰ ਹੈ। ਗੋਲੂ ਹੋਰਾਂ ਦਾ ਪਰਿਵਾਰ ਬਹੁਤ ਨਿੱਘੇ ਸੁਭਾਵ ਦਾ ਹੈ ਅਤੇ ਸਾਰੇ ਘਰ ਦੇ ਜੀਅ ਵੱਡਿਆਂ ਦਾ ਸਤਿਕਾਰ ਕਰਨ ਵਾਲੇ ਹਨ ਇਹਨਾਂ ਦਾ ਆਪਸੀ ਪਿਆਰ ਵੀ ਨੇਕ-ਨੀਤੀ ਦਾ ਪ੍ਰਗਟਾਵਾ ਕਰਦਾ ਹੈ। ਜਦੋਂ ਵੀ ਮਿਲਦੇ ਹਨ ਬਹੁਤ ਪਿਆਰ ਦਿੰਦੇ ਹਨ ਇਹ ਇਹਨਾਂ ਦੀ ਆਪਣੀ ਵਡਿਆਈ ਹੈ ਜਿਸਨੂੰ ਮਾਤਾ ਪਿਤਾ ਦੀ ਸਿੱਖਿਆ ਦੀ ਬਦੌਲਤ ਬਖਸ਼ਿਸ਼ ਕਹਿ ਸਕਦੇ ਹਾਂ।

ਜਮਸ਼ੇਰ ਦੀ ਗੱਲ ਮੈਂ ਫਿਰ ਕਰਾਂ ਕਿ ਪਿਤਾ ਜੀ ਦੇ ਸਾਰੇ ਭਰਾ ਇੱਕਠੇ ਸਵੇਰੇ ਤੜਕੇ ਉੱਠਕੇ ਆਪਣੇ ਖੇਤਾਂ ਵੱਲ ਜਾਇਆ ਕਰਦੇ ਸਨ। ਦਾਤੀ ਹੱਥ ਵਿੱਚ ਫੜੀ ਹੋਣੀ, ਰਸਤੇ ਵਿੱਚ ਕਿੱਕਰ ਅਤੇ ਫਲਾਹੀ ਦੇ ਦਰੱਖਤ ਹੁੰਦੇ ਸਨ ਇਹਨੀਂ ਦਾਤਣਾ ਵੱਢਣੀਆਂ ਕੁੱਝ ਆਪਣੇ ਨਿਆਣਿਆਂ ਲਈ ਘਰ ਲੈ ਆਉਣੀਆਂ। ਘਰ ਵਾਪਿਸ ਆ ਕੇ ਇਹਨੀਂ ਪਹਿਲਾਂ ਖੂਹ ਤੋਂ ਬਾਲਟੀਆਂ ਪਾਣੀ ਨਾਲ ਭਰੀ ਜਾਣੀਆਂ ਫਿਰ ਖੂਹ ਦੀ ਸਰਦਲ ਸਾਫ ਕਰਨੀ, ਵੇਹੜੇ ਦੇ ਵਿੱਚ ਛਡਕਾਓ ਕਰਨਾ ਅਤੇ ਨਾਲੀਆਂ ਸਾਫ ਕਰਨੀਆਂ, ਆਪਣੇ ਬੱਚਿਆਂ ਨੂੰ ਇਸ਼ਨਾਨ ਕਰਵਾਉਣਾ ਬਾਦ ਦੇ ਵਿੱਚ ਆਪ ਇਸ਼ਨਾਨ ਕਰਿਆ ਕਰਦੇ ਸਨ। ਆਪਸੀ ਪਿਆਰ ਦੀ ਬਦੌਲਤ ਇੱਕ ਦੂਸਰੇ ਤੇ ਪਾਣੀ ਦੀਆਂ ਬਾਲਟੀਆਂ ਭਰ ਭਰ ਕੇ ਸਿਟਣੀਆਂ। ਇਹ ਪਿਆਰ ਭਰਿਆ ਕੌਤਕ ਵੀ ਸ਼ਲਾਘਾਯੋਗ ਹੁੰਦਾ ਸੀ। ਤਾਇਆ ਪ੍ਰੀਤਮ ਸਿੰਘ ਅਤੇ ਤਾਇਆ ਜਗੀਰ ਸਿੰਘ ਹੋਰੀਂ ਚਿੱਟੇ ਖੱਦਰ ਦੇ ਕਾਂਗਰਸੀ ਕਪੜੇ ਪਾ ਕੇ ਆਪਣੀ ਪੂਰੀ ਟੌਰ ਦੇ ਨਾਲ ਸ਼ਹਿਰ ਜਾਇਆ ਕਰਦੇ ਸੀ। ਮਾੜਾ ਮੋਟਾ ਖਾ ਪੀ ਕੇ ਰੇਲ ਗੱਡੀ ਦੇ ਆਉਣ ਦੀ ਆਵਾਜ਼ ਸੁਣਦੇ ਸਾਰ ਘਰੋਂ ਤੁਰਦੇ ਹੁੰਦੇ ਸਨ, ਫਿਰ ਰੇਲਵੇ ਸਟੇਸ਼ਨ ਨੂੰ ਦੌੜ ਲਾਉਣੀ ਤਾਂ ਕਿ ਸਮੇਂ ਸਿਰ ਗੱਡੀ ਫੜ ਲੈਣ ਅਤੇ ਸ਼ਹਿਰ ਪਹੁੰਚ ਕੇ ਆਪਣੀਆਂ ਦੁਕਾਨਾਂ ਖੋਲ੍ਹ ਸਕਣ। ਵੇਹੜੇ ਦੀ ਸਫਾਈ ਦਾ ਜਿਆਦਾ ਖਿਆਲ ਤਾਇਆ ਜੀ ਸਰਦਾਰ ਜਗੀਰ ਸਿੰਘ ਰੱਖਦੇ ਹੁੰਦੇ ਸਨ। ਦੁੱਗਲ ਪਰਿਵਾਰ ਦੀ ਇਹ ਖਾਸੀਅਤ ਆਮ ਪ੍ਰਚੱਲਤ ਹੈ ਕਿ ਵੇਹੜੇ ਵਿੱਚ ਘਰੋ-ਘਰੀ ਜੋ ਕੁੱਝ ਵੀ ਪਕਾਇਆ ਜਾਂਦਾ ਸੀ ਇਹ

ਸਾਰੇ ਰਲ-ਮਿਲ੍ਹ ਕੇ ਖਾਇਆ ਕਰਦੇ ਸਨ। ਮੈਨੂੰ ਯਾਦ ਹੈ ਕਿ ਭੂਆ ਗੁਰਮੇਜ਼ ਕੌਰ ਅਤੇ ਭੂਆ ਵੱਡੀ ਮੁੰਨੀ ਸੁਰਜੀਤ ਕੌਰ ਵੱਡੀ ਤਵੀ ਤੇ ਰੋਟੀਆਂ ਬਣਾਇਆ ਕਰਦੇ ਸਨ, ਸੁੱਖ ਨਾਲ ਘਰ ਦੇ ਖਾਣ ਵਾਲੇ ਜੀਅ ਕਈ ਸਨ ਸੋ ਇਹਨੀਂ ਗਰਮੀ ਦੇ ਵਿੱਚ ਵੀ ਅੱਗ ਦੇ ਕੋਲ਼ ਘੰਟਿਆਂ ਬਦੀ ਬੈਠੇ ਰਹਿਣਾ, ਸਾਰਿਆਂ ਨੂੰ ਰੋਟੀ ਖੁਆ ਕੇ ਆਪ ਖਾਣੀ। ਇਹਨਾਂ ਦੋਵਾਂ ਭੈਣਾਂ ਦਾ ਆਪਸੀ ਬਹੁਤ ਪਿਆਰ ਹੁੰਦਾ ਸੀ। ਤਾਈ ਗੁਰਨਾਮ ਕੌਰ ਨੇ ਵੀ ਆਪਣੀ ਜਿੰਦਗੀ ਦੇ ਵਿੱਚ ਬਹੁਤ ਮੇਹਨਤ ਕੀਤੀ ਸੀ ਇਹ ਆਪ ਖੁੱਦ ਚੱਕੀ ਤੇ ਕਿੰਨਾਂ ਕਿੰਨਾਂ ਆਟਾ ਪੀਹ ਲਿਆ ਕਰਦੇ ਸੀ ਇਸੇ ਤਰਾਂ ਮੇਰੀ ਆਪਣੀ ਦਾਦੀ ਜੀ ਚੋਖਾ ਆਟਾ ਪੀਹ ਲਿਆ ਕਰਦੇ ਸਨ। ਕੀ ਅੱਜ ਨੌਜਵਾਨ ਪਨੀਰੀ ਤੋਂ ਅਜਿਹੀ ਆਸ ਰੱਖੀ ਜਾ ਸਕਦੀ ਹੈ ਕਿ ਆਪਣੇ ਬਜ਼ੁਰਗਾਂ ਦੀ ਸੇਵਾ ਕਰ ਸਕਦੇ ਹੋਣ। ਦੁੱਗਲ ਪਰਿਵਾਰ ਦੇ ਮੈਂਬਰ ਜਿਸ ਘਰ ਵੀ ਬੈਠ ਜਾਂਦੇ ਸਨ ਤਾਂ ਉੱਥੇ ਹੀ ਰੋਟੀ ਖਾ ਲਿਆ ਕਰਦੇ ਸੀ। ਤਾਏ ਪ੍ਰੀਤਮ ਸਿੰਘ ਦੀ ਗੱਲ ਮਸ਼ਹੂਰ ਹੈ ਕਿ ਉਹਨੀਂ ਮੀਟ ਲੈ ਕੇ ਆਉਣਾ ਅਤੇ ਸਾਰਿਆਂ ਨੂੰ ਖਾਣ ਲਈ ਸੱਦਾ ਵੀ ਦੇ ਦੇਣਾ ਜਦੋਂ ਬਾਕੀ ਦੇ ਭਰਾਵਾਂ ਨੇ ਖਾਣ ਨੂੰ ਪਹੁੰਚਣਾ ਤਾਂ ਚੰਦ ਸੰਖੀਆਂ ਹੀ ਪਤੀਲੇ ਦੇ ਵਿਚ ਦਿਸਦੀਆਂ ਹੁੰਦੀਆਂ ਸੀ। ਇਸਦੀ ਵਜ਼ਾ ਇਹ ਸੀ ਕਿ ਉਹ ਮੀਟ ਰ੍ਹਿੰਨਦੇ ਹੋਏ ਨਾਲੋ ਨਾਲ ਲੂਣ ਮਿਰਚ ਦੀ ਮਿਕਦਾਰ ਦਾ ਸੁਆਦ ਦੇਖਦੇ ਹੋਏ ਮੀਟ ਖਾ ਲਿਆ ਕਰਦੇ ਸੀ। ਇਹਨਾਂ ਸਾਰਿਆਂ ਦਾ ਪਰਸਪਰ ਪਿਆਰ ਬਹੁਤ ਹੁੰਦਾ ਸੀ। ਜਦੋਂ ਕੋਈ ਮਹਿਮਾਨ ਆਉਂਦਾ ਸੀ ਤਾਂ ਇਹ ਸਾਰੇ ਇੱਕਠੇ ਹੋ ਜਾਇਆ ਕਰਦੇ ਸਨ। ਦਿਨ ਤਿਉਹਾਰ ਸਮੇਂ ਵੀ ਇਹ ਸਾਰੇ ਇੱਕ-ਮਿੱਕ ਹੋ ਜਾਂਦੇ ਸਨ ਅਤੇ ਖੂਬ ਰੌਣਕਾਂ ਲੱਗਦੀਆਂ ਸਨ। ਲੋਹੜੀ ਦੇ ਤਿਉਹਾਰ ਤੇ ਬੇਹੜੇ ਦੇ ਵਿਚਕਾਰ ਧੂਣਾ ਲਾਇਆ ਜਾਂਦਾ ਸੀ ਅਤੇ ਸਾਰੀ ਸਾਰੀ ਰਾਤ ਇਸ ਧੂਣੇ ਦੇ ਆਲੇ-ਦੁਆਲੇ ਬੈਠਿਆਂ ਨੇ ਗੱਲਾਂਬਾਤਾਂ ਕਰਦੇ ਰਹਿਣਾ। ਮੂੰਗਫਲੀ ਦੇ ਦਾਣੇ ਭੁੰਨਦੇ ਰਹਿਣਾ, ਗੁੜ ਸੇਕ ਸੇਕ ਕੇ ਖਾਈ ਜਾਣਾ, ਰੇੜੀਆਂ ਚੱਬਦੇ ਰਹਿਣਾ, ਚੁਟਕਲੇ ਸੁਣਨੇ ਅਤੇ ਸੁਣਾਉਂਦੇ ਰਹਿਣਾ ਵਕਤ ਦਾ ਪਤਾ ਹੀ ਨਹੀਂ ਸੀ ਲੱਗਦਾ ਕਦੋਂ ਰਾਤ ਦਾ ਪਹਿਰ ਵੀ ਖਤਮ ਹੋ ਜਾਂਦਾ ਸੀ। ਵੱਡੀ ਮਾਂ ਜੀ ਦਾ ਬਹੁਤ ਰੋਹਬ ਹੁੰਦਾ ਸੀ ਉਹਨਾਂ ਦੀ ਇਹ ਗੱਲ ਮਸ਼ਹੂਰ ਹੈ ਕਿ ਉਹਨੀਂ ਮੰਜਾ ਵੇਹੜੇ ਦੇ ਬੂਹੇ ਅੱਗੇ ਡਾਹੁਣਾ ਜੱਦ ਕਿਸੇ ਨੇ ਵੀ ਘਰੋਂ ਬਾਹਿਰ ਜਾਣਾ ਤਾਂ ਉਹਨੀਂ ਪੁੱਛ ਲੈਣਾ ਕਿ ਕਿੱਥੇ ਚਲਿੱਆ ਹੈਗਾ ਅਤੇ ਕਦੋਂ ਘਰ ਮੁੜੇਂਗਾ। ਬਹੁਤਿਆਂ ਦਾ ਵੈਸੇ ਹੀ ਬਾਹਿਰ ਜਾਣ ਲਈ ਹੌਸਲਾ ਨਹੀਂ ਸੀ ਪੈਂਦਾ। ਜੇ ਕਿਸੇ ਕੰਮ ਲਈ ਬਾਹਰ ਬੀਬੀਆਂ ਨੇ ਜਾਣਾ ਹੁੰਦਾ ਸੀ ਤਾਂ ਉਹਨਾਂ ਲਈ ਵੱਡੀ ਆਫਤ ਬਣ ਜਾਇਆ ਕਰਦੀ ਸੀ। ਪਿਤਾ ਜੀ ਦੀ ਮਾਤਾ ਜੀ ਜੋ ਕਿ ਮਾਂ ਜੀ ਦੀ ਭਤੀਜੀ ਸੀ ਉਸਨੂੰ ਹਾਕਾਂ ਮਾਰਦੇ ਰਹਿਣਾ ਕਿ ਕਰਤਾਰੀਏ ਥੋੜਾ ਮੱਖਣ ਲਿਆ ਮੇਰੇ ਬੁੱਲ ਸੁੱਕਦੇ ਜਾਂਦੇ ਆ। ਉਹਨੀਂ ਦਿਨੀ ਲੱਸੀ ਪੀਣ ਦੇ ਸਾਰੇ ਸ਼ੌਕੀਨ ਹੁੰਦੇ ਸਨ, ਸਵੇਰ ਨੂੰ ਰਸ

ਅਤੇ ਲੱਸੀ ਰਲਾ ਕੇ ਪੀਣੀ ਉਸਦਾ ਲੁਤਫ਼ ਹੀ ਕੁੱਝ ਹੋਰ ਹੁੰਦਾ ਸੀ। ਰਾਤ ਦੀ ਬੇਹੀ ਮੱਕੀ ਦੀ ਰੋਟੀ ਤੇ ਮੱਖਣ ਰੱਖ ਕੇ ਖਾਣਾ ਨਾਲ ਛੰਨਾ ਲੱਸੀ ਦਾ ਪੀ ਜਾਣਾ, ਚੋਰੀ ਚੋਰੀ ਕਾੜ੍ਹਨੀ ਵਿੱਚੋਂ ਮਲਾਈ ਖਾਣੀ, ਗੁੜ ਸ਼ੱਕਰ ਖਾਈ ਜਾਣਾ ਇਹੋ ਜਿਹੀਆਂ ਸ਼ਰਾਰਤਾਂ ਕਰਦਿਆਂ ਬੇਹੱਦ ਸੁਆਦ ਆਉਂਦਾ ਸੀ। ਮੈਨੂੰ ਯਾਦ ਹੈ ਕਿ ਘਰ ਦੇ ਅੰਦਰ ਦੋ ਕੋਠੜੀਆਂ ਹੁੰਦੀਆਂ ਸਨ ਇੱਥੇ ਗੁੜ੍ਹ ਸ਼ੱਕਰ ਦੇ ਘੜੇ ਭਰ ਕੇ ਬੇਬੇ ਹੋਰੀਂ ਚੱਪਣੀਆਂ ਲਿੱਪ ਦੇਣੀਆਂ ਅਸੀਂ ਗੁੜ੍ਹ ਸ਼ੱਕਰ ਖਾ ਕੇ ਘੜੇ ਦੇ ਉੱਤੇ ਚੱਪਣੀਆਂ ਉਸੇ ਤਰਾਂ ਰੱਖ ਦੇਣੀਆਂ ਜਦੋਂ ਬੇਬੇ ਨੂੰ ਪਤਾ ਲੱਗਣਾ ਤਾਂ ਸਾਰਿਆਂ ਨਿਆਣਿਆਂ ਦੀ ਸ਼ਾਮਤ ਆ ਜਾਂਦੀ ਸੀ। ਇਹਨਾਂ ਪੁਰਾਣੀਆ ਗੱਲਾਂ ਨੂੰ ਜਦੋਂ ਯਾਦ ਕਰੀਦਾ ਹੈ ਤਾਂ ਉਹ ਸਾਰੇ ਪਿਛਲੇ ਵਾਕਿਆਤ ਚੇਤੇ ਆ ਜਾਂਦੇ ਹਨ। ਘਰ ਦੇ ਵਿੱਚ ਚੱਕੀ ਹੁੰਦੀ ਸੀ ਬੇਬੇ ਹੋਰੀਂ ਸਵੇਰੇ ਪਹਿਲਾਂ ਕਣਕ ਪੀਹਣੀ ਫਿਰ ਧਾਰਾਂ ਕੱਢਣ ਚਲੇ ਜਾਣਾ, ਆਉਂਦੇ ਹੋਏ ਗੁਰਦੁਆਰੇ ਮੱਥਾ ਟੇਕ ਕੇ ਘਰ ਆ ਕੇ ਫਿਰ ਚਾਟੀ ਦੁਵਾਲੇ ਲੱਸੀ ਰਿੜਕਣ ਲੱਗ ਜਾਣਾ। ਉਹ ਰੂਹਾਂ ਉਹ ਗੱਲਾਂ ਕਿੱਥੇ ਅਲੋਪ ਹੋ ਗਈਆਂ ਸਿਰਫ ਹੁਣ ਯਾਦਾਂ ਹੀ ਪੱਲੇ ਰਹਿ ਗਈਆਂ ਹਨ। ਇੱਕਠੇ ਰਹਿਣ ਦਾ ਜੋ ਆਨੰਦ ਹੁੰਦਾ ਸੀ ਉਸਦਾ ਉਸ ਸਮੇ ਸਾਨੂੰ ਅਹਿਸਾਸ ਨਹੀ ਸੀ ਹੋਇਆ ਪਰ ਅੱਜ ਜਦੋਂ ਉਹ ਪੁਰਾਤਨ ਲਮਹੇ ਯਾਦ ਕਰਦੇ ਹਾਂ ਤਾਂ ਪੱਲੇ ਗੱਲਾਂ ਅਤੇ ਪਛਤਾਵਾ ਹੀ ਰਹਿ ਜਾਂਦਾ ਹੈ। ਸਿਆਣਿਆਂ ਨੇ ਐਵੇਂ ਹੀ ਨਹੀ ਕਿਹਾ ਕਿ ਕਿਸੇ ਚੀਜ ਦੀ ਕੀਮਤ ਦਾ ਪਤਾ ਉਸਦੇ ਗੁਆਚਣ ਤੋਂ ਬਾਦ ਹੀ ਲਗੱਦਾ ਹੈ। ਅਸੀਂ ਪ੍ਰਦੇਸਾਂ ਦੇ ਵਿੱਚ ਜਿਸ ਮਕਸਦ ਲਈ ਆਏ ਸੀ ਉਹ ਤਾਂ ਪੂਰਾ ਹੋ ਗਿਆ ਪਰ ਪੂਰੇ ਹੋਣ ਤੋਂ ਬਾਦ ਇੱਥੇ ਲੋੜ ਤੋਂ ਵੱਧ ਰਹਿਣ ਦੇ ਨਤੀਜ਼ੇ ਜੋ ਅਸੀਂ ਭੁਗਤ ਰਹੇ ਹਾਂ ਉਹ ਅਸੀਂ ਹੀ ਜਾਣਦੇ ਹਾਂ ਜਿਵੇਂ ਕਹਿੰਦੇ ਹਨ ਕਿ ਜਿਸ ਤਨ ਲਾਗੇ ਸੋ ਤਨ ਜਾਣੇ। ਬੱਚੇ ਭਾਵੇਂ ਪੜ੍ਹ ਲਿਖ ਗਏ ਹਨ, ਚੰਗੀਆਂ ਨੌਕਰੀਆਂ ਤੇ ਵੀ ਲੱਗੇ ਹੋਏ ਹਨ, ਸੋਹਣੇ ਘਰਾਂ ਦੇ ਵਿੱਚ ਰਿਹਾਇਸ਼ ਹੈ, ਘੁਮੰਣ ਲਈ ਕਾਰਾਂ ਹਨ ਪਰ ਪਰਿਵਾਰਕ-ਪੁਸ਼ਤੀ ਦੇ ਪਾੜੇ ਨੇ ਜੋ ਪੰਜਾਬੀ ਵਿਰਸੇ ਨੂੰ ਸੱਟ ਮਾਰੀ ਹੈ ਉਹਨਾਂ ਕਦਰਾਂ ਕੀਮਤਾਂ ਨੂੰ ਮੁੜ ਬਹਾਲ ਨਹੀ ਕੀਤਾ ਜਾ ਸਕਦਾ। ਅੱਜ ਪ੍ਰਦੇਸਾਂ ਦੇ ਵਿੱਚ ਪੰਜਾਬ ਅਤੇ ਪੰਜਾਬੀਅਤ ਨੂੰ ਸੁਰਜੀਤ ਕਰਨ ਦੇ ਅਨੇਕਾਂ ਯਤਨ ਹੋ ਰਹੇ ਹਨ ਪਰ ਕਾਮਯਾਬੀ ਕਿਸ ਪੜਾ ਤੇ ਖੜੀ ਹੈ ਇਸਦਾ ਅੰਦਾਜਾ ਨਹੀ ਲਾਇਆ ਜਾ ਸਕਦਾ। ਇਸੇ ਸਮੇਂ ਦੀ ਲਪੇਟ ਦੇ ਵਿੱਚ ਆਪਣੇ ਭਾਈਚਾਰੇ ਦੇ ਅਣਗਿਣਤ ਲੋਕੀ ਆਪਣੀ ਔਲਾਦ ਨੂੰ ਖੋ ਬੈਠੇ ਹਨ। ਉਹਨਾਂ ਦੇ ਦਰਦ ਨੂੰ ਕੋਈ ਸਮਝ ਨਹੀ ਸਕਦਾ। ਪੰਜਾਬੀਆਂ ਨੇ ਸਖਤ ਮੇਹਨਤ ਕਰਕੇ ਖ਼ੂਨ ਪਸੀਨੇ ਦੀ ਕਮਾਈ ਦੇ ਨਾਲ ਪੰਜਾਬ ਦੇ ਵਿੱਚ ਵੱਡੀਆਂ ਵੱਡੀਆਂ ਕੋਠੀਆਂ ਬਣਾਈਆਂ ਤਾਂ ਕੇ ਇਹਨਾਂ ਦੀ ਔਲਾਦ ਪੰਜਾਬ ਜਾ ਕੇ ਆਪਣੇ ਵਿਰਸੇ ਨਾਲ ਜੁੜ ਸਕਣ ਪਰ ਕੀ ਇੱਥੇ ਦੇ ਜੱਮਪਲ ਬੱਚੇ ਪੰਜਾਬ ਰਹਿ ਸਕਣਗੇ। ਇਹ ਬਹੁਤ ਗੰਭੀਰ ਵਿਸ਼ਾ ਹੈ,

ਪ੍ਰਦੇਸਾਂ ਦੇ ਵਿੱਚ ਵਸਦੇ ਪੰਜਾਬੀ ਆਪਣੀ ਸੱਭਿਅਤਾ ਤੇ ਮਾਣ ਕਰਦੇ ਹਨ ਅਤੇ ਕਈ ਤਰ੍ਹਾਂ ਦੀਆਂ ਪੰਜਾਬ ਦੇ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰਾਂ ਅਤੇ ਉੱਥੇ ਦੇ ਪ੍ਰਸ਼ਾਸਨ ਤੋਂ ਆਸਾਂ ਲਾਈ ਬੈਠੇ ਹਨ। ਪਰ ਉਹਨਾਂ ਲੋਕਾਂ ਦੀ ਵਿਚਾਰਧਾਰਾ ਬਦਲ ਗਈ ਹੈ। ਪੰਜਾਬ ਵਸਦੇ ਰਿਸ਼ਤੇਦਾਰੀਆਂ ਦੀ ਅਹਿਮੀਅਤ ਪਹਿਲਾਂ ਵਾਂਗ ਨਹੀਂ ਰਹੀ, ਪ੍ਰਦੇਸੀਆਂ ਦੀਆਂ ਹੱਥੀਂ ਬਣਾਈਆਂ ਕੋਠੀਆਂ ਰਿਸ਼ਤੇਦਾਰਾਂ ਨੇ ਸਾਂਭ ਲਈਆਂ, ਜੱਦੀ ਜਮੀਨ ਅਤੇ ਜਾਇਦਾਦ ਤੇ ਸਕੇ ਭਰਾਵਾਂ ਅਤੇ ਭੈਣਾ ਨੇ ਕਬਜ਼ੇ ਕਰ ਲਏ। ਇਨਸਾਫ ਕਰਨ ਦੇ ਲਈ ਪੰਜਾਬ ਦਾ ਪਰਸ਼ਾਸਨ ਵੀ ਚੁੱਪ ਹੈ ਭ੍ਰਿਸ਼ਟਾਚਾਰ ਦਾ ਬੋਲ਼ਬਾਲਾ ਆਮ ਦੇਖਿਆ ਜਾ ਸਕਦਾ ਹੈ। ਭਾਵੇਂ ਪਰਦੇਸੀਆਂ ਦੀ ਕਮਾਈ ਨੇ ਪੰਜਾਬ ਦੀ ਆਰਥਿਕ ਦਸ਼ਾ ਬਦਲ ਕੇ ਰੱਖ ਦਿੱਤੀ ਹੈ ਪਰ ਅੱਜ ਇਹਨਾਂ ਪਰਦੇਸੀਆਂ ਦੀ ਨੇਕ ਨੀਤੀ ਦਾ ਕੀ ਮੁੱਲ ਪਿਆ ਹੈ ਇਹ ਤਾਂ ਜਿਹਨਾਂ ਤੇ ਬੀਤੀ ਉਹੋ ਹੀ ਸਮਝ ਸਕਦੇ ਹਨ। ਐਨ ਆਰ ਆਈ ਦੀ ਸ਼ਨਾਖਤ ਲੋਕਾਂ ਲਈ ਨੁਕਸਾਨ ਦੇਹ ਸਾਬਿਤ ਹੋ ਸਕਦੀ ਹੈ, ਪ੍ਰਦੇਸੀਆਂ ਦੇ ਭਲੇ ਲਈ ਬਹੁਤ ਸਾਰੀਆਂ ਸੰਸਥਾਵਾਂ ਬਣੀਆਂ ਹੋਈਆਂ ਹਨ ਪ੍ਰਦੇਸੀਆਂ ਦਾ ਹੀ ਭਲਾ ਕਿਉਂ, ਕਿਉਂ ਨਾ ਸਾਰਿਆ ਦਾ ਭਲਾ ਸੋਚਿਆ ਜਾਵੇ ਤਾਂ ਕਿ ਆਪਣੇ ਪੰਜਾਬ ਦੇ ਵਿੱਚ ਖੁਸ਼ਹਾਲੀ, ਨੇਕ ਨੀਤੀ ਅਤੇ ਆਪਸੀ ਸੱਦਭਾਵਨਾ ਨੂੰ ਮੁੜ ਬਹਾਲ ਕੀਤਾ ਜਾ ਸਕੇ।

ਪਿਤਾ ਜੀ ਬਾਰੇ ਫਿਰ ਲਿਖਣ ਲਈ ਅਗਾਂਹ ਤੁਰਦੇ ਹਾਂ ਅਤੇ ਪਿਤਾ ਜੀ ਨਾਲ ਸੰਬੰਧਤ ਘਟਨਾਵਾਂ ਦਾ ਜਿਕਰ ਕਰਦੇ ਹਾਂ। ਇੱਕ ਘਟਨਾ ਕਈ ਬਾਰ ਯਾਦ ਆਉਂਦੀ ਹੈ ਕਿ ਪਿਤਾ ਜੀ ਦੇ ਤਾਏ ਦਲੇਲ ਸਿੰਘ ਦੇ ਭੋਗ ਸਮੇਂ ਸਰਦਾਰ ਸਵਰਨ ਸਿੰਘ ਜੋ ਉਸ ਸਮੇਂ ਹਿੰਦੁਸਤਾਨ ਦੀ ਹਕੂਮਤ ਦੌਰਾਨ ਫੌਰਨ ਮਨਿਸਟਰ ਲੱਗੇ ਹੋਏ ਸਨ। ਉਹ ਭੋਗ ਵਾਲੇ ਦਿਨ ਆਪਣੇ ਅਹਿਲਕਾਰਾਂ ਦੇ ਨਾਲ ਪਿੰਡ ਆਏ, ਉਹਨਾਂ ਦੀ ਗੱਡੀ ਤੇ ਝੰਡੀਆਂ ਲੱਗੀਆਂ ਹੋਈਆਂ ਸਨ ਲੋਕੀ ਵੀ ਉਹਨਾਂ ਨੂੰ ਦੇਖਣ ਲਈ ਇੱਕਠੇ ਹੋ ਗਏ। ਉਹ ਭੋਗ ਉਪਰੰਤ ਵਾਪਿਸ ਜਾਣ ਦੀ ਤਿਆਰੀ ਵਿੱਚ ਸਨ ਅਤੇ ਜਦੋਂ ਸਾਰਿਆਂ ਨੂੰ ਫਤਿਹ ਬੁਲਾ ਲਈ ਤਾਂ ਅਚਾਨਕ ਤਾਇਆ ਜੀ ਸਰਦਾਰ ਦਲੇਲ ਸਿੰਘ ਦੇ ਭਰਾ ਤਾਇਆ ਸੁਹੇਲ ਸਿੰਘ ਹੋਰਾਂ ਦੀ ਉਹ ਨਜ਼ਰੀ ਪੈ ਗਏ। ਉਹਨੀਂ ਅਪਣੱਤਤਾ ਦੇ ਲਹਿਜੇ ਵਿੱਚ ਹੀ ਕਹਿ ਦਿੱਤਾ 'ਉਹ ਸਵਰਨਿਆ ਤੂੰ ਕਿੱਥੇ ਚਲਿੱਆ ਹੈਂ, ਰੋਟੀ ਖਾਣ ਤੋਂ ਬਿਨਾ ਨਹੀਂ ਜਾਣਾ' ਸਾਰੇ ਲੋਕੀ ਹੈਰਾਨ ਸਨ ਕਿ ਇਹ ਮਨਿਸਟਰ ਹੋਰਾਂ ਨੂੰ ਸੁਹੇਲ ਸਿੰਘ ਨੇ ਇਸ ਤਰਹ ਕਿਵੇਂ ਕਹਿ ਦਿੱਤਾ। ਸਰਦਾਰ ਸਵਰਨ ਸਿੰਘ ਜੀ ਵੀ ਉਹਨੀ ਪੈਰੀਂ ਮੁੜ ਆਏ ਅਤੇ ਲੰਗਰ ਛਕ ਕੇ ਹੀ ਫਿਰ ਵਾਪਿਸ ਗਏ। ਇਹ ਅਪਣਤੱਤਤਾ, ਦਿਲਾਂ ਦੀ ਸਾਂਝ ਅਤੇ ਆਪਸੀ ਪਿਆਰ ਦਾ ਸਬੂਤ ਸੀ ਪਰ ਅੱਜ ਪਹਿਲਾਂ ਵਾਲੀ ਪੰਰਪਰਾ ਖਤਮ ਹੋ ਚੁੱਕੀ ਹੈ। ਰਿਸ਼ਤੇ ਵੀ

ਆਪਣੇ ਸੁਆਰਥ ਤੱਕ ਮਹਿਫ਼ੂਜ਼ ਹਨ, ਆਪਸੀ ਪਿਆਰ ਸਤਿਕਾਰ ਨਾਯਾਬ ਹੀ ਰਹਿ ਗਿਆ ਹੈ, ਉਹ ਕਦਰਾਂ ਕੀਮਤਾਂ ਅਲੋਪ ਹੋ ਗਈਆਂ ਹਨ।

ਇਸ ਗੱਲ ਦਾ ਆਮ ਜਿਕਰ ਹੁੰਦਾ ਰਹਿੰਦਾ ਹੈ ਕਿ ਦੁੱਗਲ ਪਰਿਵਾਰ ਵਿਚੋਂ ਹੀ ਇੱਕ ਛੋਟੇ ਕੱਦ ਦੇ ਬੌਣੇ ਜਟ੍ਹਾਂ ਵਾਲੇ ਸਾਧੂ ਹੋਏ ਹਨ। ਇਹ ਬਹੁਤ ਪੁਰਾਣੀ ਗੱਲ ਹੈ ਪਰ ਪਿਤਾ ਜੀ ਹੋਰਾਂ ਦੇ ਸਮੇਂ ਉਹ ਜਮਸ਼ੇਰ ਨਹੀ ਸਨ। ਹਾਂ ਇਹ ਜਰੂਰ ਕਿਹਾ ਜਾਂਦਾ ਹੈ ਕਿ ਮੇਰੇ ਬਾਬਾ ਜੀ ਹੋਰਾਂ ਨੂੰ ਇੱਕ ਦੋ ਬਾਰ ਉਹਨਾਂ ਦੇ ਦਰਸ਼ਨ ਹੋਏ ਸਨ। ਜਦੋਂ ਮੇਰੀ ਛੋਟੀ ਭੈਣ ਜਸਵਿੰਦਰ ਦਾ ਜਨਮ ਹੋਇਆ ਸੀ ਤਾਂ ਉਸ ਸਮੇਂ ਵੱਡੀ ਮਾਂ ਜੀ ਨੇ ਮੇਰੀ ਦਾਦੀ ਜੀ ਜੋ ਉਹਨਾਂ ਦੀ ਆਪਣੀ ਭਤੀਜੀ ਸੀ ਉਹਨਾਂ ਨੂੰ ਦੱਸ ਦਿੱਤਾ ਸੀ ਕਿ ਹਾਂ ਮੈਨੂੰ ਬੌਣੇ ਸਾਧੂ ਦੱਸ ਗਏ ਹਨ ਕਿ ਬਚਨੋਂ ਦੇ ਘਰ ਲਕਸ਼ਮੀ ਆਈ ਹੈ। ਕੁੱਝ ਸਾਲ ਪਹਿਲਾਂ ਪਿਤਾ ਜੀ ਦੇ ਛੋਟੇ ਭਰਾ ਗੁਰਮੇਲ ਸਿੰਘ ਨੇ ਉਸ ਸਾਧੂ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਸੀ। ਗੁਰਮੇਲ ਸਿੰਘ ਦੀ ਖੋਜ਼ ਮੁਤਾਬਿਕ ਉਹ ਸਾਧੂ ਹੁਣ ਨਹੀਂ ਰਹੇ ਪਰ ਉਹਨਾਂ ਦੀ ਮਾਣਤਾ ਵੱਜੋਂ ਕੋਈ ਹੋਰ ਸ਼ਖਸ ਉਹਨਾਂ ਦੇ ਡੇਰੇ ਤੇ ਸੇਵਾ ਕਰਦਾ ਹੈ। ਇਹਨਾ ਬੌਣੇ ਸਾਧੂ ਹੋਰਾਂ ਦੇ ਜੀਵਨ ਸਮੇਂ ਅਤੇ ਉਹਨਾਂ ਦੇ ਚਲੇ ਜਾਣ ਤੋਂ ਉਪਰੰਤ ਵੀ ਘਰ ਵਿੱਚ ਉਹਨਾਂ ਦੀ ਮਾਣਤਾ ਹੁੰਦੀ ਰਹਿੰਦੀ ਸੀ। ਵੱਡੇ ਮਾਂ ਜੀ ਅੱਧੀ ਰਾਤ ਨੂੰ ਉੱਠ ਕੇ ਇਸ਼ਨਾਨ ਕਰਨ ਉਪਰੰਤ ਸਾਰੇ ਵੇਹੜੇ ਵਿੱਚ ਦੁੱਧ ਦਾ ਛਿੱਟਾ ਦਿਆ ਕਰਦੇ ਸਨ ਪਰ ਮਾਂ ਦੇ ਅਕਾਲ ਚਲਾਣੇ ਤੋਂ ਬਾਦ ਉਹਨਾਂ ਦੀ ਮਾਣਤਾ ਘਟ ਗਈ ਇਸਦੇ ਨਾਲ ਹੀ ਉਹ ਸ਼ਾਇਦ ਇਹ ਪਿੰਡ ਛੱਡ ਕੇ ਕਿਤੇ ਚਲੇ ਗਏ ਸਨ। ਵੇਹੜੇ ਦੇ ਵਿੱਚ ਨਿੰਮ, ਬੇਰੀ ਅਤੇ ਤੂਤ ਦੇ ਦਰੱਖਤ ਹੁੰਦੇ ਸਨ। ਇਹ ਸਾਧੂ ਨਿੰਮ ਦੇ ਪਾਸੇ ਰਿਹਾ ਕਰਦੇ ਸੀ। ਇਹ ਵੀ ਸੁਣਨ ਵਿੱਚ ਆਇਆ ਹੈ ਕਿ ਜਦੋਂ ਤੋਂ ਉਹਨਾਂ ਦੀ ਮਾਣਤਾ ਘਟ ਗਈ ਸੀ ਉਸੇ ਸਮੇਂ ਤੋਂ ਦੁੱਗਲ ਪਰਿਵਾਰ ਉੱਤੇ ਕਰੋਪੀ ਆਉਣੀ ਸ਼ੁਰੂ ਹੋ ਗਈ ਸੀ। ਮੇਰਾ ਮਨ ਇਸ ਗੱਲ ਨੂੰ ਮੰਨਣ ਲਈ ਤਿਆਰ ਨਹੀ ਹੈ, ਕਿਉਂਕਿ ਕੋਈ ਵੀ ਸੱਚਾ ਸੁੱਚਾ ਸੰਤ ਜਾਂ ਸਾਧੂ ਰੱਬ ਦੇ ਪੈਦਾਇਸ਼ੀ ਬੰਦਿਆਂ ਤੇ ਕਰੋਪੀ ਨਹੀ ਕਰ ਸਕਦਾ। ਅਜਿਹੇ ਭਰਮ ਭੁਲੇਖੇ ਆਮ ਪਾਏ ਜਾਂਦੇ ਹਨ, ਹਰ ਵਿਸ਼ੇ ਦੀ ਡੂੰਘਾਈ ਤੱਕ ਜਾਣ ਦੀ ਲੋੜ ਹੈ। ਸਾਡੇ ਘਰਾਂ ਦੇ ਇੱਕ ਪਾਸੇ ਸਾਂਈ ਹੋਰਾਂ ਦੇ ਘਰ ਹੁੰਦੇ ਸਨ ਕਹਿੰਦੇ ਹਨ ਕਿ ਇਹਨਾਂ ਦੀ ਮਾਤਾ ਜੀ ਦੀ ਬਹੁਤ ਭਗਤੀ ਸੀ, ਉਹ ਨਿੱਤ-ਨੇਮੀ ਸਨ ਅਤੇ ਹਮੇਸ਼ਾਂ ਸਿਮਰਨ ਕਰਦੇ ਰਹਿੰਦੇ ਸਨ। ਉਹ ਕਿਸੇ ਨੂੰ ਆਪਣੇ ਨਜ਼ਦੀਕ ਨਹੀ ਸੀ ਆਉਣ ਦਿੰਦੇ ਉਹਨਾਂ ਦੇ ਪੈਰਾਂ ਨੂੰ ਛੂਹਣ ਦੀ ਗੱਲ ਤਾਂ ਬਹੁਤ ਦੂਰ ਦੀ ਸੀ। ਅੱਜਕਲ੍ਹ ਵੇਹੜੇ ਦੇ ਕਈ ਘਰ ਢਹਿ ਢੇਰੀ ਹੋ ਗਏ ਹਨ ਅਤੇ ਆਸਪਾਸ ਖੋਲ਼ੇ ਨਜਰ ਆਉਂਦੇ ਹਨ ਕਿਉਂਕਿ ਬਹੁਤੇ ਪਰਿਵਾਰ ਦੇ ਜੀਅ ਇੰਡੀਆ ਵਿੱਚ ਜਾਂ ਪਰਦੇਸਾਂ ਵਿੱਚ ਭਿੰਨ ਭਿੰਨ ਥਾਵਾਂ ਤੇ ਰਹਿਣ ਲੱਗ ਪਏ ਹਨ। ਜਿੱਥੇ ਵੀ

ਕੋਈ ਰਹਿੰਦਾ ਹੈ ਉਹ ਮਾਲੀ ਤੌਰ ਤੇ ਸੰਤੁਸ਼ਟ ਹੈ। ਪਿਤਾ ਜੀ ਦੇ ਆਪਣੇ ਬੱਚੇ ਪੜ੍ਹੇ ਲਿਖੇ ਹਨ, ਕਈ ਤਾਂ ਬਹੁਤ ਉੱਚੇ ਅਹੁਦਿਆਂ ਤੇ ਅਫਸਰ ਲੱਗੇ ਹੋਏ ਹਨ। ਦੁੱਗਲ ਪਰਿਵਾਰ ਦੇ ਜੀਅ ਭਾਵੇਂ ਕਿਸੇ ਵੀ ਦੇਸ ਵਿੱਚ ਰਹਿੰਦੇ ਹੋਣ ਇਹਨੀਂ ਉਸ ਜਗ੍ਹਾ ਆਪਣਾ ਆਦਰ ਸਤਿਕਾਰ ਅਤੇ ਰਸੂਖ ਕਾਇਮ ਕੀਤਾ ਹੋਇਆ ਹੈ। ਪਿਤਾ ਜੀ ਹੋਰਾਂ ਦੀ ਇੰਗਲੈਂਡ ਦੇ ਵਿੱਚ ਬਹੁਤ ਮਾਣਤਾ ਹੈ, ਪਿਤਾ ਜੀ ਦੇ ਪੋਤੇ ਆਪਣੇ ਕਾਰੋਬਾਰ ਵਿੱਚ ਕਾਮਯਾਬ ਹਨ ਕੁੱਝ ਨੌਕਰਾਂਆਂ ਕਰਦੇ ਹਨ, ਪੋਤੀਆਂ ਨੇ ਮਾਸਟਰਸ ਡਿਗਰੀਆਂ ਕੀਤੀਆਂ ਹੋਈਆਂ ਹਨ ਅਤੇ ਚੰਗੇ ਅਹੁਦਿਆਂ ਤੇ ਅਫਸਰ ਸ਼ਾਹੀ ਨੌਕਰੀਆਂ ਕਰਦੀਆਂ ਹਨ। ਪਿਤਾ ਜੀ ਦੇ ਦੋਵੇਂ ਭਰਾਵਾਂ ਦੇ ਬੱਚੇ ਵੀ ਪੜ੍ਹੇ ਲਿਖੇ ਹਨ ਇੱਥੇ ਚੰਗੇ ਮਹਿਕਮਿਆਂ ਵਿੱਚ ਕੰਮ ਕਰਦੇ ਹਨ। ਦੁੱਗਲ ਪਰਿਵਾਰ ਦੇ ਜੀਅ ਜੋ ਪੰਜਾਬ ਵਿੱਚ ਰਹਿੰਦੇ ਹਨ ਉਹਨਾਂ ਨੇ ਵੀ ਬਹੁਤ ਤਰੱਕੀ ਕੀਤੀ ਹੈ। ਮੇਰੇ ਤਾਇਆਂ ਅਤੇ ਚਾਚਿਆਂ ਦੇ ਬੱਚੇ ਵੀ ਉੱਚ ਔਹਦਿਆਂ ਤੇ ਕੰਮ ਕਰਦੇ ਹਨ। ਚਾਚਾ ਜੀ ਮੋਹਣ ਸਿੰਘ ਅਹਿਮਦਾਬਾਦ ਇੰਜਨੀਅਰ ਸਨ ਅੱਜਕਲ੍ਹ ਉਹਨਾਂ ਦਾ ਲੜਕਾ ਬਬਲੂ ਉੱਥੇ ਹੀ ਕਿਸੇ ਕੰਪਨੀ ਦੇ ਵਿੱਚ ਜਨਰਲ ਮੈਨੇਜਰ ਹੈ। ਚਾਚਾ ਜੀ ਦੀ ਵੱਡੀ ਬੇਟੀ ਰਾਣੋ ਟੀਚਰ ਹੈ ਅਤੇ ਛੋਟੀ ਬੇਟੀ ਲਖਵਿੰਦਰ ਜੱਜ ਲੱਗੀ ਹੋਈ ਹੈ। ਰਾਣੋ ਦੇ ਪਤੀ ਸਰਦਾਰ ਅਵਤਾਰ ਸਿੰਘ ਇੰਸ਼ੋਰੈਂਸ ਮਹਿਕਮੇ ਦੇ ਵਿੱਚ ਮੈਨੇਜਰ ਹਨ ਅਤੇ ਲੱਕੀ ਦੇ ਪਤੀ ਸਿੰਚਾਈ ਮਹਿਕਮੇ ਦੇ ਵਿੱਚ ਐਕਸੀਅਨ ਹਨ। ਚਾਚਾ ਅਜੀਤ ਸਿੰਘ ਹੋਰਾਂ ਦੇ ਬਰਖੁਰਦਾਰ ਬਲਰਾਜ ਸਿੰਘ ਸੈਂਟਰ ਗੌਰਮਿੰਟ ਦੇ ਵਿੱਚ ਰਿਜ਼ਨਲ ਕਮਿਸ਼ਨਰ ਰਹੇ ਹਨ ਜਿਸਦਾ ਲੜਕਾ ਜਸਪ੍ਰੀਤ ਸਿੰਘ ਫੌਜ਼ ਦੇ ਵਿੱਚ ਮੇਜ਼ਰ ਹੈ, ਇਸਦੀ ਭੂਆ ਨਿਰਮਲ ਕੌਰ ਦੇ ਪਤੀ ਸਰਦਾਰ ਗੁਰਸੇਮ ਸਿੰਘ ਰਿਟਾਇਰਡ ਡੀ.ਆਈ.ਜੀ. ਹਨ। ਸਰਦਾਰ ਗੁਰਸੇਮ ਸਿੰਘ ਦੇ ਸਪੁੱਤਰ ਜਸਦੀਪ ਸਿੰਘ ਇੰਡੀਆ ਦੇ ਆਮਦਨੀ ਵਿਭਾਗ ਵਿੱਚ ਟੈਕਸ ਕਮਿਸ਼ਨਰ ਹੈ ਅਤੇ ਦੂਸਰਾ ਲੜਕਾ ਹਰਪ੍ਰੀਤ ਸਿੰਘ ਸਟੇਟ ਬੈਂਕ ਔਫ ਇੰਡੀਆ ਦੇ ਵਿੱਚ ਮੈਨੇਜਰ ਹੈ। ਚਾਚਾ ਅਜੀਤ ਸਿੰਘ ਦੇ ਤਿੰਨ ਲੜਕੇ ਮਦਨਮੋਹਨ ਸਿੰਘ, ਕੁਲਵੰਤ ਸਿੰਘ ਅਤੇ ਹਰਵਿੰਦਰ ਸਿੰਘ ਕਨੇਡਾ ਰਹਿੰਦੇ ਹਨ। ਚਾਚਾ ਜੀ ਦੀਆਂ ਦੋ ਹੋਰ ਲੜਕੀਆਂ ਦਵਿੰਦਰ ਅਤੇ ਕੁਲਵਿੰਦਰ ਹਨ। ਚਾਚਾ ਸੋਹਣ ਸਿੰਘ ਜੀ ਦਾ ਲੜਕਾ ਗੁਰਸ਼ਰਨ ਸਿੰਘ ਪੰਜਾਬ ਸਟੇਟ ਇੰਡਸਟਰੀ ਦੇ ਵਿੱਚ ਜਨਰਲ ਮੈਨੇਜਰ ਹੈ ਅਤੇ ਦੂਸਰਾ ਲੜਕਾ ਜਗਦੀਸ਼ ਚਿਰੋਕਣੇ ਸਮੇਂ ਤੋਂ ਕਨੇਡਾ ਵਿੱਚ ਰਹਿ ਰਿਹਾ ਹੈ ਅਤੇ ਲੜਕੀ ਅਵਿਨਾਸ਼ ਜਲੰਧਰ ਰਹਿੰਦੀ ਹੈ। ਚਾਚਾ ਅਮਰ ਸਿੰਘ ਦੀਆਂ ਦੋ ਲੜਕੀਆਂ ਗੁੱਡੀ ਅਤੇ ਬੇਬੀ ਜਲੰਧਰ ਹਨ, ਇੱਕ ਹੋਰ ਲੜਕੀ ਦਵਿੰਦਰ ਕੌਰ ਅਤੇ ਚਾਰ ਲੜਕੇ ਸਨ। ਤਾਇਆ ਪ੍ਰੀਤਮ ਸਿੰਘ ਦੇ ਦੋ ਲੜਕੇ ਹਨ ਸਰਦਾਰ ਹਰਭਜਨ ਸਿੰਘ ਆਪਣੇ ਬੱਚਿਆਂ ਦੇ ਨਾਲ ਧੀਣੀ ਰਹਿੰਦੇ ਹਨ ਅਤੇ ਗੁਰਨਾਮ ਸਿੰਘ ਆਪਣੇ ਪਰਿਵਾਰ ਦੇ ਨਾਲ ਪਿੰਡ ਹੀ ਰਹਿੰਦਾ ਹੈ, ਇਸੇ ਤਰਾਂ

ਤਾਇਆ ਜਾਗੀਰ ਸਿੰਘ ਦਾ ਲੜਕਾ ਕੁੱਕੂ, ਉਸਦਾ ਪਰਿਵਾਰ ਅਤੇ ਇਕਬਾਲ ਦਾ ਪਰਿਵਾਰ ਪਿੰਡ ਰਹਿੰਦਾ ਹੈ, ਖੇਦ ਹੈ ਕਿ ਇਕਬਾਲ ਆਪਣੀ ਛੋਟੀ ਉਮਰ ਵਿੱਚ ਹੀ ਸਾਨੂੰ ਸਦੀਵੀ ਵਿਛੋੜਾ ਦੇ ਗਿਆ ਸੀ। ਪਿਤਾ ਜੀ ਦਾ ਸਾਰਿਆਂ ਤੋਂ ਛੋਟਾ ਭਰਾ ਗੁਰਮੇਲ ਸਿੰਘ ਵੀ ਪਿੰਡ ਹੀ ਰਹਿੰਦਾ ਹੈ, ਇੱਥੇ ਹੀ ਚਾਚਾ ਕਰਮ ਸਿੰਘ ਹੋਰਾਂ ਦਾ ਪਰਿਵਾਰ ਵਸਦਾ ਹੈ। ਮੇਰੇ ਵੀਰ ਸਰਦਾਰ ਹਰਭਜਨ ਸਿੰਘ ਜੀ ਮੁੱਢਲੀ ਪੜਾਈ ਕਰਨ ਤੋਂ ਉਪਰੰਤ ਫੌਜ਼ ਦੀ ਨੌਕਰੀ ਲਈ ਚੁਣੇ ਗਏ ਸਨ ਪਰ ਘਰ ਦਿਆਂ ਦਾ ਖਿਆਲ ਇਹੋ ਰਿਹਾ ਕਿ ਘਰੇਲੂ ਕਾਰੋਬਾਰ ਵਿੱਚ ਇਹਨਾਂ ਨੂੰ ਲਾਇਆ ਜਾਵੇ ਤਾਂ ਬੇਹਤਰ ਰਹੇਗਾ। ਇਹਨਾਂ ਦੀ ਲੜਕੀ ਜਤਿੰਦਰ-ਬਬਲੀ ਅਮ੍ਰਿਤਸਰ ਰਾਜ਼ਾ ਸੰਸੀ ਕਾਲਜ ਵਿਚ ਪ੍ਰਿੰਸੀਪਲ ਹੈ ਜਿਸਦੇ ਪਤੀ ਬਹੁਤ ਕਾਬਲ ਅਤੇ ਉੱਘੇ ਡਾਕਟਰ ਨੇਕੀ ਜੀ ਹਨ ਜਿਹਨਾਂ ਨੂੰ ਵਿਦੇਸ਼ਾਂ ਦੀਆਂ ਯੂਨੀਵਰਸੀਟੀਆਂ ਨੇ ਬਹੁਤ ਸਤਿਕਾਰ ਬਖਸ਼ਿਆ ਹੈ। ਮੈਨੂੰ ਮਾਣ ਹੈ ਕਿ ਮੇਰੇ ਵੀਰ ਦੀ ਦੂਸਰੀ ਲੜਕੀ ਸੁਖਵਿੰਦਰ ਵੀ ਆਪਣੀ ਵੱਡੀ ਭੈਣ ਵਾਂਗ ਐਮ.ਏ. ਤੱਕ ਪੜੀ ਹੋਈ ਹੈ ਅਤੇ ਇਹ ਜਨਤਾ ਕਾਲਜ ਕਰਤਾਰਪੁਰ ਵਿਖੇ ਐਸੋਸੀਏਟ ਪ੍ਰੋਫੈਸਰ ਲੱਗੀ ਹੋਈ ਹੈ ਅਤੇ ਪੈਰਾਮਿਲੀਟਰੀ ਦੇ ਵਿੱਚ ਕੈਪਟਨ ਦੀ ਪੱਦਵੀ ਤੇ ਵੀ ਵਿਅਸਤ ਹੈ। ਇਹਨਾਂ ਦਾ ਵੀਰਾ ਬਿੱਟੂ ਸੰਗੀਤ ਗਰੁੱਪ ਚਲਾਉਣ ਦਾ ਕੰਮ ਕਰਦਾ ਹੈ। ਗੁਰਨਾਮ ਸਿੰਘ ਦੇ ਬੱਚੇ ਵੀ ਚੰਗੇ ਕੰਮਾਂਕਾਰਾਂ ਤੇ ਲੱਗੇ ਹੋਏ ਹਨ। ਮੇਰੀ ਭੂਆ ਜੀ ਗੁਰਮੇਜ਼ ਕੌਰ ਨੀਊਜੀਲੈਂਡ ਰਹਿੰਦੇ ਹਨ, ਉਹਨਾਂ ਦਾ ਵੱਡਾ ਲੜਕਾ ਅਸਟ੍ਰੇਲੀਆ ਆਪਣਾ ਕਾਰੋਬਾਰ ਕਰਦਾ ਹੈ ਅਤੇ ਛੋਟਾ ਭੂਆ ਜੀ ਦੇ ਨਾਲ ਹੀ ਰਹਿੰਦਾ ਹੈ। ਦੁੱਗਲ ਪਰਿਵਾਰ ਦੇ ਸਾਰੇ ਜੀਅ ਦਸਾਂ ਨੌਹਾਂ ਦੀ ਕਿਰਤ ਕਰਦੇ ਹਨ ਅਤੇ ਗੁਰਸਿੱਖੀ ਮਾਰਗ ਤੇ ਚੱਲਦਿਆਂ ਅਕਾਲ ਪੁਰੱਖ ਦੇ ਭੈ ਵਿੱਚ ਰਹਿੰਦੇ ਹਨ, ਇਹ ਪਿਰਤ ਸਾਡੇ ਬਜੁਰਗ ਸਰਦਾਰ ਗੁਰਮੁਖ ਸਿੰਘ ਜੀ ਦੀ ਮਹਾਨ ਦੇਣ ਹੈ ਜੋ ਕਿ ਆਪ ਗੁਰਮਤਿ ਦੇ ਉਪਾਕਸ਼ ਸਨ। ਕਿਸੇ ਤੇ ਵੀ ਉਸ ਵਾਹਿਗੁਰੂ ਦੀ ਰਹਿਮਤ ਹੋਣੀ ਦਾਤੇ ਦੀ ਆਪਣੀ ਰਜ਼ਾ ਤੇ ਨਿਰਭਰ ਹੈ। ਦੁੱਗਲ ਪਰਿਵਾਰ ਨੂੰ ਪਰਮਾਤਮਾ ਨੇ ਅਪਾਰ ਮਾਣ ਸਤਿਕਾਰ ਬਖਸ਼ਿਆ ਹੈ ਸੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੁਰੀਦ ਬਣੇ ਰਹਿਣ ਦੇ ਵਿੱਚ ਹੀ ਸਾਰਿਆਂ ਦਾ ਭਲਾ ਹੋ ਸਕਦਾ ਹੈ। ਆਪਣੇ ਇਸ਼ਟ ਤੋਂ ਕਦਾਈਂ ਮੁਨਕਰ ਨਹੀਂ ਹੋਣਾ ਚਾਹੀਦਾ, ਉਸ ਦਾਤੇ ਦੀ ਕ੍ਰਿਪਾ ਦੇ ਨਾਲ ਹੀ ਇਨਸਾਨ ਦੁਨੀਆਂ ਵਿੱਚ ਆਉਂਦਾ ਹੈ ਸੋ ਆਪਣੇ ਲਕਸ਼ ਨੂੰ ਸਮਝਣ ਦਾ ਹਮੇਸ਼ਾਂ ਯਤਨ ਕਰਦੇ ਰਹਿਣਾ ਚਾਹੀਦਾ ਹੈ।

ਪਿੰਡ ਜਮਸ਼ੇਰ ਦਾ ਵਿਸਥਾਰ ਪੂਰਵਕ ਵੇਰਵਾ ਸ਼ੁਰੂ ਵਿੱਚ ਹੀ ਦਿੱਤਾ ਗਿਆ ਹੈ ਕਿ ਇਸ ਪਵਿੱਤਰ ਧਰਤੀ ਨੇ ਕਿਹੋ ਜਿਹੇ ਮਹਾਨ ਯੋਧੇ ਪੈਦਾ ਕੀਤੇ ਹਨ। ਪਿੰਡ ਦੇ ਬਾਹਿਰਲੇ ਪਾਸੇ ਨੂਰਮਹਿਲ ਸੜਕ ਤੇ ਉਸ ਸਮੇਂ ਕੇਵਲ ਅੱਠਵੀਂ ਤੱਕ ਸਕੂਲ

ਹੁੰਦਾ ਸੀ, ਦਸਮੀ ਕਰਨ ਲਈ ਵਡਾਲੇ ਜਾਣਾ ਪੈਂਦਾ ਸੀ। ਪਹਿਲਾਂ ਲੜਕੀਆਂ ਲਈ ਵਖਰਾ ਸਕੂਲ ਪੰਜਵੀਂ ਤੱਕ ਹੁੰਦਾ ਸੀ। ਅੱਜਕਲ੍ਹ ਹਾਇਰ ਸੈਕੰਡਰੀ ਸਕੂਲ ਬਣ ਗਏ ਹਨ ਅਤੇ ਪਿੰਡ ਦੇ ਬੱਚੇ ਬੱਚੀਆਂ ਨੂੰ ਦੂਰ ਨਹੀ ਜਾਣਾ ਪੈਂਦਾ। ਲੜਕੀਆਂ ਦਾ ਪੁਰਾਣਾ ਸਕੂਲ ਪਿੰਡ ਦੇ ਵਿਚਕਾਰ ਹੁੰਦਾ ਸੀ। ਪਿਤਾ ਜੀ ਹੋਰਾਂ ਦੀ ਮੁੱਢਲੀ ਪੜ੍ਹਾਈ ਪਿੰਡ ਦੇ ਸਕੂਲ ਵਿੱਚ ਹੀ ਹੋਈ ਹੈ। ਇਹ ਸਾਰੇ ਭਰਾ ਇਸੇ ਸਕੂਲ ਵਿੱਚ ਪੜ੍ਹਿਆ ਕਰਦੇ ਸੀ, ਇਹਨਾਂ ਨੇ ਸਕੂਲ ਇਕੱਠੇ ਜਾਣਾ ਅਤੇ ਇੱਕਠਿਆਂ ਨੇ ਖੇਡਿਆ ਕਰਨਾ। ਇਸ ਘਰ ਦੇ ਮੈਂਬਰ ਗਿਣਤੀ'ਚ ਜਿਆਦਾ ਸਨ ਸੋ ਇਹਨਾਂ ਸਾਰੇ ਭਰਾਵਾਂ ਦਾ ਬਾਕੀ ਦੇ ਹਾਣੀ-ਢਾਣੀ ਨਿਆਣਿਆਂ ਦੇ ਨਾਲ ਵੀ ਬਾਹਲ਼ਾ ਰਸੂਖ ਅਤੇ ਮੇਲ ਮਿਲਾਪ ਬਣਿਆ ਰਹਿੰਦਾ ਸੀ। ਇਹ ਸਾਰੇ ਭਰਾ ਪੜਨ ਵਿੱਚ ਹੁਸ਼ਿਆਰ ਹੁੰਦੇ ਸਨ। ਮੇਰੇ ਪਿਤਾ ਜੀ ਚਾਚਾ ਅਜੀਤ ਸਿੰਘ ਅਤੇ ਚਾਚਾ ਜਸਵੰਤ ਸਿੰਘ ਪੜ੍ਹਾਈ ਵਿੱਚ ਅੱਵਲ ਰਿਹਾ ਕਰਦੇ ਸਨ। ਇਹਨਾਂ ਸਾਰਿਆਂ ਭਰਾਵਾਂ ਦਾ ਆਪਸੀ ਬਹੁਤ ਪਿਆਰ ਹੁੰਦਾ ਸੀ। ਭਾਵੇਂ ਪਿਤਾ ਜੀ ਨੇ ਪਿੰਡ ਦੇ ਸਕੂਲ ਵਿੱਚੋਂ ਹੀ ਪ੍ਰਾਰੰਭਕ ਵਿੱਦਿਆ ਹਾਸਿਲ ਕੀਤੀ ਸੀ ਉਪਰੰਤ ਖਾਲਸਾ ਹਾਈ ਸਕੂਲ ਜਲੰਧਰ ਦਾਖਿਲ ਹੋਏ ਸਨ। ਪਿੰਡ ਜਮਸ਼ੇਰ ਤੋਂ ਇਹ ਸਕੂਲ 7 ਮੀਲ ਦੀ ਦੂਰੀ ਤੇ ਸੀ, ਧੀਣਾਂ, ਗੜ੍ਹਾ, ਆਦਿ ਪਿੰਡਾਂ ਦੇ ਵਿੱਚ ਦੀ ਹੁੰਦਿਆਂ ਹੋਇਆਂ ਇਹਨੀਂ ਨੰਗੇ ਪੈਰੀਂ ਕੋਹਾਂ ਪੈਂਡਾ ਤਹਿ ਕਰਕੇ ਸਕੂਲ ਜਾਣਾ। ਰੁੱਤ ਭਾਵੇਂ ਗਰਮੀ, ਸਰਦੀ ਜਾਂ ਵਰਸਾਤਾਂ ਦੀ ਹੋਵੇ ਪੜਨ ਜਾਣ ਲਈ ਇਹ ਸੰਕੋਚ ਨਹੀਂ ਸੀ ਕਰਿਆ ਕਰਦੇ। ਘਰ ਦੇ ਵੱਡੇ ਵਡੇਰੇ ਕਿਹਾ ਕਰਦੇ ਸਨ ਕਿ ਇੱਕ ਬਾਰ ਪਿਤਾ ਜੀ ਛੋਟੇ ਹੁੰਦਿਆਂ ਸਕੂਲ ਨਹੀਂ ਸੀ ਜਾਇਆ ਕਰਦੇ ਜਦੋਂ ਸਕੂਲ ਦੀ ਛੁੱਟੀ ਹੋਣੀ ਇਨ੍ਹਾਂ ਨੇ ਘਰ ਆ ਜਾਣਾ ਇੱਕ ਦਿਨ ਇਸ ਗੱਲ ਦਾ ਮੇਰੇ ਬਾਬਾ ਜੀ ਨੂੰ ਪਤਾ ਲੱਗ ਗਿਆ ਉਹਨੀਂ ਕਪੜਾ ਨਾਪਣ ਵਾਲਾ ਗਜ ਇਨ੍ਹਾਂ

ਦੇ ਕੰਨ ਤੇ ਦੇ ਮਾਰਿਆ, ਇਹਨਾਂ ਦਾ ਕੰਨ ਜਖਮੀ ਹੋ ਗਿਆ ਅਤੇ ਬਹੁਤ ਦਿਨਾਂ ਬਾਦ ਇਹ ਠੀਕ ਹੋਇਆ ਫਿਰ ਕਦੀ ਇਨ੍ਹੀਂ ਸਕੂਲ ਤੋਂ ਨਾਗਾ ਨਹੀਂ ਸੀ ਪਾਇਆ। ਇਹੋ ਜਿਹਾ ਮਾਜਰਾ ਮੇਰੇ ਨਾਲ ਵੀ ਕਦੀ ਵਾਪਰਿਆ ਸੀ, ਸ਼ਾਇਦ ਇਹਨਾਂ ਦਾ ਆਪਣਾ ਪੁਰਾਣਾ ਗੁੱਸਾ ਨਿਵਿਰਤ ਕਰਨ ਲਈ ਮੈਨੂੰ ਵੀ ਬਲੀ ਦੇਣੀ ਹੀ ਪੈਣੀ ਸੀ। ਖੈਰ ਇਹ ਆਪਣੇ ਮਿੱਤਰਾਂ ਦੇ ਨਾਲ ਗੱਲੀਂ-ਬਾਤੀਂ ਪੈਂਡਾ ਤਹਿ ਕਰ ਲਿਆ ਕਰਦੇ ਸਨ। ਦਸਮੀ ਪਾਸ ਕਰਨ ਤੋਂ ਬਾਦ ਪਰਾਈਵੇਟ ਤੌਰ ਤੇ ਇਹਨੀ ਐਫ਼.ਏ. ਦੇ ਇਮਤਿਹਾਨ ਦਿੱਤੇ ਅਤੇ ਚੰਗੇ ਨੰਬਰਾਂ ਤੇ ਪਾਸ ਹੋਏ। ਪਿਤਾ ਜੀ ਪਰਿਵਾਰਕ ਗਰੀਬੀ ਮਾਹੌਲ ਤੋਂ ਚਿੰਤਕ ਰਿਹਾ ਕਰਦੇ ਸਨ ਅਤੇ ਇਨ੍ਹਾਂ ਨੂੰ ਸ਼ੁਰੂ ਤੋਂ ਹੀ ਇਸ ਗੱਲ ਦਾ ਆਭਾਸ ਸੀ ਕਿ ਉੱਚ ਵਿੱਦਿਆ ਦੀ ਪ੍ਰਾਪਤੀ ਹੀ ਗਰੀਬੀ ਤੋਂ ਛੁਟਕਾਰਾ ਦੇ ਸਕਦੀ ਹੈ ਸੋ ਇਸੇ ਲਗਨ ਤਹਿਤ ਮਨ ਲਾ ਕਿ ਪੜਾਈ ਵੱਲ ਡਟੇ

ਰਹਿੰਦੇ ਸਨ। ਇਹ ਸੁਭਾਵ ਦੇ ਸੁਹਿਰਦ ਅਤੇ ਖੁਸ਼ ਮਿਜ਼ਾਜ ਹੁੰਦੇ ਸਨ। ਚੰਗੇ ਗੁਣਾਂ ਦੇ ਧਾਰਨੀ ਹੁੰਦਿਆਂ ਹੋਇਆਂ, ਸ਼ੁਰੂ ਤੋਂ ਹੀ ਕਾਫ਼ੀ ਚੇਤੰਨ ਅਤੇ ਪੜਾਈ ਦੇ ਵਿੱਚ ਵੀ ਹੁਸ਼ਿਆਰ ਰਹੇ ਸਨ। ਐਫ.ਏ. ਪਾਸ ਕਰਨ ਤੋਂ ਉਪਰੰਤ ਇਹਨੀਂ ਜਲੰਧਰ ਸ਼ਹਿਰ ਤੋਂ ਸੰਨ 1941 ਵਿੱਚ ਪਰਾਈਵੇਟ ਤੌਰ ਤੇ ਗਿਆਨੀ ਜਮਾਤ ਦਾ ਇਮਤਿਹਾਨ ਦਿੱਤਾ ਸੀ ਅਤੇ ਪੰਜਾਬ ਵਿੱਚ ਪਹਿਲੇ ਨੰਬਰ ਤੇ ਅਵੱਲ ਆਏ ਸਨ। ਉਹਨੀਂ ਦਿਨੀਂ ਗਿਆਨੀ ਦੀ ਉਪਾਧੀ ਪਰਾਪਤ ਕਰ ਲੈਣੀ ਬੀ.ਐਡ. ਡਿਗਰੀ ਦੇ ਬਰਾਬਰ ਮੰਨੀ ਜਾਂਦੀ ਸੀ। ਗਿਆਨੀ ਪਾਸ ਕਰਨ ਤੋਂ ਉਪਰੰਤ ਗਿਆਨੀ ਪਾਸ ਵਿੱਅਕਤੀ ਕਿਸੇ ਸਕੂਲ ਜਾਂ ਕਾਲਜ ਵਿੱਚ ਬਤੌਰ ਅਧਿੱਆਪਕ ਲੱਗ ਸਕਦਾ ਸੀ। ਇਹਨਾਂ ਦਿਨਾਂ ਵਿੱਚ ਗਿਆਨੀ ਵੀ ਕੋਈ ਕੋਈ ਹੀ ਪਾਸ ਕਰਿਆ ਕਰਦਾ ਸੀ।

ਇਹ ਵੀ ਇੱਕ ਰੱਬੀ ਕ੍ਰਿਸ਼ਮਾਂ ਕਿਹਾ ਜਾ ਸਕਦਾ ਹੈ ਕਿ ਪਿਤਾ ਜੀ ਹੋਰਾਂ ਦੇ ਬਚਪਣ ਸਮੇਂ ਤੋਂ ਹੀ ਸੁੱਖ ਨਾਲ ਇਹਨਾਂ ਦੇ ਬਾਬੇ ਹੋਰਾਂ ਦੇ ਭਰਾਤਾ ਜੀ ਬਾਬਾ ਗੁਰਦਿੱਤ ਸਿੰਘ ਦੇ ਪੋਤਰੇ ਇਹ ਸਾਰੇ ਭਾਈ ਤਕਰੀਬਨ ਹਾਣੀ- ਢਾਣੀ ਹੀ ਸਨ ਅਤੇ ਇਹ ਸਾਰੇ ਰਲ੍ਹ-ਮਿਲ੍ਹ ਕੇ ਪੂਰੀ ਟੀਮ ਦੇ ਖਿਡਾਰੀ ਗਿਣੇ ਜਾਇਆ ਕਰਦੇ ਸਨ। ਇਹਨਾਂ ਵੱਲੋਂ ਪਿੰਡ ਦੇ ਖਿਡਾਰੀਆਂ ਤੋਂ ਇਲਾਵਾ ਆਲ੍ਹੇ-ਦੁਵਾਲੇ ਦੇ ਪਿੰਡਾ ਦੀਆਂ ਟੀਮਾਂ ਨੂੰ ਚੈਲੰਜ਼ ਹੁੰਦਾ ਸੀ ਕਿ ਕੋਈ ਵੀ ਹੋਰ ਟੀਮ ਇਹਨਾਂ ਦੇ ਆਪਣੇ ਵੇਹੜੇ ਦੀ ਟੀਮ ਦੇ ਮੁਕਾਬਲੇ'ਚ ਹਾਕੀ, ਫੁੱਟਬਾਲ, ਵਾਲੀਬਾਲ ਜਾਂ ਕਬੱਡੀ ਦਾ ਮੈਚ ਖੇਡ ਸਕਦੀ ਹੈ। ਤਾਇਆ ਜੀ ਸਰਦਾਰ ਕਰਤਾਰ ਸਿੰਘ ਹਾਕੀ ਦੀ ਟੀਮ ਦੇ ਮਸ਼ਹੂਰ ਗੋਲਚੀ ਮੰਨੇ ਜਾਂਦੇ ਸਨ। ਇਹਨਾਂ ਦੇ ਗੂੜ੍ਹੇ ਮਿੱਤਰ ਸਰਦਾਰ ਮੋਹਣ ਸਿੰਘ ਆਹਲੂਵਾਲੀਆ ਅਤੇ ਖੇੜੇ ਤੋਂ ਸਰਦਾਰ ਨਾਜ਼ਰ ਸਿੰਘ ਨਿੱਜ਼ਰ ਹੁੰਦੇ ਸਨ। ਆਪਣੀ ਰਿਟਾਇਰਮੈਂਟ ਤੋਂ ਪਹਿਲਾਂ ਇਹ ਤਿੰਨੇ ਮਿੱਤਰ ਕੁਕੱੜ ਪਿੰਡ ਸਕੂਲ ਦੇ ਵਿੱਚ ਪੜ੍ਹਾਉਂਦੇ ਸਨ ਅਤੇ ਇਹਨਾਂ ਦਾ ਆਪਸੀ ਇਤਫ਼ਾਕ ਬਹੁਤ ਹੁੰਦਾ ਸੀ। ਸਾਡੇ ਵੇਹੜੇ'ਚ ਖੇਡਾਂ ਲਈ ਹਾਕੀਆਂ, 16 ਪੌਂਡ ਦਾ ਭਾਰਾ ਗੋਲਾ, ਵਾਲੀਬਾਲ, ਫੁੱਟਬਾਲ ਅਤੇ 5 ਮਣ ਕੱਚੇ ਭਾਰ ਦਾ ਪੱਥਰ ਪਿਆ ਹੁੰਦਾ ਸੀ। ਅੱਜਕਲ੍ਹ ਪਿੰਡ ਦੇ ਲੋਕ ਜਦੋਂ ਕਦੀਂ ਕਦਾਈਂ ਮਿਲਦੇ ਹਨ ਤਾਂ ਸੁਭਾਵਿਕ ਹੀ ਕਹਿ ਦਿੰਦੇ ਹਨ ਕਿ ਦੁੱਗਲਾਂ ਦਾ ਵੇਹੜਾ ਜਿੰਮਖਾਨਾ ਹੁੰਦਾ ਸੀ ਅਤੇ ਪੁਰਾਣੀਆਂ ਗੱਲਾਂ ਦੀ ਲੜੀ ਸ਼ੁਰੂ ਹੋ ਜਾਇਆ ਕਰਦੀ ਹੈ। ਕਹਿੰਦੇ ਹਨ ਕਿ ਇਹ ਭਾਰਾ ਪੱਥਰ ਪਿਤਾ ਜੀ ਦੇ ਪੜਦਾਦਾ ਜੀ ਆਪਣੇ ਖੇਤਾਂ ਵੱਲ ਸੈਰ ਕਰਨ ਗਏ ਥਾਬੱਲਕੇ ਪੁਲ੍ਹ ਤੋਂ ਜੋ ਤਕਰੀਬਨ ਘਰ ਤੋਂ ਢਾਈ ਮੀਲ ਦੀ ਦੂਰੀ ਤੇ ਹੈ ਆਪਣੇ ਮੋਢੇ ਤੇ ਰੱਖ ਕੇ ਘਰ ਲੈ ਆਏ ਸੀ। ਉਹਨਾਂ ਦਾ ਖਿਆਲ ਸੀ ਕਿ ਉਹਨਾਂ ਦੇ ਬੱਚੇ ਜਦੋਂ ਵੱਡੇ ਹੋਣਗੇ ਤਾਂ ਉਹ ਭਾਰ ਚੁੱਕਿਆ ਕਰਨਗੇ। ਰੋਜ਼ਾਨਾਂ ਸ਼ਾਮਾਂ ਨੂੰ ਪਿੰਡ ਦੇ ਨੌਜਵਾਨਾਂ ਨੇ ਇਕੱਠੇ ਹੋਣਾਂ ਅਤੇ ਇਹਨੀ

ਰਲ੍ਹ-ਮਿਲ੍ਹ ਕੇ ਖੇਡਿਆ ਕਰਨਾ। ਕਹਿੰਦੇ ਹਨ ਕਿ ਪਿਤਾ ਜੀ ਨੇ ਇਹ ਪੱਥਰ ਚੁੱਕ ਕੇ ਇਸਦਾ ਬਾਲਾ ਕੱਢਿਆ ਸੀ। ਇਹ ਗੋਲ੍ਹਾ ਸੁਟੱਣ ਵਿੱਚ ਅੱਵਲ ਰਿਹਾ ਕਰਦੇ ਸਨ। ਪਿੰਡ ਦੇ ਵਿੱਚ ਵੀ ਇਹਨਾਂ ਦੇ ਕਈ ਮਿੱਤਰ ਸਨ। ਸਰਦਾਰ ਕਰਨੈਲ ਸਿੰਘ ਗਿੱਲ, ਸਰਦਾਰ ਜੋਗਿੰਦਰ ਸਿੰਘ, ਸਰਦਾਰ ਦਿਲਬਾਗ ਸਿੰਘ, ਨੰਬਰਦਾਰ ਗੁਰਨਾਮ ਸਿੰਘ ਸੇਖੋਂ, ਸਰਦਾਰ ਤਬੀਲ ਸਿੰਘ ਅਤੇ ਨੰਬਰਦਾਰ ਸਰਦਾਰ ਸ਼ਿਵ ਸਿੰਘ ਸਰਪੰਚ ਪਿਤਾ ਜੀ ਦੇ ਖਾਸ ਮਿੱਤਰ ਸਨ। ਇਹਨਾਂ ਦਾ ਮੇਲ ਮਿਲਾਪ ਸ਼ੁਰੂ ਤੋਂ ਹੀ ਅਖੀਰ ਤੱਕ ਭਰਾਵਾਂ ਵਾਂਗ ਬਣਿਆ ਰਿਹਾ ਹੈ। ਪਿਤਾ ਜੀ ਦੇ ਮਿੱਤਰ ਕਹਿੰਦੇ ਸਨ ਕਿ ਸਰਦਾਰ ਕ੍ਰਿਪਾਲ ਸਿੰਘ ਸੋਹਣੇ ਕੱਦ-ਕਾਠ, ਸ਼ਕਲ ਸੂਰਤ ਤੋਂ ਇਲਾਵਾ ਕਾਫ਼ੀ ਸਡੌਲ ਸਰੀਰ ਦੇ ਦੇਖੇ ਜਾਂਦੇ ਸਨ। ਘਰ ਦੇ ਵਿੱਚ ਮੱਝਾਂ ਹੁੰਦੀਆਂ ਸਨ ਅਤੇ ਪਸ਼ੂਆਂ ਲਈ ਆਪਣੇ ਖੇਤਾਂ ਵਿੱਚੋਂ ਪੱਠੇ ਵੱਢ ਕੇ ਲਿਆਉਣੇ ਫਿਰ ਘਰ ਆ ਕੇ ਪੱਠੇ ਕੁਤਰਨੇ ਕਈ ਕਈ ਘੰਟੇ ਟੋਕੇ ਦੀ ਮਸ਼ੀਨ ਤੇ ਇਹ ਪੱਠੇ ਹੀ ਕੁਤਰਦੇ ਰਹਿੰਦੇ ਸਨ। ਉਹਨੀਂ ਦਿਨੀਂ ਸਰੀਰ ਦੀ ਵਰਜਸ਼ ਕਰਨ ਦਾ ਇਹੋ ਸੌਖਾ ਤਰੀਕਾ ਸਮਝਿਆ ਜਾਂਦਾ ਸੀ। ਸਾਡੇ ਖੇਤਾਂ ਦੇ ਇਰਦ ਗਿਰਦ ਵੱਟਾਂ ਤੇ ਸਰਵਾੜ੍ਹ ਬਹੁਤ ਹੁੰਦਾ ਸੀ। ਸਰਵਾੜ੍ਹ ਨੂੰ ਵੱਢਣਾ ਸੌਖੀ ਗੱਲ ਨਹੀ ਸੀ ਹੁੰਦੀ ਪਿਤਾ ਜੀ ਹੋਰੀ ਸਰਵਾੜ੍ਹ ਵੱਢਕੇ ਲਿਆਉਂਦੇ ਹੁੰਦੇ ਸਨ। ਅਸੀਂ ਵੀ ਘਰ ਦੇ ਸਾਰੇ ਨੌਜਬਾਨ ਸਰਵਾੜ੍ਹ ਵੱਢਦੇ ਹੁੰਦੇ ਸੀ ਹੱਥਾਂ ਦੇ ਵਿੱਚ ਚੀਰੇ ਆ ਜਾਇਆ ਕਰਦੇ ਸਨ। ਇੱਕ ਬਾਰ ਮੇਰੇ ਚਾਚੇ ਪ੍ਰੇਮ ਸਿੰਘ ਨੇ ਭਰੀ ਪਠਿੱਆਂ ਦੀ ਲਿਆਂਦੀ ਜਦੋਂ ਘਰ ਭਰੀ ਨੂੰ ਸਿਟਿੱਆ ਤਾਂ ਇਸ ਵਿੱਚੋਂ ਸੱਪ ਨਿਕਲ ਤੁਰਿਆ ਇਹੋ ਜਿਹੇ ਹਾਦਸੇ ਵੀ ਹੋ ਜਾਇਆ ਕਰਦੇ ਸਨ। ਭਾਵੇਂ ਪਿਤਾ ਜੀ ਅਤੇ ਚਾਚੇ-ਤਾਏ ਦੇ ਲੜਕੇ ਸਾਰੇ ਭਰਾਵਾਂ ਵਾਂਗ ਰਹਿੰਦੇ ਸਨ ਪਰ ਇਹਨਾਂ ਦਾ ਆਪਸੀ ਇੱਕਠ ਬਹੁਤ ਹੁੰਦਾ ਸੀ ਅਤੇ ਜਿੱਧਰ ਕਿਤੇ ਵੀ ਜਾਣਾ ਤਾਂ ਇੱਕਠਿਆਂ ਨੇ ਹੀ ਜਾਣਾ। ਸ਼ਾਮਾਂ ਨੂੰ ਕੰਮਾਂਕਾਰਾਂ ਤੋਂ ਵੇਹਲੇ ਹੋ ਕੇ ਮੁੰਡਿਆਂ ਨੇ ਖੇਡਾਂ ਲਈ ਇੱਕਠੇ ਹੋਣਾਂ ਜੋ ਕਿ ਅੱਜਕਲ੍ਹ ਇਹ ਰਿਵਾਜ਼ ਪਿੰਡਾਂ ਵਿਚੋਂ ਖਤਮ ਹੀ ਹੋ ਗਿਆ ਜਾਪਦਾ ਹੈ। ਉਹਨਾਂ ਦਿਨਾਂ'ਚ ਮੁੰਡਿਆਂ ਦੀ ਰੁਚੀ ਖੇਡਣ ਦੀ ਹੋਇਆ ਕਰਦੀ ਸੀ ਉਹ ਆਪਣੇ ਸਰੀਰ ਨੂੰ ਰਿਸ਼ਟ-ਪੁਸ਼ਟ ਰੱਖਣ ਦੇ ਚਾਹਵਾਨ ਹੁੰਦੇ ਸਨ। ਪਿੰਡਾਂ ਵਿੱਚ ਸ਼ਾਮਾਂ ਨੂੰ ਕਿਤੇ ਘੋਲ ਹੋਣੇ, ਕਿਤੇ ਵੱਖ ਵੱਖ ਖੇਡਾਂ ਹੋਣੀਆਂ, ਕਿਤੇ ਅਖਾੜਿਆਂ ਵਿੱਚ ਵਰਜਸ਼ਾਂ ਹੋਣੀਆਂ ਆਦਿ ਇਹਨਾਂ ਰੰਗ-ਮੰਚਕ ਘਟਨਾਵਾਂ ਨੂੰ ਸਿਹਤਯਾਬਤਾ ਦੀ ਪ੍ਰਕਿਰਿਆ ਮੰਨਿਆ ਜਾਂਦਾ ਸੀ। ਪੰਜਾਬ ਦੀ ਮੌਜੂਦਾ ਸਥਿਤੀ ਬਹੁਤ ਗੰਭੀਰ ਅਤੇ ਚਿੰਤਾਤੁਰ ਹੁੰਦੀ ਜਾ ਰਹੀ ਹੈ ਜਿੱਥੇ ਕਿ ਨੌਜਵਾਨ ਨਸ਼ਿਆਂ ਵਿੱਚ ਗੁਲਤਾਨ ਹੋਏ ਆਪਣੇ ਜੋਬਨ ਦੀਆਂ ਰੱਬੀ ਰਹਿਮਤਾਂ ਨੂੰ ਅਜਾਈਂ ਨਸ਼ਟ ਕਰੀ ਜਾ ਰਹੇ ਹਨ। ਪਿੰਡਾਂ ਦੇ ਲੋਕਾਂ ਦੀ ਸੋਚ ਵੀ ਮਨੁੱਖੀ ਕਦਰਾਂ ਕੀਮਤਾਂ ਤੋਂ ਭਿੰਨ ਹੁੰਦੀ ਜਾ ਰਹੀ ਹੈ, ਪਹਿਲਾਂ ਵਾਲੀ ਸੁਹਿਰਦਤਾ, ਆਪਸੀ ਪਿਆਰ-ਸਤਿਕਾਰ ਅਤੇ ਰੱਬੀ ਭੋਲਾਪਨ ਅੱਜ ਨਹੀਂ ਦਿਸ

ਰਿਹਾ। ਵਾਹਿਗੁਰੂ ਭਲੀ ਕਰੇ ਲੋਕਾਂ ਨੂੰ ਸੋਝੀ ਬਖਸ਼ੇ ਤਾਂ ਕਿ ਉਹ ਰੱਬੀ ਗੁਣਾਂ ਦੇ ਧਾਰਨੀ ਹੋ ਸਕਣ ਅਤੇ ਆਪਣੇ ਜੀਵਨ ਦੇ ਲਕਸ਼ ਨੂੰ ਸਮਝਦਿਆਂ ਹੋਇਆਂ ਉਸ ਅਕਾਲ ਪੁਰੱਖ ਦੀਆਂ ਅਪਾਰ ਰਹਿਮਤਾਂ ਦੇ ਸੰਗੀ-ਪਾਤਰ ਬਣ ਸਕਣ।

ਭਾਵੇਂ ਦੁੱਗਲ ਪਰਿਵਾਰ ਬਹੁਤ ਵੱਡਾ ਪਰਿਵਾਰ ਸੀ, ਪਿਤਾ ਜੀ ਦੇ ਤਾਇਆਂ ਦੇ ਲੜਕੇ ਜਦੋਂ ਨੌਕਰੀ ਕਰਨ ਦੇ ਸਮਰੱਥ ਹੋਏ ਉਹਨੀਂ ਆਪਣੀ ਯੋਗ ਵਿੱਦਿਆ ਦੇ ਆਧਾਰ ਤੇ ਕੰਮ ਲੱਭ ਲਏ ਅਤੇ ਉਹ ਆਪੋ ਆਪਣੇ ਕੰਮਾਂਕਾਰਾਂ ਵਿੱਚ ਵਿਅਸਤ ਹੋ ਗਏ। ਤਾਏ ਪ੍ਰੀਤਮ ਸਿੰਘ ਹੋਰਾਂ ਦੀ ਜਲੰਧਰ ਪੱਠੇ ਕੁਤਰਨ ਵਾਲੇ ਟੋਕਿਆਂ ਦੀ ਦੁਕਾਨ ਹੁੰਦੀ ਸੀ। ਤਾਏ ਜਗੀਰ ਸਿੰਘ ਹੋਰੀਂ ਕਾਰਾਂ ਦੇ ਸਪੇਅਰ ਪੁਰਜ਼ੇ ਵੇਚਣ ਦਾ ਕੰਮ ਕਰਦੇ ਸਨ। ਇਹ ਦੋਵੇਂ ਦੁਕਾਨਾ ਜਲੰਧਰ ਰੇਲਵੇ ਸਟੇਸ਼ਨ ਰੋੜ ਤੇ ਲਕਸ਼ਮੀ ਸਿਨਮੇ ਦੇ ਸਾਹਮਣੇ ਹੁੰਦੀਆਂ ਸਨ। ਇਹਨਾਂ ਦੀਆਂ ਦੁਕਾਨਾਂ ਦੇ ਨਾਲ ਹੀ ਇੱਕ ਦੁਕਾਨ ਹਜ਼ਾਰਾ ਪਿੰਡ ਤੋਂ ਸਰਦਾਰ ਗੁਰਦਿਆਲ ਸਿੰਘ ਦੀ ਹੁੰਦੀ ਸੀ ਜਿਹਨਾਂ ਨੂੰ ਉਸਤਾਦ ਸਾਹਿਬ ਕਹਿਕੇ ਬੁਲਾਇਆ ਜਾਂਦਾ ਸੀ ਇਹ ਫੋਟੋਗਰਾਫੀ ਦਾ ਕੰਮ ਕਰਦੇ ਸਨ ਜਿਹਨਾਂ ਦੇ ਦੋ ਲੜਕੇ ਇਹਨਾਂ ਦਾ ਹੱਥ ਬਟਾਇਆ ਕਰਦੇ ਸਨ। ਇਹਨਾਂ ਦੀ ਦੁਕਾਨ ਦੇ ਸਾਹਮਣੇ ਇੱਕ ਦੁਕਾਨ ਰਾਵਲ ਪਿੰਡੀ ਤੋਂ ਭਾਪੇ ਸਰਦਾਰ ਸਾਹਿਬ ਦੀ ਹੁੰਦੀ ਸੀ ਜਿਸਨੂੰ ਪਿੰਡੀ ਕਹਿਕੇ ਸਾਰੇ ਬੁਲਾਇਆ ਕਰਦੇ ਸੀ ਇਹਨਾਂ ਦਾ ਕਾਰੋਬਾਰ ਇਲੈਕਟਰੀਕੱਲ ਸਾਮਾਨ ਵੇਚਣ ਦਾ ਹੁੰਦਾ ਸੀ ਅਤੇ ਇਹ ਬਹੁਤ ਖੁਸ਼ ਤਬੀਅਤ ਦੇ ਇਨਸਾਨ ਸਨ। ਇਹ ਸਾਰੇ ਮਿੱਤਰ ਸਾਰਾ ਦਿਨ ਰੌਣਕਾਂ ਲਾਈ ਰੱਖਦੇ ਹੁੰਦੇ ਸੀ। ਚਾਚਾ ਅਜੀਤ ਸਿੰਘ ਹੋਰੀਂ ਸ਼ਿਮਲੇ ਡਿਫੈਂਸ ਐਕਾਊਂਟਸ ਸਰਵਿਸਿੱਸ ਮਹਿਕਮੇ ਦੇ ਵਿੱਚ ਕੰਟਰੋਲਰ ਲੱਗੇ ਹੋਏ ਸਨ। ਪਿਤਾ ਜੀ ਦੇ ਤਾਇਆ ਜੀ ਸਰਦਾਰ ਸੁਹੇਲ ਸਿੰਘ ਸਿੰਦਰੀ ਇੰਜਨੀਅਰਿੰਗ ਫੇਕਟਰੀ ਦੇ ਵਿੱਚ ਫੋਰਮੈਨ ਹੁੰਦੇ ਸਨ ਇਹਨਾਂ ਦੇ ਨਾਲ ਬਾਕੀ ਪਰਿਵਾਰ ਵੀ ਸਿੰਦਰੀ ਹੀ ਰਹਿੰਦਾ ਸੀ। ਇਹਨਾਂ ਦੇ ਵੱਡੇ ਲੜਕੇ ਚਾਚਾ ਅਮਰ ਸਿੰਘ ਹੋਰੀਂ ਬਹੁਤ ਉੱਘੇ ਚਿੱਤਰਕਾਰ ਸਨ, ਇਹਨਾਂ ਦੇ ਆਪਣੇ ਹੱਥੀਂ ਬਣੀਆਂ ਹੋਈਆਂ ਕਈ ਫੋਟੋਆਂ ਸਾਡੇ ਆਪਣੇ ਘਰ ਵੀ ਲੱਗੀਆਂ ਹੋਈਆਂ ਹੁੰਦੀਆਂ ਸਨ। ਚਾਚਾ ਬਲਬੰਤ ਸਿੰਘ ਹੋਰੀਂ ਪਹਿਲਾਂ ਜਲੰਧਰ ਕੰਪਨੀ ਬਾਗ ਦਫਤਰ ਵਿੱਚ ਕਲੱਰਕ ਹੁੰਦੇ ਸਨ ਫਿਰ ਅਜਮੇਰ ਸ਼ਰੀਫ਼ ਰੇਲਵੇ ਮਹਿਕਮੇ ਵਿੱਚ ਚੀਫ਼ ਪਲੇਟੀਅਰ ਅਫ਼ਸਰ ਲੱਗ ਗਏ ਸਨ। ਚਾਚਾ ਸੋਹਣ ਸਿੰਘ ਹੋਰੀਂ ਨੰਗਲ ਖਾਦ ਦੀ ਫੈਕਟਰੀ ਵਿੱਚ ਉੱਚ ਅਫ਼ਸਰ ਲੱਗੇ ਹੋਏ ਸਨ। ਇਹਨਾਂ ਦੇ ਹਰ ਇੱਕ ਪਰਿਵਾਰ ਦਾ ਮੈਂਬਰ ਆਪੋ ਆਪਣੇ ਘਰ ਕੰਮ ਦੇ ਲਿਹਾਜ਼ ਨਾਲ ਠੀਕ ਸੀ। ਮੇਰੇ ਚਾਚਾ ਬਲਦੇਵ ਸਿੰਘ ਹੋਰੀਂ ਉਸ ਸਮੇਂ ਖਾਲਸਾ ਕਾਲਜ ਪੜਦੇ ਹੁੰਦੇ ਸਨ ਅਤੇ ਮੈਂ ਮੈਂਟਗੁਮਰੀ ਸਕੂਲ ਮਾਡਲ ਟਾਊਨ ਜਲੰਧਰ ਪੜਦਾ ਹੁੰਦਾ ਸੀ। ਉਸ ਸਮੇਂ ਸਿਰਫ ਪਿਤਾ ਜੀ ਅਤੇ

ਇਹਨਾਂ ਦੇ ਤਾਇਆ ਜੀ ਦੇ ਲੜਕੇ ਕੰਮ ਕਰਨ ਦੇ ਯੋਗ ਸਨ। ਪਰ ਬਾਬਾ ਤੇਜਾ ਸਿੰਘ ਹੋਰਾਂ ਦਾ ਪਰਿਵਾਰ ਵੱਡਾ ਸੀ ਅਤੇ ਪਿਤਾ ਜੀ ਤੋਂ ਇਲਾਵਾ ਸਾਰੇ ਬੱਚੇ ਛੋਟੇ ਸਨ। ਮੇਰੇ ਬਾਬਾ ਜੀ ਡੱਗੀ ਦਾ ਕੰਮ ਕਰਿਆ ਕਰਦੇ ਸਨ ਪਰ ਆਮਦਨ ਬਹੁਤ ਘੱਟ ਹੁੰਦੀ ਸੀ। ਭਾਵੇਂ ਪਿਤਾ ਜੀ ਘਰ ਦੇ ਸਾਰੇ ਬੱਚਿਆਂ ਤੋਂ ਵੱਡੇ ਬੇਟੇ ਸਨ ਅਤੇ ਕਮਾਈ ਕਰਨ ਦੇ ਯਤਨ ਵੀ ਕਰਦੇ ਰਹੇ ਪਰ ਇਹਨਾਂ ਨੂੰ ਆਪਣੇ ਕਾਰੋਬਾਰ ਵਿੱਚ ਬਹੁਤੀ ਸਫਲਤਾ ਨਹੀ ਸੀ ਹੁੰਦੀ। ਬਾਬਾ ਜੀ ਦੀ ਕਮਾਈ ਹਲਕੀ-ਫੁਲਕੀ ਹੋਣ ਕਾਰਣ ਘਰ ਦਾ ਗੁਜਾਰਾ ਵੀ ਔਖਾ ਹੀ ਚੱਲਦਾ ਸੀ। ਇਹਨਾਂ ਦੇ ਚਾਚਾ ਜੀ ਸਰਦਾਰ ਕਰਮ ਸਿੰਘ ਜੀ ਪਹਿਲਾਂ ਪਿੰਡ ਸ਼ੰਕਰ ਸਕੂਲ ਵਿੱਚ ਮਾਸਟਰ ਲੱਗੇ ਰਹੇ ਅਤੇ ਕਿਸੇ ਦੋਸਤ ਦੇ ਨਾਲ ਸਾਂਝੀਦਾਰੀ ਵਿੱਚ ਕਰਿਆਨੇ ਦੀ ਦੁਕਾਨ ਵੀ ਕਰਿਆ ਕਰਦੇ ਸਨ। ਪਰ ਦੁਕਾਨ ਦੀ ਉਸ ਸਾਂਝੀਵਾਲਤਾ ਨੇ ਇਹਨਾਂ ਦੇ ਪੱਲੇ ਕੁੱਝ ਨਹੀ ਸੀ ਪਾਇਆ, ਸੁਣਿਆ ਹੈ ਕਿ ਉਹ ਦੁਕਾਨ ਸੋਨੇ ਦੀ ਖਾਨ ਸੀ ਪਰ ਕਿਸੇ ਹੋਰ ਦੇ ਗੋਚਰੇ ਜੁੰਮੇਵਾਰੀ ਸੌਂਪ ਦੇਣੀ ਘਾਟੇ ਨੂੰ ਸੱਦਾ ਦੇਣ ਵਾਲੀ ਗੱਲ ਹੁੰਦੀ ਹੈ। ਕੁੱਝ ਸਾਲਾਂ ਦੀ ਨੌਕਰੀ ਉਪਰੰਤ ਮਾਸਟਰ ਜੀ ਪੂਨੇ-ਮਹਾਂਰਾਸ਼ਟਰ ਚਲੇ ਗਏ ਅਤੇ ਫ਼ੌਜੀ ਸਕੂਲ ਵਿੱਚ ਹੈਡਮਾਸਟਰ ਲੱਗ ਗਏ। ਇਹਨੀਂ ਆਪਣੀ ਜਿੰਦਗੀ ਦਾ ਚੋਖਾ ਸਮਾਂ ਪੂਨੇ ਹੀ ਗੁਜਾਰਿਆ ਸੀ ਅਤੇ ਰਿਟਾਇਰ ਵੀ ਪੂਨੇ ਤੋਂ ਹੀ ਹੋ ਕੇ ਪਿੰਡ ਵਾਪਿਸ ਆਏ ਸਨ। ਚਾਚਾ ਜੀ ਜਦ ਕੰਮ ਕਰਦੇ ਸਨ ਤਾਂ ਉਹਨਾਂ ਵੱਲੋਂ ਹਰ ਮਹੀਨੇ ਯੋਗ ਮਾਇਕ ਸਹਾਇਤਾ ਮਿਲਣ ਕਾਰਨ ਹੀ ਪਿਤਾ ਜੀ ਹੋਰੀਂ ਆਪਣੀ ਪੜਾਈ ਜਾਰੀ ਰੱਖ ਸਕੇ ਸਨ। ਜਿੰਦਗੀ ਵਿੱਚ ਸਮੇਂ ਸਮੇਂ ਢੁਕਵੀਂ ਵਿੱਦਿਆ ਪ੍ਰਾਪਤ ਕਰਦੇ ਹੋਇਆਂ ਨੇ ਫਿਰ ਵੀ ਚੋਖੀ ਸਫ਼ਲਤਾ ਅਤੇ ਸ਼ੋਹਰਤ ਪ੍ਰਾਪਤ ਕੀਤੀ ਸੀ। ਘਰੇਲੂ ਹਾਲਤ ਨੂੰ ਸੁਧਾਰਨ ਲਈ ਇਹਨੀਂ ਕਈ ਤਰ੍ਹਾਂ ਦੇ ਕੰਮ ਆਰੰਭੇ ਅਤੇ ਕਈਆਂ ਕੰਮਾ ਵਿੱਚ ਬਹੁਤੀ ਸਫਲਤਾ ਨਾ ਮਿਲਣ ਕਰਕੇ ਵੱਖ ਵੱਖ ਕਾਰੋਬਾਰਾਂ ਦੀ ਅਜ਼ਮਾਇਸ਼ ਵੀ ਕਰਦੇ ਰਹੇ ਸਨ। ਕੰਮ ਕਰਨਾ ਅਤੇ ਨਾਲ ਨਾਲ ਪੜਾਈ ਵੀ ਕਰਦੇ ਰਹਿਣਾ ਕੁੱਝ ਔਖੀ ਗੱਲ ਸੀ। ਮਕਸੱਦ ਕੇਵਲ ਗਰੀਬੀ ਤੋਂ ਛੁਟਕਾਰਾ ਪਾਉਣਾ ਅਤੇ ਆਪਣੀਆਂ ਘਰੇਲੂ ਜੁੰਮੇਵਾਰੀਆਂ ਦੀ ਪੂਰਤੀ ਕਰਨਾ ਹੁੰਦਾ ਸੀ। ਇਹਨਾਂ ਦੇ ਸਾਰੇ ਕੀਤੇ ਕਾਰੋਬਾਰਾਂ ਦਾ ਵੇਰਵਾ ਅਗਾਂਹ ਦਿੱਤਾ ਜਾਵੇਗਾ।

ਚਾਚਾ ਜੀ ਮਾਸਟਰ ਕਰਮ ਸਿੰਘ ਹੋਰਾਂ ਦੀ ਸਾਰੇ ਹੀ ਬਹੁਤ ਇੱਜਤ ਕਰਦੇ ਸਨ। ਜਦੋਂ ਵੀ ਉਹਨੀਂ ਪੂਨੇ ਤੋਂ ਪਿੰਡ ਆਉਣਾ ਤਾਂ ਵੇਹੜੇ ਦੀ ਖਾਸੀ ਸਫਾਈ ਕਰਨ ਲਈ ਸਾਰੇ ਇੱਧਰ ਉੱਧਰ ਦੌੜਿਆ ਕਰਦੇ ਸੀ। ਵੇਹੜੇ ਦੇ ਸਾਰੇ ਨੌਜਵਾਨ ਸਫਾਈ ਕਰਨ ਲਈ ਜੁੱਟ ਜਾਇਆ ਕਰਦੇ ਸਨ ਅਤੇ ਸਫਾਈ ਕਰਨ ਤੋਂ ਉਪਰੰਤ ਉਹਨਾਂ ਦੀ ਬੇਸਬਰੀ ਨਾਲ ਉਡੀਕ ਕੀਤੀ ਜਾਂਦੀ ਸੀ। ਹਰ ਇੱਕ ਦੇ ਮਨ ਵਿੱਚ

ਉਹਨਾਂ ਲਈ ਬਹੁਤ ਸਤਿਕਾਰ ਹੁੰਦਾ ਸੀ ਅਤੇ ਸਾਰੇ ਉਹਨਾਂ ਤੋਂ ਡਰਦੇ ਵੀ ਹੁੰਦੇ ਸੀ ਇਹ ਡਰ ਉਹਨਾਂ ਪ੍ਰਤੀ ਪਿਆਰ ਅਤੇ ਸਤਿਕਾਰ ਦਾ ਪ੍ਰਤੀਕ ਕਿਹਾ ਜਾ ਸਕਦਾ ਹੈ। ਘਰ ਦੇ ਬਜ਼ੁਰਗ ਜੋ ਕੁੱਝ ਵੀ ਕਹਿ ਦਿੰਦੇ ਸਨ ਉਸ ਗੱਲ ਨੂੰ ਕੋਈ ਬਦਲ੍ਹ ਨਹੀਂ ਸੀ ਸਕਦਾ। ਇੱਕ ਬਾਰ ਚਾਚਾ ਜੀ ਹੋਰੀਂ ਪਿੰਡ ਆਏ ਹੋਏ ਸਨ ਅਤੇ ਉਹਨਾਂ ਦੀ ਐਨਕ ਕਿਤੇ ਰੱਖ ਹੋ ਗਈ ਉਹ ਇੱਧਰ ਉੱਧਰ ਲੱਭਦੇ ਰਹੇ ਪਰ ਜਦੋਂ ਐਨਕ ਨਾ ਲੱਭੀ ਤਾਂ ਉਹਨੀਂ ਸਾਰੇ ਨਿਆਣਿਆਂ ਨੂੰ ਸੱਦ ਲਿਆ ਅਤੇ ਇੱਕ ਕਤਾਰ ਵਿੱਚ ਖੜੇ ਕਰ ਲਏ। ਉਹ ਬਾਰੀ ਬਾਰੀ ਸਾਰਿਆਂ ਨੂੰ ਪੁੱਛਦੇ ਗਏ ਨਾਲ ਨਾਲ ਸਾਡੇ ਚੁੱਪ ਰਹਿਣ ਤੇ ਇੱਕ ਇੱਕ ਮੂੰਹ ਤੇ ਚਪੇੜ ਜੜਦੇ ਗਏ। ਮੈਂ ਵੀ ਇਸੇ ਕਤਾਰ ਵਿੱਚ ਖੜਾ ਸੀ ਜਦੋਂ ਮੇਰੇ ਵੀ ਚਪੇੜ ਪਈ ਤਾਂ ਮੈਂ ਗੁੱਸੇ ਵਿੱਚ ਕਿਹਾ ਕਿ ਕੋਈ ਨਹੀਂ ਮੈਂ ਆਪਣੇ ਪਿਤਾ ਜੀ ਨੂੰ ਚਿੱਠੀ ਲਿਖਾਂਗਾ ਉਹਨੀਂ ਮੇਰੇ ਵੱਲ ਗੁੱਸੇ ਵਿੱਚ ਤੱਕਦਿਆਂ ਤਾੜ ਕਰਦੀ ਇੱਕ ਹੋਰ ਚਪੇੜ ਜੜ ਦਿੱਤੀ ਅਤੇ ਕਿਹਾ ਇਸ ਚਪੇੜ ਵਾਰੇ ਵੀ ਲਿਖ ਦੇਵੀਂ। ਚਿੱਠੀ ਤਾਂ ਮੈਂ ਕੀ ਲਿਖਣੀ ਸੀ ਮੈਨੂੰ ਭਾਸਰ ਗਈ ਕਿ ਚਾਚੇ ਭਤੀਜੇ ਦਾ ਆਪਸੀ ਬਹੁਤ ਪਿਆਰ ਹੈ ਕਿਤੇ ਪਿਤਾ ਜੀ ਵੱਲੋਂ ਵੀ ਚਪੇੜ ਨਾ ਖਾਣੀ ਪੈ ਜਾਵੇ ਸੋ ਗੁੱਸੇ ਨੂੰ ਇੱਥੇ ਹੀ ਛੱਡ ਦੇਣਾ ਠੀਕ ਰਹੇਗਾ। ਇਹੋ ਜਿਹਾ ਸਖਤ ਸੁਭਾਵ ਚਾਚਾ ਜੀ ਹੋਰਾਂ ਦਾ ਹੁੰਦਾ ਸੀ। ਜਿੱਥੇ ਉਹ ਸਖਤ ਸੁਭਾਵ ਦੇ ਸਨ ਉੱਥੇ ਉਹ ਨਰਮ ਦਿਲ੍ਹ ਵੀ ਬਹੁਤ ਹੁੰਦੇ ਸਨ ਅਤੇ ਬੱਚਿਆਂ ਨੂੰ ਪਿਆਰ ਵੀ ਬਹੁਤ ਕਰਦੇ ਸਨ। ਮੈਂ ਛੋਟਾ ਹੁੰਦਾ ਜਲੰਧਰ ਮੈਂਟਗੁੰਮਰੀ ਕੌਨਵੈਂਟ ਸਕੂਲ ਵਿੱਚ ਪੜਦਾ ਸੀ ਅਤੇ ਪੜਾਈ ਦੇ ਵਿੱਚ ਸ਼ੁਰੂ ਤੋਂ ਹੀ ਹੁਸ਼ਿਆਰ ਹੁੰਦਾ ਸੀ। ਚਾਚਾ ਜੀ ਹੋਰੀ ਇੱਕ ਬਾਰ ਪਿੰਡ ਆਏ ਹੋਏ ਸਨ ਮੈਨੂੰ ਇਹਨੀਂ ਕਿਹਾ ਕਿ ਅਗਰ ਇਸ ਬਾਰ ਤੂੰ ਆਪਣੀ ਕਲਾਸ ਦੇ ਵਿੱਚੋਂ ਅੱਵਲ ਆਇਆ ਤਾਂ ਮੈਂ ਤੈਨੂੰ ਪੂਨੇ ਤੋਂ ਨਵਾਂ ਰੇਲ੍ਹੇ ਸਾਈਕਲ ਭੇਜਾਂਗਾ। ਮੈਨੂੰ ਚੰਗੀ ਤਰਾਂ ਯਾਦ ਹੈ ਕਿ ਮੈਂ ਆਪਣੀ ਕਲਾਸ ਦੇ ਵਿੱਚੋਂ ਸਿਰਫ ਅੱਵਲ ਹੀ ਨਹੀ ਸੀ ਆਇਆ ਬਲਕਿ ਹਰ ਪੱਖ ਤੋਂ ਸਾਰੇ ਸਕੂਲ ਦੇ ਵਿੱਚ ਅੱਵਲ ਰਿਹਾ ਸੀ। ਚਾਚਾ ਜੀ ਹੋਰਾਂ ਨੂੰ ਜਦੋਂ ਪਤਾ ਲੱਗਾ ਤਾਂ ਉਹਨੀਂ ਮੇਰੇ ਲਈ ਨਵਾਂ ਰੇਲ੍ਹੇ ਸਾਈਕਲ ਪੂਨੇ ਤੋਂ ਬਿਲਟੀ ਕਰਕੇ ਰੇਲ-ਗੱਡੀ ਰਾਹੀਂ ਜਲੰਧਰ ਭੇਜਿਆ ਸੀ। ਇਹ ਉਹਨਾਂ ਦਾ ਪਿਆਰ ਅਤੇ ਪੜਾਈ ਵੱਲ ਅਜਿਹੀ ਪ੍ਰੇਰਨਾ ਦੇਣ ਦਾ ਉਪਰਾਲਾ ਹੁੰਦਾ ਸੀ। ਉਸ ਜਮਾਨੇ ਵਿੱਚ ਵੈਸੇ ਹੀ ਸਾਈਕਲ ਖਰੀਦਣਾ ਬਹੁਤ ਔਖੀ ਗੱਲ ਸੀ ਪਰ ਨਵਾਂ ਸਾਈਕਲ ਉਹ ਵੀ ਅੱਵਲ ਕੰਪਨੀ ਦਾ ਕੋਲ ਹੋਣਾ ਲੋਕਾਂ ਲਈ ਬਹੁਤ ਅਚੰਭੇ ਦੀ ਗੱਲ ਸੀ। ਇਸ ਸਾਈਕਲ ਨੂੰ ਸਾਰੇ ਦੇਖ ਕੇ ਬਹੁਤ ਖੁਸ਼ ਹੁੰਦੇ ਸਨ। ਚਾਚਾ ਜੀ ਸਾਰੇ ਬੱਚਿਆਂ ਨੂੰ ਉੱਚ ਪੜਾਈ ਕਰਨ ਲਈ ਹਮੇਸ਼ਾਂ ਪ੍ਰੇਰਿਆ ਕਰਦੇ ਸੀ। ਪਿਤਾ ਜੀ ਨੂੰ ਵੀ ਪੜਾਈ ਕਰਨ ਲਈ ਉਤਸ਼ਾਹਤ ਕਰਨਾ ਉਹਨਾਂ ਦਾ ਹੀ ਉਪਕਾਰ ਹੈ। ਚਾਚਾ ਜੀ ਨੂੰ ਇਤਿਹਾਸਕ ਗੁਰਦੁਆਰੇ ਦੇਖਣ ਦਾ ਵੀ ਬਹੁਤ ਸ਼ੌਕ ਹੁੰਦਾ ਸੀ ਮੈਂ

ਛੋਟੀ ਉਮਰ ਵਿੱਚ ਹੀ ਸੀ ਜਦੋਂ ਉਹ ਮੈਨੂੰ ਆਪਣੇ ਦੋਸਤਾਂ ਦੇ ਨਾਲ ਮਨਵਾੜ ਅਤੇ ਹਜ਼ੂਰ ਸਾਹਿਬ ਲੈ ਕੇ ਗਏ ਸਨ। ਮੇਰੇ ਲਈ ਨਵੀਂ ਜਗ੍ਹਾ ਦੇਖਣੀ ਵੈਸੇ ਹੀ ਖੁਸ਼ ਹੋਣ ਵਾਲੀ ਗੱਲ ਸੀ। ਉਹਨਾਂ ਦਿਨਾ ਵਿੱਚ ਆਉਣ ਜਾਣ ਦੇ ਬਹੁਤੇ ਚੰਗੇ ਸਾਧਨ ਨਹੀ ਸੀ ਹੁੰਦੇ। ਅਸੀਂ ਬਾਬਾ ਨਿਧਾਨ ਸਿੰਘ ਦੇ ਗੁਰਦੁਆਰੇ ਠਹਿਰੇ ਸੀ ਅਤੇ ਰੋਜ਼ ਸਵੇਰੇ ਬਾਕੀ ਦੇ ਗੁਰਦੁਆਰੇ ਦੇਖਣ ਚਲੇ ਜਾਇਆ ਕਰਦੇ ਸੀ। ਸਾਡੇ ਆਵਾਜਾਈ ਦਾ ਸਾਧਨ ਬੈਲ-ਗੱਡੀ ਹੁੰਦੀ ਸੀ, ਅਸੀਂ ਆਸ ਪਾਸ ਦੇ ਸਾਰੇ ਗੁਰਦੁਆਰੇ ਦੇਖੇ ਸਨ। ਇੱਕ ਵਾਰ ਅਸੀਂ ਇੱਕ ਨਿਹੰਗ ਸਿੰਘ ਨੂੰ ਆਉਂਦੇ ਦੇਖਿਆ ਉਸ ਬੈਲ-ਗਡੀ ਵਾਲੇ ਨੇ ਸਾਨੂੰ ਕਿਹਾ ਕਿ ਕੁੱਝ ਹਫਤੇ ਪਹਿਲਾਂ ਇਸਨੂੰ ਰਸਤੇ ਵਿੱਚ ਆਉਂਦਿਆਂ ਇੱਕ ਸ਼ੇਰ ਟੱਕਰ ਪਿਆ ਇਸਨੇ ਆਪਣੇ ਬਰਸ਼ੇ ਦੇ ਨਾਲ ਉਸ ਸ਼ੇਰ ਨੂੰ ਮਾਰ ਦਿੱਤਾ ਸੀ। ਉਸ ਸਮੇਂ ਤਾਂ ਉਸਦੀ ਬਹਾਦਰੀ ਤੇ ਵਾ-ਵਾਹ ਹੀ ਕਹਿ ਸਕਦੇ ਸੀ ਪਰ ਅੱਜ ਉਸ ਗੱਲ ਨੂੰ ਯਾਦ ਕਰਕੇ ਅਜੋਕੇ ਸਮੇਂ ਦੇ ਖਾਲਸੇ ਦੀ ਗੱਲ ਕਰੀਏ ਤਾਂ ਕੋਈ ਹੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਸੱਚਾ ਸੁੱਚਾ ਗੁਰਸਿੱਖ ਆਪਣੇ ਕਰਤੱਵ ਨੂੰ ਸਮਝਦਾ ਅਤੇ ਗੁਰੂ ਦੇ ਦਰਸਾਏ ਮਾਰਗ ਤੇ ਪਹਿਰਾ ਦਿੰਦਾ ਹੈ। ਇਸ ਗੱਲ ਦਾ ਅਤਿੰਅਤ ਖੇਦ ਹੁੰਦਾ ਹੈ ਕਿ ਵੱਖ ਵੱਖ ਡੇਰਿਆਂ ਤੋਂ ਖੰਡੇ ਬਾਟੇ ਦੀ ਪਾਹੁਲ ਦਿੱਤੀ ਜਾਂਦੀ ਹੈ ਪਰ ਗੁਰਸਿੱਖ ਦੀ ਏਕਤਾ ਦਾ ਪ੍ਰੱਤਖ ਰੂਪ ਨਹੀਂ ਦਿਸਦਾ ਬਲਕਿ ਅਨੇਕਤਾ ਦੇ ਪੈਰੋਕਾਰ ਹੁੰਦਿਆਂ ਗੁਰੂ ਦੀ ਦੱਸੀ ਮਰਿਯਾਦਾ ਤੇ ਪੂਰੇ ਨਹੀਂ ਉੱਤਰ ਰਹੇ। ਗੁਰੂ ਸਾਹਿਬਾਨ ਨੇ ਖੰਡੇ ਬਾਟੇ ਦੀ ਪਾਹੁਲ ਦਾ ਜਿਕਰ ਕੀਤਾ ਹੈ ਪਰ ਆਮ ਲੋਕ ਇਸ ਸ਼ਬਦਾਵਲੀ ਨੂੰ ਭੁੱਲਕੇ ਅੰਮ੍ਰਿਤ ਛਕਣ ਛਕਾਉਣ ਦੀ ਗੱਲ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਬਾਣੀ ਨੂੰ ਵੀ ਅੰਮ੍ਰਿਤ ਕਿਹਾ ਗਿਆ ਹੈ ਸੋ ਅੰਤਰਾ ਕਿਸ ਗੱਲ ਦਾ ਰਹਿ ਜਾਂਦਾ ਹੈ ਇਸਦੇ ਪਿਛੋਕੜ ਨੂੰ ਸਮਝਣ ਦੀ ਲੋੜ ਹੈ। ਖੰਡੇ ਬਾਟੇ ਦੀ ਪਾਹੁਲ ਲੈਣ ਤੋਂ ਪਹਿਲਾਂ ਖਾਲਸੇ ਦੀ ਪਰਿਭਾਸ਼ਾ ਚੰਗੀ ਤਰਹ ਸਮਝਣੀ ਚਾਹੀਦੀ ਹੈ। ਏਕਤਾ ਦਾ ਪ੍ਰਤੀਕ ਸਰਵ ਸ਼ਾਂਝੀਵਾਲਤਾ ਦਾ ਮੁੱਦਈ ਹੈ ਅਤੇ ਇਹ ਸੰਕਲਪ ਜਾਤੀ ਵਿਤਕਰੇ ਦੀ ਨਿਖੇਦੀ ਕਰਦਾ ਹੈ, ਊਚ-ਨੀਚ ਭਾਵਨਾ ਦਾ ਤਿਆਗੀ ਹੈ। ਗੁਰੂ ਦਾ ਖਾਲਸਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬਾਣੀ ਤੇ ਯਕੀਨ ਰੱਖਦਾ ਹੈ, ਪਰਿਵਾਰ ਪ੍ਰਤੀ ਫ਼ਰਜ਼ਾਂ ਦੀ ਅਦਾਇਗੀ ਤੋਂ ਇਲਾਵਾ ਸਮੁੱਚੇ ਜਗਤ ਦੀ ਭਲਾਈ ਅਤੇ ਇਨਸਾਫ਼ ਲਈ ਰੋਜ਼ਾਨਾ ਅਰਦਾਸ ਕਰਦਾ ਅਤੇ ਜੀਵਨ ਜੀਊਂਦਾ ਹੈ। ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨ ਕਰਨ ਦਾ ਅਸਲੀ ਮਕਸਦ ਕੇਵਲ ਕਿਸੇ ਸਥਾਨ ਦੇ ਨਾਲ ਸੀਮਿਤ ਨਹੀ ਹੈ ਬਲਕਿ ਉਸ ਸਥਾਨ ਤੇ ਵਾਪਰੀ ਘਟਣਾ ਦੇ ਅਧਿਆਤਮਿਕ ਸੰਦੇਸ਼ ਨੂੰ ਵਿਚਾਰਨ ਅਤੇ ਅਪਨਾਉਣ ਦੀ ਦ੍ਰਿਸ਼ਟੀ-ਗੋਚਰ ਆਤਮਿਕ ਕ੍ਰਿਆ ਹੈ। ਨੰਦੇੜ ਸਾਹਿਬ ਦੀਆਂ ਯਾਦਾਂ ਹਾਲੇ ਤੱਕ ਵੀ ਮੇਰੇ ਦਿਮਾਗ ਵਿੱਚ ਤਾਜ਼ੀਆਂ ਹਨ। ਚਾਚਾ ਜੀ ਗਰਮ ਸੁਭਾਵ ਦੇ ਜਰੂਰ ਹੁੰਦੇ ਸੀ, ਪਰ ਕਿਸੇ ਦਾ ਭਲਾ ਕਰ ਦੇਣਾ ਇਹ

ਵੀ ਉਹਨਾਂ ਦੀ ਵੱਡੀ ਖੂਬੀ ਸੀ। ਅਸੀਂ ਭੈਣ ਭਰਾ ਛੋਟੇ ਹੀ ਸੀ ਜਦੋਂ ਬੀਬੀ ਜੀ ਹੋਰਾਂ ਦੇ ਨਾਲ ਅਸੀਂ ਪੂਨੇ ਰਿਹਾ ਕਰਦੇ ਸੀ। ਉਸ ਇਲਾਕੇ ਦੇ ਵਸਨੀਕ ਫੌਜ਼ੀ ਚਾਚਾ ਜੀ ਦੀ ਬਹੁਤ ਇੱਜਤ ਕਰਦੇ ਸੀ ਮੈਨੂੰ ਯਾਦ ਹੈ ਜਦੋਂ ਅਸੀ ਉਹਨਾਂ ਦੇ ਨਾਲ ਫੌਜ਼ੀ ਬੈਰਕਾਂ ਦੇ ਵਿੱਚ ਦੀ ਲੰਘਦੇ ਹੁੰਦੇ ਸੀ ਤਾ ਚਾਰੇ ਪਾਸੇ ਚਾਚਾ ਜੀ ਨੂੰ ਸਾਰੇ ਸਲੂਟ ਮਾਰਿਆ ਕਰਦੇ ਸਨ, ਮੈਨੂੰ ਇਹ ਬਹੁਤ ਚੰਗਾ ਲਗੱਦਾ ਸੀ। ਚਾਚਾ ਜੀ ਅਤੇ ਪਿਤਾ ਜੀ ਜਦੋਂ ਇੱਕ ਦੂਸਰੇ ਤੋਂ ਦੂਰ ਹੋ ਜਾਇਆ ਕਰਦੇ ਸੀ ਤਾਂ ਇਹ ਇੱਕ ਦੂਸਰੇ ਨੂੰ ਖਤ ਲਿਖਦੇ ਰਹਿੰਦੇ ਸਨ। ਇਹਨਾਂ ਦੇ ਲਿਖੇ ਖਤ ਪੜਨ ਦਾ ਮੈਨੂੰ ਕਦੀ ਕਦਾਈਂ ਮੌਕਾ ਮਿਲਦਾ ਸੀ। ਉਹਨਾਂ ਦੋਵਾਂ ਦੀ ਲਿਖਾਈ ਬਹੁਤ ਖੁਸ਼ਖਤ ਅਤੇ ਬੇਹਤਰੀਨ ਹੁੰਦੀ ਸੀ, ਲਿਖਤੀ ਮਜ਼ਮੂਨ ਦੀ ਗਹਿਰਾਈ ਤੋਂ ਉਹਨਾਂ ਦੇ ਉੱਚ ਖਿਆਲਾਂ ਦਾ ਅੰਦਾਜਾ ਲਾਇਆ ਜਾ ਸਕਦਾ ਸੀ ਕਿ ਉਹ ਕਿੰਨੀ ਵਿਦਵਤਾ ਦੇ ਧਨੀ ਸਨ। ਜਿੱਥੇ ਉਹ ਚੰਚਲ ਸੁਭਾਵ ਦੇ ਹੁੰਦੇ ਸਨ ਇਸਦੇ ਨਾਲ ਹੀ ਉਹ ਬਹੁਤ ਚੇਤੰਨ ਵਿਰਤੀ ਦੇ ਸਤਿਕਾਰਿਤ ਸ਼ਖਸੀਅਤ ਵੀ ਮੰਨੇ ਜਾਂਦੇ ਸਨ। ਇਹ ਕਹਿ ਦੇਣਾ ਅਯੋਗ ਨਹੀਂ ਹੋਵੇਗਾ ਕਿ ਇਹ ਦੋਵੇਂ ਚਾਚਾ ਭਤੀਜਾ ਚੇਤੰਤਾ ਅਤੇ ਵਿਦਵਤਾ ਦੇ ਵਿੱਚ ਇੱਕ ਦੂਸਰੇ ਨਾਲੋਂ ਬਹੁਤ ਵਾਧੂ ਹਸਤੀ ਸਨ। ਇੱਕ ਬਾਰ ਪੂਨੇ ਜਿੱਥੇ ਇਹ ਰਹਿੰਦੇ ਸਨ ਉਸ ਹੋਟਲ ਦੇ ਸਾਹਮਣੇ ਸੜਕ ਤੇ ਮਿਲਟਰੀ ਟੱਰਕ ਦਾ ਕਿਸੇ ਕਾਰ ਦੇ ਨਾਲ ਹਾਦਸਾ ਹੋ ਗਿਆ। ਉਸ ਸਮੇਂ ਜੋ ਫ਼ੌਜੀ ਐਮ.ਪੀ. ਡਿਊਟੀ ਤੇ ਤਾਇਨਾਤ ਸਨ ਉਹਨੀਂ ਪੁੱਛ-ਪੜਤਾਲ ਕਰਨੀ ਆਰੰਭ ਕਰ ਦਿੱਤੀ। ਚਾਚਾ ਜੀ ਕਰਮ ਸਿੰਘ ਆਪਣੇ ਕਿਸੇ ਦੋਸਤ ਦੇ ਨਾਲ ਉਸ ਜਗ੍ਹਾ ਤੇ ਖੜੇ ਸੀ ਅਤੇ ਇਹਨੀਂ ਇਸ ਹਾਦਸੇ ਨੂੰ ਚੰਗੀ ਤਰ੍ਹਾਂ ਦੇਖਿਆ ਸੀ। ਸੋ ਇਹਨਾਂ ਨੂੰ ਪੁੱਛਣਾ ਲਾਜਮੀ ਗੱਲ ਸੀ। ਜਦੋਂ ਇਹਨਾਂ ਨੂੰ ਪੁੱਛਿਆ ਗਿਆ ਇਹਨਾਂ ਦਾ ਮਿਤੱਰ ਦੱਸਣ ਲਈ ਬਹੁਤਾ ਕਾਹਲਾ ਸੀ। ਉਸਨੂੰ ਪੁੱਛਿਆ ਕਿ ਟਰੱਕ ਕਿੰਨੀ ਰਫਤਾਰ ਤੇ ਆਉਂਦਾ ਹੋਵੇਗਾ ਉਸਨੇ ਇੱਕ ਦਮ ਜਵਾਬ ਦਿੱਤਾ ਕਿ ਜੀ 60/70 ਮੀਲ ਦੀ ਰਫਤਾਰ ਹੋਣੀ ਆ, ਟਰੱਕ ਕਾਫੀ ਤੇਜ ਆ ਰਿਹਾ ਸੀ। ਜਦੋਂ ਮਾਸਟਰ ਜੀ ਨੂੰ ਪੁੱਛਿਆ ਗਿਆ ਤਾਂ ਇਹਨੀਂ ਕਿਹਾ ਮੈਂ ਕੁੱਝ ਨਹੀ ਕਹਿ ਸਕਦਾ। ਮੈਂ ਕਿਹੜਾ ਟੱਰਕ ਚਲ੍ਹਾ ਰਿਹਾ ਸੀ। ਉਹਨੀਂ ਮਾਸਟਰ ਜੀ ਨੂੰ ਤਾਂ ਛੱਡ ਦਿੱਤਾ ਪਰ ਇਹਨਾਂ ਦੇ ਦੋਸਤ ਨੂੰ ਨਾਲ ਲੈ ਗਏ। ਉਹ ਜਦੋਂ ਵਾਪਿਸ ਆਇਆ ਤਾਂ ਗਿਲਾ ਕਰੇ ਕਿ ਮਾਸਟਰ ਤੂੰ ਮੈਨੂੰ ਫਸਾ ਦਿੱਤਾ ਆਪ ਤੂੰ ਆਪਣਾ ਪੱਲਾ ਛੁੜਾ ਲਿਆ ਮੈਨੂੰ ਉਹ ਫੜਕੇ ਲੈ ਗਏ। ਮਾਸਟਰ ਹੋਰੀਂ ਕਹਿਣ ਲੱਗੇ ਹਮੇਸ਼ਾਂ ਸੋਚ ਸਮਝ ਕੇ ਗੱਲ ਕਰਨੀ ਚਾਹੀਦੀ ਹੈ। ਤੇਰੀ ਜਬਾਨ ਕਦੀ ਬੰਦ ਹੀ ਨਹੀ ਹੁੰਦੀ ਤਾਂ ਦੱਸ ਇਸ ਵਿੱਚ ਮੇਰਾ ਕੀ ਕਸੂਰ ਹੈ ਤੂੰ ਆਪਣੀ ਕਰਤੂਤੀਂ ਫਸਿਆ ਸੀ। ਮਾਸਟਰ ਹੋਰੀਂ ਬਹੁਤ ਚੇਤੰਨ ਹੁੰਦੇ ਸਨ ਅਤੇ ਜਿਹੜੀ ਵੀ ਗੱਲ ਕਰਨੀ ਰੋਹਬ ਦੇ ਨਾਲ ਕਹਿ ਦੇਣੀ ਅਤੇ ਹਮੇਸ਼ਾਂ ਫ਼ਖਰ ਨਾਲ ਜਿੰਦਗੀ ਜੀਉਣ ਦੇ ਚਾਹਵਾਨ ਹੁੰਦੇ ਸਨ। ਮੈਨੂੰ ਯਾਦ ਹੈ ਕਿ

ਜਦੋਂ ਅਸੀਂ ਪੂਨੇ ਰਹਿੰਦੇ ਸੀ ਤਾਂ ਸਾਡੇ ਘਰ ਲੋਕਾਂ ਦਾ ਆਉਣ-ਜਾਣ ਬਹੁਤ ਸੀ ਕਿਉਂਕਿ ਚਾਚਾ ਜੀ ਹੋਰਾਂ ਤੋਂ ਲੋਕੀ ਸਲਾਹ ਮਸ਼ਵਰਾ ਲੈਣ ਆਇਆ ਜਾਇਆ ਕਰਦੇ ਸਨ। ਇਹਨਾਂ ਦੀ ਰਿਹਾਇਸ਼ ਯਰਵੜਾ ਹੋਟਲ ਦੇ ਉੱਪਰਲੇ ਮਕਾਨ ਵਿੱਚ ਹੁੰਦੀ ਸੀ। ਮਕਾਨ ਮਾਲਕ ਥੱਲੇ ਰਿਹਾ ਕਰਦਾ ਸੀ ਉਹ ਦੁੱਧ ਵੀ ਵੇਚਿਆ ਕਰਦੇ ਸਨ ਅਤੇ ਅਸੀਂ ਉਹਨਾਂ ਤੋਂ ਹੀ ਦੁੱਧ ਲਿਆ ਕਰਦੇ ਸੀ ਇੱਕ ਦਿਨ ਚਾਚੇ ਹੋਰੀਂ ਉਸਨੂੰ ਦੁੱਧ ਦੇ ਵਿੱਚ ਪਾਣੀ ਦੀ ਮਿਲਾਵਟ ਕਰਦਿਆਂ ਦੇਖ ਲਿਆ ਫਿਰ ਕੀ ਸੀ ਚਾਚਾ ਜੀ ਉਸਤੇ ਵਰ ਪਏ ਲੋਕੀ ਇੱਕਠੇ ਹੋ ਗਏ। ਉਹ ਮਾਫੀ ਮੰਗੀ ਜਾਵੇ ਆਖਿਰ ਲੋਕਾਂ ਦੇ ਕਹਿਣ ਤੇ ਚਾਚਾ ਜੀ ਨੇ ਉਸਨੂੰ ਛੱਡ ਤਾਂ ਦਿੱਤਾ, ਦੁੱਧ ਫਿਰ ਉਸਦੇ ਕੋਲੋਂ ਕੀ ਲੈਣਾ ਸੀ। ਪੂਨੇ ਚਾਚਾ ਜੀ ਹੋਰਾਂ ਦੇ ਨਾਲ ਮੇਰੇ ਮਿੱਤਰ ਕਪਤਾਨ ਸਤਿਨਾਮ ਸਿੰਘ ਦਾ ਵੀ ਕਾਫੀ ਵਾਹ ਪਿਆ ਹੈ, ਸਤਿਨਾਮ ਚਾਚਾ ਜੀ ਦਾ ਬਹੁਤ ਸਤਿਕਾਰ ਕਰਿਆ ਕਰਦਾ ਸੀ, ਉਸਨੇ ਚਾਚਾ ਜੀ ਦੇ ਜੀਵਨ ਤਜ਼ਰਬੇ ਤੋਂ ਬਹੁਤ ਕੁੱਝ ਸਿੱਖਿਆ ਹੈ। ਚਾਚਾ ਜੀ ਇੱਕ ਵਾਰ ਪਿੰਡ ਆਏ ਹੋਏ ਸਨ ਅਤੇ ਇਹਨਾਂ ਨੂੰ ਲਕਵਾ ਹੋ ਗਿਆ। ਲੋਕੀ ਸਲਾਹ ਦੇਣ ਵਾਲੇ ਤਾਂ ਬਹੁਤ ਹੁੰਦੇ ਹਨ ਸੋ ਕਿਸੇ ਨੇ ਇਹਨਾਂ ਨੂੰ ਕਿਹਾ ਕਿ ਤੁਸੀਂ ਕਬੂਤਰ ਦੀ ਤਰੀ ਪੀਓ ਤੁਸੀਂ ਸ਼ੇਤੀ ਠੀਕ ਹੋ ਜਾਵੋਗੇ। ਉਹਨਾਂ ਦਿਨਾਂ ਵਿੱਚ ਅਸੀਂ ਛੋਟੇ ਸੀ ਅਤੇ ਸ਼ਰਾਰਤੀ ਵੀ ਸੀ। ਮੇਰਾ ਅਤੇ ਮੇਰੇ ਚਾਚੇ ਪ੍ਰੇਮ ਸਿੰਘ ਦੀ ਉਮਰ ਵਿੱਚ ਬਹੁਤਾ ਫਰਕ ਨਹੀ ਸੀ, ਅਸੀਂ ਆਪਣੀਆ ਗਲੇਲਾਂ ਲੈ ਕੇ ਕਬੂਤਰ ਮਾਰਨ ਚਲੇ ਗਏ। ਕਬੂਤਰ ਤਾਂ ਹੱਥ ਨਾ ਲੱਗਾ ਪਰ ਮਾਰ ਲਿਆਂਦੀ ਘੁੱਗੀ ਆ ਕੇ ਚਾਚਾ ਜੀ ਹੋਰਾਂ ਨੂੰ ਖੁਸ਼ ਹੋ ਕੇ ਦੱਸਿਆ, ਸੋਚਿਆ ਤਾਂ ਸੀ ਕਿ ਚਾਚਾ ਜੀ ਸਾਨੂੰ ਸ਼ਾਬਾਸ਼ ਦੇਣਗੇ ਪਰ ਹੋਇਆ ਇਸਦੇ ਉਲਟ ਹੀ ਜਦੋਂ ਕਿ ਸਾਨੂੰ ਚੰਗੀਆਂ ਝਿੜਕਾਂ ਪਈਆਂ ਅਤੇ ਅਸੀਂ ਨਿੰਮੋਝੂਣੇ ਹੁੰਦੇ ਹੋਏ ਹੌਲੀ ਹੌਲੀ ਘਰੋਂ ਬਾਹਰ ਨੂੰ ਖਿਸਕ ਗਏ।

ਚਾਚਾ ਜੀ ਹੋਰਾਂ ਦੀ ਦਿਆਨਤਦਾਰੀ ਅਤੇ ਕੁਰਬਾਨੀ ਕਹਿ ਸਕਦੇ ਹਾਂ ਕਿ ਘਰੇਲੂ ਸਥਿਤੀ ਨੂੰ ਦੇਖਦਿਆਂ ਉਹਨੀ ਪਹਿਲੀ ਪਤਨੀ ਦੇ ਗੁਜ਼ਰਜਾਣ ਤੋਂ ਬਾਦ ਵਿਆਹ ਨਹੀਂ ਸੀ ਕਰਾਇਆ। ਆਪਣੇ ਭਰਾ ਦੇ ਪਰਿਵਾਰ ਨੂੰ ਮਾਲੀ ਅਮਦਾਦ ਦੇ ਕੇ ਆਪਣੇ ਫ਼ਰਜ਼ਾਂ ਦੀ ਅਦਾਇਗੀ ਕਰਦੇ ਰਹੇ। ਪਿਤਾ ਜੀ ਨੇ ਚਾਚਾ ਜੀ ਹੋਰਾਂ ਨੂੰ ਪ੍ਰੇਰਿਆ ਕਿ ਉਹ ਦੁਬਾਰਾ ਵਿਆਹ ਕਰਵਾ ਲੈਣ ਅਤੇ ਉਹਨਾਂ ਦਾ ਵੀ ਜੀਵਨ ਸਾਥੀ ਹੋਣਾ ਚਾਹੀਦਾ ਹੈ, ਆਖਿਰ ਇਹ ਕਾਰਜ਼ ਵੀ ਸਿੱਧ ਹੋ ਗਿਆ ਅੱਜ ਉਹਨਾਂ ਦੀ ਪਤਨੀ ਸੁਰਜੀਤ ਕੌਰ ਦੇ ਇੱਕ ਲੜਕੀ ਪੱਪੀ ਅਤੇ ਇੱਕ ਲੜਕਾ ਭਿੰਦਾ ਹੈ ਇਹ ਦੋਵੇਂ ਵਿਆਹੇ ਹੋਏ ਹਨ ਅਤੇ ਬਚਿੱਆ ਨਾਲ ਆਪਣੇ ਪਰਿਵਾਰ ਵਿਚ ਸੰਤੁਸ਼ਟ ਰਹਿ ਰਹੇ ਹਨ। ਚਾਚਾ ਜੀ ਹੋਰਾਂ ਦੇ ਨਾਲ ਮੇਰਾ ਅਥਾਹ ਪਿਆਰ ਹੁੰਦਾ

ਸੀ ਉਹ ਮੇਰੀ ਗੱਲ ਨੂੰ ਬਹੁਤ ਗੌਰ ਦੇ ਨਾਲ ਸੁਣਿਆ ਕਰਦੇ ਸਨ। ਪੰਡੋਰੀ ਤੋਂ ਕੁਲਵੰਤ ਅਤੇ ਭਾਬੀ ਜਸਵਿੰਦਰ ਦੇ ਨਾਲ ਵੀ ਉਹਨਾ ਦਾ ਕਾਫੀ ਸਨੇਹ ਹੁੰਦਾ ਸੀ, ਸਾਡੀ ਆਪਣੀ ਮਿੱਤਰਤਾ ਤੇ ਉਹਨਾ ਨੂੰ ਬੁਹਤ ਫਖਰ ਹੋਇਆ ਕਰਦਾ ਸੀ ਅਤੇ ਮੈਨੂੰ ਕਹਿਣਾ ਕਿ ਕਾਕਾ ਇਹ ਤੁਹਾਡੀ ਆਪਸੀ ਮਿੱਤਰਤਾ ਟੁਟੱਣੀ ਨਹੀਂ ਚਾਹੀਦੀ।

ਕਿਸੇ ਹੱਦ ਤੱਕ ਇਹ ਵੀ ਸੱਚਾਈ ਹੈ ਕਿ ਜਿੰਦਗੀ ਵਿੱਚ ਇਨਸਾਨ ਨੂੰ ਸਫਲਤਾ ਉਸਦੇ ਪਰਿਵਾਰਕ ਮਾਹੌਲ ਅਤੇ ਬਹੁਤੇ ਤਲਕਾਤ ਨਾਨਕਾ ਘਰ ਦੇ ਨਾਲ ਜੁੜੇ ਹੋਏ ਹੋਣ ਕਾਰਣ ਜੋ ਸ਼ੁਰੂ ਤੋਂ ਹੀ ਬੱਚੇ ਨੂੰ ਦੋਵੇਂ ਪਰਿਵਾਰਾਂ ਤੋਂ ਸਿਖਿਆ ਪ੍ਰਾਪਤ ਹੁੰਦੀ ਹੈ ਉਸੇ ਆਧਾਰ ਤੇ ਉਸਦੇ ਜੀਵਨ ਦਾ ਭਵਿੱਖ ਉਸਾਰੂ ਹੋਇਆ ਕਰਦਾ ਹੈ। ਬੱਚੇ ਦੇ ਖਿਆਲਾਂ ਦਾ ਵਿਕਾਸ ਉਸਦੀ ਮੁੱਢਲੀ ਪਰਵਰਸ਼ ਅਤੇ ਤਤਕਾਲੀ ਵਾਤਾਵਰਣ ਉੱਤੇ ਨਿਰਭਰ ਹੋਇਆ ਕਰਦਾ ਹੈ। ਜਿੱਥੇ ਪਿਤਾ ਜੀ ਹੋਰਾਂ ਦੀ ਮਾਤਾ ਜੀ ਸਖਤ ਸੁਭਾਵ ਅਤੇ ਰੋਹਬਦਾਰ ਹੁੰਦੇ ਸਨ ਪਰ ਇਸਦੇ ਵਿਪਰੀਤ ਉਹਨਾਂ ਦੇ ਪਿਤਾ ਜੀ ਸਾਧੂ ਰੂਪ ਅਤੇ ਸ਼ਾਂਤ ਚਿੱਤ ਮਸਤ ਰਹਿਣ ਵਾਲੇ ਇਨਸਾਨ ਮੰਨੇ ਜਾਂਦੇ ਸਨ। ਜਿੱਥੇ ਆਪਣੇ ਘਰੇਲੂ ਮਾਹੌਲ ਦਾ ਜਿਕਰ ਹੋਇਆ ਹੈ ਇਸਦੇ ਨਾਲ ਹੀ ਨਾਨਕੇ ਪਰਿਵਾਰ ਦੀ ਰਹਿਣੀ-ਬਹਿਣੀ ਦਾ ਮੁਖਤਸਰ ਜਾਇਜਾ ਲੈਣਾ ਵੀ ਸ਼ਾਇਦ ਪਿਤਾ ਜੀ ਦੇ ਭਵਿਖਤ ਸੁਭਾਵ ਦੀ ਬਣਤਰ ਨੂੰ ਸਮਝਣ ਲਈ ਸਹਾਇਕ ਹੋ ਸਕਦਾ ਹੈ।

## ਨਾਨਕਾ-ਘਰ

ਪਿੰਡ ਚੱਕ-ਕਲਾਂ ਜੋ ਕਿ ਪਹਿਲਾਂ ਚੱਕ-ਬਾਗੜੀਆਂ ਅਤੇ ਜੌੜੇ ਚੱਕ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਰਿਹਾ ਹੈ ਇਹ ਇੱਕ ਛੋਟਾ ਜਿਹਾ ਪਿੰਡ ਗਹੀਰਾਂ ਦੇ ਨਜਦੀਕ ਨਕੋਦਰ ਤੋਂ 10 ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ। ਇੱਥੇ ਦੀ ਵਸੋਂ ਭਾਵੇਂ ਘੱਟ ਹੈ ਪਰ ਪਿੰਡ ਦੇ ਲੋਕ ਅਣਖੀਲੇ ਅਤੇ ਕੌਮ ਲਈ ਕੁਰਬਾਨ ਹੋ ਜਾਣ ਦੀ ਸ਼ਾਹਦੀ ਭਰਦੇ ਰਹੇ ਹਨ। ਇਹੋ ਵਜ਼ਾ ਹੈ ਕਿ ਜੈਤੋਂ ਦੇ ਮੋਰਚੇ ਵਿੱਚ ਪਿੰਡ ਦੇ ਵਸਨੀਕਾਂ ਦਾ ਕਾਫ਼ੀ ਯੋਗਦਾਨ ਰਿਹਾ ਹੈ। ਇਸੇ ਮੋਰਚੇ ਵਿੱਚ ਮਾਤਾ ਕਰਤਾਰ ਕੌਰ ਦੇ ਚਾਚਾ ਜੀ ਸਰਦਾਰ ਚੈਂਚਲ ਸਿੰਘ ਵੀ ਸ਼ਾਮਿਲ ਸਨ। ਇਹਨੀਂ ਪੰਜਾਬੀ ਸੂਬੇ ਲਈ ਲਾਏ ਗਏ ਮੋਰਚਿਆਂ ਵਿੱਚ ਵੀ ਹਿੱਸਾ ਲੈਣ ਤੋਂ ਗੁਰੇਜ਼ ਨਹੀ ਸੀ ਕੀਤਾ। ਸਰਦਾਰ ਚੈਂਚਲ ਸਿੰਘ ਅਤੇ ਇਹਨਾਂ ਦੇ ਬੇਟੇ ਸਰਦਾਰ ਤਾਰਾ ਸਿੰਘ ਪਰਿਵਾਰ ਦੇ 6 ਫੁੱਟ 3 ਇੰਚ ਲੰਮੇ ਅਣਖੀਲੇ ਦਰਸ਼ਨੀ ਯੋਧਾ ਹੋਏ ਹਨ। ਨਾਨਾ ਜੀ ਸਰਦਾਰ ਚੈਂਚਲ ਸਿੰਘ ਨਕੋਦਰ ਦੇ ਇਲਾਕੇ ਵਿੱਚ ਹਰ ਪੱਖ ਤੋਂ ਬਹੁਤ ਮਸ਼ਹੂਰ ਅਤੇ ਪ੍ਰਭਾਵਸ਼ਾਲੀ ਵਿਅਕਤੀ ਮੰਨੇ ਜਾਂਦੇ ਸਨ। ਇਹ ਵਾਕਿਆ ਅਸੀਂ ਸੁਣਿਆ ਕਰਦੇ ਸੀ ਕਿ ਜਮਸ਼ੇਰ ਇੱਕ ਬਾਰ ਗੁਰਦੁਆਰੇ ਵਿਚੋਂ ਸ੍ਰੀ ਗੁਰੂ ਗੰਥ ਸਾਹਿਬ ਜੀ ਦੇ ਸਰੂਪ

ਹਟਾ ਕੇ ਮਹੰਤਾਂ ਨੇ ਗੁਰਦੁਆਰੇ ਤੇ ਕਬਜ਼ਾ ਕਰ ਲਿਆ ਅਤੇ ਇਸ ਜਗ੍ਹਾ ਧੂਣਾ ਲਾ ਲਿਆ ਪਿੰਡ ਦੇ ਲੋਕ ਇੱਕਠੇ ਹੋ ਗਏ ਵੱਖ ਵੱਖ ਪਿੰਡਾਂ ਵਿੱਚੋਂ ਜੱਥੇਬੰਦੀਆਂ ਆ ਪਹੁੰਚੀਆਂ ਕਿ ਇਸਦਾ ਕੋਈ ਹੱਲ ਲੱਭਿਆ ਜਾ ਸਕੇ, ਵਿਚਾਰਾਂ ਹੋਈਆਂ ਇਸ ਮੌਕੇ ਨਾਨਾ ਜੀ ਚੈਂਚਲ ਸਿੰਘ ਹੋਰੀਂ ਜਮਸ਼ੇਰ ਹਾਜ਼ਿਰ ਸਨ। ਨਾਨਾ ਜੀ ਨੇ ਆਪਣਾ ਖਿਆਲ ਸੰਕੇਤਕ ਤੌਰ ਤੇ ਪਿੰਡ ਵਾਸੀਆਂ ਨੂੰ ਅਦਵ ਸਹਿਤ ਇਸ ਤਰਾਂ ਉਹਨਾਂ ਦੇ ਮੁਖਾਤਿਬ ਹੁੰਦਿਆਂ ਕੀਤਾ। ਪੂਰੀ ਕਵਿਤਾ ਦੀਆਂ ਚੰਦ ਸਤਰਾਂ ਚੱਕ ਕਲਾਂ ਤੋਂ ਬਲਬੀਰ ਸਿੰਘ ਨੇ ਜਿਵੇਂ ਦੱਸੀਆਂ ਉਹ ਇਸ ਤਰਾਂ ਹਨ।

ਡਾਇਰੀ ਵਾਲਿਓ ਵੀਰੋ ਖਬਰਦਾਰ ਹੋ ਜਾਓ,

ਲਿਖਿਓ ਝੂਠ ਨਾ ਲਿਖਿਓ ਸੱਚ ਯਾਰੋ

ਗੁਰਦੁਆਰੇ ਮਹੰਤ ਨੇ ਧੂਣਾ ਬਾਲ ਕੇ ਸੁਆਹ ਰੱਖੀ, ਦਿੱਤਾ ਗੁਰੂ ਗ੍ਰੰਥ ਨੂੰ ਚੱਕ ਯਾਰੋ ਹੱਲਾ ਬੋਲ ਦਿਓ ਜਰਾ ਨਾ ਢਿੱਲ ਕਰੋ, ਤੁਸੀਂ ਹੋਵੋਂ ਜਮਸ਼ੇਰੀਓ ਜੱਟ ਯਾਰੋ ਰੱਨ ਖਸਮ ਦਾ ਨੱਕ ਵੱਢਣਾ ਚਾਂਵਦੀ ਏ, ਪਰ ਆਪ ਝੜਾਈ ਜਾਵੇ ਆਪਣੇ ਨੱਥ ਯਾਰੋ ਵਿਚ ਤਕਲੇ ਵ਼ਲ ਨਾ ਰਹੂ ਕੋਈ, ਜਦੋਂ ਪਊ ਲੁਹਾਰ ਦੀ ਸੱਟ ਯਾਰੋ ਨਗਰ ਵਾਸੀਓ ਕੀ ਲੋੜਾ ਪੈ ਗਿਆ ਏ, ਹੱਲਾ ਬੋਲ ਦਿਓ ਜਮਸ਼ੇਰੀਓ ਜੱਟ ਯਾਰੋ ਜਮਸ਼ੇਰੀਏ ਇਹ ਕਹਿਣ ਲੱਗੇ: ਕੀ ਕਰੀਏ ਕਮੇਟੀ ਨਹੀਂ ਹੁਕਮ ਦਿੰਦੀ ਨਹੀਂ ਤਾਂ ਕਰ ਦਈਏ ਡੱਕਰੇ ਢਾਈ ਫੁੱਟ ਯਾਰੋ ਨਗਰ ਵਾਸੀਓ ਕੀ ਲੋੜਾ ਪੈ ਗਿਆ ਏ, ਹੱਲਾ ਬੋਲ ਦਿਓ ਜਮਸ਼ੇਰੀਓ ਜੱਟ ਯਾਰੋ ਤੁਸੀਂ ਹੋਵੋਂ ਜਮਸ਼ੇਰੀਓ ਜੱਟ ਯਾਰੋ, ਤੁਸੀਂ ਹੋਵੋਂ ਜਮਸ਼ੇਰੀਓ ਜੱਟ ਯਾਰੋ। ਇਹ ਕਵਿਤਾ ਖਤਮ ਹੁੰਦੇ ਸਾਰ ਕਹਿੰਦੇ ਹਨ ਕੰਧ ਟੱਪ ਕੇ ਨਾਨਾ ਜੀ

ਅੰਦਰ ਜਾ ਵੜੇ, ਫਿਰ ਕੀ ਸੀ ਹਲਾ ਹਲਾ ਹੋ ਗਈ ਅਤੇ ਮਹੰਤਾ ਦਾ ਬੋਰੀਆ ਵਿਸਤਰਾ ਚੁੱਕ ਕੇ ਬਾਹਿਰ ਬਗ੍ਹਾ ਮਾਰਿਆ। ਸਾਰਿਆ ਨੇ ਰਲ ਕੇ ਅਦਵ ਸਹਿਤ ਗੁਰਦੁਆਰੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਦੁਬਾਰਾ ਪ੍ਰਕਾਸ਼ ਕੀਤਾ ਅਤੇ ਮਹੰਤਾਂ ਦੇ ਜ਼ਬਰ ਨੂੰ ਫ਼ਨਾਹ ਕਰ ਦਿੱਤਾ। ਇਹੋ ਜਿਹੀ ਸ਼ਖਸੀਅਤ ਕੌਮ ਨੂੰ ਚੰਗੀ ਸੇਧ ਦੇਣ ਵਿੱਚ ਸਹਾਈ ਹੋਇਆ ਕਰਦੀ ਹੈ ਇਸੇ ਕਾਰਣ ਨਾਨਾ ਜੀ ਆਪਣੇ ਇਲਾਕੇ ਦੇ ਸਿਰ ਕੱਢ ਮੁਖੀਆਂ ਦੇ ਬਤੌਰ ਜਾਣੇ ਜਾਂਦੇ ਰਹੇ ਸਨ।

ਨਾਨਾ ਜੀ ਸਿੱਧੇ ਸਾਧੇ ਪਰ ਬਹੁਤ ਰੋਹਬਦਾਰ ਮੁਖੀਏ ਦੇ ਤੌਰ ਤੇ ਝੱਟ ਫੈਸਲੇ ਕਰ ਦਿਆ ਕਰਦੇ ਸੀ। ਇਸੇ ਤਰਾਂ ਝੱਟ ਘਰੇਲੂ ਮਸਲੇ ਵੀ ਹੱਲ ਕਰ ਲੈਂਦੇ ਸਨ। ਇੱਕ ਬਾਰ ਇਹ ਆਪਣੇ ਮਿੱਤਰ ਜੋ ਮੇਰੇ ਨਾਨਾ ਜੀ ਦੇ ਪਿਤਾ ਜੀ ਸਰਦਾਰ ਨਿਧਾਨ ਸਿੰਘ ਸਨ ਉਹਨਾਂ ਨੂੰ ਮਿਲਣ ਖਾਨਖਾਨੀ ਗਏ। ਇੱਥੇ ਰਿਸ਼ਤੇਦਾਰਾਂ ਵਿਚੋਂ ਇੱਕ ਲੜਕੇ ਕਰਤਾਰ ਸਿੰਘ ਨੂੰ ਆਪਣੇ ਭਤੀਜੇ ਲੱਖਾ ਸਿੰਘ ਦੀ ਲੜਕੀ ਪ੍ਰੀਤੋ ਨਾਲ

ਵਿਆਹ ਲਈ ਪਸੰਦ ਕਰ ਲਿਆ ਅਤੇ ਚੋਥੇ ਦਿਨ ਦਾ ਵਿਆਹ ਪੱਕਾ ਕਰ ਦਿੱਤਾ। ਚੱਕੀਂ ਵਾਪਿਸ ਆ ਕੇ ਪਿਤਾ ਜੀ ਦੇ ਮਾਮਾ ਲੱਖਾ ਸਿੰਘ ਜੀ ਨੂੰ ਕਹਿਣ ਲੱਗੇ ਕਿ ਲੱਖਾ ਸਿਆਂ ਮੈਂ ਪ੍ਰੀਤੋ ਲਈ ਮੁੰਡਾ ਪਸੰਦ ਕਰਕੇ ਸਗਨ ਦੇ ਆਇਆ ਹਾਂ ਮਾਮਾ ਜੀ ਗੁੱਸੇ ਹੋਏ ਕਿ ਮੇਰੀ ਆਪਣੀ ਲੜਕੀ ਹੈ ਅਤੇ ਤੁਸੀਂ ਮੇਰੇ ਨਾਲ ਕੋਈ ਸਲਾਹ ਕੀਤਿਆਂ ਬਿਨਾਂ ਕਿਵੇਂ ਸਗਨ ਦੇ ਆਏ ਨਾਨਾ ਜੀ ਕਹਿਣ ਲੱਗੇ ਕਿ ਗੁੱਸਾ ਨਾ ਕਰ ਵਿਆਹ ਦੀ ਤਿਆਰੀ ਕਰੋ ਕਿਉਂਕਿ ਮੈਂ ਚੌਥੇ ਦਿਨ ਉਹਨਾਂ ਨੂੰ ਜੰਜ ਲਿਆਉਣ ਲਈ ਵੀ ਕਹਿ ਆਇਆਂ ਹਾਂ। ਇਸ ਤਰਾਂ ਪਿਤਾ ਜੀ ਦੇ ਮਾਮੇ ਜੀ ਦੀ ਲੜਕੀ ਦਾ ਵਿਆਹ ਹੋਇਆ, ਇਹ ਭੂਆ ਜੀ ਵਿਆਹ ਤੋਂ ਬਾਦ ਆਪਣੇ ਪਰਿਵਾਰ ਦੇ ਨਾਲ ਪਹਿਲਾਂ ਅਫਰੀਕਾ ਚਲੇ ਗਏ। ਇਹੋ ਜਿਹਾ ਨਾਨਾ ਚੈਂਚਲ ਸਿੰਘ ਹੋਰਾਂ ਦਾ ਸੁਭਾਵ ਸੀ ਜੋ ਕਹਿ ਦਿੰਦੇ ਸਨ ਉਹੋ ਹੁੰਦਾ ਸੀ। ਇੱਕ ਬਾਰ ਇਹਨੀਂ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਐਮ ਐਲੇ ਦੀ ਇਲੈਕਸ਼ਨ ਵੀ ਲੜੀ ਸੀ ਪਰ ਉਸ ਸਮੇਂ ਸਰਦਾਰ ਨਰਿੰਦਰ ਸਿੰਘ ਕਾਂਗਰਸ ਦੇ ਉੱਮੀਦਵਾਰ ਸ਼ੰਕਰ ਤੋਂ ਜੋ ਖੜੇ ਸਨ ਉਹਨਾਂ ਦੀ ਕੁੱਝ ਵੋਟਾਂ ਤੇ ਹੀ ਜਿੱਤ ਹੋਈ ਸੀ।

ਮੇਰੀ ਦਾਦੀ ਕਰਤਾਰ ਕੌਰ ਦੇ ਪਿਤਾ ਜੀ ਉੱਤਮ ਸਿੰਘ ਸਨ। ਦਾਦੀ ਜੀ ਨੂੰ ਅਸੀਂ ਸਾਰੇ ਬੱਚੇ ਬੇਬੇ ਕਿਹਾ ਕਰਦੇ ਸੀ। ਬੇਬੇ ਜੀ ਦੇ ਪਿਤਾ ਜੀ ਉਤੱਮ ਸਿੰਘ, ਚਾਚੇ ਦੀਦਾਰ ਸਿੰਘ, ਚੈਂਚਲ ਸਿੰਘ ਜੀ ਅਤੇ ਭੂਆ ਉੱਤਮ ਦਈ ਹੋਰਾਂ ਦੇ ਪਿਤਾ ਸਰਦਾਰ ਨਰੈਣ ਸਿੰਘ ਜੀ ਸਨ। ਬੇਬੇ ਜੀ ਦੇ ਚਾਚਾ ਚੈਂਚਲ ਸਿੰਘ ਜੀ ਦਾ ਕੱਦ ਵੀ 6 ਫੁੱਟ ਤੋਂ ਉੱਪਰ ਹੀ ਸੀ। ਪਿਤਾ ਜੀ ਦੇ ਮਾਮਾ ਤਾਰਾ ਸਿੰਘ ਅਤੇ ਨਾਨਾ ਚੈਂਚਲ ਸਿੰਘ ਦੋਵੇਂ ਪਿਉ ਪੁੱਤਰ ਦੇਖਣ ਵਿੱਚ ਭਰਾ ਭਰਾ ਲੱਗਦੇ ਸਨ। ਇਹ ਦੋਵੇਂ ਆਪਣੇ ਇਲਾਕੇ ਵਿੱਚ ਬਹੁਤ ਉੱਘੇ ਕਵੀ ਮੰਨੇ ਜਾਂਦੇ ਸਨ। ਭਾਵੇਂ ਇਹ ਪੜੇ ਲਿਖੇ ਘੱਟ ਹੀ ਸਨ ਪਰ ਕਵਿਤਾ ਨੂੰ ਸੰਕਲਤ ਕਰਨ ਵਿੱਚ ਬਹੁਤ ਹੀ ਨਿਪੁੰਨ ਹੁੰਦੇ ਸਨ। ਜਮਸ਼ੇਰ ਜਦੋਂ ਵੀ ਆਉਂਦੇ ਸੀ ਤਾਂ ਜਮਸ਼ੇਰ ਸਟੇਸ਼ਨ ਦੇ ਨਾਲ ਲੱਗਦੇ ਖੂਹ ਵਾਲ੍ਹੇ ਸਰਦਾਰ ਨਾਜ਼ਰ ਸਿੰਘ ਆਪਣੇ ਕੋਲ ਹੀ ਰੌਣਕ ਮੇਲਾ ਲਾਉਣ ਲਈ ਇਹਨਾਂ ਨੂੰ ਆਪਣੇ ਨਾਲ ਖੂਹ ਤੇ ਲੈ ਜਾਇਆ ਕਰਦੇ ਸੀ। ਇਹਨਾਂ ਦੀ ਮਹਿਮਾਨ ਨਿਵਾਜ਼ੀ ਕਰਨੀ, ਦਾਰੂ ਦਾ ਦੌਰ ਆਰੰਭ ਹੋਣਾ ਅਤੇ ਕਈ ਦਿਨ ਗੁਜਰ ਜਾਣੇ ਪਰ ਸਾਡੇ ਘਰ ਵਾਲਿਆਂ ਨੂੰ ਖਬਰ ਤੱਕ ਨਹੀਂ ਸੀ ਹੁੰਦੀ ਕਿ ਨਾਨਾ ਜੀ ਅਤੇ ਮਾਮਾ ਜੀ ਜਮਸ਼ੇਰ ਆਏ ਹੋਏ ਹਨ। ਕਈ ਵਾਰ ਦੋ ਤਿੰਨ ਦਿਨਾਂ ਬਾਦ ਇਹਨੀਂ ਘਰ ਸੁਨੇਹਾ ਭੇਜ ਦੇਣਾ ਕਿ ਤਾਰਾ ਸਿੰਘ ਹੋਰੀਂ ਪਿੰਡ ਆਏ ਹੋਏ ਹਨ। ਕਵਿਤਾਵਾਂ ਕਈ ਕਈ ਘੰਟਿਆਂ ਤੱਕ ਪੜਦੇ ਰਹਿੰਦੇ ਸਨ ਸਰੋਤੇ ਸੁਣਕੇ ਦੰਗ ਰਹਿ ਜਾਇਆ ਕਰਦੇ ਸਨ। ਉਹਨਾਂ ਨੂੰ ਜਦੋਂ ਪੁੱਛਣਾ ਕਿ ਤੁਸੀਂ ਕਵਿਤਾਵਾਂ ਲਿਖਦੇ ਤਾਂ ਕਦੀ ਦੇਖੇ ਨਹੀਂ ਫਿਰ ਯਾਦ ਕਿਵੇਂ ਰੱਖਦੇ

ਹੋ ਤਾਂ ਉਹਨੀਂ ਕਹਿਣਾ ਕਿ ਇਹ ਕਿਹੜੀ ਔਖੀ ਗੱਲ ਹੈ, ਕਵਿਤਾ ਬੋਲਦਿਆਂ ਬੋਲਦਿਆਂ ਹੀ ਕਵਿਤਾ ਦੇ ਬੰਦ ਅਗਾਂਹ ਜੋੜੀ ਜਾਈਦੇ ਹਨ। ਪਿੰਡ ਚੱਕ ਕਲਾਂ ਵਿੱਚ ਜਦੋਂ ਵੀ ਗੁਰਪੁਰਬ ਮਨਾਏ ਜਾਂਦੇ ਸਨ ਉਸ ਸਮੇਂ ਇਹ ਕਿੰਨਾ ਕਿੰਨਾ ਚਿਰ ਕਵਿਤਾਵਾਂ ਪੜਦੇ ਰਿਹਾ ਕਰਦੇ ਸਨ। ਪਿੰਡ ਜਮਸ਼ੇਰ ਵੀ ਇਹਨਾਂ ਦਾ ਗੇੜਾ ਲੱਗਦਾ ਰਹਿੰਦਾ ਸੀ ਕਈ ਵਾਰ ਇਹ ਆਪਣੇ ਮਿੱਤਰਾਂ ਦੇ ਨਾਲ ਪਿੰਡ ਜਮਸ਼ੇਰ ਆਇਆ ਜਾਇਆ ਕਰਦੇ ਸਨ। ਇਹਨਾਂ ਦੇ ਮਿੱਤਰਾਂ ਦੇ ਮੋਢਿਆਂ ਤੇ ਦੋਨਾਲੀਆਂ ਪਾਈਆਂ ਹੋਣੀਆਂ, ਮਾਮਾ ਤਾਰਾ ਸਿੰਘ ਹੋਰੀਂ ਆਉਂਦਿਆਂ ਹੀ ਕਹਿਣਾ ਕਿ ਮੁਰਗਾ-ਸ਼ੁਰਗਾ ਬਣਾਉ ਅਤੇ ਦਾਰੂ ਦਾ ਬੰਦੋਬਸਤ ਕਰੋ ਘੁੱਟ ਘੁੱਟ ਪੀ ਲਈਏ, ਖੁਰਾਕ ਤਕੜੀ ਖਾਂਦੇ ਸਨ। ਕਈ ਵਾਰ ਮਾਮਾ ਤਾਰਾ ਸਿੰਘ ਨੇ ਕਹਿਣਾ ਕਿ ਭੈਣ ਕਰਤਾਰੀਏ ਮੱਖਣ ਲਿਆ ਅਸੀਂ ਕੁੱਝ ਛੱਕ ਲਈਏ, ਕਈ ਵਾਰ ਕੌਲੀ ਭਰੀਓ ਘਿਉ ਹੀ ਪੀ ਲੈਂਦੇ ਸੀ। ਇਹ ਸਵਤੰਤਰ ਖਿਆਲਾਂ ਦੇ ਨਿੱਡਰ ਅਤੇ ਸਾਫ਼ ਦਿਲ ਇਨਸਾਨ ਸਨ, ਨਜ਼ਦੀਕ ਦੇ ਪਿੰਡਾਂ ਵਿੱਚ ਇਹਨਾਂ ਦਾ ਡੂੰਘਾ ਪ੍ਰਭਾਵ ਸੀ। ਭਾਵੇਂ ਇਹ ਖਾਣ-ਪੀਣ ਦੇ ਸ਼ੌਕੀਨ ਸਨ ਪਰ ਲੋਕ ਭਲਾਈ ਅਤੇ ਕਮਜ਼ੋਰ ਵਰਗ ਦੇ ਲੋਕਾਂ ਲਈ ਬੇਹੱਦ ਮਦਦਗਾਰ ਵੀ ਸਨ। ਇਹਨਾਂ ਦੀ ਜਮੀਨ ਨੂਰਪੁਰ ਬੇਟ ਦੇ ਇਲਾਕੇ ਵਿੱਚ ਸੀ ਜੋ ਕਿ ਲਾਢੂਵਾਲ੍ਹ ਦੇ ਨਜਦੀਕ ਦਾ ਇਲਾਕਾ ਪੈਂਦਾ ਹੈ। ਪਿੰਡ ਦੇ ਕਈ ਜਿਮੀਦਾਰਾਂ ਨੇ ਇੱਥੇ ਜਮੀਨ ਖਰੀਦੀ ਹੋਈ ਸੀ। ਹੀਰ ਗੋਤ ਨਾਲ ਜਾਣਿਆ ਜਾਂਦਾ ਇਹ ਪਰਵਾਰ ਇਸ ਇਲਾਕੇ ਵਿੱਚ ਬਹੁਤ ਮਸ਼ਹੂਰ ਰਿਹਾ ਹੈ। ਇਹਨਾਂ ਦਾ ਪਰਵਾਰ ਵੀ ਵੱਡਾ ਪਰਵਾਰ ਮੰਨਿਆ ਜਾਂਦਾ ਸੀ ਅਤੇ ਆਪਣੇ ਇਲਾਕੇ ਦੇ ਸੁਧਾਰ ਲਈ ਹਮੇਸ਼ਾਂ ਪਿੰਡ ਦੇ ਲੋਕਾਂ ਤੋਂ ਅਗਾਂਹ ਹੋ ਕੇ ਮੋਰਚਿਆਂ ਵਿੱਚ ਵੀ ਹਿੱਸਾ ਲਿਆ ਕਰਦੇ ਸਨ। ਪਿੰਡ ਦੇ ਵਿੱਚ ਵੀ ਇਹਨਾਂ ਦਾ ਬਹੁਤ ਮਾਣ-ਤਾਣ ਅਤੇ ਰਸੂਖ ਸੀ। ਮਾਮਾ ਤਾਰਾ ਸਿੰਘ ਹੋਰੀਂ ਆਪਣੀ ਜੇਬ ਵਿੱਚ 100 ਰੁਪਏ ਦਾ ਨੋਟ ਰੱਖਦੇ ਹੁੰਦੇ ਸਨ, ਅਗਰ ਕੋਈ ਪੁੱਛਦਾ ਕਿ ਇਸ ਨੋਟ ਨੂੰ ਜੇਬ ਵਿੱਚ ਰੱਖਣ ਦੀ ਕੀ ਵਜਾ ਹੈ ਤਾਂ ਕਹਿਣਾਂ ਕਿ ਜਿਹੜਾ ਮੇਰੀ ਬਾਂਹ ਮੋੜਕੇ ਮੇਰੇ ਮੋਢੇ ਦੇ ਨਾਲ ਮੇਰਾ ਹੱਥ ਲਾ ਦੇਵੇ ਉਸ ਲਈ ਮੈਂ ਇਹ ਇਨਾਮ ਰੱਖਿਆ ਹੈ। ਪਿਤਾ ਜੀ ਦਾ ਨਾਨਕਾ ਪਰਿਵਾਰ ਪਿੰਡ ਦੇ ਵਿੱਚ ਅਣਖੀਲਾ ਅਤੇ ਵੱਡਾ ਪਰਿਵਾਰ ਮੰਨਿਆ ਜਾਂਦਾ ਸੀ।ਵੱਡੀ ਮਾਂ ਜੀ ਦਾ ਵੀ ਇਹੋ ਪੇਕਾ ਘਰ ਸੀ। ਪਿਤਾ ਜੀ ਹੋਰਾਂ ਦੇ ਮਾਮਾ ਜੀ ਸਰਦਾਰ ਲੱਖਾ ਸਿੰਘ ਅਤੇ ਮਾਮੀ ਚੰਨਣ ਕੌਰ ਦੇ ਸਪੁੱਤਰ ਸਰਦਾਰ ਲਛਮਣ ਸਿੰਘ ਉਮਰ ਵਿੱਚ ਪਿਤਾ ਜੀ ਦੇ ਛੋਟੇ ਭਰਾ ਲੱਗਦੇ ਸਨ ਅਤੇ ਸ਼ਕਲ ਸੂਰਤ ਤੋਂ ਦੋਵੇਂ ਮਿਲਦੇ ਜੁਲਦੇ ਹੋਣ ਕਾਰਣ ਆਮ ਲੋਕਾਂ ਨੂੰ ਭੁਲੇਖਾ ਪਾ ਦਿੰਦੇ ਸਨ। ਇਹਨਾਂ ਦੇ ਮਾਮਾ ਜੀ ਦੀਆਂ ਤਿੰਨ ਲੜਕੀਆਂ ਬੀਬੀ ਪ੍ਰੀਤਮ ਕੌਰ, ਬੀਬੀ ਸਵਰਨ ਕੌਰ ਅਤੇ ਬੀਬੀ ਗੁਰਮੀਤ ਕੌਰ ਹੁੰਦੀਆਂ ਸਨ। ਦੋ ਲੜਕੀਆਂ ਅਜਨੋਹੇ ਵਿਆਹੀਆਂ ਹੋਈਆਂ ਸਨ ਅਤੇ ਬੀਬੀ ਪ੍ਰੀਤਮ ਕੌਰ

ਖਾਨਖਾਨੀ ਵਿਆਹੇ ਹੋਏ ਸਨ। ਇਹ ਪਹਿਲਾਂ ਅਫਰੀਕਾ ਵਿੱਚ ਰਹਿੰਦੇ ਸਨ ਪਰ ਉੱਥੇ ਦੇ ਹਾਲਾਤ ਵਿਗੜਣ ਕਰਕੇ ਇਹ ਪਰਿਵਾਰ ਸਮੇਤ ਇੰਗਲੈਂਡ ਆ ਗਏ ਸਨ। ਚਾਚਾ ਜੀ ਸਰਦਾਰ ਲਸ਼ਮਣ ਸਿੰਘ ਫ਼ੌਜ਼ ਵਿੱਚ ਭਰਤੀ ਹੋ ਗਏ ਸੀ। ਪਿਤਾ ਜੀ ਹੋਰਾਂ ਦਾ ਆਪਣੇ ਮਾਮਾ ਜੀ ਦੇ ਪੁੱਤਰ ਲਛਮਣ ਸਿੰਘ ਦੇ ਨਾਲ ਬਹੁਤ ਜਿਆਦਾ ਪਿਆਰ ਸੀ। ਇਹਨਾਂ ਦੇ ਇੱਕ ਮਾਮਾ ਜੀ ਜਲੰਧਰ ਵੀ ਰਹਿੰਦੇ ਹੁੰਦੇ ਸਨ ਜਿਹਨਾਂ ਦਾ ਨਾਮ ਸਰਦਾਰ ਗੰਗਾ ਸਿੰਘ ਅਤੇ ਮਾਮੀ ਦਾ ਨਾਮ ਹਰੀਆਂ ਸੀ ਅਤੇ ਇਹਨਾਂ ਦਾ ਸਪੁੱਤਰ ਸਰਵਣ ਸਿੰਘ ਜਲੰਧਰ ਰਹਿੰਦੇ ਹਨ। ਇਹ ਉਮਰ ਵਿੱਚ ਪਿਤਾ ਜੀ ਦੇ ਹਾਣੀ ਤਾਣੀ ਹੀ ਸੀ। ਪਿੰਡ ਚੱਕੀਂ ਜਦੋਂ ਵੀ ਕੋਈ ਗੁਰਪੁਰਵ ਮਨਾਇਆ ਜਾਂਦਾ ਸੀ ਤਾਂ ਪਿਤਾ ਜੀ ਨੂੰ ਚਾਚਾ ਲਛਮਣ ਸਿੰਘ ਜੀ ਨੇ ਉਚੇਚੇ ਤੌਰ ਤੇ ਨਾਨਕੀਂ ਸੱਦਿਆ ਕਰਨਾ। ਇਹ ਵੀ ਨਾਨਕੀਂ ਜਾਣ ਲਈ ਤਿਆਰ ਹੀ ਰਹਿੰਦੇ ਸਨ। ਇਹ ਗੁਰਪੁਰਬ ਸਮੇਂ ਗੁਰਮਤਿ ਵਿਚਾਰਾਂ ਸੰਗਤਾਂ ਦੇ ਨਾਲ ਸਾਂਝੀਆਂ ਕਰਿਆ ਕਰਦੇ ਸਨ। ਦੁੱਗਲ ਅਤੇ ਹੀਰ ਪਰਿਵਾਰ ਦਾ ਆਪਸੀ ਗੂੜ੍ਹਾ ਸੰਬੰਧ ਹੋਣ ਕਰਕੇ ਇਹਨਾ ਦੀ ਇੱਕ ਦੂਸਰੇ ਦੇ ਪਿੰਡ ਕਾਫੀ ਆਉਣੀ ਜਾਣੀ ਰਿਹਾ ਕਰਦੀ ਸੀ ਅਤੇ ਅੱਜ ਵੀ ਜਦੋਂ ਮੌਕਾ ਮਿਲਦਾ ਹੈ ਤਾਂ ਆਪਸੀ ਆਉਣਾ ਜਾਣਾ ਪਹਿਲਾਂ ਦੀ ਤਰਹ ਹੀ ਬਰਕਰਾਰ ਹੈ। ਪਿਤਾ ਜੀ ਆਪਣੀ ਢਹਿੰਦੀ ਉਮਰ ਦੇ ਵਿੱਚ ਇੱਕ ਦੋ ਬਾਰ ਜਲੰਧਰ ਹਸਪਤਾਲ ਵਿੱਚ ਕਾਫੀ ਢਿੱਲੇ ਰਹੇ ਸਨ ਵੈਸੇ ਤਾਂ ਕੁੱਝ ਢਿੱਲੇ ਇੰਗਲੈਂਡ ਹੀ ਰਿਹਾ ਕਰਦੇ ਸੀ। ਪੰਜਾਬ ਜਾਣ ਤੋਂ ਪਹਿਲਾਂ ਆਪਣੇ ਡਾਕਟਰ ਦੀ ਸਲਾਹ ਲੈ ਲਿਆ ਕਰਦੇ ਸੀ ਕਈ ਬਾਰ ਡਾਕਟਰ ਨੇ ਕਹਿਣਾ ਤੁਹਾਡੀ ਸੇਹਤ ਜਾਣ ਦੇ ਯੋਗ ਨਹੀ ਹੈ ਪਰ ਇਹਨੀਂ ਉਸਦੀ ਤੱਸਲੀ ਕਰਾ ਦੇਣੀ ਕਿ ਮੈਂ ਠੀਕ ਮਹਿਸੂਸ ਕਰਦਾ ਹਾਂ। ਘਰ ਦੇ ਮੈਂਬਰਾਂ ਨੇ ਵੀ ਜਾਣ ਤੋਂ ਰੋਕਣਾ ਪਰ ਹੱਠ ਬਹੁਤ ਹੁੰਦਾ ਸੀ ਇਹ ਇੱਕੋ ਗੱਲ ਕਹਿ ਕੇ ਸਾਰਿਆ ਦੀ ਤੱਸਲੀ ਕਰਵਾ ਦਿੰਦੇ ਸਨ ਕਿ ਮੌਤ ਦਾ ਕੋਈ ਵਸਾਹ ਨਹੀ ਹੁੰਦਾ ਇਹ ਕਦੋਂ ਅਤੇ ਕਿੱਥੇ ਆ ਜਾਣੀ ਹੈ ਇਹ ਕਿਹਾ ਨਹੀ ਜਾ ਸਕਦਾ ਸੋ ਤੁਹਾਨੂੰ ਕਿਸੇ ਨੂੰ ਕੋਈ ਫਿਕਰ ਕਰਨ ਦੀ ਲੋੜ ਨਹੀਂ ਹੈ। ਜਾਣ ਦੀ ਵਜ੍ਹਾ ਇਹ ਵੀ ਹੁੰਦੀ ਸੀ ਕਿ ਟਰੱਸਟ ਪ੍ਰਤੀ ਆਪਣੀਆਂ ਜੁੰਮੇਵਾਰੀਆਂ ਨੂੰ ਚੰਗੀ ਤਰਹ ਨਿਭਾਉਣਾ ਜਾਣਦੇ ਸਨ ਅਤੇ ਟਰੱਸਟ ਦੀ ਦੇਖ-ਰੇਖ ਵੀ ਇਹਨਾਂ ਦੇ ਖਿਆਲਾਂ ਦੀ ਸਹਿਮਤੀ ਦੇ ਨਾਲ ਹੁੰਦੀ ਸੀ। ਬਿਮਾਰ ਰਹਿੰਦਿਆਂ ਵੀ ਲੋਕ ਭਲਾਈ ਹਿੱਤ ਕੰਮ ਕਰਨ ਤੋਂ ਸੰਕੋਚ ਨਹੀ ਸੀ ਕਰਿਆ ਕਰਦੇ ਜਿਸ ਕੰਮ ਨੂੰ ਕਰਨ ਲਈ ਇੱਕ ਵਾਰ ਮਨ ਬਣਾ ਲੈਂਦੇ ਸਨ ਤਾਂ ਕਦੀ ਵੀ ਪਿਛੋਂ ਨਹੀ ਸੀ ਹਟਿਆ ਕਰਦੇ ਕਿਉਂਕਿ ਇਹ ਹਠੀਲੇ ਬਹੁਤ ਹੁੰਦੇ ਸਨ। ਪੰਜਾਬ ਹਰ ਸਾਲ ਜਾਇਆ ਕਰਦੇ ਸਨ ਦੋ ਬਾਰ ਜਲੰਧਰ ਰਹਿੰਦਿਆਂ ਇਹ ਕਾਫੀ ਜਿਆਦਾ ਢਿੱਲੇ ਹੋ ਗਏ ਸਨ। ਉਸ ਵਕਤ ਇਹਨਾਂ ਦੇ ਭਰਾ ਚੱਕ ਕਲਾਂ ਤੋਂ ਸਰਦਾਰ ਲਛਮਣ ਸਿੰਘ ਹੋਰਾਂ ਦੇ ਸਪੁੱਤਰ ਬਲਬੀਰ ਸਿੰਘ ਅਤੇ ਬਲਬੀਰ ਸਿੰਘ ਦੇ

ਦੋਵੇਂ ਲੜਕਿਆਂ ਬਘੇਲ ਸਿੰਘ ਅਤੇ ਗੁਰਪ੍ਰੀਤ ਨੇ ਆਪਣੇ ਤਾਇਆ ਜੀ ਕ੍ਰਿਪਾਲ ਸਿੰਘ ਦੀ ਬਹੁਤ ਸੇਵਾ ਕੀਤੀ ਸੀ। ਦਿਨ ਰਾਤ ਸੇਵਾ'ਚ ਹਾਜਿਰ ਰਹਿਣਾਂ ਚੰਗੇ ਸੰਸਕਾਰਾਂ ਦੀ ਹੀ ਗ੍ਰਹਿਣ ਕੀਤੀ ਪੂੰਜੀ ਕਹੀ ਜਾ ਸਕਦੀ ਹੈ। ਇਹਨਾਂ ਦੀ ਸੇਹਤ ਦੀ ਗੰਭੀਰਤਾ ਵਾਰੇ ਜਦੋਂ ਵੀ ਮੈਨੂੰ ਪਤਾ ਲੱਗਦਾ ਸੀ ਤਾਂ ਮੈਂ ਉਸੇ ਵਕਤ ਜਲੰਧਰ ਪਹੁੰਚ ਜਾਇਆ ਕਰਦਾ ਸੀ। ਮੇਰਾ ਜਲੰਧਰ ਦੇ ਡਾਕਟਰਾਂ ਦੇ ਨਾਲ ਕਾਫੀ ਮੇਲ ਮਿਲਾਪ ਰਿਹਾ ਹੈ ਸੋ ਮੇਰੇ ਲਈ ਇਹਨਾਂ ਦੀ ਦੇਖ-ਭਾਲ ਕਰਨੀ ਸੌਖੀ ਗੱਲ ਹੂੰਦੀ ਸੀ ਕੁਦਰਤੀ ਤੌਰ ਤੇ ਮੇਰੇ ਤੇ ਇਹਨਾਂ ਦਾ ਵਿਸ਼ਵਾਸ ਵੀ ਅੱਤੁਟ ਸੀ। ਮੇਰੇ ਜਲੰਧਰ ਪਹੁੰਚਦਿਆਂ ਹੀ ਇਹ ਠੀਕ ਹੋਣੇ ਸ਼ੁਰੂ ਹੋ ਜਾਂਦੇ ਸਨ। ਇਸ ਮੌਕੇ ਤੇ ਬਾਬਾ ਸੰਗਤ ਸਿੰਘ ਯਾਦਗਾਰੀ ਟਰੱਸਟ ਜਲੰਧਰ ਦੇ ਮੀਤ ਚੇਅਰਮੈਨ ਸਰਦਾਰ ਪ੍ਰੀਤਮ ਸਿੰਘ ਪਰਦੇਸੀ ਹੋਰੀਂ ਵੀ ਇਹਨਾਂ ਦਾ ਬਹੁਤ ਖਿਆਲ ਰੱਖਦੇ ਸਨ। ਹੀਰ ਪਰਿਵਾਰ ਦੇ ਸਿਰਕੱਢ ਉਹ ਸੋਹਣੇ-ਸੁਨੱਖੇ ਗਭਰੂ ਚਾਚਾ ਜੀ ਸਰਦਾਰ ਲਛਮਣ ਸਿੰਘ, ਬੇਬੇ ਕਰਤਾਰ ਕੌਰ ਦੇ ਭਤੀਜੇ ਹੋਰਾਂ ਦੀ ਭਾਰਤ-ਚੀਨ ਦੀ ਲੜਾਈ ਦੌਰਾਨ ਜੰਗ ਵਿੱਚ ਬੇਮਿਸਾਲ ਸ਼ਹੀਦੀ ਦਾ ਪ੍ਰਮਾਣ ਮਿਲਦਾ ਹੈ। ਜਿਹਨਾਂ ਦੀ ਅਨੋਖੀ ਸ਼ਹਾਦੱਤ ਨੂੰ ਸਨਮਾਨਿਤ ਕਰਦਿਆਂ ਭਾਰਤ ਸਰਕਾਰ ਨੇ ਇਹਨਾਂ ਨੂੰ 50 ਕਿੱਲੇ ਜਮੀਨ ਰਾਜਸਥਾਨ ਵਿੱਚ ਅਲਾਟ ਕੀਤੀ ਸੀ ਪਰ ਇਹ ਜਗ੍ਹਾ ਦੂਰ ਹੋਣ ਕਾਰਨ ਬੁਢੇਪੇ ਦੀ ਅਵਸੱਥਾ ਵਿੱਚ ਮਾਮਾ ਲੱਖਾ ਸਿੰਘ ਲਈ ਠੀਕ ਨਹੀ ਸੀ ਸੋ ਦੁਬਾਰਾ ਸੰਨ 1972 ਵਿੱਚ ਪੰਜਾਬ ਦੇ ਵਿੱਚ ਹੀ 10 ਕਿੱਲੇ ਜਮੀਨ ਇਹਨਾਂ ਨੂੰ ਪਿੰਡ ਝੁੱਗੀਆਂ ਬੀਠਲ, ਸੰਗੋਵਾਲ ਦੇ ਲਾਗੇ ਮਹਿਤਪੁਰ ਇਲਾਕੇ ਵਿੱਚ ਦਿੱਤੀ ਗਈ ਸੀ। ਅੱਜਕਲ੍ਹ ਮਾਮਾ ਜੀ ਸਰਦਾਰ ਲੱਖਾ ਸਿੰਘ ਦੇ ਪੜੋਤੇ ਬਘੇਲ ਸਿੰਘ ਅਤੇ ਗੁਰਪ੍ਰੀਤ ਸਿੰਘ ਖੇਤੀ ਕਰਦੇ ਹਨ। ਬਘੇਲ ਦੇ ਚਾਚਾ ਪਵਿੱਤਰ ਸਿੰਘ ਅਖੰਡ ਪਾਠੀ ਹਨ ਅਤੇ ਪਿੰਡ ਹੀ ਰਹਿੰਦੇ ਹਨ। ਸਰਦਾਰ ਲਛਮਣ ਸਿੰਘ ਸਰਦਾਰ ਲੱਖਾ ਸਿੰਘ ਦੇ ਇੱਕਲੌਤੇ ਪੁਤਰ ਸਨ ਸੋ ਘਰ ਵਿੱਚ ਇੱਕੋ ਇੱਕ ਪੁਤੱਰ ਹੋਣ ਦੇ ਨਾਤੇ ਭਰ ਜਵਾਨੀ ਵਿੱਚ ਆਪਣੇ ਦੇਸ ਦੀ ਖਾਤਿਰ ਸ਼ਹੀਦ ਹੋ ਜਾਣਾ ਹੀਰ ਪਰਿਵਾਰ ਲਈ ਗਹਿਰਾ ਸਦਮਾ ਸੀ। ਉਸ ਸਮੇਂ ਇਹ ਆਪ ਬੁਢੇਪੇ ਦੇ ਵਿੱਚ ਸਨ ਅਤੇ ਇਹਨਾਂ ਦੇ ਪੋਤੇ ਨਿੱਕੇ ਸਨ ਸੋ ਘਰ ਦੀ ਦੇਖ-ਭਾਲ ਇਹਨਾਂ ਦੇ ਆਪਣੇ ਸਿਰ ਪੈ ਗਈ ਸੀ। ਅਚਾਨਕ ਲਛਮਣ ਸਿੰਘ ਦੀ ਸ਼ਹਾਦਤ ਨੇ ਘਰ ਦਾ ਹੁਲੀਆ ਹੀ ਬਦਲ ਦਿੱਤਾ ਸੀ, ਜੱਦ ਕਮਾਊ ਪੁੱਤ ਹੀ ਨਾ ਰਿਹਾ ਤਾਂ ਘਰ ਦਾ ਗੁਜਾਰਾ ਚੱਲਣਾ ਵੀ ਔਖਾ ਸੀ। ਖੈਰ ਜਿੰਦਗੀ ਕਿਹੜੇ ਰੰਗਾ ਵਿੱਚ ਬਦਲਦੀ ਹੈ ਇਸਦਾ ਅੰਦਾਜਾ ਨਹੀ ਲਾਇਆ ਜਾ ਸਕਦਾ। ਔਖੇ ਸਮੇਂ ਵੀ ਉਸ ਰੱਬੀ ਭਾਣੇ ਦੇ ਵਿੱਚ ਰਹਿਣਾ ਮਨੁੱਖੀ ਕਿਰਦਾਰ ਦੀ ਚੁਣੌਤੀ ਹੋਇਆ ਕਰਦੀ ਹੈ। ਜੋ ਵਕਤੀ ਨਜ਼ਾਕਤ ਨੂੰ ਬਰਦਾਸ਼ਤ ਕਰ ਸਕੇ ਉਸ ਲਈ ਕਈ ਹੋਰ ਵਸੀਲੇ ਪੈਦਾ ਹੋ ਜਾਇਆ ਕਰਦੇ ਹਨ। ਇਹਨਾਂ ਹਾਲਾਤਾਂ ਦੇ ਵਿੱਚ ਮਾਮਾ ਜੀ ਹੋਰਾਂ ਦੀਆਂ ਤਕਲੀਫਾਂ ਨੂੰ

ਦੇਖਦਿਆਂ ਸਾਡੇ ਪਰਿਵਾਰ ਦੀ ਚੱਕ ਕਲਾਂ ਆਉਣੀ ਜਾਣੀ ਹੋਰ ਵੱਧ ਗਈ ਅਤੇ ਹਰ ਪੱਖ ਤੋਂ ਉਹਨਾਂ ਦੀਆਂ ਲੋੜਾਂ ਨੂੰ ਪੂਰਾ ਕਰਨਾ ਸਾਡਾ ਵੀ ਫ਼ਰਜ ਬਣ ਗਿਆ ਸੀ। ਸਮਾਂ ਲ਼ੰਘਦਾ ਗਿਆ ਅਤੇ ਪੋਤੇ ਵੀ ਜਵਾਨ ਹੋ ਗਏ ਸੋ ਉਹਨੀਂ ਆਪਣੇ ਪਿਤਾ ਦੀ ਇਸ ਘਾਟ ਨੂੰ ਪੂਰਾ ਕਰਨ ਲਈ ਆਪਣੇ ਪਿਤਾ ਪੁਰਖੀ ਕਿਰਦਾਰ ਨੂੰ ਬਾਖੂਬੀ ਨਾਲ ਸਮਝਿਆ ਅਤੇ ਨਿਭਾਇਆ ਵੀ ਹੈ। ਚਾਚਾ ਜੀ ਦੇ ਦੋਵੇਂ ਲੜਕੇ ਬਲਵੀਰ ਸਿੰਘ ਅਤੇ ਪਵਿੱਤਰ ਸਿੰਘ ਨੇਕ ਸੁਭਾਵ ਦੇ ਅਤੇ ਕਿਰਤੀ ਮੰਨੇ ਜਾਂਦੇ ਹਨ। ਚਾਚਾ ਲਛਮਣ ਸਿੰਘ ਦੀ ਇੱਕਲੌਤੀ ਲੜਕੀ00000 ਲੁਧਿਆਣੇ ਰਹਿੰਦੀ ਹੈ ਅਤੇ ਉਹ ਆਪਣੇ ਪਰਿਵਾਰ ਦੇ ਵਿੱਚ ਖੁਸ਼ ਹੈ।

ਨਾਨਕੇ ਘਰ ਨਾਲ ਦੁੱਗਲ ਪਰਿਵਾਰ ਦੀ ਰਿਸ਼ਤੇਦਾਰੀ ਤੋਂ ਇਲਾਵਾ ਸੁਹਿਰਦਤਾ ਅਤੇ ਆਪਸੀ ਮਿਤੱਰਾਂ ਵਾਂਗ ਖਾਸਾ ਸੰਬੰਧ ਹਮੇਸ਼ਾਂ ਹੀ ਬਣਿਆ ਰਿਹਾ ਹੈ। ਸਰਦਾਰ ਕਰਤਾਰ ਸਿੰਘ ਬੱਬਰ ਹੋਰੀਂ ਅਗ੍ਰੇਜ਼ਾਂ ਦੇ ਰਾਜ ਦੌਰਾਨ ਦੇਸ ਦੀ ਆਜ਼ਾਦੀ ਲਈ ਅਨੂਪ ਸਿੰਘ ਜੋ ਅਗ੍ਰੇਜ਼ਾਂ ਦਾ ਦੱਲਾ ਸੀ ਉਸਨੂੰ ਮਾਰਨ ਗਿਆ ਦੱਲੇ ਦੀ ਗੈਰਹਾਜ਼ਰੀ ਵਿੱਚ ਉਸਦੇ ਪਰਿਵਾਰ ਨੂੰ ਵੱਢ ਆਇਆ ਸੀ ਅੰਗ੍ਰੇਜ਼ਾਂ ਨੇ ਸਰਦਾਰ ਕਰਤਾਰ ਸਿੰਘ ਨੂੰ ਫਾਂਸੀ ਦੇ ਦਿੱਤੀ ਸੀ। ਇਹ ਸੂਰਮਾਂ ਵੀ ਇਸੇ ਪਿੰਡ ਦਾ ਵਸਨੀਕ ਹੋਇਆ ਹੈ ਅਤੇ ਇਹਨਾਂ ਦੀ ਮੂਰਤੀ ਪ੍ਰਤਿਮਾ ਦਾ ਆਕਾਰ ਪਿੰਡ ਵੜਦਿਆਂ ਹੀ ਸਾਹਮਣੇ ਫਿਰਨੀ ਤੇ ਨਜਰ ਆਉਂਦਾ ਹੈ। ਨਾਨਕੇ ਘਰ ਦੀ ਪ੍ਰਤਿਭਾ ਦਾ ਪਿਤਾ ਜੀ ਤੇ ਅਸਰ ਹੋਣਾ ਵੀ ਯਕੀਨਨ ਸੀ। ਇਹਨਾ ਦੀ ਉੱਚੀ ਸੋਚ, ਨਿਡਰਤਾ ਅਤੇ ਕੌਮੀ-ਸੇਵਾ ਭਾਵਨਾ ਦਾ ਪਰਮਾਰਥ ਸ਼ਾਇਦ ਆਪਣੇ ਤਾਇਆ ਦਲੇਲ ਸਿੰਘ, ਚਾਚਾ ਕਰਮ ਸਿੰਘ ਅਤੇ ਨਾਨਕੇ ਪਰਿਵਾਰ ਦੀਆਂ ਸ਼ੁੱਭ ਅਸੀਸਾਂ ਦਾ ਸੁਮੇਲ ਮੰਨਿਆ ਜਾ ਸਕਦਾ ਹੈ। ਜਮਸ਼ੇਰ ਦੀ ਰਹਿਣੀ ਬਹਿਣੀ ਅਤੇ ਪਿੰਡ ਦੇ ਨਾਮਵਰ ਲੋਕਾਂ ਦਾ ਪਰਭਾਵ ਵੀ ਕਬੂਲਿਆ ਗਿਆ ਮੰਨਿਆ ਜਾ ਸਕਦਾ ਹੈ। ਇਹੋ ਵਜ਼ਾ ਹੈ ਕੇ ਜਮਸ਼ੇਰ ਦਾ ਜਿਕਰ ਕਰਨਾ ਇਹਨਾਂ ਦੀ ਸ਼ਖਸੀਅਤ ਦਾ ਇੱਕ ਅਨਿੱਖੜਵਾਂ ਅੰਗ ਕਿਹਾ ਜਾ ਸਕਦਾ ਹੈ।

## ਜਵਾਨੀ ਦੇ ਲਮਹੇ

ਜਵਾਨੀ ਦਾ ਉਭਾਰ ਸੁਤੰਤਰ ਖਿਆਲਾਂ ਨੂੰ ਜਨਮ ਦਿੰਦਾ ਹੈ। ਬਚਪਣ ਦੇ ਆਪਣੇ ਹੀ ਰੰਗਲੇ ਜੌਹਰ ਹੁੰਦੇ ਹਨ ਜਿੱਥੇ ਖੇਡਣ ਦਾ ਚਾਹ ਮਲ੍ਹਾਰ ਅਤੇ ਲਾਪ੍ਰਵਾਹੀ ਦਾ ਲੱਖਣ ਹਾਵੀ ਰਹਿੰਦਾ ਹੈ। ਬਚਪਣ ਦੇ ਲੰਘਦਿਆਂ ਹੀ ਜੁੰਮੇਵਾਰੀ ਦਾ ਅਹਿਸਾਸ ਹੋਣਾ ਸ਼ੁਰੂ ਹੋ ਜਾਂਦਾ ਹੈ। ਜਵਾਨੀ ਦਾ ਇਹੋ ਸਮਾਂ ਜਿੰਦਗੀ ਦੇ ਅਹਿਮ ਫੇਸਲੇ ਲੈਣ ਲਈ ਮਨ ਨੂੰ ਕਿਸੇ ਖਾਸ ਮੰਜ਼ਲ ਵੱਲ ਪ੍ਰੇਰਿਤ ਕਰਦਾ ਹੈ। ਜੀਵਨ ਦੇ ਇਸ ਪਹਿਲੂ

ਦੀ ਸੋਝੀ ਹੋਣੀ ਅਤਿ ਜਰੂਰੀ ਹੁੰਦੀ ਹੈ, ਨਹੀਂ ਤਾਂ ਅੱਲ੍ਹੜ ਬੁੱਧੀ ਦੇ ਵੇਗ ਦੀ ਤੀਬਰਤਾ ਇਨਸਾਨ ਨੂੰ ਗੁਮਰਾਹ ਕਰ ਦਿੰਦੀ ਹੈ। ਜਿੰਦਗੀ ਦਾ ਲਕਸ਼ ਬਦਲ ਜਾਂਦਾ ਹੈ ਅਤੇ ਅਨਮੋਲ ਜੀਵਨ ਅਜਾਈਂ ਚਲੇ ਜਾਇਆ ਕਰਦਾ ਹੈ। ਪਿਤਾ ਜੀ ਭਾਵੇਂ ਗਰੀਬੀ ਮਾਹੌਲ ਚੋਂ ਲੰਘ ਕੇ ਵੱਡੇ ਹੋਏ ਸਨ ਸ਼ਾਇਦ ਘਰੇਲੂ ਤੰਗੀਆਂ ਨੇ ਹੀ ਇਨ੍ਹਾਂ ਨੂੰ ਮਾਨਵਵਾਦੀ ਲਕਸ਼ ਵੱਲ ਪ੍ਰੇਰਿਤ ਕਰੀ ਰੱਖਿਆ ਹੋਵੇਗਾ। ਪ੍ਰਤੀਤ ਹੁੰਦਾ ਹੈ ਕਿ ਮਨੁੱਖੀ ਰਵਾਇਤਾਂ ਨੂੰ ਸਮਝਣ ਵਿੱਚ ਅਤੇ ਇਸੇ ਦੇ ਜਾਨਸ਼ੀਨ ਹੋਣ ਲਈ ਸਾਧੂਆਂ ਦੀ ਸੰਗਤ ਨੇ ਜਿਵੇਂ ਇਨ੍ਹਾਂ ਦੇ ਮਸਤਕ ਤੇ ਅਨੋਖੀ ਛਾਪ ਛੱਡ ਦਿੱਤੀ ਹੋਵੇ ਅਤੇ ਇਹ ਉਸੇ ਨਿਸ਼ਾਨਦੇਹੀ ਦੇ ਪਾਂਧੀ ਬਣਕੇ ਆਪਣੀ ਮੰਜ਼ਲ ਦੀ ਘੋਖ ਕਰਦੇ ਅਗਾਂਹ ਵੱਧਦੇ ਗਏ ਹੋਣਗੇ ਅਤੇ ਜੀਵਨ ਦੀਆਂ ਪ੍ਰਾਪਤੀਆਂ ਮੁਮਕਿਨ ਹੈ ਇਸੇ ਪਰਥਾਏ ਸੰਪਨ ਹੋ ਸਕੀਆਂ ਹੋਣ।

ਕਈ ਸਦੀਆਂ ਤੋਂ ਹੀ ਦੁਗੱਲ ਪਰਿਵਾਰ ਦਾ ਲਾਡੋਵਾਲ੍ਹੀ ਜਲੰਧਰ ਸ੍ਰੀ ਮਾਂ ਆਨੰਦ ਮਈ ਹਾਈ ਸਕੂਲ ਅਤੇ ਇਸਦੇ ਪਰਬੰਧ-ਕਰਤਾ ਵਿਅਕਤੀਆਂ ਦੇ ਨਾਲ ਕਾਫ਼ੀ ਗੂੜ੍ਹਾ ਸੰਬੰਧ ਬਣਿਆ ਰਿਹਾ ਹੈ। ਇਹ ਪਰਬੰਧ-ਕਰਤਾ ਪਰਿਵਾਰ ਬਹੁਤ ਨੇਕ ਸੁਭਾਵ, ਪਿਆਰ ਸਤਿਕਾਰ ਭਾਵਨਾਂ ਦੇ ਰਹਿਨੁਮਾਈ, ਪ੍ਰਭੂ ਭਗਤੀ ਦੇ ਉਪਾਸ਼ਕ ਅਤੇ ਬਹੁਤ ਆਦਰਸ਼ਵਾਦੀ ਗੁਰਮੁੱਖ ਰਹੇ ਹਨ। ਸੰਤ ਲਕਸ਼ਮਨ ਜੀ ਹੋਰਾਂ ਦੇ ਨਾਲ ਪਿਤਾ ਜੀ ਹੋਰਾਂ ਦਾ ਸੰਬੰਧ ਆਖੀਰ ਤੱਕ ਅਨਿੱਖੜਵਾਂ ਅਤੇ ਪਿਆਰ ਸਤਿਕਾਰ ਭਰਪੂਰ ਬਣਿਆ ਰਿਹਾ ਹੈ। ਸੰਤਾਂ ਦੇ ਵੱਡੇ ਭਰਾਤਾ ਜੀ ਡਾਕਟਰ ਬਲਬੰਤ ਸਿੰਘ ਹੋਰੀਂ ਜਮਸ਼ੇਰ ਅਤੇ ਨਜਦੀਕੀ ਪਿੰਡਾਂ ਦੇ ਮਰੀਜ਼ਾਂ ਨੂੰ ਦਵਾ-ਦਾਰੂ ਦੇਣ ਆਇਆ ਕਰਦੇ ਸਨ। ਗਰੀਬ ਮਰੀਜ਼ਾਂ ਨੂੰ ਉਹ ਦਵਾ-ਦਾਰੂ ਮੁਫਤ ਦੇ ਜਾਇਆ ਕਰਦੇ ਸਨ। ਲੋਕੀ ਆਪੋ ਆਪਣੀ ਇੱਛਾ ਦੇ ਮੁਤਾਬਕ ਉਹਨਾਂ ਦੀ ਫ਼ੀਸ ਦੇ ਦਿਆ ਕਰਦੇ ਸੀ, ਅਗਰ ਮਰੀਜ਼ ਠੀਕ ਨਾ ਹੋ ਸਕਿਆ ਜਾਂ ਰੱਬ ਨੂੰ ਪਿਆਰਾ ਹੋ ਗਿਆ ਤਾਂ ਲੋਕਾਂ ਦੇ ਕਹਿਣ ਤੇ ਵੀ ਕੋਈ ਪੈਸਾ ਨਹੀਂ ਸੀ ਲਿਆ ਕਰਦੇ ਬਲਕਿ ਉਹਨੀਂ ਇਹ ਕਹਿ ਕੇ ਗੱਲ ਨੂੰ ਟਾਲ ਦੇਣਾ ਕਿ ਭਾਈ ਸਾਡਾ ਮਰੀਜ਼ ਹੀ ਨਹੀਂ ਰਿਹਾ ਤਾਂ ਫ਼ੀਸ ਕਿਸ ਗੱਲ ਦੀ ਬਾਕੀ ਰਹਿ ਗਈ ਹੈ। ਭਾਵੇਂ ਪਿਤਾ ਜੀ ਉਸ ਸਮੇਂ ਆਪਣੀ ਅੱਲ੍ਹੜ ਉਮਰ ਦੇ ਸਨ ਪਰ ਫ਼ਿਰ ਵੀ ਇਹਨੀਂ ਡਾਕਟਰ ਹੋਰਾਂ ਦੀ ਸੇਵਾ'ਚ ਉਹਨਾਂ ਦੇ ਨਾਲ ਫ਼ਿਰਦੇ ਰਹਿਣਾ। ਉਸ ਸਮੇਂ ਤੋਂ ਹੀ ਇਹਨਾਂ ਦਾ ਸੰਤ ਲਕਸ਼ਮਨ ਜੀ ਹੋਰਾਂ ਦੇ ਨਾਲ ਹੋਰ ਵੀ ਸੰਬੰਧ ਗੂੜ੍ਹਾ ਹੁੰਦਾ ਗਿਆ। ਸੰਤ ਲਕਸ਼ਮਨ ਜੀ ਹੋਰੀਂ ਅੰਗ੍ਰੇਜੀ ਅਤੇ ਪੰਜਾਬੀ ਦੇ ਐਮ.ਏ ਪਾਸ ਹਨ। ਅੱਜਕਲ੍ਹ ਉਹ ਸ੍ਰੀ ਮਾਂ ਆਨੰਦ ਮਈ ਆਸ਼ਰਮ 24 ਸੈਕਟਰ ਚੰਡੀਗੜ ਰਹਿੰਦੇ ਹਨ ਜਿਹਨਾਂ ਦੀ ਉਮਰ 96 ਸਾਲ ਹੈ। ਸੰਤਾਂ ਦੇ ਇੱਕ ਹੋਰ ਵੱਡੇ ਭਰਾਤਾ ਜੀ ਸਰਦਾਰ ਭਗਵੰਤ ਸਿੰਘ ਜੀ ਸਾਧੂ ਰੂਪ ਸਨ

ਜੋ ਕਿ ਲੜਕੀਆਂ ਦੇ ਗੌਰਮੈਂਟ ਹਾਈ ਸਕੂਲ ਜਲੰਧਰ ਵਿੱਚ ਕਈ ਸਾਲ ਹੈਡਮਾਸਟਰ ਰਹੇ ਸਨ। ਲਾਡੋਵਾਲ੍ਹੀ ਆਸ਼ਰਮ ਦੇ ਵੱਡੇ ਹਾਲ ਦੇ ਥੱਲੇ ਇੱਕ ਭੋਰਾ ਹੁੰਦਾ ਸੀ ਜਿੱਥੇ ਭਰਾਤਾ ਜੀ ਭਗਵੰਤ ਸਿੰਘ ਹੋਰੀਂ ਸਕੂਲ ਤੋਂ ਆ ਕੇ ਇਸ ਭੋਰੇ ਵਿੱਚ ਸਿਮਰਨ ਕਰਨ ਲਈ ਚਲੇ ਜਾਇਆ ਕਰਦੇ ਸੀ। ਇਹਨਾਂ ਦੀ ਰੁਚੀ ਖਾਣ ਪੀਣ ਵੱਲ ਘੱਟ ਹੁੰਦੀ ਸੀ। ਇਹਨਾਂ ਵਾਰੇ ਇਹ ਵੀ ਸੁਣਿਆ ਹੈ ਕਿ ਇਹ ਕਿੰਨਾ ਕਿੰਨਾ ਚਿਰ ਆਪਣੇ ਸੁਆਸ ਉੱਪਰ ਚੜ੍ਹਾ ਲਿਆ ਕਰਦੇ ਸਨ। ਸਾਰਿਆਂ ਤੋਂ ਛੋਟੇ ਭਰਾਤਾ ਜੀ ਡਾਕਟਰ ਹਰਭਜਨ ਸਿੰਘ ਹੋਰਾਂ ਦੀ ਜਲੰਧਰ ਸਟੇਸ਼ਨ ਦੇ ਨਜਦੀਕ ਦਾਣਾਂ ਮੰਡੀ ਸੜਕ ਤੇ ਕਲੀਨਿਕ ਹੁੰਦੀ ਸੀ ਅਤੇ ਇਸ ਪਰਿਵਾਰ ਦੇ ਵਿੱਚੋਂ ਸਿਰਫ ਡਾਕਟਰ ਹਰਭਜਨ ਸਿੰਘ ਹੋਰੀਂ ਹੀ ਵਿਆਹੇ ਹੋਏ ਸਨ। ਡਾਕਟਰ ਹਰਭਜਨ ਸਿੰਘ ਦਾ ਲੜਕਾ ਗੁਰਸ਼ਰਨ ਮੇਰੇ ਨਾਲ ਡੀ.ਏ.ਵੀ. ਕਾਲਜ ਪੜ੍ਹਦਾ ਹੁੰਦਾ ਸੀ ਜੋ ਇਸ ਸਮੇਂ ਅਮ੍ਰੀਕਾ ਖੁਦ ਡਾਕਟਰ ਹੈ ਅਤੇ ਉਸਦੀ ਇੱਕ ਭੈਣ ਉੱਥੇ ਹੀ ਉਹ ਵੀ ਡਾਕਟਰ ਹੈ। ਸ਼ੁਰੂ ਤੋਂ ਹੀ ਸੰਤਾਂ ਦੀ ਸੁਰਤੀ ਭਜਨ ਬੰਦਗੀ ਵੱਲ ਤੀਬਰ ਰਹੀ ਹੈ। ਸੰਤ ਜੀ ਸ੍ਰੀ ਆਨੰਦ ਮਈ ਹੋਰਾਂ ਦਾ ਬਹੁਤ ਸਤਿਕਾਰ ਕਰਦੇ ਸਨ ਅਤੇ ਅਮੂਮਨ ਇਹਨਾਂ ਵੱਲੋਂ ਹਿੰਦੁਸਤਾਨ ਦੇ ਵੱਖ ਵੱਖ ਸ਼ਹਿਰਾਂ ਵਿੱਚ ਧਾਰਮਿਕ ਸਮਾਗਮ ਆਯੋਜਿਤ ਕੀਤੇ ਜਾਂਦੇ ਸਨ। ਇਹਨਾਂ ਸਮਾਗਮਾਂ ਵਿੱਚ ਹਿੰਦੁਸਤਾਨ ਦੇ ਵੱਖ ਵੱਖ ਸ਼ਹਿਰਾਂ ਤੋਂ ਪੜ੍ਹੇ ਲਿਖੇ ਵਿਦਵਾਨ ਅਤੇ ਮਹਾਤਮਾ ਜਨ ਪਹੁੰਚਿਆ ਕਰਦੇ ਸਨ। ਸੰਤ ਜੀ ਸਾਡੇ ਕੋਲ ਲੀਡਜ਼ ਕਈ ਵਾਰ ਆ ਚੁੱਕੇ ਹਨ, ਉਹਨਾਂ ਦੇ ਆਉਣ ਦੀ ਦੇਰ ਹੁੰਦੀ ਸੀ ਕਿ ਸਾਡੇ ਘਰ ਸਵੇਰੇ ਸ਼ਾਮ ਗੁਰਬਾਣੀ ਸ਼ਬਦ ਦੀ ਵਿਆਖਿਆ ਅਤੇ ਨਾਮ ਸਿਮਰਨ ਹੋਣਾ ਆਰੰਭ ਹੋ ਜਾਂਦਾ ਸੀ। ਕਦੀ ਸ੍ਰੀ ਅਖੰਡ ਪਾਠ ਅਤੇ ਕਦੀ ਸਹਿਜ ਪਾਠ ਦੀ ਲੜੀ ਚੱਲਦੀ ਰਹਿੰਦੀ ਸੀ। ਸੰਤ ਜੀ ਕਈ ਵਾਰ ਅਮ੍ਰੀਕਾ ਅਤੇ ਕਈ ਵਾਰ ਕਨੇਡਾ ਚਲੇ ਜਾਇਆ ਕਰਦੇ ਸੀ। ਪਿਤਾ ਜੀ ਹੋਰੀਂ ਆਪਣੇ ਇੰਗਲੈਂਡ ਤੋਂ ਵਾਪਿਸ ਪੰਜਾਬ ਦੇ ਦੌਰੇ ਸਮੇਂ ਵੀ ਉਚੇਚੇ ਤੌਰ ਤੇ ਸੰਤਾ ਦੇ ਨਾਲ ਹੀ ਰਹੇ ਸਨ ਅਤੇ ਧਾਰਮਿਕ ਸਮਾਗਮਾਂ ਵਿੱਚ ਸ਼ਿਰਕਤ ਕਰਿਆ ਕਰਦੇ ਸਨ ਕਿਉਂਕਿ ਇਹ ਧਾਰਮਿਕ ਪੱਖ ਤੋਂ ਹਮੇਸ਼ਾਂ ਹੀ ਕਾਫ਼ੀ ਚੇਤੰਨ ਅਤੇ ਗੁਰਮਤਿ ਦੀ ਖੋਜ ਵਿੱਚ ਖੋਜੀ ਸੁਭਾਵ ਦੇ ਹੁੰਦੇ ਸਨ। ਮੇਰਾ ਛੋਟਾ ਭਰਾ ਰਾਜਿੰਦਰ ਮਾਰਕੀਟਾਂ ਲਾਇਆ ਕਰਦਾ ਸੀ ਕਦੀ ਕਦਾਈਂ ਮੈਂ ਉਸਦੇ ਨਾਲ ਵੀ ਚਲੇ ਜਾਇਆ ਕਰਦਾ ਸੀ ਸ਼ਾਮ ਨੂੰ ਘਰ ਆ ਕੇ ਰਾਜਿੰਦਰ ਨੇ ਸੰਤਾਂ ਨੂੰ ਕਹਿਣਾ ਸੰਤ ਜੀ ਅਸੀਂ ਜਰਾ ਗਲਾਸ ਮਾਰ ਆਈਏ। ਸੰਤਾ ਨੇ ਹੈਰਾਨ ਹੋ ਕੇ ਕਹਿਣਾ ਕਿ ਗਲਾਸ ਕਿਸਦੇ ਮਾਰਨ ਚੱਲੇ ਹੋ। ਸਾਡਾ ਮਕਸਦ ਤਾਂ ਪੱਬ ਦੇ ਵਿੱਚ ਬੀਅਰ ਪੀਣ ਜਾਣ ਦਾ ਹੁੰਦਾ ਸੀ ਪਰ ਸੰਤਾ ਨੇ ਹੱਸ ਪੈਣਾ ਅਤੇ ਕਹਿਣਾ ਵਈ ਕਦੋਂ ਇਸਤੋਂ ਛੁਟਕਾਰਾ ਹੋਊ। ਰਾਜਿੰਦਰ ਨੇ ਕਹਿ ਦੇਣਾ ਸੰਤ ਜੀ ਇੱਥੇ ਠੰਡ ਬਹੁਤ ਪੈਂਦੀ ਹੈ ਜਦੋਂ ਅਸੀਂ ਕੰਮ ਤੋਂ ਘਰ ਆਈਦਾ ਹੈ ਤਾਂ ਥੋੜ੍ਹੀ ਸਰੀਰ ਨੂੰ ਗਰਮਾਇਸ਼

ਦੇਣ ਲਈ ਅਸੀਂ ਪੱਬ ਚਲੇ ਜਾਂਦੇ ਹਾਂ। ਉਹਨੀਂ ਹੱਸ ਕੇ ਲਾਂਭੇ ਹੋ ਜਾਣਾ। ਇੱਕ ਬਾਰ ਉਹ ਕਰਿੱਸਮਸ ਤੇ ਇੱਥੇ ਸਾਡੇ ਕੋਲ ਆਏ ਹੋਏ ਸਨ, ਅਸੀਂ ਕਰਿੱਸਮਸ ਵਾਲੇ ਦਿਨ ਸਵੇਰੇ ਉਹਨਾਂ ਨੂੰ ਲੱਭਦੇ ਫਿਰੀਏ ਪਰ ਉਹ ਕਾਫੀ ਦੇਰ ਬਾਦ ਘਰ ਵਾਪਿਸ ਆਏ। ਅਸੀਂ ਪੁੱਛਿਆ ਸੰਤ ਜੀ ਤੁਸੀਂ ਕਿੱਥੇ ਚਲੇ ਗਏ ਸੀ ਤਾਂ ਕਹਿਣ ਲੱਗੇ ਮੈਂ ਚਰਚ ਦੇ ਵਿੱਚ ਚਲੇ ਗਿਆ ਸੀ। ਚਰਚ ਦੇ ਵਿੱਚ ਜਾ ਕੇ ਇਹ ਅੰਗ੍ਰੇਜ਼ਾਂ ਨੂੰ ਜ਼ੀਜਸ ਵਾਰੇ ਦੱਸਦੇ ਰਹੇ ਅੰਗ੍ਰੇਜ਼ ਹੈਰਾਨ ਸਨ ਕਿ ਇਹਨਾਂ ਨੂੰ ਕਿੰਨਾ ਗਿਆਨ ਸੀ ਅਤੇ ਅੰਗ੍ਰੇਜ਼ੀ ਬੋਲੀ ਬੋਲਣ ਦੀ ਪੂਰੀ ਕਮਾਂਡ ਸੀ। ਇੱਕ ਵਾਰ ਇਹਨੀਂ ਪਿਤਾ ਜੀ ਨੂੰ ਕਿਹਾ ਕਿ ਤੁਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪੜੋ ਅਤੇ ਮੈਂ ਅੰਗ੍ਰੇਜ਼ੀ ਭਾਸ਼ਾ ਵਿੱਚ ਬਾਣੀ ਦੀ ਟਰਾਂਸਲੇਸ਼ਨ ਕਰੀ ਜਾਵਾਂਗਾ ਅਤੇ ਬਾਣੀ ਰਿਕਾਰਡ ਕਰ ਲੈਣੀ ਸੋ ਇਸੇ ਤਰ੍ਹਾਂ ਇਹਨੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਣਤਾ ਕਰਕੇ ਪੂਰਾ ਕੈਸਟਾਂ ਦਾ ਜੁੱਟ ਤਿਆਰ ਕੀਤਾ ਸੀ। ਇਹਨਾਂ ਕੈਸਟਾਂ ਦਾ ਜੁੱਟ ਕਾਫੀ ਸਮੇਂ ਤੱਕ ਸਾਡੇ ਘਰ ਰਿਹਾ ਫਿਰ ਅਸੀਂ ਗੁਰਦੁਆਰਾ ਸਾਹਿਬ ਦੀ ਕਮੇਟੀ ਨੂੰ ਦੇ ਦਿੱਤਾ ਸੀ ਤਾਂ ਕਿ ਨੌਜਵਾਨ ਬਚਿੱਆਂ ਦੇ ਕੰਮ ਆ ਸਕੇ। ਸੰਤ ਜੀ ਹਰ ਮਜ਼੍ਹਬ ਦੇ ਧਾਰਮਕ ਗ੍ਰੰਥਾਂ ਤੋਂ ਘੋਖੀ ਸਨ ਅਤੇ ਇਹਨਾਂ ਨੂੰ ਕਾਫੀ ਧਰਮਾਂ ਦਾ ਗਿਆਨ ਹੈ। ਇਹਨਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਕੰਠ ਹੈ ਹਰ ਮੌਕੇ ਤੇ ਢੁਕਵੀਂ ਦਲੀਲ ਦੇ ਕੇ ਸਾਰਿਆਂ ਨੂੰ ਸਮਝਾਇਆ ਕਰਦੇ ਸਨ ਅਤੇ ਭਾਵੇਂ ਹੁਣ ਇਹ ਵਿਰਦ ਹੋ ਗਏ ਹਨ ਪਰ ਹਾਲੇ ਵੀ ਗੁਰਬਾਣੀ ਸ਼ਬਦ ਦਾ ਉਚਾਰਣ ਕਰਦਿਆਂ ਸ਼ਬਦ ਦੇ ਭਾਵ ਅਰਥ ਸਮਝਾਇਆ ਕਰਦੇ ਹਨ ਅਤੇ ਗੁਰਬਾਣੀ ਦਾ ਉਚਾਰਣ ਕਰਦੇ ਰਹਿੰਦੇ ਹਨ। ਇੱਕ ਬਾਰ ਇਹ ਰਾਜਿੰਦਰ ਦੇ ਘਰ ਆਏ ਹੋਏ ਸਨ ਤਾਂ ਘਰ ਦੇ ਜੀਅ ਕਹਿਣ ਲੱਗੇ ਸੰਤ ਜੀ ਇਸ ਘਰ ਦੇ ਵਿੱਚ ਇਸ ਘਰ ਨੂੰ ਬਣਾਉਣ ਵਾਲੀ ਅ੍ਰਗਰੇਜ਼ ਔਰਤ ਦੀ ਰੂਹ ਫਿਰਦੀ ਰਹਿੰਦੀ ਹੈ, ਸੰਤ ਜੀ ਹੱਸ ਪਏ ਅਤੇ ਕਹਿਣ ਲੱਗੇ ਚਿੰਤਾ ਨਾ ਕਰੋ ਇਹ ਤੁਹਾਨੂੰ ਹੁਣ ਇਹ ਕਦੀ ਨਹੀਂ ਦਿਸੇਗੀ ਅਤੇ ਹੋਇਆ ਵੀ ਅਜਿਹਾ ਹੀ। ਇੱਕ ਬਾਰ ਸੰਤਾਂ ਨੂੰ ਕਿਸੇ ਨੇ ਆਪਣੇ ਘਰ ਸੱਦਿਆ ਅਤੇ ਇਹਨਾਂ ਨੂੰ ਦੁੱਧ ਪੀਣ ਲਈ ਬੇਨਤੀ ਕੀਤੀ, ਸੰਤਾਂ ਨੇ ਦੁੱਧ ਪੀਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਬੀਬੀ ਜੋ ਤੁਸੀਂ ਚਿਤਵਿਆ ਹੈ ਉਹ ਇਸ ਤਰਾਂ ਸੰਭਵ ਗੱਲ ਨਹੀਂ ਹੋ ਸਕਦੀ। ਸੰਤਾਂ ਦੀ ਸੁਰਤ ਨਾਮ ਸਿਮਰਣ ਵਿੱਚ ਹੀ ਲੱਗੀ ਰਹਿੰਦੀ ਸੀ।

ਕੁੱਝ ਸਮਾਂ ਹੋਇਆ ਅਸੀਂ ਮੇਰੇ ਮਾਤਾ ਜੀ, ਵੀਰ ਰਾਜਿੰਦਰ ਉਸਦੀ ਪਤਨੀ ਬਲਬੀਰ ਅਤੇ ਸਤਿਨਾਮ ਕੁਲਵਿੰਦਰ ਦੀ ਭਰਜਾਈ ਸੰਤਾਂ ਨੂੰ ਚੰਡੀਗੜ ਮਿਲਣ ਗਏ ਉਹਨਾ ਦੇ ਨਾਲ ਕਾਫੀ ਬਚਨ ਬਿਲਾਸ ਹੋਏ। ਉਹਨੀ ਕਿਹਾ ਕਿ

ਇੱਕ ਬਾਰ ਦੀ ਗੱਲ ਹੈ ਕਿ ਉਹ ਸੰਤ ਜੀ ਪਿੰਡ ਜਮਸ਼ੇਰ ਆਏ ਅਤੇ ਆਪਣੇ

ਮਨ ਦੀ ਇੱਛਾ ਜਾਹਿਰ ਕੀਤੀ ਕਿ ਗੁਰਦੁਆਰਾ ਸਾਹਿਬ ਵਿਖੇ ਕੋਤਰ ਸੌ ਸ੍ਰੀ ਅਖੰਡ ਪਾਠ ਦੀ ਲੜੀ ਆਰੰਭ ਕੀਤੀ ਜਾਵੇ ਪਿਤਾ ਜੀ ਉਹਨਾਂ ਦੀ ਇਸ ਇੱਛਾ ਨੂੰ ਠੁਕਰਾ ਨਹੀਂ ਸੀ ਸਕਦੇ ਕਿਉਂਕਿ ਇਹਨਾਂ ਦਾ ਰੁਝਾਣ ਵੀ ਗੁਰਬਾਣੀ ਪੜਨ ਦਾ ਬਹੁਤ ਹੁੰਦਾ ਸੀ। ਸੰਤਾਂ ਨੇ ਇਹ ਵੀ ਕਿਹਾ ਕਿ ਗੁਰਦੁਆਰੇ ਦੀ ਕਮੇਟੀ ਦੀ ਕੋਈ ਦਖਲ ਅੰਦਾਜ਼ੀ ਨਹੀਂ ਹੋਣੀ ਚਾਹੀਦੀ, ਇਹ ਗੱਲ ਵੀ ਪ੍ਰਵਾਨ ਹੋ ਗਈ। ਪੰਜ ਸ੍ਰੀ ਅਖੰਡ ਪਾਠ ਆਰੰਭ ਹੋ ਗਏ, ਭੋਗ ਤੋਂ ਉਪਰੰਤ ਸੱਤ ਸ੍ਰੀ ਅਖੰਡ ਪਾਠ ਆਰੰਭ ਕੀਤੇ ਗਏ ਇਸ ਤਰਾਂ ਗਿਣਤੀ ਵਧਦੀ ਗਈ ਅਤੇ ਭੋਗ ਪਾਏ ਜਾਂਦੇ ਰਹੇ। ਸੰਤਾਂ ਨੇ ਪਿੰਡ ਦੇ ਬੰਦਿਆਂ ਨੂੰ ਇਹ ਵੀ ਕਹਿ ਦਿੱਤਾ ਕਿ ਉਹ ਗੁਰੂ ਦੀ ਹਜ਼ੂਰੀ ਆ ਕੇ ਮੱਥਾ ਨਾ ਟੇਕਿਆ ਕਰਨ ਬਲਕਿ ਬਾਹਿਰ ਗੇਟ ਤੇ ਹੀ ਮੱਥਾ ਟੇਕ ਕੇ ਆਪਣੇ ਕੰਮਾਂ ਤੇ ਜਾਇਆ ਕਰਨ, ਲੋਕੀ ਹੈਰਾਨ ਹੋਏ ਕਿ ਉਹਨਾਂ ਨੂੰ ਅੰਦਰ ਆਉਣ ਤੋਂ ਕਿਉਂ ਰੋਕਿਆ ਗਿਆ ਹੈ। ਸੰਤਾਂ ਨੇ ਕਿਹਾ ਰਾਤ ਤੁਸੀਂ ਸ਼ਰਾਬ ਪੀਂਦੇ ਰਹਿੰਦੇ ਹੋ ਸਵੇਰੇ ਵੀ ਤੁਹਾਡੇ ਮੂੰਹ ਚੋਂ ਬਦਬੂ ਆਉਂਦੀ ਰਹਿੰਦੀ ਹੈ ਸੋ ਗੁਰੂ ਦੀ ਹਜ਼ੂਰੀ ਵਿਚ ਆਉਣ ਦੇ ਨਾਲ ਗੁਰਬਾਣੀ ਦੀ ਬੇਅਦਬੀ ਹੁੰਦੀ ਹੈ। ਇਹਨਾਂ ਦਿਨਾਂ ਵਿੱਚ ਵਾਰਿਸ਼ ਨਾ ਹੋਣ ਕਾਰਣ ਪੰਜਾਬ ਵਿੱਚ ਔੜ ਲੱਗ ਗਈ ਅਤੇ ਪਾਣੀ ਦੀ ਬਹੁਤ ਕਿਲੱਤ ਹੋ ਗਈ ਤਾਂ ਪਿੰਡ ਦੇ ਜਿਮੀਦਾਰਾਂ ਨੇ ਸੰਤ ਜੀ ਹੋਰਾਂ ਨੂੰ ਬੇਨਤੀ ਕੀਤੀ ਕਿ ਔੜ ਕਾਰਣ ਉਹਨਾਂ ਦੀਆਂ ਫ਼ਸਲ਼ਾਂ ਸੁੱਕ ਰਹੀਆਂ ਹਨ ਉਹ ਰੱਬ ਅੱਗੇ ਅਰਦਾਸ ਕਰਨ, ਸੰਤ ਜੀ ਕਹਿਣ ਲੱਗੇ ਕਿ ਮੇਰੇ ਕਹੇ ਤੇ ਕੀ ਰੱਬ ਮੀਂਹ ਬਰਸਾ ਦੇਵੇਗਾ। ਸੰਤ ਜੀ ਹੋਰੀਂ ਮੈਨੂੰ ਦਸਿੱਆ ਕਿ ਪਿੰਡ ਦੇ ਲੋਕੀ ਜ਼ਿਦ ਕਰਨ ਲੱਗੇ ਤਾਂ ਉਹਨੀਂ ਵੀ ਅਰਦਾਸ ਸਮੇਂ ਕਹਿ ਦਿੱਤਾ ਕਿ ਵਾਹਿਗੁਰੂ ਜੀ ਜੇ ਤੁਹਾਨੂੰ ਭਾਵੇ ਤਾਂ ਮੀਂਹ ਬਰਸਾ ਦੇਣਾ ਜੇ ਨਾ ਭਾਵੇ ਤਾਂ ਨਾ ਬਰਸਾਉਣਾ, ਅਰਦਾਸ ਕਰਨ ਤੋਂ ਬਾਦ ਘਟਾ ਜਰੂਰ ਆਈ ਪਰ ਮੀਂਹ ਨਹੀ ਪਿਆ ਤਾਂ ਲੋਕੀ ਸੰਤਾ ਨੂੰ ਕਹਿਣ ਲੱਗੇ ਕਿ ਤੁਸੀਂ ਇਹ ਨਹੀਂ ਸੀ ਕਹਿਣਾ ਕਿ ਨਾ ਭਾਵੇ ਤਾਂ ਨਾ ਬਰਸਾਉਣਾ ਪਰ ਸੰਤ ਜੀ ਨੇ ਕਿਹਾ ਭਾਈ ਇਹ ਰੱਬ ਦੀ ਮੌਜ਼ ਹੈ। ਸੰਗਤਾਂ ਦੇ ਕਹਿਣ ਤੇ ਸੰਤਾਂ ਨੂੰ ਫਿਰ ਅਰਦਾਸ ਕਰਨ ਲਈ ਕਿਹਾ ਗਿਆ ਇਸ ਬਾਰ ਸੰਤਾਂ ਨੇ ਅਰਦਾਸ ਵਿੱਚ ਸ੍ਰੀ ਗੁਰੂ ਅਮਰ ਦਾਸ ਜੀ ਦੇ ਅਨਮੋਲ ਬਚਨ ਪੜੇ:

ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ।

ਮੇਘੈ ਨੋ ਫੁਰਮਾਨ ਹੋਆ ਵਰਸਹੁ ਕਿਰਪਾ ਧਾਰ।

ਸੰਤ ਜੀ ਸਾਨੂੰ ਕਹਿਣ ਲੱਗੇ ਕਿ ਸਾਫ ਪੱਧਰਾ ਦਿਨ ਸੀ ਕਿਸੇ ਪਾਸੇ ਕੋਈ ਘਟਾ ਨਹੀਂ ਸੀ ਪਰ ਰੱਬ ਦੀ ਮੇਹਰ ਪਤਾ ਨਹੀਂ ਮੂਸਲਾਧਾਰ ਬਾਰਿਸ਼ ਹੋਣ ਲੱਗੀ ਥੋੜੇ ਸਮੇਂ ਵਿੱਚ ਹੀ ਖੇਤਾਂ ਵਿੱਚ ਪਾਣੀ ਪਾਣੀ ਖੜ ਗਿਆ। ਸੰਤ ਜੀ ਨਾਲੇ ਹੱਸੀ ਗਏ ਅਤੇ ਪੁਰਾਣੀਆਂ ਪਿੰਡ ਦੀਆਂ ਗੱਲਾਂ ਸਾਡੇ ਨਾਲ ਕਰਦੇ ਰਹੇ। ਇਹ ਵੀ ਗੱਲ

ਕੀਤੀ ਕਿ ਜਦੋਂ ਕ੍ਰਿਪਾਲ ਸਿੰਘ ਕਪੂਰਥਲੇ ਦੇ ਮਹਾਂਰਾਜੇ ਕੋਲੋਂ ਹਾਥੀ ਮੰਗਵਾਇਆ ਅਤੇ ਗੁਰੂ ਮਹਾਰਾਜ਼ ਦੀ ਸਵਾਰੀ ਹਾਥੀ ਦੇ ਉੱਪਰ ਪ੍ਰਕਾਸ਼ ਕੀਰਕੇ ਪਿੰਡਾਂ ਵਿੱਚ ਨਗਰ ਕੀਰਤਨ ਹੋਇਆ ਤਾਂ ਸੰਤ ਜੀ ਕਹਿੰਦੇ ਕਿ ਮੈਂ ਗੁਰੂ ਜੀ ਦੇ ਤਾਬਿਆ ਬੈਠਾ ਪਤਾਸੇ ਪ੍ਰਸ਼ਾਦ ਵਜੋਂ ਹੇਠਾਂ ਸੰਗਤਾਂ ਨੂੰ ਵੰਡ ਰਿਹਾ ਸੀ ਤਾਂ ਲੋਕਾਂ ਨੇ ਕਿਹਾ ਸੰਤ ਜੀ ਤੁਸੀਂ ਪ੍ਰਸ਼ਾਦ ਦੀ ਬੇਦਵੀ ਕਰੀ ਜਾ ਰਹੇ ਹੋ ਤਾਂ ਕਿਸੇ ਹੋਰ ਮਹਾਂ ਪੁਰਖਾਂ ਨੇ ਜਵਾਬ ਦਿੱਤਾ ਕਿ ਸੰਤ ਜੀ ਹਾਥੀ ਤੋਂ ਥੱਲੇ ਉਤੱਰ ਕੇ ਤਾਂ ਪ੍ਰਸ਼ਾਦ ਨਹੀਂ ਦੇ ਸਕਦੇ ਸੋ ਸਾਰੇ ਚੁੱਪ ਹੋ ਗਏ। ਸੰਤ ਜੀ ਹੋਰੀਂ ਆਪਣੀ ਰਿਹਾਇਸ਼ ਦੇ ਨਾਲ ਵੱਖ ਵੱਖ ਕਮਰਿਆਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਰੱਖੇ ਹੋਏ ਹਨ ਅਤੇ ਸਾਰਿਆਂ ਨੂੰ ਹਿਦਾਇਤ ਹੁੰਦੀ ਹੈ ਕਿ ਪਹਿਲਾਂ ਮੱਥਾ ਟੇਕ ਕੇ ਪ੍ਰਸ਼ਾਦ ਲੈ ਕੇ ਉਹਨਾ ਪਾਸ ਆਓ, ਫਿਰ ਉਹ ਆਪਣੀ ਮਸਤੀ ਵਿੱਚ ਗੁਰਬਾਣੀ ਦੇ ਸ਼ਬਦ ਉਚਾਰਣ ਕਰਨ ਲੱਗ ਜਾਂਦੇ ਹਨ ਅਤੇ ਬਾਣੀ ਦੇ ਅਰਥ ਕਰਕੇ ਸਾਰਿਆਂ ਨੂੰ ਸਮਝਾਉਂਦੇ ਹਨ।

ਕਹਿੰਦੇ ਹਨ ਕਿ ਦਿਨ ਰਾਤ ਰੌਣਕ ਲੱਗੀ ਰਹਿੰਦੀ ਸੀ, ਆਲੇ ਦੁਆਲੇ ਪਿੰਡਾਂ ਦੇ ਲੋਕਾਂ ਨੇ ਬਹੁਤ ਸ਼ਰਦਾ ਦੇ ਨਾਲ ਸੇਵਾ ਕੀਤੀ। ਗੁਰਦੁਆਰਾ ਸਹਿਬ ਸ਼ਰਧਾਲੂਆਂ ਦਾ ਆਉਣਾ ਜਾਣਾ ਵਧ ਗਿਆ ਅਤੇ ਅਨੇਕਾਂ ਪ੍ਰਾਣੀਆਂ ਨੇ ਗੁਰੂ ਦੀ ਬਾਣੀ ਦਾ ਅੰਨਦ ਮਾਣਿਆ। ਭਾਵੇਂ ਕਈ ਪਾਠੀ ਸਾਹਿਬਾਨ ਅਖੰਡ ਪਾਠ ਦੀਆਂ ਰੌਲਾਂ ਲਾਇਆ ਕਰਦੇ ਸੀ ਪਰ ਫਿਰ ਵੀ ਪਿਤਾ ਜੀ ਹੋਰੀਂ ਅਤੇ ਸੰਤ ਜੀ ਖੁੱਦ ਵ ਖੁੱਦ ਆਪੇ ਹੀ ਛੇ ਛੇ ਸੱਤ ਸੱਤ ਘੰਟੇ ਲਗਾਤਾਰ ਅਖੰਡ ਪਾਠ ਦੀਆਂ ਰੌਲਾਂ ਲਾ ਲਿਆ ਕਰਦੇ ਸਨ। ਇਹਨਾਂ ਦੋਵਾਂ ਦੇ ਪਾਠ ਕਰਨ ਦੀ ਲੈ ਬਹੁਤ ਰਸ ਭਿੰਨੀ ਅਤੇ ਮੰਨ ਮੋਹਣੀ ਹੋਇਆ ਕਰਦੀ ਸੀ। ਲੜੀਵਾਰ ਸ੍ਰੀ ਅਖੰਡਪਾਠ ਸਹਿਬ ਜੀ ਦੇ ਭੋਗ ਪਾਏ ਜਾਂਦੇ ਗਏ, ਨਵੇਂ ਸਿਰੇ ਤੋਂ ਫਿਰ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣੇ ਅਤੇ ਇਸੇ ਤਰ੍ਹਾਂ ਗੁਰਬਾਣੀ ਦਾ ਪ੍ਰਵਾਹ ਚੱਲਦਾ ਰਿਹਾ। ਜਿੰਨਾਂ ਚਿਰ ਆਖੰਡਪਾਠ ਹੁੰਦੇ ਰਹੇ ਇਹ ਦਰਿਸ਼ ਰਮਣੀਕ ਅਤੇ ਅਤਿ ਸੁਹਾਵਣਾ ਬਣਿਆ ਰਿਹਾ। ਕੋਤਰ ਸੌ ਅਖੰਡ ਪਾਠਾਂ ਦੀ ਲੜੀ ਦੀ ਸੰਪੂਰਣਤਾ ਹੋਣ ਦਾ ਜਦੋਂ ਸਮਾਂ ਆਇਆ ਤਾਂ ਅਖੀਰਲੇ ਅਖੰਡਪਾਠ ਦੇ ਭੋਗ ਸਮੇਂ ਪਿਤਾ ਜੀ ਹੋਰੀਂ ਕਪੂਰਥਲੇ ਦੇ ਮਹਾਰਾਜੇ ਨੂੰ ਜਾ ਕੇ ਮਿਲੇ ਅਤੇ ਉਹਨਾਂ ਨੂੰ ਬੇਨਤੀ ਕੀਤੀ ਕਿ ਸਮਾਗਮ ਦੀ ਸੰਪੰਤਾ ਸਮੇਂ ਅਗਰ ਉਹ ਆਪਣਾ ਹਾਥੀ ਜਮਸ਼ੇਰ ਭੇਜ ਸਕਣ ਤਾਂ ਜਮਸ਼ੇਰ ਨਿਵਾਸੀ ਉਹਨਾਂ ਦੇ ਰਿਣੀ ਹੋਣਗੇ। ਅਜਿਹਾ ਹੀ ਹੋਇਆ ਉਹਨੀਂ ਆਪਣਾ ਹਾਥੀ ਜਮਸ਼ੇਰ ਭੇਜ ਦਿੱਤਾ ਅਤੇ ਉਸ ਹਾਥੀ ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਸਜ਼ਾਕੇ ਸਾਰੇ ਪਿੰਡ ਜਮਸ਼ੇਰ ਵਿੱਚ ਨਗਰ ਕੀਰਤਨ ਕੱਢਿਆ ਗਿਆ ਜਿਸ ਵਿੱਚ ਆਲੇ ਦੁਵਾਲੇ ਦੇ ਪਿੰਡਾਂ ਦੇ ਲੋਕਾਂ ਨੇ ਵੀ ਸ਼ਿਰਕਤ ਕੀਤੀ, ਖੂਬ ਰੌਣਕਾਂ ਲੱਗੀਆਂ ਅਤੇ ਲੋਕਾਂ ਨੇ

ਆਤਮਿਕ ਆਨੰਦ ਪ੍ਰਾਪਤ ਕੀਤਾ। ਉਸ ਸਮੇਂ ਮੈਂ ਬਹੁਤ ਛੋਟੀ ਉਮਰ ਦਾ ਸੀ ਮੈਨੂੰ ਸੰਤ ਜੀ ਇੱਤਾ ਕਹਿ ਕੇ ਬੁਲਾਇਆ ਕਰਦੇ ਸਨ। ਇਹ ਧਾਰਮਿਕ ਜੋੜ-ਮੇਲਾ ਪਿੰਡ ਜਮਸ਼ੇਰ ਲਈ ਇੱਕ ਅਭੁੱਲ ਦ੍ਰਿਸ਼ਟਾਂਤ ਦਾ ਪ੍ਰਤੀਕ ਹੈ ਅਤੇ ਇਸ ਪਿੰਡ ਦਾ ਇਤਿਹਾਸਕ ਅੰਗ ਸਦੀਵੀ ਬਣਿਆ ਰਹੇਗਾ। ਸੰਤ ਜੀ ਹੋਰਾਂ ਦੇ ਆਸ਼ਰਮ ਵਿੱਚ ਉਸ ਸਮੇਂ ਦੀਆਂ ਬਹੁਤ ਸਾਰੀਆਂ ਫੋਟੋਆਂ ਲੱਗੀਆਂ ਹੋਈਆਂ ਹਨ ਜੋ ਉਸ ਸਮੇਂ ਦੀ ਝਾਕੀ ਨੂੰ ਬਿਆਨ ਕਰਦੀਆਂ ਹਨ। ਜਿਸ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤੋਂ ਕੋਤਰ ਸੌ ਸ੍ਰੀ ਅਖੰਡ ਪਾਠ ਕੀਤੇ ਗਏ ਸਨ ਉਹ ਗੁਰੂ ਗ੍ਰੰਥ ਸਹਿਬ ਜੀ ਦੇ ਸਰੂਪ ਅੱਜ ਵੀ ਸੰਤ ਜੀ ਹੋਰਾਂ ਪਾਸ ਚੰਡੀਗੜ ਮੌਜੂਦ ਹਨ।

ਇਹ ਉਪਰੋਕਤ ਵਾਕਿਆ ਪਿਤਾ ਜੀ ਦੀ ਅਧਿਆਤਮਕ ਵਿਰਤੀ ਨੂੰ ਉਜਾਗਰ ਕਰਦਾ ਹੈ ਕਿ ਇਹਨਾਂ ਦਾ ਸੁਭਾਵ ਨੇਕ-ਨੀਤੀ ਦਾ ਕਾਇਲ ਸੀ। ਇਹ ਆਪਣੇ ਧਰਮ ਦੇ ਪਰਪੱਕ ਉਪਾਸ਼ਕ ਸਨ ਅਤੇ ਇਹਨਾਂ ਦੇ ਮੱਨ ਵਿੱਚ ਗੁਰੂ ਪ੍ਰਤੀ ਬਹੁਤ ਸ਼ਰਦਾ ਸੀ। ਹਾਂ ਇਹ ਗੱਲ ਕਹਿ ਦੇਣੀ ਵੀ ਅਯੋਗ ਨਹੀਂ ਹੋਵੇਗੀ ਕਿ ਪਿਤਾ ਜੀ ਅੰਧ ਵਿਸ਼ਵਾਸ ਦੀ ਸਖਤ ਅਲੋਚਨਾ ਕਰਦੇ ਹੁੰਦੇ ਸਨ। ਸੰਤ ਜੀ ਹੋਰਾਂ ਦੇ ਨਾਲ ਬਹੁਤਾ ਸਮਾਂ ਗੁਜਾਰਨ ਕਰਕੇ ਸੰਤ ਜੀ ਵਾਂਗ ਹੀ ਸ਼ੁੱਧ ਗੁਰਬਾਣੀ ਦਾ ਪਾਠ ਕਰਨ ਵਿੱਚ ਮਹਾਰਤ ਰੱਖਦੇ ਸਨ ਅਤੇ ਦੋਵੇਂ ਅਖੰਡ ਪਾਠਾਂ ਦੀਆਂ ਕਈ ਕਈ ਘੰਟੇ ਆਪੇ ਹੀ ਰੌਲਾਂ ਲਾ ਕੇ ਅਖੰਡ ਪਾਠ ਦੇ ਭੋਗ ਪਾ ਲੈਂਦੇ ਸਨ। ਸ੍ਰੀ ਗੁਰੂ ਗ੍ਰੰਥ ਸਹਿਬਾਨ ਦੇ ਪੁਰਾਤਨ ਸਰੂਪਾਂ ਵਿੱਚ ਗੁਰਬਾਣੀ ਦੇ ਸ਼ਬਦ ਲਗਾਤਾਰ ਇੱਕ ਲੜੀ ਵਿੱਚ ਲਿਖੇ ਹੋਏ ਹੋਣ ਕਾਰਣ ਇਹਨਾਂ ਸਰੂਪਾਂ ਤੋਂ ਅਖੰਡ ਪਾਠ ਦੀ ਰੌਲ ਲਾਉਣੀ ਕੋਈ ਸੌਖੀ ਗੱਲ ਨਹੀਂ ਸੀ ਹੁੰਦੀ। ਪਿਤਾ ਜੀ ਹੋਰੀ ਇਹਨਾਂ ਗ੍ਰੰਥ ਸਰੂਪਾਂ ਤੋਂ ਵੀ ਪਾਠ ਸਹਿਜੇ ਹੀ ਕਰ ਲਿਆ ਕਰਦੇ ਸਨ ਅਤੇ ਇਹਨਾਂ ਨੂੰ ਕੋਈ ਦਿੱਕਤ ਪੇਸ਼ ਨਹੀਂ ਸੀ ਆਇਆ ਕਰਦੀ। ਜਿੰਨਾਂ ਚਿਰ ਇਹ ਇੰਗਲੈਂਡ ਵੀ ਰਹੇ ਆਪਣੇ ਬੱਚਿਆਂ ਦੇ ਦਿਨ-ਸੁੱਧ ਤੇ ਆਪੇ ਹੀ ਆਪਣੇ ਗ੍ਰਹਿ ਵਿਖੇ ਕਦੀ ਸਹਿਜ਼ ਪਾਠ ਅਤੇ ਕਦੀ ਸ੍ਰੀ ਅਖੰਡ ਪਾਠ ਪ੍ਰਾਰੰਭ ਕਰ ਲਿਆ ਕਰਦੇ ਸਨ। ਇੱਥੇ ਇਹ ਗੱਲ ਵਰਨਣ ਯੋਗ ਹੈ ਕਿ ਪਿਛੋਕੜ ਪਿੰਡ ਦੁਸਾਂਝਾਂ ਤੋਂ ਬੀਬੀ ਸਵਰਨ ਕੌਰ ਗਰੇਵਾਲ ਜੋ ਪਿੰਡ ਧਾਲੀਵਾਲ੍ਹ ਸਰਦਾਰ ਨਿਰੰਜਨ ਸਿੰਘ ਨਾਲ ਵਿਆਹੇ ਹੋਏ ਸਨ। ਇਹਨਾਂ ਦੇ ਨਾਨਕੇ ਵੀ ਚੱਕ ਕਲਾਂ ਹੋਣ ਕਰਕੇ ਇਹ ਪਿਤਾ ਜੀ ਹੋਰਾਂ ਦੀ ਭੈਣ ਅਖਵਾਉਣ ਵਿੱਚ ਮਾਣ ਮਹਿਸੂਸ ਕਰਦੇ ਸਨ ਜੋ ਕਿ ਅੱਜਕਲ੍ਹ ਇਹ ਲੀਡਜ਼ ਹੀ ਰਹਿੰਦੇ ਹਨ। ਜਦੋਂ ਇਹ ਪੰਜਾਬ ਰਹਿੰਦੇ ਸਨ ਤਾਂ ਇਹ ਕਈ ਸਕੂਲਾਂ ਦੇ ਵਿੱਚ ਅਧਿਆਪਕ ਰਹੇ ਸਨ ਅਤੇ ਬੱਚਿਆਂ ਨੂੰ ਪੰਜਾਬੀ ਪੜ੍ਹਾਇਆ ਕਰਦੇ ਸਨ। ਇੰਗਲੈਂਡ ਆ ਕੇ ਕਿਤਾਬਾਂ ਪੜਨ ਦਾ ਇਨ੍ਹਾਂ ਨੂੰ ਅੱਜ ਤੱਕ ਸ਼ੌਕ ਰਿਹਾ ਹੈ ਅਤੇ ਅਖੰਡ ਪਾਠ ਕਰਨ ਦੀ ਵੀ ਰੁਚੀ ਉਸੇ ਤਰ੍ਹਾਂ ਕਾਇਮ ਸੀ

ਪਰ ਹੁਣ ਉਮਰ ਦੀ ਢਹਿੰਦੀ ਕਲਾ ਸਰੀਰਕ ਤੰਦਰੁਸਤੀ ਤੇ ਕਾਬਜ਼ ਹੈ, ਇਹ ਵੀ ਚੰਗੀ ਗੱਲ ਕਹਿਣ ਤੋਂ ਸੰਕੋਚ ਨਹੀਂ ਕਰਦੇ ਅਤੇ ਆਪਣੇ ਖਿਆਲ ਬਿਨਾ ਝਿਜਕ ਦੂਸਰੇ ਨਾਲ ਸਾਂਝੇ ਕਰ ਲੈਂਦੇ ਹਨ। ਇਹਨਾਂ ਦੇ ਤਿੰਨ ਲੜਕੇ ਦਲਜੀਤ ਸਿੰਘ, ਮੋਹਣ ਸਿੰਘ, ਸਵਰਾਜ ਸਿੰਘ ਹਨ ਅਤੇ ਇੱਕ ਲੜਕੀ ਮਨਜੀਤ ਕੌਰ ਕਨੇਡਾ ਰਹਿੰਦੀ ਹੈ। ਸਰਵਜੀਤ ਦੇ ਘਰ ਸਾਡੀ ਮਾਸੀ ਸੁਰਜੀਤ ਦੀ ਲੜਕੀ ਮਨਜੀਤ ਕੌਰ ਵਿਆਹੀ ਹੋਈ ਹੈ। ਇਹ ਸਮੂਹ ਪਰਿਵਾਰ ਬਹੁਤ ਪ੍ਰੇਮ ਭਾਵਨਾ ਵਾਲਾ ਹੈ ਅਤੇ ਲੀਡਜ਼ ਵਿੱਚ ਇਹਨਾਂ ਦਾ ਕਾਫੀ ਰਸੂਖ ਹੈ। ਪਿਤਾ ਜੀ ਦੇ ਅਦਵ ਸਤਿਕਾਰ ਵੱਜੋਂ ਹਮੇਸ਼ਾਂ ਉਹਨਾਂ ਦੇ ਕਹਿਣ ਤੇ ਭੂਆ ਜੀ ਸ੍ਰੀ ਅਖੰਡ ਪਾਠ ਸਹਿਬ ਦੀਆਂ ਰੌਲਾਂ ਵੀ ਲਾਇਆ ਕਰਦੇ ਸਨ। ਇਹਨਾ ਦੋਵਾਂ ਜੀਆਂ ਨੇ ਆਪੋ ਵਿੱਚੀ ਰਾਤ ਨੂੰ ਸਲਾਹ ਕਰ ਲੈਣੀ ਕਿ ਸਵੇਰੇ ਪਾਠ ਆਰੰਭ ਕਰ ਦਿੰਦੇ ਹਾਂ ਅਤੇ ਬਚਿੱਆਂ ਨੂੰ ਤਿਆਰੀ ਵਾਸਤੇ ਆਗਾਹ ਕਰ ਦੇਣਾ ਅਤੇ ਸਵੇਰੇ ਹੀ ਸ੍ਰੀ ਅਖੰਡ ਪਾਠ ਸਹਿਬ ਪ੍ਰਾਰੰਭ ਕਰ ਦਿੱਤੇ ਜਾਂਦੇ ਸਨ। ਅਸੀਂ ਸਾਰਿਆਂ ਨੇ ਹੈਰਾਨ ਹੋ ਜਾਣਾ ਕਿ ਘਰ ਦਿਆਂ ਦੇ ਨਾਲ ਬਿਨਾ ਸਲਾਹ ਕੀਤਿਆਂ ਕਿਵੇਂ ਫੈਸਲੇ ਲੈ ਲਿਆ ਕਰਦੇ ਸਨ। ਗੁਰੂ ਮਹਾਰਾਜ ਦੇ ਸਰੂਪ ਘਰ ਵਿੱਚ ਹੀ ਉਪਲਬਧ ਹੋਣ ਕਾਰਣ ਪਾਠ ਸ਼ੁਰੂ ਕਰਨ ਵਿੱਚ ਕੋਈ ਦਿੱਕਤ ਪੇਸ਼ ਨਹੀ ਸੀ ਆਉਂਦੀ। ਪਾਠੀ ਵੀ ਸਾਰੇ ਘਰ ਦੇ ਹੀ ਹੋਣ ਕਾਰਣ ਕਿਸੇ ਨੂੰ ਕਹਿਣ ਦੀ ਵੀ ਕੋਈ ਲੋੜ ਨਹੀਂ ਸੀ ਹੁੰਦੀ। ਦੁੱਗਲ ਪਰਿਵਾਰ ਦੇ ਸਾਰੇ ਹੀ ਜੀਅ ਸ੍ਰੀ ਅਖੰਡ ਪਾਠ ਸਾਹਿਬ ਦੀਆਂ ਰੌਲਾਂ ਲਾਉਣ ਵਿੱਚ ਨਿਪੁੰਨ ਹੁੰਦੇ ਸਨ। ਪਿਤਾ ਜੀ ਨੂੰ ਗੁਰਬਾਣੀ ਦਾ ਕਾਫੀ ਬੋਧ ਸੀ ਅਤੇ ਸੰਤਾਂ ਦੇ ਨਾਲ ਗੁਰ-ਸ਼ਬਦ ਦੀ ਗੋਸ਼ਟੀ ਕਰਦਿਆਂ ਕਰਦਿਆਂ ਕਈ ਗੁੱਝੀਆਂ ਰਮਜ਼ਾਂ ਨੂੰ ਸਮਝਣ ਵਿੱਚ ਵੀ ਨਿਪੁੰਨ ਹੋ ਚੁੱਕੇ ਸਨ। ਘਰ ਦੇ ਵਿੱਚ ਜਦੋਂ ਵੀ ਅਖੰਡ ਪਾਠ ਰੱਖਣ ਦਾ ਖਿਆਲ ਕਰਦੇ ਉਸੇ ਵਕਤ ਫੈਸਲਾ ਲੈ ਲਿਆ ਕਰਦੇ ਸਨ। ਗੁਰਬਾਣੀ ਪੜਨ ਦਾ ਇਹਨਾ ਨੂੰ ਬਹੁਤ ਸ਼ੌਕ ਹੁੰਦਾ ਸੀ ਸ਼ਬਦ ਦੀ ਕਥਾ ਵੀ ਬਹੁਤ ਵਿਸਥਾਰ ਪੂਰਵਕ ਕਰਿਆ ਕਰਦੇ ਸਨ। ਗੁਰਦੁਆਰੇ ਵਿੱਚ ਜਨਰਲ ਸਕੱਤਰ ਹੋਣ ਦੇ ਨਾਤੇ ਇਹਨਾਂ ਦਾ ਰਾਗੀ ਜੱਥਿਆਂ ਅਤੇ ਪ੍ਰਚਾਰਕਾਂ ਦੇ ਨਾਲ ਕਾਫੀ ਵਾਹ ਪੈਂਦਾ ਰਹਿੰਦਾ ਸੀ। ਇਹਨੀਂ ਗੁਰਮਤਿ ਤੇ ਆਪਸੀ ਵਿਚਾਰਾਂ ਕਰਨੀਆਂ ਅਤੇ ਪ੍ਰਚਾਰਕਾਂ ਨੂੰ ਗੁਰਬਾਣੀ ਜਾਂ ਸਿੱਖ ਇਤਿਹਾਸ ਤੋਂ ਵੀ ਚੰਗੀ ਤਰਾਂ ਜਾਣੂ ਕਰਵਾਉਣਾ ਇਹਨਾਂ ਦਾ ਸਦੀਵੀ ਲਕਸ਼ ਬਣਿਆ ਰਿਹਾ ਸੀ। ਗੁਰਦੁਆਰੇ ਜਾਂ ਘਰ ਦੇ ਵਿੱਚ ਜਦੋਂ ਕੋਈ ਅਖੰਡ ਪਾਠ ਕਰਦਾ ਹੁੰਦਾ ਸੀ ਅਗਰ ਸ਼ਬਦ ਦਾ ਉਚਾਰਨ ਜਾਂ ਗਲਤ ਸ਼ਬਦ ਪੜਿਆ ਗਿਆ ਹੋਵੇ ਉਸੇ ਵਕਤ ਪਾਠੀ ਨੂੰ ਸਹੀ ਸ਼ਬਦ ਦੱਸਕੇ ਪਾਠ ਦੀ ਸੋਧ ਕਰ ਦਿਆ ਕਰਦੇ ਸਨ। ਸੰਤ ਮਸਕੀਨ ਜੀ ਹੋਰਾਂ ਦੇ ਨਾਲ ਇਹਨਾਂ ਦਾ ਬਹੁਤ ਪਿਆਰ ਸੀ ਜਦੋਂ ਵੀ ਉਹਨੀਂ ਇੰਗਲੈਂਡ ਆਉਣਾ ਤਾਂ ਇਹ ਉਚੇਚੇ ਤੌਰ ਤੇ ਉਹਨਾਂ ਨੂੰ ਮਿਲਣ ਜਾਇਆ ਕਰਦੇ ਸਨ। ਸੰਤ ਮਸਕੀਨ ਜੀ ਸਾਡੇ

ਘਰ 17 ਸ਼ੈਡਵੈਲ੍ਹ ਵਾਕ ਇਹਨਾਂ ਨੂੰ ਮਿਲਣ ਵੀ ਕਈ ਵਾਰ ਆਏ ਸਨ। ਇੱਕ ਵਾਰ ਇਹਨੀਂ ਦਿਨੀਂ ਜੌਹਲਾਂ ਵਾਲੇ ਮਹਾਂਪੁਰਖ ਬਾਬਾ ਗਿਆਨ ਸਿੰਘ ਵਲੋਂ ਇੰਗਲੈਂਡ ਭੇਜੇ ਗਏ ਕੁਲਵਿੰਦਰ ਸਿੰਘ ਹੋਰੀ ਵੀ ਸਾਡੇ ਘਰ ਆ ਗਏ ਉਸ ਸਮੇਂ ਸੰਤ ਮਸਕੀਨ ਜੀ ਨਾਲ ਵਾਰਤਾਲਾਪ ਚੱਲ ਰਹੀ ਸੀ ਉਹਨੀਂ ਕੁਲਵਿੰਦਰ ਸਿੰਘ ਨੂੰ ਤੱਕਦਿਆਂ ਹੀ ਇਸਦਾ ਹਾਲ ਚਾਲ ਪੁੱਛਿਆ ਫਿਰ ਕਹਿਣ ਲੱਗੇ ਕਿਉਂ ਵਈ ਕੀ ਪਹਿਲਾਂ ਨਾਲੋਂ ਜਿੰਦਗੀ ਵਿੱਚ ਕੋਈ ਸੁਧਾਰ ਵੀ ਲਿਆਂਦਾ ਹੈ। ਪਿਤਾ ਜੀ ਹੈਰਾਨ ਸਨ ਅਤੇ ਮਸਕੀਨ ਹੋਰਾਂ ਤੋਂ ਇਸ ਰਮਜ਼ ਨੂੰ ਸਮਝਣ ਲਈ ਜਾਨਣਾ ਚਾਹੁੰਦੇ ਸਨ। ਪਿਤਾ ਜੀ ਨੇ ਮਸਕੀਨ ਹੋਰਾਂ ਦੀ ਕਹੀ ਗਈ ਗੱਲ ਦੀ ਪੁਸ਼ਟੀ ਕਰਵਾਈ ਤਾਂ ਪਤਾ ਲੱਗਾ ਕਿ ਮਸਕੀਨ ਹੋਰੀਂ ਕੁਲਵਿੰਦਰ ਸਿੰਘ ਦੇ ਪਿਤਾ ਜੀ ਹੋਰਾਂ ਦੇ ਵੀ ਕਾਫੀ ਨਜਦੀਕੀ ਸਨ। ਉਹ ਕੁਲਵਿੰਦਰ ਸਿੰਘ ਦੇ ਸੁਭਾਵ ਵਾਰੇ ਕਾਫੀ ਕੁੱਝ ਜਾਣਦੇ ਸਨ ਕਿ ਘਰ ਦੇ ਵਿੱਚ ਆਪਣੇ ਪਿਤਾ ਦੇ ਨਾਲ ਇਸਦਾ ਕਿਹੋ ਜਿਹਾ ਵਤੀਰਾ ਸੀ। ਪਿਤਾ ਜੀ ਜਦੋਂ ਪੰਜਾਬ ਜਾਇਆ ਕਰਦੇ ਸਨ ਤਾਂ ਉੱਥੇ ਵੀ ਸਿੱਖ ਪ੍ਰਚਾਰਕਾਂ ਨੂੰ ਮਿਲਿਆ ਕਰਦੇ ਸਨ ਅਤੇ ਉਹਨਾਂ ਦੇ ਨਾਲ ਵੀ ਗੁਰਮਤਿ ਤੇ ਵਿਚਾਰਾਂ ਕਰਿਆ ਕਰਦੇ ਸਨ। ਸੰਤ ਭਿੰਡਰਾਂ ਵਾਲਿਆਂ ਦੇ ਨਾਲ ਵੀ ਇਹਨਾਂ ਦੀ ਦੋ ਵਾਰ ਵਾਰਤਾਲਾਪ ਹੋਈ ਸੀ ਉਸ ਸਮੇਂ ਇਹਨਾਂ ਦਾ ਪੋਤਾ ਬੌਬੀ ਇਹਨਾਂ ਦੇ ਨਾਲ ਗਿਆ ਹੋਇਆ ਸੀ। ਸੰਤ ਭਿਡਰਾਂ ਵਾਲੇ ਨੂੰ ਮਿਲਣ ਲੱਗਿਆਂ ਉਹਨਾਂ ਦੇ ਸੇਵਾਦਾਰਾਂ ਨੇ ਪਿਤਾ ਜੀ ਨੂੰ ਕਿਹਾ ਸੀ ਕਿ ਸੰਤ ਜੀ ਤੁਹਾਡੇ ਪੋਤੇ ਦੇ ਸਿਰ ਦੇ ਕੇਸ ਕੱਟੇ ਹੋਏ ਦੇਖ ਕੇ ਤੁਹਾਡੇ ਨਾਲ ਖਫ਼ਾ ਹੋਣਗੇ। ਇਹਨੀਂ ਕਿਹਾ ਕਿ ਤੁਸੀਂ ਚਿੰਤਾ ਨਾ ਕਰੋ ਇਸਦਾ ਜਵਾਬ ਮੈਂ ਉਹਨਾਂ ਨੂੰ ਦੇ ਦਿਆਂਗਾ। ਪਿਤਾ ਜੀ ਕਾਫੀ ਦੇਰ ਉਹਨਾਂ ਦੇ ਨਾਲ ਗੱਲਾਂਬਾਤਾਂ ਕਰਦੇ ਰਹੇ, ਸਿੱਖ ਕੌਮ ਦੀ ਨਿੱਘਰਦੀ ਜਾ ਰਹੀ ਅਵੱਸਥਾ ਤੇ ਕਈ ਵਿਚਾਰਾਂ ਹੋਈਆਂ। ਸੰਤਾਂ ਨੇ ਬੌਬੀ ਨੂੰ ਗੁਰਸਿੱਖੀ ਜੀਵਨ ਦੀ ਮਹੱਤਤਾ ਵਾਰੇ ਜਾਣੂ ਕਰਵਾਇਆ ਅਤੇ ਧਰਮ ਦੇ ਵਿੱਚ ਰਹਿਣ ਦੀ ਪ੍ਰੇਰਨਾ ਵੀ ਦਿੱਤੀ। ਪਿਤਾ ਜੀ ਹਰ ਧਰਮ ਦੀ ਇੱਜਤ ਕਰਦੇ ਸਨ ਅਤੇ ਆਮ ਲੋਕਾਈ ਦੇ ਨਾਲ ਪਿਆਰ ਕਰਨ ਵਾਲੇ ਵਿਅਕਤੀ ਸਨ। ਸਾਰੇ ਧਰਮਾਂ ਦੇ ਲੋਕ ਇਹਨਾਂ ਦੀ ਕਦਰ ਕਰਦੇ ਸਨ ਅਤੇ ਕਈ ਗੈਰ-ਸਿੱਖ ਲੋਕਾਂ ਦੇ ਨਾਲ ਇਹਨਾਂ ਦੀ ਗੂੜ੍ਹੀ ਮਿਤੱਰਤਾ ਵੀ ਹੁੰਦੀ ਸੀ। ਗੁਰਸਿੱਖੀ ਜੀਵਨ ਵਿੱਚ ਇਹ ਪਰਪੱਕ ਸਨ ਇਹੋ ਵਜ਼ਾ ਸੀ ਕਿ ਇਹਨੀਂ ਇੰਗਲੈਂਡ ਆ ਕੇ ਵੀ ਆਪਣੇ ਕੇਸ ਨਹੀ ਸੀ ਕਟਵਾਏ। ਇਹ ਆਪਣੇ ਸਿਰ ਤੇ ਦਸਤਾਰ ਸਜਾ ਕੇ ਆਪਣਾ ਮਾਣ ਮਹਿਸੂਸ ਕਰਦੇ ਸਨ। ਕੰਮ ਤੇ ਵੀ ਕਦੀ ਕੋਈ ਤਕਲੀਫ ਨਹੀ ਸੀ ਹੋਈ ਅੰਗ੍ਰੇਜਾਂ ਦੇ ਨਾਲ ਵੀ ਇਹਨਾਂ ਦੀ ਮਿਤੱਰਤਾ ਹੁੰਦੀ ਸੀ। ਸ਼ਾਇਦ ਇਹੋ ਵਜ਼ਾ ਸੀ ਕਿ ਇਹਨਾਂ ਦੀ ਅਗਾਂਹ ਦੀ ਆਉਣ ਵਾਲੀ ਜਿੰਦਗੀ ਵਿੱਚ ਗੁਰਮਤਿ ਨੇ ਸਾਰਥਕ ਜੀਵਨ ਜੀਊਣ ਦੀ ਇਹਨਾਂ ਨੂੰ ਜਾਂਚ ਸਿਖਾਈ ਅਤੇ ਹਿੰਮਤ ਦਿੱਤੀ ਹੋਵੇ।

# ਗ੍ਰਿਸਤੀ ਜੀਵਨ

ਬਜੁਰਗ ਦੱਸਦੇ ਸਨ ਕਿ ਪਿਤਾ ਜੀ ਦਾ ਵਿਆਹ ਸੰਨ 1942 ਵਿੱਚ ਬੀਬੀ ਗੁਰਬਚਨ ਕੌਰ ਰਤਨਪਾਲ ਨਾਲ ਪਿੰਡ ਖਾਨਖਾਨਾ ਹੋਇਆ ਸੀ। ਬੀਬੀ ਜੀ ਦੇ ਪੜਦਾਦਾ ਜੀ ਸਰਦਾਰ ਹਰਨਾਮ ਸਿੰਘ ਆਪਣੇ ਇਲਾਕੇ ਦੇ ਵਿੱਚ ਮਸ਼ਹੂਰ ਹਕੀਮ ਮੰਨੇ ਜਾਂਦੇ ਸਨ। ਲੋਕੀ ਦੂਰੋਂ ਦੂਰੋਂ ਆਪਣੇ ਇਲਾਜ਼ ਲਈ ਇਹਨਾਂ ਦੇ ਪਿੰਡ ਆਇਆ ਕਰਦੇ ਸਨ। ਕਈ ਵਾਰ ਲੋਕੀ ਆ ਕੇ ਇਹਨਾਂ ਨੂੰ ਆਪਣੇ ਪਿੰਡ ਲੈ ਕੇ ਵੀ ਜਾਇਆ ਕਰਦੇ ਸਨ। ਇਹ ਨਿੱਘੇ ਸੁਭਾਵ ਦੇ ਧਰਮੀ ਇਨਸਾਨ ਸਨ। ਆਮ ਤੌਰ ਤੇ ਮਰੀਜ ਦੀ ਘਰੇਲੂ ਹਾਲਤ ਦੇਖ ਕੇ ਉਹਨਾਂ ਦਾ ਮੁਫ਼ਤ ਇਲਾਜ ਕਰ ਦਿਆ ਕਰਦੇ ਸਨ। ਬੀਬੀ ਜੀ ਹੋਰੀ ਮੈਨੂੰ ਦੱਸਿਆ ਹੈ ਕਿ ਉਹਨਾਂ ਨੂੰ ਆਪਣੇ ਬਾਬੇ ਦੇ ਬਾਬਾ ਜੀ ਸਰਦਾਰ ਨਰੈਣ ਸਿੰਘ ਹੋਰਾਂ ਨੂੰ ਵੀ ਦੇਖਣ ਦਾ ਸੁਭਾਗਾ ਸਮਾਂ ਵੀ ਪ੍ਰਾਪਤ ਹੋਇਆ ਸੀ। ਇਹਨਾਂ ਦੇ ਬਾਬਾ ਜੀ ਸਰਦਾਰ ਨਿਧਾਨ ਸਿੰਘ ਦੀ ਮਿਤੱਰਤਾ ਸ਼ੁਰੂ ਤੋਂ ਪਿਤਾ ਜੀ ਦੇ ਤਾਇਆ ਦਲੇਲ ਸਿੰਘ ਹੋਰਾਂ ਦੇ ਨਾਲ ਹੁੰਦੀ ਸੀ ਕਿਉਂਕਿ ਬਾਬਾ ਨਿਧਾਨ ਸਿੰਘ ਵੀ ਤਾਇਆ ਜੀ ਦਲੇਲ ਸਿੰਘ ਦੇ ਨਾਲ ਮੋਰਚਿਆਂ ਤੇ ਜਾਇਆ ਕਰਦੇ ਸਨ। ਇਹ ਦੋਵੇਂ ਮਿੱਤਰ ਸਨ ਅਤੇ ਚੱਕ ਕਲਾਂ ਤੋਂ ਪਿਤਾ ਜੀ ਦੇ ਨਾਨਾ ਚੈਂਚਲ ਸਿੰਘ ਜੀ ਵੀ ਕੌਮੀ ਲਹਿਰ ਦੇ ਸੰਗਰਾਮੀ ਆਗੂਆਂ ਵਿਚੋਂ ਜਾਣੇ ਜਾਂਦੇ ਸਨ।

ਇਹ ਸਾਰੇ ਇੱਕਠੇ ਮੋਰਚੇ ਤੇ ਜਾਇਆ ਕਰਦੇ ਸੀ। ਇਹਨਾਂ ਤਿੰਨਾ ਦੀ ਕਾਫੀ ਮਿੱਤਰਤਾ ਹੁੰਦੀ ਸੀ ਅਤੇ ਆਪਣੇ ਬੱਚਿਆਂ ਦੇ ਵਿਆਹ ਦੀਆਂ ਗੱਲਾਂ ਵੀ ਆਪੇ ਹੀ ਤਹਿ ਕਰ ਲਿਆ ਕਰਦੇ ਸਨ। ਤਾਇਆ ਦਲੇਲ ਸਿੰਘ ਹੋਰਾਂ ਦੇ ਕਹਿਣ ਤੇ ਹੀ ਮੇਰੇ ਪੜਨਾਨਾ ਜੀ ਨਿਧਾਨ ਸਿੰਘ ਜੀ ਨੇ ਬੀਬੀ ਦਾ ਰਿਸ਼ਤਾ ਪਿਤਾ ਜੀ ਦੇ ਨਾਲ ਕਰਨ ਲਈ ਹਾਂ ਕੀਤੀ ਸੀ। ਪੜਨਾਨਾ ਜੀ ਦੇ 4 ਲੜਕੇ ਅਤੇ ਇੱਕ ਲੜਕੀ ਸੀ, ਲੜਕਿਆਂ ਦੇ ਕਾਰੋਵਾਰ ਚੰਗੇ ਸਨ ਸੋ ਮਾਇਆ ਦੇ ਪੱਖੋਂ ਘਰੇਲੂ ਹਾਲਤ ਠੀਕ ਸੀ। ਇਹਨਾਂ ਦੇ ਪਰਿਵਾਰ ਦੀ ਵਿਰਤੀ ਲੋਕ ਭਲਾਈ ਦੇ ਹਿੱਤ ਵਿੱਚ ਹੋਣ ਕਾਰਣ ਪਿੰਡ ਵਿੱਚ ਕਿਸੇ ਵੀ ਕਿਸਮ ਦੀ ਮਾਇਕ ਸਹਾਇਤਾ ਦੀ ਲੋੜ ਹੁੰਦੀ ਤਾਂ ਆਪਣਾ ਫਰਜ਼ ਸਮਝਦਿਆਂ ਨਾਨਾ ਜੀ ਯੋਗ ਸਹਾਇਤਾ ਕਰਦੇ ਰਹਿੰਦੇ ਸਨ। ਮੇਰੇ ਨਾਨਾ ਜੀ ਅਰਜਨ ਸਿੰਘ ਹੋਰਾਂ ਦੀ ਪਹਿਲਾਂ ਨਸ਼ਿਹਰੇ ਸਿਆਲਕੋਟ ਵਿੱਚ ਦਰਜੀ ਦੀ ਦੁਕਾਨ ਹੁੰਦੀ ਸੀ। ਅੰਗ੍ਰੇਜਾਂ ਦੀਆਂ ਬਰਦੀਆਂ ਤਿਆਰ ਕਰਨ ਵਾਸਤੇ ਇਹਨਾਂ ਨੂੰ ਠੇਕਾ ਮਿਲਿਆ ਹੋਇਆ ਸੀ। ਕੁੱਝ ਸਮੇਂ ਬਾਦ ਇਹ ਸਾਰੇ ਲਾਹੌਰ ਆ ਵਸੇ, ਕੰਮ ਚੜਦੀ ਕਲਾ'ਚ ਹੀ ਰਿਹਾ ਸੋ ਪਰਮਾਤਮਾਂ ਦੀ ਕ੍ਰਿਪਾ ਸਦਕਾ ਮਾਇਆ ਦੀ ਕਦੀ ਤੋਟ ਨਹੀਂ ਸੀ ਆਈ। ਪਹਿਲੇ ਸਮਿਆਂ ਵਿੱਚ ਇਹਨੀ ਬੀਕਾਨੇਰ 7 ਮੁਰੱਬੇ ਜਮੀਨ ਖਰੀਦੀ ਸੀ ਜਿੱਥੇ ਕਿ ਅੱਜਕਲ੍ਹ ਉਹਨਾਂ ਦੇ ਭਰਾਤਾ ਜੀ ਦੇ ਦੋਵੇਂ ਸਪੁਤੱਰ ਖੇਤੀਵਾੜੀ

ਦਾ ਕੰਮ ਕਰਦੇ ਹਨ, ਭਾਵੇਂ ਹੀ ਜਮੀਨ ਦਾ ਮੁਖਤਿਆਰ ਨਾਮਾਂ ਮਾਤਾ ਜੀ ਦੇ ਨਾਮ ਚੜਿਆ ਹੋਇਆ ਹੈ ਪਰ ਬੀਬੀ ਹੋਰੀਂ ਇਹਨਾਂ ਤੋਂ ਕਦੀ ਕੋਈ ਮੁਆਵਜ਼ਾ ਨਹੀਂ ਸੀ ਲਿਆ ਅਤੇ ਨਾਂ ਹੀ ਇਨ੍ਹਾਂ ਦੇ ਪਿਤਾ ਜੀ ਹੋਰੀਂ ਕਦੀ ਵੀ ਆਪਣੇ ਭਰਾ ਪ੍ਰੀਤਮ ਸਿੰਘ ਤੋਂ ਕੋਈ ਮੁਆਵਜ਼ਾ ਲਿਆ ਸੀ।

ਮੇਰੇ ਨਾਨਾ ਜੀ ਨੇ ਵੱਡਾ ਭਰਾ ਹੋਣ ਦੇ ਨਾਤੇ ਆਪਣੇ ਛੋਟੇ ਭਰਾਵਾਂ ਨੂੰ ਆਪਣੀ ਰੋਜ਼ੀ-ਰੋਟੀ ਲਈ ਇਹ ਜਮੀਨ ਖਰੀਦ ਕੇ ਦਿੱਤੀ ਸੀ।ਤਾ ਇਹੋ ਜਿਹੀ ਜ਼ਿੰਦਾ ਦਿਲੀ ਦੀ ਮਿਸਾਲ ਅੱਜ ਮਿਲਣੀ ਅਸੰਭਵ ਗੱਲ ਹੈ। ਭਾਈਆ ਜੀ ਨੇ ਪਤਾ ਨਹੀ ਕਿੰਨਾ ਪੈਸਾ ਬੈਂਕ ਦੇ ਵਿੱਚ ਰੱਖਿਆ ਹੋਇਆ ਸੀ ਜਿਸਦੇ ਵਿਆਜ ਦੇ ਨਾਲ ਅੱਜ ਵੀ ਅਹਿਮਦਾਬਾਦ ਗੁਰਦੁਆਰੇ ਗੁਰਪੁਰਬ ਤੇ ਲੰਗਰ ਚੱਲਦਾ ਹੈ। ਭਾਈਆ ਜੀ ਮੇਹਨਤੀ ਸਨ ਅਤੇ ਰੱਬ ਦੀ ਦਇਆ ਸਦਕਾ ਉਹਨਾਂ ਦੇ ਕੋਲ ਪੈਸਾ ਵੀ ਹਮੇਸ਼ਾਂ ਰਹਿੰਦਾ ਸੀ। ਅਗਰ ਕੋਈ ਵੀ ਸੱਜਣ ਇਤਿਹਾਸਕ ਗੁਰਦੁਆਰੇ ਦਰਸ਼ਨਾ ਲਈ ਜਾਂਦਾ ਸੀ ਤਾਂ ਭਾਈਆ ਜੀ ਆਪਣੇ ਵੱਲੋਂ ਪਰਸ਼ਾਦ ਕਰਵਾਉਣ ਲਈ ਉਸਨੂੰ ਪੈਸੇ ਦਿਆ ਕਰਦੇ ਸੀ। ਆਪਣੀ ਢਹਿੰਦੀ ਉਮਰ ਵਿੱਚ ਜਦੋਂ ਚੰਗੀ ਤਰਾਂ ਤੁਰ ਫਿਰ ਨਹੀ ਸੀ ਸਕਦੇ ਤਾਂ ਉਹਨੀਂ ਆਪਣੇ ਸਿਰ੍ਹਾਣੇ ਸ਼ਬਦਾਂ ਦੀ ਟੇਪ ਲਾਈ ਰੱਖਣੀ ਜਾਂ ਕਥਾ ਕੀਰਤਨ ਸੁਣਦੇ ਰਹਿਣਾ। ਉਹਨਾਂ ਨੂੰ ਸਾਖੀਆਂ ਬਹੁਤ ਆਉਂਦੀਆਂ ਸਨ ਜੇ ਕੋਈ ਉਹਨਾਂ ਪਾਸ ਬੈਠਦਾ ਸੀ ਤਾਂ ਉਹਨੀਂ ਗੁਰਮਤਿ ਦੀ ਗੱਲ ਕਰਨੀ ਜਾਂ ਸਾਖੀਆਂ ਸੁਣਾਉਂਦੇ ਰਹਿਣਾ। ਉਹਨੀਂ ਜਿੰਦਗੀ ਦਾ ਚੋਖਾ ਸਮਾਂ ਗੁਰਦੁਆਰੇ ਖਜਾਨਚੀ ਦੀ ਸੇਵਾ ਨਿਭਾਈ ਸੀ ਅਤੇ ਕਦੀ ਵੀ ਪੈਸਾ ਇੱਧਰ ਉੱਧਰ ਨਹੀ ਸੀ ਹੁੰਦਾ। ਇਹੋ ਵਜ਼ਾ ਸੀ ਕਿ ਅਹਿਮਦਾਬਾਦ ਸ਼ਹਿਰ ਦੇ ਵਿੱਚ ਉਹਨਾਂ ਦੀ ਲੋਕੀ ਬਹੁਤ ਇਜੱਤ ਕਰਦੇ ਸਨ। ਉਹਨਾਂ ਦੀ ਇਹ ਗੱਲ ਅਸੀਂ ਕਦੀ ਵੀ ਭੁੱਲ ਨਹੀ ਸਕਦੇ ਕਿ ਅਸੀ ਛੋਟੇ ਛੋਟੇ ਹੂੰਦੇ ਸੀ ਸਵੇਰ ਨੂੰ ਲੇਟ ਉੱਠਿਆ ਕਰਦੇ ਸੀ, ਉਹਨੀਂ ਸਾਨੂੰ ਵਿਸਤਰੇ ਦੇ ਵਿੱਚ ਲਪੇਟ ਕੇ ਅੰਦਰਲੇ ਕਮਰੇ ਮੰਜੇ ਤੇ ਲਿਟਾ ਦਿਆ ਕਰਨਾ। ਘਰ ਦੇ ਵਿੱਚ ਰੇਡੀਓ ਜਰੂਰ ਹੁੰਦਾ ਸੀ ਪਰ ਸਾਨੂੰ ਗਾਣੇ ਨਹੀ ਸੀ ਸੁਣਨ ਦਿੰਦੇ ਹੁੰਦੇ ਸਿਰਫ ਖਬਰਾਂ ਹੀ ਸੁਣ ਸਕਦੇ ਸੀ ਜਾਂ ਕਦੀ ਧਾਰਮਿਕ ਪਰੋਗਰਾਮ ਆ ਗਿਆ ਤਾਂ ਉਹ ਸੁਣ ਸਕਦੇ ਸੀ।

ਸਿਨਮਾ ਵਗੈਰਾ ਦੇਖਣਾ ਹੁੰਦਾ ਸੀ ਤਾਂ ਬਿਨਾ ਦੱਸੇ ਹੀ ਘਰੋਂ ਖਿਸਕਣਾ ਪੈਂਦਾ ਸੀ। ਐਤਵਾਰ ਗੁਰਦੁਆਰੇ ਜਾਣ ਦੀ ਵਾਰੀ ਹੁੰਦੀ ਸੀ ਮੈਂ ਮੇਰਾ ਛੋਟਾ ਭਰਾ ਰਾਜਿੰਦਰ ਭੈਣ ਜਸਵਿੰਦਰ ਅਤੇ ਮੇਰੀ ਮਾਸੀ ਜਗਜੀਤ ਕੌਰ ਛੋਟੇ ਹੁੰਦੇ ਸੀ, ਸਾਡਾ ਗੁਰਦੁਆਰੇ ਜਾਣ ਲਈ ਦਿਲ ਨਾਂ ਕਰਨਾਂ ਪਰ ਭਾਈਆ ਜੀ ਨੇ ਸਾਨੂੰ ਝਿੜਕੇ ਮਾਰ ਕੇ ਲੈ ਜਾਇਆ ਕਰਨਾ। ਮਿੱਲਾਂ ਦਾ ਕੰਮ ਖਾਕੀ ਕਪੜੇ ਦਾ ਹੁੰਦਾ ਸੀ ਇਸਨੂੰ

ਪਹਿਲਾਂ ਪਾਣੀ ਦੇ ਵਿੱਚੋਂ ਕੱਢਣਾ ਫਿਰ ਕੋਠੇ ਉੱਪਰ ਵੱਡੀਆਂ ਵੱਡੀਆਂ ਸ਼ੀਟਾਂ ਸੁੱਕਣੀਆਂ ਪਾਉਣ ਜਾਣਾ। ਇਹ ਬਹੁਤ ਮੇਹਨਤ ਦਾ ਕੰਮ ਹੁੰਦਾ ਸੀ। ਭਾਈਆ ਜੀ ਕਈ ਕਈ ਕਪੜੇ ਦੀਆਂ ਤੈਹਾਂ ਆਮ ਤੌਰ ਤੇ ਹੱਥ ਵਾਲੀ ਕੈਂਚੀ ਦੇ ਨਾਲ ਕੱਟਦੇ ਹੁੰਦੇ ਸਨ। ਇਹ ਕੈਂਚੀ ਇਹਨਾ ਨੂੰ ਕਿਸੇ ਅੰਗ੍ਰੇਜ਼ ਔਰਤ ਨੇ ਤੋਹਫੇ ਦੇ ਤੌਰ ਤੇ ਦਿੱਤੀ ਸੀ। ਇਹਨੀਂ ਕਪੜੇ ਦੀ ਮਸ਼ੀਨਾਂ ਤੇ ਸਿਲਾਈ ਕਰਨ ਲਈ ਬਹੁਤ ਸਾਰੇ ਕਾਰੀਗਰ ਰੱਖੇ ਹੁੰਦੇ ਸਨ। ਦੁਕਾਨ ਦਾ ਕੰਮ ਚੰਗਾ ਚੱਲਦਾ ਸੀ ਇਹ ਨਾਨਾ ਜੀ ਦਾ ਆਪਣਾ ਰਸੂਖ ਕਪੜੇ ਦੀ ਕਟਾਈ ਅਤੇ ਸੀਣ ਦੀ ਮਹਾਰਤ ਹੋਣ ਕਾਰਣ ਅਹਿਮਦਾਬਾਦ ਦੇ ਵਿੱਚ ਇਹ ਚੰਗੀ ਤਰਾਂ ਜਾਣੇ ਜਾਂਦੇ ਸਨ।

ਬੀਬੀ ਜੀ ਹੋਰੀਂ ਵੀ ਆਪਣੇ ਪਰਿਵਾਰ ਦੀਆਂ ਤਿੰਨੇ ਭੈਣਾ ਵਿਚੋਂ ਵੱਡੇ ਹਨ। ਇਹ ਸਾਰਾ ਪਰਿਵਾਰ ਹੀ ਨੇਕ-ਨੀਤੀ ਅਤੇ ਵਾਹਿਗੁਰੂ ਦੀ ਰਜ਼ਾ'ਚ ਰਹਿਣ ਵਾਲਾ ਸੀ। ਬੀਬੀ ਜੀ ਹੋਰਾਂ ਦੇ ਪਿਤਾ ਜੀ ਜਿੱਥੇ ਗੁਰਬਾਣੀ ਦੇ ਬਹੁਤ ਖੋਜ਼ੀ ਸਨ ਉੱਥੇ ਮੇਰੀ ਨਾਨੀ ਜੀ ਜੈ ਕੌਰ ਵੀ ਗੁਰਬਾਣੀ ਦੇ ਉਪਾਸ਼ਕ ਸਨ, ਅਤੇ ਇਹਨਾਂ ਦਾ ਸੁਭਾਵ ਵੀ ਰੱਬੀ ਵਿਰਤੀ ਵਾਲਾ ਹੀ ਅਸੀਂ ਹਮੇਸ਼ਾਂ ਦੇਖਿਆ ਹੈ। ਸ਼ਾਇਦ ਅਜਿਹੀ ਸਿੱਖਿਆ ਦੇ ਪ੍ਰਤੀਕ ਮੇਰੀ ਮਾਤਾ ਜੀ ਗੁਰਬਚਨ ਕੌਰ ਜੀ ਹਨ ਜੋ ਆਪਣੇ ਮਾਤਾ ਪਿਤਾ ਜੀ ਦੇ ਪੂਰਨਿਆਂ ਤੇ ਚੱਲਦੇ ਹੋਏ ਗੁਰਬਾਣੀ ਦੇ ਰਸੀਏ ਅਤੇ ਅਤਿਅੰਤ ਨੇਕ ਸੁਭਾਉ ਦੇ ਜਾਣੇ ਜਾਂਦੇ ਹਨ। ਬੀਬੀ ਜੀ ਦਾ ਪਰਿਵਾਰ ਦੇ ਵਿੱਚ ਬਹੁਤ ਆਦਰ ਮਾਣ ਹੁੰਦਾ ਹੈ। ਹਰ ਲੋੜਵੰਦ ਦੀ ਸਹਾਇਤਾ ਕਰਦੇ ਰਹਿੰਦੇ ਹਨ, ਗੁਰੂ ਘਰ ਜਾਣਾ ਅਤੇ ਸਾਰਾ ਦਿਨ ਪਾਠ ਸੁਣਨਾ, ਆਏ ਗਏ ਦੇ ਨਾਲ ਸਾਖੀਆਂ ਜਾਂ ਗੁਰਬਾਣੀ ਵਿਚਾਰਾਂ ਕਰਦੇ ਰਹਿਣਾ ਇਹਨਾਂ ਦੀ ਨਿੱਤ ਪ੍ਰਤੀ ਕ੍ਰੀਆ ਬਣੀ ਹੋਈ ਹੈ।

ਇਹਨਾਂ ਦੀਆਂ ਤਿੰਨ ਨੋਹਾਂ ਬਲਬੀਰ ਕੌਰ, ਕੁਲਵਿੰਦਰ ਕੌਰ ਅਤੇ ਸੁਰਿੰਦਰ ਕੌਰ ਸਨ ਪਰ ਕੁਲਵਿੰਦਰ 26 ਮਾਰਚ ਸੰਨ 2008 ਦੇ ਵਿੱਚ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਈ ਸੀ। ਬੀਬੀ ਹੋਰਾਂ ਦਾ ਕਦੀ ਨੋਹਾਂ ਦੇ ਨਾਲ ਝਗੜਾ ਨਹੀ ਸੀ ਹੋਇਆ ਅਤੇ ਇਹ ਵੀ ਬੀਬੀ ਹੋਰਾਂ ਦਾ ਖਿਆਲ ਰੱਖਦੀਆਂ ਰਹੀਆਂ ਹਨ, ਖਾਸ ਕਰਕੇ ਬਲਬੀਰ ਦਾ ਜਿਆਦਾ ਰੋਲ ਰਿਹਾ ਹੈ ਕਿਉਂਕਿ ਪਿਤਾ ਜੀ ਅਤੇ ਬੀਬੀ ਹੋਰੀਂ ਰਾਜਿੰਦਰ ਸਿੰਘ ਦੇ ਗ੍ਰਹਿ ਵਿਖੇ ਹੀ ਸਦਾ ਰਹੇ ਹਨ। ਜਦੋਂ ਵੀ ਬੀਬੀ ਹੋਰੀਂ ਜਲੰਧਰ ਜਾਂਦੇ ਹਨ ਤਾਂ ਘਰ ਵਿੱਚ ਜਿੰਨੇ ਵੀ ਮਹਿਮਾਨ ਆ ਜਾਣ ਇਹਨੀਂ ਬਿਨਾ ਲੰਗਰ ਛਕਾਇਆਂ ਉਹਨਾਂ ਨੂੰ ਜਾਣ ਨਹੀਂ ਦੇਣਾ ਇਸੇ ਦੇ ਵਿੱਚ ਇਹ ਖੁਸ਼ ਰਹਿੰਦੇ ਹਨ। ਇਹ ਵੀ ਦੇਖਣ ਦੇ ਵਿੱਚ ਆਇਆ ਹੈ ਕਿ ਜਿੱਥੇ ਵੀ ਮੇਰੇ ਮਾਤਾ ਪਿਤਾ ਜੀ ਰਹੇ ਉੱਥੇ ਹੀ ਰੌਣਕਾ ਲੱਗ ਜਾਇਆ

ਕਰਦੀਆਂ ਸਨ। ਇਹਨਾਂ ਦੇ ਪ੍ਰਤਾਪ ਕਾਰਣ ਹੀ ਲੋਕਾਂ ਦਾ ਘਰ ਆਉਣਾ

ਜਾਣਾ ਬਣਿਆ ਰਹਿੰਦਾ ਸੀ। ਬੀਬੀ ਹੋਰੀਂ ਕਦੀ ਨਹੀਂ ਘਬਰਾਉਂਦੇ, ਹਰ ਔਖਿਆਈ ਸਮੇਂ ਰੱਬ ਦੀ ਰਜ਼ਾ ਵਿੱਚ ਰਹਿੰਦੇ ਹਨ। ਮੈਂ ਸਮਝਦਾ ਹਾਂ ਕਿ ਘਰ ਦੇ ਵਿੱਚ ਲੋਕਾਂ ਜਾਂ ਰਿਸ਼ਤੇਦਾਰਾਂ ਦਾ ਆਉਣਾ ਇਹਨਾਂ ਦਾ ਹੀ ਪ੍ਰਤਾਪ ਕਿਹਾ ਜਾ ਸਕਦਾ ਹੈ। ਬੀਬੀ ਦੇ ਆਪਣੇ ਲੜਕੇ, ਲੜਕੀਆਂ, ਨੋਹਾਂ, ਪੋਤੇ, ਪੜੋਤ ਨੋਹਾਂ, ਦਿਉਰ, ਭਰਜਾਈਆਂ, ਅਤੇ ਉਹਨਾਂ ਦੇ ਬੱਚੇ ਸਾਰੇ ਹੀ ਇਹਨਾਂ ਦਾ ਬਹੁਤ ਖਿਆਲ ਰੱਖਦੇ ਹਨ ਅਤੇ ਸੇਵਾ'ਚ ਹਾਜ਼ਰ ਰਹਿੰਦੇ ਹਨ। ਇਹਨਾਂ ਨੂੰ ਆਪਣੇ ਰਿਸ਼ਤੇਦਾਰਾਂ ਵੱਲੋਂ ਆਦਰ ਸਤਿਕਾਰ ਵੀ ਰੁੱਗ ਭਰਿਆ ਮਿਲਦਾ ਹੈ। ਬੀਬੀ ਜੀ ਦੇ ਤਿੰਨ ਲੜਕੇ ਤ੍ਰਿਲੋਚਨ ਸਿੰਘ, ਰਾਜਿੰਦਰ ਸਿੰਘ, ਰਾਮਿੰਦਰ ਸਿੰਘ ਅਤੇ ਦੋ ਲੜਕੀਆਂ ਜਸਵਿੰਦਰ ਕੌਰ ਅਤੇ ਪਰਮਿੰਦਰ ਕੌਰ ਹਨ। ਇਹ ਸਾਰੇ ਬੱਚੇ ਵਿਆਹੇ ਹੋਏ ਹਨ, ਬੀਬੀ ਜੀ ਸੁੱਖ ਨਾਲ ਪੋਤੇ, ਪੜੋਤੇ, ਪੜੋਤੀਆਂ, ਦੋਹਤੇ, ਪੜਦਹੋਤੀਆਂ ਵਾਲੇ ਹਨ। ਘਰ ਵਿੱਚ ਜਦੋਂ ਕਿਸੇ ਬੱਚੇ ਬੱਚੀ ਦਾ ਕੋਈ ਦਿਨ ਸੁੱਧ ਆਉਂਦਾ ਹੈ ਤਾਂ ਸਾਰੇ ਪਰਿਵਾਰ ਦੇ ਜੀਅ ਇੱਕਠੇ ਹੁੰਦੇ ਹਨ ਅਤੇ ਵਿਆਹ ਵਾਂਗ ਰੌਣਕਾਂ ਲੱਗ ਜਾਂਦੀਆਂ ਹਨ। ਘਰ ਦੇ ਮੈਂਬਰਾਂ ਦੀ ਹੀ ਐਡੀ ਗਿਣਤੀ ਹੈ ਕਿ ਲੋਕੀ ਵਿਆਹਾਂ ਦਾ ਕਾਰੜ ਦੇਣ ਲਈ ਵੀ ਕਈ ਵਾਰ ਸੋਚਦੇ ਹੋਣਗੇ ਪਰ ਉਹਨਾਂ ਦੀ ਹੈਰਾਨੀ ਸਾਨੂੰ ਹੈਰਾਨ ਕਰ ਦਿੰਦੀ ਹੈ ਜਦੋਂ ਅਸੀਂ ਗਿਣਤੀ ਦੇ ਦੋ ਚਾਰ ਬੰਦੇ ਹੀ ਵਿਆਹ ਤੇ ਪਹੁੰਚਦੇ ਹਾਂ, ਸ਼ਾਇਦ ਉਹ ਜਿਆਦਾ ਦੀ ਉੜੀਕ ਰੱਖਦੇ ਹੋਣਗੇ ਪਰ ਉਹਨਾਂ ਦੀ ਨਿਰਾਸਤਾ ਸਾਨੂੰ ਵੀ ਕਈ ਵਾਰ ਪਰੇਸ਼ਾਨ ਕਰ ਜਾਂਦੀ ਹੈ।

ਆਉ ਮੈਂ ਫਿਰ ਆਪਣੇ ਪਿਤਾ ਜੀ ਦੇ ਜੀਵਨ ਵਾਰੇ ਕੁੱਝ ਹੋਰ ਗੱਲਾਂ ਆਪ ਜੀ ਦੇ ਨਾਲ ਸਾਂਝੀਆਂ ਕਰਾਂ। ਇਹ ਗਿਆਨੀ ਪਾਸ ਕਰਨ ਤੋਂ ਬਾਦ ਸੰਨ 1942 ਵਿੱਚ ਨੌਕਰੀ ਦੀ ਭਾਲ ਕਰਦਿਆਂ ਬੀਬੀ ਜੀ ਹੋਰਾਂ ਦੇ ਨਾਲ ਲਾਹੌਰ ਚਲੇ ਗਏ ਜਿੱਥੇ ਮੇਰੇ ਨਾਨਾ ਜੀ ਅਰਜਨ ਸਿੰਘ ਸਿਲਾਈ ਦਾ ਕੰਮ ਕਰਦੇ ਸਨ। ਸੰਨ 1943 ਵਿੱਚ ਨਾਨਾ ਜੀ ਹੋਰਾਂ ਨੂੰ ਅਹਿਮਦਾਬਾਦ ਕਿਸੇ ਮਿੱਲ ਦਾ ਵੱਡਾ ਠੇਕਾ ਮਿਲ ਗਿਆ ਉਹ ਪਰਿਵਾਰ ਸਮੇਤ ਵਾਪਿਸ ਅਹਿਮਦਾਬਾਦ ਫਿਰ ਚਲੇ ਗਏ। ਜਿੱਥੇ ਕਿ ਇਹਨੀਂ ਮਿੱਲ ਦੇ ਕਰਮਚਾਰੀਆਂ ਲਈ ਉਹਨਾਂ ਦੀਆਂ ਵਰਦੀਆਂ ਦੀ ਕਟਾਈ ਅਤੇ ਸਿਲਾਈ ਦਾ ਕਾਰੋਬਾਰ ਸ਼ੁਰੂ ਕੀਤਾ। ਉਸੇ ਵਰ੍ਹੇ ਨਾਨਾ ਜੀ ਨੇ ਮੇਰੇ ਪਿਤਾ ਜੀ ਨੂੰ ਆਪਣੇ ਕੋਲ ਅਹਿਮਦਾਬਾਦ ਸੱਦ ਲਿਆ।

ਪਰ ਇੱਥੇ ਕੋਈ ਨੌਕਰੀ ਦਾ ਪਰਬੰਧ ਨਾ ਹੋ ਸਕਿਆ ਸੋ ਕੁੱਝ ਮਹੀਨਿਆਂ ਤੋਂ ਬਾਦ ਹੀ ਪਿਤਾ ਜੀ ਨੂੰ ਇਨ੍ਹਾਂ ਦੇ ਚਾਚਾ ਜੀ ਨੇ ਆਪਣੇ ਪਾਸ ਪੂਨੇ ਸੱਦ ਲਿਆ ਅਤੇ ਇਹ ਬੀਬੀ ਹੋਰਾਂ ਨੂੰ ਨਾਲ ਲੈ ਕੇ ਉੱਥੇ ਚਲੇ ਗਏ। ਸੰਨ 1944 ਜਨਵਰੀ ਮਹੀਨੇ 31 ਤਾਰੀਖ ਨੂੰ ਮੇਰਾ ਜਨਮ ਹੁੰਦਾ ਹੈ ਅਤੇ ਮੇਰੇ ਨਾਮ ਲਈ ਗੁਰਦੁਆਰਾ ਸਹਿਬ ਤੋਂ

ਅੱਖਰ ਕਢਾਇਆ, ਅੱਖਰ 'ਤ' ਨਿਕਲਿਆ ਸੋ ਤ੍ਰਿਲੋਚਨ ਸਿੰਘ ਨਾਮ ਰਖਿੱਆ ਗਿਆ। ਇਸੇ ਸਾਲ ਪਿਤਾ ਜੀ ਦੇ ਚਾਚਾ ਜੀ ਹੋਰਾਂ ਦੇ ਆਪਣੇ ਰਸੂਖ ਸਦਕਾ ਇਹਨਾਂ ਨੂੰ ਫ਼ੌਜੀ ਸਕੂਲ ਵਿੱਚ ਫ਼ੌਜ਼ੀਆਂ ਨੂੰ ਗੁਰਬਾਣੀ ਪੜਾਉਣ ਦੀ ਨੌਕਰੀ ਮਿਲ ਗਈ। ਸੰਨ 1946 ਵਿੱਚ ਜਦੋਂ ਇਹ ਪੂਨੇ ਸੀ ਪਿਤਾ ਜੀ ਨੇ ਲੈਫ਼ਟੀਨੈਂਟ ਚੋਣ ਲਈ ਦੁਰਖਾਸਤ ਦਿੱਤੀ ਸੀ, ਇਹਨਾਂ ਨੂੰ ਫ਼ੌਜ਼ੀ ਚੋਣ ਪ੍ਰਣਾਲੀ ਦੀ ਕਾਰਜ਼ਕਾਰੀ ਰਿਵਾਇਤ ਪੂਰੀ ਕਰਨੀ ਪਈ ਅਤੇ ਇਹ ਉੱਚ ਪੱਧਰ ਸਫਲਤਾ ਪ੍ਰਾਪਤ ਕਰਦੇ ਹੋਏ ਇਸ ਔਹਦੇ ਦੀ ਸਿਖਲਾਈ ਲਈ ਚੁਣੇ ਗਏ। ਭਾਵੇਂ ਇਹ ਰੁਤਬਾ ਪ੍ਰਾਪਤ ਕਰਨਾ ਬਹੁਤ ਮਾਣ ਵਾਲੀ ਗੱਲ ਸੀ ਪਰ ਫ਼ਿਰ ਵੀ ਚਾਚਾ ਜੀ ਹੋਰੀਂ ਇਹਨਾਂ ਦੇ ਮਾਤਾ ਪਿਤਾ ਦੇ ਨਾਲ ਸਲਾਹ ਕਰਨੀ ਉਚਿਤ ਸਮਝੀ। ਉਹਨੀਂ ਮੇਰੇ ਬਾਬਾ ਅਤੇ ਦਾਦੀ ਦੇ ਨਾਲ ਗੱਲਬਾਤ ਕੀਤੀ ਪਰ ਇਹ ਕੋਈ ਵੀ ਰਾਜੀ ਨਾ ਹੋਇਆ ਖਾਸ ਕਰਕੇ ਪਿਤਾ ਜੀ ਦੀ ਮਾਤਾ ਜੀ ਸਹਿਮਤ ਨਹੀਂ ਸਨ। ਉਹਨਾਂ ਦਾ ਇਹੋ ਖਿਆਲ ਸੀ ਕਿ ਫ਼ੌਜ਼ੀ ਨੌਕਰੀ ਬਹੁਤੀ ਸੁਰੱਖਿਅਤ ਨਹੀ ਹੁੰਦੀ ਸੋ ਉਹ ਨਹੀਂ ਸੀ ਚਾਹੁਦੇਂ ਕਿ ਇਹ ਫ਼ੌਜ ਵਿੱਚ ਭਰਤੀ ਹੋਣ।

ਪਿਤਾ ਜੀ ਹੋਰੀਂ ਖੁਦ ਆਪ ਆਪਣੇ ਮਾਤਾ ਪਿਤਾ ਨੂੰ ਸਮਝਾਉਣ ਲਈ ਪਿੰਡ ਜਮਸ਼ੇਰ ਆ ਗਏ ਪਰ ਇਹਨਾਂ ਦੇ ਮਾਤਾ ਜੀ ਆਪਣੀ ਅੜੀ ਤੇ ਬਜਿੱਦ ਰਹੇ ਸੋ ਮੰਦਭਾਗਾ ਸਮਾਂ ਕਹਿ ਲਵੋ ਕਿ ਆਖਿਰਕਾਰ ਇਨ੍ਹਾਂ ਨੂੰ ਲੈਫ਼ਟੀਨੈਂਟ ਦੀ ਸਿਖਲਾਈ ਨੂੰ ਪਰਵਾਨ ਕਰਨ ਤੋਂ ਕਿਨਾਰਾਕਸ਼ੀ ਕਰਨੀ ਹੀ ਪਈ। ਮਾਤਾ ਦੀ ਇਸ ਨਾਦਾਨੀ ਸੋਚ ਕਾਰਣ ਇਨ੍ਹਾਂ ਦੇ ਮੱਨ ਤੇ ਗਹਿਰੀ ਸੱਟ ਵੱਜੀ ਔਰ ਇਹਨੀਂ ਫ਼ੌਜੀ ਸਕੂਲ'ਚ ਅਧਿਆਪਕ ਰਹਿਣ ਦੀ ਪੱਦਵੀ ਨੂੰ ਵੀ ਤਿਆਗ ਦਿੱਤਾ ਉਪਰੰਤ ਆਪਣੇ ਪਿੰਡ ਹੀ ਰਹਿਣ ਲੱਗ ਪਏ। ਇਹੋ ਜਿਹਾ ਵੀ ਸਮਾਂ ਹੁੰਦਾ ਸੀ ਕਿ ਬੱਚੇ ਦੀ ਕੋਈ ਆਪਣੀ ਮਰਜ਼ੀ ਨਹੀ ਸੀ ਚੱਲਦੀ ਹੁੰਦੀ ਪਰ ਮਾਤਾ ਪਿਤਾ ਭਾਵੇਂ ਗਲਤ ਵੀ ਹੋਣ ਉਹਨਾਂ ਦੇ ਫੈਸਲੇ ਨੂੰ ਰੱਦ ਵੀ ਨਹੀ ਸੀ ਕੀਤਾ ਜਾਂਦਾ। ਮੇਰਾ ਆਪਣਾ ਪਰਪੱਕ ਕਿਆਫ਼ਾ ਹੈ ਕਿ ਅਗਰ ਪਿਤਾ ਜੀ ਫ਼ੌਜ ਦੇ ਵਿੱਚ ਉਸ ਸਮੇਂ ਭਰਤੀ ਹੋ ਜਾਂਦੇ ਤਾਂ ਯਕੀਨਨ ਇਹਨੀਂ ਬਹੁਤ ਉੱਚੇ ਪਦ ਤੋਂ ਰਿਟਾਇਰ ਹੋਣਾ ਸੀ।

ਪਰਿਵਾਰ ਦਾ ਇਕੱਠ ਆਪਸੀ ਪ੍ਰੇਮ ਭਾਵਨਾ ਅਤੇ ਵੱਡੇ ਵਡੇਰਿਆਂ ਦਾ ਸਤਿਕਾਰ ਕਰਨਾ ਮਨੁੱਖ ਨੂੰ ਜੀਵਨ ਦੀਆਂ ਕਈ ਉੱਚ ਬੁਲੰਦੀਆਂ ਤੱਕ ਪਹੁੰਚਾ ਸਕਦਾ ਹੈ। ਮੈਂ ਸਮਝਦਾ ਹਾਂ ਕਿ ਸੋਨੇ ਤੇ ਸੁਹਾਗਾ ਹੋਣ ਦੀ ਕਹਾਬਤ ਤਾਂ ਹੀ ਸਫ਼ਲ ਹੋ ਸਕਦਾ ਹੈ ਅਗਰ ਮਾਤਾ ਪਿਤਾ ਆਪਣੇ ਬੱਚਿਆਂ ਦੀਆਂ ਭਾਵਨਾਵਾਂ ਨੂੰ ਵੀ ਸਮਝਣ ਦਾ ਯਤਨ ਕਰ ਸਕਦੇ ਹੋਣ। ਪਿਤਾ ਜੀ ਨੂੰ ਲੈਫਟੀਨੈਂਟ ਨਾਇਬ ਬਣਨ ਦਾ ਜੋ ਸੁਨਹਿਰੀ ਮੌਕਾ ਮਿਲਿਆ ਸੀ ਉਹ ਅਜਾਈਂ ਹੀ ਚਲੇ ਗਿਆ। ਇਹ ਸਾਰਾ

ਕੁੱਝ ਹੋਣ ਦੇ ਬਾਬਜੂਦ ਇਹਨੀਂ ਆਪਣੇ ਮਾਤਾ ਪਿਤਾ ਦੀ ਗੱਲ ਨੂੰ ਮੰਨ ਲਿਆ ਇਹ ਇਹਨਾ ਦੀ ਵਡਿਆਈ ਸੀ। ਪਰ ਉਹਨਾਂ ਵੱਲੋਂ ਉਸ ਵਕਤ ਲਿਆ ਗਿਆ ਫੈਸਲਾ ਕੀ ਠੀਕ ਸੀ, ਇਸ ਵਾਰੇ ਸੋਚਣ ਦੀ ਲੋੜ ਹੈ। ਖੈਰ ਪਿਤਾ ਜੀ ਹੋਰਾਂ ਦੀ ਜਿੰਦਗੀ ਦੇ ਵਿੱਚ ਪਰਵਾਰ ਦੀ ਸੁਹਿਰਦਤਾ, ਨੇਕ-ਨੀਤੀ, ਕੌਮੀ ਜਜ਼ਵਾ, ਲੋਕ ਭਲਾਈ ਵਰਗੇ ਗੁਣਾਂ ਨੇ ਇਹਨਾਂ ਦੀ ਜਿੰਦਗੀ'ਚ ਆਪਣੇ ਲਈ, ਪਰਿਵਾਰ ਲਈ ਅਤੇ ਆਮ ਲੋਕਾਂ ਲਈ ਕੁੱਝ ਕਰ ਗੁਜਰਨ ਦੀ ਚਾਹਤ ਨੂੰ ਬਰਕਰਾਰ ਰੱਖਿਆ।

ਇਹਨਾਂ ਦੇ ਤਾਇਆ ਜੀ ਸਰਦਾਰ ਦਲੇਲ ਸ਼ਿੰਘ ਜੀ ਹੋਰੀਂ ਗੁਰਦਆਰਿਆਂ ਦੀ ਮਾਣ ਮਰਯਾਦਾ ਅਤੇ ਸੁਤੰਤਰਤਾ ਨੂੰ ਬਹਾਲ ਕਰਨ ਲਈ ਜੈਤੋ ਵਰਗੇ ਮੋਰਚਿਆਂ ਦੇ ਵਿੱਚ ਵੀ ਹਿੱਸਾ ਲੈਂਦੇ ਰਹੇ ਸਨ ਅਤੇ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਵਿੱਚ ਵੀ ਇਹ ਬਹੁਤ ਉੱਘੇ ਬੁਲਾਰੇ ਮੰਨੇ ਜਾਂਦੇ ਸਨ ਜਿਨ੍ਹਾਂ ਨੂੰ ਸੁਣਨ ਲਈ ਲੋਕ ਇੱਕ ਦੋ ਦਿਨ ਪਹਿਲਾਂ ਹੀ ਅਮ੍ਰਿਤਸਰ ਸ੍ਰੀ ਹਰਿਮੰਦਿਰ ਸਾਹਿਬ ਵਿਖੇ ਆਪਣੇ ਲਈ ਕਮਰੇ ਵੀ ਸੁਰੱਖਿਅਤ ਕਰਵਾ ਲਿਆ ਕਰਦੇ ਸਨ। ਸਰਦਾਰ ਪ੍ਰੀਤਮ ਸਿੰਘ ਅਤੇ ਸਰਦਾਰ ਜਗੀਰ ਸਿੰਘ ਹੋਰੀਂ ਜਿਵੇਂ ਪਹਿਲਾਂ ਦੱਸਿਆ ਗਿਆ ਹੈ ਕਿ ਕਾਂਗਰਸ ਪਾਰਟੀ ਦੇ ਹਿਮਾਇਤੀ ਸਨ, ਇਹਨਾਂ ਦਾ ਵੱਡੇ ਵੱਡੇ ਲੀਡਰਾਂ ਦੇ ਨਾਲ ਬਹੁਤ ਰਸੂਖ ਹੁੰਦਾ ਸੀ। ਇਹ ਭਰਾਵਾਂ ਨੂੰ ਕਈ ਸੰਸਥਾਵਾਂ ਦੇ ਮੁੱਖ ਮਹਿਮਾਨ ਹੋਣ ਦਾ ਮਾਣ ਪ੍ਰਾਪਤ ਹੋਇਆ ਕਰਦਾ ਸੀ ਅਤੇ ਇਹ ਪਿੰਡ ਦੇ ਸਿਰ-ਕੱਢ ਵਿਅਕਤੀਆਂ ਦੇ ਨਾਲ ਮੇਲ ਜੋਲ ਰੱਖਦੇ ਸਨ ਸੋ ਇਹੋ ਵਜ਼ਾ ਸੀ ਕਿ ਆਪਣੇ ਪਿੰਡ ਵਿੱਚ ਵੀ ਦੁਗੱਲ ਪਰਿਵਾਰ ਦਾ ਬਹੁਤ ਮਾਣ-ਤਾਣ ਹਮੇਸ਼ਾਂ ਚੜਦੀ ਕਲਾ ਦੇ ਵਿੱਚ ਬਣਿਆ ਰਿਹਾ ਹੈ।

ਇਹ ਹਰ ਪਹਿਲੂ ਤੋਂ ਆਪਣੇ ਪਿੰਡ ਦੀ ਭਲਾਈ ਦੇ ਹਿਤੂ ਗਰਦਾਨੇ ਜਾਂਦੇ ਸਨ। ਇਹੋ ਜਿਹੇ ਆਦਰਸ਼ਵਾਦੀ ਮਾਹੌਲ ਵਿੱਚ ਵਿਚਰਨ ਕਾਰਣ ਪਿਤਾ ਜੀ ਹੋਰਾਂ ਤੇ ਪਰਿਵਾਰਕ ਰਹਿਣੀ ਬਹਿਣੀ ਦਾ ਬਹੁਤ ਪ੍ਰਭਾਵ ਪਿਆ। ਜਿੱਥੇ ਵੀ ਇਹ ਰਹੇ ਅਤੇ ਜਿਹਨਾਂ ਲੋਕਾਂ ਦੇ ਨਾਲ ਵੀ ਇਹਨਾਂ ਦਾ ਸਮੇਂ ਸਮੇਂ ਵਾਹ ਪਿਆ ਹਰ ਸ਼ਕਸ ਤਕਰੀਬਨ ਇਹਨਾਂ ਦੀ ਨੇੜਤਾ ਲੋਚਦਾ ਸੀ। ਲੋਕਾਂ ਦੇ ਨਾਲ ਜਦੋਂ ਵੀ ਇਹਨਾਂ ਦੀ ਵਾਰਤਾਲਾਪ ਹੁੰਦੀ ਸੀ ਤਾਂ ਲੋਕ ਕਾਫ਼ੀ ਪ੍ਰਭਾਵਿਤ ਹੋਇਆ ਕਰਦੇ ਸਨ। ਗੁਰਬਾਣੀ ਦਾ ਬੋਧ ਅਤੇ ਸੰਸਾਰਿਕ ਗਿਆਨ ਦੇ ਇਹ ਧਨੀ ਸਨ, ਸੰਭਵ ਹੈ ਸ਼ਾਇਦ ਇਹੋ ਵਜ਼ਾ ਸੀ ਕਿ ਇਹਨਾਂ ਦੇ ਚੇਹਰੇ ਦਾ ਜ਼ਲਾਲ ਲੋਕਾਂ ਦੇ ਮਨ ਵਿੱਚ ਗਹਿਰਾ ਅਸਰ ਛੱਡ ਜਾਂਦਾ ਸੀ।

ਇਹਨਾਂ ਦੀ ਗੱਲਬਾਤ ਦਾ ਵੇਗਵਾਨ ਪ੍ਰਭਾਵ ਲੋਕਾਂ ਨੂੰ ਕਾਇਲ ਕਰ ਜਾਂਦਾ ਸੀ। ਆਪਣੇ ਤਾਇਆ ਜੀ ਸਰਦਾਰ ਦਲੇਲ ਸਿੰਘ ਹੋਰਾਂ ਵਾਂਗ ਹੀ ਨਿਡਰਤਾ ਨਾਲ

ਭਾਸ਼ਣ ਕਰਨ ਵਿੱਚ ਬਹੁਤ ਮਸ਼ਹੂਰ ਬੁਲਾਰੇ ਮੰਨੇ ਜਾਂਦੇ ਸਨ। ਕੋਈ ਵੀ ਗੱਲ ਕਹਿੰਦੇ ਸਨ ਤਾਂ ਬਿਨਾਂ ਕਿਸੇ ਝਿੱਜਕ ਅਤੇ ਨਿਡਰਤਾ ਨਾਲ ਸਪੱਸ਼ਟ ਗੱਲ ਕਹਿ ਦਿਆ ਕਰਦੇ ਸਨ। ਹਿੰਦੁਸਤਾਨ, ਇੰਗਲੈਂਡ ਅਤੇ ਹੋਰ ਕਈ ਬਾਹਰਲੇ ਮੁਲਕਾਂ ਦੇ ਨਾਮਵਰ ਵਸਨੀਕਾਂ ਅਤੇ ਵੱਡੇ ਵੱਡੇ ਅਫ਼ਸਰਾਂ ਦੇ ਨਾਲ ਇਹਨਾਂ ਦੀ ਕਾਫ਼ੀ ਨੇੜਤਾ ਬਣੀ ਹੋਈ ਸੀ। ਇੱਕ ਬਾਰ ਜਿਹੜਾ ਇਹਨਾਂ ਦੇ ਸੰਪਰਕ ਵਿੱਚ ਆ ਜਾਂਦਾ ਸੀ ਉਹ ਹਮੇਸ਼ਾਂ ਇਹਨਾਂ ਦੀ ਸੋਚ ਦਾ ਕਾਇਲ ਹੋ ਬਹਿੰਦਾ ਸੀ। ਲੋਕਾਂ ਨੂੰ ਗੱਲਬਾਤ ਕਰਦਿਆਂ ਕੀਲ ਦੇਣ ਦੀ ਇਹਨਾਂ ਦੇ ਅੰਦਰ ਅਪਾਰ ਸਮਰਥਾ ਸੀ। ਕਿਸੇ ਵੀ ਵਿਅਕਤੀ ਦੇ ਅੰਦਰ ਰੱਬੀ ਗੁਣਾਂ ਦਾ ਪਸਾਰ ਹੋਣਾਂ ਰੱਬ ਦੀ ਹੀ ਅਪਾਰ ਬਖਸ਼ਿਸ਼ ਦਾ ਪ੍ਰਤਾਪ ਕਿਹਾ ਜਾ ਸਕਦਾ ਹੈ ਸੋ ਇਨ੍ਹਾਂ ਤੇ ਇਹ ਗੱਲ ਬਹੁਤੀ ਢੁਕਦੀ ਸੀ।

ਇਸ ਪੱਖ ਨੂੰ ਕਿਸੇ ਹੋਰ ਅੰਦਾਜ ਵਿੱਚ ਵੀ ਬਿਆਨ ਕਰ ਸਕਦੇ ਹਾਂ। ਇਹ ਆਤਮਿਕ ਤੌਰ ਤੇ ਵੀ ਦਲੇਰ ਸਨ, ਇਹਨਾਂ ਦੀ ਜਿੰਦਗੀ ਦੇ ਕਈ ਅਜਿਹੇ ਵਾਕਿਆਤ ਸੁਣਨ ਵਿੱਚ ਆਉਂਦੇ ਹਨ ਜੋ ਸੁਣਨ ਵਾਲੇ ਨੂੰ ਹੈਰਾਨ ਅਤੇ ਵਿਸਮਾਦੀ ਰੌ ਵੱਲ ਖਿੱਚ ਲੈਂਦੇ ਹਨ। ਪਹਿਲਾ ਸਫਰ ਬਚਪਣ ਦਾ ਸੀ ਜਿੱਥੇ ਘਰ ਦੀ ਗਰੀਬੀ ਅਵਸਥਾ ਨੇ ਮਨ

ਅਤੇ ਤਨ ਤੇ ਬੜਾ ਵੱਡਾ ਬੋਝ ਧਰਿਆ ਹੋਇਆ ਸੀ। ਬੱਚੇ ਦੀਆਂ ਬਚਪਣ ਵਿੱਚ ਕਈ ਰੀਝਾਂ ਹੁੰਦੀਆਂ ਹਨ ਪਰ ਇਹ ਆਪਣੇ ਬਚਪਣ ਵਿੱਚ ਚੰਗੀ ਰਹਿਣੀ ਬਹਿਣੀ ਖਾਣਾ ਪੀਣਾ ਹੰਢਾ ਨਾ ਸਕੇ। ਇਹ ਆਮ ਕਹਾਵਤ ਹੈ ਕਿ ਅਮੀਰ ਇਨਸਾਨ ਨੂੰ ਗਰੀਬੀ ਵਾਰੇ ਕੀ ਪਤਾ ਹੋ ਸਕਦਾ ਹੈ, ਗਰੀਬ ਹੀ ਗਰੀਬੀ ਨੂੰ ਮਹਿਸੂਸ ਕਰ ਸਕਦਾ ਹੈ। ਗਰੀਬੀ ਦੀ ਮਾਰ ਗੁੱਝੀ ਅਤੇ ਬੜੀ ਭਿਆਨਕ, ਦਰਦਨਾਕ ਅਤੇ ਅਸਿਹ ਹੋਇਆ ਕਰਦੀ ਹੈ। ਮੌਕੇ ਦੇ ਅਸਿਹ ਵੇਗ ਨੂੰ ਖਿੜੇ ਮੱਥੇ ਪਰਵਾਨ ਕਰਨਾ ਅਤੇ ਉਸ ਰੱਬੀ ਭਾਣੇ ਨੂੰ ਮੰਨ ਲੈਣਾ ਵਿੱਅਕਤੀਗਤ ਪ੍ਰਬਲਤਾ ਦੀ ਉਸਾਰੀ ਕਹੀ ਜਾ ਸਕਦੀ ਹੈ। ਜੀਵਨ ਦੀਆਂ ਤੰਗੀਆਂ ਚੋਂ ਗੁਜਰ ਜਾਣਾ, ਫਿਰ ਵੀ ਉਸ ਅਕਾਲ ਪੁਰਖੁ ਪ੍ਰਤੀ ਸ਼ਰਧਾ ਬਣਾਈ ਰੱਖਣੀ, ਆਪਣੇ ਮਨੋਬੱਲ ਨੂੰ ਉਤੇਜਿੱਤ ਕਰਨ ਦੀ ਪ੍ਰਕਿਰਿਆ ਹੀ ਕਹਿ ਸਕਦੇ ਹਾਂ। ਜਿਓਂ ਜਿਓਂ ਇਹ ਬਚਪਣ ਤੋਂ ਜਵਾਨੀ ਵੱਲ ਅਗਾਂਹ ਵਧਦੇ ਗਏ ਇਹਨਾਂ ਦੀ ਮਾਨਸਿਕ ਅਤੇ ਆਤਮਿਕ ਅਵੱਸਥਾ ਤੀਬਰ ਹੁੰਦੀ ਗਈ। ਭੈਣਾਂ ਭਰਾਵਾਂ ਦੀ ਦੇਖ-ਰੇਖ ਕਰਨੀਂ, ਉਹਨਾਂ ਦੀ ਪੜਾਈ ਵੱਲ ਧਿਆਨ ਦੇਣਾ, ਵਿਆਹ ਆਦਿ ਦੀਆਂ ਜੁੰਮੇਵਾਰੀਆਂ ਨੂੰ ਨਿਭਾਉਣਾਂ ਇਹ ਆਸ ਇਹਨਾਂ ਦੇ ਗੋਚਰੇ ਹੀ ਛੱਡੀ ਹੋਈ ਸੀ।

ਵਿੱਦਿਆ ਪ੍ਰਾਪਤੀ ਤੋਂ ਉਪਰੰਤ ਕੰਮ ਕਰਨ ਦੇ ਖਿਆਲ ਨਾਲ ਇਹਨੀਂ ਆਪਣਾ ਹੀ ਕੰਮ ਸ਼ੁਰੂ ਕਰਨ ਦੀ ਸੋਚ ਨੂੰ ਲੈ ਕੇ ਖੰਡ ਬਣਾਉਣ ਦੀਆਂ ਮਸ਼ੀਨਾਂ ਦੀ

ਖਰੀਦੋ-ਫਰੋਕਤ ਕੀਤੀ ਮਸ਼ੀਨਾਂ ਲਾ ਲਈਆਂ ਪਰ ਕਾਮਯਾਬ ਨਾ ਹੋਏ। ਫਿਰ ਖੇਡਾਂ ਦੇ ਸਾਮਾਨ ਦਾ ਵਪਾਰ ਕਰਨਾ ਉਸ ਵਿੱਚ ਵੀ ਘਾਟਾ ਪੈਣਾ, ਫ਼ੌਜ ਵਿੱਚ ਲੈਫਟੀਨੈਂਟ ਦੀ ਭਰਤੀ ਲਈ ਚੁਣਿਆ ਜਾਣਾ ਪਰ ਘਰ ਵੱਲੋਂ ਇਜਾਜ਼ਤ ਨਾ ਮਿਲਣੀ, ਜਰਮਨੀ ਦੇ ਅਖ਼ੁਨ ਸ਼ਹਿਰ ਵਿੱਚ ਹੋਟਲ ਦੇ ਕਾਰੋਬਾਰ ਵਿੱਚ ਘਾਟਾ ਪੈਣਾ, ਇੰਗਲੈਂਡ ਦੇ ਲੀਡਜ਼ ਸ਼ਹਿਰ ਵਿੱਚ ਫਿਰ ਬਾਟਲੇ ਕਸਬੇ ਦੇ ਵਿੱਚ ਕਪੜੇ ਦੀ ਸਿਲਾਈ ਦਾ ਕੰਮ ਆਰੰਭ ਕਰਨਾ ਅਤੇ ਫੇਕਟਰੀ ਦੀ ਅਸਫਲਤਾ ਆਦਿ ਇਹ ਮੰਦ-ਭਾਗੇ ਕਰਮਾਂ ਦੀ ਨਿਸ਼ਾਨੀ ਹੀ ਕਹੀ ਜਾ ਸਕਦੀ ਹੈ। ਪਰ ਫਿਰ ਵੀ ਅਡੋਲ ਰਹਿਣਾ ਅਤੇ ਗੁਰੂ ਆਸ਼ੇ ਮੁਤਾਬਿਕ ਜੀਵਨ ਜੀਉਣ ਦੀ ਯੋਗਤਾ ਨੂੰ ਗ੍ਰਹਿਣ ਕਰਦਿਆਂ ਮਨ ਦੀ ਪਰਪੱਕਤਾ ਬਣਾਈ ਰੱਖਣੀ ਉਸ ਇਸ਼ਟ ਦੇ ਸਿਧਾਂਤ ਨੂੰ ਪ੍ਰਮਾਣਿਕ ਰੂਪ ਦੇਣ ਵਾਲੀ ਗੱਲ ਕਹੀ ਜਾ ਸਕਦੀ ਹੈ।

ਪਿਤਾ ਜੀ ਹੋਰੀਂ ਅਨੇਕਾਂ ਮੁਸ਼ਕਲਾਂ ਦੇ ਵਿਚੋਂ ਲੰਘਦੇ ਗਏ ਅਤੇ ਮਨ ਦੀ ਦ੍ਰਿੜਤਾ ਨੇ ਹਰ ਮੌਕੇ ਹਰ ਮੁਸ਼ਕਲ ਨੂੰ ਬਰਦਾਸ਼ਤ ਕਰਨ ਲਈ ਤਿਆਰ ਬਰ ਤਿਆਰ ਕਰੀ ਰੱਖਿਆ ਅਤੇ ਜਿੰਦਗੀ ਵਿੱਚ ਇਹ ਹਮੇਸ਼ਾਂ ਅਡੋਲ ਰਹੇ। ਜਿੱਥੇ ਮਨੋਬਲ ਤੀਬਰ, ਦ੍ਰਿੜਤਾ ਅਤੇ ਸਹਿਨਸ਼ੀਲਤਾ ਦਾ ਪ੍ਰਤੱਖ ਰੂਪ ਜਾਹਿਰਾ ਅਚੱਲ ਰਹੇ ਅਤੇ ਇਨਸਾਨ ਨੂੰ ਸਹਿਜ ਅਵੱਸਥਾ ਵਿੱਚ ਅਡੋਲ ਕਰ ਦੇਵੇ ਤਾਂ ਹਰ ਇਨਸਾਨ ਅਜਿਹੇ ਵਿਅਕਤੀ ਦੇ ਸੰਪਰਕ ਵਿੱਚ ਆ ਕੇ ਬਹੁਤ ਕੁੱਝ ਸਿਖ ਸਕਦਾ ਹੈ। ਸੋ ਅਜਿਹਾ ਹੀ ਇਹਨਾਂ ਦੀਆਂ ਖਾਸ ਯੋਗਤਾ ਦਾ ਇਹਨਾਂ ਦੇ ਦੋਸਤਾਂ, ਲੋਕਾਂ, ਅਤੇ ਰਿਸ਼ਤੇਦਾਰਾਂ ਤੇ ਪ੍ਰਭਾਵ ਪੈਂਦਾ ਰਿਹਾ। ਆਪਣੇ ਪਰਿਵਾਰ ਦੇ ਬਚਿੱਆਂ ਤੇ ਵੀ ਅਸਰ ਹੋਣਾਂ ਲਾਜ਼ਮੀ ਸੀ ਸੋ ਆਪਣੇ ਘਰ ਦੇ ਵਿੱਚ ਵੀ ਪ੍ਰਮੁੱਖ ਮੁਖੀ ਹੋਣ ਦੇ ਤੌਰ ਤੇ ਇਹ ਚੰਗੇ ਪਤੀ, ਭਰਾ, ਪਿਤਾ, ਬਾਬਾ, ਪੜਦਾਦਾ, ਨਾਨਾ, ਮਾਮਾ, ਤਾਇਆ ਹੋ ਨਿਬੜੇ ਹਨ।

ਘਰ ਦੇ ਵਿੱਚ ਇਹਨਾਂ ਦੀ ਸ਼ਖਸੀਅਤ ਦਾ ਸਾਰਿਆਂ ਤੇ ਅਸਰ ਸੀ, ਭੈ ਸੀ ਅਤੇ ਰਿਸ਼ਤੇਦਾਰੀ ਨੂੰ ਬਿਨਾਂ ਤਸਲੀਮ ਕਰਦਿਆਂ ਹਰ ਮਸਲੇ ਨੂੰ ਹੱਲ ਕਰਨ ਵਿੱਚ ਇਹ ਸਮਰਥ ਸਨ। ਇਹਨਾਂ ਦੀ ਖੂਬੀ ਇਹੋ ਰਹੀ ਹੈ ਕਿ ਸੱਚੇ ਵਿਅਕਤੀ ਦਾ ਸਾਥ ਦਿਆ ਕਰਦੇ ਸੀ, ਭਾਵੇਂ ਉਹ ਵਿਅਕਤੀ ਕੋਈ ਓਪਰਾ ਹੀ ਕਿਉਂ ਨਾਂ ਹੋਵੇ। ਹਰ ਇੱਕ ਨੂੰ ਚੰਗੀ ਸੇਧ ਦਿਆ ਕਰਦੇ ਸੀ ਅਤੇ ਕਿਸੇ ਦੇ ਨਾਲ ਵੈਰ-ਵਿਰੋਧ ਨਹੀਂ ਸੀ ਕਰਦੇ। ਦੇਸ ਪ੍ਰਦੇਸ ਜਿੱਥੇ ਵੀ ਇਹ ਰਹੇ ਇਹ ਗੁਰੂ ਘਰਾਂ ਅਤੇ ਗੁਰਮਤਿ ਸਮਾਗਮਾਂ ਵਿੱਚ, ਗੁਰ-ਸ਼ਬਦ ਦੀ ਵਿਆਖਿਆ ਕਰਦੇ ਹੁੰਦੇ ਸਨ। ਕਥਾ ਕਰਨੀ ਜਾਂ ਵਿਆਹਾਂ ਸਮੇਂ ਲੈਕਚਰ ਕਰਨੇ ਇਹ ਇਹਨਾਂ ਦੇ ਮਨ ਦਾ ਵੇਗ ਇਤਫਾਕੀਆ ਸ਼ੌਕ ਹੁੰਦਾ ਸੀ ਅਤੇ ਲੋਕੀ ਵੀ ਗੁਰਮਤਿ ਵਿਚਾਰਾਂ ਨੂੰ ਸੁਣਕੇ ਬਹੁਤ ਪ੍ਰਭਾਵਿਤ

ਹੋਇਆ ਕਰਦੇ ਸਨ।

ਕੰਮ ਕੀਤਿਆਂ ਬਿਨਾ ਘਰ ਦੀਆਂ ਲੋੜਾਂ ਦੀ ਪੂਰਤੀ ਨਹੀ ਹੋ ਸਕਦੀ ਸੋ ਗ੍ਰਿਸਤ ਦੀ ਗੱਡੀ ਚਲਾਉਣ ਲਈ ਰੋਜ਼ੀ-ਰੋਟੀ ਦਾ ਪ੍ਰਬੰਧ ਹੋਣਾ ਬਹੁਤ ਜਰੂਰੀ ਹੁੰਦਾ ਹੈ। ਇਹਨੀਂ ਆਪਣੇ ਘਰ ਵਿੱਚ ਹੀ ਪਿੰਡ ਜਮਸ਼ੇਰ ਖੰਡ ਬਣਾਉਣ ਲਈ ਮਸ਼ੀਨਾਂ ਲਾਈਆਂ ਅਤੇ ਰਾਬ (ਸ਼ੀਰਾ) ਦੀਆਂ ਮੱਟੀਆਂ ਘਰ ਦੇ ਵਿੱਚ ਭਰੀਆਂ ਰਹਿੰਦੀਆਂ ਸਨ। ਕੁੱਝ ਸਮਾਂ ਵਪਾਰ ਚੰਗਾ ਚੱਲਦਾ ਰਿਹਾ ਪਰ ਇੱਕ ਸਮੇਂ ਕਿਸੇ ਕਾਰਣ ਮੱਟੀਆਂ'ਚ ਭਰੀ ਹੋਈ ਰਾਬ ਖਰਾਬ ਹੋ ਗਈ ਅਤੇ ਕਾਰੋਵਾਰ ਬੰਦ ਕਰਨਾ ਪਿਆ ਅਤੇ ਇਹਨਾਂ ਨੂੰ ਕਾਫ਼ੀ ਘਾਟਾ ਪੈ ਗਿਆ। ਇਸਤੋਂ ਬਾਦ ਕਈ ਸਾਲਾਂ ਤੱਕ ਇਹ ਜਲੰਧਰ ਸ਼ਹਿਰ ਵਿੱਚ ਖੇਡਾਂ ਦਾ ਸਮਾਨ ਬੇਚਣ ਦਾ ਵੀ ਵਪਾਰ ਕਰਦੇ ਰਹੇ ਪਰ ਉਸ ਵਿੱਚ ਵੀ ਬਹੁਤੀ ਕਾਮਯਾਬੀ ਹਾਸਿਲ ਨਹੀਂ ਹੋਈ। ਕਈ ਇਨਸਾਨ ਅਜਿਹੇ ਵੀ ਹੁੰਦੇ ਹਨ ਜੋ ਮਿੱਟੀ ਨੂੰ ਵੀ ਹੱਥ ਪਾ ਲੈਣ ਤਾਂ ਸੋਨਾ ਬਣ ਜਾਇਆ ਕਰਦਾ ਹੈ ਪਰ ਪਿਤਾ ਜੀ ਦਾ ਮੁਕੱਦਰ ਸ਼ਾਇਦ ਇਤਨਾ ਪ੍ਰਗਤੀਸ਼ੀਲ ਨਹੀ ਸੀ। ਕੰਮਾ ਕਾਰਾਂ ਦੀ ਨਿਰਾਸਤਾ ਨੇ ਘੜੀ ਪੱਲ ਲਈ ਇਹਨਾਂ ਨੂੰ ਮਾਯੂਸ ਭਾਵੇਂ ਕਰ ਦਿਤਾ ਹੋਵੇ ਪਰ ਮੁੜ ਹੰਭਲਾ ਮਾਰ ਕੇ ਉਸਾਰੂ ਸੋਚ ਨਾਲ ਇਹਨਾਂ ਦਾ ਅਗਾਂਹ ਵਧ ਜਾਣਾ ਉਸ ਦਾਤੇ ਦੀ ਕਿਸੇ ਸ਼ਕਤੀ ਦਾ ਕਰਿਸ਼ਮਾ ਵਰੋਸਾਇਆ ਹੀ ਸਮਝਣਾ ਚਾਹੀਦਾ ਹੈ। ਉਸ ਦਾਤੇ ਦੀ ਮੇਹਰ ਅਤੇ ਆਸ ਨੂੰ ਲੈ ਕੇ ਅਗਾਂਹ ਵੱਧਦੇ ਚਲੇ ਗਏ।

ਸੰਨ 1947 ਵਿੱਚ ਹਿੰਦੁਸਤਾਨ ਅਤੇ ਪਾਕਿਸਤਾਨ ਦੀ ਵੰਡ ਨੂੰ ਲੈ ਕੇ ਪੰਜਾਬ ਦੇ ਲੋਕਾਂ'ਚ ਫ਼ਿਰਕੂ ਫ਼ਸਾਦ ਆਰੰਭ ਹੋ ਗਏ। ਇਸ ਸਮੇਂ ਪਿਤਾ ਜੀ ਆਪਣੇ ਪਿੰਡ ਜਮਸ਼ੇਰ ਹੀ ਸਨ ਅਤੇ ਇਹਨਾਂ ਦੇ ਗੁਆਂਢ ਘਰ ਜੋ ਕਿ ਮਿਸਤਰੀ ਗਿਆਨ ਸਿੰਘ ਹੋਰਾਂ ਦਾ ਸੀ ਉਹਨਾਂ ਦੇ ਚੁਬਾਰੇ ਉੱਤੇ ਨਗਾਰਾ ਰਖਿੱਆ ਹੁੰਦਾ ਸੀ ਤਾਂ ਕਿ ਦੁਸ਼ਮਣ ਦੀ ਭਿਣਕ ਪੈਂਦਿਆਂ ਹੀ ਨਗਾਰਾ ਵਜਾਇਆ ਜਾਵੇ ਅਤੇ ਨਜਦੀਕ ਦੇ ਪਿੰਡਾਂ ਦੇ ਲੋਕਾਂ ਨੂੰ ਦੁਸ਼ਮਨ ਦੇ ਆਉਣ ਅਤੇ ਹੱਲੇ ਕਰਨ ਵਾਰੇ ਪਤਾ ਲੱਗ ਸਕੇ। ਸਾਡੇ ਵੇਹੜੇ ਵਿੱਚ ਹੀ ਕ੍ਰਿਪਾਨਾਂ ਅਤੇ ਬਰਛੇ ਬਨਾਉਣ ਦਾ ਕੰਮ ਆਰੰਭਿਆ ਹੋਇਆ ਸੀ। ਨੌਜਵਾਨਾਂ ਨੂੰ ਠੀਕਰੀ ਪਹਿਰੇ ਤੇ ਰਹਿਣ ਦੇ ਉਦੇਸ਼ ਦਿੱਤੇ ਜਾਣ ਲੱਗ ਪਏ। ਜਦੋਂ ਮੁਸਲਮਾਨਾਂ ਨੇ ਆਪਣੇ ਲੋਕਾਂ ਨੂੰ ਵੱਢ ਵੱਢ ਕੇ ਰੇਲ ਗੱਡੀਆਂ ਰਾਹੀਂ ਪਾਕਿਸਿਤਾਨ ਤੋਂ ਪੰਜਾਬ ਲਾਸ਼ਾਂ ਭੇਜਣੀਆਂ ਸ਼ੁਰੂ ਕੀਤੀਆਂ ਤਾਂ ਇਸ ਸਮੇਂ ਸਿੱਖਾਂ ਵਿੱਚ ਰੋਸ ਅਤੇ ਜੋਸ਼ ਉਬਾਲਾ ਖਾਣ ਲੱਗਾ। ਸਿੱਖਾਂ ਦਾ ਖ਼ੂਨ ਖੌਲਣਾ ਸ਼ੁਰੂ ਹੋਇਆ ਅਤੇ ਇਹਨੀਂ ਵੀ ਵੱਢ ਵਢਾਂਗਾ ਸ਼ੁਰੂ ਕਰ ਦਿੱਤਾ।

ਪਿਤਾ ਜੀ ਵੀ ਆਪਣੇ ਸੰਗੀ ਸਾਥੀਆਂ ਦੇ ਨਾਲ ਆਪਣੀ ਜੁੰਮੇਵਾਰੀ ਨੂੰ ਨਿਭਾਉਂਦੇ ਰਹੇ। ਪਿੰਡਾ ਵਿੱਚੋਂ ਮੁਸਲਮਾਨ ਪਾਕਿਸਤਾਨ ਵੱਲ ਜਾਣੇ ਸ਼ੁਰੂ ਹੋ ਗਏ,

ਕੁੱਝ ਪਿੰਡਾਂ ਦੇ ਲੋਕਾਂ ਨੇ ਆਪਣੇ ਪਿੰਡਾਂ ਦੇ ਵਸਨੀਖ ਮੁਸਲਮਾਨਾਂ ਦੀ ਮਦਦ ਵੀ ਕੀਤੀ। ਪਰ ਜੋ ਦੁਰਦਸ਼ਾ ਪਾਕਿਸਤਾਨ ਤੋਂ ਆਉਣ ਵੇਲੇ ਸਿੱਖ ਪਰਿਵਾਰਾਂ ਦੀ ਮੁਸਲਮਾਨਾਂ ਨੇ ਕੀਤੀ ਉਸਨੂੰ ਬਿਆਨ ਕਰਨਾ ਬਹੁਤ ਕਠਿੱਨ ਹੈ। ਮਾਤਾ ਪਿਤਾ ਦੇ ਸਾਹਮਣੇ ਉਹਨਾਂ ਦੀਆਂ ਧੀਆਂ ਭੈਣਾ ਦੀ ਪੱਤ ਲੁੱਟੀ ਜਾਣੀ ਕਿੱਡੀ ਵਹਿਸ਼ੀਪੁਣੇ ਦੀ ਕਰਤੂਤ ਕਹੀ ਜਾ ਸਕਦੀ ਹੈ। ਟੱਬਰਾਂ ਦੇ ਟੱਬਰ ਉਜੱੜ ਗਏ ਜਮੀਨਾ ਜਾਇਦਾਦਾਂ ਖੇਰੂ ਖੇਰੂ ਹੋ ਗਈਆਂ। ਕਈ ਸਿੱਖ ਵੀਰਾਂ ਨੇ ਆਪਣੀਆਂ ਲੜਕੀਆਂ ਦੀ ਪੱਤ ਬਚਾਉਣ ਦੀ ਖਾਤਿਰ ਉਹਨਾਂ ਨੂੰ ਮਜਬੂਰਨ ਮਾਰ ਦਿੱਤਾ, ਪਤਾ ਨਹੀਂ ਉਹਨਾਂ ਦੇ ਦਿਲ ਦਿਮਾਗ ਤੇ ਉਸ ਸਮੇਂ ਕਿਹੋ ਜਿਹੀ ਸੋਚ ਕੰਮ ਕਰਦੀ ਹੋਵੇਗੀ। ਉਸ ਸਮੇਂ ਅੱਤ ਦੀ ਹਨੇਰੀ ਝੁੱਲਣ ਲੱਗੀ, ਪਤਾ ਨਹੀਂ ਕਿਹੋ ਜਿਹੀ ਕਰੋਪੀ ਦਾ ਇਹ ਸਿੱਟਾ ਸਾਹਮਣੇ ਆਇਆ ਜਦੋਂ ਕਿ ਅਨਭੋਲ ਬੱਚੇ ਬੱਚੀਆਂ ਅਤੇ ਸ਼ਰੀਫ ਲੋਕ ਆਪਣੀਆਂ ਜਿੰਦਾ ਅਜਾਈਂ ਹੀ ਗੁਆ ਬੈਠੇ। ਹਿੰਦੁਸਤਾਨ ਦੇ ਟੁਕੜੇ ਕੀ ਹੋਏ ਇਹ ਤਾਂ ਮਨੁੱਖੀ ਕਦਰਾਂ ਕੀਮਤਾਂ ਦਾ ਘਾਣ ਕਰਨ ਵਾਲੇ ਅਖੌਤੀ ਲੋਕਾਂ ਦੀ ਪਸ਼ੂ ਵਿਰਤੀ ਦਾ ਪ੍ਰਗਟਾਵਾ ਕਹਿਣਾ ਚਾਹੀਦਾ ਹੈ।

ਬਟਵਾਰਾ ਅਗਰ ਹੋਣਾ ਹੀ ਸੀ ਤਾਂ ਕਿਸੇ ਚੰਗੀ ਸੋਚ ਅਧੀਨ ਕੀਤਾ ਜਾਂਦਾ ਤਾਂ ਸ਼ਾਇਦ ਅਨੇਕਾਂ ਜਿੰਦਾਂ ਅਜਾਈਂ ਨਾ ਜਾਂਦੀਆਂ। ਮੈਨੂੰ ਆਪਣੇ ਪਿਤਾ ਜੀ ਦੇ ਨਾਲ ਲਾਹੌਰ ਸ਼ਹਿਰ ਜਾਣ ਦਾ ਦੋ ਵਾਰ ਮੌਕਾ ਮਿਲਿਆ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਅਸਥਾਨ ਲਾਹੌਰ ਵਿਖੇ ਡੇਰਾ ਸਾਹਿਬ ਗੁਰਦੁਆਰਾ ਮਹਾਰਾਜਾ ਰਣਜੀਤ ਸਿੰਘ ਨੇ ਬਣਾਇਆ ਸੀ। ਇਸ ਗੁਰਦੁਆਰੇ ਵਿੱਚ ਗੁਰੂ ਦੇ ਵਜ਼ੀਰ ਗ੍ਰੰਥੀ ਸਾਹਿਬਾਨ ਸਰਦਾਰ ਹਰੀ ਸਿੰਘ ਹੁੰਦੇ ਸਨ ਜਿਹਨਾਂ ਦੇ ਤਲਕਾਤ ਮੁਹੰਮਦ ਅਲੀ ਜਿਨਾਹ ਦੇ ਨਾਲ ਚੰਗੇ ਰਹੇ ਸਨ। ਉਸ ਸਮੇਂ ਸਰਦਾਰ ਹਰੀ ਸਿੰਘ ਐਸ.ਜੀ.ਪੀ.ਸੀ. ਦੇ ਕਮੇਟੀ ਮੈਂਬਰ ਹੁੰਦੇ ਸਨ। ਇਹਨੀਂ ਪਾਕਿਸਤਾਨ ਅਤੇ ਹਿੰਦੁਸਤਾਨ ਦੇ ਬਟਵਾਰੇ ਵਾਰੇ ਬਹੁਤ ਵਿਸਥਾਰ ਸਹਿਤ ਸਾਨੂੰ ਦੱਸਿਆ ਸੀ ਕਿ ਉਸ ਸਮੇਂ ਦੀ ਹਕੀਕਤ ਕੀ ਸੀ। ਉਹਨਾਂ ਨੇ ਕਿਹਾ ਕਿ ਉਹ ਆਪਸੀ ਵੱਢ-ਟੁੱਕ ਦੇ ਹਿਮਾਇਤੀ ਨਹੀ ਸਨ ਅਤੇ ਇਸੇ ਸੋਚ ਨੂੰ ਲੈ ਕੇ ਉਹਨੀਂ ਜਿਨਾਹ ਦੇ ਨਾਲ ਗੱਲਬਾਤ ਵੀ ਕੀਤੀ ਸੀ ਅਤੇ ਜਿਨਾਹ ਵੀ ਇਸ ਗੱਲ ਦੇ ਹੱਕ ਵਿੱਚ ਸਹਿਮਤੀ ਪ੍ਰਗਟਾਉਂਦੇ ਸਨ ਕਿ ਕਿਸੇ ਹੋਰ ਤਰੀਕੇ ਦੇ ਨਾਲ ਸਮੱਸਿਆ ਨੂੰ ਸੁਲਝਾਣਾ ਚਾਹੀਦਾ ਹੈ। ਪਰ ਇਸ ਗੱਲ ਦਾ ਜਦੋਂ ਮਾਸਟਰ ਤਾਰਾ ਸਿੰਘ ਨੂੰ ਪਤਾ ਲੱਗਾ ਤਾਂ ਉਹਨੀਂ ਇਸ ਗੱਲ ਦਾ ਬਹੁਤ ਇਤਰਾਜ਼ ਜਿਤਾਇਆ ਸੀ ਅਤੇ ਇਨ੍ਹਾਂ ਨੂੰ ਕਮੇਟੀ ਦਾ ਮੈਂਬਰ ਹੋਣ ਦੇ ਨਾਤੇ ਜਿਨਾਹ ਹੋਰਾਂ ਦੇ ਨਾਲ ਗੱਲ ਕਰਨੀ ਯੋਗ ਨਹੀਂ ਸਮਝੀ ਸੋ ਤੈਸ਼ ਵਿੱਚ ਆ ਕੇ ਮਾਸਟਰ ਤਾਰਾ ਸਿੰਘ ਜੀ ਨੇ ਹਰੀ ਸਿੰਘ ਦੀ ਹੋਂਦ ਨੂੰ ਖਤਮ ਕਰਨ ਦਾ ਇਰਾਦਾ ਬਣਾ ਲਿਆ ਸੀ ਅਤੇ

ਇਨ੍ਹਾਂ ਨੂੰ ਫੜਨ ਲਈ ਬੰਦੇ ਭੇਜ ਦਿੱਤੇ ਗਏ ਸੀ। ਇਸ ਗੱਲ ਦੀ ਭਿਣਕ ਜਦੋਂ ਇਨ੍ਹਾਂ ਦੀ ਮਾਤਾ ਜੀ ਦੇ ਕੰਨੀ ਪਈ, ਉਹਨੀਂ ਆਪਣੇ ਪੁੱਤਰ ਦੇ ਪੈਰਾਂ ਤੇ ਸਿਰ ਰੱਖ ਕੇ ਬੇਨਤੀ ਕੀਤੀ ਕਿ ਬਰਖੁਰਦਾਰ ਤੂੰ ਇੱਥੋਂ ਕਿਤੇ ਚਲੇ ਜਾ ਸੋ ਮਾਤਾ ਦੀ ਕੁਰਲਾਹਟ ਨੂੰ ਦੇਖਦਿਆਂ ਇਹਨੀਂ ਆਪਣੇ ਪਿੰਡ ਨੂੰ ਛੱਡ ਦਿੱਤਾ ਅਤੇ ਲਾਹੌਰ ਪਹੁੰਚ ਗਏ।

ਪਾਕਿਸਤਾਨ ਹਕੂਮਤ ਨੇ ਜਿਨਾਹ ਨੂੰ ਸਰਦਾਰ ਹਰੀ ਸਿੰਘ ਦੇ ਪਹੁੰਚਣ ਦੀ ਖਬਰ ਭੇਜ ਦਿੱਤੀ ਜੋ ਉਸ ਵੇਲੇ ਕਰਾਚੀ ਸ਼ਹਿਰ ਦੇ ਵਿੱਚ ਠਹਿਰੇ ਹੋਏ ਸਨ। ਖਬਰ ਦੇਣ ਵਾਲਿਆਂ ਨੂੰ ਜਿਨਾਹ ਨੇ ਕਿਹਾ ਕਿ ਇਹ ਸਾਡਾ ਪਨਾਹਗੀਰ ਹੈ ਸੋ ਇਸਦੀ ਦੇਖ-ਰੇਖ ਦੇ ਵਿੱਚ ਕੋਈ ਕੁਤਾਹੀ ਨਹੀ ਹੋਣੀ ਚਾਹੀਦੀ। ਇਸ ਬਟਵਾਰੇ ਤੋਂ ਬਾਦ ਸਰਦਾਰ ਹਰੀ ਸਿੰਘ ਹਮੇਸ਼ਾਂ ਲਈ ਪਾਕਿਸਤਾਨ ਦੇ ਵਸਿੰਦੇ ਬਣ ਕੇ ਰਹਿ ਗਏ। ਕਈ ਇਤਿਹਾਸਕ ਤੱਥ ਅਜਿਹੇ ਹਨ ਕਿ ਜਿਨ੍ਹਾਂ ਨੂੰ ਫਰੋਲਣ ਦੇ ਨਾਲ ਆਪਣੇ ਅੰਧਰੂਨੀ ਜਖਮ ਮੁੜ ਸਿੰਮਣ ਲੱਗ ਪੈਣੇ ਸੁਭਾਵਿਕ ਗੱਲ ਹੈ। ਜਿਵੇਂ ਦੱਬੇ ਹੋਏ ਮੁਰਦੇ ਨੂੰ ਪੁਟੱਣ ਦਾ ਕੋਈ ਲਾਭ ਨਹੀ ਹੁੰਦਾ ਇਸੇ ਤਰਾਂ ਇਤਿਹਾਸ ਦੇ ਇਹਨਾਂ ਖੂਨੀ ਪੰਨਿਆਂ ਨੂੰ ਫਰੋਲ਼ਨ ਦੇ ਨਾਲ ਕਿਸੇ ਦੇ ਮਨ ਨੂੰ ਕੋਈ ਸਕੂਨ ਨਹੀ ਮਿਲ ਸਕਦਾ। ਸਰਦਾਰ ਹਰੀ ਸਿੰਘ ਦਾ ਸਹਿਕਦਾ ਦਰਦ ਹਮੇਸ਼ਾਂ ਲਈ ਮਨੂਰ ਬਣ ਕੇ ਉਨ੍ਹਾਂ ਦੀ ਜਿੰਦਗੀ ਦੇ ਸਫਰ ਦੌਰਾਨ ਰਿਸਕਦਾ ਹੀ ਰਿਹਾ। ਇਸ ਦਰਦਨਾਕ ਖੂਨੀ ਕਾਂਡ ਦਾ ਕਿਸਨੂੰ ਜੁੰਮੇਵਾਰ ਠਹਿਰਾਇਆ ਜਾਵੇ ਇਸ ਗੁੰਝਲ ਨੂੰ ਉਹ ਦਾਤਾ ਆਪੇ ਹੀ ਖੋਹਲਣ ਦੇ ਸਮਰਥ ਹੈ।

ਹਿੰਦੁਸਤਾਨ ਦੇ ਬਟਵਾਰੇ ਸਮੇਂ ਦੱਸਦੇ ਹਨ ਕਿ ਮੈਂ ਬਹੁਤ ਛੋਟਾ ਸੀ ਜਦੋਂ ਮੇਰੀ ਨਾਨੀ ਜੀ ਪੰਜਾਬ ਆਏ ਹੋਏ ਸਨ ਸੋ ਹਾਲਾਤਾਂ ਦੀ ਗੰਭੀਰਤਾ ਨੂੰ ਘੋਖਦਿਆਂ ਉਹ ਮੈਨੂੰ ਅਤੇ ਮੇਰੀ ਮਾਤਾ ਜੀ ਨੂੰ ਆਪਣੇ ਨਾਲ ਅਹਿਮਦਾਬਾਦ ਲੈ ਗਏ ਸਨ। ਦਿਨ ਬ ਦਿਨ ਹਾਲਾਤ ਬਿਗੜਦੇ ਗਏ, ਪੰਜਾਬ ਅਤੇ ਪਾਕਿਸਤਾਨ ਦੇ ਵਿੱਚ ਕਤਲੋਗਾਰਤ ਜ਼ੋਰ ਫ਼ੜਨ ਲੱਗੀ, ਉਧੱਰ ਆਪਣੇ ਪਿਤਾ ਦੇ ਵਿਛੋੜੇ ਦੇ ਸਦਮੇ ਨੇ ਮੇਰੀ ਹਾਲਤ ਗੰਭੀਰ ਕਰ ਦਿੱਤੀ। ਮੇਰੇ ਨਾਨਾ ਅਤੇ ਨਾਨੀ ਜੀ ਨੂੰ ਫਿਕਰ ਪੈ ਗਿਆ ਕਿ ਇਸ ਬੱਚੇ ਨੂੰ ਕੁੱਝ ਹੋ ਨਾ ਜਾਵੇ ਇਸਦੀ ਵਿਗੜ ਰਹੀ ਹਾਲਤ ਵਾਰੇ ਜਮਸ਼ੇਰ ਇਤਲਾਹ ਦੇਣੀ ਬਹੁਤ ਜਰੂਰੀ ਹੈ। ਇਹਨਾਂ ਦਿਨਾਂ ਵਿੱਚ ਹੀ ਪਾਕਿਸਤਾਨ ਤੋਂ ਕਰਾਚੀ ਵੱਲ ਦੀ ਹੁੰਦੇ ਹੋਏ ਜਮਸ਼ੇਰ ਦੇ ਦੋ ਨਿਧੜਕ, ਗਭਰੂ ਆਪਣੀ ਮਾਤਾ ਜੀ ਨਾਲ ਅਹਿਮਦਾਬਾਦ ਪਹੁੰਚੇ ਜਿਹਨਾਂ ਦੇ ਹੱਥੀਂ ਨਾਨਾ ਜੀ ਨੇ ਮੇਰੇ ਵਾਰੇ ਜਮਸ਼ੇਰ ਸੁਨੇਹਾ ਭੇਜਿਆ। ਇਹਨੀਂ ਦਿਨੀਂ ਰੇਲ ਗੱਡੀਆਂ ਦਾ ਸਫ਼ਰ ਵੀ ਖਤਰੇ ਤੋਂ ਖਾਲੀ ਨਹੀਂ ਸੀ, ਪਰ ਫਿਰ ਵੀ ਪਿਤਾ ਜੀ ਕਈ ਤਰਹ ਦੀਆਂ ਤੰਗੀਆਂ ਅਤੇ ਖਾਣ-ਪੀਣ

ਦੀ ਅਵਾਜ਼ਾਰੀ ਬਰਦਾਸ਼ਤ ਕਰਦੇ ਹੋਏ ਕਈ ਦਿਨਾਂ ਦੇ ਸਫ਼ਰ ਤੋਂ ਬਾਦ ਅਹਿਮਦਾਬਾਦ ਪਹੁੰਚ ਗਏ। ਇਹਨਾਂ ਦੇ ਆਉਣ ਦੇ ਨਾਲ ਮੇਰੀ ਹਾਲਤ ਠੀਕ ਹੋਣੀ ਸ਼ੁਰੂ ਹੋ ਗਈ। ਜਦੋਂ ਪੰਜਾਬ ਦੇ ਹਾਲਾਤ ਕੁੱਝ ਸੁਖਾਵੇਂ ਹੋਏ ਤਾਂ ਪਿਤਾ ਜੀ ਆਪਣੇ ਪਰਿਵਾਰ ਸਮੇਤ ਵਾਪਿਸ ਜਮਸ਼ੇਰ ਆ ਗਏ।

## ਯੂ.ਪੀ. ਵਿੱਚ ਜ਼ਮੀਨ ਖਰੀਦਣੀ

ਦੁੱਗਲ ਪਰਿਵਾਰ ਦੀ ਆਪਣੀ ਜਮੀਨ ਦੇ ਆਸ ਪਾਸ ਦੇ ਖੂਹਾਂ ਦੇ ਜਿਮੀਦਾਰਾਂ ਨਾਲ ਪਿਤਾ ਜੀ ਦੀ ਚੋਖੀ ਮਿਤੱਰਤਾ ਸੀ। ਇੱਕ ਵਾਰ ਇਹ ਆਪਣੇ ਮਿਤੱਰਾਂ ਸਰਦਾਰ ਕਰਨੈਲ ਸਿੰਘ, ਸਰਦਾਰ ਜੋਗਿੰਦਰ ਸਿੰਘ, ਸਰਦਾਰ ਸੋਹਨ ਸਿੰਘ ਅਤੇ ਸਰਦਾਰ ਦਿਲਬਾਗ ਸਿੰਘ ਦੇ ਨਾਲ ਯੂ.ਪੀ. ਜ਼ਮੀਨ ਖਰੀਦਣ ਗਏ। ਇਨ੍ਹਾਂ ਦੇ ਮਿੱਤਰਾਂ ਦਾ ਇਨ੍ਹਾਂ ਤੇ ਬਹੁਤ ਭਰੋਸਾ ਸੀ ਅਤੇ ਆਪਣੇ ਸਾਰੇ ਸੰਗੀ-ਸਾਥੀਆਂ ਵਿੱਚੋਂ ਇਹੋ ਜਿਆਦਾ ਪੜੇ ਲਿਖੇ ਹੋਣ ਕਾਰਣ ਉਹਨੀ ਜ਼ਮੀਨ ਦੀ ਖਰੀਦੋ-ਫ਼ਰੋਖਤ ਦੀ ਜੁੰਮੇਵਾਰੀ ਇਨ੍ਹਾਂ ਨੂੰ ਹੀ ਸੌਂਪ ਦਿੱਤੀ। ਇਹਨੀਂ ਸਾਰਿਆਂ ਨੇ ਰਲ੍ਕੇ ਤਿੰਨ ਪਿੰਡਾ ਦੀ ਜਮੀਨ ਖਰੀਦੀ ਅਤੇ ਮਿੱਤਰਾਂ ਦੇ ਕਹਿਣ ਤੇ ਜਮੀਨ ਦੀ ਰਜਿਸਟਰੀ ਪਿਤਾ ਜੀ ਹੋਰਾਂ ਦੇ ਨਾਮ ਤੇ ਕਰਵਾ ਦਿੱਤੀ। ਇਹ ਇਲਾਕਾ ਬਹੁਤ ਖਤਰਨਾਕ ਸੀ, ਆਲੇ ਦੁਵਾਲੇ ਜੰਗਲ ਹੀ ਜੰਗਲ ਸਨ ਅਤੇ ਜੰਗਲੀ ਜਾਨਵਰ ਆਮ ਜੰਗਲ ਵਿੱਚ ਘੁੰਮਦੇ ਫਿਰਦੇ ਨਜਰੀ ਪੈ ਜਾਂਦੇ ਸਨ। ਕਹਿੰਦੇ ਹਨ ਕਿ ਇੱਕ ਦਿਨ ਦੀ ਗੱਲ ਹੈ ਕਿ ਇਹ ਇੱਕਠੇ ਆਪਣੀ ਰਿਹਾਇਸ਼ੀ ਜਗ੍ਹਾ ਵੱਲ ਜਾ ਰਹੇ ਸਨ ਕਿ ਅਚਾਨਕ ਹੀ ਰਸਤੇ ਦੇ ਵਿੱਚ ਇਹਨਾਂ ਨੂੰ ਇੱਕ ਸ਼ੇਰ ਆਪਣਾ ਫੜਿਆ ਹੋਇਆ ਸ਼ਿਕਾਰ ਖਾਂਦਾ ਨਜ਼ਰ ਆਇਆ।

ਡਰ ਦੇ ਕਾਰਣ ਇਹਨਾਂ ਦੇ ਪਸੀਨੇ ਤਾਂ ਜਰੂਰ ਛੁੱਟ ਗਏ ਅਤੇ ਸਾਰੇ ਮਿੱਤਰ ਬਹੁਤ ਘਬਰਾ ਵੀ ਗਏ। ਆਖਿਰ ਪਿਤਾ ਜੀ ਨੇ ਇਹਨਾਂ ਨੂੰ ਕੁੱਝ ਢਾਰਸ ਦਿੱਤੀ ਅਤੇ ਕਿਹਾ ਕਿ ਜੋ ਹੋਣਾ ਹੈ ਉਹ ਤਾਂ ਹੋਣਾ ਹੀ ਹੈ ਉਸ ਤੋਂ ਆਪਾਂ ਬਚ ਨਹੀਂ ਸਕਦੇ। ਇਸ ਵਕਤ ਸ਼ੇਰ ਆਪਣੇ ਸ਼ਿਕਾਰ ਵਿੱਚ ਮਸਤ ਹੈ ਸੋ ਆਪਾਂ ਹੌਲੀ ਹੌਲੀ ਲੰਘ ਸਕਦੇ ਹਾਂ ਅਤੇ ਆਉ ਆਪਾਂ ਲੰਘਣ ਦੀ ਕੋਸ਼ਿਸ਼ ਕਰੀਏ। ਉਹ ਸਾਰੇ ਇਹਨਾਂ ਦੇ ਨਾਲ ਤੁਰ ਪਏ ਅਤੇ ਸਾਰਾ ਪੈਂਡਾ ਹੌਲੀ ਹੌਲੀ ਇਹਨੀਂ ਤਹਿ ਕਰ ਲਿਆ। ਰਸਤਾ ਪਾਰ ਕਰਕੇ ਇਹਨਾਂ ਦਾ ਸਾਹ ਵਿੱਚ ਸਾਹ ਆਇਆ, ਫਿਰ ਕੀ ਸੀ ਸਾਰੇ ਆਪਣੀ ਬਹਾਦਰੀ ਦੇ ਗੁਣ ਗਾਉਣ ਲੱਗ ਪਏ। ਇਹ ਕਈ ਬਾਰ ਜੰਗਲੀ ਸੂਰ ਦਾ ਸ਼ਿਕਾਰ ਵੀ ਕਰਿਆ ਕਰਦੇ ਸਨ, ਪਰ ਉੱਥੇ ਦੀ ਵਸੋਂ ਘੱਟ ਹੋਣ ਕਾਰਣ ਜੰਗਲੀ ਜਾਨਵਰਾਂ ਤੋਂ ਖਤਰਾ ਰਹਿੰਦਾ ਸੀ। ਕੁੱਝ ਸਮਾਂ ਇਹ ਸਾਰੇ ਉੱਥੇ ਹੀ ਰਹੇ

ਫਿਰ ਕਾਗਜ਼ਾਤ ਮੁਕੰਮਲ ਕਰਵਾ ਕੇ ਇਹ ਵਾਪਿਸ ਜਮਸ਼ੇਰ ਆ ਗਏ। ਅਹਿਮਦਾਬਾਦ ਜਾਣ ਤੋਂ ਪਹਿਲਾਂ ਇਹਨੀਂ ਆਪਣੇ ਮਿੱਤਰਾਂ ਦੀ ਜ਼ਮੀਨ ਦਾ ਹਿੱਸਾ ਬੇਚਕੇ ਉਹਨਾਂ ਦੀ ਰਕਮ ਮੋੜ ਦਿੱਤੀ ਸੀ ਅਤੇ ਇਹਨਾਂ ਨੇ ਆਪਣਾ ਹਿੱਸਾ ਵੈਸੇ ਹੀ ਅਛੋਹ ਰਹਿਣ ਦਿੱਤਾ ਸੀ। ਅੱਜਤੱਕ ਬਾਕੀ ਦੀ ਇੱਕ ਪਿੰਡ ਦੀ ਜ਼ਮੀਨ ਪਿਤਾ ਜੀ ਹੋਰਾਂ ਦੇ ਨਾਮ ਤੇ ਬੋਲ੍ਹਦੀ ਹੈ। ਇੱਕ ਦੋ ਵਾਰ ਉਸ ਪਿੰਡ ਦੇ ਮੋਹਤਵਾਰ ਸੱਜਨਾ ਨੇ ਸੁਨੇਹੇ ਵੀ ਭੇਜੇ ਕਿ ਉਹ ਜਮੀਨ ਉਹਨਾਂ ਦੇ ਨਾਮ ਤੇ ਕਰਵਾ ਦੇਣ ਪਰ ਇਹਨੀਂ ਲਿਖਤੀ ਤੌਰਤੇ ਉਹਨਾਂ ਨੂੰ ਸੁਨੇਹਾ ਭੇਜ ਦਿੱਤਾ ਸੀ ਕਿ ਬਿਨਾ ਝਿਜਕ ਉਹ ਉਸ ਪਿੰਡ ਦੇ ਵਿੱਚ ਰਹਿ ਸਕਦੇ ਹਨ। ਇਹ ਜਮੀਨ ਉਹਨਾਂ ਦੀ ਮਲਕੀਅਤ ਹੀ ਰਹੇਗੀ ਮੈਂ ਸੱਭ ਕੁੱਝ ਉਹਨਾਂ ਲਈ ਛੱਡ ਦਿੱਤਾ ਹੈ। ਇਹ ਮਿਸਾਲ ਜਿੰਦਾਦਿਲੀ ਅਤੇ ਫ਼ਰਾਖਦਿਲ੍ਹੀ ਦਾ ਪ੍ਰਗਟਾਵਾ ਨਹੀਂ ਕਰਦੀ ਤਾਂ ਹੋਰ ਇਸਨੂੰ ਕੀ ਕਹਿ ਸਕਦੇ ਹਾਂ। ਇਹ ਜਮੀਨਾ ਜਾਇਦਾਦਾਂ ਪਤਾ ਨਹੀ ਕਿੰਨੇ ਲੋਕਾਂ ਦੇ ਹੱਥੀਂ ਵਿਕੀਆਂ ਹਨ ਵਿਕਦੀਆਂ ਰਹਿੰਦੀਆਂ ਹਨ ਅਤੇ ਵਿਕਦੀਆਂ ਰਹਿਣਗੀਆਂ। ਇਹ ਸੰਸਾਰ ਦੀ ਕਾਰ ਉਸ ਦਾਤੇ ਦੀ ਆਪਣੀ ਰਚੀ ਹੋਈ ਖੇਡ ਹੈ। ਆਖਿਰ ਇਨਸਾਨ ਸਾਰਾ ਕੁੱਝ ਇੱਥੇ ਹੀ ਛੱਡ ਕੇ ਪਰਲੋਕ ਸਿਧਾਰ ਜਾਂਦਾ ਹੈ, ਜਮੀਨਾ ਦੇ ਲਾਲਚ ਨੇ ਦੁਨੀਆਂ ਦੀ ਮਤ ਮਾਰੀ ਹੋਈ ਹੈ ਪਤਾ ਨਹੀਂ ਇਨਸਾਨ ਨੂੰ ਇਸ ਗੱਲ ਦੀ ਸੋਝੀ ਕਦੋਂ ਆਵੇਗੀ ਕਿ ਇਹ ਸਾਰਾ ਕੁੱਝ ਵਿਅਰਥ ਹੈ।

ਨਾਨਾ ਜੀ ਹੋਰਾਂ ਨੇ ਪਿਤਾ ਜੀ ਨੂੰ ਕੰਮ ਕਰਨ ਲਈ ਆਪਣੇ ਪਾਸ ਅਹਿਮਦਾਬਾਦ ਦੁਬਾਰਾ ਸੱਦ ਲਿਆ। ਬੀਬੀ ਜੀ ਰਾਜਿੰਦਰ ਜਸਵਿੰਦਰ ਅਤੇ ਮੈਂ ਅਸੀਂ ਸਾਰੇ ਜਣੇ ਵੀ ਪਿਤਾ ਜੀ ਹੋਰਾਂ ਦੇ ਨਾਲ ਅਹਿਮਦਾਬਾਦ ਚਲੇ ਗਏ। ਸਾਨੂੰ ਅਹਿਮਦਾਬਾਦ ਸਕੂਲਾਂ ਦੇ ਵਿੱਚ ਦਾਖਲ ਕਰਵਾ ਦਿੱਤਾ। ਮੇਰੇ ਛੋਟੇ ਭਰਾ ਰਾਮਿੰਦਰ ਅਤੇ ਛੋਟੀ ਭੇਣ ਪਰਮਿੰਦਰ ਦਾ ਜਨਮ ਅਹਿਮਦਾਬਾਦ ਦਾ ਹੀ ਹੈ। ਇਹ ਦੋਵੇਂ ਛੋਟੇ ਹੁੰਦੇ ਹੋਏ ਕਈ ਸਾਲ ਇੱਥੇ ਪੜਦੇ ਰਹੇ ਸਨ। ਨਾਨਾ ਜੀ ਹੋਰਾਂ ਦੇ ਮਿੱਤਰ ਸਰਦਾਰ ਬਿਸ਼ਨ ਸਿੰਘ ਹੋਰਾਂ ਦਾ ਗੱਡੀਆਂ ਦੇ ਪਿਸਟਨ ਰੀ-ਪਾਵਰਿੰਗ ਕਰਨ ਦਾ ਕਾਰਖਾਨਾ ਸੀ ਜਿਸਨੂੰ ਦ.ਈਸਟਰਨ ਮੋਟਰ ਰੀ-ਪਾਵਰਿੰਗ ਸਰਵਸਿੱਸ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਇਸ ਕਾਰਖਾਨੇ ਵਿੱਚ ਪਿਤਾ ਜੀ ਹੋਰੀਂ 6 ਮਹੀਨੇ ਕੰਮ ਸਿਖਿੱਆ ਅਤੇ ਕੁੱਝ ਚਿਰ ਕੰਮ ਵੀ ਕਰਦੇ ਰਹੇ ਪਰ ਇਸ ਕੰਮ ਨੂੰ ਇਹਨੀਂ ਪਸੰਦ ਨਹੀਂ ਸੀ ਕੀਤਾ। ਕੁੱਝ ਸਾਲਾਂ ਤੋਂ ਬਾਦ ਇਹਨੀਂ ਕਪੜੇ ਦੀ ਮਿੱਲ ਵਿੱਚ ਨੌਕਰੀ ਕਰ ਲਈ, ਕਈ ਸਾਲ ਇਹ ਇਸ ਮਿੱਲ ਵਿੱਚ ਨੌਕਰੀ ਕਰਦੇ ਰਹੇ, ਪਰ ਫਿਰ ਵੀ ਤਨਖਾਹ ਘਰ ਦੇ ਗੁਜ਼ਾਰੇ ਲਈ ਕਾਫ਼ੀ ਨਹੀਂ ਸੀ ਹੁੰਦੀ। ਕੰਮਕਾਰ ਵਿੱਚ ਮੇਹਨਤੀ ਅਤੇ ਇਮਾਨਦਾਰ ਕਿਰਤੀ ਮੰਨੇ ਜਾਂਦੇ ਸਨ। ਕੁੱਝ ਸਮਾਂ ਇਹਨੀਂ ਕੈਲੀਕੋ ਮਿੱਲ ਵਿੱਚ ਬਤੌਰ

ਸੁਪਰਵਾਈਜ਼ਰ ਕੰਮ ਵੀ ਕੀਤਾ ਫ਼ਿਰ ਵੀ ਆਮਦਨ ਬਹੁਤੀ ਜ਼ਿਆਦਾ ਨਹੀਂ ਸੀ। ਸੋ ਇਹਨੀਂ ਨਦੀ ਪਾਰ ਅਮਰਾਇਵਾੜੀ ਇਲਾਕੇ ਵਿੱਚ ਇੱਕ ਹੋਟਲ ਖਰੀਦਿਆ ਅਤੇ ਕਈ ਸਾਲ ਤੱਕ ਇਹ ਉਸ ਹੋਟਲ ਨੂੰ ਚਲਾਉਂਦੇ ਰਹੇ। ਅਹਿਮਦਾਬਾਦ ਆਪਣੇ ਕੰਮਕਾਰ ਤੋਂ ਇਲਾਵਾ ਧਾਰਮਿਕ ਸੁਭਾਵ ਦੇ ਹੋਣ ਕਾਰਣ ਇਹ ਗੁਰਦਆਰੇ ਦੀ ਕਾਰਗੁਜ਼ਾਰੀ'ਚ ਵੀ ਕਾਫ਼ੀ ਦਿਲਚੱਸਪੀ ਰਖਦੇ ਸਨ। ਉਸ ਸਮੇਂ ਮੇਰੇ ਨਾਨਾ ਜੀ ਅਕਾਲੀ ਦੱਲ ਸਾਰੰਗਪੁਰ ਗੁਰਦਆਰੇ ਵਿੱਚ ਖਜ਼ਾਨਚੀ ਦੇ ਤੌਰ ਤੇ ਸੇਵਾ ਨਿਭਾ ਰਹੇ ਸਨ।

ਸੰਗਤਾਂ ਦੇ ਜ਼ੋਰ ਦੇਣ ਤੇ ਕਿ ਕ੍ਰਿਪਾਲ ਸਿੰਘ ਪੜੇ ਲਿਖੇ ਹਨ ਇਹਨਾਂ ਨੂੰ ਸਟੇਜ਼ ਸਕੱਤਰ ਲੈਣਾ ਚਾਹੀਦਾ ਹੈ ਸੋ ਇਹ ਸਟੇਜ਼ ਸੱਕਤਰ ਦੇ ਤੌਰ ਤੇ ਸੇਵਾ ਕਰਦੇ ਰਹੇ। ਮੈਨੂੰ ਯਾਦ ਹੈ ਕਿ ਗੁਰਪੁਰਵ ਦਿਹਾੜੇ ਖੁੱਲੇ ਅਹਾਤੇ ਦੇ ਵਿੱਚ ਮਨਾਏ ਜਾਂਦੈ ਸਨ। ਇੱਕ ਬਾਰ ਪਿਤਾ ਜੀ ਨੇ ਮੈਨੂੰ ਇੱਕ ਸਟੇਜ਼ ਤੇ ਕਵਿਤਾ ਪੜਨ ਲਈ ਕਿਹਾ ਸੀ ਇਹ ਮੇਰਾ ਪਹਿਲਾ ਮੌਕਾ ਸੀ। ਉਸ ਵਕਤ ਮੈਂ ਅੱਠ ਸਾਲਾਂ ਦਾ ਹੋਵਾਂਗਾ, ਬਹੁਤ ਘਬਰਾਇਆ ਹੋਇਆ ਵੀ ਸੀ ਅਤੇ ਡਰ ਵੀ ਲੱਗਦਾ ਸੀ ਪਰ ਪਿਤਾ ਜੀ ਦੇ ਦੋਸਤਾਂ ਵਲੋਂ ਹੱਲਾ ਸ਼ੇਰੀ ਮਿਲਣ ਕਾਰਣ ਮੈਂ ਕਵਿਤਾ ਪੜੀ ਅਤੇ ਮੈਨੂੰ ਸੰਗਤ ਨੇ ਕਿੰਨੇ ਹੀ ਪੈਸੇ ਦਿੱਤੇ ਸਨ। ਉਸਤੋਂ ਬਾਦ ਤਕਰੀਬਨ ਹਰ ਇੱਕ ਗੁਰਪੁਰਵ ਸਮੇਂ ਮੈਂ ਕਵਿਤਾ ਪੜਿਆ ਕਰਦਾ ਸੀ। ਇੱਕ ਬਾਰ ਕਿਸੇ ਵੱਡੇ ਪੰਡਾਲ ਵਿੱਚ ਗੁਰਪੁਰਵ ਮਨਾ ਰਹੇ ਸੀ ਅਤੇ ਪਿਤਾ ਜੀ ਸਟੇਜ਼ ਤੇ ਆਪਣੀ ਡਿਊਟੀ ਦੇ ਰਹੇ ਸੀ। ਉਹਨਾਂ ਦਿਨਾਂ ਵਿੱਚ ਪਤੰਗਬਾਜੀ ਦਾ ਤਿਉਹਾਰ ਸੀ, ਮੈਂ ਮੁੰਡਿਆਂ ਦੇ ਨਾਲ ਪਤੰਗ ਫੜਨ ਚਲੇ ਗਿਆ। ਪਤੰਗ ਕੋਈ ਹੱਥ ਨਾ ਲੱਗੀ ਤਾਂ ਕੁੱਝ ਮੁੰਡਿਆਂ ਨੂੰ ਦੇਖਿਆ ਕਿ ਉਹ ਨਾਲ ਲੱਗਦੀ ਮਸੀਤ ਉੱਤੇ ਚੜੇ ਹੋਏ ਸੀ ਮੈਂ ਉਹਨਾਂ ਨੂੰ ਦੇਖ ਕੇ ਮਸੀਤ ਦੀ ਛੱਤ ਤੇ ਚਲਾ ਗਿਆ। ਸਿਰਫ ਇਹੋ ਯਾਦ ਹੈ ਕਿ ਮੈਂ ਪਤੰਗ ਦੀ ਡੋਰ ਨੂੰ ਹੱਥ ਪਾਇਆ ਸੀ ਕਿ ਧੜੰਮ ਕਰਕੇ ਥੱਲੇ ਡਿਗ ਪਿਆ, ਇਸਤੋਂ ਬਾਦ ਮੈਨੂੰ ਕੁੱਝ ਵੀ ਪਤਾ ਨਹੀਂ ਕਿ ਕੀ ਹੋਇਆ ਸੀ। ਪਿਤਾ ਜੀ ਦੇ ਦੋਸਤ ਮਿੱਤਰ ਮੈਨੂੰ ਜਾਣਦੇ ਹੀ ਸੀ ਉਹਨੀਂ ਪਿਤਾ ਜੀ ਨੂੰ ਜਾ ਕੇ ਦਸਿੱਆ ਉਹ ਸਾਰੇ ਮੈਨੂੰ ਚੁੱਕ ਕੇ ਹਸਪਤਾਲ ਲੈ ਗਏ, ਪਤਾ ਨਹੀਂ ਕਿੰਨੇ ਦਿਨਾਂ ਬਾਦ ਮੈਨੂੰ ਸੁਰਤ ਆਈ ਪਰ ਆਖਿਰ ਮੇਰਾ ਬਚਾ ਹੋ ਗਿਆ। ਇਹ ਵੀ ਰੱਬ ਦੀ ਕੋਈ ਐਸੀ ਵਿਧ ਬਣੀ ਕਿ ਜਦੋਂ ਮੈਂ ਥੱਲੇ ਡਿੱਗਿਆ ਤਾਂ ਥੱਲੇ ਕੱਪੜੇ ਸੁੱਕਣੇ ਪਾਉਣ ਵਾਲੀਆਂ ਤਾਰਾਂ ਬੰਨੀਆਂ ਹੋਈਆਂ ਸਨ ਅਤੇ ਮੈਂ ਉਹਨਾਂ ਉੱਤੇ ਡਿੱਗਦਾ ਡਿੱਗਦਾ ਥੱਲੇ ਜਮੀਨ ਤੇ ਆ ਪਿਆ। ਮੇਰੇ ਸਿਰ ਅਤੇ ਠੋਡੀ ਤੇ ਸੱਟ ਲੱਗੀ ਪਰ ਜਾਨ ਦਾ ਬਚਾਉ ਹੋ ਗਿਆ। ਪਿਤਾ ਜੀ ਨੇ ਗੁਰਦਆਰੇ ਦੀ ਬਣਤਰ ਅਤੇ ਸੰਚਾਲਨ ਵਿੱਚ ਕਾਫ਼ੀ ਸੁਧਾਰ ਲਿਆਂਦਾ ਸੀ ਅਤੇ ਕਈ ਹੋਰ ਗੁਰਦਆਰਿਆਂ ਦੀ ਉਸਾਰੀ

ਵੀ ਆਪਣੀ ਦੇਖ-ਰੇਖ ਹੇਠ ਕਰਵਾਈ ਸੀ। ਇਹਨਾਂ ਦੇ ਮਿੱਤਰ ਜੋ ਹਾਲੇ ਜੀਉਂਦੇ ਹਨ ਉਹ ਇਹਨਾਂ ਵਾਰੇ ਬਹੁਤ ਕੁੱਝ ਸਾਨੂੰ ਦੱਸਦੇ ਰਹੇ ਹਨ ਅਤੇ ਹਮੇਸ਼ਾਂ ਇਹਨਾਂ ਨੂੰ ਯਾਦ ਕਰਦੇ ਰਹਿੰਦੇ ਹਨ।

ਗੁਰੂ ਘਰਾਂ ਦੇ ਵਿੱਚ ਬੇਹਤਰੀਨ ਸੇਵਾ ਨਿਭਾਉਂਦਿਆਂ ਵੀ ਕਈ ਵਾਰ ਕਈ ਬੇਸਮਝ ਲੋਕ ਮੁਖਾਲਫ਼ਤ ਕਰਨ ਤੋਂ ਸੰਕੋਚ ਨਹੀਂ ਕਰਦੇ। ਪਿਤਾ ਜੀ ਦੇ ਨਾਲ ਵੀ ਕਈਆਂ ਦਾ ਅਜਿਹਾ ਵਤੀਰਾ ਬਣਿਆ ਰਿਹਾ ਪਰ ਇਹ ਨਿਧੜਕ ਆਪਣੇ ਗੁਰੂ ਦੇ ਆਸ਼ੇ ਮੁਤਾਬਿਕ ਸੇਵਾ'ਚ ਡਟੇ ਰਹੇ। ਆਂਵ ਲੋਕਾਂ ਦੇ ਖਿਆਲ ਵਿੱਚ ਇਹਨਾਂ ਦੀ ਸਿਆਣਪ ਅਤੇ ਦੂਰਅੰਦੇਸ਼ੀ ਦੀ ਚਰਚਾ ਹੁੰਦੀ ਰਹਿੰਦੀ ਸੀ। ਗੁਰਦੁਆਰਿਆਂ ਵਿੱਚ ਚੰਗੀ ਸੇਵਾ ਭਾਵਨਾ ਰੱਖਣ ਵਾਲਿਆਂ ਅਤੇ ਸੇਵਾਦਾਰਾਂ ਦੀ ਸੇਵਾ ਨੂੰ ਪ੍ਰਵਾਨ ਕਰਨ ਦੀ ਬਜਾਏ ਮੁਖਾਲਫ਼ਤ ਹੀ ਕਰਦੇ ਰਹਿਣਾ ਹੂੜਮਤ ਅਤੇ ਰੱਬ ਤੋਂ ਬੇਮੁਖ ਹੋਣ ਦੀ ਸੰਭਾਵਨਾ ਕਹੀ ਜਾ ਸਕਦੀ ਹੈ। ਇਸਦੀ ਵਜਾ ਸਿਵਾਏ ਆਪਸੀ ਈਰਖਾ, ਧੜ੍ਹੇਵਾਜੀ ਜਾਂ ਜਾਤਪਾਤ ਦੇ ਬੰਧਨਾਂ'ਚ ਜਕੜੇ ਹੋਏ ਲੋਕਾਂ ਦੀ ਸੋਚ ਨੂੰ ਵਿਪਰੀਤ ਬੁੱਧੀ ਨਹੀਂ ਕਹਾਂਗੇ ਤਾਂ ਹੋਰ ਕੀ ਕਿਹਾ ਜਾ ਸਕਦਾ ਹੈ। ਅੱਜ ਵੀ ਅਜਿਹੇ ਵਿਤਕਰੇ ਗੁਰੂ ਘਰਾਂ ਦੇ ਵਿੱਚ ਹੁੰਦੇ ਰਹਿੰਦੇ ਹਨ, ਵਾਹਿਗੁਰੂ ਈਰਖਾਲੂ ਲੋਕਾਂ ਨੂੰ ਸੁੱਮਤ ਬਖਸ਼ੇ ਤਾਂ ਕਿ ਉਹ ਆਪਣੇ ਸਮੇਂ ਨੂੰ ਅਜਾਈਂ ਨਾ ਗੁਆਉਂਦੇ ਹੋਏ ਜੀਵਨ ਦੇ ਸਹੀ ਲਕਸ਼ ਨੂੰ ਸਮਝਣ ਦਾ ਯਤਨ ਕਰਨ।

ਇੱਕ ਵਾਰ ਦੀਵਾਨ ਦੀ ਸਮਾਪਤੀ ਤੋਂ ਉਪਰੰਤ, ਸਰਦਾਰ ਕੇਹਰ ਸਿੰਘ ਜੋ ਬੜੇ ਗੁਰਸਿੱਖ ਸਨ ਉਹਨਾਂ ਦੇ ਪਾਸ ਸ੍ਰੀ ਸਾਹਿਬ ਫ਼ੜੀ ਹੋਈ ਸੀ ਜਦੋਂ ਉਹ ਆਪਣੇ ਘਰ ਨੂੰ ਜਾਣ ਲੱਗੇ ਤਾਂ ਮੌਕੇ ਤੇ ਪੁਲੀਸ ਨੇ ਉਹਨਾਂ ਨੂੰ ਫੜ ਲਿਆ ਅਤੇ ਥਾਣੇ ਲੈ ਗਏ। ਉੱਥੇ ਉਹਨਾਂ ਨੂੰ ਕਾਲ ਕੋਠੜੀ ਵਿੱਚ ਬੰਦ ਕਰ ਦਿੱਤਾ ਅਤੇ ਉਹਨਾਂ ਤੇ ਗੈਰ ਕਾਨੂਨੀ ਹਥਿਆਰ ਰੱਖਣ ਦੇ ਜੁਰਮ ਤਹਿਤ ਕੇਸ ਦਰਜ਼ ਕਰ ਦਿੱਤਾ। ਸਿਖਾਂ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ ਤਾਂ ਉਹਨੀਂ ਪਿਤਾ ਜੀ ਹੋਰਾਂ ਨੂੰ ਇਤਲਾਹ ਭੇਜ ਦਿੱਤੀ ਕਿ ਸਰਦਾਰ ਕੇਹਰ ਸਿੰਘ ਹੋਰਾਂ ਨੂੰ ਪੁਲੀਸ ਫੜ ਕੇ ਲੈ ਗਈ ਹੈ। ਇਨ੍ਹਾਂ ਨੇ ਉਹਨਾਂ ਨੂੰ ਛੁਡਾਉਣ ਦੀ ਕਾਫ਼ੀ ਕੋਸ਼ਿਸ਼ ਕੀਤੀ ਇਸਦੇ ਬਾਵਜੂਦ ਉਹਨਾਂ ਨੂੰ ਨਹੀਂ ਛਡਿੱਆ ਗਿਆ ਹਾਰ ਕੇ ਸਿੰਘਾਂ ਨੇ ਗੁਜ਼ਰਾਤ ਪ੍ਰਸ਼ਾਸਨ ਦੇ ਖਿਲਾਫ ਮੋਰਚਾ ਲਾਇਆ ਜਿਸਦੀ ਅਗਵਾਈ ਪਿਤਾ ਜੀ ਹੋਰੀਂ ਕੀਤੀ। ਇਹਨਾ ਦੇ ਸਾਂਢੂ ਸਹਿਬ ਮੇਰੇ ਮਾਸੜ ਜੀ ਸਰਦਾਰ ਸੋਹਨ ਸਿੰਘ ਮਸਕੀਨ, ਖਾਸ ਦੋਸਤਾਂ ਅਤੇ ਅਹਿਮਦਾਬਾਦ ਦੇ ਸਿੱਖ ਭਾਈਚਾਰੇ ਨੇ ਡੱਟ ਕੇ ਸਾਥ ਦਿੱਤਾ। ਆਖਿਰਕਾਰ ਇਹਨਾਂ ਨੂੰ ਕਾਮਯਾਬੀ ਪ੍ਰਾਪਤ ਹੋਈ, ਅਤੇ ਸਰਦਾਰ ਕੇਹਰ ਸਿੰਘ ਨੂੰ ਛੱਡ ਦਿੱਤਾ ਗਿਆ।

ਇਹ ਵਾਕਿਆ ਕਈ ਤਰ੍ਹਾਂ ਦੇ ਸਵਾਲ ਖੜੇ ਕਰ ਦਿੰਦਾ ਹੈ। ਹਿੰਦੁਸਤਾਨ ਦੇ

ਵਿੱਚ ਹੀ ਅਗਰ ਸਿੱਖੀ ਰਵਾਇਤਾਂ, ਰਹਿਣੀ, ਬਹਿਣੀ, ਅਤੇ ਇਹਨਾਂ ਦੇ ਕਕਾਰਾਂ ਨੂੰ ਸਮਝਣ ਵਿੱਚ ਹਿੰਦੁਸਤਾਨੀ ਲੋਕ ਹੀ ਨਹੀ ਸਮਝ ਸਕੇ ਤਾਂ ਪ੍ਰਦੇਸਾਂ ਦੇ ਵਿੱਚ ਰਹਿ ਰਹੇ ਸਿੱਖਾਂ ਦੇ ਤਾਣੇ ਬਾਣੇ ਨੂੰ ਉੱਥੇ ਦਾ ਪ੍ਰਸ਼ਾਸਨ ਜਾਂ ਆਮ ਲੋਕ ਕਿਵੇਂ ਸਮਝ ਸਕਦੇ ਹਨ। ਇਹ ਗੱਲ ਲਿਖਣੀ ਅਤਿ ਕਥਨੀ ਨਹੀ ਹੋਵੇਗੀ ਕਿ ਸਿੱਖ ਅੱਜ ਪੰਜਾਬ ਦੇ ਵਸਨੀਕ ਹੁੰਦੇ ਹੋਏ ਵੀ ਪੰਜਾਬ ਦੇ ਪ੍ਰਸ਼ਾਸਨ ਨੂੰ ਸਮਾਨਵਾਦੀ ਨਹੀ ਸਮਝਦੇ ਫਿਰ ਹਿੰਦੁਸਤਾਨ ਦੀ ਹਕੂਮਤ ਤੇ ਕੀ ਆਸ ਰੱਖੀ ਜਾ ਸਕਦੀ ਹੈ। ਗੁਰਸਿੱਖੀ ਸਾਂਝੀਵਾਲਤਾ ਦੀ ਪ੍ਰਤੀਕ ਹੈ, ਗੁਰੂ ਸਾਹਿਬਾਨਾ, ਉਹਨਾਂ ਦੇ ਬੱਚਿਆਂ ਅਤੇ ਅਨੇਕਾਂ ਗੁਰਸਿੱਖਾਂ ਦੀਆਂ ਕੁਰਬਾਨੀਆਂ ਮਨੁੱਖੀ ਅਧਿਕਾਰਾਂ ਨੂੰ ਮੁੜ ਬਹਾਲ ਕਰਨ ਦਾ ਉਚੇਚਾ ਉਪਰਾਲਾ ਸੀ। ਮੁਗਲਈ ਹੁਕਮਰਾਨਾਂ ਦੀ ਕਠੋਰ ਨੀਤੀ ਹਿੰਦੂਆਂ ਨੂੰ ਜਬਰਦਸਤੀ ਆਪਣੇ ਧਰਮ ਵਿੱਚ ਸ਼ਾਮਲ ਕਰਨ ਦੇ ਜਹਾਦ ਨੂੰ ਤੇਜੀ ਨਾਲ ਅਗਾਂਹ ਵਧਾ ਰਹੀ ਸੀ। ਇਸ ਕਹਿਰ ਨੂੰ ਠੱਲ ਪਾਉਣ ਲਈ ਗੁਰਸਿੱਖਾਂ ਦੀਆਂ ਸ਼ਹਾਦਤਾਂ ਨੇ ਜਬਰ ਦਾ ਮੂੰਹ ਮੋੜਿਆ ਸੀ। ਇਹ ਸਿੱਖ ਇਤਿਹਾਸ ਦੇ ਖੁਨ ਨਾਲ ਲੱਥ-ਪੱਥ ਹੋਏ ਪੰਨੇ ਕਿੱਥੇ ਅਲੋਪ ਹੋ ਗਏ ਅਤੇ ਕੀ ਇਹੋ ਧਰਮ-ਨਿਰਪੇਖਤਾ ਦਾ ਪ੍ਰਦਰਸ਼ਨ ਹੈ। ਅਗਰ ਹਰ ਇਨਸਾਨ ਨੂੰ ਜਿਊਂਣ ਅਤੇ ਧਾਰਮਿਕ ਸੁਤੰਤਰਤਾ ਦੀ ਸਮਾਨਤਾ ਪ੍ਰਦਾਨ ਕੀਤੀ ਹੁੰਦੀ ਤਾਂ ਇਹ ਹਉਮੇਂ ਦੇ ਆਪਸੀ ਫਸਾਦ ਖਤਮ ਹੋ ਜਾਣੇ ਚਾਹੀਦੇ ਸੀ ਪਰ ਅਜਿਹਾ ਕਿਉਂ ਨਹੀਂ ਹੋ ਰਿਹਾ, ਘੱਟ ਗਿਣਤੀ ਦੇ ਲੋਕ ਕਿਉਂ ਬੇਰੁਖੀ ਸਹਿ ਰਹੇ ਹਨ ਅਤੇ ਅਸਮਾਨਤਾ ਦੇ ਸ਼ਿਕਾਰ ਹੋਏ ਇਹ ਆਪਣੇ ਮਨੁੱਖੀ ਅਧਿਕਾਰਾਂ ਤੋਂ ਇਸ ਆਧੁਨਿਕ ਯੁੱਗ ਦੇ ਵਿੱਚ ਵੀ ਕਿਉਂ ਅੱਜ ਵਾਂਝੇ ਰੱਖੇ ਜਾਂਦੇ ਹਨ।

ਇਹਨਾਂ ਦੀ ਜਿੰਦਗੀ ਦਾ ਇੱਕ ਹੋਰ ਵਾਕਿਆ ਕਈਵਾਰ ਮਹਿਫ਼ਲਾਂ ਵਿੱਚ ਆਮ ਦੁਹਰਾਇਆ ਜਾਂਦਾ ਹੈ ਕਿ ਸੰਨ 1947 ਵਿੱਚ ਮਾਸਟਰ ਤਾਰਾ ਸਿੰਘ ਹੋਰੀਂ ਅਹਿਮਦਾਬਾਦ ਦੀ ਸੰਗਤ ਨੂੰ ਵੀ ਸੱਦਾ ਭੇਜਿਆ ਕਿ ਹਿੰਦੁਸਤਾਨ ਦੀ ਦੇਖ-ਰੇਖ ਅਧੀਨ ਰਹਿੰਦਿਆਂ ਪੰਜਾਬੀ ਸਟੇਟ ਦੇ ਮੋਰਚੇ ਲਈ ਸਿੰਘਾਂ ਦੇ ਜੱਥਿਆਂ ਦੀ ਲੋੜ ਹੈ ਸੋ ਸਿੰਘਾਂ ਦੇ ਜੱਥੇ ਪੰਜਾਬ ਭੇਜੇ ਜਾਣ ਪਰ ਅਹਿਮਦਾਬਾਦ ਤੋਂ ਕੋਈ ਜੱਥਾ ਨਹੀਂ ਸੀ ਭੇਜਿਆ ਗਿਆ। ਮਾਸਟਰ ਤਾਰਾ ਸਿੰਘ ਹੋਰੀਂ ਬਹੁਤ ਖਫ਼ਾ ਹੋਏ ਸਨ ਅਤੇ ਜਦੋਂ ਅਹਿਮਦਾਬਾਦ ਆਏ ਤਾਂ ਉਹਨੀਂ ਸੰਗਤਾਂ ਦੇ ਵਿੱਚ ਰੋਸ ਦਾ ਪ੍ਰਗਟਾਵਾ ਕੀਤਾ ਸੀ। ਮੋਰਚੇ ਲਈ ਜੱਥਿਆਂ ਦੇ ਬੁਲਾਵੇ ਨੂੰ ਰੱਦ ਕਰ ਦੇਣ ਕਾਰਣ ਪਿਤਾ ਜੀ ਹੋਰਾਂ ਵੱਲੋਂ ਲਏ ਗਏ ਫ਼ੈਸਲੇ ਵਿਰੁੱਧ ਸੰਗਤਾਂ ਭੜਕ ਉੱਠੀਆਂ ਸੋ ਮਾਹੌਲ ਕਾਫ਼ੀ ਗੰਭੀਰ ਹੋ ਗਿਆ ਆਖਿਰ ਇਹ ਸਟੇਜ਼ ਤੇ ਆ ਗਏ ਅਤੇ ਕਿਹਾ ਕਿ ਅਗਰ ਸੰਗਤਾਂ ਉਹਨਾਂ ਨੂੰ ਕਸੂਰਵਾਰ ਸਮਝਦੀਆਂ ਹੋਣ ਤਾਂ ਉਹਨਾਂ ਦਾ ਪੱਖ ਸੁਣਕੇ ਉਹਨਾਂ ਨੂੰ ਆਪਣਾ

ਹੁਕਮ ਸੁਣਾ ਸਕਦੀਆਂ ਹਨ। ਇਹਨੀਂ ਕਿਹਾ ਕਿ ਮੇਰੇ ਆਪਣੇ ਸੁਝਾਵ ਦੇਣ ਤੇ ਕਮੇਟੀ ਦੀ ਰਜ਼ਾਮੰਦੀ ਹੋਈ ਸੀ ਕਿ ਇਹ ਮੁੱਦਾ ਗਲਤ ਸਮੇਂ ਰਖਿੱਆ ਗਿਆ ਸੀ ਕਿਉਂਕਿ ਅਪ੍ਰੈਲ ਦਾ ਮਹੀਨਾਂ ਕਣਕਾਂ ਦੀ ਕਟਾਈ ਦਾ ਸਮਾਂ ਹੁੰਦਾ ਹੈ ਅਤੇ ਅਜਿਹੇ ਸਮੇਂ ਜਿਮੀਂਦਾਰਾਂ ਨੂੰ ਮੋਰਚੇ ਲਈ ਉਕਸਾਉਣਾ ਉਹਨਾਂ ਦੀਆਂ ਫ਼ਸਲਾਂ ਦੀ ਬਰਬਾਦੀ ਦਾ ਕਾਰਣ ਬਣ ਸਕਦਾ ਸੀ ਸੋ ਇਹ ਸੁਝਾਵ ਕਿਸੇ ਢੁੱਕਵੀਂ ਵਿਚਾਰਧਾਰਾ ਅਤੇ ਢੁਕਵੇਂ ਸਮੇਂ ਦੇ ਯੋਗ ਨਹੀਂ ਸੀ ਸਮਝਿਆ ਗਿਆ। ਗੱਲ ਤਾਂ ਵੈਸੇ ਦਰੁੱਸਤ ਸੀ ਸੋ ਇਹ ਗੱਲ ਸੁਣਕੇ ਸੰਗਤ ਠਰੰਮ੍ਹੇ'ਚ ਆਈ ਅਤੇ ਸੰਗਤਾਂ ਸ਼ਾਂਤੀ ਪੂਰਵੱਕ ਹਾਲ ਵਿੱਚ ਬੈਠ ਗਈਆਂ। ਇਸ ਵਾਕਿਆ ਨੂੰ ਆਂਮ ਤੌਰਤੇ ਇਸ ਲਈ ਦੁਹਰਾਇਆ ਜਾਂਦਾ ਹੈ ਕਿ ਗੁਰੂ ਘਰਾਂ ਦੇ ਵਿੱਚ ਸਟੇਜ਼ ਸੱਕਤਰ ਜਾਂ ਪ੍ਰਧਾਨ ਗਿਆਨਵਾਨ ਹੋਣੇ ਚਾਹੀਦੇ ਹਨ ਜੋ ਕਿ ਸਮੇਂ ਮੁਤਾਵਿਕ ਸੰਗਤਾਂ ਨੂੰ ਸੁੱਚਜੀ ਸੇਧ ਦੇ ਸਕਣ ਦੇ ਯੋਗ ਹੋਣ। ਕੀਰਤਨੀ ਜੱਥੇ ਜਾਂ ਪ੍ਰਚਾਰਕ ਜਦੋਂ ਸਿੱਖ ਧਰਮ ਦਾ ਪ੍ਰਚਾਰ ਕਰਨ ਗੁਰਦੁਆਰਿਆਂ ਵਿੱਚ ਆਉਂਦੇ ਹਨ ਤਾਂ ਕਈ ਬਾਰ ਗਲਤ ਬਿਆਨ ਬਾਜੀ ਕਰ ਜਾਂਦੇ ਹਨ। ਗੁਰਦੁਆਰਿਆਂ ਵਿੱਚ ਸਕੱਤਰ ਸਾਹਿਬਾਨ ਖੁੱਦ ਗੁਰਮਤਿ ਦੇ ਧਾਰਨੀ ਹੋਣ ਅਤੇ ਸੱਚੀ ਗੱਲ ਕਹਿਣ ਤੋਂ ਸੰਕੋਚ ਨਾ ਕਰਦੇ ਹੋਣ ਤਾਂ ਹੀ ਸਿੱਖ ਧਰਮ ਦਾ ਸਹੀ ਪ੍ਰਚਾਰ ਹੋ ਸਕਦਾ ਹੈ।

ਪਿਤਾ ਜੀ ਦੀ ਜਿੰਦਗੀ ਦੀਆਂ ਅਨੇਕਾਂ ਹੀ ਆਦਰਸ਼ਕ ਮਿਸਾਲਾਂ ਹਨ ਜਿਹਨਾਂ ਤੋਂ ਲੋਕਾਂ ਨੇ ਸਮੇਂ ਸਮੇਂ ਆਪਣੇ ਜੀਵਨਕਾਲ ਵਿੱਚ ਕਈ ਕੁੱਝ ਸਿੱਖਿਆ ਹੋਵੇਗਾ ਅਤੇ ਗੁਰਦੁਆਰਿਆਂ ਵਿੱਚ ਜਾਂ ਆਪਣੀ ਜਿੰਦਗੀ ਵਿੱਚ ਸੁਧਾਰ ਵੀ ਲਿਆਂਦਾ ਹੋਵੇਗਾ। ਸੁਲਝੀ ਹੋਈ ਨੇਕ-ਨੀਤੀ ਤੇ ਚੱਲਣ ਵਾਲੀ ਕਮੇਟੀ ਗੁਰਮਤਿ ਦਾ ਸਹੀ ਪ੍ਰਚਾਰ ਕਰ ਸਕਦੀ ਹੈ। ਇਸ ਪੱਖ ਤੋਂ ਵੀ ਇਹ ਕਿਸਮਤ ਵਾਲੇ ਸਨ ਕਿ ਇਹਨਾਂ ਦੇ ਮਿੱਤਰ ਸ: ਗਿਆਨ ਸਿੰਘ, ਸ:ਮੋਹਨ ਸਿੰਘ, ਸ: ਅਮ੍ਰੀਕ ਸਿੰਘ, ਸ: ਕੇਸਰ ਸਿੰਘ, ਸ: ਪ੍ਰੀਤਮ ਸਿੰਘ, ਸ: ਜਾਗੀਰ ਸਿੰਘ, ਸ: ਸ਼ਮੀਰ ਸਿੰਘ, ਸ: ਜੋਗਿੰਦਰ ਸਿੰਘ ਖਾਸ ਕਰ ਕੇ ਸ: ਬਿਸ਼ਨ ਸਿੰਘ ਹੋਰੀਂ ਹਮੇਸ਼ਾ ਇਹਨਾਂ ਨੂੰ ਆਪਣਾ ਸਹਿਯੋਗ ਦਿੰਦੇ ਰਹੇ ਸਨ ਅਤੇ ਇਹਨਾਂ ਦੀ ਕਾਬਲੀਅਤ ਤੇ ਫਖਰ ਕਰਿਆ ਕਰਦੇ ਸਨ। ਇਸ ਪੂਰੀ ਟੀਮ ਨੇ ਮਿਲਕੇ ਗੁਰਦੁਆਰਿਆਂ ਅੰਦਰ ਬਹੁਤ ਸੁਧਾਰ ਲ਼ਿਆਂਦਾ ਸੀ। ਕੁੱਝ ਜਾਤ ਅਭਿਮਾਨੀ ਲੋਕ ਈਰਖਾ ਕਰਿਆ ਕਰਦੇ ਸਨ ਪਰ ਇਹਨਾਂ ਦੀ ਟੀਮ ਅੱਗੇ ਉਹਨਾ ਦੀ ਕੋਈ ਪੇਸ਼ ਨਹੀ ਸੀ ਜਾਂਦੀ, ਉਹ ਲੋਕ ਭਾਵੇਂ ਇਹਨਾਂ ਦੇ ਨਾਲ ਵਿਤਕਰਾ ਕਰਦੇ ਰਹੇ ਪਰ ਇਹਨੀਂ ਕਿਸੇ ਦੇ ਨਾਲ ਵੀ ਜਿਆਦਤੀ ਨਹੀਂ ਸੀ ਕੀਤੀ, ਸਾਰਿਆਂ ਦਾ ਭਲਾ ਹੀ ਚਾਹਿਆ ਸੀ।

ਇੱਕ ਹੋਰ ਅਹਿਮਦਾਬਾਦ ਦੀ ਘਟਨਾ ਮੈਨੂੰ ਯਾਦ ਆ ਗਈ ਜੋ ਮੇਰੇ ਤੇ

ਢੁੱਕਦੀ ਹੈ। ਪਿਤਾ ਜੀ ਵਾਂਗ ਹੀ ਮੈਂ ਵੀ ਆਪਣੇ ਸਕੂਲ ਤੋਂ ਕੁੱਝ ਮਹੀਨੇਂ ਭਗੌੜਾ ਹੀ ਰਿਹਾ ਸੀ। ਸਾਲਾਨਾ ਇਮਤਿਹਾਨ ਹੋਣ ਤੋਂ ਪਹਿਲਾਂ ਮੈਂ ਸਕੂਲ ਜਾਣਾ ਛੱਡ ਦਿੱਤਾ ਸੀ, ਇਮਤਿਹਾਨ ਨਿੱਬੜ ਗਏ ਸਨ ਪਿਤਾ ਜੀ ਹੋਰੀਂ ਮੈਨੂੰ ਪੁੱਛਿਆ ਕਿ ਕੀ ਤੇਰਾ ਰਿਜੱਲਟ ਆ ਗਿਆ ਹੈ। ਮੈਂ ਝੂਠ ਹੀ ਕਹਿ ਦਿੱਤਾ ਕਿ ਮੈ ਆਪਣੀ ਕਲਾਸ ਦੇ ਵਿੱਚੋਂ ਦੂਸਰੇ ਨੰਬਰ ਤੇ ਆਇਆ ਹਾਂ। ਉਹਨੀਂ ਮੈਨੂੰ ਸ਼ਾਬਾਸ਼ ਦਿੱਤੀ ਪਰ ਮਨ ਦੇ ਅੰਦਰ ਡਰ ਸੀ ਕਿ ਜਦੋਂ ਅਸਲੀਅਤ ਦਾ ਪਤਾ ਲੱਗੇਗਾ ਤਾਂ ਮੇਰਾ ਕੀ ਹਾਲ ਹੋਵੇਗਾ। ਉਮਰ ਹੀ ਅਜਿਹੀ ਸੀ ਕਿ ਸੱਚ ਝੂਠ ਦੇ ਤਰਕਸ਼ੀਲ ਅਰਥਾਂ ਦਾ ਨਹੀਂ ਸੀ ਪਤਾ। ਖੈਰ ਮੇਰਾ ਦੋਸਤ ਸਰਦਾਰ ਬਿਸ਼ਨ ਸਿੰਘ ਦਾ ਬੇਟਾ ਪ੍ਰੇਮ ਸਿੰਘ ਸਾਡੇ ਘਰ ਆਇਆ ਅਤੇ ਅਸੀਂ ਆਪੋ ਵਿੱਚੀ ਗੱਲਾਂ ਕਰ ਰਹੇ ਸੀ। ਉਹ ਮੈਨੂੰ ਪੁੱਛ ਰਿਹਾ ਸੀ ਕਿ ਮੈਂ ਕਈ ਮਹੀਨਿਆਂ ਤੋਂ ਸਕੂਲ ਕਿਉਂ ਨਹੀਂ ਆਇਆ, ਓਧਰੋਂ ਪਿਤਾ ਜੀ ਆ ਗਏ ਉਹਨੀਂ ਇਹ ਗੱਲ ਸੁਣ ਲਈ ਫਿਰ ਕੀ ਸੀ ਉਹਨੀਂ ਮੈਨੂੰ ਪੁੱਛਿਆ ਸੱਚ ਤਾਂ ਦਸਣਾ ਹੀ ਪੈਣਾ ਸੀ। ਅਗਾਂਹ ਕੀ ਹੋਇਆ ਹੋਵੇਗਾ ਇਸਦਾ ਅੰਦਾਜਾ ਆਪ ਲਾ ਸਕਦੇ ਹੋ। ਪਿਤਾ ਜੀ ਨੇ ਬਹੁਤ ਬੇਦਰਦੀ ਦੇ ਨਾਲ ਮੈਨੂੰ ਕੁੱਟਿਆ, ਜਦੋਂ ਮੈਂ ਡਿਗ ਪੈਂਦਾ ਸੀ ਉਹ ਫਿਰ ਮੈਨੂੰ ਚੁੱਕ ਕੇ ਕੁੱਟਣਾ ਸ਼ੁਰੂ ਕਰ ਦਿੰਦੇ ਸਨ, ਸੱਟਾਂ ਤਾਂ ਹੁਣ ਨਹੀਂ ਰਹੀਆਂ ਪਰ ਉਹ ਘਟਣਾ ਕਦੀ ਭੁੱਲ ਨਹੀਂ ਸਕਦੀ। ਇਸ ਗੱਲ ਨੂੰ ਵੀ ਸਾਨੂੰ ਨਹੀਂ ਭੁਲਣਾ ਚਾਹੀਦਾ ਕਿ ਮਾਤਾ ਪਿਤਾ ਆਪਣੇ ਬੱਚਿਆਂ ਦੀ ਭਲਾ ਹੀ ਲੋਚਦੇ ਹਨ ਕਦੀ ਕਦਾਈਂ ਅਜਿਹੀ ਕੁੱਟ ਮਾਰ ਭਲਾਈ ਦਾ ਹੀ ਸੰਕੇਤਕ ਹੈ ਪਰ ਬੱਚੇ ਇਸ ਗੱਲ ਨੂੰ ਸਮਝਣ ਵਿੱਚ ਅਸਮਰਥ ਹੁੰਦੇ ਹਨ।

ਬਚਪਣ ਤੋਂ ਹੀ ਪਿਤਾ ਜੀ ਦਿਆਲੂ ਸੁਭਾਵ ਦੇ ਹੋਣ ਕਾਰਣ ਇਹਨਾਂ ਦੀ ਰੁਚੀ ਲੋਕ ਭਲਾਈ ਵੱਲ ਪ੍ਰੇਰਿਤ ਰਹਿੰਦੀ ਸੀ। ਇਹਨਾਂ ਦੇ ਪਿਤਾ ਜੀ ਹੋਰੀਂ ਬਹੁਤ ਨੇਕ ਸੁਭਾਵ ਦੇ ਨਿਹਾਇਤ ਹੀ ਸ਼ਰੀਫ਼ ਸਨ। ਇਹ ਆਲੇ ਦੁਵਾਲੇ ਅਤੇ ਆਪਣੇ ਪਿੰਡ ਵਿੱਚ ਆਦਰਯੋਗ ਇਨਸਾਨ ਮੰਨੇ ਜਾਂਦੇ ਸਨ। ਸੋ ਪਿਤਾ ਜੀ ਦੀ ਸ਼ਖਸੀਅਤ ਦਾ ਆਪਣੇ ਬੱਚੇ ਤੇ ਅਸਰ-ਰਸੂਖ ਹੋਣਾ ਕੁਦੱਰਤੀ ਗੱਲ ਸੀ। ਇਹਨਾਂ ਦੇ ਪਿਤਾ ਜੀ ਵੀ ਜਮਸ਼ੇਰ ਗੁਰੂ-ਘਰ ਵਿੱਚ ਪ੍ਰਧਾਨ ਰਹਿ ਚੁੱਕੇ ਸਨ ਅਤੇ ਇਹਨਾਂ ਦੇ ਤਾਇਆ ਜੀ ਦੇ ਜੀਵਨ ਦਾ ਚੋਖਾ ਸਮਾ ਵੀ ਅਮ੍ਰਿਤਸਰ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ'ਚ ਹੀ ਬੀਤਿਆ ਸੀ। ਸੋ ਇਹਨਾਂ ਤੇ ਉਹਨਾਂ ਦੀ ਸ਼ਖਸੀਅਤ ਦਾ ਅਤੇ ਖਾਸ ਕਰਕੇ ਚਾਚਾ ਜੀ ਮਾਸਟਰ ਕਰਮ ਸਿੰਘ ਜੀ ਹੋਰਾਂ ਦੇ ਜੀਵਨ ਦਾ ਬਹੁਤ ਪ੍ਰਭਾਵ ਸੀ। ਖੁਦ ਗਰੀਬੀ ਦੇ ਦੌਰ ਵਿੱਚੋਂ ਵਿਚਰਦਿਆਂ, ਇਹਨਾਂ ਨੂੰ ਗਰੀਬਾਂ ਦੇ ਦਰਦ ਦਾ ਖਾਸਾ ਅਹਿਸਾਸ ਸੀ। ਹਰ ਲੋੜਬੰਦ ਦੀ ਮਦਦ ਕਰਿਆ ਕਰਦੇ ਸਨ। ਲੜਕੀਆਂ ਦੇ ਵਿਆਹਾਂ ਤੇ ਉਹਨਾਂ ਦੇ ਪ੍ਰਵਾਰਾਂ ਨੂੰ ਆਰਥਕ ਤੌਰ ਤੇ ਮਦਦ ਦਿਆ ਕਰਦੇ ਸਨ।

ਗਰੀਬ ਬਚਿੱਆਂ ਦੀ ਪੜ੍ਹਾਈ ਲਈ ਉਹਨਾਂ ਦੇ ਮਾਤਾ ਪਿਤਾ ਨੂੰ ਪੈਸੇ ਵੀ ਭੇਜਿਆ ਕਰਦੇ ਸਨ। ਨੌਜਵਾਨਾਂ ਨੂੰ ਅਗਰ ਕੰਮਕਾਰ ਦੀ ਤਲਾਸ਼ ਹੁੰਦੀ ਸੀ ਤਾਂ ਇਹ ਆਪਣਾ ਰਸੂਖ ਵਰਤਦੇ ਹੋਏ ਵੀ ਉਹਨਾਂ ਨੂੰ ਨੌਕਰੀਆਂ ਦੁਆਉਣ ਵਿੱਚ ਸਹਾਈ ਹੋਇਆ ਕਰਦੇ ਸਨ।

ਅਹਿਮਦਾਬਾਦ ਦਾ ਇੱਕ ਹੋਰ ਵਾਕਿਆ ਯਾਦ ਆ ਗਿਆ ਕਿ ਇਹਨੀਂ ਇੰਜਨੀਅਰਿੰਗ ਕਾਲਜ ਦੀ ਕੈਨਟੀਨ ਚਲਾਉਣ ਦਾ ਠੇਕਾ ਵੀ ਲਿਆ ਸੀ। ਜਿਸਦੀ ਦੇਖ-ਰੇਖ ਅਤੇ ਮੁੱਖ ਰਸੋਈਏ ਦੇ ਤੌਰ ਤੇ ਕੰਮ ਸਰਦਾਰ ਦਰਸ਼ਨ ਸਿੰਘ ਕਰਿਆ ਕਰਦੇ ਸਨ, ਇਹਨਾਂ ਨੂੰ ਦਾਸੀ ਕਹਿ ਕੇ ਵੀ ਪੁਕਾਰਿਆ ਜਾਂਦਾ ਸੀ। ਵਿਦਿਆਰਥੀਆਂ ਦੇ ਕੋਲ੍ਹ ਕਈ ਵਾਰ ਖਾਣੇ ਦੇ ਬਿੱਲ ਨਾਂ ਦੇ ਹੋਣੇ ਤਾਂ ਪਿਤਾ ਜੀ ਨੇ ਬਿੱਲ ਦੇ ਪੈਸੇ ਮੁਆਫ਼ ਕਰ ਦੇਣੇ ਅਤੇ ਕਈਆਂ ਦੀਆਂ ਫ਼ੀਸਾਂ ਵੀ ਖ਼ੁੱਦ ਦੇ ਦਿਆ ਕਰਦੇ ਸਨ। ਉਸ ਵਕਤ ਮੇਰੀ ਛੋਟੀ ਉਮਰ ਸੀ ਮੈਂ ਕਾਲਜ ਦੀਆਂ ਗਰਾਊਂਡਾਂ ਦੇ ਕਈ ਕਈ ਚੱਕਰ ਲਾ ਲੈਣੇ ਅਤੇ ਪਿਤਾ ਜੀ ਦੇ ਮਿੱਤਰਾਂ ਨੇ ਖਾਸ ਕਰ ਗੁਪਤਾ ਜੀ ਨੇ ਇਹਨਾਂ ਨੂੰ ਮੇਰੇ ਵਾਰੇ ਦੱਸਿਆ ਕਰਨਾ ਅਤੇ ਇਹ ਖੁਸ਼ ਹੋ ਜਾਇਆ ਕਰਦੇ ਸੀ। ਇਹਨੀਂ ਜਦੋਂ ਜਲੰਧਰ ਗੋਲ ਮਾਰਕਿਟ ਬਣਾਈ ਅਤੇ ਰਿਹਾਇਸ਼ ਲਈ ਮਕਾਨ ਬਣਾਏ ਭਾਵੇਂ ਦੁਕਾਨਾਂ ਦਾ ਕਿਰਾਇਆ ਥੋੜਾ ਸੀ ਪਰ ਕਈ ਦੁਕਾਨਦਾਰ ਕਿਰਾਇਆ ਨਹੀਂ ਸੀ ਦੇ ਸਕਦੇ ਸੋ ਇਹਨੀਂ ਉਹਨਾਂ ਦੀਆਂ ਮਿੰਨਤਾਂ ਸੁਣਕੇ ਜੋ ਮਿਲਿਆ ਪ੍ਰਵਾਨ ਕਰਦਿਆਂ ਬਾਕੀ ਦਾ ਸਾਰਾ ਕਿਰਾਇਆ ਮਾਫ਼ ਕਰ ਦੇਣਾ ਅਤੇ ਉਹਨਾਂ ਨੂੰ ਚਿਤਾਵਨੀ ਵੀ ਕਰ ਦੇਣੀ ਕਿ ਅਗਲੀ ਵਾਰ ਕਿਰਾਇਆ ਮਾਫ਼ ਨਹੀਂ ਕਰਾਂਗਾ। ਹਰ ਸਾਲ ਇਹੋ ਸਿਲਸਲਾ ਚਲੱਦਾ ਰਹਿੰਦਾ ਸੀ। ਕਿਰਾਇਆ ਲੈਣ ਨਾਲੋਂ ਉਹਨਾਂ ਦੀ ਆਪਣੀ ਰੋਜ਼ੀ-ਰੋਟੀ ਵੱਲ ਜਿਆਦਾ ਧਿਆਨ ਦਿੰਦੇ ਸੀ। ਇਹੋ ਜਹੀ ਵਿਰਤੀ ਦੇ ਅਨੁਸ਼ਾਸਕ ਹੋਣੇ ਕੀ ਗੁਰਮੁਖ ਹੋਣ ਦਾ ਸੰਕੇਤ ਨਹੀ ਕਿਹਾ ਜਾ ਸਕਦਾ। ਗੁਰਬਾਣੀ ਦਾ ਅਧਿਐਨ ਕਰਨਾ ਇਹਨਾਂ ਦੇ ਜੀਵਨ ਦਾ ਉਚੇਰਾ ਲਕਸ਼ ਬਣਿਆ ਰਿਹਾ, ਜਿਵੇਂ ਗੁਰਬਾਣੀ ਦਾ ਉਪਦੇਸ਼ ਗ੍ਰਹਿਣ ਕਰਦੇ ਉਸੇ ਸਿੱਖਿਆ ਮੁਤਾਬਿਕ ਜੀਵਨ ਨੂੰ ਢਾਲਣ ਦਾ ਯਤਨ ਵੀ ਕਰਿਆ ਕਰਦੇ ਸਨ। ਮੇਰੇ ਨਾਨਾ ਜੀ ਵੀ ਗੁਰਬਾਣੀ ਦੇ ਕਾਫ਼ੀ ਵਿਦਵਾਨ ਸਨ, ਉਹਨਾਂ ਦਾ ਪ੍ਰਭਾਵ ਵੀ ਪਿਤਾ ਜੀ ਹੋਰਾਂ ਤੇ ਹੋਣਾ ਯਕੀਨਨ ਗੱਲ ਮੰਨੀ ਜਾ ਸਕਦੀ ਹੈ।

ਸੰਤ ਲਕਸ਼ਮਣ ਜੀ ਹੋਰਾਂ ਦਾ ਅਤੇ ਸੰਤ ਜੀ ਦੇ ਵੱਡੇ ਭਰਾਤਾ ਜੀ ਸ੍ਰੀ ਭਗਵੰਤ ਸਿੰਘ ਜੀ ਜੋ ਗੌਵਰਮੈਂਟ ਹਾਈ ਸਕੂਲ ਦੇ ਹੈਡਮਾਸਟਰ ਸਨ ਅਤੇ ਭਗਤੀ'ਚ ਹਮੇਸ਼ਾ ਮਸਤ ਰਹਿਣ ਵਾਲੇ ਹੁੰਦੇ ਸਨ ਉਹਨਾਂ ਦਾ ਸਾਥ, ਫ਼ਿਰ ਸੰਤਾਂ ਦੇ ਛੋਟੇ ਭਰਾਤਾ ਜੀ ਡਾਕਟਰ ਹਰਭਜਨ ਸਿੰਘ ਜੀ ਹੋਰਾਂ ਦੇ ਨਾਲ ਮੇਲ-ਮਿਲਾਪ ਜਿਹੜੇ ਕਿ

ਬਹੁਤ ਹੀ ਭਜਨੀਕ ਹਨ, ਅਜਿਹੇ ਗੁਰਸਿੱਖਾਂ ਦੀ ਸ਼ਖਸੀਅਤ ਦਾ ਪਿਤਾ ਜੀ ਦੇ ਜੀਵਨ ਉੱਤੇ ਪ੍ਰਭਾਵ ਪੈਣਾ ਲਾਜ਼ਮੀ ਗੱਲ ਸੀ। ਇਸਤੋਂ ਇਲਾਵਾ ਸਾਧੂਆਂ ਦੀ ਸੰਗਤ, ਪੜ੍ਹੇ ਲਿਖੇ ਵਿਦਵਾਨਾਂ ਨਾਲ ਗੁਰਮਤਿ ਵਿਚਾਰਾਂ ਕਰਦੇ ਰਹਿਣਾ ਇਸ ਅਨਮੋਲ੍ਹ ਖਜਾਨੇ ਦੇ ਇਹ ਧਨੀ ਸਨ। ਸ੍ਰੀ ਮਾਂ ਆਨੰਦ ਮਈ ਦੇ ਰੱਥਵਾਨ ਹੋਣ ਦਾ ਇਨ੍ਹਾਂ ਨੂੰ ਮਾਣ ਪ੍ਰਾਪਤ ਸੀ। ਇਹ ਉਹਨਾਂ ਦੀ ਪੰਜਾਬ ਫ਼ੇਰੀ ਦੌਰਾਨ ਉਹਨਾਂ ਦੇ ਨਾਲ ਹੀ ਰਿਹਾ ਕਰਦੇ ਸਨ ਅਤੇ ਉਹਨਾਂ ਦੇ ਰੱਥਵਾਨ ਹੋਣ ਦਾ ਪਰਵਚਨ ਇਹਨਾਂ ਲਈ ਸਹਿਜੇ ਹੀ ਮਾਂ ਜੀ ਦੇ ਮੁਖਾਰਬਿੰਦ ਤੋਂ ਹੀ ਉਚਾਰਿਆ ਗਿਆ ਸੀ। ਸ੍ਰੀ ਹਰਿਬਾਬਾ ਜੀ ਹੋਰਾਂ ਦਾ ਆਸ਼ਰਮ ਹੁਸ਼ਿਆਰਪੁਰ ਸੀ,ਂ ਇਹਨਾਂ ਦੇ ਪੰਜਾਬ ਦੌਰੇ ਸਮੇਂ ਜਲੰਧਰ ਲਾਡੋਵਾਲ੍ਹੀ ਅਤੇ ਬਾਦ ਵਿੱਚ ਹੁਸ਼ਿਆਰਪੁਰ ਬਹੁਤ ਵੱਡਾ ਧਾਰਮਕ ਸਮਾਗਮ ਹੋਇਆ ਸੀ ਸੋ ਇੰਗਲੈਂਡ ਤੋਂ ਜਦ ਪਿਤਾ ਜੀ ਹੋਰੀਂ ਆਪਣੀ ਮੋਟਰਕਾਰ ਰਾਹੀਂ ਸੰਨ 1964 ਵਿੱਚ ਇੰਡੀਆ ਗਏ ਸਨ ਤਾਂ ਇਹਨੀਂ ਉਸੇ ਕਾਰ ਰਾਹੀਂ ਸੰਤਾਂ ਸਾਧੂਆਂ ਅਤੇ ਸ਼੍ਰੀ ਮਾਂ ਆਨੰਦ ਮਈ ਹੋਰਾਂ ਲਈ ਇੱਕ ਥਾਂ ਤੋਂ ਦੂਜੀ ਥਾਂ ਢੋਆ-ਢੁਆਈ ਦੀ ਸੇਵਾ ਨਿਭਾਈ ਸੀ। ਜਿੰਨੇ ਦਿਨ ਇਹ ਸਮਾਗਮ ਚੱਲਦਾ ਰਿਹਾ ਪਿਤਾ ਜੀ ਨੇ ਆਪਣਾ ਸਮਾਂ ਅਤੇ ਆਪਣਾ ਹੀ ਪੈਸਾ ਖਰਚ ਕਰਦਿਆਂ ਇਹ ਉਹਨਾਂ ਦੀ ਸੇਵਾ ਵਿੱਚ ਲਿਵਲੀਨ ਰਹੇ ਸਨ।

ਇੱਥੇ ਇੱਕ ਹੋਰ ਵਾਕਿਆ ਦਰਸਾਉਂਣ ਦੀ ਲੋੜ ਹੈ। ਇਹਨਾਂ ਸਾਧੂਆਂ ਵਿੱਚ ਇੱਕ ਅਜਿਹੇ ਸਾਧੂ ਵੀ ਸਨ ਜੋ ਤਲਖ ਸੁਭਾਵ ਦੇ ਅਤੇ ਕੁੱਝ ਘੁਮੰਡੀ ਸਨ। ਉਹਨਾਂ ਨੇ ਪਿਤਾ ਜੀ ਹੋਰਾਂ ਨੂੰ ਮਜ਼ਾਜੀ ਅੰਦਾਜ਼ ਵਿੱਚ ਕਿਹਾ ਕਿ ਉਹਨਾਂ ਨੂੰ ਠੀਕ ਸਵੇਰੇ 6 ਵਜ਼ੇ ਆਸ਼ਰਮ ਤੋਂ ਹੁਸ਼ਿਆਰਪੁਰ ਲੈ ਜਾਣਾ ਅਤੇ ਬਿਲਕੁੱਲ ਲੇਟ ਨਹੀਂ ਹੋਣਾ। ਇਹ ਠੀਕ ਸਮੇਂ ਤੇ ਆਸ਼ਰਮ ਪਹੁੰਚ ਗਏ ਪਰ ਉਹ ਸਾਧੂ ਖੁੱਦ ਲੇਟ ਸੀ ਇਹਨੀਂ ਕੁੱਝ ਸਮਾਂ ਉਡੀਕ ਕੀਤੀ ਅਤੇ ਇਹ ਵਾਪਿਸ ਆਪਣੇ ਘਰ ਆ ਗਏ। ਉਹ ਸਾਧੂ ਹੈਰਾਨ ਸਨ ਕਿ ਕ੍ਰਿਪਾਲ ਸਿੰਘ ਨੇ ਉਹਨਾਂ ਦੀ ਇੰਤਜਾਰ ਨਹੀ ਕੀਤੀ। ਆਖਿਰ ਕਿਸੇ ਹੋਰ ਦੀ ਕਾਰ ਵਿੱਚ ਬਹੁਤ ਹੀ ਲੇਟ ਉਹ ਹੁਸ਼ਿਆਰਪੁਰ ਪਹੁੰਚੇ ਅਤੇ ਜਦੋਂ ਉਹਨਾਂ ਦੀ ਮੁਲਾਕਾਤ ਪਿਤਾ ਜੀ ਦੇ ਨਾਲ ਹੋਈ ਤਾਂ ਉਹ ਕਾਫ਼ੀ ਗੁੱਸੇ'ਚ ਇਹਨਾਂ ਨਾਲ ਪੇਸ਼ ਆਏ। ਇਹਨਾਂ ਨੇ ਉਹਨਾਂ ਨੂੰ ਕਿਹਾ ਕਿ ਸਾਧੂਆਂ ਨੂੰ ਆਪਣੇ ਵਚਨਾਂ ਤੇ ਪਰਪੱਕ ਹੋਣਾ ਚਾਹੀਦਾ ਹੈ ਅਤੇ ਤੁਹਾਨੂੰ ਤਲਖੀ ਸ਼ੋਭਾ ਨਹੀਂ ਦਿੰਦੀ। ਤੁਸੀਂ ਮਿੱਥੇ ਟਾਇਮ ਸਿਰ ਓੱਥੇ ਨਹੀਂ ਸੀ ਪਹੁੰਚੇ ਸੋ ਮੈਂ ਬਹੁਤੀ ਇੰਤਜ਼ਾਰ ਕਰਨੀ ਜ਼ਰੂਰੀ ਨਹੀਂ ਸਮਝੀ। ਉਹ ਸਾਧੂ ਲੋਹਾ-ਲਾਖਾ ਹੋ ਗਿਆ ਹਾਰ ਕਿ ਇਹਨਾਂ ਨੇ ਉਸਨੂੰ ਕਹਿ ਹੀ ਦਿੱਤਾ ਕਿ ਮੈਂ ਕਿਸੇ ਲਈ ਕੋਈ ਨੌਕਰੀ ਨਹੀ ਕਰਦਾ। ਉਹ ਸਾਧੂ ਹੋਰੀਂ ਇਹੋ ਸ਼ਿਕਾਇਤ ਸੰਤ ਲਕਸ਼ਮਨ ਜੀ ਹੋਰਾਂ ਕੋਲ ਜਾ ਕੀਤੀ, ਪਰ ਸੰਤ ਜੀ ਹੋਰੀਂ ਕਿਹਾ

ਕਿ ਕ੍ਰਿਪਾਲ ਸਿੰਘ ਟਾਈਮ ਦਾ ਪਾਬੰਦ ਹੈ ਤੁਹਾਨੂੰ ਖੁੱਦ ਟਾਈਮ ਦਾ ਖਿਆਲ ਰਖੱਣਾ ਚਾਹੀਦਾ ਸੀ। ਉਸ ਸਾਧੂ ਹੋਰਾਂ ਨੂੰ ਆਪਣੀ ਗਲਤੀ ਮੰਨਣੀ ਹੀ ਪਈ। ਇਹ ਸਰਦਾਰ ਹੋਰਾਂ ਦੀ ਸੇਵਾ-ਭਾਵਨਾ ਅਤੇ ਦਿਆਨਤਦਾਰੀ ਤੋਂ ਇਲਾਵਾ ਲੋੜ ਮੁਤਾਬਿਕ ਨਿਡਰਤਾ ਨਾਲ ਕਿਸੇ ਅੱਗੇ ਪੇਸ਼ ਆਉਣਾ ਅਤੇ ਸੱਚੀ ਗੱਲ ਨੂੰ ਕਹਿ ਦੇਣਾ ਵੀ ਬੇਹੱਦ ਖ਼ੂਬੀ ਦਾ ਪ੍ਰਮਾਣ ਹੈ। ਗੁਰਦੁਆਰਿਆਂ ਦੀ ਸਟੇਜ ਤੇ ਬੋਲਦੇ ਸਮੇਂ ਵੀ ਸੱਚ ਨੂੰ ਆਪਣਾ ਅਕੀਦਾ ਸਮਝਦੇ ਹੋਏ ਸੱਚੀ ਗੱਲ ਤੇ ਪਹਿਰਾ ਦਿਆ ਕਰਦੇ ਸਨ। ਇੱਥੇ ਤੱਕ ਕਿ ਅਗਰ ਕਿਸੇ ਪ੍ਰਵਾਰ ਦੇ ਮੈਂਬਰ ਨੇ ਘਰ ਦੇ ਵਿੱਚ ਜਾਂ ਸਭਾ ਸੋਸਾਇਟੀ ਦੀ ਕਾਰਗੁਜ਼ਾਰੀ ਦੌਰਾਨ ਗਲਤ ਗੱਲ ਕਹਿ ਦਿੱਤੀ ਤਾਂ ਉਹਨਾਂ ਨੂੰ ਵੀ ਝਾੜ ਦੇਣ ਤੋਂ ਗੁਰੇਜ਼ ਨਹੀ ਸੀ ਕਰਦੇ। ਉਹਨਾਂ ਦੀ ਜਿੰਦਗੀ ਦੀਆਂ ਕਈ ਘਟਨਾਵਾਂ ਹਨ ਜਦੋਂ ਕਿ ਦੋਸਤਾਂ ਮਿੱਤਰਾਂ ਦੇ ਆਪਸੀ ਝਗੜਿਆਂ ਦੌਰਾਨ ਉਹਨਾਂ ਨੂੰ ਸਹੀ ਫੈਸਲੇ ਕਰਨੇ ਪੈਂਦੇ ਸਨ। ਉਹਨਾਂ ਦਾ ਗੱਲ ਕਰਨ ਦਾ ਅੰਦਾਜ ਵੀ ਅਜੀਬ ਹੁੰਦਾ ਸੀ ਸਹੀ ਗੱਲ ਕਹਿ ਵੀ ਦੇਣੀ ਪਰ ਦੂਸਰੇ ਨੂੰ ਹਿਰਖ ਵੀ ਨਾਂ ਹੋਣ ਦੇਣਾ। ਘਰ ਦੇ ਫੈਸਲੇ ਲੈਣ ਸਮੇਂ ਵੀ ਉਹ ਕਿਸੇ ਦਾ ਲਿਹਾਜ ਨਹੀਂ ਸੀ ਕਰਦੇ ਗਲਤੀ ਦਾ ਅਹਿਸਾਸ ਕਰਵਾਉਂਦਿਆਂ ਚੰਗੀ ਤਰ੍ਹਾਂ ਸਮਝਾ ਦਿਆ ਕਰਦੇ ਸੀ। ਹਾਂ ਜਦੋਂ ਕੋਈ ਬਜਿੱਦ ਹੋ ਜਾਵੇ ਤਾਂ ਸਖਤੀ ਨਾਲ ਝਾੜ ਵੀ ਦਿੰਦੇ ਸਨ। ਮਨ ਵਿੱਚ ਕੋਈ ਸ਼ਿਕਵਾ ਨਹੀਂ ਸੀ ਰੱਖਦੇ ਬਲਕਿ ਦੂਸਰੇ ਨੂੰ ਚੰਗੀ ਸਿੱਖਿਆ ਦੇਣ ਦੇ ਹਿਮਾਇਤੀ ਹੁੰਦੇ ਸਨ। ਲੀਡਜ਼ ਗੁਰਦੁਆਰੇ ਵਿੱਚ ਕਈ ਲੋਕ ਇਹਨਾਂ ਦੇ ਲਏ ਗਏ ਫੇਸਲਿਆਂ ਦੇ ਵਿਰੁੱਧ ਇਹਨਾਂ ਦੇ ਨਾਲ ਗੁੱਸੇ ਹੋ ਜਾਂਦੇ ਸਨ। ਮੈਂ ਆਪਣੀ ਸੁਰਤ ਦੌਰਾਨ ਦੇਖਿਆ ਹੈ ਕਿ ਇਹੋ ਲੋਕ ਅਖੀਰ ਸਮੇਂ ਹਸਪਤਾਲਾਂ ਵਿੱਚ ਪਏ ਇਹਨਾਂ ਨੂੰ ਮਿਲਣ ਦੀ ਤਮੰਨਾ ਰੱਖਦਿਆਂ ਲੋਕਾਂ ਰਾਹੀਂ ਸੁਨੇਹੇ ਭੇਜਿਆ ਕਰਦੇ ਸਨ। ਇਹਨੀਂ ਉਹਨਾਂ ਨੂੰ ਮਿਲਣ ਜਾਣਾ ਅਤੇ ਉਹਨੀਂ ਬਿਨਾ ਬੋਲ੍ਹੇ ਇਹਨਾਂ ਦੇ ਹੱਥਾਂ ਨੂੰ ਘੁੱਟਦਿਆਂ ਹੋਇਆਂ ਡੁਸਕਦਿਆਂ ਨੇ ਖਿਮਾ ਮੰਗਣੀ। ਕਈ ਵਿਆਹਾਂ ਜਾਂ ਕਿਸੇ ਹੋਰ ਸਮਾਗਮਾਂ ਦੌਰਾਨ ਵੀ ਦੇਖਿਆ ਹੈ ਕਿ ਕੁੱਝ ਲੋਕਾਂ ਨੇ ਇਹਨਾਂ ਦੇ ਪੈਰੀ ਹੱਥ ਲਾਉਂਦਿਆਂ ਇਹਨਾਂ ਵੱਲੋਂ ਕੀਤੇ ਉਪਕਾਰਾਂ ਨੂੰ ਯਾਦ ਕਰਕੇ ਇਹਨਾਂ ਦਾ ਦਿਲੀ ਧੰਨਵਾਦ ਕਰਨਾ। ਇੰਗਲੈਂਡ ਵਿੱਚ ਕਿਸੇ ਦੇ ਪੈਰ ਫੜਨੇ ਇੰਡੀਆ ਵਿੱਚ ਪੈਰੀਂ ਹੱਥ ਲਾਉਣ ਤੋਂ ਭਿੰਨ ਕਿਰਦਾਰ ਦਾ ਮੁਥਾਜ ਹੈ। ਨਿਸ਼ਕਾਮ ਭਾਵਨਾ ਨਾਲ ਕਿਸੇ ਦੀ ਕੀਤੀ ਗਈ ਸਹਾਇਤਾ ਨਾ ਕੇਵਲ ਕਰਨ ਵਾਲੇ ਨੂੰ ਆਤਮਿਕ ਸ਼ਾਂਤੀ ਪ੍ਰਦਾਨ ਕਰਦੀ ਹੈ ਬਲਕਿ ਜਿਸ ਲਈ ਕੀਤੀ ਗਈ ਹੋਵੇ ਉਸਨੂੰ ਵੀ ਸਕੂਨ ਮਿਲਦਾ ਹੈ। ਇਹਨਾਂ ਨੇ ਸਹੀ ਤੌਰ ਤੇ ਲੋਕਾਈ ਨੂੰ ਆਪਣੇ ਹੀ ਨਿਕਟਵਰਤੀ ਅਤੇ ਉਹਨਾਂ ਦੇ ਬਚਿੱਆਂ ਨੂੰ ਆਪਣੇ ਬਚਿੱਆਂ ਵਾਂਗ ਹੀ ਸਮਝਦੇ ਹੋਏ ਉਹਨਾਂ ਦੀਆਂ ਲੋੜਾਂ ਦੀ ਵੀ ਪੂਰਤੀ ਕੀਤੀ ਹੈ। ਲੋਕਾਂ ਨੇ ਉਹਨਾਂ ਨੂੰ ਅੱਜ ਵੀ ਭੁਲਾਇਆ ਨਹੀ ਹੈ ਅਤੇ ਉਹਨਾਂ ਦੇ ਨਾਲ ਬੀਤੀਆਂ ਗੱਲਾਂ ਨੂੰ ਯਾਦ

ਕਰਕੇ ਆਪਣੇ ਦਿਲਾਂ ਵਿੱਚ ਉਹਨਾਂ ਪ੍ਰਤੀ ਸਤਿਕਾਰ ਬਰਕਰਾਰ ਬਣਾਈ ਰੱਖਿਆ ਹੈ। ਇਹ ਮਾਣ ਸਤਿਕਾਰ ਪਿਤਾ ਜੀ ਹੋਰਾਂ ਦੀ ਨੇਕ ਨੀਤੀ ਅਤੇ ਚੰਗੇ ਸੁਭਾਵ ਦਾ ਪ੍ਰਮਾਣ ਹੈ।

## ਇੰਗਲੈਂਡ ਜਾਣ ਦੀ ਤਿਆਰੀ

ਅਹਿਮਦਾਬਾਦ ਕੈਲੀਕੋ ਮਿੱਲ ਦੀ ਨੌਕਰੀ ਵੀ ਜਦੋਂ ਰਾਸ ਨਹੀ ਆਈ ਤਾਂ ਇਹਨਾਂ ਦਾ ਇਰਾਦਾ ਬਣਿਆ ਕਿ ਇਹ ਇੰਗਲੈਂਡ ਜਾਣ ਦਾ ਵਸੀਲਾ ਅਖਤਿਆਰ ਕਰਨ ਸੋ ਇਹਨੀਂ ਬੀਬੀ ਜੀ ਦੇ ਚਾਚਾ ਜੀ ਹੋਰਾਂ ਨੂੰ ਇੰਗਲੈਂਡ ਖਤ ਲਿਖਿਆ। ਉਹਨਾਂ ਦਿਨਾ ਵਿੱਚ ਇਤਨੀ ਸਖਤਾਈ ਨਹੀਂ ਸੀ ਹੁੰਦੀ ਅਤੇ ਵੋਚਰਾਂ ਦਾ ਪ੍ਰਬੰਧ ਸਹਿਜੇ ਹੀ ਹੋ ਜਾਇਆ ਕਰਦਾ ਸੀ। ਚਾਚਾ ਜੀ ਹੋਰੀਂ ਵੋਚਰ ਦਾ ਪ੍ਰਬੰਧ ਕਰ ਦਿੱਤਾ ਅਤੇ ਇਹ ਜੁਲਾਈ ਮਹੀਨੇ ਸੰਨ 1956 ਦੇ ਅਖੀਰਲੇ ਦਿਨਾ ਵਿੱਚ ਇੰਗਲੈਂਡ ਪਹੁੰਚ ਗਏ। ਕੁੱਝ ਸਮਾਂ ਇਹ ਲੰਡਨ ਸਾਊਥਹਾਲ ਆਪਣੇ ਬਹਿਨੋਈ ਸਰਦਾਰ ਕਰਤਾਰ ਸਿੰਘ ਅਤੇ ਆਪਣੇ ਮਾਮਾ ਜੀ ਦੀ ਲੜਕੀ ਭੈਣ ਪਰੀਤੋ ਦੇ ਘਰ ਰਹੇ ਪਰ ਕੰਮ ਕੋਈ ਸੂਤ ਨਹੀ ਆਇਆ ਤਾਂ ਦਸੰਬਰ 1956 ਨੂੰ ਇਹ ਲੀਡਜ਼ ਸ਼ਹਿਰ ਵਿੱਚ ਆ ਗਏ। ਇਹਨਾਂ ਦਿਨਾਂ ਦੇ ਵਿੱਚ ਇੱਥੇ ਇੰਡੀਅਨ ਲੋਕ ਘੱਟ ਹੀ ਰਹਿੰਦੇ ਸਨ। ਇਹਨਾਂ ਦੇ ਮਿੱਤਰਾਂ ਤੋਂ ਪਤਾ ਲੱਗਾ ਹੈ ਕਿ ਇਹ ਸਰਦਾਰ ਦਲੀਪ ਸਿੰਘ ਸੋਹਲ ਹੋਰਾਂ ਦੇ ਨਾਲ ਬਾਟਲੇ ਧਾਗੇ ਦੀ ਮਿੱਲ ਵਿੱਚ ਕੰਮ ਤੇ ਲੱਗ ਗਏ। ਸਰਦਾਰ ਆਤਮਾ ਸਿੰਘ ਸੂਦ ਭੰਗਲਾਂ ਵਾਲੇ ਅਤੇ ਇਹਨਾਂ ਦੇ ਸਾਥੀ ਸਰਦਾਰ ਅਮ੍ਰੀਕ ਸਿੰਘ ਮੈਹਤੋਂ ਇੱਕਠੇ ਲੀਡਜ਼ ਕਾਰਟਨ ਸਿਨਮੇ ਦੇ ਵਿੱਚ ਫ਼ਿਲਮਾਂ ਲਾਇਆ ਕਰਦੇ ਸਨ ਸੋ ਉਹਨੀਂ ਪਿਤਾ ਜੀ ਨੂੰ ਆਪਣੇ ਨਾਲ ਗਠਜੋੜ ਕਰਨ ਦੀ ਗੱਲ ਕੀਤੀ, ਪਰ ਇਹਨੀਂ ਕਿਹਾ ਕਿ ਸਾਨੂੰ ਕੋਈ ਚੰਗਾ ਕੰਮ ਕਰਨਾ ਚਾਹੀਦਾ ਹੈ। ਅਗਰ ਸਾਰੇ ਇੱਕਠੇ ਹੋਣ ਦੀ ਗੱਲ ਕਰਦੇ ਹੋ ਤਾਂ ਗੁਰਦੁਆਰਾ ਸਾਹਿਬ ਸਥਾਪਤਿ ਕਰਨ ਬਾਰੇ ਸੋਚਣਾ ਚਾਹੀਦਾ ਹੈ। ਦੂਸਰਾ ਗਰੂਪ ਧਾਰਮਕ ਰੁਚੀ ਦਾ ਸੀ ਜਿਹਨਾਂ ਵਿੱਚ ਬਾਬੂ ਇੰਦਰ ਸਿੰਘ, ਸਰਦਾਰ ਟਹਿਲ ਸਿੰਘ, ਸਰਦਾਰ ਰੇਸ਼ਮ ਸਿੰਘ ਗਿੱਲ, ਸਰਦਾਰ ਦਲਜੀਤ ਸਿੰਘ ਸੌਂਧ, ਸਰਦਾਰ ਦਲੀਪ ਸਿੰਘ ਸੋਹਲ, ਸਰਦਾਰ ਦਲਵੀਰ ਸਿੰਘ, ਸਰਦਾਰ ਧਰਮ ਸਿੰਘ ਸੰਧੂ, ਪ੍ਰੀਤਮ ਸਿੰਘ ਧੀਮਾਨ, ਸਰਦਾਰ ਗੁਰਦਿਆਲ ਸਿੰਘ ਗੁਰਦੁਆਰਾ ਬਨਾਉਣ ਦੇ ਹੱਕ ਵਿੱਚ ਸਨ। ਡੇਵਿਡ ਮਿਸ਼ਰਾ ਨਿਰੋਤਮ ਦੇਵ ਨਕੋਦਰੀਆ ਵੀ ਕੋਈ ਸਾਂਝੀ ਜਗ੍ਹਾ ਬਣਾਉਣੀ ਚਾਹੁੰਦੇ ਸਨ। ਜੱਦ ਇਹ ਗੱਲ ਚੱਲ ਰਹੀ ਸੀ ਤਾਂ ਸਰਦਾਰ ਦਲੀਪ ਸਿੰਘ ਹੋਰੀਂ ਕਿਹਾ ਕਿ ਸਰਦਾਰ ਕ੍ਰਿਪਾਲ ਸਿੰਘ ਹੋਰੀਂ ਜੋ ਅਹਿਮਦਾਬਾਦ ਗੁਰਦੁਆਰੇ ਦੇ ਵਿੱਚ ਜਨੱਰਲ ਸੱਕਤਰ ਰਹੇ ਹਨ ਅਤੇ ਗੁਰਬਾਣੀ ਦੇ

ਧਨੀ ਹਨ ਕਿਉਂ ਨਾਂ ਉਹਨਾਂ ਦੀ ਸਲਾਹ ਲੈ ਲਈ ਜਾਵੇ, ਸਾਰਿਆਂ ਨੇ ਸੋਚਿਆ ਕਿ ਇਸ ਤੋਂ ਬੇਹਤਰ ਗੱਲ ਹੋਰ ਕੀ ਹੋ ਸਕਦੀ ਹੈ। ਫਿਰ ਇਹਨਾਂ ਸਾਰਿਆਂ ਦੀ ਇੱਕ ਜਗ੍ਹਾ ਮੁਲਾਕਾਤ ਹੋਈ ਇਹੋ ਤਜ਼ਵੀਜ ਪਾਸ ਕੀਤੀ ਗਈ ਕਿ ਗੁਰਦੁਆਰੇ ਲਈ ਜਗ੍ਹਾ ਦੇਖਣੀ ਚਾਹੀਦੀ ਹੈ ਸੋ ਇਹਨੀਂ 5 ਮੈਂਬਰੀ ਇੱਕ ਐਡਹੌਕ ਕਮੇਟੀ ਬਣਾ ਲਈ, ਇਸ ਕਮੇਟੀ ਦੇ ਚੇਅਰਮੈਨ ਬਾਬੂ ਇੰਦਰ ਸਿੰਘ ਸਨ। ਇਸ ਵਿੱਚ ਮਿਸਤਰੀ ਬਲਵੰਤ ਸਿੰਘ ਹੋਰੀਂ ਪ੍ਰਧਾਨ, ਸਰਦਾਰ ਕ੍ਰਿਪਾਲ ਸਿੰਘ ਦੁੱਗਲ ਜਨੱਰਲ ਸਕੱਤਰ, ਸ੍ਰੀ ਨਿਰੋਤਮ ਮਿਸ਼ਰਾ ਮੀਤ ਪ੍ਰਧਾਨ, ਸਰਦਾਰ ਦਲਜੀਤ ਸਿੰਘ ਸਹਾਇਕ ਸਕੱਤਰ, ਅਤੇ ਬਾਬੂ ਇੰਦਰ ਸਿੰਘ ਨੂੰ ਖਜਾਨਚੀ ਨਿਯੁਕਤ ਕੀਤਾ ਗਿਆ।

ਸਰਦਾਰ ਟਹਿਲ ਸਿੰਘ ਇੰਗਲੈਂਡ ਦੇ ਵਿੱਚ ਬਹੁਤ ਪੁਰਾਣੇ ਸਿੱਖ ਸਨ ਅਤੇ ਇਹਨਾਂ ਦੇ ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਹੁੰਦਾ ਸੀ। ਇਹਨਾਂ ਦਾ ਸਪੁੱਤਰ ਸਰਦਾਰ ਸੰਮਪੂਰਨ ਸਿੰਘ ਅਤੇ ਉਹਨਾਂ ਦਾ ਪਰਿਵਾਰ ਅੱਜ ਵੀ ਲੀਡਜ਼ ਸ਼ਹਿਰ ਵਿੱਚ ਰਹਿ ਰਿਹਾ ਹੈ। ਸੰਨ 1957 ਵਿੱਚ ਪਹਿਲਾ ਵੈਸਾਖੀ ਗੁਰਪੁਰਬ ਮਨਾਉਣ ਲਈ ਮੇਰੇ ਪਿਤਾ ਜੀ, ਸਰਦਾਰ ਦਲਜੀਤ ਸਿੰਘ ਅਤੇ ਮਿਸਤਰੀ ਬਲਵੰਤ ਸਿੰਘ ਸਰਦਾਰ ਟਹਿਲ ਸਿੰਘ ਦੇ ਘਰ ਗਏ ਸੀ। ਇਸੇ ਸਾਲ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪਹਿਲਾ ਸ਼ਹੀਦੀ ਗੁਰਪੁਰਬ ਕੁੱਕਰਿਜ ਸਟਰੀਟ ਵਿੱਚ ਮਨਾਇਆ ਗਿਆ। ਇਸ ਮੌਕੇ ਲੰਡਨ ਤੋਂ ਰਾਗੀ ਜੱਥਾ ਅਤੇ ਗਿਆਨੀ ਸੱਦੇ ਗਏ। ਗਿਆਨੀ ਹੋਰੀਂ ਲੋਕਾਂ ਦੇ ਕੁਰਸੀਆਂ ਤੇ ਬੈਠਣ ਦੀ ਸਲਾਹ ਨੂੰ ਨਿਕਾਰਾ ਕਰਦਿਆਂ ਕਿਹਾ ਕਿ ਇੱਥੇ ਗੁਰੂ ਮਹਾਰਾਜ ਦਾ ਪ੍ਰਕਾਸ਼ ਨਹੀਂ ਕੀਤਾ ਜਾ ਸਕਦਾ ਸੋ ਸਾਰਿਆਂ ਨੇ ਸਲਾਹ ਕੀਤੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਾਲ ਲੱਗਦੇ ਕਮਰੇ ਵਿੱਚ ਕੀਤਾ ਜਾਵੇ ਇਸ ਦੇ ਨਾਲ ਸਾਰੇ ਸਹਿਮਤ ਸਨ। ਇਸ ਮੌਕੇ ਤੇ ਲੈਕਚਰ ਕਰਨ ਲਈ ਸਰਦਾਰ ਜੋਗਿੰਦਰ ਸਿੰਘ ਸੋਢੀ ਹੋਰਾਂ ਨੂੰ ਸੱਦਿਆ, ਜੋ ਉਸ ਸਮੇਂ ਦੇ ਉੱਘੇ ਵਿਦਵਾਨ ਲਿਖਾਰੀ ਮੰਨੇ ਜਾਂਦੇ ਸਨ ਅਤੇ ਉੱਘੇ ਧਾਰਮਿਕ ਬੁਲਾਰੇ ਵੀ ਕਹੇ ਜਾਂਦੇ ਸਨ। ਉਹਨਾਂ ਦੀ ਇੱਕ ਕਿਤਾਬ ਸਰੰਦਾ ਤੇ ਸਮਾਧੀ ਕਾਫੀ ਮਸ਼ਹੂਰ ਹੋਈ ਹੈ। ਇਸ ਮੌਕੇ ਉਚੇਚੇ ਤੌਰ ਤੇ ਭਾਰਤ ਦੇ ਮੁਖੀ ਕਾਨਸੂਲੇਟ ਲਿਵਰਪੂਲ ਤੋਂ ਮਿਸਟਰ ਐਸ. ਗਾਂਧੀ ਹੋਰਾਂ ਨੂੰ ਵੀ ਸੱਦਿਆ ਗਿਆ ਸੀ ਅਤੇ ਇਹ ਸਮਾਗਮ ਬਹੁਤ ਸ਼ਲਾਘਾਯੋਗ ਹੋ ਨਿਬੜਿਆ। ਇਹ ਇੱਕਠ ਸਾਂਝੀਵਾਲਤਾ ਦਾ ਪ੍ਰਤੱਖ ਪ੍ਰਮਾਣ ਕਿਹਾ ਜਾ ਸਕਦਾ ਹੈ ਜਿਸ ਵਿੱਚ ਸਿੱਖ, ਹਿੰਦੂ ਅਤੇ ਮੁਸਲਮਾਨ ਹਾਜ਼ਰ ਸਨ।

ਗੁਰਦੁਆਰਾ ਸਾਹਿਬ ਦੀ ਜਗ੍ਹਾ ਦੇਖਣ ਦੀ ਜੁੰਮੇਵਾਰੀ ਦਲਜੀਤ ਸਿੰਘ ਸੌਂਧ ਅਤੇ ਬਾਬੂ ਇੰਦਰ ਸਿੰਘ ਹੋਰਾਂ ਦੀ ਲਾਈ ਗਈ ਸੀ। ਇਹਨੀਂ ਜਿਹੜੀ ਜਗ੍ਹਾ ਪਸੰਦ ਕੀਤੀ ਉਹ ਕਿਸੇ ਹੋਰ ਦੇ ਪਸੰਦ ਨਹੀਂ ਸੀ ਆਈ ਕਿਉਂਕਿ ਇਹ ਜਗ੍ਹਾ

ਅੰਗ੍ਰੇਜਾਂ ਦੀ ਵਸਤੀ ਦੇ ਵਿਚਕਾਰ ਪੈਂਦੀ ਸੀ ਅਤੇ ਉਹਨਾਂ ਦਿਨਾਂ ਵਿੱਚ ਭੇਦ-ਭਾਵ, ਨਸਲੀ ਵਿਤਕਰਾ ਬਹੁਤ ਫੈਲਿਆ ਹੋਇਆ ਸੀ। ਇਹਨਾਂ ਦਿਨਾ ਵਿੱਚ ਸ੍ਰਦਾਰ ਤੇਜਾ ਸਿੰਘ ਜੋ ਪਿੰਡ ਆਦੀ ਤੋਂ ਸਨ ਉਹ ਗੁਜਰ ਗਏ ਜੋ ਗੁਰੂ ਘਰ ਵਿੱਚ ਕੀਰਤਨ ਵੀ ਕਰਿਆ ਕਰਦੇ ਸੀ। ਉਹਨਾਂ ਦੇ ਪ੍ਰਵਾਰ ਲਈ ਇਹਨੀਂ ਸਾਰਿਆਂ ਨੇ ਪੇਸੈ ਇੱਕਠੇ ਕੀਤੇ ਅਤੇ ਇੰਡੀਆ ਬੈਂਕ ਵਿੱਚ ਜਮਾ ਕਰਵਾ ਦਿੱਤੇ ਗਏ ਇਹ ਰਕਮ ਤਕਰੀਬਨ ਇੱਕ ਹਜ਼ਾਰ ਪੌਂਡ ਇੱਕਠੀ ਹੋਈ ਸੀ। ਉਹਨਾਂ ਦਿਨਾ ਵਿੱਚ 1000 ਪੌਂਡ ਇੱਕਠਾ ਕਰਨਾ ਬਹੁਤ ਵੱਡੀ ਗੱਲ ਸੀ। ਇਹਨੀਂ ਦਿਨੀਂ ਤਨਖਾਹ ਦੋ ਢਾਈ ਪੌਂਡ ਤੋਂ ਜਿਆਦਾ ਨਹੀ ਸੀ ਹੁੰਦੀ। ਉਸ ਸਮੇਂ ਇਤਨੀ ਵੱਡੀ ਰਕਮ ਇੱਕਠੀ ਕਰਨੀ ਇਹਨਾਂ ਦਾ ਪਰਸਪਰ ਪਿਆਰ ਅਤੇ ਹਿੰਮਤ ਦਾ ਸੰਦੇਸ਼ ਦਿੰਦਾ ਹੈ।

ਐਤਵਾਰ ਕੀਰਤਨ ਦਰਬਾਰ ਕਰਨ ਦੇ ਲਈ ਲੀਡਜ਼ ਦੇ ਵਿੱਚ ਪਹਿਲਾਂ 3 ਨੰਬਰ ਸੈਵਲ੍ਹ ਪਲੇਸ ਦਾ ਘਰ ਸੰਨ 1959 ਵਿੱਚ ਖਰੀਦਿਆ ਸੀ। ਉਸ ਸਮੇਂ ਕਮੇਟੀ ਦੇ ਪ੍ਰਧਾਨ ਬਰੈਡਫੋਰਢ ਤੋਂ ਸਰਦਾਰ ਸਰਦਾਰਾ ਸਿੰਘ ਹੁੰਦੇ ਸਨ। ਇਸਤੋਂ ਪਹਿਲਾਂ ਸ਼ਬਦ-ਚੌਂਕੀ ਸਰਦਾਰ ਗੁਰਮੀਤ ਸਿੰਘ ਦੇ ਘਰ ਲਾਈ ਜਾਂਦੀ ਸੀ। ਸਰਦਾਰ ਰੇਸ਼ਮ ਸਿੰਘ ਹੋਰੀ ਵੀ ਕੀਰਤਨ ਕਰਿਆ ਕਰਦੇ ਸਨ। ਉਸ ਵਕਤ ਲੀਡਜ਼ ਵਿੱਚ ਸੰਗਤ ਥੋੜੀ ਹੁੰਦੀ ਸੀ ਪਰ ਆਲੇ-ਦੁਵਾਲੇ ਦੇ ਟਾਊਨਾਂ ਤੋਂ ਸੰਗਤ ਆ ਜਾਇਆ ਕਰਦੀ ਸੀ। ਇਹਨਾਂ ਦਿਨਾਂ'ਚ ਹੀ ਸਰਦਾਰ ਰੇਸ਼ਮ ਸਿੰਘ ਹੋਰੀਂ ਕਿਸੇ ਏਜੰਟ ਰਾਹੀਂ ਸੰਨ 1961 ਵਿੱਚ 281ਏ ਚੈਪਲ ਟਾਊਨ ਰੋਡ ਤੇ ਸਥਿਤ ਚਰਚ ਨੂੰ ਖਰੀਦਣ ਵਾਰੇ ਗਲੱਬਾਤ ਕੀਤੀ ਅਤੇ ਚਰਚ ਨੂੰ ਦੇਖਣ ਸਰਦਾਰ ਜੋਗਿੰਦਰ ਸਿੰਘ, ਸਰਦਾਰ ਦਲਜੀਤ ਸਿੰਘ ਅਤੇ ਸਰਦਾਰ ਰੇਸ਼ਮ ਸਿੰਘ ਹੋਰੀਂ ਗਏ। ਇਹਨੀਂ ਪਿਤਾ ਜੀ ਦੀ ਸਲਾਹ ਦੇ ਨਾਲ ਇਸ ਚਰਚ ਦਾ ਸੌਦਾ 3100 ਪੌਂਡ ਵਿੱਚ ਤਹਿ ਕੀਤਾ ਸੀ ਜੱਦ ਕਿ ਸੈਵਲ੍ਹ ਪਲੇਸ ਦੇ ਘਰ ਦੀ ਕੀਮਤ ਉਸ ਵਕਤ 1100 ਪੌਂਡ ਪਾਈ ਗਈ ਸੀ। ਇਹ ਚਰਚ ਸੰਨ 1887 ਦੇ ਵਿੱਚ ਬਣਾਇਆ ਗਿਆ ਸੀ ਉਸ ਵਕਤ ਇਹ ਨੀਊਟਨ ਪਾਰਕ ਯੂਨੀਅਨ ਚਰਚ ਕੌਨਗਰੀਗੇਸ਼ਨਲ ਬਾਪਟਿੱਸਟ ਦੀ ਮਲਕੀਅਤ ਹੁੰਦੀ ਸੀ। ਇਸਦੇ ਅੰਦਰ 520 ਲੋਕਾਂ ਦੇ ਲਈ ਬੈਠਣ ਦੀ ਗੁੰਜਾਇਸ਼ ਹੁੰਦੀ ਸੀ। ਉਸ ਸਮੇਂ ਇਸਨੂੰ ਬਨਾਉਣ ਦੀ ਲਾਗਤ 6,500 ਪੌਂਡ ਆਈ ਸੀ। ਸੰਨ 1952 ਦੇ ਵਿੱਚ ਇਹ ਚਰਚ ਧਾਰਮਕ ਸੰਮੇਲਨ ਦੀ ਪ੍ਰਕੀਰੀਆ ਕਰਨ ਤੋਂ ਬੰਦ ਹੋ ਗਿਆ ਸੀ ਅਤੇ ਬਾਦ ਵਿੱਚ ਇਸ ਜਗਹ ਨੂੰ ਰੌਇਲ ਏਅਰ ਐਸੋਸੀਏਸ਼ਨ ਕਲੱਬ ਨੇ ਆਪਣੇ ਆਦਰਸ਼ਾਂ ਦੀ ਪੂਰਤੀ ਲਈ ਬਰਤਣਾ ਸ਼ੁਰੂ ਕਰ ਦਿੱਤਾ ਸੀ। ਇਸ ਚਰਚ ਦੇ ਪਿਛਵਾੜੇ ਓਲਡ੍ਹ ਸੈਂਟਰਲ ਹੀਬਰੂ ਕੌਂਗਰੀਗੇਸ਼ਨਲ ਸਿਨੇਗੌਗ ਹੁੰਦਾ ਸੀ। ਕਾਫੀ ਸਮੇਂ ਤੋਂ ਇਹ ਚਰਚ ਬੰਦ ਰਹਿਣ ਕਾਰਣ ਇਸਦੀ ਹਾਲਤ ਬਹੁਤ ਖਸਤਾ ਸੀ ਪਰ

ਜਗ੍ਹਾ ਜਿਆਦਾ ਹੋਣ ਕਰਕੇ ਇਸਦੀ ਕੀਮਤ ਸਮੇਂ ਦੇ ਲਿਹਾਜ ਨਾਲ ਬਹੁਤ ਠੀਕ ਸੀ। ਇਹ ਚਰਚ ਸੰਨ 1962 ਜਨਵਰੀ ਦੇ ਮਹੀਨੇ ਖਰੀਦਿਆ, ਬਿਲਡਿੰਗ ਦਾ ਕੰਮ ਤਕਰੀਬਨ ਸਾਰੇ ਸਿੱਖ ਭਾਈ ਅਤੇ ਪੰਜਾਬੀ ਜਾਣਦੇ ਸਨ ਸੋ ਇਹਨਾਂ ਨੇ ਰਲ ਮਿਲ ਕੇ ਚਰਚ ਦੀ ਮੁਰੰਮਤ ਆਰੰਭ ਕਰ ਦਿੱਤੀ। ਹੱਥੀਂ ਮੇਹਨਤ ਕਰਕੇ ਇਸਦੀ ਇਮਾਰਤ ਨੂੰ ਠੀਕ ਕੀਤਾ। ਇਸੇ ਸਮੇਂ ਦੌਰਾਨ ਇਸ ਗੁਰੂ ਘਰ ਦੀ ਕਮੇਟੀ ਬਨਾਉਣ ਲਈ ਸਰਦਾਰ ਦਲਜੀਤ ਸਿੰਘ ਨੇ ਦੱਸਿਆ ਕਿ ਉਹਨੀਂ ਅਤੇ ਸਰਦਾਰ ਕ੍ਰਿਪਾਲ ਸਿੰਘ ਦੁੱਗਲ ਹੋਰਾਂ ਨੇ ਸੰਵਿਧਾਨ ਲਿਖਿਆ ਸੀ। ਜਿਸਦੇ ਮੁਤਾਬਿਕ ਗੁਰਦੁਆਰੇ ਦੀ ਕਮੇਟੀ ਚੁਣੀ ਗਈ ਸੀ। ਇਸ ਕਮੇਟੀ ਦੇ ਵਿੱਚ ਪ੍ਰਧਾਨ ਸਰਦਾਰ ਪਿਆਰਾ ਸਿੰਘ ਚੱਗਰ, ਜਨਰਲ ਸਕੱਤਰ ਸਰਦਾਰ ਹਰਭਜਨ ਸਿੰਘ ਰੀਹਲ ਨਿਯੁਕਤ ਕੀਤੇ ਗਏ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਪੰਜਾਬ ਤੋਂ ਡਾਕ ਰਾਹੀਂ ਮੰਗਵਾਏ ਗਏ ਇਹ ਵੀ ਕਿਹਾ ਜਾਂਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਸ੍ਰਦਾਰ ਰੇਸ਼ਮ ਸਿੰਘ ਗਿੱਲ ਹੋਰੀ ਵੀ ਇੰਡੀਆ ਤੋਂ ਲੈਕੇ ਆਏ ਸੀ। ਸੰਨ 1962 ਅਪ੍ਰੈਲ ਦੇ ਮਹੀਨੇ ਸਾਰਿਆਂ ਨੇ ਹੁੱਮ-ਹੁਮਾ ਕੇ ਇਸ ਚਰਚ ਦੇ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ। ਇਸ ਗੁਰੂ ਘਰ ਲਈ ਉਗਰਾਹੀ ਕਰਨ ਵਾਲਿਆਂ ਦੇ ਨਾਮ ਨਿਰੋਤਮ ਮਿਸ਼ਰਾ ਜੀ, ਨਸੀਮ ਅੱਖਤਰ ਕੋਟੀਆ ਜੀ, ਸਰਦਾਰ ਦਲਜੀਤ ਸਿੰਘ ਸੌਂਧ, ਬਾਬੂ ਇੰਦਰ ਸਿੰਘ ਜੀ, ਸਰਦਾਰ ਰੇਸ਼ਮ ਸਿੰਘ, ਸਰਦਾਰ ਸਰਦਾਰਾ ਸਿੰਘ, ਸਰਦਾਰ ਸੋਹਣ ਸਿੰਘ ਧੀਮਾਨ, ਗਿਆਨੀ ਸੋਹਨ ਸਿੰਘ, ਡੌਨਕਾਸਟਰ ਤੋਂ ਸਰਦਾਰ ਗੁਰਬਖਸ਼ ਸਿੰਘ ਰਾਇ, ਸ੍ਰੀ ਵੀ.ਪੀ ਚੋਪੜਾ, ਸਰਦਾਰ ਪਿਆਰਾ ਸਿੰਘ, ਸਰਦਾਰ ਟਹਿਲ ਸਿੰਘ, ਸਰਦਾਰ ਬਹਾਦਰ ਸਿੰਘ ਖੋਸਾ ਅਤੇ ਸਰਦਾਰ ਹਰਭਜਨ ਸਿੰਘ ਰੀਹਲ ਸ਼ਾਮਿਲ ਸਨ। ਇਹ ਗੁਰਦੁਆਰਾ ਸਾਹਿਬ ਇੰਗਲੈਂਡ ਦੇ ਵਿੱਚ ਦੂਸਰੇ ਨੰਬਰ ਤੇ ਮੰਨਿਆ ਜਾਂਦਾ ਹੈ। ਇਹਨਾਂ ਦੇ ਨਾਲ ਸਕੰਨਥੌਰਪ ਤੋਂ ਹਡਰਸਫੀਲਡ ਤੋਂ ਕਈ ਗੁਰਸਿੱਖ ਉਗਰਾਹੀ ਕਰਿਆ ਕਰਦੇ ਸਨ। ਸ਼ੁਰੂ ਤੋਂ ਹੀ ਇਸ ਗੁਰੂਘਰ ਦੇ ਮੁਖੀ ਸੇਵਾਦਾਰ ਗ੍ਰੰਥੀ ਸਾਹਿਬਾਨ ਦੀ ਹੈਸੀਅਤ'ਚ ਸਰਦਾਰ ਸਾਧੂ ਸਿੰਘ ਭੰਡਾਰੀ ਜੀ ਸੇਵਾ ਕਰਦੇ ਰਹੇ ਸਨ। ਅਗਲੇਰੇ ਸਾਲ ਮਿਸਤਰੀ ਸਰਦਾਰ ਬਲਵੰਤ ਸਿੰਘ ਹੋਰਾਂ ਨੂੰ ਪ੍ਰਧਾਨ, ਸਰਦਾਰ ਕ੍ਰਿਪਾਲ ਸਿੰਘ ਹੋਰਾਂ ਨੂੰ ਜਨਰਲ ਸਕੱਤਰ ਅਤੇ ਬਾਬੂ ਇੰਦਰ ਸਿੰਘ ਹੋਰਾਂ ਨੂੰ ਖਜਾਨਚੀ ਨਿਯੁਕਤ ਕੀਤਾ ਗਿਆ ਸੀ। ਇਹਨਾਂ ਸੱਜਣਾਂ ਮਿਤੱਰਾਂ ਦੀ ਇਹ ਖਾਸੀਅਤ ਰਹੀ ਕਿ ਇਹਨੀਂ ਰਲ ਮਿਲ ਕੇ ਨਜ਼ਦੀਕੀ ਟਾਊਨਾ ਦੇ ਵਿੱਚ ਗੁਰਦੁਆਰੇ ਬਣਾਏ, ਲੀਡਜ਼ ਵਿੱਚ ਹਿੰਦੂ ਮੰਦਿਰ ਅਤੇ ਮਸੀਤ ਲਈ ਵੀ ਰਲਕੇ ਉਗਰਾਹੀ ਕੀਤੀ ਸੀ। ਇਹ ਇੱਕਠੇ ਹੋ ਕਿ ਵੱਖ ਵੱਖ ਟਾਊਨਾ ਦੇ ਵਿੱਚ ਕੀਰਤਨ ਵੀ ਕਰਿਆ ਕਰਦੇ ਸਨ। ਭਾਟੜਾ ਬਰਾਦਰੀ ਚੋਂ ਵੀ ਕੁੱਝ ਮੈਂਬਰ ਸਰਦਾਰ ਟਹਿਲ ਸਿੰਘ ਅਤੇ ਬੀ.ਟੀ ਸਿੰਘ

ਇਹਨਾ ਦੇ ਨਾਲ ਸਨ, ਇਹ ਸਾਰੇ ਰਲਮਿਲ ਕੇ ਗੁਰਪੁਰਵ ਮਨਾਇਆ ਕਰਦੇ ਸਨ। ਗੁਰਦਆਰੇ ਦੀ ਕਮੇਟੀ'ਚ ਔਹਦੇ ਬਦਲ੍ਹ ਬਦਲ੍ਹ ਕੇ ਸਾਰੇ ਕੰਮ ਕਰਦੇ ਰਹੇ ਜਿਹਨਾਂ ਵਿੱਚ ਖਾਸ ਨਾਮ ਹਨ ਟਹਿਲ ਸਿੰਘ, ਰੇਸ਼ਮ ਸਿੰਘ ਗਿੱਲ, ਆਤਮਾ ਸਿੰਘ ਸੂਦ, ਪਿਆਰਾ ਸਿੰਘ ਚੱਗਰ, ਮਾਸਟਰ ਰਤਨ ਸਿੰਘ, ਹਰਭਜਨ ਸਿੰਘ ਰੀਹਲ, ਰਣਜੀਤ ਸਿੰਘ ਸਹੋਤਾ, ਦਲੀਪ ਸਿੰਘ, ਸਰਦਾਰਾ ਸਿੰਘ ਬਾਗੜੀਆ, ਵੀ.ਪੀ ਚੋਪੜਾ, ਨਿਰੋਤਮ ਮਿਸ਼ਰਾ ਜੀ, ਦਲਜੀਤ ਸਿੰਘ ਸੌਂਧ, ਸਰਵਣ ਸਿੰਘ ਚੀਮਾ ਅਤੇ ਸਰਵਣ ਸਿੰਘ ਡਾਂਡੀ ਆਦਿ ਸਨ। ਸੰਨ 1963/64 ਵਿੱਚ ਬਰੇਡਫੋਰਡ ਗੁਰਦੁਆਰੇ ਦੇ ਪ੍ਰਧਾਨ ਸਰਦਾਰ ਤਾਰਾ ਸਿੰਘ ਅਤੇ ਸਟੇਜ ਸਕੱਤਰ ਸਰਦਾਰ ਰਣਜੀਤ ਸਿੰਘ ਹੇਅਰ ਸੇਵਾ ਨਿਭਾਉਂਦੇ ਰਹੇ ਸਨ। ਇਹਨਾਂ ਦਿਨਾਂ ਵਿੱਚ ਆਪਸੀ ਸਹਿਯੋਗ ਦੇ ਨਾਲ ਨਜਦੀਕ ਦੇ ਕਸਵਿਆਂ ਵਿੱਚ ਗੁਰਦੁਆਰੇ ਸਥਾਪਿਤ ਕੀਤੇ ਗਏ ਸਨ ਅਤੇ ਇਹ ਸਾਰੇ ਰਲ੍ਹ ਮਿਲ ਕੇ ਗੁਰਪੁਰਵ ਮਨਾਇਆ ਕਰਦੇ ਸਨ। ਡੌਨਕਾਸਟਰ ਤੋਂ ਸਰਦਾਰ ਗੁਰਬਖਸ਼ ਸਿੰਘ ਰਾਏ ਹੋਰੀਂ ਕਪੜੇ ਦਾ ਕਾਰੋਬਾਰ ਕਰਦੇ ਸੀ, ਉਹਨਾਂ ਦੀ ਲੀਡਜ਼ ਗੁਰਦੁਆਰੇ ਵਾਸਤੇ ਉਗਰਾਹੀ ਲਈ ਅਣਥੱਕ ਸੇਵਾ ਹੁੰਦੀ ਸੀ ਅਤੇ ਪਿਤਾ ਜੀ ਹੋਰਾਂ ਨਾਲ ਉਹਨਾਂ ਦਾ ਅਤੁੱਟ ਪਿਆਰ ਵੀ ਸੀ। ਸਰਦਾਰ ਗੁਰਬਖਸ਼ ਸਿੰਘ ਖੁਲ ਦਿਲ਼ ਅਤੇ ਸੱਚ ਤੇ ਪਹਿਰਾ ਦੇਣ ਵਾਲੇ ਇਨਸਾਨ ਸਨ। ਇਹਨਾਂ ਸਾਰਿਆਂ ਦੇ ਇਕੱਠ ਦੀ ਇਹ ਖਾਸੀਅਤ ਸੀ ਕਿ ਲੋੜ ਸਮੇਂ ਇਹ ਹਰ ਇੱਕ ਦੇ ਕੰਮ ਆਇਆ ਕਰਦੇ ਸੀ। ਭਾਵੇਂ ਵੱਖ ਵੱਖ ਧਰਮ ਦੇ ਧਾਰਨੀ ਹੁੰਦੇ ਹੋਏ ਵੀ ਸਾਰੇ, ਇੱਕ ਦੂਸਰੇ ਦੇ ਧਰਮ ਦਾ ਸਤਿਕਾਰ ਵੀ ਕਰਦੇ ਸਨ, ਭਾਵੇਂ ਸਿੱਖ, ਹਿੰਦੂ ਜਾਂ ਮੁਸਲਮਾਨ ਹੋਵੇ ਇਹਨਾਂ ਦਾ ਆਪਸੀ ਕੋਈ ਵਿਤਕਰਾ ਨਹੀਂ ਸੀ ਹੁੰਦਾ। ਇੱਕ ਦੂਸਰੇ ਨੂੰ ਪਿਆਰ ਸਤਿਕਾਰ ਦੇ ਨਾਲ ਮਿਲਦੇ ਸਨ ਅਤੇ ਇੱਕ ਦੂਸਰੇ ਦੀ ਲੋੜ ਮੁਤਾਬਿਕ ਮਦਦ ਵੀ ਕਰਿਆ ਕਰਦੇ ਸਨ। ਇਹ ਸਮਾਂ ਚੰਗਾ ਹੁੰਦਾ ਸੀ ਅਤੇ ਉਸ ਸਮੇਂ ਸਿੱਖ ਧਰਮ ਦੀਆਂ ਪ੍ਰੰਪਰਾਵਾਂ ਦੀ ਸਹੀ ਸੋਝੀ ਅਤੇ ਵਰਤੋਂ ਹੁੰਦੀ ਪ੍ਰਤੱਖ ਨਜ਼ਰ ਆਉਂਦੀ ਸੀ।

ਸੱਭ ਤੋਂ ਪਹਿਲਾ ਗੁਰਦੁਆਰਾ ਸ਼ੈਫਰਡਸ ਬੁਸ਼ ਲੰਡਨ ਦੇ ਵਿੱਚ ਬਣਿਆ ਸੀ। ਸੰਨ 1908 ਦੇ ਵਿੱਚ ਖਾਲਸਾ ਜੱਥਾ ਲੰਡਨ ਹੋਂਦ ਵਿੱਚ ਆਇਆ ਅਤੇ ਸੱਭ ਤੋਂ ਪਹਿਲਾਂ ਸੰਨ 1911 ਵਿੱਚ ਪਟਨੀ ਹਾਊਸ ਦੋ ਸਾਲ ਦੀ ਲੀਜ਼ ਤੇ ਲਿਆ ਗਿਆ ਜਿਸਦੇ ਉਦਘਾਟਨ ਤੇ ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾ ਇੱਥੇ ਪਹੁੰਚੇ ਸਨ। ਸੰਨ 1913 ਦੇ ਵਿੱਚ 79 ਸਿਨਕਲੇਰ ਰੋਡ ਸ਼ੈਫਰਡਸ ਬੁਸ਼ ਦੀ 79 ਸਾਲਾ ਲੀਜ਼ ਲਈ ਗਈ ਅਤੇ 1953 ਤੋਂ ਇੱਥੇ ਹਫਤਾ ਵਾਰੀ ਦੀਬਾਨ ਲੱਗਣੇ ਸ਼ੁਰੂ ਹੋਏ ਸਨ। ਸਕੌਟਲੈਂਡ ਦੇ ਸ਼ਹਿਰ ਗਲਾਸਗੋ ਵਿੱਚ ਗੁਰਦੁਆਰਾ ਲੰਡਨ ਦੇ ਗੁਰਦੁਆਰਾ ਬਣਨ ਤੋਂ ਬਾਦ ਬਣਿਆ ਸੀ। ਇਸ ਸ਼ਹਿਰ ਦੇ ਵਿੱਚ ਸਿੱਖਾਂ ਦੀ ਬਹੁਤ ਪੁਰਾਣੀ ਵਸੋਂ ਹੈ।

ਇਹ ਸ਼ਹਿਰ ਵੈਸੇ ਵੀ ਬਹੁਤ ਵੱਡਾ ਸ਼ਹਿਰ ਹੈ। ਇਹ ਸਕੌਟਲੈਂਡ ਦੇਸ਼ ਦਾ ਵੱਡਾ ਸ਼ਹਿਰ ਹੈ ਜਿਸਦੀ ਰਾਜਧਾਨੀ ਐਡਿਨਬਰ੍ਹਾ ਹੈ ਅਤੇ ਇਹ ਬਹੁਤ ਖ਼ੂਬਸੂਰਤ ਦੇਖਣ ਵਾਲੀ ਜਗ੍ਹਾ ਹੈ।

ਮੇਰੇ ਪਿਤਾ ਜੀ ਹੋਰੀਂ ਸੰਨ 1961-62 ਤੱਕ ਲੈਸਟਰ ਸ਼ਹਿਰ ਕੰਮ ਕਰਦੇ ਰਹੇ। ਇੱਥੇ ਇਹਨਾਂ ਦੇ ਵਾਕਿਫ਼ ਭੋਡੇ ਸਪਰਾਂਵਾਂ ਤੋਂ ਸਰਦਾਰ ਸੋਹਨ ਸਿੰਘ ਜਿਹਨਾਂ ਦਾ ਖੂਹ ਵੀ ਸਾਡੀ ਜ਼ਮੀਨ ਦੇ ਕੋਲ੍ਹ ਹੀ ਸੀ ਅਤੇ ਆਪਸੀ ਪ੍ਰੇਮ ਭਾਵਨਾ ਵੀ ਰੱਖਦੇ ਸਨ। ਉਹ ਇਹਨਾਂ ਨੂੰ ਇੱਥੇ ਮਿਲ ਪਏ ਅਤੇ ਇਹ ਕੁੱਝ ਸਮਾਂ ਇਹਨਾਂ ਪਾਸ ਹੀ ਰਹੇ ਸੀ। ਸਰਦਾਰ ਸੋਹਨ ਸਿੰਘ ਦੇ ਵੱਡੇ ਭਰਾ ਭਾਊ ਜੀ ਪਿੰਡ ਦੇ ਸਰਪੰਚ ਸਨ ਅਤੇ ਪਿਤਾ ਜੀ ਦੇ ਖਾਸ ਮਿੱਤਰ ਸਨ। ਪਿਤਾ ਜੀ ਨੂੰ ਮਿਲਣ ਜਮਸ਼ੇਰ ਟਰੈਕਟਰ ਤੇ ਆਉਂਦੇ ਰਹਿੰਦੇ ਸਨ, ਇਹਨੀਂ ਇੱਕਠੇ ਹੋ ਕੇ ਖੂਬ ਮਸਤੀ ਕਰਨੀ, ਖਾਣ ਪੀਣ ਦੇ ਇਹ ਸਾਰੇ ਬਹੁਤ ਸ਼ੌਕੀਨ ਹੁੰਦੇ ਸਨ। ਇਹ ਇੱਕਠੇ ਕਈ ਵਾਰ ਸ਼ਿਕਾਰ ਖੇਡਣ ਵੀ ਜਾਇਆ ਕਰਦੇ ਸਨ। ਲੈਸਟਰ ਦੇ ਵਿੱਚ ਪਿਤਾ ਜੀ ਦੀ ਭੂਆ ਦੀ ਲੜਕੀ ਬੀਬੀ ਮਹਿੰਦਰ ਕੌਰ ਰਹਿੰਦੀ ਸੀ ਜੋ ਕਿ ਉਸ ਸਮੇਂ ਜਰਨਲਿਸਟ ਹੁੰਦੀ ਸੀ ਅਤੇ ਸਾਡੇ ਪਰਵਾਰ ਦੇ ਵਿੱਚੋਂ ਉਹ ਪਹਿਲੀ ਔਰਤ ਸੀ ਜਿਸਨੇ ਹਵਾਈ ਜਹਾਜ ਨੂੰ ਚਲਾਉਣ ਦੀ ਸਿਖਲਾਈ ਲਈ ਸੀ ਉਹਨਾਂ ਦੇ ਪਤੀ ਮੇਰੇ ਫੁਫੜ ਜੀ ਸਰਦਾਰ ਬਖਸ਼ੀਸ਼ ਸਿੰਘ ਖਾਲਸਾ ਕਾਲਜ ਅਮ੍ਰਿਤਸਰ ਤੋਂ ਗਰੇਜੂਏਟ ਸਨ ਅਤੇ ਇਹਨਾਂ ਦਾ ਆਪਣਾ ਵਪਾਰ ਹੁੰਦਾ ਸੀ। ਸੰਨ 1962 ਦੇ ਅਖੀਰ ਵਿੱਚ ਪਿਤਾ ਜੀ ਲੀਡਜ਼ ਯੌਰਕਸ਼ਾਇਰ ਆ ਗਏ ਅਤੇ ਵੂਲ੍ਹਸਲੀ ਯੇਟਸ ਮਿੱਲ ਬਰੈਮਲੇ ਕੰਮ ਕਰਨ ਲੱਗ ਪਏ। ਇਸ ਮਿੱਲ ਵਿੱਚ ਇਹਨੀਂ ਆਪਣੇ ਕਈ ਬੰਦਿਆਂ ਨੂੰ ਕੰਮ ਤੇ ਰੱਖਵਾਇਆ ਸੀ। ਇਹਨਾਂ ਦੇ ਦੋਸਤ ਸਰਦਾਰ ਰਣਜੀਤ ਸਿੰਘ ਹੇਅਰ ਦੇ ਕਹਿਣ ਤੇ ਉਹਨਾਂ ਦੇ ਭਾਈ ਸਰਦਾਰ ਬਲਦੇਵ ਸਿੰਘ ਹੇਅਰ ਦੇ ਨਾਲ ਇਹ ਨੌਟੀਗੰਮ ਉਹਨਾਂ ਦੇ ਪੇਂਡੂ ਸ੍ਰੀ ਭਾਗ ਮੱਲ ਨੂੰ ਮਿਲਣ ਗਏ। ਸ੍ਰੀ ਭਾਗ ਮੱਲ ਨੂੰ ਇੰਡੀਆ ਤੋਂ ਆਇਆਂ ਲੰਮਾ ਅਰਸਾ ਹੋ ਗਿਆ ਸੀ ਪਰ ਕੋਈ ਕੰਮ ਨਾ ਮਿਲਣ ਕਾਰਣ ਉਹ ਵਾਪਿਸ ਇੰਡੀਆ ਮੁੜ ਜਾਣਾ ਚਾਹੁੰਦੇ ਸਨ। ਪਰ ਉਹਨਾਂ ਦੇ ਵੱਡੇ ਭਰਾ ਨੇ ਸਰਦਾਰ ਰਣਜੀਤ ਸਿੰਘ ਨੂੰ ਚਿੱਠੀ ਲਿਖੀ ਕਿ ਇਸਦੇ ਕੰਮ ਦਾ ਕੋਈ ਬੰਦੋਬਸਤ ਕਰੋ। ਇਸੇ ਵਜ਼ਾ ਕਰਕੇ ਇਹ ਸਾਰੇ ਉਹਨਾਂ ਨੂੰ ਲੀਡਜ਼ ਕੰਮ ਤੇ ਰੱਖਵਾਉਣ ਲਈ ਲੈਣ ਗਏ ਸੀ। ਸ੍ਰੀ ਭਾਗ ਮੱਲ ਜੀ ਨੇ ਦੱਸਿਆ ਕਿ ਉਹ ਇੱਕ ਰਾਤ ਪਿਤਾ ਜੀ ਦੇ ਘਰ ਲੀਡਜ਼ 6 ਦੇ ਵਿੱਚ ਰਹੇ ਸਨ। ਦੂਸਰੇ ਦਿਨ ਇਹ ਸਰਦਾਰ ਰਣਜੀਤ ਸਿੰਘ ਦੇ ਘਰ ਬਰੈਡਫੋਰੜ ਚਲੇ ਗਏ ਸੀ। ਇਹਨਾਂ ਨੇ ਪੁਰਾਣੀਆਂ ਗੱਲਾਂ ਨੂੰ ਯਾਦ ਕਰਦਿਆਂ ਦਿਲ੍ਹ ਭਰਦੇ ਹੋਏ ਕਿਹਾ ਕਿ ਸਰਦਾਰ ਕ੍ਰਿਪਾਲ ਸਿੰਘ ਹੋਰੀ ਮੈਨੂੰ ਯੇਟਸ ਮਿੱਲ ਦੇ ਵਿੱਚ ਕੰਮ ਤੇ

ਰੱਖਵਾਇਆ ਸੀ। ਇਹ ਘਰ ਜਿਸਦੇ ਵਿੱਚ ਅੱਜ ਮੈਂ ਬੈਠਾ ਹਾਂ ਇਹ ਉਹਨਾਂ ਦੀ ਹੀ ਮੇਹਰਬਾਨੀ ਹੈ। ਸਰਦਾਰ ਸਾਹਿਬ ਭਲਾਈ ਦੇ ਦੇਵਤੇ ਕਹੇ ਜਾ ਸਕਦੇ ਹਨ ਜਿਹਨਾਂ ਨੂੰ ਲੋਕਾਂ ਦੇ ਦਰਦ ਦਾ ਅਹਿਸਾਸ ਸੀ ਅਤੇ ਲੋਕਾਂ ਦੀ ਮਦਦ ਕਰਨ ਲਈ ਕਦਾਚਿਤ ਢਿੱਲ ਨਹੀ ਸੀ ਕਰਦੇ। ਮੇਰੇ ਵਾਂਗ ਕਈਆਂ ਨੂੰ ਇਹਨੀਂ ਕੰਮ ਤੇ ਲਾਇਆ ਸੀ, ਲੋਕਾਂ ਦੇ ਲਈ ਡਾਕਟਰੀ ਕਾਰਡ ਬਣਾ ਕੇ ਦੇਣੇ, ਟੈਕਸ ਦੇ ਕਾਗਜ਼ ਭਰਨੇ, ਆਪਣੇ ਘਰ ਮੁਫ਼ਤ ਰੱਖਣਾ ਇਹ ਚੰਗੇ ਗੁਣਾ ਦੇ ਧਾਰਨੀ ਸਨ। ਇਸਤੋਂ ਇਲਾਵਾ ਇਹ ਸੰਗੀਤ ਮਹਿਫ਼ਲ ਦੇ ਬਹੁਤ ਸ਼ੌਕੀਨ ਸਨ ਉਸ ਸਮੇਂ ਇਹਨੀਂ ਮੈਨੂੰ, ਸੁਰਿੰਦਰ ਸਿੰਘ ਅਤੇ ਬਲਦੇਵ ਸਿੰਘ ਹੇਅਰ ਹੋਰਾਂ ਨੂੰ ਕਹਿਣਾ ਆਓ ਅੱਜ ਮਹਿਫ਼ਲ ਸਜਾਈਏ। ਸੰਗੀਤ ਦੇ ਰੰਗਾ ਰੰਗ ਪਰੋਗਰਾਮ ਵੀ ਆਯੋਜਿੱਤ ਕਰਿਆ ਕਰਦੇ ਸਨ, ਉਸ ਸਮੇਂ 10 ਪੌਂਡ ਟਿਕਟ ਰੱਖਣੀ ਗੱਲ ਮਾਇਨੇ ਰੱਖਦੀ ਸੀ। ਇਹਨੀਂ ਪੰਡਿਤ ਤੀਰਥ ਮੱਲ, ਨਜ਼ਾਕਤ ਅਲੀ, ਉਸਤਾਦ ਸਲਾਮਤ ਵਰਗੇ ਫ਼ਨਕਾਰਾਂ ਨੂੰ ਵੀ ਪਰੋਗਰਾਮਾਂ ਵਿੱਚ ਆਦਰ ਮਾਣ ਦਿੱਤਾ ਸੀ। ਉਹਨਾਂ ਦਿਨਾ ਵਿੱਚ ਸਰਦਾਰ ਕ੍ਰਿਪਾਲ ਸਿੰਘ, ਸਰਦਾਰ ਦਲਜੀਤ ਸਿੰਘ ਸੌਂਧ ਅਤੇ ਸਰਦਾਰ ਦਲੀਪ ਸਿੰਘ ਸੋਹਲ ਹੋਰੀਂ ਹੀ ਪੜੇ ਲਿਖੇ ਸਨ ਸੋ ਇਹ ਆਪਣੇ ਲੋਕਾਂ ਲਈ ਕਚਿਹਰੀਆਂ ਦੇ ਵਿੱਚ ਦੋਭਾਸ਼ੀਏ ਦਾ ਕੰਮ ਵੀ ਕਰ ਲੈਂਦੇ ਸਨ। ਸ੍ਰੀ ਭਾਗ ਮੱਲ ਅਤੇ ਹੇਅਰ ਪਰਵਾਰ ਦਾ ਸ਼ੁਰੂ ਤੋਂ ਹੀ ਆਪਸੀ ਗੂੜਾ ਸੰਬੰਧ ਸੀ, ਭਰਾਵਾਂ ਵਾਂਗ ਇਹ ਆਪਣੇ ਪਿੰਡ ਰਿਹਾ ਕਰਦੇ ਸਨ। ਸਰਦਾਰ ਰਣਜੀਤ ਸਿੰਘ ਦੇ ਚਚੇਰੇ ਭਰਾ ਗੁਰਮੀਤ ਸਿੰਘ ਘੁਲ਼ਦੇ ਵੀ ਹੁੰਦੇ ਸਨ ਸ੍ਰੀ ਭਾਗ ਮੱਲ ਅਤੇ ਹੇਅਰ ਪਰਵਾਰ ਪੱਕੇ ਰਾਵਣ ਅਖਾੜੇ ਵਿੱਚ ਜੀ.ਟੀ ਰੋਡ ਫਗਵਾੜਾ ਤੇ ਘੋਲ਼ ਕਰਵਾਇਆ ਕਰਦੇ ਸਨ। ਇਸ ਅਖਾੜੇ ਦੇ ਵਿੱਚ ਪੰਜਾਬ ਦੇ ਉੱਘੇ ਭਲਵਾਨ ਦਾਰਾ ਸਿੰਘ, ਬੰਤਾ ਬਲਟੋਈਆ ਅਤੇ ਅਨੇਕਾਂ ਨਾਮਵਰ ਭਲਵਾਨ ਘੁਲ਼ ਚੁੱਕੇ ਹਨ ਜਿਹਨਾ ਸਾਰਿਆਂ ਦੇ ਨਾਮ ਲਿਖਣੇ ਇੱਕ ਬਹੁਤ ਵੱਡੀ ਸੂਚੀ ਬਣ ਸਕਦੀ ਹੈ। ਸਰਦਾਰ ਰਣਜੀਤ ਸਿੰਘ ਸੰਨ 1952 ਤੋਂ 1959 ਤੱਕ ਰਾਮਗੜੀਆ ਕਾਲਜ ਫਗਵਾੜੇ ਪੜ੍ਹਦੇ ਹੁੰਦੇ ਸਨ ਇਹਨਾਂ ਦੇ ਨਾਲ ਸਰਦਾਰ ਸਤਨਾਮ ਸਿੰਘ ਸਿੱਧੂ ਜੋ ਕਿ ਬਰੈਡਫੋਰਡ ਵਿੱਚ ਵੀ ਇਹਨਾਂ ਦੇ ਨਾਲ ਇੱਕਠੇ ਰਹੇ ਸਨ। ਇਹਨਾਂ ਨੂੰ ਵੀ ਕੰਮ ਤੇ ਸਰਦਾਰ ਕ੍ਰਿਪਾਲ ਸਿੰਘ ਨੇ ਹੀ ਲਗਵਾਇਆ ਸੀ। ਸਰਦਾਰ ਰਣਜੀਤ ਸਿੰਘ ਵੀ ਆਪਣੇ ਸਮੇਂ ਦੇ ਵਿੱਚ ਫਗਵਾੜੇ ਰਾਮਗੜੀਆ ਕਾਲਜ ਵਿੱਚ ਸਟੂਡੈਂਟਸ ਯੂਨੀਅਨ ਦੇ ਪ੍ਰਧਾਨ ਰਹਿ ਚੁੱਕੇ ਹਨ। ਉਸ ਸਮੇਂ ਇਸ ਕਾਲਜ ਦੇ ਪ੍ਰਿੰਸੀਪਲ ਸਰਦਾਰ ਕ੍ਰਿਪਾਲ ਸਿੰਘ ਨਾਰੰਗ ਹੁੰਦੇ ਸਨ ਜਿਹੜੇ ਕੇ ਹਿਸਟਰੀ ਦੇ ਗੋਲਡ ਮੈਡਿਲਿੱਸਟ ਸਨ। ਬਾਦ ਦੇ ਵਿੱਚ ਇਹ ਪੰਜਾਬ ਯੂਨੀਵਰਸਿਟੀ ਦੇ ਕੁਲਪਤੀ-ਚਾਂਸਲਰ ਬਣੇ ਰਹੇ। ਇਹਨਾਂ ਦੇ ਭਰਾ ਜੀ ਪਿਤਾ ਜੀ ਦੇ ਦੋਸਤ ਹੁੰਦੇ ਸਨ। ਇਹਨਾਂ ਤੋਂ ਬਾਦ ਸਰਦਾਰ ਅਮਰ ਸਿੰਘ ਜਮਸ਼ੇਰ ਨਿਵਾਸੀ ਇਸ ਕਾਲਜ ਦੇ ਪ੍ਰਿੰਸੀਪਲ ਰਹੇ ਸਨ। ਸਰਦਾਰ

ਰਣਜੀਤ ਸਿੰਘ ਪਰਿਵਾਰ ਵੀ ਆਪਣੇ ਪਿੰਡ ਪੱਦੀ ਜ਼ਗੀਰ ਜਿਸਨੂੰ ਸਰਦਾਰਾਂ ਦੀ ਪੱਦੀ ਵੀ ਕਿਹਾ ਜਾਂਦਾ ਸੀ ਉੱਥੇ ਦੇ ਬਹੁਤ ਰਸੂਖ ਅਤੇ ਆਦਰਯੋਗ ਪਿੰਡ ਦੇ ਪਤਵੰਤੇ ਸੱਜਣ ਮੰਨੇ ਜਾਂਦੇ ਸਨ। ਇਹਨਾਂ ਦੇ ਵੱਡੇ ਭਰਾ ਜੀ ਸਰਦਾਰ ਗੁਰਦੇਵ ਸਿੰਘ ਹੋਰਾਂ ਦਾ ਜਿਕਰ ਕਰਨਾ ਵੀ ਜਰੂਰੀ ਗੱਲ ਹੈ ਜੋ ਕਿ ਗੁਰਮਤਿ ਵਿੱਦਿਆ ਦੇ ਧਨੀ ਅਤੇ ਸਰਦਾਰ ਰਣਜੀਤ ਸਿੰਘ ਵਾਂਗ ਉੱਘੇ ਬੁਲਾਰੇ ਮੰਨੇ ਜਾਂਦੇ ਸਨ। ਸ੍ਰੀ ਭਾਗ ਮੱਲ ਹੋਰਾਂ ਦੇ ਨਾਲ ਹੋਈ ਮੁਲਾਕਾਤ ਦੌਰਾਨ ਉਹਨੀਂ ਪੁਰਾਣੀਆਂ ਗੱਲਾ ਕਰਦਿਆਂ ਪਿਤਾ ਜੀ ਹੋਰਾਂ ਦੀ ਆਤਮਿਕ ਸ਼ਾਂਤੀ ਲਈ ਬੇਨਤੀ ਕੀਤੀ ਅਤੇ ਕਿਹਾ ਕਿ ਅਜਿਹੇ ਸ਼ਕਸ ਦੁਨੀਆ ਦੇ ਵਿੱਚ ਬਹੁਤ ਘੱਟ ਜੰਮਦੇ ਹਨ ਜੋ ਦੁਖੀਆਂ ਦੇ ਦਰਦ ਨੂੰ ਮਹਿਸੂਸ ਕਰਦਿਆਂ, ਉਹਨਾ ਲੋਕਾਂ ਨੂੰ ਆਪਣੇ ਘਰ ਦੇ ਜੀਅ ਸਮਝਦਿਆਂ ਹੋਇਆਂ ਉਹਨਾਂ ਦੀ ਬਾਂਹ ਫੜਦੇ ਹਨ। ਅੱਜ ਮੈਂ ਇਸ ਘਰ ਦੇ ਵਿੱਚ ਉਹਨਾਂ ਦੀ ਬਦੌਲਤ ਹੀ ਬੈਠਾ ਹਾਂ ਉਹਨਾਂ ਦੇ ਸਤਿਕਾਰ ਲਈ ਮੇਰਾ ਸਿਰ ਝੁੱਕਦਾ ਹੈ।

ਕੁੱਝ ਸਮਾਂ ਪਾ ਕੇ ਪਿਤਾ ਜੀ ਨਜ਼ਦੀਕ ਦੇ ਕਸਵੇ ਬਾਟਲ੍ਹੇ ਨੀਊਸਮ ਮਿੱਲ ਦੇ ਵਿੱਚ ਕੰਮ ਕਰਨ ਲੱਗ ਪਏ। ਇਹਨਾਂ ਦੇ ਕੰਮ ਦੀ ਲਗਨ ਅਤੇ ਨਿਪੁੰਨਤਾ ਨੂੰ ਦੇਖਦਿਆਂ ਇਹਨਾਂ ਨੂੰ ਰਾਤਾਂ ਦੀ ਸ਼ਿਫਟ ਤੇ ਸੁੱਪਰਵਾਈਜ਼ਰ ਰੱਖ ਲਿਆ ਗਿਆ ਅਤੇ ਕਈ ਅੰਗ੍ਰੇਜ ਇਹਨਾਂ ਦੀ ਦੇਖ-ਰੇਖ ਹੇਠ ਕੰਮ ਕਰਦੇ ਸਨ। ਇਸ ਜਗ੍ਹਾ ਤੇ ਜਿਆਦਾ ਗੁਜ਼ਰਾਤ ਦੇ ਮੁਸਲਮਾਨ ਰਹਿੰਦੇ ਸਨ, ਕਈਆਂ ਨੂੰ ਇਹਨੀਂ ਨੌਕਰੀ ਤੇ ਵੀ ਰੱਖਿਆ ਸੀ। ਆਪਣੇ ਨੇਕ ਸੁਭਾਵ ਕਾਰਣ ਇਹ ਮੁਸਲਮਾਨਾ ਦੀ ਸੰਘਣੀ ਵਸੋਂ ਵਿੱਚ ਕਾਫੀ ਆਦਰਯੋਗ ਮੰਨੇ ਜਾਂਦੇ ਸੀ। ਭਾਵੇਂ ਬਹੁਤੇ ਸਿੱਖਾਂ ਨੇ ਨੌਕਰੀ ਦੇ ਬਹਾਨੇ ਆਪਣੇ ਕੇਸ ਕਟਵਾ ਲਏ ਸਨ ਪਰ ਇਹ ਸ਼ੁਰੂ ਤੋਂ ਹੀ ਕੇਸਾਧਾਰੀ ਸਨ ਅਤੇ ਇੰਗਲੈਂਡ ਆ ਕੇ ਵੀ ਕੇਸਾਂ ਦੀ ਕਦੀ ਬੇਅਦਵੀ ਨਹੀਂ ਸੀ ਕੀਤੀ। ਪੜੇ-ਲਿਖੇ ਹੋਣ ਕਾਰਣ ਆਪਣੀ ਕੌਮ ਦੇ ਮਨੁੱਖੀ ਅਧਿਕਾਰਾਂ ਲਈ ਵੀ ਅੰਗ੍ਰੇਜਾਂ ਨਾਲ ਸੰਪਰਕ ਕਰਦੇ ਰਹੇ ਅਤੇ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਜੁੱਝਦੇ ਵੀ ਰਹੇ। ਅਗਰ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਪੰਜਾਬੀਆਂ ਨੂੰ ਆਣ ਪੈਂਦੀ ਤਾਂ ਇਹ ਡਟਕੇ ਉਹਨਾਂ ਦੀ ਮਦਦ ਕਰਿਆ ਕਰਦੇ ਸਨ। ਦੋਸਤਾਂ ਲਈ ਖਤ ਲਿਖ ਦੇਣੇ, ਉਹਨਾਂ ਦੀਆਂ ਚਿੱਠੀਆਂ ਪੜਕੇ ਸੁਣਾ ਦੇਣੀਆਂ, ਉਹਨਾਂ ਲਈ ਨੈਸ਼ਨਲ ਇੰਸ਼ੋਰੈਂਸ ਨੰਬਰ ਲੈਣ ਲਈ ਸਹਾਇਕ ਹੋਣਾ ਜਾਂ ਇੰਨਕਮ ਟੈਕਸ ਦੇ ਪੇਪਰ ਭਰਨੇ ਆਦਿ ਕਈ ਤਰਾਂ ਦੇ ਕੰਮਾਂ'ਚ ਉਹਨਾਂ ਦੀ ਮੱਦਦ ਕਰਿਆ ਕਰਦੇ ਸਨ। ਉਸ ਸਮੇਂ ਇਹਨਾਂ ਦੇ ਕੋਲ ਆਪਣਾ ਘਰ ਹੁੰਦਾ ਸੀ ਅਤੇ ਇਹਨੀਂ ਕਾਰ ਵੀ ਰੱਖੀ ਹੋਈ ਸੀ। ਇਹਨਾਂ ਦੇ ਮਿੱਤਰ ਦੱਸਦੇ ਸਨ ਕਿ ਉਸ ਸਮੇਂ ਸਿਰਫ ਕ੍ਰਿਪਾਲ ਸਿੰਘ ਕੋਲ ਕਾਰ ਹੁੰਦੀ ਸੀ ਅਤੇ ਘਰ ਦੇ ਵਿੱਚ ਟੈਲੀਫੋਨ ਲੱਗਾ ਹੁੰਦਾ ਸੀ। ਇਸ ਘਰ ਦੇ ਨਜਦੀਕ ਹੀ ਇਹਨੀਂ

ਸਬਜ਼ੀਆਂ ਬੀਜਣ ਲਈ ਲੀਡਜ਼ ਕਾਰਪੋਰੇਸ਼ਨ ਤੋਂ ਦੋ ਪਲੌਟ ਲਏ ਹੋਏ ਸਨ ਜਿਸਨੂੰ ਐਲੌਟਮੈਂਟ ਕਿਹਾ ਜਾਂਦਾ ਹੈ। ਰਾਤ ਦੀ ਸ਼ਿਫਟ ਤੋਂ ਆ ਕੇ ਕੁੱਝ ਘੰਟੇ ਨੀਂਦ ਲਾਹ ਲੈਣੀ ਫਿਰ ਐਲੌਟਮੈਂਟ ਵਿੱਚ ਫਸਲ ਵਾੜੀ ਦੇਖਣ ਚਲੇ ਜਾਣਾ। ਮਿੱਤਰਾਂ ਨੂੰ ਮਿਲਣ ਦਾ ਸਮਾਂ ਸਨਿੱਚਰਵਾਰ ਜਾਂ ਐਤਵਾਰ ਹੀ ਹੋਇਆ ਕਰਦਾ ਸੀ। ਇਹਨਾਂ ਸਾਰਿਆਂ ਦਾ ਆਪਸੀ ਬਹੁਤ ਰਸੂਖ ਹੰਦਾ ਸੀ, ਕਈ ਕਈ ਜਣੇ ਇੱਕ ਘਰ ਵਿੱਚ ਰਿਹਾ ਕਰਦੇ ਸਨ ਅਤੇ ਆਪ ਹੀ ਖਾਣ-ਪੀਣ ਦਾ ਪ੍ਰਬੰਧ ਕਰਿਆ ਕਰਦੇ ਸੀ ਕਿਉਂਕਿ ਇਹਨਾਂ ਦੀਆਂ ਪਤਨੀਆਂ ਅਤੇ ਬੱਚੇ ਫ਼ਿਲਹਾਲ ਹਿੰਦੁਸਤਾਨ ਵਿੱਚ ਹੀ ਪਿੱਛੇ ਰਹਿੰਦੇ ਸਨ। ਇਸਦੀ ਵਜਾ ਇਹੋ ਸੀ ਕਿ ਕਮਾਈ ਕਰਕੇ ਜਿਆਦਾ ਤੋਂ ਜਿਆਦਾ ਪੈਸੇ ਪਿੱਛੇ ਪਿੰਡ ਭੇਜੇ ਜਾਣ। ਕਹਿੰਦੇ ਹਨ ਸਬਜ਼ੀ ਹਫਤੇ ਦੀ ਇੱਕ ਵਾਰ ਹੀ ਬਣਾ ਲਿਆ ਕਰਦੇ ਸੀ। ਘਰਾਂ ਦੇ ਵਿੱਚ ਲੱਕੜ ਦੇ ਫੱਟੇ ਹੀ ਹੁੰਦੇ ਸਨ ਅਤੇ ਸਰਦੀਆਂ ਵਿੱਚ ਕੋਲ੍ਹੇ ਬਾਲਦੇ ਹੁੰਦੇ ਸਨ। ਕਿਸੇ ਕਿਸੇ ਦੇ ਹੀ ਘਰ ਟੈਲੀਫੋਨ ਜਾਂ ਟੈਲੀਵਿਜ਼ਨ ਹੁੰਦਾ ਸੀ ਪੈਸੇ ਜੋੜਨ ਦਾ ਇਹੋ ਇੱਕ ਵਸੀਲਾ ਆਮ ਲੋਕਾਂ ਨੇ ਇਖਤਿਆਰ ਕੀਤਾ ਹੁੰਦਾ ਸੀ। ਜਿਹੜੇ ਕੋਈ ਟਾਵਾਂ ਟਾਵਾਂ ਪੰਜਾਬੀ ਲੋਕ ਦੂਰ ਦੂਰ ਕਸਵਿਆਂ ਦੇ ਵਿੱਚ ਰਹਿੰਦੇ ਸੀ ਉਹ ਪੰਜਾਬੀ ਬੋਲਣ ਲਈ ਵੀ ਤਰਸਦੇ ਹੁੰਦੇ ਸਨ। ਅੰਗ੍ਰੇਜ਼ੀ ਬਹੁਤਿਆਂ ਨੂੰ ਬੋਲਣੀ ਨਹੀਂ ਸੀ ਆਉਂਦੀ ਉਹਨਾਂ ਲਈ ਆਪਣੇ ਵਾਸਤੇ ਚੀਜਾਂ ਖਰੀਦਣੀਆਂ ਵੀ ਬਹੁਤੀ ਸਮੱਸਿਆ ਬਣ ਜਾਇਆ ਕਰਦੀ ਸੀ। ਮੈਨੂੰ ਯਾਦ ਹੈ ਉਹਨੀਂ ਦਿਨੀ ਸਿਰਫ ਐਤਵਾਰ ਸਵੇਰੇ ਅੱਧੇ ਘੰਟੇ ਦਾ ਬੀ.ਬੀ.ਸੀ. ਤੇ ਹਿੰਦੀ ਪਰੋਗਰਾਮ ਟੈਲੀਵਿਜ਼ਨ ਤੇ ਆਇਆ ਕਰਦਾ ਸੀ ਅਤੇ ਆਪਣੇ ਲੋਕਾਂ ਨੇ ਸਵੇਰੇ ਸਵੇਰੇ ਛੇਤੀਂ ਛੇਤੀਂ ਹੱਥ ਮੂੰਹ ਧੋ ਕੇ ਇਸ ਪਰੋਗਰਾਮ ਨੂੰ ਦੇਖਣ ਲਈ ਉੱਠਕੇ ਦੌੜ ਭੱਜ ਕਰਨੀ, ਹਾਲਾਂਕਿ ਇਹ ਪਰੋਗਰਾਮ ਜਿਆਦਾ ਤੌਰ ਤੇ ਹਿੰਦੀ ਅਤੇ ਉਰਦੂ ਬੋਲੀ'ਚ ਆਉਂਦਾ ਹੁੰਦਾ ਸੀ।

ਬਚਪਣ ਤੋਂ ਹੀ ਪਿਤਾ ਜੀ ਹੋਰੀਂ ਆਪਣੀ ਜਿੰਦਗੀ ਦੇ ਸਫ਼ਰ ਨੂੰ ਆਉਂਣ ਜਾਣ ਦੇ ਸਿਲਸਲੇ ਵਿੱਚ ਮਸਰੂਫ ਰੱਖਿਆ ਕਰਦੇ ਸੀ। ਜਿਵੇਂ ਕਹਿ ਦਿੰਦੇ ਹਨ ਕਿ ਜਿਸਦੇ ਪੈਰ ਵਿੱਚ ਚੱਕਰ ਹੋਵੇ ਉਹ ਕਦੀ ਵੀ ਟਿਕ ਕੇ ਨਹੀ ਬੈਠ ਸਕਦਾ ਸੋ ਇਸੇ ਤਰਾਂ ਇਹਨਾਂ ਦੀ ਜਿੰਦਗੀ ਦਾ ਫਲਸਫਾ ਤੁਰਨ ਫਿਰਨ ਦੇ ਨਾਲ ਜੁੜਿਆ ਹੋਇਆ ਕਿਹਾ ਜਾਂਦਾ ਹੈ। ਆਮ ਗੱਲ ਸੁਣਿਆਂ ਕਰਦੇ ਹਾਂ ਕਿ ਮਨ ਦੇ ਅੰਦਰ ਜੇਕਰ ਇਸ਼ਕ ਦੀ ਤੜਫ ਸੁਲਗਦੀ ਰਹੇ ਤਾਂ ਇਨਸਾਨ ਇੱਕ ਜਗ੍ਹਾ ਸਥਿਰ ਨਹੀ ਰਹਿ ਸਕਦਾ। ਇਸ਼ਕ ਦਾ ਜਨੂਨ ਲਗਨ ਦੀ ਕਸਵੱਟੀ ਤੇ ਇਨਸਾਨ ਤੋਂ ਬਹੁਤ ਕੁੱਝ ਕਰਵਾ ਜਾਇਆ ਕਰਦਾ ਹੈ। ਸੋ ਇਸੇ ਤਰਾਂ ਸਰਦਾਰ ਹੋਰਾਂ ਦੀ ਮਨੋਵਿਰਤੀ ਲਿਤਾੜੇ ਗਏ ਗਰੀਬ ਗੁਰਬਾ ਰੱਬ ਦੇ ਬੰਦਿਆਂ ਲਈ ਕੁੱਝ ਕਰਨ ਦੀ ਤੀਬਰ ਇੱਛਾ

ਸੀ। ਉਸ ਵਾਹਿਗੁਰੂ ਦੀ ਕਿਰਪਾ ਦੇ ਨਾਲ ਉਹਨਾਂ ਨੂੰ ਸੋਹਣਾ ਘਰ ਅਤੇ ਆਵਾਜਾਈ ਲਈ ਕਾਰ ਮੁਹੱਈਆ ਸੀ। ਆਪਣੇ ਕੰਮ ਤੋਂ ਵੇਹਲੇ ਹੁੰਦਿਆਂ ਹੀ ਉਹ ਆਪਣੇ ਮਿੱਤਰਾ ਵੱਲ ਗੇੜਾ ਲਾਉਣ ਤੁਰ ਪਿਆ ਕਰਦੇ ਸਨ। ਆਪਣੀਆਂ ਜਾਂ ਆਪਣੇ ਮਿੱਤਰਾਂ ਦੀਆਂ ਤੰਗੀਆਂ ਜਾਂ ਮੁਸ਼ਕਲਾਤਾਂ ਨੂੰ ਦੂਰ ਕਰਨ ਦਾ ਯਤਨ ਕਰਦੇ ਰਹਿੰਦੇ ਸਨ ਜਾਂ ਫਿਰ ਰੱਬੀ ਕਲਾਮ ਦਾ ਉਹਨਾਂ ਨੂੰ ਸੁਨੇਹਾ ਦੇਣ ਦੇ ਈਰਾਦੇ ਦੇ ਨਾਲ ਉਹਨਾਂ ਦੀ ਅੰਧਰੂਨੀ ਵੇਦਨਾ ਤੇ ਮਰਹਮ ਲਾਉਣ ਦਾ ਪ੍ਰਤਿਕਰਮ ਜਾਰੀ ਰੱਖਦੇ ਸਨ। ਜਿਸਦਾ ਨਿਰਣੈ ਉਹ ਲੋਕ ਆਪ ਹੀ ਖੁਦ ਲੈ ਸਕਦੇ ਹਨ ਕਿ ਉਹਨਾਂ ਪ੍ਰਤੀ ਇਹਨਾਂ ਦੀ ਕਿੰਨੀ ਹਿਮਾਇਤ ਰਹੀ ਹੋਵੇਗੀ। ਹਾਂ ਇੱਕ ਗੱਲ ਸਪੱਸ਼ਟ ਹੈ ਕਿ ਉਹਨਾਂ ਦੇ ਕੋਲੋਂ ਕਿਸੇ ਹੋਰ ਦਾ ਦੁੱਖ ਨਹੀ ਸੀ ਦੇਖਿਆ ਜਾਂਦਾ, ਪਰ ਆਪਣੇ ਦੁੱਖ ਨੂੰ ਆਪਣੇ ਆਪ ਵਿੱਚ ਹੀ ਸਮੋ ਲਿਆ ਕਰਦੇ ਸੀ। ਉਹਨਾਂ ਦੇ ਅੰਦਰ ਹਰ ਭੀੜ ਨੂੰ ਬਰਦਾਸ਼ਤ ਕਰਨ ਲਈ ਅਥਾਹ ਤਾਕਤ ਹੁੰਦੀ ਸੀ, ਯਕੀਨਨ ਆਪਣੇ ਮਨ ਨੂੰ ਗੁਰਬਾਣੀ ਦੀ ਕਸਵੱਟੀ ਤੇ ਮਹਿਫੂਜ਼ ਰੱਖਦੇ ਹੋਏ ਲੋਕਾਂ ਨਾਲ ਹੱਸ ਹੱਸ ਕੇ ਉਹਨਾਂ ਦੀ ਮਾਨਸਿਕ ਵੇਦਨਾਂ ਨੂੰ ਦੂਰ ਕਰਨ ਦਾ ਯਤਨ ਕਰਿਆ ਕਰਦੇ ਸੀ।ਪਿਤਾ ਜੀ ਕਿਹਾ ਕਰਦੇ ਸੀ ਕਿ ਜਿਹਨਾਂ ਦਿਨਾਂ ਦੇ ਵਿੱਚ ਇਹ ਇੰਗਲੈਂਡ ਆਏ ਸਨ ਉਹ ਸਮਾਂ ਚੰਗਾ ਸੀ, ਭਾਵੇਂ ਅਗ੍ਰੇਜ਼ ਹਿੰਦੁਸਤਾਨੀਆਂ ਨੂੰ ਨਫ਼ਰਤ ਕਰਦੇ ਸਨ ਪਰ ਹਰ ਇੱਕ ਵਿਅਕਤੀ ਆਪੋ ਆਪਣੇ ਕੰਮਾਕਾਰਾਂ ਦੇ ਵਿੱਚ ਵਿਅਸਤ ਰਹਿੰਦਾ ਸੀ। ਸ਼ਹਿਰਾਂ ਦੀ ਹਾਲਤ ਵਿਕਸਤ ਨਹੀਂ ਸੀ ਜਿੰਨੀ ਕਿ ਅੱਜਕਲ੍ਹ ਹੈ, ਗਲੀਆਂ ਕੱਚੀਆਂ ਹੁੰਦੀਆਂ ਸੀ, ਸੜਕਾਂ ਟੁੱਟੀਆਂ ਭੱਜੀਆਂ ਸਨ, ਬਿਜਲੀ ਦਾ ਪ੍ਰਬੰਧ ਬਹੁਤਾ ਨਹੀਂ ਸੀ ਹੁੰਦਾ, ਗਲੀਆਂ ਦੇ ਵਿੱਚ ਗੈਸ ਵਾਲੇ ਲਾਲਟੈਨ ਟੰਗੇ ਹੋਏ ਹੁੰਦੇ ਸਨ। ਆਮ ਤੌਰ ਤੇ ਲੋਕ ਦਿਆਨਤਦਾਰੀ ਦੇ ਪਰਪੱਕ ਪੈਰੋਕਾਰ ਹੁੰਦੇ ਸਨ।

ਲੋਕੀ ਘਰਾਂ ਦੇ ਬੂਹੇ ਖੁੱਲੇ ਛੱਡ ਦਿੰਦੇ ਸਨ, ਦੁੱਧ ਵੇਚਣ ਵਾਲੇ ਦੁੱਧ ਦੀਆਂ ਬੋਤਲਾਂ ਘਰ ਦੇ ਦਰਬਾਜੇ ਕੋਲ ਛੱਡ ਜਾਇਆ ਕਰਦੇ ਸੀ, ਸ਼ੁੱਕਰਵਾਰ ਨੂੰ ਬਿੱਲ ਬੋਤਲ ਦੇ ਵਿੱਚ ਟੰਗ ਜਾਣਾ ਅਤੇ ਸਨਿੱਚਰਵਾਰ ਨੂੰ ਪੈਸੇ ਦੀ ਉਗਰਾਹੀ ਕਰ ਲੈਣੀ, ਪੈਸੇ ਬਾਹਿਰ ਰੱਖ ਦੇਣੇ ਕੋਈ ਵੀ ਨਹੀਂ ਸੀ ਚੁੱਕਦਾ ਹੁੰਦਾਂ। ਇਸੇ ਤਰਾਂ ਅਖਬਾਰਾਂ ਵਾਲੇ ਅਖਵਾਰਾਂ ਮੇਜਾਂ ਤੇ ਵੱਖ ਵੱਖ ਜਗ੍ਹਾ ਰੱਖ ਜਾਇਆ ਕਰਦੇ ਸੀ ਲੋਕਾਂ ਨੇ ਪੈਸੇ ਉੱਥੇ ਰੱਖ ਦੇਣੇ ਅਤੇ ਅਖਬਾਰ ਲੈ ਜਾਣੀ। ਚੋਰੀ ਦਾ ਕੋਈ ਡਰ ਨਹੀਂ ਸੀ ਹੁੰਦਾ। ਅੱਜ ਦੇ ਜਮਾਨੇ ਵਿੱਚ ਟੈਕਨੌਲੋਜੀ ਦਾ ਪਸਾਰਾ ਹੈ ਸੋ ਹਰ ਜਗ੍ਹਾ ਸੁੰਦਰ ਅਤੇ ਰਮਣੀਕ ਜਰੂਰ ਬਣ ਗਈ ਹੈ ਪਰ ਲੁੱਟਮਾਰ ਦਾ ਕਹਿਰ ਵੀ ਵੱਧਦਾ ਜਾ ਰਿਹਾ ਹੈ ਅਤੇ ਮਨੁੱਖੀ ਕਦਰਾਂ ਕੀਮਤਾਂ ਦਾ ਲੋਕਤੰਤਰ ਹੇਠ ਵੀ ਘਾਣ ਹੋਈ ਜਾ ਰਿਹਾ ਹੈ।

# ਮਨੁੱਖੀ ਕਦਰਾਂ ਕੀਮਤਾਂ ਦਾ ਆਭਾਸ

ਬਹੁਤ ਸਾਰੇ ਲੋਕਾਂ ਦੇ ਕੋਲੋਂ ਕਈ ਬਾਰ ਸੁਣਿਆ ਹੈ ਕਿ ਜੱਦ ਕੋਈ ਸਿੱਖ ਭਰਾ, ਪੰਜਾਬੀ ਜਾਂ ਕਿਸੇ ਵੀ ਮਜ਼੍ਹਬ ਦਾ ਵਿਅਕਤੀ ਪਹਿਲੀ ਬਾਰ ਇੰਗਲੈਂਡ ਆਉਂਦਾ ਤਾਂ ਉਸਨੂੰ ਲੰਡਨ ਹੀਥਰੋ ਏਅਰਪੋਰਟ ਤੇ ਹੀ ਕੰਮ ਕਰਦੇ ਆਪਣੇ ਲੋਕ ਕਹਿ ਦਿਆ ਕਰਦੇ ਸੀ ਕਿ ਸਰਦਾਰ ਕ੍ਰਿਪਾਲ ਸਿੰਘ ਹੋਰਾਂ ਕੋਲ ਲੀਡਜ਼ ਚਲੇ ਜਾਵੋ। ਉਹ ਤੁਹਾਡੀ ਰਿਹਾਇਸ਼ ਅਤੇ ਕੰਮ ਦਾ ਆਪੇ ਹੀ ਬੰਦੋਬਸਤ ਕਰ ਦੇਣਗੇ। ਜਿਹਨਾਂ ਨੂੰ ਕੋਈ ਕੰਮ ਲੰਡਨ ਨਹੀ ਸੀ ਮਿਲਦਾ ਉਹ ਲੀਡਜ਼ ਆ ਜਾਇਆ ਕਰਦੇ ਸੀ। ਇਹਨੀਂ ਉਹਨਾਂ ਨੂੰ ਆਪਣੇ ਘਰ ਰੱਖਣਾ ਅਤੇ ਉਹਨਾਂ ਦੀ ਹਰ ਤਰਾਂ ਦੀ ਮਦਦ ਕਰਨੀਂ। ਇੱਕ ਮੁਸਲਮਾਨ ਸਈਦ ਮੁਹੰਮਦ ਨੂੰ ਵੀ ਕਿਸੇ ਨੇ ਲੰਡਨ ਤੋਂ ਇਹਨਾਂ ਦੇ ਕੋਲ ਲੀਡਜ਼ ਭੇਜਿਆ ਸੀ ਅਤੇ ਇਹਨੀਂ ਉਸਨੂੰ ਬਹੁਤ ਦੇਰ ਆਪਣੇ ਕੋਲ ਹੀ ਘਰ ਰੱਖਿਆ ਸੀ ਫਿਰ ਉਹ ਆਪਣੇ ਕਿਸੇ ਰਿਸ਼ਤੇਦਾਰ ਦਾ ਪਤਾ ਲੱਗਣ ਤੇ ਉਹ ਉਸਦੇ ਕੋਲ ਲੰਡਨ ਵਾਪਿਸ ਚਲੇ ਗਿਆ ਸੀ। ਗੁਰਦੁਆਰੇ ਜਾਣ ਦਾ ਇਹਨਾਂ ਨੂੰ ਬਹੁਤ ਸ਼ੌਕ ਹੁੰਦਾ ਸੀ ਸੋ ਹਰ ਹਫ਼ਤੇ ਇਹ ਦੀਵਾਨ ਸਜਾਇਆ ਕਰਦੇ ਸਨ। ਤਕਰੀਬਨ ਰੋਜਾਨਾ ਸ਼ਾਮ ਨੂੰ ਸਾਰੇ ਮਿਤੱਰ ਇਕੱਠੇ ਹੁੰਦੇ ਸਨ ਅਤੇ ਖਾਣ-ਪੀਣ ਦਾ ਲੁਤਫ਼ ਲਿਆ ਕਰਦੇ ਸੀ। ਪਾਰਟੀ ਤੋਂ ਬਾਦ ਘਰੋ ਘਰੀ ਜਾਣ ਸਮੇਂ ਇਹ ਆਪਣੀ ਕਾਰ ਵਿੱਚ ਸਾਰਿਆਂ ਨੂੰ ਛੱਡਣ ਜਾਇਆ ਕਰਦੇ ਸਨ। ਜਿਸਦੇ ਕੋਲ ਰਿਹਾਇਸ਼ ਦਾ ਬੰਦੋਬਸਤ ਨਹੀ ਸੀ ਹੁੰਦਾ ਜਾਂ ਕੰਮ ਤੋਂ ਵੇਹਲੇ ਹੁੰਦੇ ਸਨ ਉਹਨਾਂ ਨੂੰ ਖਾਣ ਪੀਣ ਅਤੇ ਰਿਹਾਇਸ਼ ਦੇਣੀ ਇਹ ਸਾਰੇ ਰਲ ਮਿਲ ਕੇ ਇੱਕ ਦੂਸਰੇ ਦਾ ਸਾਥ ਦਿਆ ਕਰਦੇ ਸਨ। ਇਹ ਵੀ ਸੁਣਨ ਦੇ ਵਿੱਚ ਆਇਆ ਹੈ ਕਿ ਕਈ ਵਾਰ ਪਿਤਾ ਜੀ ਆਪਣਾ ਵਿਸਤਰਾ ਵੀ ਮਹਿਮਾਨਾਂ ਨੂੰ ਦੇ ਕੇ ਆਪ ਖੁਦ ਕੰਬਲ ਲੈ ਕਿ ਘੜੀ-ਪੱਲ ਆਰਾਮ ਕਰ ਲਿਆ ਕਰਦੇ ਸਨ। ਸ਼ੁਰੂ ਤੋਂ ਹੀ ਕੰਮਕਾਜ ਵਿੱਚ ਛੋਹਲ੍ਹੇ ਅਤੇ ਸਮਾਜੀ ਪੱਖ ਤੋਂ ਵੀ ਚੇਤੰਨ ਹੁੰਦਿਆਂ ਸਮਾਜ ਸੁਧਾਰ ਲਈ ਹਮੇਸ਼ਾਂ ਤੱਤਪਰ ਰਹਿੰਦੇ ਸਨ। ਆਮ ਲੋਕਾਂ ਕੋਲੋਂ ਇਹ ਵੀ ਸੁਣਨ ਵਿੱਚ ਆਇਆ ਹੈ ਕਿ ਇਹਨਾਂ ਦੀ ਸੋਚ ਕਾਫ਼ੀ ਦੂਰ-ਅੰਦੇਸ਼ੀ ਅਤੇ ਪ੍ਰਗਤੀਵਾਦੀ ਹੁੰਦੀ ਸੀ। ਇਹ ਗੱਲ ਇਹਨਾਂ ਦੇ ਮਿੱਤਰ ਹੀ ਕਿਹਾ ਕਰਦੇ ਸੀ ਕਿ ਸਰਦਾਰ ਕ੍ਰਿਪਾਲ ਸਿੰਘ ਆਮ ਦੁਨੀਆਂ ਦੀ ਸੋਚ ਤੋਂ ਵੀਹ ਪੱਚੀ ਸਾਲ ਅਗਾਂਹ-ਵਧੂ ਖਿਆਲਾਂ ਦੇ ਸਨ। ਉੱਚ ਦਰਜੇ ਦੇ ਲੋਕਾਂ ਦੇ ਸੰਪਰਕ ਤੋਂ ਇਲਾਵਾ ਇਹਨਾਂ ਦੇ ਕਈ ਮਿੱਤਰ ਕਾਫ਼ੀ ਰੰਗੀਲੇ ਖਿਆਲਾਂ ਦੇ ਹੁੰਦੇ ਸਨ। ਇਹਨਾਂ ਮਿੱਤਰਾਂ ਦੀ ਵੀ ਆਪਣੀ ਰੰਗ-ਮੰਚਕ ਅਤੇ ਰਹੱਸਾਤਮਿਕ ਗਾਥਾ ਹੈ। ਇਹਨਾਂ ਮਿੱਤਰਾਂ ਦੀ ਢਾਣੀ ਦੇ ਵਿੱਚ ਸਰਦਾਰ ਗੁਰਮੇਜ਼ ਸਿੰਘ-ਪਿੰਡ ਫ਼ਲਪੋਤਾ, ਸਰਦਾਰ ਸਰਦਾਰਾ ਸਿੰਘ ਮਠੌਡੀਆ, ਸਰਦਾਰ ਬਿਸ਼ਨ ਸਿੰਘ ਬਾਗੜੀਆ ਚੱਕ ਕਲਾਂ,

ਸਰਦਾਰ ਸਾਧੂ ਸਿੰਘ ਢੇਸੀ ਪਿੰਡ ਪਾਲਾਂਹ, ਸਰਦਾਰ ਗੁਰਦੀਪ ਸਿੰਘ ਨਿੱਝਰ ਜਮਸ਼ੇਰ, ਕਾਮਰੇਡ ਸਰਦਾਰ ਸਰਵਣ ਸਿੰਘ ਕੰਗ ਕੁਕੱੜਵੀਣਾਂ, ਸਰਦਾਰ ਸੁੱਚਾ ਸਿੰਘ ਜੌਹਲ, ਸਰਦਾਰ ਸੋਹਨ ਸਿੰਘ ਧੀਮਾਨ, ਸ੍ਰੀ ਬਚਨਾ ਰਾਮ, ਸਰਦਾਰ ਬਹਾਦਰ ਸਿੰਘ ਖੋਸਾ, ਸਰਦਾਰ ਸ਼ਿਵ ਸਿੰਘ ਜੌਹਲ, ਸਰਦਾਰ ਮਲਕੀਤ ਸਿੰਘ, ਸਰਦਾਰ ਪਰਗਣ ਸਿੰਘ ਅਤੇ ਸਰਦਾਰ ਲੈਂਬਰ ਸਿੰਘ ਇਹ ਸਾਰੇ ਗੂੜ੍ਹੇ ਮਿੱਤਰ ਹੁੰਦੇ ਸਨ। ਸੰਗੀਤਕਾਰ ਅਤੇ ਗਾਉਣਵਾਲਿਆਂ ਦੀ ਮਹਿਫਲ ਦੇ ਵਿੱਚ ਰਹਿਣ ਦਾ ਅਤੇ ਖਾਣ-ਪੀਣ ਦੀਆਂ ਮਹਿਫ਼ਲਾਂ ਸਜਾਉਣ ਦਾ ਵੀ ਇਹਨਾਂ ਨੂੰ ਬਹੁਤ ਸ਼ੌਕ ਹੁੰਦਾ ਸੀ। ਧਿਮਾਨ ਹੋਰਾਂ ਦੇ ਨਾਲ ਇਹਨਾਂ ਦਾ ਬਹੁਤ ਪਿਆਰ ਹੁੰਦਾ ਸੀ ਤਕਰੀਬਨ ਹਰ ਹਫਤੇ ਇਹ ਸਾਰੇ ਉਹਨਾਂ ਦੇ ਘਰ ਇੱਕਠੇ ਹੋ ਜਾਇਆ ਕਰਦੇ ਸੀ। ਮੈਨੂੰ ਯਾਦ ਹੈ ਜਦੋਂ ਇਹਨਾਂ ਸਾਰਿਆਂ ਦੇ ਪਰਿਵਾਰ ਦੇ ਮੈਂਬਰ ਵੀ ਇੰਗਲੈਂਡ ਆ ਗਏ ਤਾਂ ਇਹਨਾਂ ਸਾਰਿਆਂ ਦਾ ਮੇਲ ਮਿਲਾਪ ਹੋਰ ਵੀ ਸੌਖਾ ਹੋ ਗਿਆ ਸੀ ਕਿਉਂਕਿ ਰੋਟੀ ਦਾਲ ਸਬਜ਼ੀ ਬਣੀ ਬਣਾਈ ਮਿਲ ਜਾਇਆ ਕਰਦੀ ਸੀ। ਅੰਟੀ ਧਿਮਾਨਣੀ ਨੇ ਵੱਡੇ ਵੱਡੇ ਪਤੀਲੇ ਆਪਣੇ ਘਰ ਰੱਖੇ ਹੁੰਦੇ ਸਨ ਅਤੇ ਇਹ ਸਾਰਾ ਗਰੁੱਪ ਵੱਡਾ ਸੀ ਸੋ ਉਹਨੀ ਦਿਲ ਖੋਲ ਕੇ ਦਾਲ ਸਬਜ਼ੀ ਬਣਾ ਲੈਣੀ ਅਤੇ ਇਹਨੀਂ ਸਾਰਿਆਂ ਨੇ ਨਾਲੇ ਖਾਈ ਪੀ ਜਾਣਾ ਨਾਲ ਨਾਲ ਇਹਨਾਂ ਦਾ ਸ਼ੁਗਲ ਚੱਲਦਾ ਰਹਿੰਦਾ ਇਹਨਾਂ ਦਾ ਮਿੱਤਰ ਸਦੀਕ ਜੋ ਲੰਡਨ ਰਹਿਣ ਲੱਗ ਪਿਆ ਸੀ ਉਹ ਕਈ ਬਾਰ ਇਹਨਾਂ ਨੂੰ ਲੀਡਜ਼ ਮਿਲਣ ਆ ਜਾਇਆ ਕਰਦਾ ਸੀ। ਉਸਨੇ ਫਿਲਮ ਬਰਸਾਤ ਦੇ ਵਿੱਚ ਕਬਾਲੀ ਪੇਸ਼ ਕੀਤੀ ਸੀ ਉਸਦੇ ਲੀਡਜ਼ ਆਉਣ ਤੇ ਘਰ ਦੇ ਵਿੱਚ ਮਹਿਫਲ ਲੱਗ ਜਾਇਆ ਕਰਦੀ ਸੀ। ਇਹ ਸਾਰੇ ਦੋਸਤ ਸ਼ੇਅਰੋ-ਸ਼ਾਇਰੀ ਦੇ ਵੀ ਬਹੁਤ ਸ਼ੌਕੀਨ ਹੁੰਦੇ ਸਨ। ਇੱਕ ਵਾਰ ਇਹੋ ਜਿਹੀ ਹੀ ਮਹਿਫ਼ਲ ਸਜੀ ਹੋਈ ਸੀ ਅਤੇ ਇਸ ਮੌਕੇ ਤੇ ਮੇਰੇ ਦੋਸਤ ਵੀ ਸਾਡੇ ਘਰ ਆਏ ਹੋਏ ਸਨ। ਪਿਤਾ ਜੀ ਦੇ ਕਿਸੇ ਦੋਸਤ ਨੇ ਸ਼ੇਅਰ ਪੜਿਆ ਬਾਕੀ ਸਾਰੇ ਹਾਲੇ ਚੁੱਪ ਹੀ ਸਨ ਕਿ ਮੇਰੇ ਦੋਸਤ ਪਾਲ ਨੇ ਵਾਹ-ਵਾ ਕਹਿ ਦਿੱਤੀ, ਫਿਰ ਕੀ ਸੀ ਪਿਤਾ ਜੀ ਦੇ ਦੋਸਤ ਬਚਨਾ ਰਾਮ ਨੇ ਕਿਹਾ ਕਿ ਸਾਨੂੰ ਤਾਂ ਸ਼ੇਅਰ ਦੀ ਸਮਝ ਨਹੀਂ ਲੱਗੀ, ਪਾਲ ਵੱਲ ਇਸ਼ਾਰਾ ਕਰਕੇ ਵਈ ਉਸ ਮੁੰਡੇ ਨੂੰ ਪੁੱਛੋ ਉਸਨੂੰ ਜਰੂਰ ਸਮਝ ਲੱਗ ਗਈ ਹੋਣੀ ਹੈ, ਪਾਲ ਹੋਰੀਂ ਥੱਲੇ ਨੂੰ ਮੂੰਹ ਕਰਕੇ ਬੈਠ ਗਏ ਬਾਕੀ ਦੇ ਸਾਰੇ ਖਿੜ ਖਿੜਾ ਕੇ ਹੱਸ ਪਏ। ਪਿਤਾ ਜੀ ਪੰਜਾਬੀ ਲੇਖ ਲਿਖਿਆ ਕਰਦੇ ਸੀ ਇਸ ਤੋਂ ਇਲਾਵਾ ਉਰਦੂ ਵਿੱਚ ਲਿਖਣ ਦੀ ਵੀ ਇਹਨਾਂ ਨੂੰ ਕਾਫੀ ਮਹਾਰਤ ਸੀ। ਕਈ ਬਾਰ ਉਰਦੂ ਦੀ ਜੰਗ ਅਖਵਾਰ ਜੋ ਬਰੈਡਫੋਰਡ ਸ਼ਹਿਰ ਵਿੱਚ ਨਿਕਲਦੀ ਸੀ ਉਸ ਵਿੱਚ ਆਪਣੇ ਲੇਖ ਛਾਪਣ ਲਈ ਦਿਆ ਕਰਦੇ ਸੀ। ਚੰਗੇ ਸਾਹਿਤ ਨੂੰ ਲਿਖਣਾ ਅਤੇ ਪੜਨਾ ਇਹਨਾਂ ਦਾ ਸ਼ੁਗਲ ਹੁੰਦਾ ਸੀ। ਦੋਸਤਾਂ ਦੇ ਨਾਲ ਮੌਜ਼-ਮੇਲਾ ਕਰਨਾ ਇਸ ਵਿੱਚ ਆਪਣੀ ਅਤੇ ਉਹਨਾਂ ਦੀ ਭਲਾਈ ਸਮਝਦੇ ਸਨ। ਇਹਨਾਂ ਦਾ ਹਾਸਾ ਗੱਲਾਂ

ਵੀ ਮਿਤਰਾਂ ਅਤੇ ਲੋਕਾਂ ਲਈ ਕਲਿਆਣਕਾਰੀ ਸਿੱਧ ਹੁੰਦੀਆਂ ਸਨ। ਜਦ ਕਦੀ ਕਿਸੇ ਨੇ ਪਿੰਡ ਪੈਸੇ ਭੇਜਣੇ ਹੁੰਦੇ ਸੀ ਤਾਂ ਇਹ ਇੱਕ ਦੂਸਰੇ ਦੀ ਮਦਦ ਕਰਿਆ ਕਰਦੇ ਸਨ। ਕਦੀਂ ਕਦਾਈਂ ਮਿੱਤਰ ਆਪੋ ਵਿੱਚੀ ਖੈਬੜ ਵੀ ਪੈਂਦੇ ਸਨ ਤਾਂ ਪਿਤਾ ਜੀ ਹੋਰੀਂ ਇਹਨਾਂ ਦੇ ਫੈਸਲੇ ਕਰਵਾ ਦਿਆ ਕਰਦੇ ਸੀ ਅਤੇ ਮਾਣ ਵੱਜੋਂ ਸਾਰੇ ਇਹਨਾਂ ਦੀ ਗੱਲ ਮੰਨ ਵੀ ਲਿਆ ਕਰਦੇ ਸੀ। ਇਹਨਾਂ ਦੇ ਮਿੱਤਰ ਸਰਦਾਰ ਪਰਗਣ ਸਿੰਘ ਰੋਡੇ ਦੱਸਦੇ ਸਨ ਕਿ ਇਹਨਾਂ ਦੇ ਕੁੱਝ ਮਿੱਤਰ ਤਾਸ਼ ਖੇਡਿਆ ਕਰਦੇ ਸਨ ਅਤੇ ਉਹਨਾਂ ਨੂੰ ਖਾਣ ਪੀਣ ਦਾ ਵੀ ਸ਼ੌਕ ਹੁੰਦਾ ਸੀ। ਇੱਕ ਬਾਰ ਤਾਸ਼ ਖੇਡਦਿਆਂ ਆਪੋ ਵਿੱਚੀ ਦੋ ਮਿੱਤਰ ਲੜ ਪਏ, ਇੱਕ ਦੇ ਸੱਟ ਜਿਆਦਾ ਲੱਗ ਗਈ ਸੋ ਇਹ ਪੁਲੀਸ ਕੇਸ ਬਣ ਗਿਆ। ਪਿਤਾ ਜੀ ਹੋਰਾਂ ਦੀ ਪੁਲੀਸ ਦੇ ਵਿੱਚ ਕਾਫੀ ਵਾਕਫੀਅਤ ਹੁੰਦੀ ਸੀ। ਇਹਨਾਂ ਨੂੰ ਪੁਲੀਸ ਦੇ ਬੰਦਿਆਂ ਨੇ ਦੱਸ ਦਿੱਤਾ ਸੀ ਕਿ ਇਹ ਸੰਜੀਦਾ ਕੋਰਟ ਕੇਸ ਦਰਜ਼ ਹੋ ਚੁੱਕਾ ਹੈ। ਜਦੋਂ ਇਸ ਗੱਲ ਦਾ ਇਹਨਾਂ ਨੂੰ ਪਤਾ ਲੱਗਾ ਇਹਨਾਂ ਨੇ ਆਪਣੇ ਦੋਵਾਂ ਦੋਸਤਾਂ ਨੂੰ ਸਮਝਾਇਆ ਪਰ ਜਿਸਦੇ ਗਹਿਰੀ ਸੱਟ ਲੱਗੀ ਸੀ ਉਹ ਆਪਣਾ ਕੇਸ ਵਾਪਿਸ ਲੈ ਕੇ ਸਮਝੌਤੇ ਲਈ ਰਾਜ਼ੀ ਨਹੀਂ ਸੀ ਹੋਇਆ। ਇਹਨੀਂ ਆਪਣੇ ਦੂਸਰੇ ਦੋਸਤ ਨੂੰ ਦੱਸ ਦਿੱਤਾ ਕਿ ਤੈਨੂੰ ਕਈ ਸਾਲਾਂ ਦੀ ਕੈਦ ਹੋਣ ਦਾ ਅੰਦੇਸਾ ਹੈ ਸੋ ਤੇਰੇ ਲਈ ਬੇਹਤਰ ਇਹੋ ਰਹੇਗਾ ਕਿ ਕੁੱਝ ਦੇਰ ਲਈ ਤੂੰ ਇੰਡੀਆ ਚਲਾ ਜਾ ਮੈਂ ਤੁਹਾਡੇ ਆਪਸੀ ਸਮਝੌਤੇ ਵਾਰੇ ਹੋਰ ਕੋਸ਼ਿਸ਼ ਕਰਾਂਗਾ। ਸੱਟ ਮਾਰਨ ਵਾਲਾ ਇੰਡੀਆ ਚਲਿਆ ਗਿਆ ਅਤੇ ਉਹ ਮੁੜਕੇ ਇੰਗਲੈਂਡ ਵਾਪਿਸ ਆਇਆ ਹੀ ਨਹੀਂ। ਉਸਨੇ ਓੱਥੇ ਹੀ ਕਾਰੋਬਾਰ ਸ਼ੁਰੂ ਕਰ ਲਿਆ ਕੁੱਝ ਸਮਾ ਪਾ ਕੇ ਇਹ ਕੇਸ ਵੀ ਖਾਰਜ ਹੋ ਗਿਆ ਅਤੇ ਇਹਨਾਂ ਦੋਵਾਂ ਮਿੱਤਰਾਂ ਦੀ ਆਪੋ ਵਿੱਚੀ ਸੁਲਹ ਵੀ ਹੋ ਗਈ ਅਤੇ ਇਹ ਦੋਵੇਂ ਮਿੱਤਰ ਇੱਕ ਦੂਸਰੇ ਨੂੰ ਬਾਦ ਵਿੱਚ ਮਿਲਦੇ ਵੀ ਰਹੇ। ਪਿਤਾ ਜੀ ਦਾ ਇੱਕ ਦੋਸਤ ਗੁਰਮੇਜ਼ ਸਿੰਘ ਬਹੁਤ ਟੌਰ ਕੱਢਿਆ ਕਰਦਾ ਸੀ, ਸਿਰ ਤੇ ਹੈਟ ਲੈਣਾ ਅਤੇ ਰੋਹਬ ਦੇ ਨਾਲ ਘੁੰਮਣਾ ਫਿਰਨਾ। ਬਰੈਡਫੋਰਡ ਮੈਨੂੰ ਕਮਰੇ ਦੀ ਲੋੜ ਸੀ ਪਿਤਾ ਜੀ ਨੇ ਕਿਹਾ ਕਿ ਜਾ ਕੇ ਗੁਰਮੇਜ਼ ਨੂੰ ਮਿਲ ਲਈ, ਮੈਂ ਇਹਨਾਂ ਦੇ ਕੋਲ ਚਲਾ ਗਿਆ ਇਹਨੀਂ ਮੈਨੂੰ ਕਿਹਾ ਠਹਿਰ ਜਾ ਆਪਾਂ ਚੱਲਦੇ ਹਾਂ ਪਹਿਲਾਂ ਆਪਣੇ ਦੋਸਤ ਨੂੰ ਮਿਲ ਲਈਏ।

ਇਹਨੀਂ ਖਾਣ ਪੀਣ ਦਾ ਪਰੋਗਰਾਮ ਬਣਾ ਲਿਆ, ਦਾਰੂ ਸ਼ੁਰੂ ਹੋ ਗਿਆ ਮੇਰੀ ਗੱਲ ਉੱਥੇ ਹੀ ਰਹਿ ਗਈ ਅਤੇ ਮੈਨੂੰ ਕਹਿਣ ਲੱਗੇ ਕੱਲ ਚਲਾਂਗੇ ਕਮਰੇ ਦੀ ਕੋਈ ਔਖਿਆਈ ਨਹੀਂ ਹੈ। ਦੂਸਰੇ ਦਿਨ ਗਿਆ ਤਾਂ ਪਹਿਲ਼ਾ ਵਾਂਗ ਫਿਰ ਦੌਰ ਚੱਲਣ ਲੱਗਾ ਇਹੋ ਜਿਹੇ ਇਹਨਾਂ ਦੇ ਕਈ ਰੰਗੀਲੇ ਮਿੱਤਰ ਸਨ ਉਹ ਆਪਣੀ ਮਸਤੀ ਦੇ ਵਿੱਚ ਰਮੇ ਜਰੂਰ ਰਹਿੰਦੇ ਸਨ ਪਰ ਇਸਦਾ ਮਤਲਬ ਇਹ ਵੀ ਨਹੀਂ ਕਿ

ਉਹ ਕਿਸੇ ਦਾ ਭਲਾ ਨਹੀਂ ਸੀ ਕਰਦੇ ਬਲਕਿ ਲੋਕ ਭਲਾਈ ਦਾ ਕੰਮ ਵੀ ਤਨ ਮਨ ਲਾ ਕੇ ਕਰਿਆ ਕਰਦੇ ਸਨ। ਜਦੋਂ ਅਸੀਂ ਹਾਲੇ ਪਿੰਡ ਹੀ ਰਹਿੰਦੇ ਸੀ ਤਾਂ ਪਿਤਾ ਜੀ ਨੇ ਇੱਕ ਬਾਰ ਕੁੱਝ ਸਾਨੂੰ ਫੋਟੋਆਂ ਭੇਜੀਆਂ, ਇਹ ਫੋਟੋਆਂ ਬਲੈਕਪੂਲ ਟਾਵਰ ਦੀਆਂ ਸਨ ਅਤੇ ਇਹ ਆਪਣੇ ਮਿੱਤਰਾਂ ਦੇ ਨਾਲ ਸਮੁੰਦਰ ਦੇ ਕੰਢੇ ਤੇ ਘੁੰਮਦੇ ਫਿਰਦੇ ਹਨ ਅਤੇ ਇਹਨਾਂ ਦਾ ਇੱਕ ਦੋਸਤ ਖੋਤੇ ਤੇ ਬੈਠਾ ਝੂਟੇ ਲੈ ਰਿਹਾ ਹੈ ਸਿਰ ਤੇ ਹੈਟ ਰੱਖਿਆ ਹੋਇਆ ਹੱਸ ਰਿਹਾ ਹੈ। ਸਮੁੰਦਰ ਦੇ ਕੰਢੇ ਖੋਤੇ ਰੱਖਣੇ ਇਹ ਇੰਗਲੈਂਡ ਦੇ ਵਿੱਚ ਕੁੱਝ ਅੰਗ੍ਰੇਜ਼ ਲੋਕਾਂ ਦਾ ਕਮਾਈ ਦਾ ਸਾਧਨ ਮੰਨਿਆ ਜਾਂਦਾ ਹੈ। ਭਾਈਆ ਜੀ ਹੋਰੀਂ ਫੋਟੋ ਦੇਖ ਕੇ ਹੱਸ ਪਏ ਕਿ ਜੇਕਰ ਇਹਨੀਂ ਖੋਤੇ ਦੀ ਸਵਾਰੀ ਹੀ ਕਰਨੀ ਸੀ ਤਾਂ ਪਿੰਡ ਖੋਤੇ ਥੋੜੇ ਸੀ, ਇਹਨਾਂ ਨੂੰ ਇੰਗਲੈਂਡ ਜਾਣ ਦੀ ਕੀ ਲੋੜ ਸੀ। ਪਿਤਾ ਜੀ ਨੂੰ ਪ੍ਰਦੇਸਾਂ ਵਿੱਚ ਘੁਮਣ ਫਿਰਨ ਦਾ ਬਹੁਤ ਸ਼ੌਕ ਹੁੰਦਾ ਸੀ ਇਹ ਹੋਰ ਦੇਸਾਂ ਦੇ ਵਿੱਚ ਜਾਂਦੇ ਰਹਿੰਦੇ ਸਨ, ਸਾਨੂੰ ਕਹਿੰਦੇ ਸਨ ਕਿ ਅਸਟਰੀਆਂ ਦੇ ਵਿੱਚ ਲੂਸਾਨਾ ਝੀਲ ਬਹੁਤ ਹੀ ਬੇਹਤਰੀਨ ਹੈ, ਇਸ ਝੀਲ ਦੀਆਂ ਫੋਟੋਆਂ ਵੀ ਇਹਨੀਂ ਸਾਨੂੰ ਭੇਜੀਆਂ ਸਨ। ਨਾ ਹੀ ਇਹਨੀ ਘਰੇਲੂ ਜੁੰਮੇਵਾਰੀਆਂ ਨੂੰ ਕਦੀ ਅੱਖੋਂ ਪਰੋਖੇ ਕੀਤਾ ਸੀ ਆਪਣੀਆਂ ਜੁੰਮੇਵਾਰਿਆਂ ਦਾ ਹਮੇਸ਼ਾਂ ਇਹਨਾ ਨੂੰ ਬੋਧ ਹੁੰਦਾ ਸੀ।

ਜਿਵੇਂ ਪਹਿਲਾਂ ਜਿਕਰ ਕੀਤਾ ਗਿਆ ਹੈ ਕਿ ਇਹਨਾਂ ਦਾ ਪਿਛੋਕੜ ਆਪਣਾ ਪਰਿਵਾਰ ਕਰਜ਼ੇ ਵਿੱਚ ਜਕੜਿਆ ਹੋਇਆ ਸੀ। ਚਿਰੋਕਣੇ ਸਮੇਂ ਤੋਂ ਇਹਨਾਂ ਦੀ ਕੋਸ਼ਿਸ਼ ਰਹੀ ਸੀ ਕਿ ਇਹ ਆਪਣੇ ਭਰਾਵਾਂ ਨੂੰ ਇੰਗਲੈਂਡ ਸੱਦ ਲੈਣ ਤਾਂ ਕਿ ਉਹ ਕੋਈ ਡਿਗਰੀ ਲੈ ਕੇ ਆਪਣੇ ਭਵਿੱਖ ਨੂੰ ਸੁਖਾਵਾਂ ਬਣਾ ਸਕਣ। ਭੈਣਾਂ ਦੀ ਜੁੰਮੇਵਾਰੀ ਵੀ ਇਹਨਾਂ ਦੇ ਗੋਚਰੇ ਸੀ ਸੋ ਘਰ ਦੀ ਹਾਲਤ ਸੁਧਾਰਨ ਲਈ ਛੋਟਿਆਂ ਦਾ ਪੜਨਾ ਜਰੂਰੀ ਸੀ। ਇਹਨੀਂ ਇੰਗਲੈਂਡ ਆ ਕੇ ਆਪਣੇ ਕੰਮ ਤੋਂ ਇਲਾਵਾ ਆਪਣੀ ਆਮਦਨ ਦਾ ਹੋਰ ਜਰੀਆ ਸੋਚ ਕੇ ਜਰਮਨੀ ਦੇ ਅਖਨ੍ਹ ਸ਼ਹਿਰ ਵਿੱਚ ਹੋਟਲ ਖੋਲਿਆ। ਪਰ ਇਹਨਾਂ ਦੇ ਦੋਸਤ ਸਰਦਾਰ ਜੋਗਿੰਦਰ ਸਿੰਘ ਸੋਢੀ ਅਤੇ ਉਹਨਾਂ ਦੀ ਪਤਨੀ ਸੁਰਿੰਦਰ ਕੌਰ ਹੋਰਾਂ ਦੀ ਅਣਗਹਿਲੀ ਅਤੇ ਰੰਗੀਨ ਰਹਿਣੀ ਬਹਿਣੀ ਕਾਰਣ ਜਿਹਨਾਂ ਦੇ ਸਪੁੱਰਦ ਹੋਟਲ ਦੀ ਸੰਭਾਲ ਕਰਨ ਦੀ ਜੁੰਮੇਵਾਰੀ ਸੌਂਪੀ ਸੀ ਉਹਨੀਂ ਸਿਵਾਏ ਘਾਟੇ ਤੋਂ ਬਿਨਾ ਇਹਨਾਂ ਦੇ ਪੱਲੇ ਕੁੱਝ ਨਹੀਂ ਸੀ ਪਾਇਆ। ਸੋ ਆਖਿਰ ਇਹ ਹੋਟਲ ਬੰਦ ਕਰਨਾ ਹੀ ਪਿਆ। ਇਹ ਕੁੱਦਰਤ ਦਾ ਅਸੂਲ ਹੈ ਕਿ ਅਗਰ ਸਿਰ ਤੇ ਮਾਲਕ ਨਾ ਹੋਵੇ ਤਾਂ ਕਾਰੋਵਾਰ ਨਹੀ ਚੱਲ ਸਕਦਾ ਕਿਸੇ ਦੇ ਦੁੱਖ ਦਾ ਕਿਸੇ ਨੂੰ ਕੀ ਦਰਦ ਹੋ ਸਕਦਾ ਹੈ। ਇਹਨਾਂ ਦੇ ਨਾਲ ਵੀ ਉਹੋ ਗੱਲ ਹੋਈ ਜਿਵੇਂ ਕਹਿੰਦੇ ਹਨ ਅੱਗਾ ਦੌੜ ਪਿਛਾ ਚੌੜ। ਇਹਨਾਂ ਦੀ ਆਪਣੀ ਕਮਾਈ ਵੀ ਜਾਂਦੀ ਲੱਗੀ ਉੱਧਰ ਇਹਨਾਂ ਦੇ ਮਿੱਤਰ ਸੋਢੀ ਹੋਰੀ ਰੰਗ ਰਲੀਆਂ ਮਨਾ ਗਏ। ਇਸ ਘਾਟੇ ਨੇ

ਇਹਨਾਂ ਦੀ ਸੇਹਤ ਤੇ ਬੁਰਾ ਅਸਰ ਕੀਤਾ, ਆਖਿਰ ਮਾਯੂਸੀ ਤਾਂ ਹੋਣੀ ਹੀ ਸੀ। ਦੂਸਰੇ ਪਾਸੇ ਇਹਨਾਂ ਨੂੰ ਘਰੇਲੂ ਗਰੀਬੀ ਦਾ ਤਕਾਜ਼ਾ ਅਤੇ ਅਹਿਸਾਸ ਵੀ ਸੀ ਅਤੇ ਨਾਲ ਹੀ ਪਿੱਛੇ ਭੈਣਾਂ ਭਰਾਵਾਂ ਅਤੇ ਮਾਂ ਬਾਪ ਦੀ ਚਿੰਤਾ ਵੀ ਰਹਿੰਦੀ ਸੀ। ਇਹਨਾਂ ਨੇ ਪਹਿਲਾਂ ਆਪਣੇ ਛੋਟੇ ਭਰਾ ਬਲਦੇਵ ਸਿੰਘ ਨੂੰ ਪੜਨ ਲਈ ਦਸੰਬਰ ਦੇ ਮਹੀਨੇ ਸੰਨ 1961 ਦੇ ਵਿੱਚ ਇੰਗਲੈਂਡ ਸੱਦ ਲਿਆ ਅਤੇ ਇਹਨਾਂ ਨੂੰ ਲੰਡਨ ਟੈਲੀਵਿਜ਼ਨ ਦਾ ਕੋਰਸ ਕਰਨ ਲਈ ਭੇਜ ਦਿੱਤਾ। ਇੱਕ ਸਾਲ ਦੇ ਕੋਰਸ ਤੋਂ ਬਾਦ ਇਹ ਲੀਡਜ਼ ਆ ਗਏ ਅਤੇ ਕੰਮ ਤੇ ਲੱਗ ਗਏ। ਇਸਤੋਂ ਬਾਦ ਇਹਨੀਂ ਆਪਣੇ ਦੂਸਰੇ ਭਰਾ ਪ੍ਰੇਮ ਸਿੰਘ ਨੂੰ ਵੀ ਸੰਨ 1963 ਦਸੰਬਰ ਮਹੀਨੇ ਇੰਗਲੈਂਡ ਸੱਦ ਲਿਆ ਜਿਹਨੀਂ ਹੋਰ ਪੜ੍ਹਨ ਦੀ ਇੱਛਾ ਜਾਹਿਰ ਨਾ ਕੀਤੀ ਸੋ ਪੜ੍ਹਾਈ ਦੀ ਬਜਾਇ ਕੰਮ ਕਰਨਾ ਹੀ ਬੇਹਤਰ ਸਮਝਿਆ। ਉਹਨਾਂ ਨੂੰ ਵੀ ਪਿਛੋਕੜ ਘਰ ਦੀ ਹਾਲਤ ਵਾਰੇ ਪਤਾ ਸੀ ਸੋ ਇਹਨਾਂ ਸਾਰਿਆਂ ਨੇ ਰਲ ਮਿਲ ਕੇ ਘਰ ਦੀ ਜੁੰਮੇਵਾਰੀ ਨੂੰ ਨਜਿੱਠਣ ਦੀ ਕੋਸ਼ਿਸ਼ ਕੀਤੀ। ਪਿਤਾ ਜੀ ਦਾ ਵੈਸੇ ਇਹੋ ਖਿਆਲ ਸੀ ਕਿ ਇਹ ਕੋਈ ਕੋਰਸ ਬਗੈਰਾ ਕਰ ਲੈਣਗੇ ਤਾਂ ਇਹਨਾਂ ਦਾ ਆਪਣਾ ਭਵਿੱਖ ਚੰਗਾ ਬਣ ਜਾਵੇਗਾ ਸੋ ਇਸੇ ਵਿੱਚ ਇਹਨਾਂ ਦਾ ਆਪਣਾ ਭਲਾ ਹੈ। ਪਿਤਾ ਜੀ ਨੇ ਆਪਣੇ ਟੱਬਰ ਨੂੰ ਪਹਿਲਾਂ ਨਹੀ ਸੱਦਿਆ ਕਿਉਂਕਿ ਪਹਿਲ ਹਮੇਸ਼ਾਂ ਇਹ ਆਪਣੇ ਭੈਣਾ ਭਰਾਵਾਂ ਨੂੰ ਦਿੰਦੇ ਰਹੇ ਸਨ। ਅਸੀਂ ਉਸ ਵਕਤ ਜਲੰਧਰ ਕਿਰਾਏ ਦੇ ਮਕਾਨ ਵਿੱਚ ਰਹਿੰਦੇ ਸੀ ਪਰ ਘਰ ਦੇ ਖਰਚ ਲਈ ਪੈਸੇ ਸਾਨੂੰ ਹਰ ਮਹੀਨੇ ਆਉਂਦੇ ਰਹਿੰਦੇ ਸਨ। ਕਦੀ ਕਦਾਈਂ ਪਿਤਾ ਜੀ ਜਿਆਦਾ ਪੈਸੇ ਭੇਜ ਦਿਆ ਕਰਦੇ ਸੀ ਅਤੇ ਕੁੱਝ ਮਹੀਨਿਆਂ ਦਾ ਖਰਚ ਚੱਲ ਜਾਂਦਾ ਸੀ। ਇਹਨਾਂ ਦੀ ਚਿੰਤਾ ਹਮੇਸ਼ਾਂ ਮਾਤਾ ਪਿਤਾ ਨੂੰ ਕਰਜ਼ੇ ਤੋਂ ਕਿਵੇਂ ਸੁਰਖ਼ੁਰੂ ਕੀਤਾ ਜਾ ਸਕੇ ਇਸੇ ਸੋਚ ਦੇ ਵਿੱਚ ਰਹਿੰਦੀ ਸੀ। ਇਹਨੀਂ ਆਪਣੀ ਜਿੰਦਗੀ ਦਾ ਚੋਖਾ ਸਮਾਂ ਇਸੇ ਸੰਘਰਸ਼ ਵਿੱਚ ਹੀ ਕੱਟਿਆ ਸੀ। ਰਾਤਾਂ ਤੇ ਕੰਮ ਕਰਨ ਦੀ ਤਨਖਾਹ ਵੀ ਜਿਆਦਾ ਹੁੰਦੀ ਸੀ ਸੋ ਇਸੇ ਵਜਾ ਇਹ ਰਾਤ ਦੀ ਸ਼ਿਫਟ ਕਰਦੇ ਹੁੰਦੇ ਸਨ। ਇਹ ਦਿਨ ਰਾਤ ਮੇਹਨਤ ਕਰਦੇ ਰਹੇ, ਜਿਵੇਂ ਸੁਣਦੇ ਹੁੰਦੇ ਸੀ ਕਿ ਮੇਹਨਤ ਦਾ ਫ਼ਲ਼ ਮਿੱਠਾ ਹੁੰਦਾ ਹੈ ਆਖਿਰ ਇਹਨਾਂ ਦੀ ਮੇਹਨਤ ਵਰ ਆ ਹੀ ਗਈ ਇਹਨੀਂ ਹੌਲੀ ਹੌਲੀ ਮਾਤਾ ਪਿਤਾ ਨੂੰ ਕਰਜ਼ੇ ਤੋਂ ਸੁਰਖਰੂ ਕਰ ਦਿੱਤਾ। ਭੈਣਾਂ ਦੇ ਵਿਆਹ ਕੀਤੇ ਫਿਰ ਨਿੱਕੇ ਭਰਾਵਾਂ ਦੇ ਵਿਆਹ ਹੋਏ ਇਹਨੀਂ ਮਾਤਾ ਪਿਤਾ ਭੈਣਾਂ ਭਰਾਵਾਂ ਦੀਆਂ ਜੁੱਮੇਵਾਰੀਆਂ ਨੂੰ ਨਿਭਾਉਣ ਲਈ ਜੋ ਪ੍ਰਣ ਕੀਤਾ ਹੋਇਆ ਸੀ ਉਹ ਪੂਰਾ ਹੋ ਗਿਆ। ਇਹਨਾਂ ਦੀ ਜਿੰਦਗੀ ਦੇ ਵਿੱਚ ਅਨੇਕਾਂ ਮੁਸ਼ਕਲਾਤਾਂ ਵੀ ਆਈਆਂ ਪਰ ਕਦੀ ਹੌਸਲਾ ਨਹੀਂ ਸੀ ਛੱਡਿਆ ਸਿਰਫ ਰੱਬ ਦਾ ਸ਼ੁਕਰਾਨਾ ਕਰਦੇ ਹੋਏ ਹਮੇਸ਼ਾਂ ਉਸਦੀ ਰਜ਼ਾ ਵਿੱਚ ਮਸਤ ਰਹਿੰਦੇ ਸਨ।

ਖੇਤੀਬਾੜੀ ਦਾ ਇਹਨਾਂ ਨੂੰ ਬਹੁਤ ਸ਼ੌਕ ਸੀ, ਸਾਡੀ ਆਪਣੀਂ ਜਮੀਨ ਬੰਜਰ ਪਈ ਸੀ। ਨਾਨਕ ਪਿੰਡੀ ਵੱਲ ਦਾ ਪਾਸਾ ਰੇਤਲਾ ਹੋਣ ਕਾਰਣ ਇਸ ਪਾਸੇ ਸਿਰਫ ਮੂੰਗਫਲੀ ਹੀ ਬੀਜੀ ਜਾਂਦੀ ਸੀ ਅਤੇ ਜਮੀਨ ਦਾ ਇਹ ਪਾਸਾ ਧਰੋੜੀ ਵਾਲ੍ਹਾ ਹੁੰਦਾ ਸੀ। ਭਾਵੇਂ ਇਹ ਰਹਿੰਦੇ ਇੰਗਲੈਂਡ ਸਨ ਪਰ ਇਹਨਾਂ ਦਾ ਧਿਆਨ ਆਪਣੇ ਖੇਤਾਂ ਵੱਲ ਹੀ ਰਹਿੰਦਾ ਸੀ ਅਤੇ ਇਹਨਾਂ ਦੇ ਕਹਿਣ ਤੇ ਮੇਰੇ ਬਾਬਾ ਜੀ ਨੇ ਧਰੋੜੀ ਨੂੰ ਕਰਾਹ ਕੇ ਜਮੀਨ ਨੂੰ ਸੰਤੁਲਤ ਕਰ ਲਈ ਸੀ। ਇਹਨਾਂ ਦੀ ਬਚਪਣ ਤੋਂ ਹੀ ਇਹ ਰੀਝ ਸੀ ਕਿ ਇੱਥੇ ਟੀਊਵੈਲ ਲਾਇਆ ਜਾਵੇ ਸੋ ਇਸੇ ਕਾਰਜ ਲਈ ਇਹਨੀਂ ਆਪਣੇ ਪਿਤਾ ਜੀ ਹੋਰਾਂ ਨੂੰ ਪੈਸਾ ਭੇਜਿਆ ਅਤੇ ਆਪਣੇ ਖੇਤਾਂ'ਚ ਟੀਊਵੈਲ ਲਗਵਾਇਆ। ਇਹਨਾਂ ਨੂੰ ਬਾਗ ਬਗੀਚਿਆਂ ਦਾ ਵੀ ਬਹੁਤ ਸ਼ੌਕ ਹੁੰਦਾ ਸੀ ਸੋ ਸ਼ਾਇਦ ਇਸੇ ਭਾਵਨਾ ਤਹਿਤ ਇਹਨੀਂ ਆਪਣੇ ਖੇਤਾਂ ਵਿੱਚ ਤਰਾਂ ਤਰਾਂ ਦੇ ਫ਼ਲ੍ਹਾਂ ਦੇ ਪੇੜ ਲਗਵਾਏ ਸਨ। ਇਹਨਾਂ ਦੇ ਪਿਤਾ ਜੀ ਦਾ ਸ਼ੌਕ ਖੇਤੀ ਕਰਨ ਦਾ ਹੀ ਹੁੰਦਾ ਸੀ ਉਹ ਬੰਜਰ ਜਮੀਨ ਹੁੰਦਿਆਂ ਵੀ ਵਾਹੀ ਕਰਦੇ ਰਹੇ ਸਨ ਅਤੇ ਬਾਗ ਦੇ ਉਹ ਬਹੁਤੇ ਸੌਕੀਨ ਨਹੀਂ ਸਨ। ਸੋ ਹੌਲੀ ਹੌਲੀ ਬਾਗ ਦਾ ਆਕਾਰ ਤਬਦੀਲ ਹੁੰਦਾ ਗਿਆ ਅਤੇ ਆਖਿਰਕਾਰ ਪਹਿਲ਼ਾਂ ਵਾਂਗ ਖੇਤਾਂ ਨੂੰ ਬਦਲ਼ ਕੇ ਬਾਬਾ ਜੀ ਖੇਤੀਵਾੜੀ ਕਰਨ ਲੱਗ ਪਏ। ਬਾਬਾ ਦਾਦੀ ਦੋਵੇਂ ਖੂਹ ਤੇ ਹੀ ਰਹਿ ਕੇ ਜਿਆਦਾ ਖੁਸ਼ ਸਨ, ਸਾਰੇ ਡੰਗਰ ਵੀ ਪਿੰਡ ਤੋਂ ਇਹ ਖੂਹ ਤੇ ਹੀ ਲੈ ਆਏ ਸੀ। ਇਹਨਾਂ ਦੇ ਸਪੁੱਤਰ ਪ੍ਰੇਮ ਸਿੰਘ ਅਤੇ ਪੋਤੇ ਰਾਜਿੰਦਰ ਸਿੰਘ ਨੂੰ ਬੌਲਦਾਂ ਦਾ ਬਹੁਤ ਸ਼ੌਕ ਹੁੰਦਾ ਸੀ ਉਹਨੀਂ ਦਿਨੀਂ ਜਦੋਂ ਇਹ ਪਿੰਡ ਪੜ੍ਹਦੇ ਸਨ ਇਹਨਾਂ ਨੇ ਹੀ ਖੇਤੀਵਾੜੀ ਦਾ ਕੰਮ ਸਾਂਭਿਆ ਹੋਇਆ ਸੀ। ਸੋ ਇਸੇ ਸਿਲਸਲੇ ਦੇ ਵਿੱਚ ਇਹਨਾਂ ਨੇ ਇੱਕ ਨਵਾਂ ਵੱਛਾ ਖਰੀਦਿਆ ਤਾਂ ਕਿ ਜਮਸ਼ੇਰ ਦੇ ਲਾਗਲੇ ਪਿੰਡ ਦਿਵਾਲੀ ਵਿੱਚ ਬੌਲਦਾਂ ਦੀਆਂ ਦੌੜਾਂ ਸਮੇ ਇਹ ਆਪਣੇ ਬੌਲਦ ਵੀ ਦੁੜਾ ਸਕਣ। ਇਸ ਸ਼ੌਕ ਨੂੰ ਪੂਰਾ ਕਰਨ ਲਈ ਇਹਨੀਂ ਬਾਬਾ ਜੀ ਨੂੰ ਕਹਿ ਕੇ ਨਕੋਦਰ ਦੇ ਨਾਲ ਪਿੰਡ ਮਾਲੜੀ ਤੋਂ ਨਵੀਂ ਬੈਲ-ਗੱਡੀ ਬਣਵਾਈ। ਘਰੇਲੂ ਹਾਲਤ ਪਹਿਲਾਂ ਨਾਲੋਂ ਬੇਹਤਰ ਹੋਣ ਦੀ ਵਜਾ ਮੇਰੇ ਪਿਤਾ ਜੀ ਦੀ ਅਤੁੱਟ ਮੇਹਨਤ ਸੀ। ਇਹ ਆਪਣੇ ਫ਼ਰਜ਼ਾਂ ਦੇ ਅਹਿਸਾਸ ਤੋਂ ਕਦੀ ਪਿਛਾਂਹ ਨਹੀਂ ਸੀ ਹਟੇ। ਮਾਤਾ ਪਿਤਾ ਦੀ ਬਹੁਤ ਇੱਜਤ ਕਰਦੇ ਸਨ ਅਤੇ ਘਰ ਦੇ ਵੱਡੇ ਸਪੁਤੱਰ ਹੋਣ ਦੇ ਨਾਤੇ ਆਪਣੇ ਗੋਚਰੇ ਜੁੰਮੇਵਾਰੀਆਂ ਦਾ ਇਹਨਾਂ ਨੂੰ ਪੂਰਾ ਅਹਿਸਾਸ ਸੀ। ਘਰ ਦੀ ਗਰੀਬੀ ਨਾਲੋਂ ਕਿਤੇ ਜਿਆਦਾ ਦਿਲ ਦੇ ਅਮੀਰ ਸਨ। ਲੋਕਾਂ ਦੇ ਦਰਦ ਦਾ ਅਹਿਸਾਸ ਵੀ ਉਹਨਾਂ ਨੂੰ ਹੀ ਹੋ ਸਕਦਾ ਹੈ ਜਿਹਨੀਂ ਆਪ ਖੁਦ ਗਰੀਬੀ ਦੀ ਸੱਟ ਖਾਧੀ ਹੋਵੇ। ਸ਼ਾਇਦ ਇਹੋ ਵਜ਼ਾ ਸੀ ਕਿ ਇਹਨਾਂ ਦੇ ਮਨ ਵਿੱਚ ਲੋਕਾਂ ਦਾ ਭਲਾ ਕਰਨ ਦਾ ਜਜ਼ਬਾ ਪ੍ਰਬਲ ਸੀ। ਆਪ ਤੰਗ ਰਹਿ ਲੈਣਾਂ ਪਰ ਕਿਸੇ ਦੂਸਰੇ ਦੀ ਲੋੜ ਪੂਰੀ ਕਰ ਦੇਣੀ ਇਹਨਾਂ ਦੀ ਆਪਣੀ ਹੀ ਪ੍ਰਤਿਭਾ ਸੀ। ਉਸ ਅਕਾਲ ਪੁੱਰਖ ਦੇ

ਭਾਣੇ'ਚ ਜਿੰਦਗੀ ਵਸਰ ਕਰ ਲੈਣੀ ਇਹ ਵੱਡਮੁਲੀ ਦਾਤ ਉਸੇ ਦੀ ਬਖਸ਼ਿਸ਼ ਕਹੀ ਜਾ ਸਕਦੀ ਹੈ। ਇਹਨਾਂ ਦੀ ਇਹ ਵੀ ਖੂਬੀ ਸੀ ਕਿ ਜੋ ਕੁੱਝ ਘਰ ਖਾਣ ਲਈ ਬਣਦਾ ਸੀ ਜੇਕਰ ਦਾਲ਼ ਸਬਜ਼ੀ ਵਿੱਚ ਲੂਣ ਮਿਰਚ ਵੱਧ ਘੱਟ ਵੀ ਹੋ ਜਾਣਾ ਤਾਂ ਵੀ ਖਿੜ੍ਹੇ ਮੱਥੇ ਖਾ ਲਿਆ ਕਰਦੇ ਸੀ। ਇਹ ਗੱਲ ਮੈਨੂੰ 50 ਸਾਲ ਪਹਿਲਾਂ ਸਾਡੇ ਪਿੰਡ ਕਾਮੇਂ ਨੇ ਪਿਤਾ ਜੀ ਦੀਆਂ ਸਿਫਤਾਂ ਕਰਦਿਆਂ ਹੋਇਆਂ ਸਾਡੇ ਖੂਹ ਤੇ ਕਣਕ ਦੀਆਂ ਵਾਢੀਆਂ ਕਰਨ ਦੌਰਾਨ ਕਹੀ ਸੀ। ਜਿੱਥੇ ਇਹਨਾਂ ਨੂੰ ਜਿੰਦਗੀ ਦੇ ਕਠਿਨ ਸੰਘਰਸ਼ ਵਿੱਚੋਂ ਦੀ ਲੰਘਣਾ ਪਿਆ ਇਸਦੇ ਨਾਲ ਨਾਲ ਹੀ ਉਸ ਪ੍ਰਮਾਤਮਾਂ ਨੇ ਸਬਰ ਅਤੇ ਸੰਤੋਖ ਵੀ ਬਖਸ਼ਿਆ ਹੋਇਆ ਸੀ। ਅਜਿਹੇ ਸੰਘਰਸ਼ ਦੇ ਦੌਰਾਨ ਚੱਲਦਿਆਂ ਹੋਇਆਂ ਵੀ ਖੁਸ਼ ਰਹਿਣਾ ਅਤੇ ਦੂਸਰਿਆਂ ਨੂੰ ਖੁਸ਼ ਰੱਖਣਾ ਇਹ ਦਾਤ ਵੀ ਇਹਨਾਂ ਦੇ ਹਿੱਸੇ ਹੀ ਆਈ ਹੈ। ਦਾਤਾ ਧੰਨ ਹੈ ਤੂੰ ਅਤੇ ਧੰਨ ਹੈ ਤੇਰੇ ਸਿੱਖ ਜਿਹਨਾਂ ਨੂੰ ਤੂੰ ਸੋਝੀ ਬਖਸ਼ਦਾ ਹੈਂ ਅਤੇ ਲੋਕ ਭਲਾਈ ਹਿੱਤ ਲਾਈ ਰੱਖਦਾ ਹੈਂ।

## ਇੰਗਲੈਂਡ ਤੋਂ ਹਿੰਦੁਸਤਾਨ ਦਾ ਸੜਕ ਰਾਹੀਂ ਕਾਰ ਦੇ ਵਿੱਚ ਸਫ਼ਰ

ਪਿਤਾ ਜੀ ਦੇ ਖਾਸ ਮਿੱਤਰ ਸਰਦਾਰ ਰਣਜੀਤ ਸਿੰਘ ਹੇਅਰ ਆਪਣੀ ਜਬਾਨੀ ਦੱਸਦੇ ਹਨ ਕਿ ਸਰਦਾਰ ਕ੍ਰਿਪਾਲ ਸਿੰਘ ਹੋਰਾਂ ਦੀ ਜਿੰਦਗੀ ਵਿੱਚ ਅਨੇਕਾਂ ਮੁਸ਼ਕਲਾਤਾਂ ਹੋਣ ਦੇ ਬਾਬਜੂਦ ਇਹ ਖੁਸ਼ ਤਬੀਅਤ ਇਨਸਾਨ ਸਨ। ਇਨ੍ਹਾਂ ਦੀ ਨੇਕ-ਨੀਤੀ ਲੋਕਾਂ ਦਾ ਦੁੱਖ ਵੰਡਾਉਣਾਂ ਹੁੰਦੀ ਸੀ। ਆਪ ਭਾਵੇਂ ਸੰਗੀਨ ਹਾਲਾਤਾਂ ਦੇ ਵਿੱਚ ਦੀ ਲੰਘ ਰਹੇ ਹੋਣ ਪਰ ਇਨ੍ਹਾਂ ਦੇ ਮਨ ਦੀ ਫ਼ਿਤਰਤ ਲੋਕਾਂ ਨੂੰ ਹਾਸੇ ਵੰਡਣੇਂ ਅਤੇ ਆਪ ਵੀ ਖੁਸ਼ ਰਹਿਣਾ ਇਨ੍ਹਾਂ ਨੂੰ ਹੀ ਹਿੱਸੇ ਆਇਆ ਹੈ। ਇਨ੍ਹਾਂ ਦੇ ਮਨ ਦੀ ਦ੍ਰਿੜਤਾ ਦੇਖੀ ਜਾਂਦੀ ਸੀ ਕਿ ਔਖੇ ਤੋਂ ਔਖਾ ਕੰਮ ਵੀ ਸਿਰ ਤੇ ਜੇ ਆ ਪਿਆ ਤਾਂ ਕਦੀ ਘਬਰਾਉਂਦੇ ਨਹੀ ਸਨ। ਇਹ ਸਦਾ ਖੁਸ਼ ਮਿਜ਼ਾਜ ਰਿਹਾ ਕਰਦੇ ਸਨ ਭਾਵੇਂ ਆਪਣੀ ਅੰਧਰੂਨੀ ਹਾਲਤ ਚਿੰਤਾਤੁਰ ਵੀ ਹੋਵੇ ਫਿਰ ਵੀ ਆਪਣੇ ਮਿਤੱਰਾਂ ਨੂੰ ਮਿਲਣ ਦੀ ਹਮੇਸ਼ਾਂ ਤਾਂਘ ਰੱਖਦੇ ਸਨ। ਮੇਰੀ ਮੁਲਾਕਾਤ ਸਰਦਾਰ ਕ੍ਰਿਪਾਲ ਸਿੰਘ ਹੋਰਾਂ ਦੇ ਨਾਲ ਸੰਨ 1961 ਵਿੱਚ ਹੋਈ। ਮੈਂ 8 ਅਕਤੂਬਰ ਤੋਂ 6 ਦਸੰਬਰ ਤੱਕ ਲੀਡਜ਼ ਦੇ ਨਜਦੀਕ ਬਰੈਡਫੋਰੜ ਯੌਰਕਸ਼ਾਇਰ ਵਿੱਚ ਰਿਹਾ ਹਾਂ। ਉਸ ਸਮੇਂ ਮੇਰਾ ਮਿਤੱਰ ਸਤਿਨਾਮ ਸਿੰਘ ਸਿੱਧੂ ਵੀ ਮੇਰੇ ਕੋਲ ਬਰੈਡਫੋਰੜ ਰਹਿੰਦਾ ਸੀ। ਅਸੀਂ ਦੋਵੇਂ ਰਾਮਗੜੀਆ ਕਾਲਜ ਫਗਵਾੜੇ ਇਕੱਠੇ ਪੜਦੇ ਹੁੰਦੇ ਸੀ। ਸਰਦਾਰ ਕ੍ਰਿਪਾਲ ਸਿੰਘ ਹੋਰਾਂ ਨੇ ਸਾਡੇ ਦੋਵਾਂ ਦੀ ਬਹੁਤ ਮਦਦ ਕੀਤੀ ਸੀ ਜਿਸ ਲਈ ਅਸੀਂ ਉਹਨਾਂ ਦੇ ਹਮੇਸ਼ਾਂ ਰਿਣੀ ਰਹਾਂਗੇ। ਸਤਿਨਾਮ ਸਿੰਘ ਅਤੇ ਮੇਰਾ ਛੋਟਾ ਭਰਾ ਬਲਦੇਵ ਸਿੰਘ

ਇਕੱਠੇ ਕੰਮ ਕਰਦੇ ਹੁੰਦੇ ਸਨ। ਅਸੀਂ ਸਾਰੇ ਅਮੂਮਨ ਇੱਕ ਦੂਸਰੇ ਨੂੰ ਮਿਲਦੇ ਰਹਿੰਦੇ ਸੀ। ਮੇਰੇ ਲਈ ਕੰਮ ਲੱਭਣ ਦੀ ਖੇਚਲ ਵੀ ਸਰਦਾਰ ਕ੍ਰਿਪਾਲ ਸਿੰਘ ਹੋਰੀਂ ਕਰਦੇ ਸਨ ਉਹਨੀਂ ਆਪਣੀ ਕਾਰ ਵਿੱਚ ਆਉਣਾ ਅਤੇ ਮੈਨੂੰ ਕੰਮ ਦੀ ਤਲਾਸ਼ ਲਈ ਲੈ ਜਾਣਾ। ਆਪਣਾ ਖਰਚ ਅਤੇ ਆਪਣਾ ਹੀ ਸਮਾਂ ਦੇ ਕੇ ਮੇਰੇ ਲਈ ਉਹਨੀਂ ਕੰਮ ਦੀ ਭਾਲ ਕਰਨੀ ਇਹ ਉਹਨਾਂ ਦੀ ਆਪਣੀ ਵਡਿਆਈ ਸੀ। ਆਪਣੇ ਕੰਮ ਤੋਂ ਬੇਹਲ ਕੱਢ ਕੇ ਮੈਨੂੰ ਨਾਲ ਲਈ ਫਿਰਨਾ ਜਾਂ ਕਿਸੇ ਹੋਰ ਦਾ ਵੀ ਕੰਮ ਹੋਵੇ ਤਾਂ ਉਹ ਵੀ ਕਰ ਦੇਣਾ ਇਹ ਉਹਨਾਂ ਦੇ ਗੋਚਰੇ ਹੀ ਛਡਿੱਆ ਹੁੰਦਾ ਸੀ। ਮੇਰਾ ਸਾਥ ਇਹਨਾਂ ਦੇ ਨਾਲ ਤਕਰੀਬਨ 3 ਸਾਲ ਅਤੇ 2 ਮਹੀਨੇ ਦਾ ਬਣਿਆ ਰਿਹਾ ਹੈ। ਉਸ ਸਮੇਂ ਮੈਂ ਬਰੈਡਫੋਰਡ ਵਿੱਚ ਰਹਿੰਦਾ ਸੀ ਅਤੇ ਗੁਰਦੁਆਰੇ ਵਿੱਚ ਜਨਰਲ ਸਕੱਤਰ ਦੀ ਸੇਵਾ ਨਿਭਾਉਂਦਾ ਸੀ। ਜਿੰਨਾਂ ਚਿਰ ਵੀ ਮੇਰਾ ਸਾਥ ਸਰਦਾਰ ਕ੍ਰਿਪਾਲ ਸਿੰਘ ਹੋਰਾਂ ਦੇ ਨਾਲ ਰਿਹਾ ਮੈਂ ਸਮਝਦਾ ਹਾਂ ਕਿ ਉਹੋ ਸਮਾਂ ਮੇਰੇ ਲਈ ਗਨੀਮਤ ਸੀ। ਸਰਦਾਰ ਸਾਹਿਬ ਹੋਰਾਂ ਦੇ ਨਾਲ ਸਮਾਂ ਵਤੀਤ ਕਰਨ ਦਾ ਇਹੋ ਲਾਹਾ ਹੁੰਦਾ ਸੀ ਕਿ ਇਹਨਾਂ ਪਾਸੋਂ ਜੀਵਨ ਦੀਆਂ ਕੁੱਝ ਗੁੱਝੀਆਂ ਰਮਜ਼ਾਂ ਨੂੰ ਸਮਝ ਸਕੀਏ। ਇਸੇ ਸਮੇਂ ਦੁਹਰਾਨ ਮੈਂ ਉਹਨਾਂ ਪਾਸੋਂ ਬਹੁਤ ਕੁੱਝ ਸਿੱਖਿਆ ਹੈ। ਰੰਗੀਨ ਮਹਿਫ਼ਲ੍ਹਾਂ ਦੇ ਸ਼ੌਕੀਨ ਬਾਦਸ਼ਾਹ ਜਿੱਥੇ ਸ਼ੇਅਰੋ-ਸ਼ਾਇਰੀ ਅਤੇ ਸੰਗੀਤ ਸੁਣਨ ਦੇ ਚਾਹਵਾਨ ਸਨ, ਉਸੇ ਉਦਾਰ-ਚਿੱਤ ਵਿਰਤੀ ਦੇ ਅਨੁਕੂਲ ਕੁਦੱਰਤ ਦੇ ਕ੍ਰਿਸ਼ਮੇਂ ਅਤੇ ਉਸ ਪ੍ਰਮਾਤਮਾਂ ਦੀ ਸਮੁੱਚੀ ਕਾਇਨਾਤ ਦੇ ਸੰਸਾਰੀ ਪਸਾਰ ਨੂੰ ਵੀ ਦੇਖਣ ਦੀ ਤਮੱਨਾਂ ਰੱਖਦੇ ਸਨ। ਇੱਕ ਦਿਨ ਇਹਨੀਂ ਆਪਣੇ ਦੋਸਤਾਂ ਮੁਹੰਮਦ ਸੱਈਦ, ਸਰਦਾਰ ਗੁਰਦੀਪ ਸਿੰਘ ਅਤੇ ਮੇਰੇ ਨਾਲ ਸਲਾਹ ਕੀਤੀ ਕਿ ਆਪਾਂ ਮੋਟਰਕਾਰ ਰਾਹੀਂ ਸੜਕ ਦੇ ਰਸਤੇ ਯੌਰਪ, ਮਿਡਲ-ਈਸਟ, ਈਰਾਕ, ਈਰਾਨ ਅਤੇ ਪਾਕਿਸਤਾਨ ਵੱਲ ਦੀ ਹਿੰਦੁਸਤਾਨ ਦਾ ਸਫ਼ਰ ਤਹਿ ਕਰੀਏ ਸਾਨੂੰ ਵੀ ਇਹ ਤਜਵੀਜ਼ ਬੜੀ ਚੰਗੀ ਲੱਗੀ ਅਤੇ ਅਸੀਂ ਸਾਰੇ ਇਹਨਾਂ ਦੇ ਨਾਲ ਰਜ਼ਾਮੰਦ ਹੋ ਗਏ ਅਤੇ ਜਿਵੇਂ ਪਰੋਗਰਾਮ ਉਲੀਕਿਆ ਗਿਆ ਸੀ ਉਸਦੇ ਮੁਤਾਬਿਕ ਅਸੀਂ ਆਪਣੀ ਤਿਆਰੀ ਅਰੰਭ ਕਰ ਦਿੱਤੀ। ਸਰਦਾਰ ਕ੍ਰਿਪਾਲ ਸਿੰਘ ਹੋਰੀਂ ਉਹਨਾਂ ਦਿਨਾਂ ਦੇ ਵਿੱਚ ਨਵੀਂ ਬੀ. ਰਜਿਸਟਰੇਸ਼ਨ ਦੀ ਫੋਰਡ ਕੌਰਟੀਨਾਂ ਕਾਰ ਖਰੀਦ ਲਈ ਅਤੇ ਇਹਨੀਂ ਸਫ਼ਰ ਦਾ ਪੂਰਾ ਨਕਸ਼ਾ ਤਹਿ ਕਰ ਲਿਆ। ਜੱਦ ਤਿਆਰੀ ਹੋ ਗਈ ਤਾਂ ਅਸੀਂ ਸੰਨ 1964 ਦੀ ਸਵੇਰ 6 ਦਸੰਬਰ ਨੂੰ ਸਰਦਾਰ ਗੁਰਦੀਪ ਸਿੰਘ ਮੁਹੰਮਦ ਸੱਈਦ, ਸਰਦਾਰ ਕ੍ਰਿਪਾਲ ਸਿੰਘ ਜੀ ਅਤੇ ਮੈਂ ਲੂਟਨ ਲਈ ਰਵਾਨਾ ਹੋ ਗਏ। ਉੱਥੇ ਪਹੁੰਚ ਕੇ ਆਪਣੇ ਦੋਸਤ ਸਰਦਾਰ ਗੁਰਮੀਤ ਸਿੰਘ ਹੋਰਾਂ ਦੇ ਘਰ ਰਾਤ ਠਹਿਰੇ। ਦੂਸਰੇ ਹੀ ਦਿਨ ਅਸੀਂ ਸਰਦਾਰ ਹੋਰਾਂ ਦੇ ਇੱਕ ਦੋਸਤ ਦੇ ਲੜਕੇ ਨੂੰ ਵੀ ਆਪਣੇ ਨਾਲ ਲੈ ਕਿ ਡੋਵਰ ਸੁਰੰਗ ਰਾਹੀਂ ਕੈਲੇਹ ਵਿੱਚ ਦੀ ਹੁੰਦਿਆਂ ਹੋਇਆਂ ਬੈਲਜੀਅਮ ਦੀ ਰਾਜਧਾਨੀ ਸ਼ਹਿਰ ਬਰੱਸਲ੍ਹ ਵਿੱਚ ਦਾਖਲ ਹੋਏ।

ਇਹ ਦੇਸ਼ ਸੰਨ 1830 ਦੇ ਵਿੱਚ ਆਜ਼ਾਦ ਹੋਇਆ ਸੀ। ਇਹ ਯੌਰਪੀਅਨ ਪਾਰਲੀਮੈਂਟ ਦਾ ਸਿਆਸੀ ਕੇਂਦਰ ਹੈ ਜਿੱਥੇ ਫਰੈਂਚ ਡੱਚ ਅਤੇ ਜਰਮਨ ਭਾਸ਼ਾ ਬੋਲੀ ਜਾਂਦੀ ਹੈ। ਇਸਦਾ ਖੇਤਰ ਨੈਦਰਲੈਂਡ, ਜਰਮਨੀ ਅਤੇ ਨੌਰਥ ਸਮੁੰਦਰ ਦੇ ਵਿਚਕਾਰ ਪੈਂਦਾ ਹੈ। ਇੱਥੇ ਦੀ ਪੰਦਰਵੀਂ ਸਦੀ ਦੀ ਬਣੀ ਮਾਰਕਿਟ, ਟਾਊਨ ਸਕੋਏਅਰ ਅਤੇ ਟਾਊਨ ਹਾਲ ਦੀਆਂ ਈਮਾਰਤਾਂ ਦੀ ਬਣਤਰ ਇੱਥੇ ਦੀ ਸੱਭਿਅਤਾ ਦੀ ਬੇਹਤਰੀਨ ਪਰਦਰਸ਼ਨੀ ਦਾ ਪ੍ਰਗਟਾਵਾ ਹੈ। ਇਹ ਸ਼ਹਿਰ ਦੇਖਣ ਨੂੰ ਬਹੁਤ ਸੁੰਦਰ ਹੈ। ਇੱਕ ਰਾਤ ਇੱਥੇ ਹੀ ਅਸੀਂ ਠਹਿਰ ਗਏ ਅਤੇ ਇਸ ਸ਼ਹਿਰ ਦਾ ਖੂਬਸੂਰਤ ਨਜ਼ਾਰਾ ਦੇਖਿਆ ਫਿਰ ਸਫ਼ਰ ਲਈ ਰਵਾਨਾ ਹੋਏ ਅਤੇ ਜਰਮਨ ਤੋਂ ਹੁੰਦੇ ਹੋਏ ਅਸਟਰੀਆ ਦੀ ਰਾਜਧਾਨੀ ਵੀਆਨਾਂ ਸ਼ਹਿਰ ਪਹੁੰਚੇ ਜਿੱਥੇ ਕਿ ਕੁਦੱਰਤ ਦਾ ਨਜ਼ਾਰਾ ਬਹੁਤ ਸੁਹਾਵਣਾ ਅਤੇ ਰਮਣੀਕ ਮੰਨ ਭਾਉਂਦਾ ਸੀ। ਇਸਦਾ ਰਿਹਾਇਸ਼ੀ ਖੇਤਰ ਚੈੱਕ ਰਿਪੱਵਲਿਕ, ਹੰਗਰੀ ਅਤੇ ਸਲੋਵਾਕੀਆ ਦੇ ਵਿਚਕਾਰ ਹੈ। ਇਸਨੂੰ ਯੁਨੈਸਕੋ ਵ੍ਰਲਡ਼ ਹੈਰੀਟੇਜ਼ ਸਾਈਟ ਮਕਬੂਲਿਆ ਗਿਆ ਹੈ। ਇਸ ਸ਼ਹਿਰ ਨੂੰ ਸੰਗੀਤ ਅਤੇ ਸੁਪਨਿਆਂ ਦਾ ਮੁਕਾਮ ਕਿਹਾ ਜਾਂਦਾ ਹੈ। ਇਸਦੀ ਬਾਗਵਾਨੀ ਖੂਬਸੂਰਤੀ ਅਤੇ ਈਮਾਰਤੀ ਬਣਤਰ ਨੂੰ ਕਨੇਡਾ ਦੇ ਸੁੰਦਰ ਸ਼ਹਿਰ ਵੈਨਕੂਵਰ ਦੇ ਨਾਲ ਤਸ਼ਬੀਹ ਦਿੱਤੀ ਜਾਂਦੀ ਹੈ। ਇੱਥੇ ਦੇ ਲੋਕਾਂ ਦੀ ਸੱਦਭਾਵਨਾ ਅਤੇ ਸੁਹਿਰਦਤਾ ਬੇਮਿਸਾਲ ਸ਼ਲਾਘਾਯੋਗ ਸੀ। ਸ਼ਾਇਦ ਇਸੇ ਵਜ਼ਾ ਇੱਕ ਰਾਤ ਇੱਥੇ ਵੀ ਰੁਕਣ ਲਈ ਮਨ ਰਾਜ਼ੀ ਹੋ ਗਿਆ। ਇਹ ਸਫ਼ਰ ਭਾਵੇਂ ਹੀ ਲੰਬਾ ਸੀ ਪਰ ਇਹ ਸ਼ਹਿਰ ਬਹੁਤਾ ਸੁਹਾਵਣਾ ਹੋਣ ਕਾਰਣ ਸਰੀਰ ਦੀ ਥਕਾਵਟ ਵੀ ਮਹਿਸੂਸ ਨਹੀਂ ਸੀ ਹੋਈ। ਖਾਣ ਪੀਣ ਨੂੰ ਸੱਭ ਕੁੱਝ ਮਿਲ ਜਾਂਦਾ ਸੀ, ਕਦੀ ਕਿਸੇ ਹੋਟਲ ਦੇ ਵਿੱਚ ਚਲੇ ਜਾਇਆ ਕਰਦੇ ਸੀ ਜਾਂ ਵੈਸੇ ਕੁੱਝ ਮਾੜਾ ਮੋਟਾ ਖਾਣ ਲਈ ਰਸਤੇ ਚੋਂ ਹੀ ਲੈ ਕੇ ਅਗਾਂਹ ਦੇ ਸਫਰ ਲਈ ਤਿਆਰੀ ਕਰ ਲੈਂਦੇ ਸੀ। ਸਾਡਾ ਅਗਲਾ ਪੜਾਵ ਯੁਗੋਸਲੋਵਾਕੀਆ ਦਾ ਸੀ ਜਿੱਥੇ ਅਸੀਂ ਇੱਕ ਰਾਤ ਠਹਿਰੇ ਸੀ। ਇਸ ਜਗ੍ਹਾ ਦੀ ਅਜੀਬ ਹੀ ਦਾਸਤਾਨ ਹੈ, ਇਸ ਦੇਸ਼ ਦੇ ਕਈ ਬਾਰ ਟੋਟੇ ਹੋਏ ਹਨ ਅਤੇ ਇਹ ਕਈ ਹਕੂਮਤਾਂ ਦੇ ਥੱਲੇ ਵੱਖ ਵੱਖ ਹਿੱਸਿਆਂ ਦੇ ਵਿੱਚ ਵੰਡਿਆ ਜਾਂਦਾ ਰਿਹਾ ਹੈ ਜਿਵੇਂ ਸਰਵੀਆ, ਕਰੋਸ਼ੀਆ, ਬੌਸਨੀਆਂ, ਸਲੋਵੇਨੀਆਂ ਅਤੇ ਮੈਸੇਡੋਨੀਆਂ। ਇੱਕ ਸਮੇਂ ਇਹ ਸੋਸ਼ਲਿਸਟ ਫੈਡਰਲ੍ਹ ਰਿਪੱਬਲਿਕ ਔਫ ਯੁਗੋਸਲਾਵੀਆ ਦੇ ਸਿਰਲੇਖ ਹੇਠ ਮਸ਼ਹੂਰ ਸਥਾਨ ਜਾਣਿਆ ਜਾਂਦਾ ਸੀ। ਅਸੀਂ ਫਿਰ ਬਲਗੇਰੀਆ ਵਿੱਚ ਦੀ ਹੁੰਦੇ ਹੋਏ ਟਰਕੀ ਦੇ ਖੂਬਸੂਰਤ ਸ਼ਹਿਰ ਈਸਤੱਨਬੁੱਲ ਪਹੁੰਚ ਗਏ। ਇਸ ਜਗਹਾ ਦੀ ਸੁੰਦਰਤਾ ਨੇ ਦੋ ਦਿਨਾਂ ਦੇ ਪੜਾਵ ਲਈ ਸਾਨੂੰ ਇੱਥੇ ਹੀ ਰੋਕ ਲਿਆ। ਇੱਥੇ ਅਸੀਂ ਖੂਬ ਕੁਦੱਰਤ ਦਾ ਨਜ਼ਾਰਾ ਤੱਕਿਆ, ਮਨ ਬਹੁਤ ਖੁਸ਼ ਹੋਇਆ ਬਾਕਿਆ ਹੀ ਉਸ ਅਕਾਲ ਪੁਰੱਖ ਦੀਆਂ ਇੱਥੇ ਅਪਾਰ ਰਹਿਮਤਾਂ ਵਰੋਸਾਈਆਂ ਪ੍ਰਤੀਤ ਹੁੰਦੀਆਂ ਨਜ਼ਰ ਆਈਆਂ।

ਇਹ ਸ਼ਹਿਰ ਪਛੱਮ ਅਤੇ ਪੂਰਬ ਦੀ ਹੱਦਬੰਦੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇਹ ਬਹੁਤ ਹੀ ਰਮਣੀਕ ਸਥਾਨ ਹੈ ਇਸ ਜਗ੍ਹਾ ਤੋਂ ਹੁੰਦੇ ਹੋਏ ਅਸੀਂ ਅੰਕਾਰਾ ਸ਼ਹਿਰ ਪਹੁੰਚੇ ਜੋ ਕਿ ਟਰਕੀ ਦੀ ਰਾਜਧਾਨੀ ਹੈ। ਇਸਨੂੰ ਮੁਲਕ ਦਾ ਦੂਸਰੇ ਨੰਬਰ ਤੇ ਵੱਡਾ ਸ਼ਹਿਰ ਮੰਨਿਆ ਜਾਂਦਾ ਹੈ। ਈਸਤਨਬੁੱਲ ਪਹਿਲਾ ਵੱਡਾ ਸ਼ਹਿਰ ਹੈ ਅਤੇ ਇਹੋ ਹੀ ਇਸਦੀ ਰਾਜਧਾਨੀ ਹੁੰਦੀ ਸੀ। ਅੰਕਾਰਾ ਸ਼ਹਿਰ ਨੂੰ ਅੰਗੋਰਾ ਕਿਹਾ ਜਾਂਦਾ ਸੀ ਇਹ ਅੰਗੋਰਾ ਬੱਕਰੀ ਦੇ ਨਾਮ ਤੇ ਮਸ਼ਹੂਰ ਹੈ, ਇਸਦੀ ਲੰਮੀ ਦਾੜ੍ਹੀ ਦੀ ਉੱਨ ਜੋ ਬਹੁਤ ਮਹਿੰਗੀ ਬਿਕਦੀ ਸੀ।ਇਹ ਸ਼ਹਿਰ ਤਕਰੀਬਨ 150 ਕਿਲੋਮੀਟਰ ਦੀ ਉੱਚਾਈ ਤੇ ਸਥਿੱਤ ਹੈ। ਇਹ ਵਪਾਰ ਦਾ ਕੇਂਦਰ ਮੰਨਿਆ ਜਾਂਦਾ ਹੈ, ਇੱਥੇ ਗੋਰਮਿੰਟ ਦੇ ਦਫ਼ਤਰੀ ਕੰਮਕਾਜ਼ ਨਜਿੱਠੇ ਜਾਂਦੇ ਹਨ ਅਤੇ ਇੱਥੇ ਹੀ ਪ੍ਰਦੇਸਾਂ ਦੇ ਰਾਜਦੂਤਾਂ ਦਾ ਗੜ੍ਹ ਹੈ। ਇਹ ਸ਼ਹਿਰ ਈਸਤਨਬੁੱਲ ਤੋਂ 450 ਕਿਲੋਮੀਟਰ ਦੂਰੀ ਤੇ ਹੈ। ਉਪਰੋਂ ਥੱਲੇ ਨੂੰ ਦੇਖੋ ਤਾਂ ਕੁੱਝ ਨਿਮਾਣ ਤੇ ਜਾ ਕੇ ਪੁਰਾਣੇ ਢਹਿ-ਢੇਰੀ ਹੋਏ ਕਿਲ੍ਹੇ ਨਜ਼ਰ ਆਉਂਦੇ ਹਨ। ਇਹ ਸ਼ਹਿਰ ਟੈਂਪਲ ਔਫ ਔਗੱਸਟਸ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਇਸਦੇ ਚੌਤਰਫੀ ਹਰਿਆਲੀ ਹੀ ਹਰਿਆਲੀ ਦਿਸਦੀ ਹੈ ਅਤੇ ਸੜਕਾਂ ਦਾ ਸਫ਼ਰ ਉੱਚੀਆਂ-ਨੀਵੀਆਂ ਵਾਦੀਆਂ ਅਤੇ ਸੜਕਾਂ ਦੇ ਨਾਗਬਲ੍ਹ ਖਾਂਦੇ ਰਾਹ ਮਨ ਨੂੰ ਬਹੁਤ ਮੋਂਹਦੇ ਸਨ। ਅਸੀਂ ਸ਼ਹਿਰ ਵੀ ਚੰਗੀ ਤਰਹ ਘੁੰਮ ਫਿਰ ਕੇ ਦੇਖਿਆ, ਲੋਕੀ ਵੀ ਸਿੱਖਾਂ ਨੂੰ ਦੇਖ ਕੇ ਖੁਸ਼ ਹੁੰਦੇ ਸਨ ਅਤੇ ਹਮਦਰਦੀ ਵੀ ਜ਼ਾਹਿਰ ਕਰਦੇ ਸਨ। ਸਾਨੂੰ ਹੁਣ ਅਗਾਂਹ ਈਰਾਨ ਦੇ ਸਫ਼ਰ ਲਈ ਵੀਜ਼ਾ ਲੈਣ ਦੀ ਵੀ ਲੋੜ ਸੀ, ਸੋ ਸਾਡਾ ਇੱਥੇ ਰੁਕਣਾ ਵੀ ਜਰੂਰੀ ਸੀ ਸੋ ਅਸੀਂ ਇੱਥੇ ਦੋ ਦਿਨ ਠਹਿਰੇ ਅਤੇ ਦੂਸਰੇ ਦਿਨ ਵੀਜ਼ੇ ਲੈ ਕੇ ਅਸੀਂ ਅਗਲੇ ਪੜਾਵ ਲਈ ਚਾਲੇ ਪਾਏ।

ਸਰਦਾਰ ਕ੍ਰਿਪਾਲ ਸਿੰਘ ਹੋਰੀਂ ਹੀ ਕਾਰ ਚਲਾਉਂਦੇ ਰਹੇ, ਫਿਰ ਅਸੀਂ ਅੰਕਾਰਾ ਤੋਂ ਹੁੰਦੇ ਹੋਏ ਜੌਰਡਨ-ਅਮਾਨ ਦੇ ਬੌਰਡਰ ਲੰਘ ਕੇ ਸੀਰੀਆ ਦੀ ਰਾਜਧਾਨੀ ਡਮੱਸਕੱਸ ਤੱਕ 1700 ਮੀਲ ਦਾ ਲੰਬਾ ਸਫ਼ਰ ਲਗਾਤਾਰ ਚੱਲਦਿਆਂ ਤਹਿ ਕੀਤਾ ਸੀ। ਰਸਤੇ ਦੇ ਵਿੱਚ ਸਿਰਫ ਘੜੀ ਪੱਲ ਹੀ ਰੁੱਕਦੇ ਸੀ ਫਿਰ ਕਾਰ ਦਾ ਸਫ਼ਰ ਸ਼ੁਰੂ ਹੋ ਜਾਂਦਾ ਸੀ ਸੋ ਇਹ ਪੈਂਡਾ ਲਗਾਤਾਰ ਸਰਦਾਰ ਕ੍ਰਿਪਾਲ ਸਿੰਘ ਹੋਰੀਂ ਕਾਰ ਚਲਾਉਂਦੇ ਰਹੇ ਅਤੇ ਸਾਰਾ ਸਫ਼ਰ ਇਸੇ ਤਰਹ ਹੀ ਸਿਰਫ ਚਾਹ-ਪਾਣੀ ਪੀਣ ਲਈ ਰੁਕਦੇ ਹੋਏ ਤਹਿ ਕੀਤਾ ਗਿਆ। ਅਰਬ ਵਤਨ ਜੌਰਡਨ ਦਾ ਮੁੱਢ ਕਦੀਮੀ ਦੇਸ਼ ਮੱਨਿਆ ਜਾਂਦਾ ਹੈ ਇਸਦਾ ਤਕਰੀਬਨ ਅੱਧਾ ਹਿੱਸਾ ਰੇਗਿਸਤਾਨ ਦਾ ਹੈ। ਇਸਦਾ ਖੇਤਰਫਲ ਈਰਾਕ, ਸੀਰੀਆ ਸਾਊਦੀ ਅਰੇਬੀਆ, ਅਤੇ ਵੈਸਟ ਬੈਂਕ ਇਸਰਾਇਲ ਦੇ ਘੇਰੇ ਦੇ ਵਿੱਚ ਪੈਂਦਾ ਹੈ। ਜੌਰਡਨ ਵਿੱਚ ਦੀ ਹੁੰਦੇ ਹੋਏ ਅਸੀਂ ਅਮਾਨ ਸ਼ਹਿਰ ਲ਼ੰਘ ਕੇ ਜੋ ਕਿ ਇਸ ਦੇਸ਼ ਦੀ ਰਾਜਧਾਨੀ ਹੈ ਸਾਰਾ ਪੈਂਡਾ ਤਹਿ ਕਰ

ਗਏ। ਜਦੋਂ ਅਸੀਂ ਸਾਰੇ ਡਮਸਕੱਸ ਪਹੁੰਚੇ ਤਾਂ ਸਾਨੂੰ ਕੁੱਝ ਅਮੈਰਿਕਨ ਲੋਕ ਮਿਲੇ, ਇਹਨਾਂ ਦੇ ਨਾਲ ਘੁੰਮਦਿਆਂ ਫਿਰਦਿਆਂ ਸਾਨੂੰ ਵੀ ਚੰਗਾ ਲੱਗਾ ਅਤੇ ਇਹਨੀਂ ਵੀ ਚੰਗਾ ਮਹਿਸੂਸ ਕੀਤਾ, ਅਸੀਂ ਰਲ੍ਹ-ਮਿਲ ਕੇ ਚੰਗਾ ਸਮਾਂ ਵਤੀਤ ਕੀਤਾ। ਇਹ ਸ਼ਹਿਰ ਸੀਰੀਆ ਦੀ ਰਾਜਧਾਨੀ ਦੇ ਤੌਰ ਤੇ ਦੂਸਰੇ ਨੰਬਰ ਤੇ ਵੱਡਾ ਸ਼ਹਿਰ ਜਾਣਿਆ ਜਾਂਦਾ ਹੈ। ਕਿਸੇ ਸਮੇਂ ਇਹ ਸਮੁੱਚੀ ਇਸਲਾਮਿਕ ਸਲਤਨਤ ਦਾ ਕੇਂਦਰ ਮੰਨਿਆ ਜਾਂਦਾ ਸੀ ਪਰ ਬਦਕਿਸਮਤੀ ਦੀ ਲਪੇਟ ਦੇ ਵਿੱਚ ਗਰੀਕ, ਰੋਮਨਜ਼ ਅਤੇ ਬਾਈਜ਼ੈਨਟੀਸ ਦੇ ਹਮਲਿਆਂ ਨੇ ਇਸਨੂੰ ਤਬਾਹ ਕਰ ਦਿੱਤਾ ਸੀ। ਉਸ ਸਮੇਂ ਇੱਥੇ ਦੀ ਮਾੜੀ ਮੋਟੀ ਸੱਭਿਅਤਾ ਬਚੀ ਰਹਿ ਗਈ ਸੀ ਬਾਦ ਦੇ ਵਿੱਚ ਦੁਬਾਰਾ ਇਸਦੀ ਬਣਤਰ ਹੁੰਦੀ ਹੋਈ ਅੱਜ ਸੁੰਦਰਤਾ ਦਾ ਇਹ ਇੱਕ ਅਜੂਬਾ ਮੰਨਿਆ ਜਾਂਦਾ ਹੈ। ਇੱਥੇ ਆ ਕੇ ਸਾਡੇ ਸਫ਼ਰ ਦੀ ਥਕਾਵਟ ਵੀ ਦੂਰ ਹੋ ਗਈ ਫਿਰ ਤਾਜ਼ਾਪਨ ਮਹਿਸੂਸ ਕਰਨ ਲੱਗੇ ਅਤੇ ਅਗਾਂਹ ਦੀ ਤਿਆਰੀ ਆਰੰਭ ਦਿੱਤੀ। ਚਲੱਦਿਆਂ ਚੱਲਦਿਆਂ ਰਸਤੇ ਵਿੱਚ ਕਈ ਪੜਾਵ ਤਹਿ ਕਰਨ ਤੋਂ ਉਪਰੰਤ 16 ਦਸੰਬਰ ਨੂੰ ਅਸੀਂ ਬਗਦਾਦ ਸ਼ਹਿਰ (ਈਰਾਕ) ਪਹੁੰਚ ਗਏ। ਇੱਥੇ ਅਸੀਂ ਦੋ ਰਾਤਾਂ ਇੱਕ ਹੋਟਲ ਦੇ ਵਿੱਚ ਗੁਜਾਰੀਆਂ ਔਰ ਇਹੋ ਦੋ ਰਾਤਾਂ ਦਾ ਠਹਿਰਾਉ ਸਾਡੀ ਜਿੰਦਗੀ ਦੇ ਸਫ਼ਰ ਦਾ ਬੇਹਤਰੀਨ ਮੌਕਾ ਸਾਬਿਤ ਹੁੰਦਾ ਹੈ ਜਿਸਨੂੰ ਅਸੀਂ ਕਦੀ ਵੀ ਭੁੱਲ ਨਹੀਂ ਸਕਦੇ। ਇਹ ਹੋਟਲ ਈਰਾਕ ਦੇ ਸ਼ੇਖ ਅਮੀਰ ਅਮਾਵੀ ਜੋ ਕਿ ਦੱਖਣੀ ਈਰਾਕ ਦੀ ਮਾਊਸੱਲ ਸਟੇਟ ਦਾ ਸ਼ੇਖ ਸੀ ਉਸਦਾ ਆਪਣਾ ਸੀ। ਰਾਤ ਨੂੰ ਇਹ ਸ਼ੇਖ ਉਸੇ ਹੋਟਲ ਵਿੱਚ ਆਇਆ ਹੋਇਆ ਸੀ ਜਿੱਥੇ ਅਸੀਂ ਠਹਿਰੇ ਹੋਏ ਸੀ। ਉਸਨੇ ਜਦੋਂ ਸਰਦਾਰਾਂ ਨੂੰ ਦੇਖਿਆ ਤਾਂ ਬਹੁਤ ਹੀ ਖੁਸ਼ ਹੋਇਆ ਉਸਨੇ ਆਪਣੇ ਅਰਦਲੀ ਦੇ ਕੋਲ ਸਾਡੇ ਲਈ ਤੋਹਫ਼ੇ ਦੇ ਤੌਰ ਤੇ ਪੀਣ ਲਈ ਸ਼ਰਾਬ ਭੇਜੀ, ਪਰ ਸਰਦਾਰ ਕ੍ਰਿਪਾਲ ਸਿੰਘ ਹੋਰੀਂ ਇਹ ਕਹਿ ਕੇ ਸ਼ਰਾਬ ਮੋੜ ਦਿੱਤੀ ਕਿ ਅਸੀਂ ਕਿਸੇ ਦੇ ਹੱਥੋਂ ਲੈਕੇ ਸ਼ਰਾਬ ਨਹੀਂ ਪੀਂਦੇ ਅਗਰ ਸ਼ੇਖ ਨੇ ਪੀਣੀ ਹੈ ਤਾਂ ਸਾਡੇ ਨਾਲ ਬਰਾਬਰ ਬੈਠ ਕੇ ਪੀਵੇ। ਉਸ ਸ਼ੇਖ ਦੇ ਅਰਦਲੀ ਨੇ ਕਿਹਾ ਕਿ ਤੁਹਾਨੂੰ ਪਤਾ ਨਹੀਂ ਹੈ ਕਿ ਇਹ ਸ਼ੇਖ ਇੱਥੇ ਦਾ ਹੁਕਮਰਾਨ ਪਰਿੰਸ ਹੈ ਤੁਹਾਨੂੰ ਗੋਲੀ ਮਾਰ ਸਕਦਾ ਹੈ ਪਰ ਕ੍ਰਿਪਾਲ ਸਿੰਘ ਹੋਰਾਂ ਦੀ ਹਿੰਮਤ ਦੀ ਦਾਦ ਦੇਣੀ ਪਏਗੀ ਕਿ ਇਹਨੀ ਉਸ ਅਰਦਲੀ ਨੂੰ ਕਹਿ ਕੇ ਭੇਜ ਦਿੱਤਾ ਕਿ ਸ਼ੇਖ ਨੂੰ ਜਾ ਕੇ ਕਹਿ ਦੇਵੇ ਕਿ ਅਸੀਂ ਪੰਜਾਬ ਦੇ ਪਰਿੰਸ ਹਾਂ। ਸਰਦਾਰ ਕ੍ਰਿਪਾਲ ਸਿੰਘ ਹੋਰਾਂ ਦਾ ਜਲ਼ਵਾ ਵੀ ਲੋਕਾਂ ਨੂੰ ਕਾਇਲ ਕਰ ਦੇਣ ਵਾਲਾ ਸੀ ਸੋ ਉਸ ਅਰਦਲੀ ਨੇ ਉਸੇ ਤਰਾਂ ਸ਼ੇਖ ਨੂੰ ਜਾ ਕੇ ਕਹਿ ਦਿੱਤਾ। ਜਦੋਂ ਉਸ ਸ਼ੇਖ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਬਹੁਤ ਖੁਸ਼ ਹੋਇਆ ਅਤੇ ਸਾਨੂੰ ਸਾਰਿਆਂ ਨੂੰ ਆਪਣੇ ਪਰਾਈਵੇਟ ਕਮਰੇ ਵਿੱਚ ਲੈ ਗਿਆ ਫਿਰ ਅਸੀਂ ਇੱਕਠਿਆਂ ਬੈਠ ਕੇ ਮਹਿਫ਼ਲ ਸਜਾਈ, ਉਹ ਵੀ ਖੁਸ਼ ਸੀ ਅਤੇ ਸਾਡੇ ਲਈ ਵੀ ਸਮਾਂ ਸੋਹਣਾ

ਲੰਘਿਆ। ਉਸ ਵਕਤ ਉਸ ਸ਼ੇਖ ਦੀ ਫੌਜ਼ ਕਿਸੇ ਬਾਰਡਰ ਤੇ ਲੜ ਰਹੀ ਸੀ ਸੋ ਉਹ ਇਹ ਗੱਲ ਕਹਿ ਕੇ ਚਲਾ ਗਿਆ ਕਿ ਕੱਲ ਨੂੰ ਉਹ ਫਿਰ ਆਵੇਗਾ ਅਤੇ ਸਾਨੂੰ ਆਪਣੇ ਮਹਿਲ ਵਿੱਚ ਲੈਕੇ ਜਾਵੇਗਾ ਸੋ ਕੱਲ ਤੁਸੀਂ ਸਾਰੇ ਤਿਆਰ ਰਹਿਣਾ। ਦੂਸਰੇ ਦਿਨ ਅਸੀਂ ਘੁੰਮਦੇ ਫਿਰਦੇ ਹੋਏ ਕਿਸੇ ਸਟੋਰ ਵਿੱਚ ਚਲੇ ਗਏ ਤਾਂ ਸਾਨੂੰ ਇੱਕ ਲਾਲਾ ਜੀ ਮਿਲੇ ਜਿਹਨਾਂ ਦਾ ਪਿੱਛੋਕੜ ਮਹਿਤਪੁਰ ਨਕੋਦਰ ਦੇ ਲਾਗੇ ਦਾ ਸੀ। ਇਹ ਪਿਛਲੇ 31 ਸਾਲਾਂ ਤੋਂ ਈਰਾਕ ਵਿੱਚ ਰਹਿ ਰਹੇ ਸਨ। ਇਹਨਾਂ ਦੇ ਇੱਥੇ ਦੋ ਹੋਟਲ ਸਨ ਇੱਕ ਦਾ ਨਾਮ ਅਨਾਰਕਲੀ ਅਤੇ ਦੂਸਰੇ ਦਾ ਨਾਮ ਤਾਜ਼ਮਹਿਲ ਸੀ। ਇਹ ਲਾਲਾ ਜੀ ਕਰੋੜਾਂ ਦੇ ਮਾਲਕ ਸਨ, ਉਹਨੀਂ ਸਾਨੂੰ ਕਿਹਾ ਕਿ ਇੱਕ ਰਾਤ ਜਰੂਰ ਸਾਡੇ ਘਰ ਰਹੋ ਜੇਕਰ ਘਰ ਨਹੀਂ ਰਹਿਣਾ ਚਾਹੁੰਦੇ ਤਾਂ ਮੇਰੇ ਕਿਸੇ ਵੀ ਹੋਟਲ ਵਿੱਚ ਰਹਿ ਸਕਦੇ ਹੋ। ਸਰਦਾਰ ਕ੍ਰਿਪਾਲ ਸਿੰਘ ਹੋਰਾਂ ਦੀ ਆਪਣੀ ਕਾਰ ਸਰਵਿੱਸ ਲਈ ਗੈਰੇਜ਼ ਗਈ ਹੋਈ ਸੀ, ਸੋ ਲਾਲਾ ਜੀ ਨੇ ਆਪਣੀ ਸ਼ਿਵਰਲੈੱਟ ਗੱਡੀ ਅਤੇ ਆਪਣਾ ਡਰਾਈਵਰ ਸਾਨੂੰ ਦੇ ਦਿੱਤਾ ਅਤੇ ਉਸਨੂੰ ਕਿਹਾ ਕਿ ਉਹ ਸਾਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਂਰਾਜ ਦੇ ਅਸਥਾਨ ਤੇ ਲੈ ਕੇ ਜਾਵੇ ਜਿੱਥੇ ਬਾਬਾ ਨਾਨਕ ਜੀ ਨੇ ਪੀਰ ਦਸਤਗੀਰ ਦੇ ਨਾਲ ਗੋਸ਼ਟੀ ਕੀਤੀ ਸੀ। ਇਹ ਜਗ੍ਹਾ ਸ਼ਮਸ਼ਾਨ ਘਾਟ ਦੇ ਨਜਦੀਕ ਬੇਆਵਾਦ ਜਿਹੀ ਸੀ ਜਿੱਥੇ ਇੱਕ ਛੋਟਾ ਜਿਹਾ ਥੜਾ ਬਣਿਆ ਹੋਇਆ ਹੈ। ਇਸ ਅਸਥਾਨ ਨੂੰ ਪੀਰ ਦਸਤਗੀਰ-ਬਹਿਲੋਦਾਨਾ ਕਹਿੰਦੇ ਹਨ। ਇਸ ਥੜੇ ਤੇ ਕਈਆਂ ਨੇ ਆਪਣੇ ਵੱਲੋਂ ਕੁੱਝ ਨਾਂ ਕੁੱਝ ਲਿਖਿਆ ਹੋਇਆ ਵੀ ਸੀ, ਇੱਕ ਲਿਖਤ ਤੁਰਿਕਸ ਜਬਾਨ ਵਿੱਚ ਇੱਥੇ ਲਿਖੀ ਹੋਈ ਸੀ ਜੋ ਕਿ ਇਸ ਸਚੱਾਈ ਨੂੰ ਉਤੇਜਿਤ ਕਰਦੀ ਸੀ ਕਿ **'ਗੁਰਮੁਰਾਟ ਐਲਦ੍ਹੀ ਹਜ਼ੱਰਤ ਰੱਬੁਉੱਲ ਮਜ਼ੀਦ ਪੀਰ ਬਾਬਾ ਨਾਨਕ ਸ਼ਾਹ ਫ਼ਕੀਰ ਔਲੀਆ'**।ਇਸ ਪਵਿਤੱਰ ਅਸਥਾਨ ਤੇ ਸੰਨ 1914 ਦੀ ਵਿਸ਼ਵ ਲੜਾਈ'ਚ ਲੜਨ ਵਾਲੇ ਸਿੱਖ ਫ਼ੌਜੀਆਂ ਵਲੋਂ ਬਾਬਾ ਨਾਨਕ ਜੀ ਪ੍ਰਤੀ ਸ਼ਰਦਾ ਭਰੇ ਆਪੋ ਆਪਣੇ ਸੰਦੇਸ਼ ਇਸ ਥੜੇ ਤੇ ਉਘਾੜੇ ਹੋਏ ਸਨ। ਉਸ ਪਵਿੱਤਰ ਅਸਥਾਨ ਦੇ ਦਰਸ਼ਨ ਕਰਕੇ ਇੱਕ ਦਿਨ ਅਸੀਂ ਲਾਲਾ ਜੀ ਦੇ ਘਰ ਗਏ ਉਹਨੀਂ ਸਾਡਾ ਬਹੁਤ ਆਦਰ ਭਾਉ ਕੀਤਾ ਅਤੇ ਬਹੁਤ ਪਿਆਰ ਦੇ ਨਾਲ ਅਸੀਂ ਆਪੋ ਵਿੱਚੀ ਗੱਲਾਂਬਾਤਾਂ ਅਤੇ ਕਈ ਅਹਿਮ ਵਿਚਾਰਾਂ ਕੀਤੀਆਂ। ਲਾਲਾ ਜੀ ਦਾ ਆਪਣਾ ਘਰ ਹੀ 17 ਬੈਡਰੂਮ ਦਾ ਸੀ ਕਾਫੀ ਸਮੇਂ ਤੋਂ ਉੱਥੇ ਰਹਿਣ ਕਰਕੇ ਇਹ ਪੇਸੇ ਵੱਲੋਂ ਅਮੀਰ ਸਨ। ਇਹਨਾਂ ਦੇ ਨਾਲ ਗੱਲਬਾਤ ਹੋਈ ਕਿ ਪੀਰ ਦਸਤਗੀਰ-ਬਹਿਲੋਦਾਨਾ ਵਿੱਚ ਗੁਰੂ ਨਾਨਕ ਦੇਵ ਜੀ ਦੀ ਉਹ ਜਗ੍ਹਾ ਦੀ ਹਾਲਤ ਕਾਫੀ ਖਸਤਾ ਹੈ ਕੀ ਇਸ ਅਸਥਾਨ ਦਾ ਕੁੱਝ ਸੁਧਾਰਾ ਨਹੀਂ ਕੀਤਾ ਜਾ ਸਕਦਾ ਤਾਂ ਉਹਨੀਂ ਕਿਹਾ ਕਿ ਈਰਾਕ ਦੇ ਵਿੱਚ ਬਹੁਤ ਆਪਣੇ ਧਨਾਢ ਲੋਕ ਰਹਿੰਦੇ ਹਨ ਪੈਸੇ ਦੀ ਕਮੀਂ ਨਹੀਂ ਹੈ ਪਰ ਇੱਥੇ ਦੀ ਸਥਿਤੀ ਡਾਵਾਂਡੋਲ ਹੋਣ ਕਾਰਣ ਅਸੀਂ ਬਹੁਤਾ ਕੁੱਝ ਕਰ ਨਹੀਂ ਸਕਦੇ। ਇਹਨਾਂ

ਦੀ ਮਹਿਮਾਨ ਨਿਵਾਜੀ ਅਤੇ ਪਿਆਰ ਭਰੀ ਮਿਲ ਵਰਤੋਂ ਸਾਨੂੰ ਹਮੇਸ਼ਾਂ ਯਾਦ ਰਹੇਗੀ। ਕਹਿੰਦੇ ਹਨ ਕਿ ਬਗਦਾਦ ਸ਼ਹਿਰ ਦੀ ਉਸਾਰੀ 30 ਜੁਲਾਈ ਸੰਨ 762 ਦੇ ਵਿੱਚ ਕਲੀਫ਼ ਅੱਲ ਮਨਸੂਰ ਨੇ ਆਰੰਭ ਕਰਵਾਈ ਸੀ, ਉਸਨੇ ਦੁਨੀਆਂ ਦੇ ਬੇਹਤਰੀਨ ਨਕਸ਼ਾ-ਨਵੀਸ, ਇਮਾਰਤਾਂ ਦੇ ਉਸਰਈਆਂ, ਰਾਜ਼-ਮਿਸਤਰੀ ਅਤੇ ਇੰਜਨੀਅਰਜ਼ ਨੂੰ ਸੱਦਕੇ ਕੰਮ ਸ਼ੁਰੂ ਕਰਵਾਇਆ ਸੀ। ਕਿਸੇ ਵਕਤ ਇਹ ਸ਼ਹਿਰ ਇਸਲਾਮ, ਉੱਥੇ ਦੀ ਤਹਿਜੀਵ ਅਤੇ ਵਪਾਰਕ ਮਰਕਜ਼ਾ ਹੁੰਦਾ ਸੀ। ਸੰਨ 1258 ਦੇ ਵਿੱਚ ਮੰਗੋਲੀਆਂ ਨੇ ਇੱਥੇ ਹਮਲੇ ਕਰਕੇ ਇਸਨੂੰ ਤਬਾਹੀ ਦੇ ਰਾਹ ਧੱਕ ਦਿੱਤਾ ਅਤੇ ਅੱਵਾਸਿੱਧਸ ਦੀ ਸਲਤਨਤ ਨੂੰ ਖਤਮ ਕਰ ਦਿੱਤਾ। ਅਰਬ ਦੇਸ਼ਾਂ ਦੀ ਸਦੀਆਂ ਤੋਂ ਇਹੋ ਜਿਹੀ ਸਥਿਤੀ ਚੱਲੀ ਆ ਰਹੀ ਹੈ ਅਤੇ ਇਸੇ ਤਰਾਂ ਹੁਕਮਰਾਨ ਵੀ ਬਦਲਦੇ ਰਹੇ ਹਨ। ਵੈਸੇ ਤਾਂ ਦੁਨੀਆਂ ਦਾ ਕੋਈ ਵੀ ਹਿੱਸਾ ਅਜਿਹਾ ਨਹੀਂ ਬਚਿਆ ਜਿੱਥੇ ਹਮਲੇ ਨਾ ਹੋਏ ਹੋਣਗੇ। ਖੈਰ ਗੱਲ ਅਗਾਂਹ ਤੋਰਦੇ ਹਾਂ ਕਿ ਦੂਸਰੇ ਦਿਨ ਅਸੀਂ ਆਪਣੇ ਹੋਟਲ ਤੋਂ ਤੁਰਨ ਦੀ ਤਿਆਰੀ ਕਰ ਲਈ, ਖਾਣ ਪੀਣ ਦਾ ਬਿੱਲ ਵੀ ਦਿਨਾਰ ਦੇ ਕੇ ਅਦਾ ਕਰ ਦਿੱਤਾ, ਫਿਰ ਉਥੋਂ ਤੁਰਨ ਹੀ ਲੱਗੇ ਸੀ ਕਿ ਸ਼ੇਖ ਅਮਾਵੀ ਆ ਪੁਹੰਚੇ। ਉਹ ਦੱਸਦੇ ਸਨ ਕਿ 150 ਮੀਲ ਦਾ ਸਫ਼ਰ ਤਹਿ ਕਰਕੇ ਖਾਸਕਰ ਉਹ ਸਾਨੂੰ ਹੀ ਮਿਲਣ ਆਏ ਸੀ। ਉਸਨੇ ਮੈਨੇਜਰ ਤੋਂ ਸਾਡੇ ਬਿੱਲ ਵਾਰੇ ਪੁੱਛਿਆ ਤਾਂ ਉਸਨੇ ਕਿਹਾ ਕਿ ਬਿੱਲ ਇਹਨੀ ਦੇ ਦਿੱਤਾ ਹੈ। ਉਸੇ ਵੇਲੇ ਉਸ ਸ਼ੇਖ ਨੇ ਆਪਣਾ ਰੀਵੌਲਵਰ ਕੱਢ ਲਿਆ ਨਾਲ ਲਗੱਦੇ ਹੱਥ ਹੀ ਉਸਨੇ ਮੈਨੇਜਰ ਦੇ ਚਪੇੜ ਮਾਰੀ, ਸਰਦਾਰ ਕ੍ਰਿਪਾਲ ਸਿੰਘ ਹੋਰੀਂ ਅਤੇ ਅਸੀਂ ਸਾਰਿਆਂ ਨੇ ਰਲ੍ਹ-ਮਿਲ ਕੇ ਉਸਦੇ ਗੁੱਸੇ ਨੂੰ ਹੌਲਾ ਕੀਤਾ ਤਾਂ ਉਸਨੇ ਸਾਡੀ ਗੱਲ ਮੰਨਦੇ ਹੋਏ ਮੈਨੇਜਰ ਨੂੰ ਛੱਡ ਦਿੱਤਾ। ਅਸੀਂ ਫਿਰ ਕਾਫੀ ਦੇਰ ਤੱਕ ਗੱਲਾਂ ਕਰਦੇ ਰਹੇ, ਇਸ ਗੱਲ ਦਾ ਵੀ ਜਿਕਰ ਹੋਇਆ ਕਿ ਸਿੱਖ ਭਾਈਚਾਰਾ ਕਾਫੀ ਦੇਰ ਤੋਂ ਕੋਸ਼ਿਸ਼ ਕਰ ਰਿਹਾ ਹੈ ਕਿ ਬਾਬਾ ਨਾਨਕ ਦੇ ਅਸਥਾਨ ਦਸਤਗੀਰ-ਬਹਿਲੋਦਾਨਾ ਤੇ ਗੁਰਦੁਆਰਾ ਸਾਹਿਬ ਦੀ ਉਸਾਰੀ ਕਰਨ ਦੀ ਉਹਨਾਂ ਨੂੰ ਇਜਾਜਤ ਦਿੱਤੀ ਜਾਵੇ, ਉਸੇ ਵਕਤ ਉਸਨੇ ਸਰਦਾਰ ਕ੍ਰਿਪਾਲ ਸਿੰਘ ਹੋਰਾਂ ਨੂੰ ਕਿਹਾ ਕਿ ਤੁਸੀਂ ਮੇਰੇ ਭਾਈ ਹੋ ਸਿੱਖਾਂ ਨੂੰ ਕਹੋ ਕਿ ਮੇਨੂੰ ਦੱਸਣ ਕੇ ਗੁਰਦੁਆਰਾ ਕਿਹੜੀ ਜਗ੍ਹਾ ਉਹ ਬਣਾਉਣਾ ਚਾਹੁੰਦੇ ਹਨ ਤੁਹਾਡੇ ਵਾਪਿਸ ਮੁੜਨ ਤੋਂ ਪਹਿਲਾਂ ਉੱਥੇ ਗੁਰਦੁਆਰਾ ਬਣਿਆ ਹੋਵੇਗਾ। ਸ਼ੇਖ ਸਰਦਾਰਾਂ ਨੂੰ ਦੇਖ ਕੇ ਬਹੁਤ ਹੀ ਖੁਸ਼ ਸੀ, ਉਸਨੇ ਲੇਟ ਆਉਂਣ ਦੀ ਆਪਣੀ ਮਜਬੂਰੀ ਦੱਸੀ, ਮੁਆਫ਼ੀ ਮੰਗੀ ਅਤੇ ਕਿਹਾ ਕਿ ਉਹ ਕਿਵੇਂ ਸਾਨੂੰ ਦੇਖਣ ਦੀ ਤਮੰਨਾ ਰੱਖਦਾ ਸੀ। ਇਸ ਸ਼ੇਖ ਨੇ ਕਈ ਆਪਣੀਆਂ ਤਸਵੀਰਾਂ ਵੀ ਦਿੱਤੀਆਂ ਜਿਸ ਵਿੱਚ ਈਜਿੱਪਟ ਦਾ ਸਾਬਕਾ ਪ੍ਰਧਾਨ ਨਾਸਰ ਅਤੇ ਈਜਿੱਪਟ ਦੇ ਮੌਜੂਦਾ ਪ੍ਰਧਾਨ ਸਦਾਤ ਦੀਆਂ ਫੋਟੋਆਂ ਵੀ ਸਨ। ਉਸ ਵੇਲੇ ਦੀ ਗੱਲ ਹੈ ਜਦੋਂ ਕਿ ਇਹ ਸੁਵੇਜ਼ ਨਹਿਰ ਦੀ ਸਦੀਆਂ ਤੋਂ ਚੱਲ ਰਹੀ

ਕਸ਼ਮਕੱਸ਼ ਨੂੰ ਨਿਪਟਾਉਣ ਦਾ ਪ੍ਰਯਾਸ ਕਰ ਰਹੇ ਸੀ। ਸ਼ੇਖ ਨੂੰ ਅਲਵਿਦਾ ਕਹਿ ਕੇ ਅਸੀਂ ਈਰਾਨ ਦੇ ਸ਼ਹਿਰ ਤਹਿਰਾਨ ਪਹੁੰਚੇ। ਸਫ਼ਰ ਦੀ ਦਾਸਤਾਨ ਬਹੁਤ ਰੰਗੀਲੀ ਅਤੇ ਅਸ਼ਚਰਜਤਾ ਭਰੀ ਸੀ, ਰਸਤੇ ਖਤਰਨਾਕ, ਬੇਅਬਾਦ, ਟੁੱਟੀਆਂ ਭੱਜੀਆਂ ਸੜਕਾਂ, ਪਹਾੜੀ ਇਲਾਕੇ, ਪਹਾੜਾਂ ਦੀਆਂ ਟੀਸੀਆਂ ਅਤੇ ਨਿਵਾਣ ਦਾ ਸਫ਼ਰ, ਪਰ ਫਿਰ ਵੀ ਲੋਕਾਂ ਵਲੋਂ ਸਾਨੂੰ ਮਹਿਮਾਨ ਨਿਵਾਜ਼ੀ ਅਤੇ ਪਿਆਰ-ਸਤਿਕਾਰ ਭਰਪੂਰ ਮਿਲਦਾ ਰਿਹਾ। ਸਾਡੇ ਸਫਰ ਦੌਰਾਨ ਸਾਰੇ ਸ਼ਹਿਰਾਂ ਦੀਆਂ ਖੂਬਸੂਰਤ ਇਮਾਰਤਾਂ, ਬਾਗ ਬਗੀਚੇ, ਲੋਕਾਂ ਦੀ ਭੀੜ, ਪਹਿਰਾਵਾ, ਤਹਿਜ਼ੀਵ, ਰਹਿਣ ਸਹਿਣ, ਖਾਣ ਪੀਣ ਦੀਆਂ ਰਹਿਮਤਾਂ, ਫ਼ਰਾਖਦਿਲ੍ਹੀ, ਇਹ ਸੱਭ ਕੁੱਝ ਉਸ ਅਕਾਲ ਪੁਰਖੁ ਦੀ ਸੁੰਦਰ ਰਚਨਾ ਹੀ ਕਹੀ ਜਾ ਸਕਦੀ ਹੈ ਜਿਸਨੂੰ ਭੁੱਲ ਜਾਣਾ ਨਾਮੁਮਕਿਨ ਗੱਲ ਹੈ।। ਮੇਰੇ ਅਤੇ ਸਰਦਾਰ ਕ੍ਰਿਪਾਲ ਸਿੰਘ ਹੋਰਾਂ ਦੇ ਦਸਤਾਰਾਂ ਸਜੀਆਂ ਹੋਈਆਂ ਵੀ ਖਾਸ ਕਸ਼ਿਸ਼ ਦਾ ਪ੍ਰਮਾਣ ਸੀ। ਸਰਦਾਰ ਕ੍ਰਿਪਾਲ ਸਿੰਘ ਕਿਹਾ ਕਰਦੇ ਸੀ ਕਿ ਗੁਰੂ ਸਾਹਿਬਾਨ ਦੀ ਸਿੱਖ ਲਈ ਅਪਾਰ ਦੇਣ ਦਸਤਾਰ ਹੈ, ਸੋ ਸ਼ਾਇਦ ਇਸੇ ਕਾਰਣ ਸਾਡੇ ਸਿਰਾਂ ਤੇ ਦਸਤਾਰਾਂ ਸਜੀਆਂ ਹੋਈਆਂ ਦੇਖਕੇ ਜਿਹੜੇ ਵੀ ਲੋਕੀ ਸਾਨੂੰ ਮਿਲਦੇ ਸੀ ਹੈਰਾਨ ਵੀ ਹੁੰਦੇ ਸਨ ਅਤੇ ਸਾਨੂੰ ਬੜਾ ਪਿਆਰ ਅਤੇ ਸਤਿਕਾਰ ਬਖਸ਼ਦੇ ਰਹੇ। ਇਹੋ ਉਸ ਸਫ਼ਰ ਦੀਆਂ ਘੜੀਆਂ, ਸਫ਼ਰ ਦੀਆਂ ਅਭੁੱਲ ਯਾਦਾਂ ਬਣਕੇ ਸਾਡੇ ਲਈ ਸਦੀਵੀ ਤੌਰ ਤੇ ਦਿਲ ਦਿਮਾਗ ਤੇ ਛਾ ਗਈਆਂ।

ਬਗਦਾਦ ਤੋਂ ਰੁਖਸਤ ਹੁੰਦੇ ਹੋਏ ਅਸੀਂ ਸਾਰਾ ਦਿਨ ਅਤੇ ਸਾਰੀ ਰਾਤ ਸਫ਼ਰ ਵਿੱਚ ਹੀ ਰਹੇ। ਸਫਰ ਦੀ ਥਕਾਵਟ ਵੀ ਸੀ ਪਰ ਰਸਤੇ ਵਿੱਚ ਰੁਕਣਾ ਵੀ ਆਪਣੇ ਉਲੀਕੀ ਹੋਈ ਯੋਜਨਾ ਦੇ ਵਿਪਰੀਤ ਸੀ ਸੋ ਅਸੀਂ 21 ਦਸੰਬਰ ਨੂੰ ਈਰਾਨ ਦੀ ਰਾਜਧਾਨੀ ਤਹਿਰਾਨ ਵਿੱਚ ਦਾਖਲ ਹੋਏ। ਤਹਿਰਾਨ ਰੇਅ-ਰੈਗ੍ਹੇ ਸ਼ਹਿਰ ਦੇ ਨਜਦੀਕ ਛੋਟਾ ਪਿੰਡ ਹੁੰਦਾ ਸੀ। ਰੈਗ੍ਹੇ ਸ਼ਹਿਰ ਦੇ ਵਸਨੀਕ ਪਰਸ਼ੀਅਨ ਲੋਕ ਹੁੰਦੇ ਸਨ ਅਰਬ ਦੇ ਲੋਕਾਂ ਨੇ ਇਸ ਸ਼ਹਿਰ ਤੇ ਹਮਲਾ ਕਰਕੇ ਆਪਣੀ ਹਕੂਮਤ ਦਾ ਸਿੱਕਾ ਜੜ ਦਿੱਤਾ ਪਰ ਇਹਨਾਂ ਦੀ ਗਿਣਤੀ ਬਹੁਤ ਘੱਟ ਸੀ। ਦਸਵੀਂ ਸਦੀ ਦੇ ਵਿੱਚ ਤੁਰਕੀਆਂ ਨੇ ਇਸ ਸ਼ਹਿਰ ਨੂੰ ਤਬਾਹ ਕਰ ਦਿੱਤਾ ਇਸਤੋਂ ਬਾਦ ਮੰਗੋਲੀਅਨ ਲੋਕਾਂ ਨੇ ਕਬਜ਼ਾ ਕਰ ਲਿਆ ਅਤੇ ਇੱਥੇ ਦੇ ਵਸਨੀਕਾਂ ਦਾ ਕਤਲਾਮ ਕਰ ਦਿੱਤਾ ਬਹੁਤੇ ਸਾਰੇ ਲੋਕ ਤਹਿਰਾਨ ਪਰਵਾਸ ਕਰ ਗਏ। ਸੰਨ 1795 ਦੇ ਵਿੱਚ ਤਹਿਰਾਨ ਮਸ਼ਹੂਰ ਸ਼ਹਿਰ ਗਿਣਿਆ ਗਿਆ ਅਤੇ ਇਸਨੂੰ ਈਰਾਨ ਦੀ ਬੱਤ੍ਰੀਵੀਂ ਰਾਜਧਾਨੀ ਨਿਯੁਕਤ ਕੀਤਾ। ਸੰਨ 1920-30 ਦੇ ਵਿੱਚ ਸ਼ਾਹ ਮੁਹੰਮਦ ਰਿਜ਼ਾ ਪਹਲਾਵੀ ਨੇ ਨਵੇਂ ਸਿਰੇ ਤੋਂ ਇਸ ਸ਼ਹਿਰ ਦੀ ਉਸਾਰੀ ਕਰਵਾਈ ਅਤੇ ਇੱਥੇ ਬਹੁਤ ਸੁੰਦਰ ਇਮਾਰਤਾਂ ਬਣਵਾਈਆਂ। ਸੰਨ 1943 ਦੌਰਾਨ ਤਹਿਰਾਨ ਦੇ ਵਿੱਚ ਇੱਕ ਉਚੇਚਾ ਸੰਮੇਲਨ ਕੀਤਾ ਗਿਆ ਸੀ

ਜਿਸਦੇ ਵਿੱਚ ਯੂ.ਐਸ. ਦੇ ਪ੍ਰਧਾਨ ਫਰੈਂਕਲਿੰਨ ਰੂਸੇਵੈਲੱਟ, ਰਸ਼ੀਆ ਦੇ ਪ੍ਰਧਾਨ ਮੰਤਰੀ ਜ਼ੌਸਿਫ ਸਟਾਲਿੰਨ ਅਤੇ ਇੰਗਲੈਂਡ ਦੇ ਪ੍ਰਧਾਨ ਮੰਤਰੀ ਵਿੰਨਸਟਨ ਚਰਚਿੱਲ ਨੇ ਹਿੱਸਾ ਲਿਆ ਸੀ।

ਇੱਥੇ ਦੇ ਜਿਆਦਾ ਲੋਕ ਸੁੰਨੀ ਮੁਸਲਮਾਨ ਹਨ, ਈਰਾਕ ਅਤੇ ਈਰਾਨ ਦਾ ਆਪਸੀ ਵੈਰ-ਵਿਰੋਧ ਸਦੀਆਂ ਤੋਂ ਹੀ ਚੱਲਦਾ ਆ ਰਿਹਾ ਹੈ। ਹਿੰਦੁਸਤਾਨ ਦੇ ਨਾਲ ਇਸ ਦੇਸ਼ ਦੇ ਚੰਗੇ ਤਲਕਾਤ ਹਨ ਅਤੇ ਇਹਨਾਂ ਦੋਵਾਂ ਮੁਲਕਾਂ ਦੇ ਵਿੱਚ ਬਹੁਤ ਸਾਰੇ ਹਿੰਦੁਸਤਾਨੀ ਲੋਕ ਕੰਮ ਕਰਦੇ ਹਨ।

ਇੱਕ ਦਿਨ ਇੱਥੇ ਰਹਿ ਕੇ 22 ਦਸੰਬਰ ਦੀ ਰਾਤ ਅਸੀਂ ਜ਼ੈਹਦਾਨ (ਬਲੋਚਿਸਤਾਨ) ਪਹੁੰਚੇ ਜੋ ਕਿ ਈਰਾਨ ਦਾ ਦੱਖਣਪੂਰਵੀ ਅਤੇ ਅਫ਼ਗਾਨਿਸਤਾਨ ਦਾ ਦੱਖਣਪੱਛਮੀ ਬਾਰਡਰ ਪੈਂਦਾ ਹੈ। ਇੱਥੇ ਸਰਦਾਰ ਤਾਰਾ ਸਿੰਘ ਹੋਰਾਂ ਦੇ ਰਿਸ਼ਤੇਦਾਰ ਜੋ ਤਹਿਰਾਨ ਰਹਿੰਦੇ ਸਨ ਉਹਨਾਂ ਦੇ ਨਾਲ ਵੀ ਸਾਡੀ ਮੁਲਾਕਾਤ ਹੋਈ। ਸਰਦਾਰ ਤਾਰਾ ਸਿੰਘ ਜੀ ਮੇਰੇ ਨਾਲ ਬਰੈਡਫੋਰਡ ਗੁਰਦੁਆਰੇ ਵਿੱਚ ਪ੍ਰਧਾਨ ਦੇ ਔਹਦੇ ਤੇ ਸੇਵਾਦਾਰ ਰਹਿ ਚੁੱਕੇ ਸਨ। ਜ਼ੈਹਦਾਨ ਸ਼ਹਿਰ ਵਿੱਚ 23 ਦਸੰਬਰ ਦੀ ਰਾਤ ਨੂੰ ਗੁਰਦੁਆਰਾ ਸਾਹਿਬ ਵਿਖੇ ਛੋਟੇ ਸਾਹਿਬਜ਼ਾਦਿਆਂ ਦਾ ਗੁਰਪੁਰਵ ਮਨਾਇਆ ਜਾ ਰਿਹਾ ਸੀ। ਅਸੀਂ ਸਾਰੇ ਇਸ ਸਮਾਗਮ ਦੌਰਾਨ ਗੁਰਦੁਆਰਾ ਸਾਹਿਬ ਠਹਿਰੇ ਹੋਏ ਸੀ ਅਤੇ ਸਮਾਗਮ ਤੋਂ ਬਾਦ ਉਸ ਰਾਤ ਵੀ ਇੱਥੇ ਹੀ ਰਹੇ। ਬਲੋਚਿਸਤਾਨ ਐਂਮਬੈਸੀ ਦੇ ਅਫਸਰਾਂ ਨੇ ਖਾਸਕਰ ਸਾਡੇ ਲਈ ਖਾਣੇ ਦਾ ਬੰਦੋਬਸਤ ਕੀਤਾ। ਉਹਨੀਂ ਸਾਨੂੰ ਬਹੁਤ ਹੀ ਪਿਆਰ ਅਤੇ ਸਤਿਕਾਰ ਬਖਸ਼ਿਆ ਇਹ ਦੇਖ ਕੇ ਕਹਿਣਾ ਹੀ ਪਏਗਾ ਕਿ ਉਹਨਾਂ ਦੀ ਮਹਿਮਾਨ ਨਿਵਾਜ਼ੀ ਮਨੁੱਖੀ ਸਾਂਝੀਵਾਲਤਾ ਦੀ ਰਹਿਨੁਮਾਈ ਕਰਦੀ ਸੀ। ਹਰ ਮਜ਼੍ਹਬ ਦੇ ਵਿੱਚ ਚੰਗੇ ਇਨਸਾਨ ਵੀ ਹੁੰਦੇ ਹਨ ਭਾਵੇਂ ਹੀ ਇਹਨਾਂ ਦੀ ਗਿਣਤੀ ਘੱਟ ਹੋਇਆ ਕਰਦੀ ਹੈ। ਉਹਨਾਂ ਨੂੰ ਅਲਵਿਦਾ ਕਹਿ ਕੇ ਅਸੀਂ ਕੋਟੇ ਦੇ ਸ਼ਹਿਰ ਸ਼ੱਖਰ-ਰੋੜੀ ਆਪਣੇ ਮਿਤੱਰ ਦੇ ਘਰ ਚਲੇ ਗਏ ਇੱਥੇ ਅਸੀਂ ਦੋ ਦਿਨ ਰਹਿ ਕੇ 25 ਦਸੰਬਰ ਰਾਤ ਨੂੰ ਬਾਰਡਰ ਪਾਰ ਕਰਨ ਦੀ ਯੋਜਨਾਂ ਬਣਾਈ ਅਤੇ ਇਥੋਂ ਹੀ ਸਰਦਾਰ ਕ੍ਰਿਪਾਲ ਸਿੰਘ ਹੋਰਾਂ ਦੇ ਦੋਸਤ ਦਾ ਲੜਕਾ ਜੋ ਸਾਡੇ ਨਾਲ ਸਫ਼ਰ ਕਰ ਰਿਹਾ ਸੀ ਉਹ ਲਾਹੌਰ ਲਈ ਰਵਾਨਾਂ ਹੋ ਗਿਆ। 25 ਦਸੰਬਰ ਨੂੰ ਕਰਿੱਸਮਸ ਈਵ ਵਾਲੇ ਦਿਨ ਸਵੇਰੇ ਅਸੀਂ ਮੀਰਪੁਰ ਖਾਸ ਪਹੁੰਚੇ ਅਤੇ ਆਪਣੇ ਮਿਤੱਰ ਸੱਈਦ ਦੇ ਘਰ ਠਹਿਰੇ। ਅਸੀਂ ਮੀਰਪੁਰ ਹੋਟਲ ਵਿੱਚ 4 ਦਿਨ ਰਹੇ, ਹੋਟਲ ਵਾਲਿਆਂ ਨੇ ਮਹਿਮਾਨ ਨਿਵਾਜ਼ੀ ਵੱਜੋਂ ਮੁਫਤ ਰਿਹਾਇਸ਼ ਅਤੇ ਮੁਫ਼ਤ ਖਾਣ-ਪੀਣ ਦਾ ਸਾਡੇ ਲਈ ਪ੍ਰਬੰਧ ਕੀਤਾ। ਇਹ ਉਹਨਾਂ ਦੀ ਦਿਆਨਤਦਾਰੀ ਦਾ ਪ੍ਰਤੱਖ ਪ੍ਰਮਾਣ ਮਿਲਦਾ ਹੈ। ਇਹ ਲੋਕ ਬਹੁਤ ਹੀ ਖੁਸ਼ ਮਿਜ਼ਾਜ ਸਨ, ਸਰਦਾਰਾਂ ਨੂੰ ਦੇਖ ਕੇ ਇਹ ਲੋਕ

ਬਹੁਤ ਹੈਰਾਨ ਵੀ ਸੀ ਅਤੇ ਸਾਡੀ ਬਹੁਤ ਆਉ-ਭਗਤ ਅਤੇ ਮਹਿਮਾਨ ਨਿਵਾਜ਼ੀ ਕੀਤੀ। ਇਹਨਾਂ ਦਾ ਸ਼ੁਕਰਾਨਾਂ ਕਰਦੇ ਹੋਏ ਫਿਰ ਅਸੀਂ ਰਾਤ ਨੂੰ ਅਗਾਂਹ ਦੇ ਸਫ਼ਰ ਲਈ ਤੁਰ ਪਏ ਅਤੇ ਜਦੋਂ ਅਸੀਂ ਦਰਿਆ ਝਨਾਵ ਪਾਰ ਕਰਨ ਲੱਗੇ ਤਾਂ ਸਾਡੀ ਕਾਰ ਉੱਥੇ ਫਸ ਗਈ। ਸਾਡੀ ਕਿਸਮਤ ਚੰਗੀ ਸੀ ਕਿ ਕੁਦਰਤੀ ਇੱਕ ਡਰਾਈਵਰ ਉੱਥੇ ਆ ਗਿਆ ਉਸਨੇ ਕਾਰ ਕਢਾਉਣ ਵਿੱਚ ਸਾਡੀ ਮਦੱਦ ਕੀਤੀ ਫਿਰ ਅਸੀਂ ਮੁਲਤਾਨ ਆ ਪਹੁੰਚੇ। ਮੈਂ ਆਪਣੇ ਲਈ ਪੰਜਾਬੀ ਜੁੱਤੀ (ਖੁੱਸਾ) ਇੱਥੋਂ ਖਰੀਦਿਆ ਕਿਉਂਕਿ ਮੁਲਤਾਨ ਪੰਜਾਬੀ ਜੁੱਤੀ ਬਨਾਉਣ ਲਈ ਬਹੁਤ ਮਸ਼ਹੂਰ ਹੈ। ਇੱਥੇ ਸਾਰੀ ਰਾਤ ਅਸੀਂ ਕਾਰ ਵਿੱਚ ਹੀ ਕੱਟੀ ਅਤੇ ਸਵੇਰੇ ਤੜਕਸਾਰ ਅਸੀਂ ਮਿੰਟਗੁਮਰੀ ਵਿੱਚ ਦੀ ਹੁੰਦੇ ਹੋਏ 28 ਦਸੰਬਰ ਸ਼ਾਮਾਂ ਤੱਕ ਲਾਹੌਰ ਪਹੁੰਚ ਗਏ। ਜਦੋਂ ਅਸੀਂ ਵਾਗ੍ਹਾ ਬਾਰਡਰ ਤੇ ਪਹੁੰਚੇ ਤਾਂ ਬਾਰਡਰ ਬੰਦ ਹੋ ਚੁੱਕਾ ਸੀ ਸੋ ਸਾਨੂੰ ਵਾਪਿਸ ਲਾਹੌਰ ਮੁੜਨਾ ਪਿਆ ਕਿਉਂਕਿ ਬਾਰਡਰ ਦੇ ਨਜਦੀਕ ਰਹਿਣਾ ਠੀਕ ਨਹੀਂ ਸੀ। 29 ਦਸੰਬਰ ਨੂੰ ਦੁਪਹਿਰ ਤੋਂ ਬਾਦ ਅਸੀਂ ਅਮ੍ਰਿਤਸਰ ਪਹੁੰਚ ਗਏ ਫਿਰ ਜਲੰਧਰ ਹੁੰਦੇ ਹੋਏ ਉਸੇ ਰਾਤ ਨੂੰ ਜਮਸ਼ੇਰ ਪਹੁੰਚੇ ਅਤੇ ਸਰਦਾਰ ਗੁਰਦੀਪ ਸਿੰਘ ਹੋਰਾਂ ਨੂੰ ਉਹਨਾਂ ਦੇ ਘਰ ਛੱਡਕੇ ਵਾਪਿਸ ਸਰਦਾਰ ਕ੍ਰਿਪਾਲ ਸਿੰਘ ਹੋਰਾਂ ਦੇ ਘਰ ਆ ਗਏ। ਇੱਕ ਰਾਤ ਮੈਂ ਸਰਦਾਰ ਹੋਰਾਂ ਦੇ ਘਰ ਰਿਹਾ ਸਵੇਰੇ ਅਸੀਂ ਸਰਦਾਰ ਹੋਰਾਂ ਦੇ ਟੀਊਬੈਲ ਵੱਲ ਚਲੇ ਗਏ, ਜਮੀਨ ਘੁੰਮ ਫਿਰਕੇ ਦੇਖੀ, ਅਸ਼ਨਾਨ ਕੀਤਾ ਉਪਰੰਤ ਅਸੀਂ ਵਾਪਿਸ ਘਰ ਆ ਗਏ। ਦੁਪਹਿਰ ਤੋਂ ਬਾਦ ਸਰਦਾਰ ਕ੍ਰਿਪਾਲ ਸਿੰਘ ਅਤੇ ਉਹਨਾਂ ਦੀ ਪਤਨੀ ਬੀਬੀ ਗੁਰਬਚਨ ਕੌਰ ਜੀ ਹੋਰੀਂ ਮੈਨੂੰ ਮੇਰੇ ਆਪਣੇ ਪਿੰਡ ਪੱਦੀ ਜ਼ਗੀਰ ਛੱਡਣ ਚਲੇ ਆਏ। ਇਹ ਸਾਡੇ 24 ਦਿਨਾਂ ਦੇ ਸਾਰੇ ਸਫ਼ਰ ਦਾ ਖੁਲਾਸਾ ਹੈ। ਉਹਨਾਂ ਦਿਨਾਂ ਦੇ ਵਿੱਚ ਇੰਗਲੈਂਡ ਤੋਂ ਕਿਸੇ ਦਾ ਮੋਟਰਕਾਰ ਲੈ ਕਿ ਪੰਜਾਬ ਸੜਕ ਰਾਹੀਂ ਆਉਣਾ ਅਚੰਭੇ ਦੀ ਗੱਲ ਸੀ, ਸਫ਼ਰ ਵੀ ਲੰਬਾ ਅਤੇ ਖਤਰੇ ਤੋਂ ਖਾਲੀ ਨਹੀਂ ਸੀ ਹੋ ਸਕਦਾ। ਪਰ ਜੋ ਅਸੀਂ ਸੋਚਦੇ ਸੀ ਉਸਦੇ ਉਲਟ ਸਾਡਾ ਸਾਰਾ ਸਫ਼ਰ ਬਹੁਤ ਬੇਹਤਰੀਨ ਅਤੇ ਰਹੱਸਮਈ ਸਾਬਤ ਹੋਇਆ। ਸਰਦਾਰ ਕ੍ਰਿਪਾਲ ਸਿੰਘ ਹੋਰਾਂ ਦੀ ਸੋਚ ਅਤੇ ਹਿੰਮਤ ਦੀ ਦਾਦ ਦੇਣੀ ਪਏਗੀ ਜਿਹਨਾਂ ਵੱਲੋਂ ਹਲਾਸ਼ੇਰੀ ਦੀ ਬਦੌਲਤ ਅਸੀਂ ਸਾਰਿਆਂ ਨੇ ਕਈ ਮੁਲਕਾਂ ਦੇ ਵਿੱਚ ਦੀ ਹੁੰਦਿਆਂ ਇੱਥੇ ਦੇ ਕਈ ਬੇਹਤਰੀਨ ਸ਼ਹਿਰ ਦੇਖਣ ਦੇ ਯੋਗ ਹੋ ਸਕੇ ਸੀ। ਜਿੰਦਗੀ ਦਾ ਇਹ ਲਮਹਾ ਅਭੁੱਲ ਯਾਦਾਂ ਦੀ ਪਟਾਰੀ ਬਣਕੇ ਸਾਡੀ ਰੂਹ ਦਾ ਸਦੀਵੀ ਅੰਗ ਬਣਿਆ ਰਹੇਗਾ। ਇਸ ਸੁਨਿਹਰੀ ਸਮੇਂ ਦੀ ਝਲਕ ਮੇਰੀਆਂ ਅੱਖਾਂ ਤੋਂ ਕਦਾਚਿੱਤ ਦੂਰ ਨਹੀਂ ਹੋ ਸਕਦੀ ਉਹ ਲੋਕ, ਉਹਨਾਂ ਦਾ ਪਹਿਰਾਵਾ, ਖਾਣ-ਪੀਣ, ਸੁਹਿੱਰਦਤਾ ਅਤੇ ਮਹਿਮਾਨ ਨਿਵਾਜ਼ੀ ਕਦੀ ਭੁਲਾਈ ਨਹੀਂ ਜਾ ਸਕਦੀ। ਸਰਦਾਰ ਕ੍ਰਿਪਾਲ ਸਿੰਘ ਹੋਰੀਂ ਮੇਰੇ ਲਈ ਸਦੀਵੀ ਮਾਣਯੋਗ ਹਸਤੀ ਰਹਿਣਗੇ। ਉਹਨੀਂ ਜੋ ਮਨੁੱਖੀ ਕਦਰਾਂ ਕੀਮਤਾਂ ਦਾ ਆਦਰਸ਼ ਮੈਨੂੰ ਸਿਖਾਇਆ

ਹੈ ਉਹ ਹਮੇਸ਼ਾਂ ਮੇਰੇ ਲਈ ਇੱਕ ਚਾਨਣ ਮੁਨਾਰੇ ਦੀ ਤਰਾਂ ਮੈਨੂੰ ਆਭਾਸ ਕਰਵਾਉਂਦਾ ਰਹੇਗਾ। ਉਹਨਾਂ ਦੇ ਅੰਤਿਮ ਸਮੇਂ ਮੇਰਾ ਕਨੇਡਾ ਜਾਣਾ ਮੇਰੀ ਮਜ਼ਬੂਰੀ ਬਣਕੇ ਰਹਿ ਗਿਆ ਅਤੇ ਖੇਦ ਹੈ ਕਿ ਮੈਂ ਉਹਨਾਂ ਦੇ ਅੰਤਿਮ ਦਰਸ਼ਨ ਦਿਦਾਰੇ ਨਹੀਂ ਕਰ ਸਕਿਆ। ਇਸ ਗੱਲ ਦਾ ਮੈਨੂੰ ਸਾਰੀ ਜਿੰਦਗੀ ਪਛਤਾਵਾ ਹੀ ਰਹੇਗਾ। ਮੈਂ ਉਹਨਾਂ ਦੀਆਂ ਯਾਦਾਂ ਹਮੇਸ਼ਾਂ ਦਿਲ ਵਿੱਚ ਸਮੋਈ ਰੱਖਾਂਗਾ ਅੰਤ ਵਿੱਚ ਉਸ ਮਹਾਨ ਸਖਸ਼ੀਅਤ ਨੂੰ ਮੈਂ ਨਤਮਸਤਕ ਹੁੰਦਾ ਹੋਇਆ ਦਾਤੇ ਅੱਗੇ ਇਹੋ ਅਰਜੋਈ ਕਰਾਂਗਾ ਕਿ ਉਹਨਾਂ ਦੀ ਵਿਛੜੀ ਰੂਹ ਨੂੰ ਆਵਾਗਵਣ ਦੇ ਚੱਕਰ ਤੋਂ ਨਵਿਰਤ ਕਰ ਦੇਵੇ।

## ਪੰਜਾਬ ਦਾ ਦੌਰਾ

ਸੰਨ 1964 ਵਿੱਚ 29 ਦਸੰਬਰ ਦੀ ਰਾਤ ਨੂੰ ਪਿਤਾ ਜੀ ਅੱਠ ਸਾਲਾਂ ਤੋਂ ਬਾਦ ਇੰਗਲੈਂਡ ਤੋਂ ਵਾਪਿਸ ਪੰਜਾਬ ਆਪਣੇ ਪਿੰਡ ਪਹੁੰਚੇ ਸਨ। ਉਸ ਸਮੇਂ ਅਸੀਂ ਜਲੰਧਰ ਪੜਦੇ ਹੁੰਦੇ ਸੀ ਅਤੇ ਸਾਡੀ ਰਿਹਾਇਸ਼ ਵੀ ਜਲੰਧਰ ਹੁੰਦੀ ਸੀ। ਅਸੀਂ ਕਿਸੇ ਦੇ ਮਕਾਨ ਵਿੱਚ ਕਿਰਾਏ ਤੇ ਰਿਹਾ ਕਰਦੇ ਸੀ। ਪਿਤਾ ਜੀ ਦੇ ਪੰਜਾਬ ਆਉਂਣ ਦੀ ਖਬਰ ਸਾਨੂੰ ਪਹਿਲਾਂ ਹੀ ਮਿਲ ਚੁੱਕੀ ਸੀ ਪਰ ਪੱਕਾ ਪਤਾ ਨਹੀਂ ਸੀ ਕਿ ਕਿਸ ਤਾਰੀਖ ਨੂੰ ਇਹਨੀ ਵਾਗ੍ਹਾ ਬਾਰਡਰ ਪਾਰ ਕਰਨਾ ਹੈ। ਮੈਂ ਇਹਨਾਂ ਦੇ ਆਉਂਣ ਦੀ ਖੁਸ਼ੀ ਵਿੱਚ ਸੁਆਗਤ ਵਜੋਂ ਪਾਰਟੀ ਆਯੋਜਿਤ ਕੀਤੀ ਹੋਈ ਸੀ। ਇਨ੍ਹਾਂ ਦੇ ਪਿੰਡ ਪਹੰਚੁਣ ਤੋਂ ਪਹਿਲਾਂ ਹੀ ਅਸੀਂ ਸਾਰੇ ਪਿੰਡ ਵਾਪਿਸ ਚਲੇ ਗਏ ਸੀ। ਇਹਨਾਂ ਦੇ ਆਉਣ ਦੀ ਸਾਰਿਆਂ ਨੂੰ ਬਹੁਤ ਖੁਸ਼ੀ ਸੀ। ਪਿੰਡ ਦੇ ਲੋਕਾਂ ਨੂੰ ਵੀ ਪਤਾ ਸੀ ਕਿ ਸਰਦਾਰ ਕ੍ਰਿਪਾਲ ਸਿੰਘ ਕਾਰ ਵਿੱਚ ਸੜਕ ਰਾਹੀਂ ਇੰਗਲੈਂਡ ਤੋਂ ਆ ਰਹੇ ਹਨ ਸੋ ਰਾਤ ਨੂੰ ਜੱਦ ਇਹ ਆਪਣੇ ਮਿੱਤਰ ਸਰਦਾਰ ਗੁਰਦੀਪ ਸਿੰਘ ਹੋਰਾਂ ਨੂੰ ਉਹਨਾਂ ਦੇ ਘਰ ਛੱਡ ਕੇ ਆਏ ਤਾਂ ਮੇਰੇ ਦੋਸਤ ਮਲਕੀਤ ਜਿਸਨੂੰ ਮੀਤਾ ਕਹਿ ਕੇ ਅਸੀ ਸੱਦਿਆ ਕਰਦੇ ਸੀ ਉਹ ਦੌੜਾ ਦੌੜਾ ਸਾਡੇ ਘਰ ਆਇਆ ਅਤੇ ਉਸਨੇ ਦੱਸਿਆ ਕਿ ਮੇਰੇ ਡੈਡੀ ਪਿੰਡ ਪਹੁੰਚ ਗਏ ਹਨ। ਉਸਨੇ ਕਿਹਾ ਕਿ ਮੈਂ ਕਾਰ ਬਜ਼ਾਰ ਵੱਲ ਜਾਂਦੀ ਦੇਖੀ ਹੈ। ਫਿਰ ਕੀ ਸੀ ਘਰ ਦੇ ਵਿੱਚ ਖੂਬ ਹੱਲਾ ਗੁੱਲਾ ਸ਼ੁਰੂ ਹੋ ਗਿਆ ਸਾਰੇ ਪਾਸੇ ਦੌੜ ਭੱਜ ਹੋਣ ਲੱਗੀ। ਇਹਨੀਂ ਘਰ ਦੇ ਲਾਗੇ ਕਾਰ ਖੜੀ ਕੀਤੀ ਅਤੇ ਆਪਣੇ ਦੋਸਤ ਸਰਦਾਰ ਰਣਜੀਤ ਸਿੰਘ ਹੋਰਾਂ ਦੇ ਨਾਲ ਅੰਦਰ ਆ ਗਏ। ਉਹ ਦਿਨ ਉਹ ਵਕਤ ਅਤੇ ਉਹ ਸੀਨ ਕਦੀ ਭੁਲਾਇਆ ਨਹੀ ਜਾ ਸਕਦਾ ਜੱਦ ਕਿ ਸਾਰਿਆਂ ਦੇ ਚੇਹਰਿਆਂ ਤੇ ਬੇਹੱਦ ਖੁਸ਼ੀ ਅਤੇ ਅਨੋਖੀ ਜਿਹੀ ਰੰਗਤ ਦੇਖੀ ਗਈ ਸੀ। ਮਾਤਾ ਪਿਤਾ ਦਾ ਆਪਣੇ ਬੱਚੇ ਨੂੰ ਲੰਮੇ ਅਰਸੇ ਬਾਦ ਦੇਖਣਾ, ਭਰਾਵਾਂ ਭਰਜਾਈਆਂ ਲਈ ਇਹ ਖੁਸ਼ੀ ਦਾ ਸਮਾਂ, ਭੈਣਾਂ ਭਰਾਵਾਂ ਦੇ ਮਨ ਦੀਆਂ ਖੁਸ਼ੀਆਂ

ਭਰੀਆਂ ਤਰੰਗਾਂ ਇੱਕ ਅਜੀਬ ਹੀ ਖੁਸ਼ੀ ਦਾ ਵਾਤਾਵਰਣ ਸੀ। ਅੱਠ ਸਾਲਾਂ ਦੀ ਜੁਦਾਈ ਬਹੁਤ ਲੰਮੇਰੀ ਹੁੰਦੀ ਹੈ, ਨਿੱਕੇ ਬੱਚੇ ਜਿਹਨਾ ਨੂੰ ਇਹ ਛੱਡ ਕੇ ਗਏ ਸੀ ਹੁਣ ਉਹ ਵੱਡੇ ਹੋ ਚੁੱਕੇ ਸਨ। ਪਿਤਾ ਦੀ ਪਹਿਚਾਣ ਵੀ ਨਵੇਂ ਸਿਰੇ ਤੋਂ ਪੱਲਰਨਾ ਸੀ ਸੋ ਹੌਲੀ ਹੌਲੀ ਇਹਨਾਂ ਬੱਚਿਆਂ ਨੇ ਸਾਂਝ ਪਾਉਣੀ ਸ਼ੁਰੂ ਕੀਤੀ। ਮੈਂ ਉਸ ਵਕਤ ਖਾਲਸਾ ਕਾਲਜ ਜਲੰਧਰ ਪਰੀ-ਮੈਡੀਕੱਲ ਕਰਦਾ ਸੀ। ਪਿਤਾ ਜੀ ਨੇ ਹਾਲੇ ਕਈ ਕੁੱਝ ਪੁੱਛਣਾ ਜਾਣਨਾ ਹੀ ਸੀ ਪਰ ਲੰਮੇ ਸਫਰ ਦੀ ਥਕਾਵਟ ਨੇ ਉਹਨਾਂ ਨੂੰ ਆਰਾਮ ਕਰਨ ਲਈ ਮਜਬੂਰ ਕਰ ਦਿੱਤਾ ਅਤੇ ਰਾਤ ਦਾ ਪਹਿਰ ਵੀ ਕਾਫੀ ਬਤੀਤ ਹੋ ਚੁੱਕਾ ਸੀ। ਸਾਰੇ ਆਪੋ ਆਪਣੀ ਜਗ੍ਹਾ ਸੌਣ ਲਈ ਚਲੇ ਗਏ ਅਤੇ ਪਿਤਾ ਜੀ ਵੀ ਆਪਣੇ ਮਿੱਤਰ ਸਰਦਾਰ ਰਣਜੀਤ ਸਿੰਘ ਹੋਰਾਂ ਦੇ ਨਾਲ ਆਪਣੇ ਕਮਰੇ ਵਿੱਚ ਚਲੇ ਗਏ। ਸਵੇਰੇ ਉੱਠਦਿਆਂ ਨੇ ਪਹਿਲਾਂ ਆਪਣੇ ਖੇਤਾਂ ਵੱਲ ਜਾਣ ਦੀ ਤਿਆਰੀ ਕਰ ਲਈ, ਉੱਥੇ ਰਿਹਾਇਸ਼ ਲਈ ਇੱਕ ਕਮਰਾ ਵੀ ਬਣਿਆ ਹੋਇਆ ਸੀ ਸੋ ਟੀਊਬੈਲ ਤੇ ਨ੍ਹਾਉਣ-ਧੋਣ ਤੋਂ ਬੇਹਲੇ ਹੋ ਕੇ ਇਹ ਦੋਵੇਂ ਵਾਪਿਸ147 ਘਰ ਪਰਤੇ। ਸ਼ਾਮ ਢਲਦੀ ਨੂੰ ਇਹ ਆਪਣੇ ਦੋਸਤ ਸਰਦਾਰ ਰਣਜੀਤ ਸਿੰਘ ਹੋਰਾਂ ਨੂੰ ਪੱਦੀ ਜ਼ਗੀਰ ਛੱਡਣ ਚਲੇ ਗਏ। ਹੌਲੀ ਹੌਲੀ ਰੋਜ਼ਾਨਾ ਦੀ ਕਾਰਵਾਈ ਸ਼ੁਰੂ ਹੋ ਗਈ ਸਵੇਰੇ ਨਾਸ਼ਤਾ ਕਰਕੇ ਆਪਣੇ ਦੋਸਤਾਂ ਨੂੰ ਜਾਂ ਰਿਸ਼ਤੇਦਾਰਾਂ ਨੂੰ ਮਿਲਣ ਚਲੇ ਜਾਣਾ, ਕਾਰ ਕੋਲ ਹੁੰਦੀ ਸੀ ਸੋ ਕਈ ਬਾਰ ਰਾਤ ਨੂੰ ਘਰ ਲੇਟ ਆਉਣਾ। ਅਸਮਾਨੀ ਰੰਗ ਦੀ ਕਾਰ ਦੇਖਣ ਨੂੰ ਵੀ ਬਹੁਤ ਸੁੰਦਰ ਸੀ, ਪਿੱਛੇ ਜੀ.ਬੀ (ਗਰੇਟ ਬ੍ਰਿਟੇਨ) ਦਾ ਬਿੱਲਾ ਲੱਗਾ ਹੁੰਦਾ ਸੀ। ਜਿਹੜਾ ਵੀ ਇਸ ਕਾਰ ਨੂੰ ਦੇਖਦਾ ਸੀ ਬਹੁਤ ਖੁਸ਼ ਅਤੇ ਹੈਰਾਨ ਹੁੰਦਾ ਸੀ, ਵਿਆਹਾਂ ਸ਼ਾਦੀਆਂ ਤੇ ਆਉਣਾ ਜਾਣਾ ਵੀ ਇੱਕ ਨਜ਼ਾਰਾ ਬਣ ਗਿਆ ਸੀ। ਮੇਰੇ ਲਈ ਇਹ ਕਾਰ ਮਨ ਮੋਹਣੀ ਸੀ ਪਰ ਮੈਨੂੰ ਕਾਰ ਚਲਾਉਂਣੀ ਨਹੀ ਸੀ ਆਉਂਦੀ ਪਹਿਲਾ ਕੰਮ ਸੀ ਕਿ ਪਿਤਾ ਜੀ ਹੋਰਾਂ ਨੂੰ ਕਹਿ ਕੇ ਕਾਰ ਚਲਾਉਂਣੀ ਸਿਖ ਲਵਾਂ ਸੋ ਪਿਤਾ ਜੀ ਨੂੰ ਕਾਰ ਸਿਖੱਣ ਵਾਰੇ ਕਿਹਾ। ਉਹਨੀਂ ਮੈਨੂੰ ਟਰੇਨਿੰਗ ਦੇਣੀ ਸ਼ੁਰੂ ਕਰ ਦਿੱਤੀ ਅਤੇ ਮੈਂ ਸ਼ੇਤੀਂ ਕਾਰ ਚਲਾਉਣ ਦੇ ਯੋਗ ਹੋ ਗਿਆ। ਫਿਰ ਕੀ ਸੀ ਕਿ ਆਪਣੀ ਲੋੜ ਮੁਤਾਬਿਕ ਕਾਰ ਚਲਾਉਂਦਾ ਰਿਹਾ, ਆਪਣੇ ਦੋਸਤਾਂ ਮਿੱਤਰਾਂ ਦੇ ਵਿਆਹ ਸਮੇਂ ਵੀ ਕਾਰ ਦੀ ਵਰਤੋਂ ਹੁੰਦੀ ਰਹੀ। ਮੇਰੇ ਮਾਮੇ ਦਾ ਵਿਆਹ ਆ ਗਿਆ ਕਾਰ ਮੇਰੇ ਕੋਲ ਸੀ ਅਤੇ ਮੈਂ ਖਾਲਸਾ ਕਾਲਜ ਹੋਸਟਲ ਦੇ ਵਿੱਚ ਆਪਣੇ ਮਿੱਤਰ ਕੁਲਵੰਤ ਦੇ ਨਾਲ ਅਸੀਂ ਦੋਵੇਂ ਇੱਕ ਕਮਰੇ ਵਿੱਚ ਰਹਿੰਦੇ ਸੀ। ਸਾਡਾ ਇੱਕ ਹੋਰ ਦੋਸਤ ਅਨਿਲ ਕੁਮਾਰ ਜਿਸਨੂੰ ਅਸੀਂ ਚਾਚਾ ਕਹਿ ਕੇ ਬੁਲਾਇਆ ਕਰਦੇ ਸੀ ਇਹ ਵੀ ਖਾਲਸਾ ਕਾਲਜ ਵਿੱਚ ਪੜ੍ਹਿਆ ਕਰਦਾ ਸੀ। ਪਿਤਾ ਜੀ ਕਾਲਜ ਆ ਕੇ ਮੈਨੂੰ ਕਹਿ ਗਏ ਸੀ ਕਿ ਮੈਂ ਕਾਰ ਦੇ ਵਿੱਚ ਵਿਆਹ ਤੇ ਸਿੱਧਾ ਕਾਲੇ ਬਕੱਰੇ ਪਹੁੰਚ ਜਾਵਾਂ ਅਤੇ ਉਹ ਕਿਸੇ ਆਪਣੇ ਦੋਸਤ ਦੀ ਕਾਰ ਲੈ ਕੇ ਵਿਆਹ ਤੇ ਪਹੁੰਚ ਜਾਣਗੇ।

ਅਸੀਂ ਉਸੇ ਵਕਤ ਕਾਰ ਲੈ ਕੇ ਘੁੰਮਣ ਫਿਰਨ ਚਲੇ ਗਏ। ਵਿਆਹ ਤੋਂ ਇੱਕ ਰਾਤ ਪਹਿਲਾਂ ਇਹ ਮੇਰੇ ਹੋਸਟਲ ਆ ਗਏ ਅਸੀਂ ਹੋਸਟਲ ਦੇ ਵਿੱਚ ਨਹੀ ਸੀ। ਇਹਨੀਂ ਗੁੱਸੇ ਦੇ ਵਿੱਚ ਮੇਰੇ ਦੋਸਤਾਂ ਨੂੰ ਸੁਨੇਹਾ ਦਿੱਤਾ ਕਿ ਮੈਨੂੰ ਉਹ ਦੱਸ ਦੇਣ ਕਿ ਪਿਤਾ ਜੀ ਸਵੇਰੇ ਕਾਰ ਲੈਣ ਆਉਣਗੇ ਅਤੇ ਮੈਨੂੰ ਵਿਆਹ ਤੇ ਜਾਣ ਦਾ ਪ੍ਰਬੰਧ ਆਪੇ ਕਰਨਾ ਹੋਵੇਗਾ। ਪਿਤਾ ਜੀ ਸਵੇਰੇ ਆਪਣੇ ਦੋਸਤ ਦੇ ਨਾਲ ਆਏ ਅਤੇ ਕਾਰ ਲੈ ਕੇ ਚਲੇ ਗਏ। ਮੈਂ ਉਸੇ ਵਕਤ ਆਪਣੇ ਦੋਸਤ ਨੂੰ ਟੈਲੀਫੋਨ ਕੀਤਾ ਕਿ ਸ਼ੇਤੀ ਕਾਰ ਲੈ ਕੇ ਕਾਲਜ ਪਹੁੰਚ ਜਾਵੇ, ਉਹ ਗੱਡੀ ਲੈ ਕੇ ਆ ਗਿਆ ਅਤੇ ਅਸੀਂ ਸਾਰੇ ਮਿੱਤਰ ਕਾਲੇ ਬਕਰੇ ਮੇਰੇ ਮਾਮੇ ਜੋਗਿੰਦਰ ਸਿੰਘ ਦੇ ਵਿਆਹ ਤੇ ਪਹੁੰਚ ਗਏ, ਮਾਮਾ ਜੀ ਉਮਰ ਦੇ ਵਿੱਚ ਸਾਡੇ ਹਾਣੀ ਹੀ ਸਨ। ਅਸੀਂ ਪਿਓ ਪੁੱਤਰ ਰੰਜਸ਼ ਦੇ ਵਿੱਚ ਵਿਆਹ ਦੀ ਰਸਮ ਹੋਣ ਤੱਕ ਆਪਣੀ ਮਸਤੀ'ਚ ਇੱਕ ਦੂਸਰੇ ਤੋਂ ਦੂਰ ਦੂਰ ਹੀ ਘੁੰਮਦੇ ਰਹੇ, ਸਾਡੀ ਆਪਸੀ ਕੋਈ ਗੱਲਬਾਤ ਵੀ ਨਹੀਂ ਹੋਈ, ਵਿਆਹ ਹੋ ਗਿਆ। ਦੁਪਿਹਰ ਦੇ ਖਾਣੇ ਤੇ ਸਾਰਿਆਂ ਦੇ ਘੁੱਟ ਲੱਗੇ ਹੋਏ ਸਨ ਫਿਰ ਤਾਂ ਟੱਕਰ ਹੋਣੀ ਹੀ ਸੀ ਜਾਂ ਫਿਰ ਰੰਜਸ਼ ਦੀ ਨਿਵਿਰਤੀ ਲਈ ਮਨ ਹੌਲੇ ਕਰਨੇ ਹੀ ਪੈਣੇ ਸੀ। ਪਿਤਾ ਜੀ ਮੇਰੇ ਕੋਲ ਆਏ ਅਤੇ ਖੁਸ਼ ਸੀ ਸਿਰਫ ਇਹੋ ਕਿਹਾ ਸ਼ਾਬਾਸ਼ ਮੈਂ ਦੇਖਣਾ ਚਾਹੁੰਦਾ ਸੀ ਕਿ ਤੂੰ ਆਪਣੇ ਤੌਰ ਤੇ ਇੱਥੇ ਆਉਂਣ ਦਾ ਕੋਈ ਬੰਦੋਬਸਤ ਕਰ ਵੀ ਸਕਦਾ ਸੀ ਜਾਂ ਨਹੀਂ। ਕਈ ਵਾਰ ਸਾਡੇ ਦੋਵਾਂ ਦਰਿਮਿਆਨ ਅਜਿਹੇ ਵਾਕਿਆ ਢੁਕੱਦੇ ਰਹਿੰਦੇ ਸਨ ਅਤੇ ਮੈਨੂੰ ਰਾਹੇ ਬਗਾਹੇ ਪਿਤਾ ਜੀ ਵੱਲੋਂ ਚੁਣੌਤੀ ਮਿਲਦੀ ਹੀ ਰਹਿੰਦੀ ਸੀ। ਉਸ ਸਮੇਂ ਮੇਰੀ ਜਿੰਦਗੀ ਦਾ ਉਭਾਰ ਅਪੌਰੜ੍ਹਤਾ ਦਾ ਸ਼ਿਕਾਰ ਹੋਇਆ ਬਹੁਤੀ ਦਿਮਾਗੀ ਸੂਝ-ਬੂਝ ਦਾ ਕਾਇਲ ਨਹੀਂ ਸੀ ਹੁੰਦਾ ਪਰ ਪਿਤਾ ਦੀ ਸ਼ੋਹਰਤ ਅਤੇ ਪ੍ਰਾਪਤੀਆਂ ਨੂੰ ਦੇਖ ਕੇ ਉਹਨਾਂ ਤੋਂ ਉੱਪਰ ਉੱਠਣ ਦਾ ਯਤਨ ਹੀ ਨਹੀਂ ਬਲਕਿ ਉਹਨਾਂ ਦੀ ਸੋਚ ਤੇ ਆਧਾਰਤ ਉਹਨਾਂ ਵਰਗਾ ਹੋਣਾ ਵੀ ਲੋਚਦਾ ਸੀ। ਸੋ ਉਹਨਾਂ ਦੀਆਂ ਚੁਣੌਤੀਆਂ ਪਿੱਛੇ ਕੋਈ ਗਹਿਰੀ ਰਮਜ਼ ਹੁੰਦੀ ਸੀ ਜਿਸਦਾ ਮੈਨੂੰ ਉਸ ਵਕਤ ਅਹਿਸਾਸ ਨਹੀਂ ਸੀ ਹੁੰਦਾ। ਮੇਰੇ ਲਈ ਇਹ ਵੀ ਜਿੰਦਗੀ ਦੀ ਇੱਕ ਚੁਣੌਤੀ ਸੀ ਕਿ ਪ੍ਰਗਤੀਸ਼ੀਲ ਰਾਹਬਰ ਦੀ ਤਰਾਂ ਪਿਤਾ ਜੀ ਮੈਨੂੰ ਆਪਣੇ ਵਾਂਗ ਫੁਰਤੀਲਾ ਅਤੇ ਚੇਤੰਨ ਦੇਖਣਾ ਚਾਹੁੰਦੇ ਸਨ। ਮੇਰਾ ਪ੍ਰਯੋਜਨ ਵੀ ਉਹਨਾਂ ਦੇ ਇਸ਼ਾਰੇ ਨੂੰ ਸਮਝਣਾ ਅਤੇ ਉਹਨਾਂ ਦੀਆਂ ਉੱਮੀਦਾਂ ਨੂੰ ਸਾਕਾਰ ਕਰਨਾ ਹੀ ਬਣਿਆ ਰਿਹਾ। ਜਦੋਂ ਮੈਂ ਇੰਗਲੈਂਡ ਆਇਆ ਤਾਂ ਉਹਨਾਂ ਦੀ ਇੱਕੋ ਹੀ ਤਰਕ ਨੇ ਮੈਨੂੰ ਪੜ੍ਹਨ ਲਈ ਸੁਚੇਤ ਕਰ ਦਿੱਤਾ ਸੀ ਅਤੇ ਮੈਂ ਵੀ ਡਿਗਰੀਆਂ ਲੈ ਕੇ ਉਹਨਾਂ ਦੀਆਂ ਉੱਮੀਦਾਂ ਨੂੰ ਪੂਰਾ ਕੀਤਾ ਸੀ। ਖੈਰ ਫਿਰ ਉਹਨਾਂ ਦੀ ਗੱਲ ਨੂੰ ਅਗਾਂਹ ਤੋਰਨ ਦਾ ਯਤਨ ਕਰੀਏ। ਪਿਤਾ ਜੀ ਦੀ ਚਾਹਤ ਸੀ ਕਿ ਉਹ ਸਮੇਤ ਪਰਿਵਾਰ ਕਾਰ ਦੇ ਵਿੱਚ ਅਹਿਮਦਾਬਾਦ ਸਾਨੂੰ ਲੈ ਕੇ ਜਾਣਾ ਚਾਹੁੰਦੇ ਸੀ, ਸੋ ਪਰੋਗਰਾਮ ਬਣ ਗਿਆ ਅਤੇ ਅਸੀਂ ਸਾਰੇ ਕਾਰ ਰਾਹੀਂ

ਅਹਿਮਦਾਬਾਦ ਦੇ ਸਫਰ ਲਈ ਤੁਰ ਪਏ। ਇੱਕ ਰਾਤ ਅਸੀਂ ਜੈਪੁਰ ਹਵਾਈ ਮਹਿਲ ਦੇ ਵਿੱਚ ਰਹੇ। ਦੂਸਰੇ ਦਿਨ ਫਿਰ ਸਫਰ ਤੇ ਚੱਲ ਪਏ ਅਤੇ ਅਜਮੇਰ ਜਾ ਕੇ ਰਾਤ ਆਪਣੇ ਚਾਚਾ ਜੀ ਜਸਵੰਤ ਸਿੰਘ ਦੇ ਘਰ ਠਹਿਰੇ। ਇਹ ਰੇਲਵੇ ਦੇ ਵਿੱਚ ਪਲੇਟੀਅਰ ਲੱਗੇ ਹੋਏ ਸਨ ਅਤੇ ਇਹਨਾਂ ਦੀ ਨਿਯੁਕਤੀ ਅਜਮੇਰ ਹੋ ਗਈ ਸੀ। ਜਦੋਂ ਅਸੀਂ ਘਰ ਪਹੁੰਚੇ ਤਾਂ ਇਹ ਆਪਣੀ ਡਿਊਟੀ ਤੇ ਗਏ ਹੋਏ ਸਨ, ਇਹਨਾਂ ਨੂੰ ਸਨੇਹਾ ਭੇਜ ਦਿੱਤਾ ਅਤੇ ਇਹ ਉਸੇ ਵੇਲੇ ਘਰ ਆ ਗਏ। ਪਿਤਾ ਜੀ ਨੂੰ ਬਹੁਤ ਦੇਰ ਬਾਦ ਮਿਲੇ ਸੀ, ਇਹਨਾਂ ਦੀ ਖੁਸ਼ੀ ਦੇਖੀ ਨਹੀਂ ਸੀ ਜਾਂਦੀ ਇਹ ਦੋਵੇਂ ਕਿੰਨਾ ਚਿਰ ਇੱਕ ਦੂਸਰੇ ਦੀ ਗਲਵਕੜੀ ਦੇ ਵਿੱਚ ਜਕੜੇ ਰਹੇ। ਚਾਚਾ ਜੀ ਦੇ ਅੱਖਾਂ ਦੇ ਵਿੱਚ ਪਾਣੀ ਦੀਆਂ ਬੂੰਦਾਂ ਇਹਨਾਂ ਦੇ ਪਿਆਰ ਦੀ ਤੜਫ ਦਾ ਇਜ਼ਹਾਰ ਕਰਦੀ ਸੀ। ਚਾਚਾ ਜੀ ਨੇ ਆਪਣੇ ਅਰਦਲੀਆਂ ਨੂੰ ਸ਼ਰਾਬ ਅਤੇ ਮੁਰਗੇ ਲਿਆਉਣ ਲਈ ਭੇਜ ਦਿੱਤਾ। ਫਿਰ ਕੀ ਸੀ, ਮਹਿਫਲ ਸਜ ਗਈ ਗੱਲਾਂਬਾਤਾਂ ਦੀ ਝੜੀ ਲੱਗ ਗਈ। ਦੂਸਰੇ ਦਿਨ ਅਸੀਂ ਖਵਾਜ਼ਾ ਦਰਗਾਹ ਸ਼ਰੀਫ ਦੇਖਣ ਚਲੇ ਗਏ, ਲੋਕੀ ਆਪੋ ਆਪਣਾ ਸੌਦਾ ਬੇਚਣ ਲਈ ਦਰਸ਼ਕਾਂ ਨੂੰ ਆਪਣੇ ਘੇਰੇ ਦੇ ਵਿੱਚ ਲੈਣ ਦਾ ਯਤਨ ਕਰਦੇ ਸਨ। ਚਾਚਾ ਜੀ ਹੋਰੀਂ ਸਾਨੂੰ ਇਹਨਾਂ ਲੋਕਾਂ ਤੋਂ ਅਗਾਹ ਕਰਦੇ ਰਹੇ ਅਤੇ ਅਸੀਂ ਘੁੱਮ ਫਿਰ ਕੇ ਘਰ ਆ ਗਏ ਅਤੇ ਮਹਿਫਲ ਫਿਰ ਸਜ ਗਈ, ਖ਼ੂਬ ਰੌਣਕਾਂ ਲੱਗੀਆਂ। ਅਸੀਂ ਦੋ ਦਿਨ ਇਹਨਾਂ ਕੋਲ ਰਹੇ ਅਤੇ ਉਹ ਦਿਨ ਵੀ ਹਮੇਸ਼ਾਂ ਯਾਦ ਰਹਿਣਗੇ।

ਜਲੰਧਰ ਤੋਂ ਅਹਿਮਦਾਬਾਦ ਦਾ ਰੇਲਗੱਡੀ ਦਾ ਸਫਰ 25 ਘੰਟੇ ਦਾ 1260 ਕਿਲੋਮੀਟਰ ਦੂਰੀ ਤੇ ਸੀ। ਪਿਤਾ ਜੀ ਹੀ ਕਾਰ ਚਲਾ ਸਕਦੇ ਸੀ ਸੋ ਇਨ੍ਹਾਂ ਨੇ ਹੀ ਸਾਰਾ ਸਫਰ ਤਹਿ ਕਰਨਾ ਸੀ। ਚਾਚਾ ਜੀ ਤੋਂ ਵਿਦਾਇਗੀ ਲੈ ਕੇ ਅਜਮੇਰ ਤੋਂ ਅਗਾਂਹ ਲਈ ਰਵਾਨਾ ਹੋਏ। ਅਸੀਂ ਰਾਜਸਥਾਨ ਵਿੱਚ ਦੀ ਹੁੰਦੇ ਹੋਏ ਰਾਜਸਮੰਡ, ਫਿਰ ਉਦੈਪੁਰ ਪਹੁੰਚੇ, ਇੱਕ ਰਾਤ ਇੱਥੇ ਰਹੇ, ਸ਼ਹਿਰ ਘੁੰਮ ਫਿਰਕੇ ਦੇਖਿਆ, ਬਹੁਤ ਰੰਗ ਮਾਣਿਆ, ਇਹ ਬਹੁਤ ਖ਼ੂਬਸੂਰਤ ਸ਼ਹਿਰ ਹੈ। ਉਦੈਪੁਰ ਤੋਂ ਸੁਨੋਖ, ਹਿੱਮਤਨਗਰ, ਨਰੋਡਾ, ਗਾਂਧੀਨਗਰ ਹੁੰਦੇ ਹੋਏ ਅਸੀਂ ਅਹਿਮਦਾਬਾਦ ਪਹੁੰਚ ਗਏ ਸੀ। ਉਦੈਪੁਰ ਤੋਂ ਅਹਿਮਦਾਬਾਦ ਦਾ ਫਾਸਲਾ 246 ਕਿਲੋਮੀਟਰ ਦਾ ਹੈ। ਮੇਰੇ ਨਾਨਾ ਨਾਨੀ ਜੀ ਅਤੇ ਮਾਸੜ ਮਾਸੀਆਂ ਸਾਨੂੰ ਦੇਖ ਕੇ ਬਹੁਤ ਖੁਸ਼ ਹੋਏ। ਪਿਤਾ ਜੀ ਅਹਿਮਦਾਬਾਦ ਕਈ ਸਾਲ ਰਹੇ ਸਨ ਸੋ ਇਹਨਾਂ ਦੇ ਕਈ ਮਿੱਤਰ ਚਿਰੋਕਣੇ ਸਮੇਂ ਤੋਂ ਇਹਨਾਂ ਦੀ ਉਡੀਕ ਕਰਦੇ ਸਨ ਆਖਿਰ ਇਹ ਭਾਗਾਂ ਭਰਿਆ ਸਮਾਂ ਵੀ ਆ ਗਿਆ। ਇਹਨੀਂ ਆਪਣੇ ਮਿੱਤਰਾਂ ਦੇ ਨਾਲ ਸੋਹਣਾ ਸਮਾਂ ਗੁਜਾਰਿਆ, ਖ਼ੂਬ ਘੁੰਮਦੇ ਫਿਰਦੇ ਰਹੇ, ਨਿਤ ਦਿਹਾੜੇ ਪਾਰਟੀਆਂ ਹੁੰਦੀਆਂ ਰਹੀਆਂ, ਉਹ ਵੀ ਸਾਰੇ ਬਹੁਤ

ਖੁਸ਼ ਸਨ। ਇਹਨਾ ਦੇ ਖਾਸ ਮਿੱਤਰ ਗਿਆਨ ਸਿੰਘ, ਕੇਸਰ ਸਿੰਘ, ਅਮਰੀਕ ਸਿੰਘ, ਜਗੀਰ ਸਿੰਘ ਅਤੇ ਬਿਸ਼ਨ ਸਿੰਘ ਹੁੰਦੇ ਸਨ। ਇੱਥੇ ਮੇਰੇ ਮਾਸੜ ਸੋਹਨ ਸਿੰਘ ਤੋਂ ਇਲਾਵਾ ਮਾਸੜ ਸਰਵਣ ਸਿੰਘ ਹੋਰੀਂ ਵੀ ਰਹਿੰਦੇ ਸਨ ਇਹ ਤਿੰਨੇ ਸਾਂਢੂ ਕਈ ਸਾਲਾਂ ਬਾਦ ਇੱਕਠੇ ਹੋਏ ਸਨ ਸੋ ਇਹਨੀਂ ਇੱਕ ਦੂਸਰੇ ਦੀ ਮਹਿਫਲ ਦਾ ਚੰਗਾ ਲਾਹਾ ਲਿਆ। ਜਿੰਨੇ ਦਿਨ ਅਸੀਂ ਅਹਿਮਦਾਬਾਦ ਰਹੇ ਘਰ ਦੇ ਵਿੱਚ ਖੂਬ ਰੌਣਕਾਂ ਲੱਗੀਆਂ ਰਹਿੰਦੀਆਂ ਸਨ, ਸਾਰੇ ਰਿਸ਼ਤੇਦਾਰ ਵੀ ਖੁਸ਼ ਸਨ। ਅਸੀਂ ਸਾਰਿਆਂ ਨੇ ਕਾਰ ਦਾ ਬਹੁਤ ਲਾਹਾ ਲਿਆ, ਖਾਸ ਕਰਕੇ ਮੇਰੇ ਨਾਨਾ ਜੀ ਅਤੇ ਨਾਨੀ ਜੀ ਫੁੱਲੇ ਨਹੀਂ ਸੀ ਸਮਾਉਂਦੇ। ਅਸੀਂ ਤਿੰਨ ਚਾਰ ਹਫਤੇ ਅਹਿਮਦਾਬਾਦ ਰਹੇ ਫਿਰ ਵਾਪਿਸ ਆਉਣ ਦੀ ਤਿਆਰੀ ਕਰ ਲਈ ਅਤੇ ਜਿਸ ਰਸਤੇ ਇੱਥੇ ਪਹੁੰਚੇ ਸੀ ਉਸੇ ਰਾਹ ਵਾਪਿਸ ਜਲੰਧਰ ਆ ਗਏ। ਇਹਨਾਂ ਯਾਦਾਂ ਨੂੰ ਕਿਵੇਂ ਭੁਲਾਇਆ ਜਾ ਸਕਦਾ ਹੈ।

ਇੱਕ ਵਾਰ ਪਿਤਾ ਜੀ ਹੋਰੀਂ ਸ਼੍ਰੀ ਮਾਂ ਆਨੰਦ ਮਈ ਵੱਲੋਂ ਆਯੋਜਿਤ ਕੀਤੇ ਸਮਾਗਮ ਤੇ ਹਾਜਰੀ ਭਰਨ ਲਈ ਰਾਂਚੀ ਚਲੇ ਗਏ ਅਤੇ ਉਸੇ ਹਫ਼ਤੇ ਕਸਟਮ ਵਾਲੇ ਇੱਕ ਦੋ ਅਫ਼ਸਰ ਸਾਡੀ ਕਾਰ ਲੈਣ ਕਾਲਜ ਆ ਗਏ। ਉਹਨੀਂ ਮੈਨੂੰ ਦੱਸਿਆ ਕਿ ਪਿੱਛਲੇ ਮਹੀਨੇ ਕਾਰ ਦੇ ਕਾਰਨਟ ਪੇਪਰ ਨਹੀਂ ਸੀ ਭੇਜੇ ਇਸ ਵਜ਼ਾ ਕਰਕੇ ਕਾਰ ਜ਼ਬਤ ਕੀਤੀ ਜਾਂਦੀ ਹੈ। ਕਸਟਮ ਕਲੀਅਰਿੰਸ ਲਈ ਇਹ ਕਾਰਨਟ ਪੇਪਰ ਹਰ ਮਹੀਨੇ ਭਰਨੇ ਪੈਂਦੇ ਸੀ ਪਰ ਪਿਤਾ ਜੀ ਨੂੰ ਸ਼ਾਇਦ ਯਾਦ ਹੀ ਨਹੀਂ ਸੀ ਰਿਹਾ ਕਿ ਪੇਪਰ ਵੀ ਜਮਾਂ ਕਰਨੇ ਪੈਣੇ ਹਨ। ਉਹ ਕਾਹਲੀ ਕਰਦੇ ਹੋਏ ਰਾਂਚੀ ਚਲੇ ਗਏ। ਕਸਟਮ ਵਾਲੇ ਕਾਰ ਆਪਣੇ ਨਾਲ ਲੈ ਗਏ। ਮੈਂ ਕੁੱਝ ਕਰ ਨਹੀ ਸੀ ਸਕਦਾ ਸਿਵਾਏ ਇਸਦੇ ਕਿ ਆਪਣੇ ਪਿਤਾ ਜੀ ਹੋਰਾਂ ਨੂੰ ਰਾਂਚੀ ਇਤਲਾਹ ਭੇਜ ਦਿੰਦਾ ਸੋ ਮੈਂ ਅਜਿਹਾ ਹੀ ਕੀਤਾ। ਪਿਤਾ ਜੀ ਦਾ ਜਵਾਬ ਇਹੋ ਸੀ ਕਿ ਚਿੰਤਾ ਕਰਨ ਦੀ ਲੋੜ ਨਹੀ ਮੈਂ ਆਪੇ ਵਾਪਿਸ ਆ ਕੇ ਇਸ ਗੱਲ ਨੂੰ ਨਜਿੱਠ ਲਵਾਂਗਾ। ਜਦੋਂ ਉਹ ਰਾਂਚੀ ਤੋਂ ਵਾਪਿਸ ਜਲੰਧਰ ਪਹੁੰਚੇ ਤਾਂ ਉਹ ਅਮ੍ਰਿਤਸਰ ਦੇ ਡੀ.ਸੀ. ਹੋਰਾਂ ਨੂੰ ਮਿਲੇ। ਡੀ.ਸੀ. ਹੋਰੀਂ ਸਾਫ਼ ਇਨਕਾਰ ਕਰ ਦਿੱਤਾ ਕਿ ਕਸਟਮ ਵਾਲਿਆਂ ਦੇ ਕੋਲ ਅਗਰ ਕੋਈ ਵੀ ਚੀਜ਼ ਕਬਜ਼ੇ ਵਿੱਚ ਆ ਜਾਂਦੀ ਹੈ ਤਾਂ ਵਾਪਿਸ ਨਹੀਂ ਮਿਲ ਸਕਦੀ। ਇਹ ਡੀ.ਸੀ ਹੋਰਾਂ ਨਾਲ ਗੱਲਬਾਤ ਕਰਕੇ ਵਾਪਿਸ ਘਰ ਆ ਗਏ। ਹੋਰ ਕੋਈ ਚਾਰਾ ਬਾਕੀ ਨਹੀਂ ਸੀ ਰਹਿ ਜਾਂਦਾ ਸਿਵਾਏ ਕਿ ਇਹ ਸੈਂਟਰ ਗੌਰਮਿੰਟ ਤੋਂ ਗੱਡੀ ਕਸਟਮ ਵਾਲਿਆਂ ਤੋਂ ਛੁੜਾ ਸਕਦੇ। ਇਹ ਦੂਸਰੇ ਦਿਨ ਸਿੱਧੇ ਦਿੱਲੀ ਚਲੇ ਗਏ ਉੱਥੇ ਜਾ ਕੇ ਇੰਡੀਆ ਦੇ ਚੀਫ਼ ਸਾਇੰਸਦਾਨ ਡਾਕਟਰ ਰੰਗਾਨਾਥਨ ਹੋਰਾਂ ਦੇ ਘਰ ਰਹੇ। ਡਾਕਟਰ ਰੰਗਾਨਾਥਨ ਦੀ ਪਤਨੀ ਸ੍ਰੀ ਮਤੀ ਪਦਮਾਂ ਜੀ ਕਿਸੇ ਸਮੇਂ ਇੰਗਲੈਂਡ

ਲੀਡਜ਼ ਯੂਨੀਵਰਸਿਟੀ ਦੇ ਵਿੱਚ ਪੜ੍ਹਨ ਲਈ ਆਏ ਸੀ ਅਤੇ ਸਾਡੇ ਆਪਣੇ ਘਰ ਲੀਡਜ਼ ਹੀ ਰਹਿੰਦੇ ਸੀ। ਪਿਤਾ ਜੀ ਨੇ ਕਾਰ ਬਾਰੇ ਸਾਰੀ ਗੱਲਬਾਤ ਡਾਕਟਰ ਹੋਰਾਂ ਨੂੰ ਦੱਸੀ ਅਤੇ ਉਹਨੀਂ ਆਪਣੇ ਬਹਿਨੋਈ ਹੋਰਾਂ ਦੇ ਨਾਲ ਗੱਲ ਕੀਤੀ। ਡਾਕਟਰ ਹੋਰਾਂ ਦੇ ਬਹਿਨੋਈ ਸ੍ਰੀ ਸੁਬਰਾਮਨੀਅਮ ਜੀ ਉਸ ਸਮੇਂ ਇੰਡੀਆ ਗੌਰਮਿੰਟ ਵਿੱਚ ਖਜ਼ਾਨਾਂ ਮੰਤਰੀ ਸਨ ਸੋ ਇਹਨੀਂ ਕਾਰ ਦੇ ਕਾਰਨਟ ਪੇਪਰ ਤਸਦੀਕ ਕਰਕੇ ਪੰਜਾਬ ਪ੍ਰਸ਼ਾਸਨ ਨੂੰ ਭਿਜਵਾ ਦਿੱਤੇ। ਦੂਸਰੇ ਹਫ਼ਤੇ ਹੀ ਅਮ੍ਰਿਤਸਰ ਤੋਂ ਡੀ.ਸੀ. ਹੋਰਾਂ ਵੱਲੋਂ ਖੱਤ ਆ ਗਿਆ ਕਿ ਤੁਸੀਂ ਆ ਕੇ ਆਪਣੀ ਕਾਰ ਲੈ ਜਾਵੋ, ਸੋ ਸ੍ਰਦਾਰ ਸਹਿਬ ਡੀ.ਸੀ. ਹੋਰਾਂ ਨੂੰ ਮਿਲੇ ਉਹ ਬਹੁਤ ਹੈਰਾਨ ਸਨ ਕਿ ਅੱਜਤੱਕ ਕੋਈ ਵੀ ਸ਼ਕਸ ਕਸਟਮ ਵਾਲਿਆਂ ਦੇ ਹੱਥ ਆਈ ਚੀਜ਼ ਨੂੰ ਵਾਪਿਸ ਨਹੀਂ ਸੀ ਲੈ ਸਕਿਆ, ਪਰ ਤੁਸੀਂ ਆਪਣੀ ਕਾਰ ਛੁੜਾ ਕੇ ਕਮਾਲ ਕਰ ਦਿੱਤੀ ਹੈ। ਡੀ.ਸੀ ਸਾਹਿਬ ਖੁਸ਼ ਵੀ ਹੋਏ ਅਤੇ ਇਹਨਾਂ ਲਈ ਉਹਨਾਂ ਨੇ ਆਪਣੇ ਘਰ ਖਾਣੇ ਦਾ ਬੰਦੋਬਸਤ ਕੀਤਾ ਅਤੇ ਇਹਨੀਂ ਇੱਕਠਿਆਂ ਨੇ ਭੋਜਨ ਸ਼ਕਿਆ, ਗੱਲਾਂਬਾਤਾਂ ਹੋਈਆਂ ਅਤੇ ਇਹ ਆਪਣੀ ਕਾਰ ਲੈ ਕੇ ਵਾਪਿਸ ਜਲੰਧਰ ਆ ਗਏ।

ਇੱਕ ਬਾਰ ਦੀ ਗੱਲ ਹੈ ਕਿ ਪਿਤਾ ਜੀ ਹੋਰੀਂ ਚੰਡੀਗੜ ਤੋਂ ਦਿੱਲੀ ਆਪਣੇ ਮਿੱਤਰਾਂ ਨੂੰ ਮਿਲਣ ਚਲੇ ਗਏ, ਪਿੰਡ ਸਾਨੂੰ ਅਚਾਨਕ ਹੀ ਪੂਨੇ ਤੋਂ ਟੈਲੀਗਰਾਮ ਆ ਗਈ ਕਿ ਇਹਨਾਂ ਦੇ ਚਾਚਾ ਜੀ ਮਾਸਟਰ ਕਰਮ ਸਿੰਘ ਜੀ ਬਹੁਤ ਢਿੱਲੇ ਹੋ ਗਏ ਹਨ। ਮੈਨੂੰ ਪਤਾ ਸੀ ਕਿ ਇਹਨੀਂ ਦਿੱਲੀ ਜਾਣਾ ਹੈ ਸੋ ਇਹਨਾਂ ਨੂੰ ਇਤਲਾਹ ਦੇਣ ਲਈ ਮੈਂ ਅਤੇ ਮੇਰੇ ਬਾਬਾ ਜੀ ਦੋਵੇਂ ਅਸੀਂ ਡਾਕਟਰ ਰੰਗਾਨਾਥਨ ਹੋਰਾਂ ਦੇ ਘਰ ਚਲੇ ਗਏ। ਇਹ ਹਾਲੇ ਚੰਡੀਗੜ ਆਪਣੇ ਦੋਸਤਾਂ ਦੇ ਘਰ ਹੀ ਸੀ ਪਰ ਇਹਨਾਂ ਨੇ ਕਿਸ ਸਮੇਂ ਦਿੱਲੀ ਪਹੁੰਚਣਾ ਹੈ ਇਹ ਪਹਿਲਾਂ ਹੀ ਡਾਕਟਰ ਹੋਰਾਂ ਨੂੰ ਦੱਸ ਦਿੱਤਾ ਸੀ। ਹਾਸੇ ਵਾਲੀ ਵੀ ਗੱਲ ਹੈ ਕਿ ਜਦੋਂ ਮੈਂ ਚੀਫ਼ ਸਾਇੰਸਦਾਨ ਦੀ ਲੜਕੀ ਜੂਲੀ ਦੇ ਨਾਲ ਹੱਥ ਮਿਲਾਇਆ ਤਾਂ ਬਾਬਾ ਜੀ ਨੇ ਗਹਿਰੀ ਅੱਖ ਨਾਲ ਮੈਨੂੰ ਘੂਰੀ ਵੱਟਦਿਆਂ ਕਿਹਾ ਉਏ ਮੁੰਡਿਆ ਤੂੰ ਕਦੋਂ ਤੋਂ ਇਸ ਕੁੜੀ ਨੂੰ ਜਾਣਦਾ ਹੈ। ਭਾਈਆ ਜੀ ਦੀ ਤਸੱਲੀ ਕਰਵਾਈ ਕਿ ਅਜਿਹਾ ਕੁੱਝ ਵੀ ਨਹੀਂ ਹੈ ਵੱਡੇ ਲੋਕਾਂ ਦੇ ਮਿਲਣ ਦੇ ਅਜਿਹੇ ਹੀ ਤੌਰ-ਤਰੀਕੇ ਹੁੰਦੇ ਹਨ। ਪਿਤਾ ਜੀ ਹੋਰੀਂ ਹਵਾਈ ਜਹਾਜ ਰਾਹੀਂ ਰਾਤ ਨੂੰ ਦਿੱਲੀ ਪਹੁੰਚ ਗਏ। ਇਹਨਾਂ ਨੂੰ ਚਾਚਾ ਜੀ ਦੀ ਸੇਹਤ ਵਾਰੇ ਦੱਸਿਆ ਤਾਂ ਉਸੇ ਸਮੇਂ ਇਹਨੀਂ ਆਪਣੀ ਸੀਟ ਬੁੱਕ ਕਰਵਾ ਲਈ, ਦੂਸਰੇ ਦਿਨ ਸਾਨੂੰ ਦੋਵਾਂ ਨੂੰ ਵਾਪਿਸ ਪੰਜਾਬ ਭੇਜ ਦਿੱਤਾ ਅਤੇ ਇਹ ਆਪ ਹਵਾਈ ਜਹਾਜ਼ ਰਾਹੀਂ ਪੂਨੇ ਚਲੇ ਗਏ। ਉਹਨੀਂ ਦਿਨੀਂ ਹਿੰਦੁਸਤਾਨ ਫ਼ੌਜ ਦੇ ਕਮਾਂਡਰ ਕੁਮਾਰ ਮੰਗਲਮ ਅੰਟੀ ਪਦਮਾ ਦੇ ਮਿੱਤਰ ਸਨ ਅਤੇ ਪਿਤਾ ਜੀ ਦੀ ਵੀ ਉਹਨਾਂ ਦੇ ਨਾਲ ਵਾਕਫੀਅਤ ਸੀ। ਸ੍ਰੀ ਕੁਮਾਰ

ਮੰਗਲਮ ਜੀ ਉਸ ਵੇਲੇ ਪੂਨੇ ਹੀ ਸਨ। ਉਹਨਾਂ ਦੇ ਸਹਿਯੋਗ ਦੇ ਨਾਲ ਚਾਚਾ ਜੀ ਮਾਸਟਰ ਕਰਮ ਸਿੰਘ ਹੋਰਾਂ ਲਈ ਔਲ ਇੰਡੀਆ ਮੈਡੀਕੱਲ ਰਿਸਰਚ ਇੰਸਟੀਚੀਊਟ ਵਿੱਚ ਦਾਖਲੇ ਦਾ ਇੰਤਜਾਮ ਹੋ ਗਿਆ। ਜਿਉਂ ਹੀ ਉਹ ਦਿੱਲੀ ਪਹੁੰਚੇ ਉਸੇ ਵਕਤ ਹਸਪਤਾਲ ਵਿੱਚ ਦਾਖਲ ਕਰਵਾ ਦਿੱਤੇ ਗਏ। ਇਹਨਾਂ ਦਿਨਾ ਵਿੱਚ ਇਹ ਨਵਾਂ ਰਿਸਰਚ ਸੈਂਟਰ ਬਣਿਆ ਸੀ ਸੋ ਇਥੇ ਦਾਖਲਾ ਮਿਲਣਾ ਬਹੁਤ ਹੀ ਮੁਸ਼ਕਲ ਗੱਲ ਹੁੰਦੀ ਸੀ। ਪਿਤਾ ਜੀ ਹੋਰਾਂ ਦਾ ਬਹੁਤਾ ਰਸੂਖ ਹੋਣ ਕਾਰਣ ਅਮੂਮਨ ਹਰ ਮਹਿਕਮੇ'ਚ ਇਹਨਾ ਦੀ ਵਾਕਫੀਅਤ ਨਿਕਲ ਆਉਂਦੀ ਸੀ। ਇਹ ਕਹਿਣਾ ਵੀ ਸ਼ਾਇਦ ਅਨੁਚਿਤ ਨਹੀਂ ਹੋਵੇਗਾ ਕਿ ਇਹਨਾਂ ਦੀ ਸੁਹਿਰਦਤਾ, ਮੇਲ ਮਿਲਾਪ ਅਤੇ ਆਪਸੀ ਪ੍ਰੇਮ ਭਾਵਨਾਂ ਦੀ ਬਦੌਲਤ ਹੀ ਇਹਨਾਂ ਦੇ ਮਿੱਤਰ ਵੀ ਲੋੜ ਸਮੇਂ ਇਹਨਾਂ ਨੂੰ ਆਪਣਾ ਸਹਿਯੋਗ ਦਿੰਦੇ ਰਹਿੰਦੇ ਸਨ।

ਇਹਨੀਂ ਦਿਨੀ ਪੰਜਾਬ ਦੀ ਹਾਲਤ ਗੰਭੀਰ ਸੀ ਕਿਉਂਕਿ ਪਾਕਿਸਤਾਨ ਅਤੇ ਹਿੰਦੁਸਤਾਨ ਦੇ ਆਪਸੀ ਜੰਗ ਦੇ ਆਸਾਰ ਬਣਦੇ ਜਾ ਰਹੇ ਸਨ। ਕਾਰ ਰਾਹੀਂ ਇੰਗਲੈਂਡ ਵਾਪਿਸ ਜਾਣਾ ਔਖੀ ਗੱਲ ਜਾਪਦੀ ਸੀ ਕਿਉਂਕਿ ਇਹਨਾਂ ਦਾ ਕਾਰ ਲੈਕੇ ਪਾਕਿਸਤਾਨ ਵੱਲ ਦੀ ਲੰਘਣਾ ਮੁਸ਼ਕਲ ਸੀ, ਪਾਕਿਸਤਾਨ ਨੇ ਬਾਰਡਰ ਬੰਦ ਕਰ ਦਿੱਤੇ ਸੀ। ਇਹੋ ਵਜ਼ਾ ਸੀ ਕਿ ਇਹਨਾਂ ਨੂੰ ਪੰਜਾਬ ਤਕਰੀਬਨ ਇੱਕ ਸਾਲ ਰੁੱਕਣਾ ਪਿਆ ਸੀ। ਲੰਮਾ ਸਮਾਂ ਰਹਿਣ ਕਾਰਣ ਮਾਲੀ ਹਾਲਤ ਵੀ ਨਾਜ਼ਕ ਹੋਣ ਲੱਗੀ, ਆਪਣੇ ਬਚਿੱਆਂ ਨੂੰ ਵੀ ਆਪਣੇ ਨਾਲ ਲੈਕੇ ਜਾਣ ਦਾ ਖਿਆਲ ਸੀ। ਸਥਿਤੀ ਵਿਗੜਨ ਲੱਗੀ ਇਹ ਵੀ ਚਿੰਤਾ'ਚ ਰਹਿਣ ਲੱਗੇ ਪਰ ਫਿਰ ਵੀ ਖੁਸ਼ ਨਜ਼ਰ ਆਉਂਦੇ ਸਨ। ਆਪਣੇ ਦੋਸਤਾਂ ਦੇ ਨਾਲ ਘੁੰਮਦੇ ਰਹਿੰਦੇ ਸਨ, ਸਮਾਂ ਲੰਘਦਾ ਗਿਆ, ਕਹਿੰਦੇ ਹਨ ਕਿ ਜੱਦ ਮੁਸੀਬਤ ਆਉਂਦੀ ਹੈ ਤਾਂ ਆਪਣੇ ਨਾਲ ਢੇਰ ਸਾਰੀਆਂ ਹੋਰ ਮੁਸੀਬਤਾਂ ਪੈਦਾ ਕਰ ਦਿੰਦੀ ਹੈ। ਇਹੋ ਜਿਹਾ ਹੀ ਇੱਕ ਹੋਰ ਹਾਦਸਾ ਇਹਨਾਂ ਦੇ ਸਿਰ ਆ ਪਿਆ। ਇੱਕ ਰਾਤ ਇਹ ਆਪਣੇ ਭਰਾਤਾ ਜੀ ਸਰਦਾਰ ਪ੍ਰੀਤਮ ਸਿੰਘ ਅਤੇ ਸਰਦਾਰ ਦਰਸ਼ਨ ਸਿੰਘ ਅੱਟੇ ਦੇ ਹੈਡਮਾਸਟਰ ਹੋਰਾਂ ਨਾਲ ਫ਼ਗਵਾੜੇ ਤੋਂ ਗੋਰਾਇਆਂ ਵੱਲ ਨੂੰ ਜਾ ਰਹੇ ਸੀ। ਹੈਡਮਾਸਟਰ ਹੋਰੀਂ ਅੜੀ ਫ਼ੜ ਲਈ ਕਿ ਮੈਂ ਇਹੋ ਜਹੀ ਕਾਰ ਇੰਗਲੈਂਡ ਵਿੱਚ ਚਲਾਈ ਹੋਈ ਹੈ ਸੋ ਕਾਰ ਮੈਂ ਚਲਾਵਾਂਗਾ। ਸਰਦਾਰ ਸਾਹਿਬ ਨੇ ਕਾਰ ਉਸਨੂੰ ਚਲਾਉਣ ਲਈ ਦੇ ਦਿੱਤੀ, ਹਾਲੇ ਫ਼ਗਵਾੜੇ ਤੋਂ ਨਿਕਲੇ ਹੀ ਸਨ ਕਿ ਚਾਚੋਕੀ ਪਹੁੰਚਣ ਤੋਂ ਪਹਿਲਾਂ ਹੀ ਹੈਡਮਾਸਟਰ ਹੋਰਾਂ ਕੋਲੋਂ ਕਾਰ ਸੰਭਾਲੀ ਨਹੀਂ ਗਈ ਅਤੇ ਕਾਰ ਸਿੱਧੀ ਸਾਹਮਣੇ ਖੰਬੇ'ਚ ਲੱਗਣ ਦੇ ਆਸਾਰ ਦਿਸਣ ਲੱਗੇ ਸੋ ਉਸੇ ਵਕਤ ਪਿਤਾ ਜੀ ਹੋਰੀਂ ਉਸਨੂੰ ਹੁੰਜ ਮਾਰਕੇ ਕਾਰ ਦਾ ਸਟੇਰਿੰਗ ਖੱਡ ਵੱਲ ਮੋੜ ਦਿੱਤਾ। ਖੰਬੇ ਤੋਂ ਕਾਰ ਵੱਖ ਹੁੰਦੀ ਹੋਈ ਖੱਡ ਵਿੱਚ ਜਾ

ਡਿੱਗੀ। ਇਹਨਾਂ ਦੇ ਸੱਟਾਂ ਜਰੂਰ ਲੱਗ ਗਈਆਂ, ਪਰ ਜਾਨ ਦਾ ਬਚਾਉ ਹੋ ਗਿਆ। ਉਸੇ ਵੇਲੇ ਇਹਨਾਂ ਨੂੰ ਫ਼ਗਵਾੜੇ ਹਸਪਤਾਲ ਦਾਖਿਲ ਕਰਵਾ ਦਿੱਤਾ ਗਿਆ। ਦੂਸਰੇ ਪਾਸੇ ਖਾਲਸਾ ਕਾਲਜ ਕਿਸੇ ਨੇ ਮੈਨੂੰ ਇਹਨਾਂ ਦੇ ਕਾਰ ਹਾਦਸੇ ਬਾਰੇ ਦੱਸ ਦਿੱਤਾ ਮੈਂ ਉਸੇ ਵੇਲੇ ਆਪਣੇ ਦੋਸਤ ਦੀ ਕਾਰ ਲੈਕੇ ਫ਼ਗਵਾੜੇ ਚਲੇ ਗਿਆ ਅਤੇ ਜਦੋਂ ਹਸਪਤਾਲ ਤੋਂ ਪਤਾ ਕੀਤਾ ਤਾਂ ਇਹਨਾਂ ਦੇ ਮੰਜੇ ਖਾਲੀ ਸੀ, ਨਾਂ ਹੀ ਨਰਸਾਂ ਨੂੰ ਪਤਾ ਸੀ ਕਿ ਫ਼ਟੱੜ ਬੰਦੇ ਕਿੱਥੇ ਚਲੇ ਗਏ। ਹੈਰਾਨੀ ਦੀ ਗੱਲ ਇਹ ਕਿ ਇਹਨਾਂ ਦੇ ਸੱਟਾਂ ਲੱਗੀਆਂ ਹੋਈਆਂ ਹੋਣ, ਤਾਏ ਪ੍ਰੀਤਮ ਹੋਰਾਂ ਦੀਆਂ ਪਸਲੀਆਂ ਟੁੱਟੀਆਂ ਹੋਣ ਤਾਂ ਇਹ ਤੜਕਸਾਰ ਆਪਣੀ ਕਾਰ ਖੱਡ ਵਿੱਚੋਂ ਕਢਵਾਉਣ ਗਏ ਹੋਏ ਸੀ। ਸਮਾਂ ਪਾ ਕੇ ਇਹ ਸਾਰੇ ਠੀਕ ਠਾਕ ਤਾਂ ਹੋ ਗਏ, ਕਾਰ ਦੀ ਬੌਡੀ ਵੀ ਠੀਕ ਕਰਵਾ ਲਈ ਗਈ ਪਰ ਉਸਦਾ ਵਿੰਡ ਸਕਰੀਨ ਨਹੀਂ ਮਿਲਿਆ ਅਗਰ ਕੋਸ਼ਿਸ਼ ਕਰਦੇ ਵੀ ਤਾਂ ਇਸ ਲਈ ਇੰਗਲੈਂਡ ਔਰਡਰ ਕਰਨਾ ਪੈਣਾ ਸੀ। ਉਸ ਵਕਤ ਨਾ ਕੋਲ ਪੈਸਾ ਸੀ ਨਾ ਹੀ ਬਹੁਤੀ ਇੰਤਜਾਰ ਕਰਨੀ ਇਹਨਾਂ ਲਈ ਠੀਕ ਸੀ। ਕੀ ਕੀਤਾ ਜਾ ਸਕਦਾ ਸੀ ਹਾਰ ਕੇ ਸ਼ੀਸ਼ੇ ਦੀ ਜਗ੍ਹਾ ਪਲਾਸਟਿੱਕ ਦੇ ਜੋੜ ਪਾ ਕੇ ਵਿੰਡ ਸਕਰੀਨ ਦੀ ਵਰਤੋਂ ਕਰਨੀ ਪਈ। ਹੁਣ ਇਹਨਾਂ ਨੂੰ ਇੰਗਲੈਂਡ ਵਾਪਿਸ ਜਾਣ ਦੀ ਚਿੰਤਾ ਸੀ। ਕੋਲ ਪੈਸਾ ਵੀ ਨਾ ਰਿਹਾ ਅਤੇ ਸਫ਼ਰ ਵੀ ਲੰਮਾ ਸੀ ਅਤੇ ਕਾਰ ਦਾ ਵਿੰਡ ਸਕਰੀਨ ਧੁੱਪ ਦੇ ਵਿੱਚ ਲਿਸ਼ਕਾਰਾ ਮਾਰਦਾ ਸੀ ਜਿਸਦਾ ਅੱਖਾਂ ਤੇ ਬੁਰਾ ਅਸਰ ਪੈਣ ਦਾ ਡਰ ਵੀ ਸੀ। ਖੈਰ ਫਿਰ ਵੀ ਇਹਨੀਂ ਵਾਪਿਸ ਜਾਣ ਦਾ ਦ੍ਰਿੜ ਇਰਾਦਾ ਬਣਾ ਲਿਆ ਅਤੇ ਤਿਆਰੀ ਕਰਨੀ ਸ਼ੁਰੂ ਕਰ ਦਿੱਤੀ। ਮੇਰੇ ਵੀਰ ਕੁਲਵੰਤ ਪੰਡੋਰੀ ਅਤੇ ਅਮ੍ਰਿਤਸਰ ਤੋਂ ਮਾਮਾ ਗੁਰਦੇਵ ਸਿੰਘ ਦਾ ਮੇਰੇ ਪਿਤਾ ਜੀ ਲਈ ਇੰਗਲੈਂਡ ਵਾਪਿਸੀ ਦੀ ਤਿਆਰੀ ਵਾਸਤੇ ਅਹਿਮ ਰੋਲ ਰਿਹਾ ਹੈ।

ਸੰਨ 1962 ਦੀ ਗੱਲ ਹੈ ਕਿ ਮੈਂ ਅਤੇ ਕੁਲਵੰਤ ਡੀ.ਏ.ਵੀ. ਕਾਲਜ ਜਲੰਧਰ ਪੜ੍ਹਦੇ ਹੁੰਦੇ ਸੀ। ਸਾਡੀ ਮਿੱਤਰਤਾ ਦਾ ਆਰੰਭ ਇਸੇ ਕਾਲਜ ਵਿੱਚ ਹੋਇਆ। ਜਿੰਦਗੀ ਵਿੱਚ ਅਨੇਕਾਂ ਇਨਸਾਨ ਮਿਲਦੇ ਹਨ ਆਪਸੀ ਸੰਬੰਧ ਬਣਦੇ ਹਨ ਅਤੇ ਕਈ ਸ਼ੇਤੀਂ ਟੁੱਟ ਵੀ ਜਾਂਦੇ ਹਨ ਪਰ ਕਈ ਸੰਬੰਧ ਸਦੀਵੀ ਤੌਰ ਤੇ ਆਖੀਰ ਤੱਕ ਨਿਭ ਜਾਇਆ ਕਰਦੇ ਹਨ। ਮੁਮਕਿਨ ਹੈ ਇਹੋ ਜਿਹੇ ਰਿਸ਼ਤੇ ਜਨਮ ਜਨਮਾਂਤਰ ਤੋਂ ਨਾਲ ਹੀ ਚੱਲਦੇ ਰਹਿੰਦੇ ਹਨ। ਇਸੇ ਤਰਾਂ ਸਾਡਾ ਸਾਥ ਬਣਿਆ ਜੋ ਅੱਜ ਵੀ ਉਸੇ ਤਰਾਂ ਬਰਕਰਾਰ ਹੈ। ਕੁੱਝ ਸਮਾਂ ਪਾ ਕੇ ਇਹ ਮਿੱਤਰਤਾ ਪਰਿਵਾਰਕ ਰਿਸ਼ਤਾ ਬਣ ਗਿਆ ਜੋ ਘਰ ਦੇ ਮੈਂਬਰਾਂ ਤੱਕ ਮਹਿਫ਼ੂਜ਼ ਸਿੱਧ ਹੋਇਆ ਹੈ। ਪਿਤਾ ਜੀ ਦਾ ਪੰਡੋਰੀ ਆਉਣਾ ਜਾਣਾ ਸਾਂਝੀਵਾਲਤਾ ਦਾ ਪ੍ਰਤੀਕ ਹੈ। ਇਹਨਾਂ ਦਾ ਕੁਲਵੰਤ ਦੇ ਪਿਤਾ ਜੀ ਸਰਦਾਰ ਸਾਧੂ ਸਿੰਘ ਜੀ ਅਤੇ ਚਾਚਾ ਜੀ ਚਰਨ ਸਿੰਘ ਹੋਰਾਂ ਦੇ ਨਾਲ ਬਹੁਤ ਦਿਲ

ਲੱਗਦਾ ਸੀ, ਬੰਬੀ ਤੇ ਜਾ ਕੇ ਉਹਨਾਂ ਦੇ ਨਾਲ ਚਿਰੋਕਣੇ ਸਮੇਂ ਤੱਕ ਗੱਲਾਂ ਕਰਦੇ ਰਹਿਣਾ, ਉਹ ਵੀ ਸਾਰੇ ਖੁਸ਼ ਰਹਿੰਦੇ ਸਨ। ਗੁਰਬਾਣੀ ਦੀਆਂ ਵਿਚਾਰਾਂ ਹੁੰਦੀਆਂ ਰਹਿੰਦੀਆਂ ਸਨ। ਉਸ ਸਮੇਂ ਭਾਈ ਸਾਹਿਬ ਸਰਦਾਰ ਗੁਰਦਿਆਲ ਸਿੰਘ ਪੰਨੂ ਜੀ ਸ੍ਰੀ ਹਰ ਗੋਵਿੰਦ ਪੁਰ ਸਾਹਿਬ ਹਾਈ ਸਕੂਲ ਦੇ ਹੈਡਮਾਸਟਰ ਸਨ ਅਤੇ ਇਹਨਾਂ ਦਾ ਪਿੰਡ ਮਾੜੀ ਬੁੱਚੀਆਂ ਲਾਗੇ ਹੀ ਸੀ ਸੋ ਇਹਨਾਂ ਦਾ ਪੰਡੋਰੀ ਜਵਾਈ ਹੋਣ ਦੇ ਨਾਤੇ ਆਉਣਾ ਜਾਣਾ ਬਣਿਆ ਰਹਿੰਦਾ ਸੀ ਅਤੇ ਪਿਤਾ ਜੀ ਹੋਰਾਂ ਦੀ ਇਹਨਾਂ ਦੇ ਨਾਲ ਚੋਖੀ ਸਾਂਝ ਹੋ ਗਈ ਸੀ। ਮੇਰੇ ਬੱਚੇ ਵੀ ਜਦੋਂ ਪਿੰਡ ਪੰਡੋਰੀ ਜਾਇਆ ਕਰਦੇ ਸੀ ਤਾਂ ਇਹਨੀਂ ਖੂਬ ਮਸਤੀ ਕਰਨੀ ਕਦੀ ਮੱਝਾਂ ਤੇ ਬੈਠੇ ਹੋਣਾ, ਕਦੀ ਮਿੱਟੀ ਵਿੱਚ ਰੇਂਗਣਾ, ਕਦੀ ਸਾਂਸੀਆਂ ਦੇ ਘਰ ਚਲੇ ਜਾਣਾ ਇਹ ਇੰਗਲੈਂਡ ਦੇ ਜਮਪਲ ਹੋਣ ਕਾਰਣ ਪਿੰਡ ਦੀਆਂ ਰਵਾਇਤਾਂ ਨੂੰ ਕੀ ਸਮਝਣ, ਉਹਨੀਂ ਇਹਨਾਂ ਨੂੰ ਖਾਣ ਲਈ ਕਹਿਣਾ ਅਤੇ ਇਹ ਬੱਚੇ ਰਾਜ਼ੀ ਹੋ ਜਾਇਆ ਕਰਦੇ ਸਨ। ਪਿੰਡ ਦੇ ਲੋਕ ਇਹਨਾਂ ਬੱਚਿਆਂ ਨੂੰ ਬਹੁਤ ਪਿਆਰ ਕਰਦੇ ਸਨ। ਮਾਤਾ ਤੇਜ਼ ਕੌਰ ਜੀ ਬਹੁਤ ਨਿਮਰ ਸੁਭਾਵ ਦੇ ਮਿਲਣਸਾਰ ਹੁੰਦੇ ਸਨ, ਜਿਹਨੀਂ ਤੜਕਸਾਰ ਉੱਠ ਕੇ ਇਸ਼ਨਾਨ ਕਰਨ ਤੋਂ ਉਪਰੰਤ ਗੁਰਦੁਆਰਾ ਤੱਪ ਸਾਹਿਬ ਬਾਬਾ ਨਾਮ ਦੇਵ ਜੀ ਦੇ ਅਸਥਾਨ ਤੇ ਚਲੇ ਜਾਣਾ, ਭਾਵੇਂ ਮੀਂਹ ਹੋਵੇ ਜਾਂ ਝੱਖੜ-ਹਨੇਰੀ ਪਰ ਕਦੀ ਵੀ ਉੱਥੇ ਜਾਣ ਤੋਂ ਝਿਜਕਦੇ ਨਹੀਂ ਸਨ। ਕੁਲਵੰਤ ਨੂੰ ਅਤੇ ਮੈਨੂੰ ਆਪਣੇ ਪੁੱਤਰ ਵਾਂਗ ਬਹੁਤ ਪਿਆਰ ਕਰਦੇ ਸਨ ਅਤੇ ਸਾਡੇ ਨਾਲ ਅਕਸਰ ਮਿੱਠੀਆਂ ਮਿੱਠੀਆਂ ਗੱਲਾਂ ਕਰਦੇ ਰਹਿੰਦੇ ਸਨ। ਸੰਨ 1978 ਦੀ ਗੱਲ ਹੈ ਕਿ ਪੰਡੋਰੀ ਪਿੰਡ ਦੇ ਲੋਕ ਕੁਲਵੰਤ ਨੂੰ ਸਰਪੰਚ ਬਣਾਉਣ ਲਈ ਜ਼ੋਰ ਲਾ ਰਹੇ ਸਨ ਪਰ ਇਹ ਬਜ਼ਿਦ ਸੀ ਕਿ ਸਰਪੰਚ ਨਹੀਂ ਬਣਨਾ, ਉਸੇ ਦਿਨ ਪਿਤਾ ਜੀ ਪੰਡੋਰੀ ਪਹੁੰਚੇ ਸਨ। ਪਿੰਡ ਦੇ ਲੋਕਾਂ ਨੂੰ ਪਤਾ ਸੀ ਕਿ ਕੁਲਵੰਤ ਪਿਤਾ ਜੀ ਦੀ ਗੱਲ ਮੋੜ ਨਹੀਂ ਸੀ ਸਕਦਾ ਸੋ ਕਿਉਂ ਨਾਂ ਉਹਨਾਂ ਦੀ ਮਿਨਤ ਕਰੀਏ ਇਸੇ ਤਰਾਂ ਉਹ ਸਾਰੇ ਇੱਕਠੇ ਹੋ ਕੇ ਪਿਤਾ ਜੀ ਨੂੰ ਬੇਨਤੀ ਕਰਨ ਆਏ। ਪਿਤਾ ਜੀ ਨੇ ਉਹਨਾਂ ਦੀ ਗੱਲ ਮੰਨ ਲਈ ਕਿ ਇਸਤੋਂ ਵਧੀਆ ਗੱਲ ਹੋਰ ਕੀ ਹੋ ਸਕਦੀ ਹੈ ਜੇਕਰ ਪਿੰਡ ਦਾ ਸਰਪੰਚ ਇੱਕ ਇਮਾਨਦਾਰ, ਨੇਕ-ਨੀਤੀ ਅਤੇ ਲੋਕ ਭਲਾਈ ਦਾ ਪੈਰੋਕਾਰ ਹੋਵੇ। ਪਿਤਾ ਜੀ ਨੇ ਉਹਨਾਂ ਨੂੰ ਕਿਹਾ ਕਿ ਠੀਕ ਹੈ ਕੁਲਵੰਤ ਦੀ ਹਾਂ ਸਮਝੋ ਸੋ ਤੁਸੀਂ ਜਾ ਕੇ ਤਿਆਰੀ ਕਰੋ। ਉਹ ਉਡੀਕ ਕਰਦੇ ਸਨ ਕਿ ਕੁਲਵੰਤ ਆਪ ਹਾਂ ਕਰੇ ਪਰ ਪਿਤਾ ਜੀ ਨੇ ਫਿਰ ਦੁਹਰਾਇਆ ਕਿ ਉਹ ਨਾਂ ਨਹੀਂ ਕਰਨ ਲੱਗਾ ਸੋ ਹੋਇਆ ਵੀ ਇਸੇ ਤਰਾਂ ਜਦੋਂ ਕੁਲਵੰਤ ਨੂੰ ਪੁੱਛਿਆ ਉਸਨੇ ਕਿਹਾ ਜੋ ਪਿਤਾ ਜੀ ਨੇ ਕਿਹਾ ਹੈ ਉਹ ਠੀਕ ਹੈ, ਉਹਨਾਂ ਦੀ ਗੱਲ ਮੈਂ ਕਦੀ ਠੁਕਰਾ ਨਹੀਂ ਸਕਦਾ। ਇਹ ਪਹਿਲਾ ਮੌਕਾ ਸੀ ਜਦੋਂ ਕੁਲਵੰਤ ਤਿੰਨ ਪਿੰਡਾਂ ਦਾ ਸਰਪੰਚ ਬਣਿਆ ਅਤੇ ਉਸਦੀ ਇਮਾਨਦਾਰੀ ਨੇ ਹੀ ਹਰ ਚੋਣ ਦੇ ਵਿੱਚ ਉਸ ਸਮੇਂ ਤੱਕ ਜਦੋਂ ਕਿ ਉਹ ਕਨੇਡਾ ਨਹੀਂ

ਚਲੇ ਗਿਆ ਉਸਨੂੰ ਸਰਵਸੰਮਤੀ ਦੇ ਨਾਲ ਸਰਪੰਚ ਬਣਾਈ ਰੱਖਿਆ। ਇਸਨੇ ਸਰਪੰਚ ਹੋਣ ਦੇ ਨਾਤੇ ਆਪਣੇ ਜੀਵਨ ਕਾਲ ਵਿੱਚ ਇਹਨਾਂ ਪਿੰਡਾਂ ਦਾ ਕਾਫੀ ਸੁਧਾਰ ਕੀਤਾ ਸੀ। ਇਸਦੀ ਨੇਕ ਨੀਤੀ ਅਤੇ ਸੁਹਿਰਦਤਾ ਦਾ ਪ੍ਰਮਾਣ ਅੱਜ ਵੀ ਇਹਨਾਂ ਪਿੰਡਾਂ ਦੇ ਲੋਕਾਂ ਨਾਲ ਗੱਲ ਕੀਤਿਆਂ ਤੋਂ ਪਤਾ ਲੱਗਦਾ ਹੈ। ਇਹਨਾਂ ਦੇ ਬੱਚੇ ਸ਼ਰਨਜੀਤ-ਸ਼ੰਨੀ, ਨੀਟੂ ਅਤੇ ਕਾਕੂ ਬਹੁਤਾ ਸਮਾਂ ਜਲੰਧਰ ਹੀ ਰਿਹਾ ਕਰਦੇ ਸੀ, ਕੁੱਝ ਸਾਲ ਜਲੰਧਰ ਪੜ੍ਹਦੇ ਵੀ ਰਹੇ ਸਨ ਅਤੇ ਭਾਬੀ ਜਸਵਿੰਦਰ ਹੋਰਾਂ ਦੀਆਂ ਭੈਣਾਂ ਕੁਲਵਿੰਦਰ ਕੌਰ-ਕਿੰਦ ਉਹਨਾਂ ਦੇ ਪਤੀ ਸਰਦਾਰ ਜਸਮੇਲ ਸਿੰਘ, ਭੀਰੀ ਉਸਦਾ ਪਤੀ ਅਜੈਪਾਲ ਸਿੰਘ ਅਤੇ ਭਰਾ ਸੁੱਖਦੀਪ-ਸੁੱਖ ਇਹਨਾਂ ਦਾ ਫੇਰਾ-ਤੋਰਾ ਵੀ ਜਲੰਧਰ ਬਣਿਆ ਰਹਿੰਦਾ ਸੀ ਅਤੇ ਘਰ ਦੇ ਵਿੱਚ ਖੂਬ ਰੌਣਕਾਂ ਲੱਗਦੀਆਂ ਸਨ। ਇਹ ਵੀ ਘਰ ਦੇ ਜੀਆਂ ਵਾਂਗ ਜਲੰਧਰ ਰਿਹਾ ਕਰਦੇ ਸੀ। ਪਹਿਲਾਂ ਇੱਕ ਹੀ ਕਮਰਾ ਬਣਿਆ ਹੋਇਆ ਸੀ ਅਤੇ ਜਦੋਂ ਸਾਰਾ ਪਰਿਵਾਰ ਇੱਕਠਾ ਹੁੰਦਾ ਤਾਂ ਰਾਤ ਸੌਣ ਲਈ ਕਮਰੇ ਦੇ ਵਿਚ ਝੁਰਮਟ ਪੈ ਜਾਇਆ ਕਰਦਾ ਸੀ, ਸੌਣਾ ਕੀ ਸੀ ਸਾਰੀ ਰਾਤ ਕਈ ਬਾਰ ਗੱਲਾਂ ਹੀ ਕਰਦੇ ਰਹਿਣਾ ਪਤਾ ਹੀ ਨਹੀਂ ਸੀ ਚੱਲਦਾ ਕਿ ਕਦੋਂ ਤੜਕਸਾਰ ਹੋ ਜਾਂਦੀ ਸੀ। ਸਾਡੀ ਵੱਡੀ ਭੈਣ ਪ੍ਰੀਤੋ, ਭਣਵੱਈਆ ਸਰਦਾਰ ਗੁਰਦਿਆਲ ਸਿੰਘ ਪੰਨੂ ਹੈਡਮਾਸਟਰ ਹੋਰੀਂ ਅਤੇ ਉਹਨਾਂ ਦੇ ਬੱਚੇ ਜਲੰਧਰ ਹੀ ਰਹਿੰਦੇ ਹਨ ਜਿਹਨਾਂ ਦੇ ਨਾਲ ਪਿਤਾ ਜੀ ਹੋਰਾਂ ਦੀ ਬਹੁਤ ਨੇੜਤਾ ਹੁੰਦੀ ਸੀ। ਜਸਮੇਲ ਸਿੰਘ ਹੋਰਾਂ ਦੇ ਨਾਲ ਪਿਤਾ ਜੀ ਦੀ ਕਾਫੀ ਸਾਂਝ ਹੁੰਦੀ ਸੀ ਅਤੇ ਇਹ ਵੀ ਪਿਤਾ ਜੀ ਦਾ ਬਹੁਤ ਮਾਣ ਤਾਣ ਕਰਦੇ ਸਨ ਪੜੇ ਲਿਖੇ ਹੋਣ ਕਾਰਣ ਇਹਨਾਂ ਦਾ ਰੁਜ਼ਗਾਰ ਵੀ ਅਫ਼ਸਰਸ਼ਾਹੀ ਪੱਧਰ ਤੇ ਜਾਣਿਆ ਜਾਂਦਾ ਸੀ ਅਤੇ ਇਹਨਾਂ ਦੀ ਸਰਵਿੱਸ ਮਦਰਾਸ ਵੱਲ ਤਾਇਨਾਤ ਸੀ, ਬਦਕਿਸਮਤੀ ਦੇ ਨਾਲ ਇੱਕ ਦਿਨ ਇਹਨਾਂ ਦੀ ਕਾਰ ਦਾ ਸੜਕ ਹਾਦਸਾ ਹੋ ਨਿਵੜਿਆ ਜਿਸਦੇ ਕਾਰਣ ਇਹਨਾਂ ਦੀਆਂ ਲੱਤਾਂ ਦੀ ਹਰਕਤ ਜਾਂਦੀ ਲੱਗੀ। ਕਹਿੰਦੇ ਹਨ ਜਦੋਂ ਦੁੱਖ ਆਉਂਦਾ ਹੈ ਤਾਂ ਪਹਾੜ ਜਿੱਡੇ ਦੁੱਖ ਨਾਲ ਆ ਟਪਕਦੇ ਹਨ, ਇਸੇ ਤਰਾਂ ਇਹਨਾਂ ਦੀ ਪਤਨੀ ਕੈਂਸਰ ਦੀ ਮਰੀਜ਼ ਹੁੰਦਿਆ ਸਦੀਵੀ ਲਈ ਇਹਨਾਂ ਦਾ ਸਾਥ ਛੱਡ ਗਈ। ਵੀਰ ਅਜੈਪਾਲ ਦੀ ਪਤਨੀ ਭੀਰੀ ਵੀ ਅਚਾਨਕ ਆਪਣੇ ਪਰਿਵਾਰ ਦਾ ਸਾਥ ਛੱਡ ਗਈ, ਇਹਨਾਂ ਪਵਿੱਤਰ ਰੂਹਾਂ ਦਾ ਵਿਛੋੜਾ ਸਾਡੇ ਸਮੁੱਚੇ ਪਰਿਵਾਰ ਲਈ ਬਹੁਤ ਵੱਡੀ ਘਾਟ ਹੈ। ਉਪਰੋਕਤ ਗੱਲ ਦਾ ਜਿਕਰ ਕਰਨਾ ਇਸ ਲਈ ਜਰੂਰੀ ਸੀ ਕਿ ਜੋ ਪਿਤਾ ਜੀ ਦੇ ਸਮੇਂ ਘਰ ਦੇ ਵਿੱਚ ਰੌਣਕਾਂ ਹੁੰਦੀਆਂ ਸਨ ਉਹ ਅੱਜ ਨਹੀ ਹਨ, ਸ਼ਾਇਦ ਇਸਦਾ ਪ੍ਰਮਾਣ ਇਹ ਕਿਹਾ ਜਾ ਸਕਦਾ ਹੈ ਕਿ ਕਈ ਰੂਹਾਂ ਬਹੁਤ ਪ੍ਰਭਾਵਸ਼ਾਲੀ ਅਤੇ ਆਪਸੀ ਤਾਲ ਮੇਲ ਨੂੰ ਵਧਾਉਣ ਦੇ ਯੋਗ ਹੁੰਦੀਆਂ ਹਨ। ਪਿਤਾ ਜੀ ਦੀ ਹੋਂਦ ਦਾ ਸਾਡੇ ਸਾਰਿਆਂ ਤੇ ਪ੍ਰਭਾਵ ਪਿਆਰ ਅਤੇ ਸਿਦਕੀ ਬਣਿਆ ਰਿਹਾ ਜੋ ਕਿ ਉਹਨਾਂ ਦੀ ਅਣਹੋਂਦ ਨੇ

ਅੱਜ ਪਹਿਲਾਂ ਵਾਂਗ ਖੁਸ਼ਗਵਾਰ ਮਾਹੌਲ ਨੂੰ ਕੁੱਝ ਠੱਲ੍ਹ ਜਿਹੀ ਪਾ ਦਿੱਤੀ ਹੈ। ਖੈਰ ਸਮਾਂ ਹਮੇਸ਼ਾਂ ਇੱਕੋ ਜਿਹਾ ਨਹੀਂ ਰਹਿੰਦਾ ਜਿੰਦਗੀ ਦਾ ਸਿਲਸਲਾ ਨਿਰੰਤਰ ਚੱਲਦਾ ਹੀ ਰਹਿਣਾ ਹੈ, ਇਹ ਉਸ ਦਾਤੇ ਦੀ ਆਪਣੀ ਕਾਇਨਾਤ ਹੈ ਜਿਵੇਂ ਰੱਖੇ ਉਸੇ ਵਿੱਚ ਭਲਾ ਮਨਾਉਣਾ ਚਾਹੀਦਾ ਹੈ।

## ਇੰਗਲੈਂਡ ਦੀ ਵਾਪਿਸੀ

ਸਮੱਸਿਆ ਪੈਸੇ ਦੀ ਸੀ, ਸੋ ਕੋਈ ਨਾ ਕੋਈ ਇੰਤਜਾਮ ਜਰੂਰੀ ਕਰਨਾ ਹੀ ਪੈਣਾ ਸੀ। ਮੈਂ ਅਤੇ ਕੁਲਵੰਤ ਡੀ.ਏ.ਵੀ. ਕਾਲਜ ਪੜਦੇ ਸੀ ਅਤੇ ਹਮੇਸ਼ਾਂ ਇੱਕਠੇ ਰਿਹਾ ਕਰਦੇ ਸੀ। ਸਾਡੀ ਆਪਸੀ ਮਿਤੱਰਤਾ ਵੱਧਦੀ ਗਈ ਅਤੇ ਸਮਾਂ ਪਾ ਕੇ ਸਾਡਾ ਸੰਬੰਧ ਭਰਾਵਾਂ ਵਾਂਗ ਹੋ ਗਿਆ। ਅਸੀਂ ਇੱਕ ਦੂਸਰੇ ਦੇ ਪਿੰਡ ਕਈ ਕਈ ਦਿਨ ਰਹਿ ਲਿਆ ਕਰਦੇ ਸੀ। ਘਰ ਦੇ ਮੈਂਬਰ ਵੀ ਸਾਨੂੰ ਭਰਾ ਭਰਾ ਹੀ ਸਮਝਣ ਲੱਗ ਪਏ ਸੀ। ਇੱਕ ਬੀਬੀ ਹੋਰਾਂ ਦੀ ਮਾਸੀ ਜੀ ਜੋ ਜੈਤਪੁਰ ਵਿਆਹੇ ਹੋਏ ਸਨ ਉਹਨਾਂ ਦਾ ਲੜਕਾ ਗੁਰਦੇਵ ਸਿੰਘ ਜੋ ਰਿਸ਼ਤੇ ਵਜੋਂ ਮੇਰਾ ਮਾਮਾ ਲੱਗਦਾ ਹੈ ਉਸ ਨਾਲ ਸਾਡੀ ਕਾਫੀ ਸਾਂਝ ਸੀ। ਅਸੀਂ ਤਿੱਨੇ ਆਪਣੇ ਦੁੱਖ ਸੁੱਖ ਦੀ ਗੱਲ ਇੱਕ ਦੂਸਰੇ ਨਾਲ ਕਰ ਲਿਆ ਕਰਦੇ ਸੀ। ਉਹਨਾਂ ਨੂੰ ਵੀ ਪਤਾ ਸੀ ਕਿ ਉਹਨਾਂ ਦੇ ਭਾਈਆ ਜੀ ਨੇ ਵਾਪਿਸ ਇੰਗਲੈਂਡ ਜਾਣਾ ਹੈ ਪਰ ਪੈਸਾ ਕੋਲ ਕੋਈ ਨਹੀ ਸੀ ਸੋ ਕੋਈ ਨਾ ਕੋਈ ਬੰਦੋਬਸਤ ਕਰਨਾ ਲੋੜਿੰਦਾ ਸੀ। ਪਿਤਾ ਜੀ ਦਾ ਪੰਡੋਰੀ ਜਾਣਾ ਆਉਂਣਾ ਵੀ ਆਮ ਬਣ ਗਿਆ ਸੀ, ਕੁਲਵੰਤ ਦੇ ਮਾਤਾ ਪਿਤਾ ਵੀ ਪਿਤਾ ਜੀ ਦੀ ਬਹੁਤ ਇੱਜਤ ਕਰਦੇ ਸਨ। ਉਹਨਾਂ ਨੂੰ ਵੀ ਸਾਡੀ ਮਾਲੀ ਹਾਲਤ ਵਾਰੇ ਪਤਾ ਸੀ। ਇੱਕ ਦਿਨ ਕੁਲਵੰਤ ਅਤੇ ਮਾਮਾ ਗੁਰਦੇਵ ਇੱਕਠੇ ਜਮਸ਼ੇਰ ਆਏ ਅਤੇ ਇਹਨੀਂ ਆਪਣੇ ਕੋਲੋਂ ਜੋ ਵੀ ਸਰਿਆ ਉਹ ਪੈਸੇ ਲਿਆ ਕੇ ਮੈਨੂੰ ਦੇ ਦਿੱਤੇ। ਮੈਂ ਇਸੇ ਤਰਹ ਉਹ ਪੈਸੇ ਪਿਤਾ ਜੀ ਨੂੰ ਦੇ ਦਿੱਤੇ ਕਿ ਇਹ ਦੋਵੇਂ ਲੈ ਕੇ ਆਏ ਹਨ। ਜਦੋਂ ਇੱਧਰੋਂ ਉੱਧਰੋਂ ਪੈਸੇ ਫੜਕੇ ਕੁੱਝ ਬੰਦੋਬਸਤ ਹੋ ਗਿਆ ਤਾਂ ਪਿਤਾ ਜੀ ਨੇ ਇੰਗਲੈਂਡ ਜਾਣ ਦੀ ਤਿਆਰੀ ਸ਼ੁਰੂ ਕਰ ਦਿੱਤੀ। ਸੰਨ 1966 ਦੇ ਵਿੱਚ ਬੀਬੀ ਹੋਰੀਂ ਆਪਣੇ ਨਾਲ ਰਾਜਿੰਦਰ, ਜਸਵਿੰਦਰ, ਰਾਮਿੰਦਰ ਅਤੇ ਛੋਟੀ ਬੱਚੀ ਪਰਮਿੰਦਰ ਨੂੰ ਲੈ ਕੇ ਪਿਤਾ ਜੀ ਦੇ ਨਾਲ ਇੰਗਲੈਂਡ ਜਾਣ ਲਈ ਰਵਾਨਾ ਹੋਏ। ਪਾਕਿਸਤਾਨ ਵੱਲ ਦੀ ਇਹ ਲੰਘ ਨਹੀਂ ਸੀ ਸਕਦੇ ਕਿਉਂਕਿ ਉਹਨੀਂ ਦਿਨੀਂ ਪਾਕਿਸਤਾਨ ਦਾ ਵਾਗ੍ਹਾ ਬਾਰਡਰ ਆਵਾਜਾਈ ਲਈ ਬੰਦ ਕਰ ਦਿੱਤਾ ਗਿਆ ਸੀ। ਸੋ ਇਹਨਾਂ ਨੂੰ ਆਪਣੀ ਕਾਰ ਬੰਬਈ ਤੋਂ ਸਮੁੰਦਰੀ ਜਹਾਜ਼ ਰਾਹੀਂ ਬਸਰੇ ਦੀ ਬੰਦਰਗਾਹ ਤੇ ਭੇਜਣੀ ਪਈ ਅਤੇ ਆਪ ਵੀ ਇਹ ਸਾਰੇ ਸਮੁੰਦਰੀ ਜਹਾਜ਼ ਰਾਹੀਂ ਬਸਰੇ (ਈਰਾਕ) ਪਹੁੰਚੇ। ਇਸੇ

ਸਫ਼ਰ ਦੌਰਾਨ ਇਹਨਾਂ ਨੂੰ ਦਿੱਲੀ ਤੋਂ ਆਏ ਹੋਏ ਰਣਧੀਰ ਸਿੰਘ ਅਤੇ ਉਸਦਾ ਇੱਕ ਦੋਸਤ ਮਿਲ ਪਏ ਇਹ ਵੀ ਮੁਲਕਾਂ ਦਾ ਸਫ਼ਰ ਕਰਦਿਆਂ ਇੰਗਲੈਂਡ ਜਾਣ ਦੇ ਚਾਹਵਾਨ ਸੀ।

ਪਿਤਾ ਜੀ ਹੋਰੀਂ ਆਪਣੇ ਬੱਚਿਆਂ ਵਾਂਗ ਇਹਨਾਂ ਨੂੰ ਵੀ ਆਪਣੇ ਨਾਲ ਲੈ ਤੁਰੇ, ਵਾਪਿਸੀ ਦਾ ਸਫ਼ਰ ਪਹਿਲਾਂ ਵਾਂਗ ਸੁਖਾਵਾਂ ਨਹੀ ਸੀ। ਬਸਰੇ ਤੋਂ ਆਪਣੀ ਕਾਰ ਲੈ ਕੇ ਇਹ ਸਾਰੇ ਅਗਾਂਹ ਦੀ ਤਿਆਰੀ ਕਰਨ ਲੱਗੇ। ਬਸਰਾ ਸ਼ਹਿਰ ਬਗਦਾਦ ਤੋਂ ਦੂਸਰੇ ਨੰਬਰ ਤੇ ਜਾਣਿਆ ਜਾਦਾਂ ਹੈ। 636 ਸੀ.ਈ. ਦੇ ਵਿੱਚ ਅਰਬ ਦੀਆਂ ਫ਼ੌਜਾਂ ਦੇ ਗੈਰੀਜ਼ਨ ਬੈਰਕਾਂ ਲਈ ਬਣਾਇਆ ਗਿਆ ਸੀ। ਇਸਦੀ ਸੀਮਾਂ ਦੱਖਣ ਈਰਾਕ, ਕੁਵੇਤ ਅਤੇ ਈਰਾਨ ਦੇ ਨਾਲ ਲੱਗਦੀ ਹੈ। ਬਸਰਾ ਵੈਸੇ ਵੀ ਸਿੰਦਬਾਦ ਦ ਸੇਲਰ ਅਤੇ ਗਾਰਡਨ ਔਫ ਈਡਨ ਦੇ ਨਾਮਾਂ ਦੇ ਨਾਲ ਮਸ਼ਹੂਰ ਹੈ। ਲੋਕੀ ਇਹ ਵੀ ਕਹਾਬਤ ਕਿਹਾ ਕਰਦੇ ਸੀ ਕਿ ਬਾਬਾ ਮੋੜ੍ਹੀਂ ਵੇ ਰੰਨ ਬਸਰੇ ਨੂੰ ਚੱਲੀ। ਇਸ ਜਗ੍ਹਾ ਨੂੰ ਇਸਲਾਮ ਦਾ ਧੁਰਾ ਵੀ ਕਿਹਾ ਜਾਂਦਾ ਹੈ। ਆਉ ਇਹਨਾਂ ਦੇ ਸਫਰ ਵੱਲ ਮੁੜੀਏ, ਕੁੱਝ ਪੈਸੇ ਦੀ ਕਿੱਲਤ ਅਤੇ ਕੁੱਝ ਕਾਰ ਦਾ ਵਿੰਡ ਸਕਰੀਨ ਪਲਾਸਟਿਕ ਦਾ ਹੋਣ ਕਰਕੇ ਅੱਖਾਂ ਉੱਤੇ ਸੂਰਜ ਦਾ ਲਿਸ਼ਕਾਰਾ ਇਹਨਾਂ ਨੂੰ ਤੰਗ ਕਰਨ ਲੱਗਾ ਪਰ ਫ਼ਿਰ ਵੀ ਬਹੁਤ ਹਿੰਮਤੀ ਸਨ, ਹੌਸਲਾ ਨਹੀਂ ਢਾਇਆ ਅਤੇ ਦਾਤੇ ਦੇ ਭਾਣੇ ਵਿੱਚ ਤੁਰੇ ਰਹੇ। ਇਹਨਾਂ ਨੂੰ ਆਪਣੇ ਗੁਰੂ ਤੇ ਪੂਰਣ ਵਿਸ਼ਵਾਸ ਸੀ ਕਿ ਵਾਹਿਗੁਰੂ ਭਲੀ ਕਰੇਗਾ। ਲੰਮੇਰਾ ਸਫ਼ਰ ਅਤੇ ਰਸਤਾ ਵੀ ਖਤਰੇ ਤੋਂ ਖਾਲੀ ਨਹੀਂ ਸੀ। ਹੌਲੀ ਹੌਲੀ ਜੋ ਕੋਲ ਪੈਸੇ ਸਨ ਉਹ ਵੀ ਖਤਮ ਹੋਣ ਲੱਗੇ, ਰਸਤੇ ਵਿੱਚ ਜੋ ਵੀ ਖਾਣ ਪੀਣ ਨੂੰ ਮਿਲਦਾ ਉਹੋ ਰੁੱਖੀ ਸੁੱਖੀ ਖਾ ਕੇ ਗੁਜ਼ਾਰਾ ਕਰ ਲੈਂਦੇ ਸਨ। ਆਪਣਾ ਬਹੁਤਾ ਫ਼ਿਕਰ ਨਹੀਂ ਸੀ ਜਿੰਨਾਂ ਕਿ ਬੱਚਿਆਂ ਦਾ ਫ਼ਿਕਰ ਕਰਦੇ ਸਨ। ਰਣਧੀਰ ਹੋਰੀਂ ਵੀ ਖਰਚ ਕਰਦੇ ਰਹੇ ਅਤੇ ਇਹੋ ਸਾਰੇ ਇੱਕ ਦੂਸਰੇ ਦਾ ਸਹਾਰਾ ਬਣੇ ਰਹੇ। ਜਿਹੋ ਜਿਹਾ ਵਕਤ ਆਇਆ ਉਸੇ ਤਰਾਂ ਦਿਨ ਕਟੀ ਕਰਦੇ ਰਹੇ। ਮੰਜ਼ਲ ਦੂਰ ਸੀ ਅਤੇ ਮੁਕੱਦਰ ਵੀ ਇਹਨਾਂ ਦੇ ਸਬਰ ਨੂੰ ਪਰਖਣ ਦਾ ਯਤਨ ਕਰ ਰਿਹਾ ਸੀ। ਇਹਨਾਂ ਸਾਰਿਆਂ ਦਾ ਧਿਆਨ ਪਿਤਾ ਜੀ ਵੱਲ ਆਸਾਂ ਅਤੇ ਉਮੀਦਾਂ ਲਾਈ ਬਿਹਬਲਤਾ ਦੇ ਵਿੱਚ ਟਿਕਿਆ ਹੋਇਆ ਸੀ। ਵੱਡੇ ਵੱਡੇਰਿਆਂ ਦਾ ਸਾਥ ਹੋਵੇ ਤਾਂ ਬੱਚਿਆਂ ਨੂੰ ਬਹੁਤੀ ਚਿੰਤਾ ਨਹੀਂ ਹੋਇਆ ਕਰਦੀ, ਸੋ ਇਸੇ ਉਮੀਦ ਦੇ ਵਿੱਚ ਪਿਤਾ ਜੀ ਤੇ ਇਹਨਾਂ ਸਾਰਿਆਂ ਦੀਆਂ ਬਹੁਤ ਆਸਾਂ ਟਿਕਾਈਆਂ ਹੋਈਆਂ ਸਨ। ਇਹ ਵੀ ਕੁਦਰਤੀ ਗੱਲ ਹੈ ਕਿ ਦੁੱਖ ਵੇਲੇ ਇਨਸਾਨ ਦਾ ਝੁਕਾਵ ਉਸ ਪ੍ਰਮਾਤਮਾ ਵੱਲ ਸੁਭਾਵਿਕ ਹੀ ਚਲੇ ਜਾਇਆ ਕਰਦਾ ਹੈ। ਸ਼ਾਇਦ ਇਸੇ ਸੰਧਰਵ ਵਿੱਚ ਇਹ ਸਾਰੇ ਬਗਦਾਦ ਸ੍ਰੀ ਗੁਰੂ ਨਾਨਕ ਦੇਵ ਜੀ ਨਿਮਿਤ ਗੁਰਦੁਆਰਾ ਸਾਹਿਬ

ਚਲੇ ਗਏ। ਇਸ ਗੁਰਦੁਆਰੇ ਦੇ ਗ੍ਰੰਥੀ ਜੀ ਚਿਰੋਕਣੇ ਸਮੇਂ ਤੋਂ ਇੱਥੇ ਸੇਵਾ ਕਰ ਰਹੇ ਸਨ। ਇਹਨੀਂ ਖਾਣ ਪੀਣ ਦੀ ਰਸਦ ਬੀਬੀ ਜੀ ਹੋਰਾਂ ਨੂੰ ਦੇ ਦਿੱਤੀ ਤਾਂ ਕਿ ਇਹ ਆਪਣੇ ਲਈ ਦਾਲ ਰੋਟੀ ਬਣਾਉਣ ਦਾ ਬੰਦੋਬਸਤ ਕਰ ਲੈਣ। ਬੀਬੀ ਹੋਰੀਂ ਇੰਡੀਆਂ ਤੋਂ ਹੀ ਦਾਲਾਂ, ਸਟੋਵ ਅਤੇ ਠੰਡ ਤੋਂ ਬਚਣ ਲਈ ਕੰਬਲ ਬਗੈਰਾ ਗੱਡੀ ਦੇ ਵਿੱਚ ਰੱਖੇ ਹੋਏ ਸਨ, ਕੀ ਪਤਾ ਕਦੋਂ ਇਹਨਾਂ ਦੀ ਲੋੜ ਪੈ ਜਾਣੀ ਸੀ। ਪਿਤਾ ਜੀ ਇਹ ਵੀ ਖਿਆਲ ਕਰਦੇ ਸਨ ਕਿ ਬੱਚਿਆਂ ਨੂੰ ਸਫਰ ਦੇ ਦੌਰਾਨ ਇਹਨਾਂ ਦੇਸ਼ਾਂ ਵਾਰੇ ਵੀ ਕੁੱਝ ਪਤਾ ਹੋਣਾ ਚਾਹੀਦਾ ਹੈ ਸੋ ਉਹਨਾਂ ਦੀ ਭਾਵਨਾ ਇਹੋ ਰਹੀ ਕਿ ਤੰਗੀਆਂ ਨੂੰ ਅੱਖੋਂ ਪਰੋਖੇ ਕਰਦੇ ਹੋਏ ਸਫਰ ਨੂੰ ਸਹਿਜ਼ੇ ਤਹਿ ਕਰਨਾ ਚਾਹੀਦਾ ਹੈ। ਇੱਕ ਦਿਨ ਈਰਾਕ ਬੱਚੇ ਹਿੰਦੀ ਫਿਲਮ ਦੇਖਣ ਚਲੇ ਗਏ। ਉਸ ਜਗ੍ਹਾ ਰਹਿਣ ਵਾਲੀ ਇੱਕ ਲੜਕੀ ਜਸਵਿੰਦਰ ਦੀ ਸਹੇਲੀ ਬਣ ਗਈ। ਦੂਸਰੇ ਦਿਨ ਇਹ ਅਗਾਂਹ ਦੇ ਸਫਰ ਲਈ ਤੁਰ ਪਏ, ਜਦੋਂ ਇਹ ਸੀਰੀਆ ਪਹੁੰਚੇ ਤਾਂ ਉੱਥੇ ਮਲੇਰੀਆ ਫ਼ੈਲਿਆ ਹੋਇਆ ਸੀ ਸੋ ਇਹਨਾਂ ਨੂੰ ਅਗਾਂਹ ਜਾਣ ਦੀ ਇਜਾਜ਼ਤ ਨਹੀਂ ਸੀ ਮਿਲ ਸਕਦੀ ਸੋ ਇਸੇ ਕਾਰਣ ਇਹਨਾਂ ਨੂੰ ਉੱਥੇ ਕਿਸੇ ਚਰਚ੍ਹ ਦੇ ਵਿੱਚ ਦੋ ਹਫਤੇ ਕੋਆਰਨਟੀਨ ਵਿੱਚ ਰਹਿਣਾ ਪਿਆ। ਬੀਬੀ ਹੋਰੀਂ ਸਟੋਵ ਤੇ ਦਾਲ ਬਣਾ ਲਿਆ ਕਰਦੇ ਸੀ ਅਤੇ ਆਪਣੇ ਲਈ ਦੋ ਰੋਟੀਆਂ ਰਾੜ੍ਹ ਲੈਣੀਆਂ ਕਿਉਂਕਿ ਇਹ ਬਾਹਰਲਾ ਖਾਣਾ ਨਹੀਂ ਸੀ ਖਾਇਆ ਕਰਦੇ। ਰਾਜਿੰਦਰ ਨੇ ਜਾ ਕੇ ਬਾਹਰੋਂ ਵੱਡੀ ਸਾਰੀ ਰੋਟੀ ਜਿਸਨੂੰ ਖਬੂਸ ਕਿਹਾ ਜਾਂਦਾ ਹੈ ਉਹ ਖਰੀਦ ਲਿਆਉਂਣੀ, ਕਹਿੰਦੇ ਹਨ ਕਿ ਉਹ ਬਹੁਤੀ ਮਹਿੰਗੀ ਨਹੀਂ ਸੀ ਹੁੰਦੀ ਅਤੇ ਬਾਕੀ ਮੈਂਬਰਾਂ ਨੇ ਖਬੂਸ ਖਾ ਕੇ ਗੁਜਾਰਾ ਕਰ ਲੈਣਾਂ। ਇਹ ਦੋ ਹਫਤੇ ਦਾ ਸਮਾਂ ਕੱਟਣਾ ਇਹਨਾਂ ਲਈ ਕਠਿਨ ਸੀ, ਪੈਸੇ ਜੇਬ ਵਿੱਚ ਨਾ ਹੋਣ ਤਾਂ ਕੁੱਝ ਵੀ ਚੰਗਾ ਨਹੀਂ ਲੱਗਿਆ ਕਰਦਾ, ਇਹੋ ਜਿਹਾ ਹੀ ਹਾਲ ਇਹਨਾਂ ਦਾ ਸੀ। ਇਹ ਤਾਂ ਸ਼ੇਤੀਂ ਇੰਗਲੈਂਡ ਪਹੁੰਚਣਾ ਚਾਹੁੰਦੇ ਸਨ ਪਰ ਔਖਿਆਈਆਂ ਦਾ ਸਾਮ੍ਹਣਾ ਕਰਨਾ ਹੀ ਪੈਣਾ ਸੀ। ਜਿਸ ਦਿਨ ਮਲੇਰੀਆ ਦੀ ਸਾਰੀ ਜਾਂਚ ਬੇਦਾਗ ਸਾਬਤ ਹੋਈ ਤਾਂ ਇਹਨਾਂ ਨੂੰ ਅਗਾਂਹ ਦਾ ਸਫਰ ਕਰਨ ਦੀ ਖੁੱਲ੍ਹ ਮਿਲ ਗਈ। ਈਸਤਨਬੁਲ੍ਹ ਦੇ ਪਹਾੜੀ ਇਲਾਕੇ ਦਾ ਸਫ਼ਰ ਬਹੁਤ ਖਤਰਨਾਕ ਸੀ, ਇੱਥੇ ਕਾਰ ਦੇ ਟਾਇਰੌੜ ਟੁੱਟ ਗਏ, ਵੀਰਾਨ ਪੈਂਡਾ ਸੀ ਕੋਈ ਲਾਗੇ ਨਜ਼ਰ ਵੀ ਨਹੀਂ ਸੀ ਆਉਂਦਾ। ਕਈ ਕਈ ਸੌ ਮੀਲਾਂ ਦਾ ਸਫਰ ਵੀਰਾਨ ਜਗ੍ਹਾ ਦੇ ਵਿੱਚ ਦੀ ਤਹਿ ਕਰਨਾ ਪੈਂਦਾ ਸੀ। ਇਸ ਮੁਸੀਬਤ ਅਤੇ ਮਜਬੂਰੀ ਨੇ ਇਹਨਾਂ ਸਾਰਿਆਂ ਨੂੰ ਪਰੇਸ਼ਾਨ ਕਰ ਦਿੱਤਾ। ਰੱਬ ਦੀ ਅਪਾਰ ਮੇਹਰ ਹੋਈ ਕਿ ਕੋਈ ਸੱਜਣ ਕਾਰ ਦੇ ਵਿੱਚ ਇਸ ਪਾਸੇ ਦੀ ਲੰਘ ਰਿਹਾ ਸੀ ਜਦੋਂ ਕੋਲ ਦੀ ਲੰਘਣ ਲੱਗਿਆ ਤਾਂ ਉਸਨੇ ਦੇਖਿਆ ਕਿ ਸਰਦਾਰ ਹੋਰੀਂ ਕਿਸੇ ਮੁਸੀਬਤ ਵਿੱਚ ਦਿਸਦੇ ਸਨ। ਸੋ ਉਹਨੀਂ ਗੱਡੀ ਖੜੀ ਕਰਕੇ ਪੁੱਛ-ਗਿੱਛ ਕੀਤੀ, ਪਿਤਾ ਜੀ ਨੇ ਟਾਏਰੌੜ ਦੇ ਟੁੱਟਣ ਬਾਰੇ ਦਸਿੱਆ ਤਾਂ ਉਹ

ਕਹਿਣ ਲੱਗਾ ਕਿ ਇਸ ਵਕਤ ਕੋਈ ਗੈਰਜ਼ ਤਾਂ ਖੁੱਲਾਂ ਨਹੀਂ ਹੈ ਸਾਨੂੰ ਵਾਪਿਸ ਮੇਰੇ ਘਰ ਜਾਣਾ ਪਏਗਾ। ਮੇਰਾ ਘਰ ਬਹੁਤ ਦੂਰ ਨਹੀਂ ਹੈ ਸੋ ਤੁਸੀਂ ਮੇਰੇ ਨਾਲ ਚੱਲੋ, ਸਵੇਰ ਹੁੰਦੇ ਸਾਰ ਮੈਂ ਕਿਸੇ ਮਕੈਨਿਕ ਦਾ ਬੰਦੋਬਸਤ ਕਰ ਲਵਾਂਗਾ। ਇਸ ਵਕਤ ਕੋਈ ਹੋਰ ਚਾਰਾ ਵੀ ਨਹੀਂ ਸੀ, ਪਿਤਾ ਜੀ ਨੂੰ ਉਸਦੇ ਘਰ ਰੁਕਣ ਦੀ ਵੀ ਕੁੱਝ ਸ਼ੁਬ੍ਹਾ ਹੋਈ ਪਰ ਹਾਲਾਤ ਹੀ ਵਿਰੋਧੀ ਸਨ ਖੈਰ ਵਾਹਿਗੁਰੂ ਦਾ ਓਟ ਆਸਰਾ ਲੈ ਕੇ ਇਹਨਾਂ ਨੇ ਉਸਦੀ ਗੱਲ ਤੇ ਰਜ਼ਾਮੰਦੀ ਜਾਹਰ ਕੀਤੀ। ਉਸਨੇ ਕਾਰ ਨੂੰ ਖਿੱਚਣ ਲਈ ਰੱਸੇ ਨਾਲ ਬੰਨ ਲਿਆ ਅਤੇ ਰਾਤ ਦੇ ਪਹਿਰ ਇਹਨਾਂ ਸਾਰਿਆਂ ਨੂੰ ਆਪਣੇ ਘਰ ਲੈ ਆਇਆ। ਪਿਤਾ ਜੀ ਦਾ ਧਿਆਨ ਆਪਣੇ ਬੱਚਿਆਂ ਵੱਲ ਹੀ ਰਿਹਾ ਨੀਂਦ ਕਿੱਥੇ ਆਉਣੀਂ ਸੀ। ਉਸ ਸ਼ਕਸ ਨੇ ਸਵੇਰੇ ਤੜਕਸਾਰ ਕਾਰ ਦੀ ਮੁਰੰਤ ਕਰਨ ਲਈ ਕਿਸੇ ਮਕੈਨਿਕ ਦਾ ਇੰਤਜਾਮ ਕੀਤਾ, ਉਸਨੇ ਆ ਕੇ ਟਾਏਰੌਡ਼ ਬਦਲ ਦਿੱਤੇ, ਕਾਰ ਠੀਕ ਹੋ ਗਈ ਮਾੜਾ ਮੋਟਾ ਖਾ ਪੀ ਕੇ ਪਿਤਾ ਜੀ ਨੇ ਉਹਨਾਂ ਦਾ ਧੰਨਵਾਦ ਕੀਤਾ ਅਤੇ ਫਿਰ ਸਫਰ ਲਈ ਚੱਲ ਪਏ। ਮੁਸਲਮਾਨ ਵੀ ਨੇਕ-ਨੀਤੀ ਅਤੇ ਸੁਹਿਰਦ ਸੁਭਾਵ ਦੇ ਇਨਸਾਨ ਹੋ ਸਕਦੇ ਹਨ ਇਹ ਕੋਈ ਅਤਕਥਨੀ ਗੱਲ ਨਹੀ ਹੈ। ਇਹ ਇਨਸਾਨ ਵੀ ਦੇਵਤੇ ਦੇ ਨਿਆਈਂ ਪਤਾ ਨਹੀਂ ਕਿਵੇਂ ਉਸ ਮੌਕੇ ਤੇ ਅੱਧੀ ਰਾਤ ਨੂੰ ਪਿਤਾ ਜੀ ਹੋਰਾਂ ਦੀ ਮਦਦ ਲਈ ਉਸ ਜਗ੍ਹਾ ਪਹੁੰਚ ਗਿਆ। ਇਹ ਸਾਰਾ ਪੈਂਡਾ ਹੀ ਮੁਸਲਮਾਨਾਂ ਦੀ ਵਸੋਂ ਵਾਲਾ ਸੀ ਪਰ ਰੱਬ ਦੀ ਮੇਹਰ ਸਦਕਾ ਜਦੋਂ ਵੀ ਕੋਈ ਸਫ਼ਰ ਦੇ ਦੌਰਾਨ ਔਕੜ ਆਈ ਤਾਂ ਇਹਨਾਂ ਲੋਕਾਂ ਨੇ ਹੀ ਸਮੇਂ ਸਮੇਂ ਇਹਨਾਂ ਦੀ ਮਦਦ ਕੀਤੀ ਸੀ। ਲੰਡਨ ਤੱਕ ਪਿਤਾ ਜੀ ਪਰਿਵਾਰ ਸਮੇਤ ਕਿਵੇਂ ਪਹੁੰਚ ਗਏ ਇਸ ਬੁਝਾਰਤ ਨੂੰ ਉਹ ਵਾਹਿਗੁਰੂ ਹੀ ਜਾਣਦਾ ਹੈ।

ਡੋਵਰ ਦਾ ਬਾਰਡਰ ਲੰਘਣ ਲੱਗਿਆਂ ਬਰਤਾਨੀਆਂ ਇਮੀਗਰੇਸ਼ਨ ਵਾਲਿਆਂ ਨੇ ਰਣਧੀਰ ਅਤੇ ਉਸਦੇ ਦੋਸਤ ਨੂੰ ਰੋਕ ਦਿੱਤਾ ਸੋ ਉਹਨਾਂ ਨੂੰ ਨਿਰਾਸ਼ ਹੁੰਦਿਆਂ ਵਾਪਿਸ ਇੰਡੀਆ ਮੁੜਨਾ ਪਿਆ ਜੋ ਹਾਲਤ ਉਸ ਸਮੇਂ ਪਿਤਾ ਜੀ ਹੋਰਾਂ ਦੀ ਹੋਈ ਸੀ ਉਸਨੂੰ ਬਿਆਨ ਨਹੀ ਕੀਤਾ ਜਾ ਸਕਦਾ। ਜਿਹਨਾਂ ਬੱਚਿਆਂ ਨੂੰ ਆਪਣੇ ਬੱਚਿਆਂ ਵਾਂਗ ਨਾਲ ਲੈਕੇ ਆਏ ਸੀ ਉਹ ਅਚਨਚੇਤ ਵਾਪਿਸ ਕਰ ਦਿੱਤੇ ਜਾਣ ਤਾਂ ਉਸਦਾ ਕਿੰਨਾ ਰੋਸ ਅਤੇ ਖੇਦ ਹੁੰਦਾ ਹੈ ਇਸ ਨਿਰਾਸ਼ਾ ਨੂੰ ਉਹੋ ਸਮਝ ਸਕਦਾ ਹੈ ਜਿਸਦੇ ਨਾਲ ਇਹ ਵਾਕਿਆ ਬੀਤਦਾ ਹੈ। ਲੰਡਨ ਸਿਰਫ ਨਾਸ਼ਤਾ ਕਰਕੇ ਇਹ ਆਪਣੇ ਦੋਸਤ ਬਚਨਾ ਰਾਮ ਦੇ ਘਰ ਡੌਨਕਾਸਟਰ ਪਹੁੰਚੇ। ਇੱਥੇ ਪਹੁੰਚ ਕੇ ਇਹਨੀਂ ਸਾਰਿਆਂ ਨੇ ਰੱਜ ਕੇ ਰੋਟੀ ਖਾਧੀ ਤਾਂ ਕੁੱਝ ਸੁਰਤ ਆਈ ਅਤੇ ਸਰੀਰ ਕਾਇਮ ਹੋਇਆ। ਲੀਡਜ਼ ਦਾ ਸਫ਼ਰ ਤਕਰੀਬਨ 45 ਮਿੰਟਾਂ ਦਾ ਰਹਿ ਗਿਆ ਸੀ। ਥੋੜਾ ਆਰਾਮ ਕਰਨ ਤੋਂ ਉਪਰੰਤ ਇਹ ਆਪਣੇ ਘਰ ਲੀਡਸ ਵੱਲ ਤੁਰ

ਪਏ। ਜਿਸ ਵੇਲੇ ਇਹ ਆਪਣੇ ਘਰ ਦੇ ਦਰਵਾਜ਼ੇ ਅੱਗੇ ਪਹੁੰਚੇ, ਕਾਰ ਦਾ ਇੰਜਨ ਬੰਦ ਕਰ ਦਿੱਤਾ ਆਪਣਾ ਸਾਮਾਨ ਵਗੈਰਾ ਅੰਦਰ ਰੱਖ ਕੇ ਕੁੱਝ ਸਮੇਂ ਤੋਂ ਬਾਦ ਕਾਰ ਨੂੰ ਸਟਾਰਟ ਕਰਨ ਲੱਗੇ ਤਾਂ ਕਾਰ ਸਟਾਰਟ ਨਾਂ ਹੋਈ। ਦੂਸਰੇ ਦਿਨ ਫਿਰ ਕਾਰ ਸਟਾਰਟ ਕਰਨ ਦੀ ਕੋਸ਼ਿਸ਼ ਕੀਤੀ ਪਰ ਫਿਰ ਵੀ ਕਾਰ ਸਟਾਰਟ ਨਾਂ ਹੋਈ ਆਖਿਰਕਾਰ ਕਾਰ ਮਕੈਨਿਕ ਨੂੰ ਸੱਦਿਆ ਗਿਆ। ਉਸਨੇ ਆਕੇ ਸਾਰਾ ਇੰਜਨ ਦੇਖਿਆ ਅਤੇ ਸਾਰੇ ਉਪਾਏ ਕਰਨ ਤੋਂ ਬਾਦ ਉਸਨੇ ਹੈਰਾਨੀ ਵਿੱਚ ਕਿਹਾ ਕਿ ਤੁਸੀਂ ਇੰਡੀਆ ਤੋਂ ਸੱਚੀਂ ਇਸ ਕਾਰ ਵਿੱਚ ਆਏ ਹੋ। ਉਹ ਹੱਕਾ-ਬੱਕਾ ਹੁੰਦਿਆਂ ਚੁੱਪ ਸੀ ਅਤੇ ਕਹਿਣ ਲੱਗਾ ਕਿ ਕਾਰ ਦੇ ਇੰਜਨ ਵਿੱਚ ਕੱਖ ਵੀ ਨਹੀ ਰਿਹਾ। ਇਸ ਕਾਰ ਨੇ ਸਿਰਫ ਵੱਧ ਤੋਂ ਵੱਧ 60,000 ਮੀਲ ਦਾ ਸਫ਼ਰ ਤਹਿ ਕੀਤਾ ਹੋਵੇਗਾ ਜਿੱਥੇ ਕਿ ਨਵੀਂ ਕਾਰ ਦਾ ਇੰਜਨ ਆਮ ਲੱਖ ਮੀਲ ਸਹਿਜੇ ਕਰ ਸਕਦਾ ਹੈ, ਸਾਰੇ ਹੈਰਾਨ ਸਨ ਕਿ ਕੀ ਇਸ ਕਾਰ ਨੇ ਇਹਨਾਂ ਨੂੰ ਸਿਰਫ ਆਪਣੀ ਮੰਜਿਲ ਤੱਕ ਹੀ ਪਹੁੰਚਾਉਣਾ ਸੀ। ਇਹ ਕਿੱਡੀ ਵੱਡੀ ਪ੍ਰਮਾਤਮਾ ਦੀ ਬਖਸ਼ਿਸ਼ ਹੋਈ ਹੋਵੇਗੀ ਇਹ ਤਾਂ ਉਹ ਵਾਹਿਗੁਰੂ ਹੀ ਜਾਣਦਾ ਹੈ। ਪਿਤਾ ਜੀ ਨੇ ਉਸ ਦਾਤੇ ਦਾ ਕੋਟਾਨਕੋਟ ਧੰਨਵਾਦ ਕੀਤਾ ਅਤੇ ਕਿਹਾ ਵਾਹਿਗੁਰੂ ਇਹ ਤੇਰੀਆਂ ਹੀ ਰਹਿਮਤਾਂ ਹਨ, ਸ਼ਾਇਦ ਕਾਰ ਨੇ ਸਿਰਫ ਘਰ ਤੱਕ ਹੀ ਪਹੁੰਚਣਾ ਸੀ ਆਖਿਰਕਾਰ ਕਾਰ ਨੂੰ ਕੁਵਾੜਖਾਨੇ ਹੀ ਭੇਜਣਾ ਪਿਆ। ਇਸ ਸਫ਼ਰ ਦੀ ਦਾਸਤਾਨ, ਅਜੀਬ, ਰਹੱਸਮਈ, ਅਤੇ ਅਭੁੱਲ ਯਾਦਾਂ ਸਦੀਵੀ ਤੌਰ ਤੇ ਪ੍ਰਵਾਰ ਲਈ ਤਾਜ਼ਾ ਰਹਿਣਗੀਆਂ।

ਮੇਰੀ ਛੋਟੀ ਭੈਣ ਜਸਵਿੰਦਰ ਦਾ ਪਿਤਾ ਜੀ ਵਾਰੇ ਇਹ ਕਹਿਣਾ ਹੈ ਕਿ ਮੇਰੇ ਡੈਡੀ ਨੇ ਸਾਨੂੰ ਬਹੁਤ ਪਿਆਰ ਦਿੱਤਾ ਸੀ, ਭਾਵੇਂ ਉਹ ਇੰਗਲੈਂਡ ਵੀ ਰਹੇ ਪਰ ਸਾਨੂੰ ਕਦੀ ਨਹੀਂ ਸੀ ਭੁਲਾਇਆ ਅਤੇ ਅਸੀਂ ਵੀ ਉਹਨਾਂ ਦੀ ਹਮੇਸ਼ਾਂ ਵਾਪਿਸ ਆਉਣ ਦੀ ਉਡੀਕ ਕਰਿਆ ਕਰਦੇ ਸੀ। ਮੈਂ ਦਸਵੀਂ ਕਲਾਸ ਸ਼੍ਰੀ ਮਾ ਅੰਨਦ ਮਈ ਆਸ਼ਰਮ ਹਾਈ ਸਕੂਲ ਤੋਂ ਪਾਸ ਕੀਤੀ ਹੈ, ਇਸ ਗੱਲ ਦਾ ਮੈਨੂੰ ਮਾਣ ਹੈ ਕਿ ਇਹ ਆਸ਼ਰਮ ਸੰਤਾਂ ਸਾਧੂਆਂ ਦੀ ਰਿਹਾਇਸ਼ ਦਾ ਕੇਂਦਰ ਹੈ ਜਿੱਥੇ ਸਵੇਰੇ ਸ਼ਾਮ ਵਾਹਿਗੁਰੂ ਦਾ ਜਾਪ ਹੁੰਦਾ ਰਹਿੰਦਾ ਹੈ ਅਤੇ ਮੇਰੇ ਡੈਡੀ ਹੋਰਾਂ ਦਾ ਇਸ ਪਰਿਵਾਰ ਦੇ ਨਾਲ ਗਹਿਰਾ ਸੰਬੰਧ ਹੈ। ਪਹਿਲਾਂ ਮੈਂ ਦਾਣਾ ਮੰਡੀ ਸਕੂਲ ਵਿੱਚ ਪੜ੍ਹਿਆ ਕਰਦੀ ਸੀ ਪਰ ਡੈਡੀ ਨੇ ਮੈਨੂੰ ਇਸ ਆਸ਼ਰਮ ਦੇ ਸਕੂਲ ਵਿੱਚ ਪੜ੍ਹਨ ਪਾ ਦਿੱਤਾ ਸੀ। ਇਸ ਸਕੂਲ ਦੇ ਵਿੱਚ ਪੜ੍ਹਦਿਆਂ ਮੈਂ ਸਿੱਖ ਧਰਮ ਦੀ ਮੁੱਢਲੀ ਜਾਣਕਾਰੀ ਵੀ ਪ੍ਰਾਪਤ ਕੀਤੀ ਇਹ ਸੱਭ ਕੁੱਝ ਮੇਰੇ ਡੈਡੀ ਦੀ ਦੇਣ ਹੈ। ਡੈਡੀ ਜਦੋਂ ਵਾਪਿਸ ਇੰਗਲੈਂਡ ਤੋਂ ਪੰਜਾਬ ਆਏ ਤਾਂ ਸਾਨੂੰ ਬੇਹੱਦ ਖੁਸ਼ੀ ਹੋਈ ਜਿਵੇਂ ਸਦੀਆਂ ਤੋਂ ਸਾਡਾ ਗੁਆਚਿਆ ਹੋਇਆ ਅਨਮੋਲ ਖਜ਼ਾਨਾ ਸਾਨੂੰ ਅਚਾਨਕ ਮਿਲ ਗਿਆ ਹੋਵੇ। ਆਪਣੇ ਡੈਡੀ ਨੂੰ ਮਿਲਣ

ਲਈ ਸਾਡੀਆਂ ਅੱਖਾਂ ਤਰਸਦੀਆਂ ਸਨ, ਉਸ ਦਿਨ ਮੇਰੇ ਮਨ ਦੀ ਰੀਝ ਪੂਰੀ ਹੋਈ। ਅਸੀਂ ਸਾਰਿਆਂ ਨੇ ਇਹਨਾਂ ਦੇ ਨਾਲ ਰਹਿਕੇ ਬਹੁਤ ਆਨੰਦ ਮਾਣਿਆ। ਉਸ ਦਿਨ ਸਾਡੀ ਖੁਸ਼ੀ ਦਾ ਕੋਈ ਅੰਤ ਨਹੀਂ ਸੀ ਜਿਸ ਦਿਨ ਡੈਡੀ ਨੇ ਕਿਹਾ ਕਿ ਬੱਚਿਓ ਮੈ ਤੁਹਾਨੂੰ ਆਪਣੇ ਨਾਲ ਇੰਗਲੈਂਡ ਲੈ ਕੇ ਜਾਣਾ ਹੈ, ਅਸੀਂ ਉਸ ਦਿਨ ਦੀ ਬੇਸਬਰੀ ਦੇ ਨਾਲ ਉਡੀਕ ਕਰਨ ਲੱਗੇ। ਉਹ ਦਿਨ ਵੀ ਆ ਗਿਆ ਜਦੋਂ ਮੈਂ ਆਪਣੀ ਛੋਟੀ ਭੈਣ ਪਰਮਿੰਦਰ, ਆਪਣੇ ਦੋਵੇਂ ਭਰਾਵਾਂ ਰਾਜਿੰਦਰ, ਰਾਮਿੰਦਰ ਅਤੇ ਡੈਡੀ-ਮੰਮ ਦੇ ਨਾਲ ਅਸੀਂ ਸਾਰੇ ਬੰਬਈ ਤੋਂ ਸਮੁੰਦਰੀ ਜਹਾਜ਼ ਰਾਹੀਂ ਈਰਾਕ ਦੇ ਸ਼ਹਿਰ ਬਸਰਾ ਲਈ ਚਾਲੇ ਪਾਏ। ਅਸੀਂ ਜਮਸ਼ੇਰ ਤੋਂ ਪਹਿਲਾਂ ਅਹਿਮਦਾਬਾਦ ਆਪਣੇ ਨਾਨਾ ਨਾਨੀ ਜੀ ਦੇ ਕੋਲ ਪਹੁੰਚੇ ਫਿਰ ਇਸੇ ਕਾਰ ਦੇ ਵਿੱਚ ਬੰਬਈ ਤੱਕ ਪਹੁੰਚੇ ਸੀ। ਸਮੁੰਦਰੀ ਜਹਾਜ਼ ਦਾ ਸਫ਼ਰ ਗਿਆਰਾਂ ਦਿਨਾ ਦਾ ਸੀ, ਇਹ ਸਮੁੰਦਰੀ ਸਫ਼ਰ ਸਾਡਾ ਪਹਿਲਾ ਸਫ਼ਰ ਸੀ ਸੋ ਇਸ ਸਫ਼ਰ ਦੇ ਦੌਰਾਨ ਅਸੀਂ ਬੇਹੱਦ ਖੁਸ਼ ਸੀ, ਇਹ ਜਹਾਜ਼ ਬਹੁਤ ਵੱਡਾ ਸੀ ਅਤੇ ਅਸੀਂ ਖੂਬ ਵੱਖ ਵੱਖ ਇਸਦੀਆਂ ਤਹਿਾਂ ਤੇ ਘੁਮੰਦੀਆਂ ਰਹੀਆਂ। ਕਈ ਬਾਰ ਛੱਲਾਂ ਦਿਲ ਪੱਟ ਦਿੰਦੀਆਂ ਸਨ ਪਰ ਸ਼ੇਤੀਂ ਹੀ ਜਹਾਜ਼ ਸਥਿਰ ਹੋ ਜਾਇਆ ਕਰਦਾ ਸੀ। ਅਸੀਂ ਬਸਰਾ ਪਹੁੰਚਣਾ ਸੀ ਉੱਥੇ ਪਹੁੰਚ ਕੇ ਆਪਣੀ ਕਾਰ ਰਾਹੀਂ ਅਗਾਂਹ ਦਾ ਸਫ਼ਰ ਤਹਿ ਕਰਨਾ ਸੀ ਸੋ ਬਸਰੇ ਤੋਂ ਅਸੀਂ ਆਪਣੀ ਕਾਰ ਦੇ ਵਿੱਚ ਸਫ਼ਰ ਕਰਨਾ ਸ਼ੁਰੂ ਕੀਤਾ। ਕੁਵੇਤ ਤੋਂ ਅੱਗੇ ਦਾ ਸਾਰਾ ਸਫ਼ਰ ਅਸੀਂ ਕਾਰ ਦੇ ਵਿੱਚ ਹੀ ਤਹਿ ਕੀਤਾ ਸੀ। ਮੇਰੀ ਮੰਮ ਨੇ ਕਾਰ ਵਿੱਚ ਖਾਣ ਪੀਣ ਦਾ ਸਾਰਾ ਸਾਮਾਨ ਰੱਖਿਆ ਹੋਇਆ ਸੀ, ਕੰਬਲ ਵੀ ਰੱਖ ਲਏ ਸਨ, ਜਿੱਥੇ ਵੀ ਕੋਈ ਪੱਧਰੀ ਜਾਂ ਸਾਫ ਜਗ੍ਹ ਆਉਂਦੀ ਸੀ ਅਸੀਂ ਉੱਥੇ ਹੀ ਗੱਡੀ ਖੜੀ ਕਰਕੇ ਖਾਣਾ ਬਣਾ ਲੈਂਦੇ ਸੀ। ਇਸ ਸਫ਼ਰ ਦੌਰਾਨ ਦੋ ਬਾਰ ਸਾਡੀ ਗੱਡੀ ਖਰਾਬ ਹੋਈ ਪਹਿਲੀ ਬਾਰ ਗੱਡੀ ਠੀਕ ਹੋਣ ਨੂੰ ਦੋ ਦਿਨ ਲੱਗੇ ਸੀ ਅਤੇ ਸਾਨੂੰ ਇੱਥੇ ਇੱਕ ਚਰਚ ਦੇ ਵਿੱਚ ਰਹਿਣਾ ਪਿਆ ਸੀ। ਇਸ ਚਰਚ ਦੇ ਵਿੱਚ ਇੱਕ ਲੜਕੀ ਮੇਰੀ ਸਹੇਲੀ ਬਣ ਗਈ ਸੀ ਸਾਨੂੰ ਡੈਡੀ ਹੋਰੀਂ ਇੱਕ ਦਿਨ ਕਹਿਣ ਲੱਗੇ ਚਲੋ ਤੁਹਾਨੂੰ ਘੁਮਾ-ਫਿਰਾ ਲਿਆਵਾਂ, ਸੋ ਅਸੀਂ ਉਸ ਲੜਕੀ ਨੂੰ ਨਾਲ ਲੈ ਕੇ ਹਿੰਦੀ ਫਿਲਮ 'ਕੋਈ ਮੁਝੇ ਜੰਗਲੀ ਕਹੇ' ਦੇਖਣ ਚਲੇ ਗਏ। ਦੂਸਰੀ ਬਾਰ ਗੱਡੀ ਦਾ ਟਾਇਰ ਪੰਚਰ ਹੋ ਗਿਆ ਸੀ ਅਤੇ ਸਾਨੂੰ ਕਿਸੇ ਦੇ ਘਰ ਰਹਿਣਾ ਪਿਆ ਅਤੇ ਇਹ ਓਪਰੀ ਜਗ੍ਹਾ ਹੋਣ ਕਰਕੇ ਡੈਡੀ ਸਾਰੀ ਰਾਤ ਨਹੀਂ ਸੀ ਸੁੱਤੇ। ਡੈਡੀ ਹੀ ਗੱਡੀ ਚਲਾ ਸਕਦੇ ਸੀ ਕਈ ਬਾਰ ਸੂਰਜ ਸਾਹਮਣੇ ਅੱਖਾਂ ਦੇ ਵਿੱਚ ਪੈਂਦਾ ਸੀ ਅਤੇ ਗੱਡੀ ਦਾ ਸ਼ੀਸ਼ਾ ਪਲਾਸਟਿਕ ਦਾ ਹੋਣ ਕਾਰਣ ਇਹਨਾਂ ਦੀਆਂ ਅੱਖਾਂ ਤੇ ਬੁਰਾ ਅਸਰ ਪੈਂਦਾ ਸੀ ਪਰ ਡੈਡੀ ਨੇ ਹਿੰਮਤ ਨਹੀਂ ਸੀ ਹਾਰੀ। ਜਦੋਂ ਅਸੀਂ ਕੈਲੇ ਸਰਹੱਦ ਤੇ ਪਹੁੰਚ ਗਏ ਤਾਂ ਸਮੁੰਦਰੀ ਸਵਰੀਨ ਦੇ ਵਿੱਚ ਆ ਬੈਠੇ ਤਾਂ ਕਿ ਇੰਗਲੈਂਡ ਦੀ ਹੱਦ ਡੋਵਰ ਤੇ ਪਹੁੰਚ ਸਕੀਏ, ਸਮੁੰਦਰ

ਦੀਆਂ ਛੱਲਾਂ ਤੁਫਾਨ ਵਾਂਗ ਜਹਾਜ਼ ਨੂੰ ਉੱਪਰ ਥੱਲੇ ਚੁੱਕ ਰਹੀਆਂ ਸੀ ਅਸੀਂ ਵੀ ਡਰੇ ਹੋਏ ਸਹਿਮੇ ਪਏ ਸੀ, ਰੱਬ ਦੀ ਦਇਆ ਨਾਲ ਅਸੀਂ ਸਮੁੰਦਰ ਪਾਰ ਕਰ ਗਏ ਜਦੋਂ ਡੋਵਰ ਤੇ ਆਏ ਤਾਂ ਸਾਡੇ ਨਾਲ ਕਾਰ ਦੇ ਵਿੱਚ ਦੋ ਲੜਕੇ ਵੀ ਸਫ਼ਰ ਕਰ ਰਹੇ ਸੀ ਉਹਨਾਂ ਨੂੰ ਇਮੀਗਰਸ਼ਨ ਵਾਲਿਆਂ ਨੇ ਲੰਘਣ ਨਹੀਂ ਦਿੱਤਾ, ਡੈਡੀ ਨੇ ਆਪਣੀ ਜੁਮੇਂਵਾਰੀ ਵੀ ਦਿੱਤੀ ਪਰ ਉਹ ਅਫ਼ਸਰ ਨਹੀਂ ਮੰਨੇ ਡੈਡੀ ਬਹੁਤ ਨਿਰਾਸ਼ ਹੋਏ। ਸਾਨੂੰ ਭੁੱਖ ਵੀ ਬਹੁਤ ਸਤਾ ਰਹੀ ਸੀ, ਪਰ ਸਾਡੇ ਕੋਲ ਪੈਸਾ ਵੀ ਨਹੀਂ ਸੀ ਬਚਿਆ ਪਰ ਡੈਡੀ ਨੇ ਸਾਨੂੰ ਮਾਯੂਸ ਵੀ ਨਹੀਂ ਸੀ ਹੋਣ ਦਿੱਤਾ ਕਹਿਣ ਲੱਗੇ ਚਲੋ ਹੁਣ ਕੁੱਝ ਖਾ ਲਈਏ। ਡੈਡੀ ਦੇ ਕੋਲ 20 ਪੌਂਡ ਦਾ ਇੱਕ ਨੋਟ ਬਚਿਆ ਸੀ ਜਦੋਂ ਜੇਬ ਵਿੱਚ ਹੱਥ ਪਾਇਆ ਤਾਂ ਉਹ ਵੀ ਕਿਤੇ ਡਿਗ ਪਿਆ ਹੁਣ ਤਾਂ ਰੱਬ ਹੀ ਰਾਖਾ ਸੀ। ਇਹਨੀਂ ਆਪਣੇ ਬਟੂਏ ਨੂੰ ਚੰਗੀ ਤਰਾਂ ਟੋਹਿਆ ਕੁਦਰਤੀ ਇਹਨਾਂ ਦੇ ਹੱਥ ਇੱਕ ਇੰਗਲੈਂਡ ਦੀ ਕਲੱਬ ਦਾ ਕਾਰਡ ਆ ਗਿਆ ਉਹ ਇਹਨੀਂ ਕੈਫ਼ੀ ਦੇ ਮੈਨੇਜਰ ਨੂੰ ਦਿਖਾਇਆ ਤਾਂ ਉਸਨੇ ਕਿਹਾ ਇਹ ਠੀਕ ਹੈ ਤੁਸੀਂ ਜੋ ਨਾਸ਼ਤਾ ਚਾਹੁੰਦੇ ਹੋ ਖਾ ਸਕਦੇ ਹੋ, ਖਾ ਪੀ ਕੇ ਸਾਨੂੰ ਥੋੜਾ ਧੀਰਜ ਹੋਇਆ। ਸ਼ਾਮ ਨੂੰ ਅਸੀਂ ਡੌਨਕਾਸਟਰ ਡੈਡੀ ਹੋਰਾਂ ਦੇ ਇੱਕ ਦੋਸਤ ਦੇ ਘਰ ਆ ਗਏ, ਠੰਡ ਬਹੁਤ ਸੀ ਇੱਥੇ ਅਸੀਂ ਚੰਗੀ ਤਰਾਂ ਰੋਟੀ ਖਾਧੀ ਫਿਰ ਆਪਣੀ ਮੰਜ਼ਲ ਤੇ ਲੀਡਜ਼ ਘਰ ਆ ਗਏ। ਇਹ ਖਬਰ ਵੀ ਆਮ ਫੈਲ ਗਈ ਸੀ ਕਿ ਉਹੋ ਸਵਰੀਨ ਜਹਾਜ਼ ਦੂਸਰੇ ਦਿਨ ਸਮੁੰਦਰ ਵਿੱਚ ਡੁੱਬ ਗਿਆ ਸੀ, ਵਾਹਿਗੁਰੂ ਨੇ ਸਾਨੂੰ ਕਿਵੇਂ ਬਚਾਇਆ ਇਹ ਬਹੁਤ ਇੱਕ ਗੁੱਝਾ ਭੇਦ ਹੈ ਜਿਸਨੂੰ ਅਸੀਂ ਨਹੀਂ ਸਮਝ ਸਕਦੇ। ਮੈਂ ਸਮਝਦੀ ਹਾਂ ਕਿ ਇਹ ਮੇਰੇ ਡੈਡੀ ਅਤੇ ਮੰਮ ਦੇ ਚੰਗੇ ਕਰਮ ਸਨ ਜਿਸ ਕਰਕੇ ਅਸੀਂ ਵੀ ਸੁਰੱਖਿਅਤ ਰਹਿੰਦੇ ਹੋਏ ਇਹ ਸਫ਼ਰ ਤਹਿ ਕਰ ਗਏ।

ਡੈਡੀ ਨੇ ਆਪਣੇ ਪੁੱਤਰਾਂ ਨਾਲੋਂ ਧੀਆਂ ਨੂੰ ਜਿਆਦਾ ਪਿਆਰ ਦਿੱਤਾ, ਜੋ ਵੀ ਅਸੀਂ ਮੰਗਣਾ ਸਾਡੀ ਹਰ ਮੰਗ ਨੂੰ ਪੂਰਾ ਕਰ ਦਿਆ ਕਰਦੇ ਸੀ। ਸਾਡੇ ਭਰਾਵਾਂ ਨੂੰ ਝਿੜਕ ਵੀ ਦਿਆ ਕਰਦੇ ਸੀ ਪਰ ਸਾਡੇ ਨਾਲ ਹੱਸ ਕੇ ਗੱਲ ਕਰਨੀ ਅਤੇ ਜੇ ਕਦੀ ਗਲਤੀ ਹੋ ਜਾਵੇ ਤਾਂ ਪਿਆਰ ਨਾਲ ਸਮਝਾ ਦਿਆ ਕਰਦੇ ਸੀ। ਅਸੀਂ ਉਮਰ ਕਰਕੇ ਛੋਟੀਆਂ ਸੀ ਸੋ ਸਾਨੂੰ ਚੰਗੇ ਸਕੂਲ ਵਿੱਚ ਪੜ੍ਹਨ ਪਾ ਦਿੱਤਾ ਘਰ ਦੇ ਵਿੱਚ ਕਿਸੇ ਕੰਮ ਕਰਨ ਲਈ ਕਦੀ ਜੋਰ ਨਹੀਂ ਸੀ ਪਾਉਂਦੇ ਸਿਰਫ ਪੜ੍ਹਾਈ ਲਈ ਤਾਗੀਦ ਕਰਦੇ ਰਹਿੰਦੇ ਸਨ। ਅਸੀਂ ਆਪਣੇ ਡੈਡੀ ਦੇ ਨਾਲ ਬਹੁਤ ਸੋਹਣਾ ਵਕਤ ਕੱਟਿਆ ਹੈ, ਵਾਹਿਗੁਰੂ ਸੰਸਾਰ ਦੀਆਂ ਸਾਰੀਆਂ ਲੜਕੀਆਂ ਨੂੰ ਮੇਰੇ ਡੈਡੀ ਵਰਗਾ ਪਿਤਾ ਨਸੀਵ ਕਰੇ, ਅੱਜ ਅਸੀਂ ਉਹਨਾਂ ਦੇ ਸਾਥ ਨੂੰ ਝੂਰਦੀਆਂ ਹਾਂ ਪਰ ਰੱਬ ਨੇ ਸਾਡੇ ਡੈਡੀ ਨੂੰ ਸਾਥੋਂ ਖੋਹ ਲਿਆ ਹੈ ਕਾਸ਼ ਅੱਜ ਉਹ ਸਾਡੇ ਨਾਲ ਹੁੰਦੇ ਅਸੀਂ

ਆਪਣੇ ਮਨ ਦੀਆਂ ਰਹਿ ਗਈਆਂ ਅਧੂਰੀਆਂ ਸੱਧਰਾਂ ਨੂੰ ਵੀ ਪੂਰਾ ਕਰ ਸਕਦੀਆਂ। ਆਤਮਾ ਦੇ ਤੌਰ ਤੇ ਸਦਾ ਉਹ ਸਾਡੇ ਅੰਗ ਸੰਗ ਹਨ ਵਾਹਿਗੁਰੂ ਉਹਨਾਂ ਦੀ ਰੂਹ ਨੂੰ ਸ਼ਾਂਤੀ ਬਖਸ਼ੇ।

ਮੇਰੀ ਛੋਟੀ ਭੈਣ ਪਰਮਿੰਦਰ ਆਪਣੇ ਪਿਤਾ ਦੇ ਵਿਜੋਗ ਦੇ ਵਿੱਚ ਆਪਣੀ ਬਿਹਬਲਤਾ ਨੂੰ ਇਸ ਤਰਾਂ ਬਿਆਨ ਕਰਦੀ ਹੈ ਕਿ ਅਕਸਰ ਆਪਣੇ ਬਚਪਣ ਦੇ ਵਿੱਚ ਬੱਚਾ ਆਪਣੇ ਪਿਤਾ ਅਤੇ ਮਾਤਾ ਦੀ ਘਰੇਲੂ ਮੌਜੂਦਗੀ ਦੌਰਾਨ ਪਲ਼ਦਾ ਹੈ ਪਰ ਮੈਨੂੰ ਆਪਣੇ ਪਿਤਾ ਬਾਰੇ ਅੱਠ ਸਾਲ ਤੱਕ ਕੁੱਝ ਵੀ ਨਹੀਂ ਸੀ ਪਤਾ। ਇਸਦੀ ਵਜ਼ਾ ਹੈ ਕਿ ਮੈਂ ਛੋਟੀ ਜਿਹੀ ਬੱਚੀ 5/6 ਮਹੀਨਿਆਂ ਦੀ ਹੀ ਸੀ ਜਦੋਂ ਮੇਰੇ ਪਿਤਾ ਜੀ ਇੰਗਲੈਂਡ ਚਲੇ ਗਏ ਸੀ। ਉਹਨਾਂ ਦੇ ਜਾਣ ਦੀ ਵਜ਼ਾ ਭਾਵੇਂ ਬੱਚਿਆਂ ਦੇ ਜੀਵਨ ਦੀ ਬੇਹਤਰੀ ਕਰਨ ਦਾ ਇਹ ਉਪਰਾਲਾ ਸੀ ਪਰ ਇਹ ਲੰਮਾ ਵਿਛੋੜਾ ਵੀ ਮੇਰੇ ਲਈ ਅਸਿਹ ਬਣਿਆ ਰਿਹਾ। ਮੇਰੀ ਮਾਤਾ ਦਾ ਸਾਥ ਹੋਣ ਕਰਕੇ ਮੇਰਾ ਬਚਪਣ ਭਾਵੇਂ ਬਹੁਤ ਖੁਸ਼ਹਾਲ ਬਤੀਤ ਹੋਇਆ ਪਰ ਅਕਸਰ ਮੈਂ ਆਪਣੇ ਪਿਤਾ ਜੀ ਬਾਰੇ ਸੋਚਦੀ ਰਹਿੰਦੀ ਸੀ ਕਿ ਉਹ ਕਿਹੋ ਜਿਹੇ ਹੋਣਗੇ, ਉਹਨਾਂ ਦਾ ਸੁਭਾਵ ਕਿਹੋ ਜਿਹਾ ਹੋਵੇਗਾ ਅਤੇ ਅਗਰ ਉਹ ਸਾਡੇ ਕੋਲ ਹੁੰਦੇ ਤਾਂ ਮਾਤਾ ਵਾਂਗ ਸਾਨੂੰ ਉਹਨਾਂ ਦੇ ਕੋਲੋਂ ਵੀ ਪਿਆਰ ਮਿਲਦਾ। ਅੱਠ ਸਾਲ ਬਾਦ ਮੇਰੇ ਭਰਾਵਾਂ ਅਤੇ ਮੇਰੀ ਭੈਣ ਤੋਂ ਮੈਨੂੰ ਪਤਾ ਲੱਗਾ ਕਿ ਮੇਰੇ ਪਿਤਾ ਜੀ ਸਾਨੂੰ ਮਿਲਣ ਲਈ ਆ ਰਹੇ ਹਨ ਅਤੇ ਮੈਂ ਖੁਸ਼ ਸੀ ਕਿ ਅਸੀਂ ਵੀ ਹੁਣ ਇੰਗਲੈਂਡ ਚਲੇ ਜਾਣਾ ਹੈ ਅਤੇ ਹੁਣ ਮੈਂ ਆਪਣੇ ਪਿਤਾ ਦੇ ਪਿਆਰ ਦੇ ਨਿੱਘ ਨੂੰ ਵੀ ਮਾਣ ਸਕਾਂਗੀ। ਆਖਿਰ ਉਹ ਦਿਨ ਵੀ ਆ ਗਿਆ ਜਦੋਂ ਪਹਿਲੀ ਬਾਰ ਮੈਂ ਆਪਣੇ ਪਿਤਾ ਜੀ ਨੂੰ ਦੇਖਿਆ ਮੇਰੀ ਖੁਸ਼ੀ ਦੀ ਕੋਈ ਹੱਦ ਨਹੀਂ ਸੀ। ਇਹ ਮੇਰੀ ਜਿੰਦਗੀ ਦਾ ਸੱਭਤੋਂ ਬੇਹਤਰੀਨ ਸਮਾਂ ਸੀ ਜਿਸਨੂੰ ਕਦੀ ਵੀ ਭੁਲਾਇਆ ਨਹੀਂ ਜਾ ਸਕਦਾ, ਮੈਂ ਆਪਣੀਆਂ ਸਹੇਲੀਆਂ ਨੂੰ ਇਸ ਖੁਸ਼ੀ ਬਾਰੇ ਦੱਸਦੀ ਨਹੀਂ ਸੀ ਥੱਕਦੀ। ਪਿਤਾ ਜੀ ਦਾ ਕਾਰ ਦੇ ਵਿੱਚ ਇੰਡੀਆ ਆਉਣਾ ਹੋਰ ਵੀ ਹੈਰਾਨੀ ਦੀ ਗੱਲ ਸੀ ਅਤੇ ਅੱਠ ਸਾਲਾਂ ਬਾਦ ਪਿਤਾ ਨੂੰ ਦੇਖਣਾ ਇਹ ਦਿਨ ਮੇਰੇ ਲਈ ਬਹੁਤ ਅਹਿਮੀਅਤ ਰੱਖਦਾ ਹੈ। ਮੈਨੂੰ ਯਾਦ ਹੈ ਕਿ ਜਦੋਂ ਪਿਤਾ ਜੀ ਘਰ ਦੇ ਅੰਦਰ ਆਉਣ ਲੱਗੇ ਤਾਂ ਮੇਰੀ ਮਾਤਾ ਜੀ ਨੇ ਜਾਮਣੀ ਰੰਗ ਦਾ ਸੂਟ ਪਾਇਆ ਹੋਇਆ ਸੀ ਅਤੇ ਦਰਵਾਜੇ ਵਿੱਚ ਖੜੀ ਮੇਰੇ ਪਿਤਾ ਦੀ ਉਡੀਕ ਕਰ ਰਹੇ ਸਨ। ਜਦੋਂ ਉਹ ਦਰਵਾਜੇ ਵਿੱਚ ਦੀ ਲੰਘਣ ਲੱਗੇ ਤਾਂ ਮੇਰੀ ਮਾਤਾ ਦੀਆਂ ਅੱਖਾਂ ਦੇ ਵਿੱਚ ਖੁਸ਼ੀ ਦੇ ਹੰਜੂ ਟਪਕ ਰਹੇ ਸਨ ਅਤੇ ਮੇਰੇ ਪਿਤਾ ਜੀ ਇਹਨਾਂ ਨੂੰ ਕਹਿ ਰਹੇ ਸੀ ਕਿ ਹੁਣ ਘਬਰਾਉਣ ਦੀ ਲੋੜ ਨਹੀਂ ਹੈ ਮੈਂ ਹੁਣ ਆ ਗਿਆ ਹਾਂ, ਇਹ ਪਿਤਾ ਜੀ ਦੇ ਕਹੇ ਗਏ ਸ਼ਬਦ ਮੇਰੇ ਕੰਨਾਂ ਵਿੱਚ ਹਮੇਸ਼ਾਂ ਗੂੰਜਦੇ ਰਹਿਣਗੇ ਜਦੋਂ ਤੱਕ ਮੇਰੀ ਜਿੰਦਗੀ ਹੈ।

ਮੇਰੇ ਪਿਤਾ ਜੀ ਲਈ ਵਾਪਿਸ ਇੰਗਲੈਂਡ ਕਾਰ ਦੇ ਵਿੱਚ ਜਾਣ ਦਾ ਸਫ਼ਰ ਕਠਿਨ ਅਤੇ ਮਹੱਤਵਪੂਰਨ ਸੀ ਕਿਉਂਕਿ ਬੱਚਿਆਂ ਦੀ ਸੁਰੱਖਿਆ ਦਾ ਸਵਾਲ ਸੀ ਕਿ ਕਿਵੇਂ ਸਾਨੂੰ ਸਹੀ-ਸਲਾਮਤ ਇੰਗਲੈਂਡ ਲੈ ਕੇ ਜਾ ਸਕਣਗੇ। ਰਸਤੇ ਦੇ ਸਫ਼ਰ ਦੌਰਾਨ ਜੋ ਕੁੱਝ ਪਿਤਾ ਜੀ ਨੇ ਕਰ ਦਿਖਾਇਆ ਉਹ ਸ਼ਾਇਦ ਕਿਸੇ ਲਈ ਇੱਕ ਸੁਪਨੇ ਦੇ ਨਿਆਈਂ ਹੀ ਗੱਲ ਹੋ ਸਕਦੀ ਹੈ। ਇੰਗਲੈਂਡ ਤੋਂ ਕਾਰ ਰਾਹੀਂ ਇੰਡੀਆ ਆਉਣਾ ਅਤੇ ਫਿਰ ਵਾਪਿਸ ਆਪਣੇ ਬੱਚਿਆਂ ਨੂੰ ਲੈ ਕੇ ਵੀ ਜਾਣਾ ਇਹ ਕੋਈ ਸੌਖੀ ਘਟਨਾ ਨਹੀਂ ਸੀ। ਇਸ ਵਾਕਿਆ ਬਾਰੇ ਹੁਣ ਵੀ ਜਦੋਂ ਮੈਂ ਇੱਥੇ ਆਪਣੀਆਂ ਸਹੇਲੀਆਂ ਨੂੰ ਦੱਸਦੀ ਹਾਂ ਤਾਂ ਉਹ ਹੈਰਾਨ ਰਹਿ ਜਾਂਦੀਆਂ ਹਨ। ਇਹ ਇੱਕ ਵਿਸ਼ੇਸ਼ ਘਟਨਾ ਮੇਰੇ ਪਿਤਾ ਜੀ ਨੇ ਆਪਣੀ ਜ਼ਿੰਦਗੀ ਦੇ ਵਿੱਚ ਕਰ ਵਿਖਾਈ ਹੈ। ਇਸ ਸਫ਼ਰ ਦੀਆਂ ਯਾਦਾਂ ਹਮੇਸ਼ਾਂ ਸਾਡੇ ਸਾਰਿਆਂ ਦੇ ਦਿਲ ਦਿਮਾਗ ਵਿੱਚ ਤਾਜ਼ਾ ਰਹਿਣਗੀਆਂ। ਪਿਤਾ ਜੀ ਦੀ ਖ਼ੂਬੀ ਇਸ ਗੱਲ ਦੀ ਹੁੰਦੀ ਸੀ ਕਿ ਜੋ ਉਹਨੀਂ ਆਪਣੇ ਮਨ ਵਿੱਚ ਚਿਤਵਿਆ ਉਸਨੂੰ ਪੂਰਾ ਕਰ ਲੈਣਾ ਇਹ ਉਹਨਾਂ ਦੇ ਮਨ ਦੀ ਦ੍ਰਿੜਤਾ ਦਾ ਪ੍ਰਤੱਖ ਪ੍ਰਮਾਣ ਸਦੀਵੀ ਤੌਰ ਤੇ ਬਣਿਆ ਰਿਹਾ। ਬਾਬਾ ਸੰਗਤ ਸਿੰਘ ਟਰਸਟ ਬਣਾਉਣ ਤੋਂ ਪਹਿਲਾਂ ਇਸ ਟਰਸਟ ਦਾ ਖਿਆਲ ਤਕਰੀਬਨ 25 ਸਾਲ ਪਹਿਲਾਂ ਪਿਤਾ ਜੀ ਦੇ ਮਨ ਦੇ ਵਿੱਚ ਉੱਭਰਿਆ ਸੀ। ਮੇਰੇ ਨਾਲ ਪਿਤਾ ਜੀ ਨੇ ਇਹ ਗੱਲ ਉਚੇਚੇ ਤੌਰ ਤੇ ਕੀਤੀ ਸੀ ਕਿ ਉਹਨਾਂ ਨੂੰ ਬਾਬਾ ਸੰਗਤ ਸਿੰਘ ਬਾਰੇ ਇਹ ਸੁਪਨਾ ਆਇਆ ਸੀ ਕਿ ਬਾਬਾ ਸੰਗਤ ਸਿੰਘ ਦੇ ਮਿਸ਼ਨ ਨੂੰ ਸਾਕਾਰ ਕਰਨਾ ਹੈ ਅਤੇ ਅੱਜ ਪਿੰਡ ਕੱਟਾ ਸਬੌਰ ਵਿਖੇ ਬਾਬਾ ਸੰਗਤ ਸਿੰਘ ਹੋਰਾਂ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਪਿਤਾ ਜੀ ਨੇ ਮੈਨੂੰ ਵਿਸਥਾਰ ਪੂਰਵਕ ਦੱਸਿਆ ਸੀ ਕਿ ਕਿਵੇਂ ਉਹਨੀਂ ਆਪਣੇ ਦੋਸਤਾਂ ਦੇ ਸਹਿਯੋਗ ਦੇ ਨਾਲ ਬਾਬਾ ਸੰਗਤ ਸਿੰਘ ਜੀ ਦੇ ਜਨਮ ਅਸਥਾਨ ਨੂੰ ਲੱਭਣ ਦਾ ਯਤਨ ਕੀਤਾ ਸੀ। ਮੈਨੂੰ ਯਾਦ ਹੈ ਕਿ ਪਿਤਾ ਜੀ ਦੇ ਇੱਕ ਦੋਸਤ ਨੇ ਮੈਨੂੰ ਦੱਸਿਆ ਸੀ ਕਿ ਮੇਰੇ ਪਿਤਾ ਜੀ ਨੇ ਕਿਸੇ ਸਥਾਨਕ ਗ੍ਰੰਥੀ ਹੋਰਾਂ ਨੂੰ ਕੁੱਝ ਪੈਸੇ ਦੇ ਕੇ ਕਿਹਾ ਸੀ ਕਿ ਬਾਬਾ ਸੰਗਤ ਸਿੰਘ ਦੀ ਯਾਦ ਵਿੱਚ ਯਾਦਗਾਰ ਬਣਾਈ ਜਾਵੇ। ਉਸ ਸਮੇਂ ਇਸ ਪਿੰਡ ਦਾ ਰਸਤਾ ਕੱਚਾ ਹੁੰਦਾ ਸੀ ਅਤੇ ਸੜਕਾਂ ਦਾ ਕੋਈ ਪ੍ਰਬੰਧ ਨਹੀਂ ਸੀ ਸੋ ਪਿਤਾ ਜੀ ਦਾ ਇਸ ਪਿੰਡ ਵਿੱਚ ਆਉਣਾ ਜਾਣਾ ਕਠਿਨ ਕੰਮ ਸੀ। ਇੰਗਲੈਂਡ ਕਾਰ ਤੋਂ ਬਿਨਾ ਕਿਤੇ ਆਇਆ ਜਾਇਆ ਨਹੀਂ ਸੀ ਕਰਦੇ ਪਰ ਪੰਜਾਬ ਜਾ ਕੇ ਇਸ ਪਿੰਡ ਨੂੰ ਜਾਣ ਲਈ ਸਾਇਕਲ ਤੇ ਆਉਣਾ ਜਾਣਾ ਅਜੀਬ ਪ੍ਰਕਿਰਿਆ ਅਤੇ ਸਾਹਿਸ ਦੀ ਗੱਲ ਕਹੀ ਜਾ ਸਕਦੀ ਹੈ। ਅੱਜ ਇਸ ਪਿੰਡ ਨੂੰ ਪੱਕੀ ਸੜਕ ਜਾਂਦੀ ਹੈ ਹਰ ਸਾਲ ਇੱਥੇ ਬਾਬਾ ਸੰਗਤ ਸਿੰਘ ਹੋਰਾਂ ਦੀ ਯਾਦ ਵਿੱਚ ਸਮਾਗਮ ਮਨਾਇਆ ਜਾਂਦਾ ਹੈ ਅਤੇ ਸੰਗਤਾਂ ਦੂਰ ਦੁਰੇੜੇ ਤੋਂ ਉਚੇਚੇ ਤੌਰ ਤੇ ਇੱਥੇ ਪੁਜੱਦੀਆਂ ਹਨ, ਪਿੰਡ ਦੇ ਲੋਕ ਵੀ ਆਪਣਾ

ਯੋਗ ਹਿੱਸਾਂ ਪਾਉਂਦੇ ਹਨ। ਪਿਤਾ ਜੀ ਦੇ ਜੀਵਨ ਦੀਆਂ ਅਨੇਕਾਂ ਗੱਲਾਂ ਹਨ ਮੈਨੂੰ ਆਸ ਹੈ ਕਿ ਇਹ ਪੁਸਤਕ ਆਪ ਜੀ ਨੂੰ ਕੁੱਝ ਉਹਨਾਂ ਦੇ ਜੀਵਨ ਦੀਆਂ ਰੌਚਕ ਘਟਨਾਵਾਂ ਬਾਰੇ ਪ੍ਰਗਟਾਉਣ ਦਾ ਯਤਨ ਕਰੇਗੀ। ਮੈਨੂੰ ਪਿਤਾ ਜੀ ਤੇ ਮਾਣ ਹੈ ਅਤੇ ਮੈਂ ਉਹਨਾਂ ਦੀ ਧੀ ਅਖਵਾਉਣ ਤੇ ਫ਼ਖਰ ਮਹਿਸੂਸ ਕਰਦੀ ਹਾਂ।

ਗੱਲ ਨੂੰ ਅਗਾਂਹ ਤੋਰਦਾ ਹਾਂ ਕਿ ਮਾਤਾ ਜੀ ਆਪਣੇ ਚੌਹਾਂ ਬਚਿੱਆਂ ਸਮੇਤ ਜਦੋਂ ਇੰਗਲੈਂਡ ਪਹੁੰਚ ਗਏ ਤਾਂ ਇਹਨਾਂ ਨੂੰ ਪਿਛੋਕੜ ਰਹਿ ਗਏ ਮੇਰੇ ਵਾਰੇ ਫਿਕਰ ਹੋਣ ਲੱਗਾ। ਮੈਂ ਇੰਗਲੈਂਡ ਆਉਣ ਦਾ ਸ਼ੌਕੀਨ ਨਹੀਂ ਸੀ ਕਿਉਂਕਿ ਆਪਣੇ ਹਾਣੀਆਂ ਦੀ ਮਹਿਫਲ ਵਿੱਚ ਖੁਸ਼ ਰਹਿੰਦਾ ਸੀ। ਉਮਰ ਦੇ ਲਿਹਾਜ ਨਾਲ ਮਾਤਾ ਪਿਤਾ ਨੂੰ ਮੇਰੀ ਚਿੰਤਾ ਹੋਣੀ ਸੁਭਾਵਿਕ ਗੱਲ ਸੀ ਕਿਉਂਕਿ ਅਗਰ ਮੇਰੀ ਉਮਰ 18 ਸਾਲ ਮੁਕੰਮਲ ਹੋ ਜਾਂਦੀ ਤਾਂ ਮੇਰਾ ਇੰਗਲੈਂਡ ਪਹੁੰਚਣਾ ਮੁਸ਼ਕਲ ਸੀ। ਸੋ ਇਸੇ ਗੱਲ ਦਾ ਝੋਰਾ ਇਹਨਾ ਨੂੰ ਖਾਈ ਜਾ ਰਿਹਾ ਸੀ। ਪਿਤਾ ਜੀ ਹੋਰੀ ਦੂਰਅੰਦੇਸ਼ੀ ਸੋਚ ਨੂੰ ਹਕੀਕੀ ਤੌਰ ਤੇ ਅਪਨਾਉਂਦਿਆਂ ਮੇਰੇ ਲਈ ਕੈਮੀਕੱਲ ਇੰਜਨੀਅਰਿੰਗ ਕੋਰਸ ਕਰਨ ਵਾਸਤੇ ਬਰੈਡਫੋਰੜ ਕਾਲਜ ਵਿੱਚ ਦਾਖਲਾ ਲੈ ਲਿਆ ਅਤੇ ਸਾਰੇ ਲੋੜਿੰਦੇ ਕਾਗਜ਼ਾਤ ਮੈਨੂੰ ਭੇਜ ਦਿੱਤੇ। ਕੁੱਝ ਸਮਾ ਪਾ ਕੇ ਇਹਨੀ ਹਵਾਈ ਜਹਾਜ਼ ਦੀ ਟਿਕਟ ਵੀ ਬੁੱਕ ਕਰਵਾ ਦਿੱਤੀ ਅਤੇ ਨਾਲ ਹੀ ਸ਼ੇਤੀਂ ਆਉਣ ਲਈ ਕਹਿ ਦਿੱਤਾ। ਪਰ ਮੈਂ ਇੰਗਲੈਂਡ ਜਾਣ ਦੀ ਬਹੁਤੀ ਚਿੰਤਾ ਨਹੀਂ ਪ੍ਰਗਟਾਈ ਸੋ ਮੈਂ ਮਿੱਥੀ ਹੋਈ ਤਾਰੀਖ ਨੂੰ ਜਹਾਜ਼ ਚੜਨ ਦਾ ਸਫ਼ਰ ਜਾਣ ਬੁੱਝ ਕੇ ਨਹੀ ਸੀ ਕੀਤਾ। ਦੂਸਰੇ ਪਾਸੇ ਪਿਤਾ ਜੀ ਲੰਡਨ ਹਵਾਈ ਅੱਡੇ ਤੇ ਮੈਨੂੰ ਲੈਣ ਪਹੁੰਚੇ ਹੋਏ ਸਨ। ਇੰਡੀਆ ਤੋਂ ਪੰਹੁਚਣ ਵਾਲੇ ਸਾਰੇ ਮੁਸਾਫ਼ਰ ਆ ਚੁੱਕੇ ਸਨ ਪਰ ਮੇਰੀ ਕੋਈ ਉੱਘ-ਸੁੱਘ ਪ੍ਰਤੀਤ ਨਹੀ ਸੀ ਹੋ ਰਹੀ। ਆਖਿਰ ਮਾਯੂਸ ਹੋ ਕੇ ਪਿਤਾ ਜੀ ਵਾਪਿਸ ਲੀਡਸ ਆ ਗਏ ਅਤੇ ਇਹਨਾਂ ਦੀ ਦਿਨ ਵ ਦਿਨ ਸੇਹਤ ਵੀ ਖਰਾਬ ਹੋਣੀ ਸ਼ੁਰੂ ਹੋ ਗਈ ਚਿੰਤਾ ਦਾ ਵਿਸ਼ਾ ਵਧ ਗਿਆ। ਕਿਸੇ ਮਿੱਤਰ ਦੇ ਰਾਹੀਂ ਇਹਨੀਂ ਮੈਨੂੰ ਜਲੰਧਰ ਸੁਨੇਹਾ ਭੇਜਿਆ ਕਿ ਇਹਨਾਂ ਦੀ ਸੇਹਤ ਬਹੁਤੀ ਬਿਗੜਦੀ ਜਾ ਰਹੀ ਹੈ। ਸੋ ਇਸ ਗੱਲ ਨੂੰ ਸੁਣਕੇ ਮੈਨੂੰ ਵੀ ਆਪਣੀ ਗਲਤੀ ਦਾ ਅਹਿਸਾਸ ਹੋਣ ਲੱਗਾ ਅਤੇ ਦਿਮਾਗੀ ਫ਼ਤੂਰ ਤੋਂ ਨਿਵੇਕਲੇ ਹੁੰਦਿਆਂ ਇਸ ਗੱਲ ਦਾ ਅਹਿਸਾਸ ਵੀ ਹੋਇਆ ਕਿ ਹੁਣ ਇੰਗਲੈਂਡ ਜਾਣ ਦੀ ਤਿਆਰੀ ਕਰਨੀ ਹੀ ਚਾਹੀਦੀ ਹੈ ਕਿਉਂਕਿ ਆਪਣੀ ਵਧ ਰਹੀ ਉਮਰ ਦਾ ਸਹਿਜੇ ਹੀ ਤਕਾਜ਼ਾ ਲਾਇਆ ਜਾ ਸਕਦਾ ਸੀ। ਪਹਿਲੀ ਟਿਕਟ ਵੀ ਅਜਾਈਂ ਚਲੀ ਗਈ ਅਤੇ ਮਾਤਾ ਪਿਤਾ ਨੂੰ ਪਰੇਸ਼ਾਨੀ ਵੀ ਵਾਧੂ ਦੀ ਝਲਣੀ ਪਈ ਸੀ। ਦੂਸਰੇ ਦਿਨ ਹੀ ਮੈਂ ਆਪਣੇ ਮਿੱਤਰ ਰਣਧੀਰ ਸਿੰਘ ਜੋ ਦਿੱਲੀ ਰਹਿੰਦੇ ਸਨ ਉਸਨੂੰ ਨਾਲ ਲੈ ਕੇ ਦਿੱਲੀ ਬਰਿਟਿਸ਼ ਐਂਮਬੈਸੀ ਪਹੁੰਚ ਗਿਆ। ਪਰ ਰਣਧੀਰ ਸਿੰਘ ਘਬਰਾਏ ਹੋਏ ਸੀ

ਕਿਉਂਕਿ ਉਹਨਾਂ ਦੇ ਨਾਲ ਇਮੀਗਰੇਸ਼ਨ ਅਫਸਰਾਂ ਦਾ ਲੰਡਨ ਗਿਆਂ ਤੇ ਵਾਹ ਪੈ ਚੁੱਕਾ ਸੀ। ਮੇਰਾ ਸੁਭਾਵ ਅਤੇ ਸੋਚ ਆਪਣੇ ਪਿਤਾ ਜੀ ਵਾਂਗ ਹੀ ਸ਼ੁਰੂ ਤੋਂ ਰਹੀ ਹੈ। ਮੈਂ ਨਿਧੜਕ ਅਤੇ ਆਪਣੀ ਕਾਬਲੀਅਤ ਤੇ ਬਹੁਤ ਫ਼ਖਰ ਕਰਿਆ ਕਰਦਾ ਸੀ ਸੋ ਬਿਨਾ ਝਿਜਕ ਮੈਂ ਦਿੱਲੀ ਇਮੀਗਰੇਸ਼ਨ ਅਫਸਰ ਦੇ ਕੋਲ ਪੇਸ਼ ਹੋ ਗਿਆ। ਇਮੀਗਰੇਸ਼ਨ ਅਫਸਰ ਨੇ ਸਾਰੇ ਪਰਿਵਾਰ ਦੀ ਜਾਣਕਾਰੀ ਲੈ ਕੇ ਮੈਨੂੰ ਵੀਜ਼ਾ ਦੇ ਦਿੱਤਾ। ਵੀਜ਼ਾ ਮਿਲਦੇ ਸਾਰ ਹੀ ਅਸੀਂ ਦੋਵੇਂ ਹਵਾਈ ਜਹਾਜ਼ ਦੀ ਸੀਟ ਬੁੱਕ ਕਰਵਾਉਣ ਲਈ ਲੁਫ਼ਥਾਨਜ਼ਾ ਜਰਮਨ ਏਅਰ ਲਾਈਨ ਦੇ ਦਫ਼ਤਰ ਚਲੇ ਗਏ। ਦਫ਼ਤਰ ਵਿੱਚ ਕਲਰਕ ਦੇ ਨਾਲ ਗੱਲਬਾਤ ਹੋਈ ਅਤੇ ਮੈਂ ਸਿੱਧੀ ਦਿੱਲੀ ਤੋਂ ਲੰਡਨ ਅਤੇ ਲੰਡਨ ਤੋਂ ਲੀਡਜ਼ ਦੀ ਫਲਾਈਟ ਬੁੱਕ ਕਰਵਾ ਲਈ। ਇੰਗਲੈਂਡ ਘਰ ਦਿਆਂ ਨੂੰ ਅਸਚਰਜਤਾ ਵਿੱਚ ਰੱਖਦਿਆਂ ਹੋਇਆਂ ਨੇ ਸਿੱਧੇ ਲੀਡਜ਼ ਘਰ ਪਹੁੰਚਣ ਦੇ ਖਿਆਲ ਨਾਲ ਕਿਸੇ ਨੂੰ ਵੀ ਕੋਈ ਇਤਲਾਹ ਨਹੀਂ ਸੀ ਦਿੱਤੀ। ਦਿੱਲੀ ਹਵਾਈ ਅੱਡੇ ਤੋਂ ਜਹਾਜ਼ ਫੜਿਆ ਸਿੱਧੇ ਪਹਿਲਾਂ ਲੰਡਨ ਹੀਥਰੋ ਏਅਰਪੋਰਟ ਤੇ ਪਹੁੰਚਿਆ। ਮੈਂ ਪਤਾ ਕੀਤਾ ਕਿ ਲੀਡਜ਼ ਜਾਣ ਵਾਲਾ ਜਹਾਜ਼ ਉੜਾਨ ਭਰਨ ਲਈ ਤਿਆਰ ਹੈ ਸੋ ਮੈਨੂੰ ਕਿਹਾ ਗਿਆ ਕਿ ਅਗਲੇ ਜਹਾਜ਼ ਦੀ ਇੰਤਜਾਰ ਕਰਨੀ ਪਵੇਗੀ। ਮੈਂ ਆਪਣਾ ਸਮਾਨ ਜਮਾਂ ਕਰਵਾ ਦਿੱਤਾ ਪਰ ਮਨ ਵਿੱਚ ਖਿਆਲ ਆਇਆ ਕਿ ਕਿਉਂ ਨਾ ਲੀਡਜ਼ ਜਾਣ ਵਾਲੇ ਜਹਾਜ਼ ਦਾ ਉਹਨਾਂ ਦੀ ਏਅਰ ਲਾਈਨ ਦੇ ਕਾਂਊਟਰ ਤੋਂ ਪਤਾ ਕਰ ਲਿਆ ਜਾਵੇ ਕਿ ਕਿਤੇ ਉਡਾਣ ਲੇਟ ਤਾਂ ਨਹੀ ਹੈ। ਸੋ ਅਜਿਹਾ ਹੀ ਹੋਇਆ, ਏਅਰ ਲਾਈਨ ਸਟਾਫ ਨੇ ਜਹਾਜ਼ ਦੇ ਪਾਇਲੱਟ ਨੂੰ ਟੈਲੀਫੋਨ ਰਾਹੀਂ ਬੇਨਤੀ ਕੀਤੀ ਕਿ ਇੱਕ ਲੀਡਜ਼ ਜਾਣ ਵਾਲਾ ਮੁਸਾਫਿਰ ਰਹਿ ਗਿਆ ਹੈ। ਅਗਰ ਉਹ ਇਜ਼ਾਜਤ ਦੇਵੇ ਤਾਂ ਉਸਨੂੰ ਉਸ ਟਰਮੀਨਲ ਤੇ ਭੇਜ ਦਿੱਤਾ ਜਾਵੇ ਸੋ ਇਜ਼ਾਜਤ ਮਿਲਦਿਆਂ ਹੀ ਮੈਂ ਆਪਣਾ ਸਮਾਨ ਵਾਪਿਸ ਘੜਵਾ ਲਿਆ ਅਤੇ ਲੀਡਜ਼ ਵਾਲਾ ਜਹਾਜ਼ ਫੜ ਲਿਆ। ਇੱਕ ਘੰਟੇ ਦੇ ਵਿੱਚ ਲੀਡਜ਼ ਪਹੁੰਚ ਗਏ, ਬਾਹਿਰ ਆਉਂਦਿਆਂ ਸਾਰ ਟੈਕਸੀ ਫੜੀ ਅਤੇ ਆਪਣੇ ਘਰ ਵੱਲ ਤੁਰ ਪਿਆ। ਜਦੋਂ ਹਾਈਡ ਪਾਰਕ ਪੱਬ ਦੇ ਲਾਗੇ ਆਏ ਤਾਂ ਸਾਹਮਣੇ ਆਪਣੇ ਪਿਤਾ ਜੀ ਹੋਰਾਂ ਨੂੰ ਦੇਖਿਆ ਟੈਕਸੀ ਖੜੀ ਕਰਵਾਈ ਅਤੇ ਪਿਤਾ ਜੀ ਹੋਰਾਂ ਦੇ ਪੈਰੀਂ ਹੱਥ ਲਾਇਆ। ਪਿਤਾ ਜੀ ਦੇ ਚੇਹਰੇ ਤੇ ਖੁਸ਼ੀ ਦਾ ਪ੍ਰਗਟਾਵਾ ਸਾਫ਼ ਝਲਕ ਰਿਹਾ ਸੀ ਸਾਡਾ ਘਰ 300 ਗਜ਼ ਦੇ ਫਾਸਲੇ ਤੇ ਹੀ ਸੀ, ਸੋ ਫੌਰਨ ਅਸੀਂ ਘਰ ਪਹੁੰਚੇ ਬੀਬੀ ਜੀ ਹੋਰੀਂ ਵੀ ਬੇਹੱਦ ਪ੍ਰਸੰਨ ਹੋਏ ਅਤੇ ਉਹਨਾਂ ਤੋਂ ਪਤਾ ਲੱਗਾ ਕਿ ਮੇਰੇ ਪਿਤਾ ਜੀ ਇੱਕ ਹਫਤੇ ਬਾਦ ਉਸ ਦਿਨ ਘਰੋਂ ਬਾਹਿਰ ਨਿਕਲੇ ਸੀ। ਉਸੇ ਵਕਤ ਪਿਤਾ ਜੀ ਨੇ ਆਪਣੇ ਮਿੱਤਰਾਂ ਨੂੰ ਘਰ ਇੱਕਠੇ ਹੋਣ ਲਈ ਸੱਦਾ ਭੇਜ ਦਿੱਤਾ। ਫਿਰ ਕੀ ਸੀ ਸ਼ਾਮ ਨੂੰ ਖੂਬ ਰੌਣਕ ਮੇਲਾ ਲੱਗ ਗਿਆ। ਖੁਸ਼ੀ ਵੀ ਆਖਿਰ ਜਾਇਜ਼ ਸੀ ਕਿਉਂਕਿ ਹੁਣ ਪਿਤਾ ਜੀ ਦਾ ਸਮੁੱਚਾ

ਪਰਿਵਾਰ ਲੀਡਜ਼ ਇਕੱਠਾ ਹੋ ਗਿਆ ਸੀ। ਸੋ ਪਿਤਾ ਜੀ ਦੀ ਸੇਹਤ ਵੀ ਸ਼ੇਤੀਂ ਵੱਲ ਹੋਣੀ ਸ਼ੁਰੂ ਹੋ ਗਈ ਅਤੇ ਦਿਨਾਂ ਵਿੱਚ ਹੀ ਇਹ ਪਹਿਲਾਂ ਵਾਂਗ ਤੰਦਰੁਸਤ ਅਤੇ ਜੋਸ਼ੀਲੇ ਨਜ਼ਰ ਆਉਣ ਲੱਗ ਪਏ।

ਉਹਨਾਂ ਦੀ ਗੱਲ ਅਗਾਂਹ ਫਿਰ ਤੋਰਦੇ ਹਾਂ ਕਿ ਪਿਤਾ ਜੀ ਸ਼ੁਰੂ ਤੋਂ ਹੀ ਧਾਰਮਿਕ ਵਿਰਤੀ ਰੱਖਦੇ ਸਨ। ਗੁਰੂ ਘਰਾਂ ਦੇ ਵਿੱਚ ਗੁਰਬਾਣੀ ਦੀ ਕਥਾ ਕਰਨੀ ਅਤੇ ਲੋਕਾਂ ਦੇ ਨਾਲ ਗੁਰਸ਼ਬਦ ਵਿਚਾਰਾਂ ਕਰਨੀਆਂ ਇਹ ਇਹਨਾਂ ਦਾ ਆਮ ਸੁਭਾਵਿਕ ਵਿਸ਼ਾ ਹੁੰਦਾ ਸੀ। ਜੋ ਗੁੜਤੀ ਮੇਰੇ ਪਿਤਾ ਜੀ ਹੋਰਾਂ ਨੂੰ ਮੇਰੇ ਦਾਦਾ ਅਤੇ ਦਾਦੀ ਜਾਂ ਵੱਡੇ ਵਡੇਰਿਆਂ ਤੋਂ ਪ੍ਰਾਪਤ ਹੋਈ ਉਸੇ ਦੀ ਕ੍ਰਿਪਾ ਸਦਕਾ ਇਹ ਗੁਣਵਾਨ ਹੋਏ ਅਤੇ ਸੱਭ ਤੋਂ ਵੱਡੀ ਬਖਸ਼ਿਸ਼ ਉਸ ਵਾਹਿਗੁਰੂ ਦੀ ਸੀ। ਇਹਨਾਂ ਰੱਬੀ ਗੁਣਾ ਦੇ ਆਧਾਰ ਤੇ ਹੀ ਉਸ ਪਰਮਾਤਮਾ ਦੀ ਮਹਿਮਾਂ ਨੂੰ ਸੰਸਾਰ ਦੇ ਵਿੱਚ ਪ੍ਰਚਾਰਦੇ ਰਹੇ। ਇੰਗਲੈਂਡ ਦੇ ਵੱਖ ਵੱਖ ਸ਼ਹਿਰਾਂ ਵਿੱਚ ਜਾ ਕੇ ਗੁਰਮਤਿ ਦਾ ਪ੍ਰਚਾਰ ਕਰਦੇ ਰਹਿੰਦੇ ਸਨ। ਇੱਕ ਬਾਰ ਲੀਡਜ਼ ਗੁਰਦੁਆਰੇ ਵਿਖੇ ਨਾਮਧਾਰੀਆਂ ਨੇ ਤੜਕੇ ਦੀਬਾਨ ਲਾਉਂਣਾ ਸੀ। ਪਿਤਾ ਜੀ ਨੂੰ ਕਿਸੇ ਨੇ ਇਸ ਗੱਲ ਦੀ ਸੂਹ ਦੇ ਦਿੱਤੀ, ਰਾਤ ਦਾ ਸਮਾਂ ਸੀ ਇਹ ਅਤੇ ਇਹਨਾ ਦੇ ਮਿੱਤਰ ਸਰਦਾਰ ਬਹਾਦਰ ਸਿੰਘ ਖੋਸਾ ਜੀ ਮੇਰੇ ਮਿੱਤਰ ਸੰਤੋਖ ਸਿੰਘ ਢਿਲੋਂ ਦੇ ਘਰ ਗਏ। ਉਹ ਉਸ ਸਮੇਂ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਵਿੱਚ ਸੀ ਉਸਨੂੰ ਇਹਨੀਂ ਸਾਰੀ ਗੱਲਬਾਤ ਦੱਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਹ ਸਾਰੇ ਬਹੁਤ ਮਾਣਤਾ ਕਰਦੇ ਸੀ ਸੋ ਗੁਰੂ ਦੀ ਸ਼ਾਨ ਦੇ ਖਿਲਾਫ ਗੁਰਦੁਅ ਾਰਾ ਸਾਹਿਬ ਦੇ ਵਿੱਚ ਕਿਸੇ ਹੋਰ ਵਿਅਕਤੀ ਦੇ ਸਿਰ ਤੇ ਚੌਰ ਸਾਹਿਬ ਝੁਲਾਇਆ ਜਾਵੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਿੱਡੀ ਬੇਅੱਦਵੀ ਕਰਨ ਦੀ ਭਾਵਨਾ ਨਾਮਧਾਰੀਆਂ ਦੀ ਕਹੀ ਜਾ ਸਕਦੀ ਹੈ ਇਸਦਾ ਅੰਦਾਜ਼ਾ ਗੁਰੂ ਦੇ ਮੁਰੀਦ ਸਹਿਜੇ ਹੀ ਲਾ ਸਕਦੇ ਹਨ। ਸੋ ਇਹਨਾਂ ਨੇ ਕੁੱਝ ਹੋਰ ਆਪਣੇ ਮਿੱਤਰਾਂ ਨੂੰ ਨਾਲ ਲਿਆ। ਸਰਦਾਰ ਮਲਕੀਤ ਸਿੰਘ ਕੰਗ ਹੋਰੀ ਵੀ ਇਹਨਾਂ ਦੀ ਅਜਿਹੀ ਸੋਚ ਦੇ ਪਹਿਲਾਂ ਹੀ ਹਿਮਾਇਤੀ ਸਨ। ਇਹ ਸਾਰੇ ਉਹਨਾਂ ਨੂੰ ਵੀ ਆਪਣੇ ਨਾਲ ਲੈਣ ਲਈ ਉਹਨਾਂ ਦੇ ਘਰ ਚਲੇ ਗਏ ਪਰ ਪਤਾ ਲੱਗਾ ਕਿ ਉਹ ਕਿਸੇ ਆਪਣੇ ਮਿੱਤਰ ਦੇ ਘਰ ਗਏ ਹੋਏ ਹਨ ਸੋ ਇਹ ਸਾਰੇ ਇਸੇ ਤਰਾਂ ਇੱਕਠੇ ਹੋ ਕੇ ਉਸਦੇ ਮਿੱਤਰ ਦੇ ਘਰ ਚਲੇ ਗਏ। ਰਾਤ ਦੇ 11 ਵਜੇ ਦਾ ਸਮਾਂ ਸੀ ਉਹ ਇਹਨਾਂ ਸਾਰਿਆਂ ਨੂੰ ਦੇਖ ਕੇ ਹੈਰਾਨ ਹੋ ਗਏ ਅਤੇ ਆਉਣ ਦਾ ਕਾਰਣ ਪੁੱਛਿਆ। ਇਹਨੀਂ ਸਾਰੀ ਗੱਲ ਉਹਨਾਂ ਨੂੰ ਦੱਸ ਦਿੱਤੀ ਅਤੇ ਉਹ ਉਸੇ ਵੇਲੇ ਇਹਨਾਂ ਦੇ ਨਾਲ ਤੁਰ ਪਏ। ਇਹਨੀਂ ਸਰਦਾਰ ਪਰਗਣ ਸਿੰਘ ਰੋਡਾ, ਸਰਦਾਰ ਸ਼ਿਵ ਸਿੰਘ ਜੌਹਲ, ਸਰਦਾਰ ਲੈਂਹਬਰ ਸਿੰਘ ਰੋਡਾ, ਸਰਦਾਰ ਬਲਵੀਰ ਸਿੰਘ ਲੱਲੀ ਅਤੇ ਹੋਰ ਕਈ ਮਿੱਤਰਾਂ ਨੂੰ

ਇਹਨੀਂ ਆਪਣੇ ਨਾਲ ਲਿਆ ਅਤੇ ਤੜਕੇ ਹੀ ਗੁਰਦੁਆਰੇ ਚਲੇ ਗਏ। ਗੁਰਦੁਆਰਾ ਸਾਹਿਬ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਦਵ ਸਤਿਕਾਰ ਵੱਜੋਂ ਮੱਥਾ ਟੇਕਿਆ ਅਤੇ ਸਾਰੇ ਗੁਰੂ ਦੀ ਹਜ਼ੂਰੀ ਦੇ ਵਿੱਚ ਬੈਠ ਗਏ। ਨਾਮਧਾਰੀਆਂ ਦੇ ਗੁਰੂ ਫਿਲਹਾਲ ਪਹੁੰਚੇ ਨਹੀ ਸਨ। ਸਰਦਾਰ ਹਰਭਜਨ ਸਿੰਘ ਹੋਰਾਂ ਨੂੰ ਕੁੱਝ ਸੰਦੇਹ ਹੋਇਆ ਅਤੇ ਉਹਨੀ ਪਿਤਾ ਜੀ ਹੋਰਾਂ ਨੂੰ ਪੁੱਛਿਆ ਕਿ ਆਪ ਜੀ ਦਾ ਇਸ ਤਰ੍ਹਾਂ ਇੱਥੇ ਆਉਣਾ ਕਿਵੇਂ ਹੋਇਆ ਹੈ ਤਾਂ ਪਿਤਾ ਜੀ ਹੋਰੀ ਕਿਹਾ ਕਿ ਅਸੀਂ ਕੀਰਤਨ ਸੁਣਨ ਲਈ ਆਏ ਹਾਂ ਆਪ ਕੀਰਤਨ ਕਰੋ ਪਰ ਅਸੀਂ ਕਿਸੇ ਵਿਅਕਤੀ ਦੇ ਸਿਰ ਤੇ ਚੌਰ ਸਾਹਿਬ ਨਹੀ ਝੁੱਲਣ ਦੇਣਾ, ਚੌਰ ਸਾਹਿਬ ਸਿਰਫ ਤੇ ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਤੇ ਹੀ ਝੁੱਲੇਗਾ। ਸਰਦਾਰ ਹਰਭਜਨ ਸਿੰਘ ਹੋਰੀ ਸਿਆਣਪ ਵਰਤੀ ਅਤੇ ਇਹ ਸਾਰੇ ਨਾਮਧਾਰੀ ਸੰਗਤ ਨੂੰ ਲੈ ਕੇ ਕਿਸੇ ਹੋਰ ਜਗ੍ਹਾ ਚਲੇ ਗਏ। ਗੁਰਦੁਆਰੇ ਦੀ ਕਮੇਟੀ ਨੇ ਸੰਤੋਖ ਸਿੰਘ ਤੇ ਇਤਰਾਜ਼ ਕੀਤਾ ਕਿ ਇਹਨੀਂ ਪਿਤਾ ਜੀ ਹੋਰਾਂ ਦੇ ਨਾਲ ਜਾ ਕੇ ਨਾਮਧਾਰੀ ਸੰਗਤ ਦੇ ਖਿਲਾਫ ਇਹੋ ਜਿਹਾ ਵਤੀਰਾ ਕਿਉਂ ਆਨਾਇਆ ਸੀ। ਸੰਤੋਖ ਸਿੰਘ ਗੁਰੂ ਦੀ ਬੇਅਦੱਬੀ ਨਹੀ ਸੀ ਝੱਲ ਸਕਦੇ ਇਹਨੀਂ ਉਹਨਾਂ ਨੂੰ ਕਿਹਾ ਕਿ ਗੁਰੂ ਦੀ ਹਜ਼ੂਰੀ ਵਿੱਚ ਕਿਸੇ ਵੀ ਹੋਰ ਵਿਅਕਤੀ ਦੇ ਸਿਰ ਤੇ ਚੌਰ ਸਾਹਿਬ ਝੁਲਾਉਣਾ ਗੁਰੂ ਦੀ ਬੇਅਦਵੀ ਕਰਨ ਦੇ ਤੁੱਲ ਹੈ। ਕਮੇਟੀ ਨੂੰ ਵੀ ਲੀਡਜ਼ ਦੀ ਸੰਗਤ ਤੋਂ ਫਿਟਕਾਰ ਪੈਣ ਦਾ ਡਰ ਸੀ ਸੋ ਇਹ ਗੱਲ ਉਹਨੀਂ ਓੱਥੇ ਹੀ ਦੱਬੀ ਦਿੱਤੀ। ਗੁਰੂ ਦੇ ਸਿੱਖ ਦਾ ਇਹੋ ਜਿਹਾ ਕਿਰਦਾਰ ਹੋਣਾ ਚਾਹੀਦਾ ਹੈ। ਅੱਜ ਅਸੀਂ ਸਮਝਦੇ ਹਾਂ ਕਿ ਜਗ੍ਹਾ ਜਗ੍ਹਾ ਗੁਰਦੁਆਰੇ ਬਣ ਗਏ ਹਨ ਅਤੇ ਸੋਚਦੇ ਹਾਂ ਕੇ ਗੁਰਬਾਣੀ ਦਾ ਬਹੁਤ ਪ੍ਰਚਾਰ ਹੋ ਰਿਹਾ ਹੈ ਪਰ ਹਕੀਕਤ ਕੁੱਝ ਹੋਰ ਹੀ ਹੈ। ਵੱਖ ਵੱਖ ਮਰਿਯਾਦਾ ਦੇ ਧਾਰਨੀ ਹੋਣਾ, ਮਨ ਵਿੱਚ ਜਾਤ ਪਾਤ ਦੇ ਵਿਤਕਰੇ ਕਰਨੇ, ਇੱਥੇ ਤੱਕ ਕਿ ਅਮ੍ਰਿਤ ਕਿੱਥੋਂ ਛਕਿਆ ਹੈ ਇਹੋ ਜਿਹੇ ਵਖਰੇਵੇਂ ਕਿਵੇਂ ਏਕਤਾ ਨੂੰ ਬਹਾਲ ਕਰ ਸਕਦੇ ਹਨ। ਡੇਰੇਬਾਦ ਦੀ ਆਪਣੀ ਮਰਿਯਾਦਾ ਹੁੰਦੀ ਹੈ ਅਤੇ ਖੰਡੇ ਬਾਟੇ ਦੀ ਪਾਹੁਲ੍ਹ ਛਕਾਉਣ ਦੇ ਭਿੰਨ ਭਿੰਨ ਤੌਰ ਤਰੀਕੇ ਵੱਖ ਵੱਖ ਰਹਿਣੀ ਬਹਿਣੀ ਦੇ ਜਨਮ ਦਾਤਾ ਹਨ। ਸਿੱਖੀ ਅਸੂਲਾਂ ਦੀ ਭਿੰਨਤਾ ਆਮ ਨਜ਼ਰ ਆਉਂਦੀ ਹੈ। ਇਹੋ ਵਜ਼ਾ ਹੈ ਕਿ ਅਸੀਂ ਸਹੀ ਗੁਰਮਤਿ ਦੇ ਧਾਰਨੀ ਨਹੀਂ ਬਣ ਸਕੇ ਬਲਕਿ ਸੰਸਾਰ ਦੇ ਲੋਕਾਂ ਦੀਆਂ ਨਜ਼ਰਾਂ ਵਿੱਚ ਸਿੱਖ ਦਾ ਵੱਖਰਾ ਵਤੀਰਾ ਭੁਲੇਖਿਆਂ ਦਾ ਪੁਲੰਦਾ ਜ਼ਾਹਿਰ ਹੋ ਕੇ ਸਾਰਿਆਂ ਦੇ ਸਾਹਵੇਂ ਨਸ਼ਰ ਹੁੰਦਾ ਜਾ ਰਿਹਾ ਹੈ। ਇਹ ਭਿੰਨਤਾ ਗੁਰੂ ਦੇ ਸੱਚੇ ਸੁੱਚੇ ਗੁਰਸਿੱਖਾਂ ਦੀ ਛਬੀ ਨੂੰ ਢਾਹ ਲਾਉਂਦੀ ਹੈ। ਇਸ ਬਿਮਾਰੀ ਦਾ ਯੋਗ ਇਲਾਜ਼ ਕਰਨਾ ਅੱਜ ਦਾ ਅਤਿ ਜਰੂਰੀ ਵਿਸ਼ਾ ਹੈ। ਹਰ ਗੁਰਸਿੱਖ ਲਈ ਗੁਰਮਤਿ ਦਾ ਆਸ਼ਾ ਆਪਣੇ ਜੀਵਨ ਨੂੰ ਗੁਰਬਾਣੀ ਦੇ ਆਧਾਰ ਤੇ ਤੋਰਨਾ ਹੈ। ਇਸੇ ਆਸ਼ੇ ਨੂੰ ਪ੍ਰਫੁਲੱਤ ਕਰਨ ਲਈ ਅਤੇ ਗਰੀਬ ਬਚਿੱਆਂ ਦੀ ਮਦਦ ਕਰਨ ਲਈ ਪਿਤਾ ਜੀ ਨੇ

ਕੁੱਝ ਸੁਲਝੇ ਹੋਏ ਸੱਜਣਾ ਨੂੰ ਨਾਲ ਲੈ ਕੇ ਇਸੇ ਪ੍ਰਥਾਏ ਇੱਕ ਸੰਸਥਾ ਸਥਾਪਤ ਕਰਨੀ ਚਾਹੁੰਦੇ ਸਨ। ਇਸੇ ਵਿਚਾਰ ਨੂੰ ਅਗਾਂਹ ਤੋਰਦਿਆਂ ਹੋਇਆਂ ਇਹਨੀਂ ਪਟਿਆਲੇ ਤੋਂ ਬੀਬੀ ਨੀਨਾਂ ਟਿਵਾਣਾ ਜੀ, ਪ੍ਰਿੰਸੀਪਲ ਕਰਤਾਰ ਸਿੰਘ ਸ਼ੇਰਗਿੱਲ ਮੋਰਾਂਵਾਲੀ, ਅਮ੍ਰਿਤਸਰ ਤੋਂ ਸਰਪ੍ਰਸਤ ਜੱਥੇਦਾਰ ਸ੍ਰੀ ਅਕਾਲ ਤੱਖਤ ਸਾਹਿਬ ਦੇ ਪ੍ਰੋਫੈਸਰ ਮਨਜੀਤ ਸਿੰਘ ਅਤੇ ਸਰਦਾਰ ਤੀਰਥ ਸਿੰਘ ਭਾਈ ਕਨ੍ਹੈਈਆ ਸੰਪਰਦਾਇ ਦੇ ਗੁਣਿਆਣਾ ਮੰਡੀ ਤੋਂ ਇਹਨਾਂ ਸਾਰਿਆਂ ਦੇ ਸਹਿਯੋਗ ਦੇ ਨਾਲ **'ਗੁਰੂ ਨਾਨਕ ਐਜੂਕੇਸ਼ਨਲ ਮਿਸ਼ਨ (ਇੰਟਰਨੈਸ਼ਨਲ)'** ਸੰਸਥਾ ਦੀ ਅਸਥਾਪਨਾ ਕੀਤੀ। ਇਹਨਾਂ ਨੂੰ ਉਸ ਸੰਸਥਾ ਦੇ ਚੇਅਰਮੈਨ ਚੁਣਿਆ ਗਿਆ। ਇਹ ਮਿਸ਼ਨ ਹਾਲੇ ਆਰੰਭ ਹੀ ਹੋਇਆ ਸੀ ਕਿ ਸਰਦਾਰ ਹਰਪਾਲ ਸਿੰਘ ਟਿਵਾਣਾ ਹੋਰਾਂ ਦੇ ਨਾਲ ਪਹਿਲੀ ਗੱਲ ਇਹ ਤਹਿ ਹੋਈ ਸੀ ਕਿ ਉਹ ਆਪਣੇ ਕਲਾਕਾਰ ਸਹਿਯੋਗੀਆਂ ਦੇ ਨਾਲ ਇੰਗਲੈਂਡ ਆ ਕੇ ਸਿੱਖ ਇਤਿਹਾਸ ਘਟਨਾਵਾਂ ਵਾਰੇ ਵੱਖ ਵੱਖ ਸ਼ਹਿਰਾਂ ਵਿੱਚ ਨਾਟਕ ਪੇਸ਼ ਕਰਨਗੇ ਉਸ ਵਿੱਚੋਂ ਜੋ ਵੀ ਲਾਭ ਹੋਵੇਗਾ ਉਹ ਉਪਰੋਕਤ ਸੰਸਥਾ ਨੂੰ ਦਿੱਤਾ ਜਾਵੇਗਾ ਤਾਂ ਕਿ ਗਰੀਬ ਬੱਚਿਆਂ ਦੀ ਪੜਾਈ ਤੇ ਖਰਚ ਕੀਤਾ ਜਾ ਸਕੇ। ਇਹਨਾਂ ਕਲਾਕਾਰਾਂ ਨੂੰ ਇੰਡੀਆ ਤੋਂ ਇੰਗਲੈਂਡ ਸੱਦਣ ਦੀ ਜੁੰਮੇਵਾਰੀ ਪਿਤਾ ਜੀ ਹੋਰੀਂ ਆਪਣੇ ਸਿਰ ਲੈ ਲਈ। ਪਿਤਾ ਜੀ ਦੀ ਹੁਣ ਆਪਣੀ ਕਮਾਈ ਤਾਂ ਕੋਈ ਹੈ ਨਹੀ ਸੀ ਕਿਉਂਕਿ ਇਹ ਕੰਮ ਤੋਂ ਰਿਟਾਇਰਡ ਸਨ ਸੋ ਇਹਨਾਂ ਕਲਾਕਾਰਾਂ ਨੂੰ ਹਵਾਈ ਜਹਾਜ ਦੀਆਂ ਟਿਕਟਾਂ ਭੇਜਣ ਲਈ ਇਹਨੀਂ ਘਰ ਦਿਆਂ ਅਤੇ ਆਪਣੇ ਦੋਸਤਾਂ ਤੋਂ ਪੈਸੇ ਇੱਕਠੇ ਕਰਨੇ ਸ਼ੁਰੂ ਕਰ ਦਿੱਤੇ। ਨਿਰਮਲਾ ਜੀ ਵੀ ਇਹਨਾਂ ਕਲਾਕਾਰਾਂ ਦੇ ਵਿੱਚੋਂ ਇੱਕ ਕਲਾਕਾਰ ਸਨ। ਟਿਵਾਣਾ ਜੀ ਨੇ ਰਾਜ ਬੱਬਰ ਨੂੰ ਨਾਲ ਲੈ ਕੇ ਆਉਣ ਦਾ ਵਾਇਦਾ ਕੀਤਾ ਹੋਇਆ ਸੀ ਪਰ ਉਹ ਤਾਂ ਨਹੀ ਆਏ ਉਹਨਾਂ ਦੀ ਖਾਨਾ ਪੂਰਤੀ ਕਿਸੇ ਹੋਰ ਨੂੰ ਸੱਦ ਕੇ ਪੂਰੀ ਕਰ ਦਿੱਤੀ ਗਈ। ਵੱਖ ਵੱਖ ਸ਼ਹਿਰਾਂ ਦੇ ਵਿੱਚ ਡਰਾਮੇ ਪਰਦਰਸ਼ਨ ਕਰਨ ਲਈ ਹਾਲ ਬੁੱਕ ਕਰ ਦਿੱਤੇ ਗਏ, ਲੀਡਜ਼ ਯੁਨੀਵਰਸਿਟੀ ਦਾ ਥੀਏਟਰ ਵੀ ਬੁੱਕ ਹੋ ਗਿਆ, ਗਲਾਸਗੋ ਅਤੇ ਲੰਡਨ ਹਾਲ ਬੁੱਕ ਕਰ ਦਿੱਤੇ ਗਏ, ਅਖਬਾਰਾਂ ਦੇ ਵਿੱਚ ਖਬਰਾਂ ਛੱਪ ਗਈਆਂ, ਇਸ਼ਤਿਹਾਰਾਂ ਦੇ ਵਿੱਚ ਜਾਣਕਾਰੀ ਦੇ ਦਿੱਤੀ ਗਈ। ਮੈਂ ਇਹਨਾਂ ਨੂੰ ਆਪਣੀ ਕਾਰ ਦੇ ਵਿੱਚ ਗਲਾਸਗੋ ਲੈ ਕੇ ਗਿਆ, ਅਸੀਂ ਹਰ ਲਿਹਾਜ਼ ਦੇ ਨਾਲ ਇਹਨਾਂ ਦੀ ਆਓ ਭਗਤ ਕੀਤੀ ਪਰ ਇਹਨਾਂ ਨੂੰ ਨੇਕ-ਨੀਤੀ ਰਾਸ ਨਹੀ ਆਈ। ਪਿਤਾ ਜੀ ਇਹਨਾਂ ਦੇ ਨਾਲ ਪਹਿਲਾ ਪਰਦਰਸ਼ਨ ਕਰਨ ਲੰਡਨ ਚਲੇ ਗਏ। ਇੱਕ ਦੋ ਪਲੇ-ਸ਼ੋ ਹਾਲੇ ਕੀਤੇ ਹੀ ਸਨ ਕਿ ਇਹਨੀਂ ਪਰਦਰਸ਼ਨੀ ਤੇ ਜੋ ਪੈਸਾ ਇੱਕਠਾ ਹੋਇਆ ਅਪਣੇ ਕਬਜੇ ਦੇ ਵਿੱਚ ਕਰ ਲਿਆ ਅਤੇ ਪਿਤਾ ਜੀ ਨੂੰ ਇਸ ਯੋਜਨਾ ਤੋਂ ਅੱਡ ਕਰ ਦਿੱਤਾ ਗਿਆ ਅਤੇ ਖੁਦ ਮੁਖਤਿਆਰੀ ਸਾਂਭ ਲਈ। ਪਿਤਾ ਜੀ ਤਾਂ ਹੈਰਾਨ ਰਹਿ ਗਏ ਕਿ ਕੀ ਟਿਵਾਣੇ ਹੋਰੀਂ ਇਸੇ

ਕਿਰਦਾਰ ਦੇ ਵਿਅਕਤੀ ਸਨ ਜਿਹਨਾਂ ਵਾਰੇ ਪਹਿਲਾਂ ਇਹਨਾਂ ਨੂੰ ਕੁੱਝ ਵੀ ਪਤਾ ਨਾ ਲੱਗ ਸਕਿਆ। ਆਖਿਰਕਾਰ ਲੋਕਾਂ ਦਾ ਲ਼ੈਣ ਦੇਣ ਪਿਤਾ ਜੀ ਦੇ ਸਿਰ ਆ ਪਿਆ, ਇੱਡਾ ਵੱਡਾ ਘਾਟਾ ਸਹਾਰਨਾ ਬਹੁਤ ਔਖੀ ਗੱਲ ਸੀ। ਇੱਕ ਤਾਂ ਇਹ ਸ਼ੁਗਰ ਦੇ ਮਰੀਜ, ਫਿਰ ਦਿਲ ਦੇ ਮਰੀਜ, ਇਹਨਾ ਦੀ ਸੇਹਤ ਜਦੋਂ ਵਿਗੜ ਗਈ ਤਾਂ ਮੈਨੂੰ ਕਿਸੇ ਸਾਡੇ ਰਿਸ਼ਤੇਦਾਰ ਦਾ ਟੈਲੀਫੋਨ ਆਇਆ ਕਿ ਆਪਣੇ ਪਿਤਾ ਜੀ ਨੂੰ ਸਾਊਥਹਾਲ ਆ ਕੇ ਟਿਵਾਣੇ ਦੇ ਸ਼ਿਕੰਜੇ ਦੇ ਵਿੱਚੋਂ ਕੱਢੋ ਅਤੇ ਇਹਨਾਂ ਨੂੰ ਲੀਡਜ਼ ਵਾਪਿਸ ਲੈ ਜਾਉ। ਮੈਂ ਅਤੇ ਮੇਰਾ ਦੋਸਤ ਸੰਤੋਖ ਸਿੰਘ ਢਿੱਲੋਂ ਲੰਡਨ ਚਲੇ ਗਏ ਸਾਰੇ ਹਾਲਾਤਾਂ ਨੂੰ ਘੋਖਿਆ ਫਿਰ ਟਿਵਾਣੇ ਹੋਰਾਂ ਦੇ ਨਾਲ ਸਾਡੀ ਗੱਲਬਾਤ ਹੋਈ, ਕਾਫੀ ਉਤਰਾ-ਚੜ੍ਹਾ ਵੀ ਹੋਇਆ, ਟਿਵਾਣੇ ਹੋਰੀਂ ਸੰਤੋਖ ਸਿੰਘ ਤੇ ਹੱਥ ਵੀ ਚੁਕਿੱਆ ਪਰ ਸੰਤੋਖ ਸਿੰਘ ਨੇ ਉਸੇ ਵਕਤ ਉਸਦੀ ਬਾਂਹ ਫੜ ਲਈ ਅਤੇ ਟਿਵਾਣੇ ਹੋਰੀਂ ਥੋੜੇ ਛਿੱਥੇ ਜਿਹੇ ਪੈ ਗਏ। ਕਹਿੰਦੇ ਹਨ ਕਿ ਜਦੋਂ ਬੰਦਾ ਛੂਠਾ ਹੋਵੇ ਤਾਂ ਉਸਨੂੰ ਕੋਈ ਜਵਾਬ ਨਹੀ ਔਹੜਿਆ ਕਰਦਾ ਅਤੇ ਉਹ ਮਾਰ ਕੁਟਾਈ ਤੇ ਉੱਤਰ ਆਉਂਦਾ ਹੈ ਇਹੋ ਹਾਲ ਟਿਵਾਣੇ ਹੋਰਾਂ ਦਾ ਸੀ। ਖੈਰ ਗੱਲ ਕਿਸੇ ਸਿੱਟੇ ਤੇ ਨਾ ਪਹੁੰਚੀ। ਦੂਸਰੇ ਦਿਨ ਫਿਰ ਅਸੀਂ ਇਸਨੂੰ ਇਸਦੇ ਘਰ ਮਿਲਣ ਗਏ ਅਤੇ ਕੁੱਝ ਦੇਰ ਬੈਠੇ ਗੱਲਬਾਤ ਹੋਈ ਪਰ ਛੂਠਾ ਇਨਸਾਨ ਕਦੀ ਆਪਣੀ ਗੱਲਤੀ ਨਹੀਂ ਮਨਿੱਆ ਕਰਦਾ ਇਹੋ ਹਾਲਤ ਟਿਵਾਣੇ ਦੀ ਸੀ। ਸਾਨੂੰ ਪਿਤਾ ਜੀ ਦਾ ਫਿਕਰ ਸੀ ਸੋ ਅਸੀਂ ਗੱਲ ਨੂੰ ਅੱਗੇ ਨਹੀ ਵਧਾਇਆ ਅਤੇ ਵਾਪਿਸ ਲੀਡਜ਼ ਆ ਗਏ। ਧਰਮ ਦੇ ਨਾ ਤੇ ਕਿਸੇ ਦੇ ਨਾਲ ਵੀ ਧੋਖਾ ਕਰਨਾ ਕਿੱਡਾ ਵੱਡਾ ਪਾਪ ਹੈ ਪਰ ਲੋਕੀ ਹੇਰਾਫੇਰੀ ਕਰਨ ਤੋਂ ਕਦੀ ਬਾਜ਼ ਨਹੀਂ ਆਉਂਦੇ। ਇਹ ਕਹਾਵਤ ਆਮ ਮਸ਼ਹੂਰ ਹੈ ਕਿ ਸਾਰੇ ਸੋਨੇ ਵਾਂਗ ਦਿਸਣ ਵਾਲੇ ਧਾਤੂ ਸੋਨਾ ਨਹੀਂ ਹੁੰਦੇ। ਪਿਤਾ ਜੀ ਨੇ ਜੋ ਸੋਚਿਆ ਸੀ ਉਹ ਨਹੀਂ ਹੋ ਸਕਿਆ ਕਿਉਂਕਿ ਟਿਵਾਣਾ ਹੋਰੀਂ ਆਪਣਾ ਹੀ ਸੌਦਾ ਵੇਚਕੇ ਲਾਂਭੇ ਹੋਏ। ਇੱਥੇ ਤੱਕ ਕਿ ਟਿਵਾਣੇ ਹੋਰੀ ਜਿਹੜੇ ਕਲਾਕਾਰ ਇੰਗਲੈਂਡ ਨਹੀ ਸੀ ਆ ਸਕੇ ਉਹਨਾਂ ਦੀਆਂ ਹਵਾਈ ਜਹਾਜ਼ ਦੀਆਂ ਟਿਕਟਾਂ ਦੇ ਪੈਸੇ ਵਾਪਿਸ ਲੈਣ ਲਈ ਇੱਥੇ ਟਰੈਵਲ ਏਜੰਟ ਦੇ ਕੋਲ ਗੇੜੇ ਕੱਢਣ ਲੱਗੇ ਪਰ ਪੈਸੇ ਉਹਨਾਂ ਨੂੰ ਮਿਲ ਨਹੀ ਸੀ ਸਕਦੇ ਕਿਉਂਕਿ ਇਹਨੀਂ ਕਿਹੜੇ ਆਪਣੀ ਜੇਬ ਵਿੱਚੋਂ ਦਿੱਤੇ ਹੋਏ ਸੀ। ਪਿਤਾ ਜੀ ਦਾ ਟਰੈਵਲ ਏਜੰਟ ਨੇ ਪੂਰਾ ਸਾਥ ਦਿੱਤਾ ਅਤੇ ਉਹਨਾਂ ਟਿਕਟਾਂ ਦੇ ਪੈਸੇ ਵੀ ਆਪਣਾ ਕਮਿਸ਼ਨ ਕੱਟ ਕੇ ਬਕਾਇਆ ਪਿਤਾ ਜੀ ਨੂੰ ਦੇ ਦਿੱਤਾ, ਚਲੋ ਕੁੱਝ ਤਾਂ ਮੁੜਿਆ। ਮੈਂ ਹੈਰਾਨ ਹਾਂ ਕਿ ਕਈ ਲੋਕ ਦੇਖਣ ਸੁਣਨ ਨੂੰ ਦੇਵਤਾ ਲੱਗਦੇ ਹਨ ਦੁਨੀਆ ਦੇ ਵਿੱਚ ਉਹਨਾਂ ਦੀ ਸ਼ੋਹਰਤ ਵੀ ਆਮ ਕੰਨੀ ਪੈਂਦੀ ਹੈ ਪਰ ਉਹਨਾਂ ਦਾ ਅਸਲੀ ਚੇਹਰਾ ਕਿਸੇ ਕਿਸੇ ਨੂੰ ਹੀ ਦਿਸਦਾ ਹੈ, ਕਹਿੰਦੇ ਹਨ ਕਿ ਰਾਹ ਪਿਆ ਜਾਣੀਏ ਜਾਂ ਵਾਹ ਪਿਆ ਜਾਣੀਏ ਅਜਿਹੇ ਲੋਕਾਂ ਨੂੰ ਨਾ ਧਰਮ ਦਾ ਭੈ ਹੁੰਦਾ ਹੈ ਨਾ ਕੋਈ ਮਨੁੱਖਤਾ ਦਾ ਅਹਿਸਾਸ ਹੀ

ਹੁੰਦਾ ਹੈ। ਇਸ ਹਾਦਸੇ ਨੇ ਮੇਰੇ ਪਿਤਾ ਜੀ ਹੋਰਾਂ ਦੀ ਸੇਹਤ ਤੇ ਗਹਿਰਾ ਪ੍ਰਭਾਵ ਛੱਡਿਆ। ਰੱਬ ਦੇ ਭਗਤਾਂ ਤੇ ਭੀੜਾਂ ਆਉਣੀਆਂ ਸ਼ਾਇਦ ਉਹਨਾਂ ਦੀ ਪਰਖ ਅਤੇ ਦ੍ਰਿੜਤਾ ਦਾ ਇਮਤਿਹਾਨ ਕਿਹਾ ਜਾ ਸਕਦਾ ਹੋਵੇ। ਸੋ ਇਹਨਾਂ ਨੇ ਆਪਣੇ ਜੀਵਨ ਕਾਲ ਵਿੱਚ ਜਿਹਨਾਂ ਨੂੰ ਆਪਣਾ ਮਿੱਤਰ ਸਮਝਦਿਆਂ ਉਹਨਾਂ ਤੇ ਇਤਬਾਰ ਕੀਤਾ, ਇਹਨਾਂ ਮਿੱਤਰਾਂ ਨੇ ਹੀ ਪਿਤਾ ਜੀ ਨੂੰ ਧੋਖਾ ਦਿੱਤਾ। ਪਰ ਫਿਰ ਵੀ ਇਹ ਅਨੇਕਾਂ ਮੁਸ਼ਕਲਾਤਾਂ ਦਾ ਸਾਹਮਣਾ ਕਰਦੇ ਹੋਏ ਆਪਣੇ ਮਿਸ਼ਨ ਵੱਲ ਅੱਗੇ ਵਧੱਦੇ ਰਹੇ। ਪਰਮਾਤਮਾਂ ਦੀ ਬਖਸ਼ਿਸ਼ ਸਦਕਾ ਇਹ ਹਰ ਔਖੀ ਘੜੀ ਦੇ ਵਿੱਚੋਂ ਨਿੱਤਰਦੇ ਹੋਏ ਹੋਰ ਵੀ ਆਪਣੇ ਨਿਸ਼ਚੇ'ਚ ਦ੍ਰਿੜ ਹੁੰਦੇ ਗਏ। ਬਹੁਤ ਸਾਰੇ ਲੋਕਾਂ ਨੇ ਨਾਟਕਾਂ ਦੇ ਜਰੀਏ ਪੈਸਾ ਇਕੱਠਾ ਕਰਨ ਦੀ ਤਜਵੀਜ ਨੂੰ ਵੀ ਧਰਮੀ ਕਾਰਜ਼ ਕਬੂਲਦਿਆਂ ਇਹਨਾਂ ਕਲਾਕਾਰਾਂ ਨੂੰ ਸੱਦਣ ਲਈ ਹਵਾਈ ਜਹਾਜ ਦੀਆਂ ਟਿਕਟਾਂ ਲਈ ਪਿਤਾ ਜੀ ਨੂੰ ਪੈਸਾ ਦੇ ਕੇ ਮਦਦ ਕੀਤੀ ਸੀ। ਪਰ ਜਦੋਂ ਇਹ ਸਰਗਰਮੀ ਫੇਲ ਹੋ ਗਈ ਤਾਂ ਹੋਰ ਕੋਈ ਚਾਰਾ ਬਾਕੀ ਨਾ ਰਹਿ ਗਿਆ ਤਾਂ ਪਿਤਾ ਜੀ ਨੇ ਹੌਲੀ ਹੌਲੀ ਇਹਨਾਂ ਸੱਜਣਾ ਮਿੱਤਰਾਂ ਤੋਂ ਲਏ ਪੈਸੇ ਵੀ ਮੋੜ ਦਿੱਤੇ। ਪਿਤਾ ਜੀ ਨੇ ਅਜੋਕੇ ਸਮੇਂ ਦੇ ਵਿੱਚ ਹੋਏ ਘਾਟਿਆਂ ਜਾਂ ਅਸਫਲਤਾ ਤੋਂ ਕਦੀ ਨਿਰਾਸਤਾ ਜਾਹਿਰ ਨਹੀਂ ਸੀ ਕੀਤੀ, ਬਲਕਿ ਦ੍ਰਿੜ ਇਰਾਦੇ ਨਾਲ ਜੀਵਨ ਜੀਉਂਦਿਆਂ ਆਪਣੇ ਮਿਸ਼ਨ ਤੋਂ ਕਦੀ ਪਿੱਛੇ ਨਹੀਂ ਸੀ ਹਟੇ। ਕਈ ਵਾਰ ਮੇਰਾ ਪਿਤਾ ਜੀ ਦੇ ਨਾਲ ਇਹਨਾਂ ਗੱਲਾਂ ਤੇ ਵਾਦਵਿਵਾਦ ਵੀ ਹੋ ਜਾਇਆ ਕਰਦਾ ਸੀ ਪਰ ਇਹਨੀਂ ਇਹੋ ਗੱਲ ਕਹਿ ਕੇ ਸਾਨੂੰ ਚੁੱਪ ਕਰਾ ਦੇਣਾ ਕਿ ਮੇਰਾ ਨਿਸ਼ਾਨਾ ਭਲਾ ਕਰਨਾ ਹੈ ਜਿਹਨਾਂ ਤੇ ਇਤਬਾਰ ਕੀਤਾ ਗਿਆ ਹੋਵੇ ਅਗਰ ਉਹੋ ਧੋਖਾ ਦੇ ਜਾਂਦੇ ਹਨ ਤਾਂ ਮੇਰਾ ਆਪਣਾ ਕੋਈ ਕਸੂਰ ਨਹੀ ਹੈ। ਸ਼ਾਇਦ ਇਸੇ ਵਿੱਚ ਰੱਬ ਦਾ ਕੋਈ ਭਾਣਾ ਹੋਵੇਗਾ। ਜਦੋਂ ਕਹਿਣਾ ਕਿ ਤੁਸੀਂ ਲੋਕਾਂ ਤੇ ਇੱਕਦਮ ਯਕੀਨ ਕਿਉਂ ਕਰਦੇ ਹੋ ਤਾਂ ਉਹਨਾਂ ਦਾ ਜਵਾਬ ਹੋਣਾ ਕਿ ਕਈ ਵਾਰ ਮੈਨੂੰ ਦਿੱਸਦਾ ਹੁੰਦਾ ਹੈ ਕਿ ਇਸ ਕਾਰਜ਼ ਦੀ ਕਾਮਯਾਬੀ ਅਸੰਭਵ ਲੱਗਦੀ ਹੈ ਪਰ ਪਤਾ ਨਹੀ ਕਿਉਂ ਫਿਰ ਵੀ ਉਸ ਪਾਸੇ ਮੈਂ ਖਿਚਿੱਆ ਜਾਂਦਾ ਹਾਂ। ਮਿੱਤਰਾਂ ਦੀ ਦਗਾਬਾਜੀ ਤੋਂ ਵੀ ਕਦੀ ਉਪਰਾਮ ਨਹੀ ਸੀ ਹੋਏ ਨਾ ਹੀ ਉਹਨਾਂ ਤੇ ਕੋਈ ਰੰਜਸ਼ ਦਾ ਇਜ਼ਹਾਰ ਕਰਦੇ ਸਨ ਬਲਕਿ ਉਹਨਾਂ ਦਾ ਵੀ ਭਲਾ ਹੀ ਲੋਚਦੇ ਰਹੇ। ਇਹੋ ਜਿਹੀ ਵਿਰਤੀ ਦੇ ਧਾਰਨੀ ਅਤੇ ਅਨੁਸ਼ਾਸਕ ਹੁੰਦੇ ਹੋਏ ਉਸੇ ਦਾਤੇ ਦੇ ਆਸਰੇ ਅਗਾਂਹ ਵਧੱਦੇ ਗਏ ਅਤੇ ਪਰਮਾਤਮਾ ਆਪੇ ਹੀ ਕਾਰਜ ਸਿੱਧ ਕਰਦਾ ਗਿਆ। ਹਰ ਔਖਿਆਈ ਤੋਂ ਬਾਦ ਕੋਈ ਨ ਕੋਈ ਇਹਨਾਂ ਨੂੰ ਹੋਰ ਨਜ਼ਰੀਆ ਦਿਸ ਪੈਂਦਾ ਸੀ ਅਤੇ ਇਹ ਉਸੇ ਨਿਸ਼ਾਨੇ ਤੇ ਤੁਰਦੇ ਗਏ। ਇਨਸਾਨ ਮੇਹਨਤ ਕਰਦਾ ਹੈ ਪਰ ਇਸਦਾ ਫ਼ਲ਼ ਉਸ ਦਾਤੇ ਦੇ ਆਪਣੇ ਹੱਥ ਹੁੰਦਾ ਹੈ ਸੋ ਇਸੇ ਅਸੂਲ ਮੁਤਾਬਿਕ ਇਹਨਾਂ ਨੂੰ ਬਹੁਤ ਸਾਰੀਆਂ ਕਾਮਯਾਬੀਆਂ ਵੀ ਪ੍ਰਾਪਤ ਹੋਈਆਂ। ਕਹਿੰਦੇ ਹਨ ਕਿ ਇਰਾਦਾ ਦ੍ਰਿੜ

ਹੋਵੇ ਤਾਂ ਮੰਜ਼ਲ ਅਕਸਰ ਮਿਲ ਹੀ ਜਾਂਦੀ ਹੈ। ਇਹ ਹਕੀਕਤ ਹੈ ਕਿ ਜਿਹੋ ਜਿਹਾ ਬੀਜ ਕੋਈ ਬੀਜਦਾ ਹੈ ਉਹੋ ਜਿਹਾ ਹੀ ਉਸਨੂੰ ਫ਼ਲ ਪ੍ਰਾਪਤ ਹੁੰਦਾ ਹੈ ਸੋ ਕਰ ਭਲਾ ਸੋ ਹੋ ਭਲਾ ਦੀ ਨੀਤੀ ਨੂੰ ਅਪਨਾਉਣਾ ਸਾਡਾ ਧਰਮ ਹੈ। ਜੋ ਬੁਰਾ ਚਿਤਵਦਾ ਜਾਂ ਕਰਦਾ ਹੈ ਉਸਨੂੰ ਉਸੇ ਤਰਹ ਭੁਗਤਣਾ ਵੀ ਪੈਂਦਾ ਹੈ ਜਿਵੇਂ ਸਾਇੰਸਦਾਨ ਨੀਊਟਨ ਨੇ ਕਿਹਾ ਸੀ ਕਿ ਹਰ ਕਿਰਿਆ ਦੇ ਪਿੱਛੇ ਉਸੇ ਸਮਾਨ ਵਿਪਰੀਤ ਪ੍ਰਤੀਕਿਰਿਆ ਉਤਪੰਨ ਹੁੰਦੀ ਹੈ।

ਜਿਸ ਇਨਸਾਨ ਦਾ ਮਕਸਦ ਭਲਾਈ ਕਰਨਾ ਦ੍ਰਿੜ੍ਹ ਹੋਵੇ ਉਹ ਆਪਣੀ ਮੰਜ਼ਲ ਵੱਲ ਤੁਰਿਆ ਹੀ ਰਹਿੰਦਾ ਹੈ। ਸੰਨ 1978 ਸਤੰਬਰ ਦੇ ਮਹੀਨੇ ਬ੍ਰਾਦਰੀ ਦੇ ਤੌਰ ਤੇ ਇਹਨੀਂ ਸਾਰੇ ਇੰਗਲੈਂਡ ਭਰ ਚੋਂ ਆਪਣੇ ਲੋਕਾਂ ਨੂੰ ਇੱਕਠੇ ਕਰਕੇ ਇੰਟਰਨੈਸ਼ਨਲ ਖਾਲਸਾ ਬੋਰੜ ਅਸਥਾਪਿਤ ਕੀਤਾ ਸੀ। ਆਪਣੀ ਬ੍ਰਾਦਰੀ ਦੇ ਵਿੱਚ ਇਹ ਸੁਲਝੇ ਹੋਏ ਇਨਸਾਨ ਮੰਨੇ ਜਾਂਦੇ ਸਨ ਸੋ ਲੋਕਾਂ ਦੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਇਹਨੀਂ ਖਾਲਸਾ ਬੋਰੜ ਯੂ.ਕੇ. ਦੇ ਚੇਅਰਮੈਨ ਹੋਣਾ ਮੰਨ ਲਿਆ। ਉਸ ਸਮੇਂ ਦੇ ਚੱਲ ਰਹੇ ਵਿਵਹਾਰਕ ਰੀਤੀ ਰਿਵਾਜ ਨੂੰ ਸੁਧਾਰਨ ਲਈ ਇਹਨਾਂ ਦੇ ਸਹਿਯੋਗੀ ਕਮੇਟੀ ਮੈਂਬਰ ਸਰਦਾਰ ਸੋਹਨ ਸਿੰਘ ਪਧਿਆਣਾ, ਸਰਦਾਰ ਸੋਹਨ ਸਿੰਘ ਜੰਡਿਆਲਾ, ਸਰਦਾਰ ਰੇਸ਼ਮ ਸਿੰਘ ਜੰਡਿਆਲਾ, ਸਰਦਾਰ ਸ਼ਿਵ ਸਿੰਘ ਬੈਂਸ, ਸਰਦਾਰ ਸੰਤੋਖ ਸਿੰਘ ਗਰੇਵਾਲ ਅਤੇ ਸਰਦਾਰ ਪੂੰਨਾਂ ਸਿੰਘ ਜੀ ਹੁੰਦੇ ਸਨ। ਇਸੇ ਸੰਸਥਾ ਦੀ ਇੱਕ ਲੜੀ ਪੰਜਾਬ ਵਿੱਚ ਅਤੇ ਇੱਕ ਦਿੱਲੀ ਵਿੱਚ ਕਇਮ ਕੀਤੀ ਗਈ। ਪੰਜਾਬ ਸੰਸਥਾ ਦੇ ਮੁਖੀਆਂ ਚੋਂ ਸਰਦਾਰ ਮੇਜ਼ਰ ਅਨੰਤ ਸਿੰਘ, ਜੱਥੇਦਾਰ ਸਰਦਾਰ ਪਿਆਰਾ ਸਿੰਘ, ਮਾਸਟਰ ਕੁੰਦਨ ਸਿੰਘ, ਸਰਦਾਰ ਸਵਰਨ ਸਿੰਘ, ਸਰਦਾਰ ਊਧਮ ਸਿੰਘ, ਸਰਦਾਰ ਪ੍ਰੀਤਮ ਸਿੰਘ, ਅਤੇ ਸਰਦਾਰ ਪਿਆਰਾ ਸਿੰਘ ਤਹਿਸੀਲਦਾਰ ਉਸ ਮੌਕੇ ਤੇ ਕਮੇਟੀ ਦੇ ਸੰਚਾਲਕ ਹੋਏ ਹਨ। ਇਹਨਾਂ ਦੀਆਂ ਮੀਟਿੰਗਾ ਹੁੰਦੀਆਂ ਰਹਿੰਦੀਆਂ ਸਨ ਕਦੀ ਕਦਾਈਂ ਮੈਨੂੰ ਵੀ ਪਿਤਾ ਜੀ ਦੇ ਨਾਲ ਜਾਣ ਦਾ ਮੌਕਾ ਮਿਲਦਾ ਰਹਿੰਦਾ ਸੀ। ਕਈ ਸਾਲ ਕੰਮ ਠੀਕ ਚੱਲਦਾ ਰਿਹਾ ਪਰ ਸਮੇਂ ਦੀ ਵੇਗ ਨੇ ਕਈ ਸ਼ਖਸੀਅਤਾਂ ਨੂੰ ਸਦੀਵੀ ਵਿਛੋੜਾ ਦੇ ਕੇ ਸੰਸਥਾ ਦੀ ਕਾਰਗੁਜਾਰੀ ਤੋਂ ਨਿਵਿਰਤ ਕਰ ਦਿੱਤਾ। ਕੌਮ ਦੇ ਸੁਧਾਰੇ ਲਈ ਕੋਈ ਕੋਈ ਮੈਦਾਨ ਵਿੱਚ ਨਿੱਤਰਦਾ ਹੈ, ਚੰਗੇ ਬੰਦਿਆਂ ਦੀ ਘਾਟ ਨੇ ਇਸ ਸੰਸਥਾ ਦੀ ਕਾਰਗੁਜ਼ਾਰੀ ਨੂੰ ਕੁੱਝ ਠੰਡਾ ਕਰ ਦਿੱਤਾ।

ਮਾਸਟਰ ਕੁੰਦਨ ਸਿੰਘ ਜੀ ਲਿਖਦੇ ਹਨ ਕਿ 16 ਦਸੰਬਰ 1979 ਵਿੱਚ ਪੰਜਾਬ ਅਤੇ ਦਿੱਲੀ ਦੀਆਂ ਸੰਗਤਾਂ ਦੀ ਇੱਕ ਸਾਂਝੀ ਕਾਨਫਰੰਸ ਜੰਡੂ ਸਿੰਘਾ ਵਿਖੇ ਗਿਆਨੀ ਦਿੱਤ ਸਿੰਘ ਯਾਦਗਾਰੀ ਹਾਲ ਦੇ ਖੁਲ੍ਹੇ ਮੈਦਾਨ ਵਿੱਚ ਹੋਈ ਜਿਸ ਵਿੱਚ

ਬਰਾਦਰੀ ਦੀ ਤਰੱਕੀ ਲਈ ਅਨੇਕਾਂ ਵਿਚਾਰਾਂ ਹੋਈਆਂ, ਖਾਸਕਰ ਬਰਾਦਰੀ ਦੇ ਬੁੰਗਿਆਂ ਦੀ ਦੇਖ-ਰੇਖ, ਉਦਯੋਗਿਕ ਕੇਂਦਰਾਂ ਦੀ ਅਸਥਾਪਨਾ, ਵਿਧਵਾਵਾਂ ਅਤੇ ਅੰਗਹੀਣਾਂ ਦੀ ਸਹਾਇਤਾ ਕਰਨੀ, ਲਾਏਬਰੇਰੀਆਂ ਬਣਾਉਣੀਆਂ ਅਤੇ ਵਿਦਿਆਰਥੀਆਂ ਦੀ ਮਾਲੀ ਸਹਾਇਤਾ ਕਰਨ ਦਾ ਉਦੇਸ਼ ਵੀ ਸ਼ਾਮਲ ਸੀ। ਉਸੇ ਸਮੇਂ ਤੋਂ ਇਸ ਸੰਸਥਾ ਵਲੋਂ ਵਿਧਵਾਵਾਂ ਨੂੰ ਸਮੇਂ ਸਮੇਂ ਮਾਲੀ ਸਹਾਇਤਾ ਅਤੇ ਵਿਦਿਆਰਥੀਆਂ ਨੂੰ ਵਜ਼ੀਫੇ ਦਿੱਤੇ ਜਾਂਦੇ ਰਹੇ ਹਨ। ਜਿੱਥੇ ਆਪਣੇ ਬੱਚਿਆਂ ਵਾਰੇ ਚਿੰਤਾਤੁਰ ਰਹਿੰਦੇ ਸੀ, ਇਸੇ ਤਰਾਂ ਆਪਣੇ ਭਾਈਚਾਰੇ ਵਾਰੇ ਵੀ ਉਚੇਚਾ ਖਿਆਲ ਕਰਿਆ ਕਰਦੇ ਸਨ। ਪਿਤਾ ਜੀ ਹੋਰਾਂ ਦੇ ਮੱਨ ਵਿੱਚ ਕਾਫੀ ਅਰਸੇ ਤੋਂ ਇਹ ਤਮੰਨਾ ਸੀ ਕਿ ਗਰੀਬ ਬੱਚਿਆਂ ਲਈ ਕੋਈ ਪੰਜਾਬ ਵਿੱਚ ਕਾਲਜ ਖੋਲਿਆ ਜਾਵੇ ਕਿਉਂਕੇ ਉਹ ਸਮਝਦੇ ਸਨ ਕਿ ਗਰੀਬੀ ਤੋਂ ਲੋਕ ਸਹਿਜੇ ਛੁਟਕਾਰਾ ਨਹੀਂ ਪਾ ਸਕਣਗੇ। ਇਸੇ ਖਿਆਲ ਨੂੰ ਲੈਕੇ ਉਹ ਸਾਲ ਵਿੱਚ ਕਈ ਕਈ ਗੇੜੇ ਪੰਜਾਬ ਲਾਉਂਦੇ ਰਹਿੰਦੇ ਸਨ ਅਤੇ ਕਈ ਉੱਚੀਆਂ ਸ਼ਖਸੀਅਤਾਂ ਦੇ ਨਾਲ ਗੱਲਬਾਤ ਵੀ ਕਰਦੇ ਰਹਿੰਦੇ ਸਨ। ਖਾਸ ਕਰਕੇ ਉਹਨਾਂ ਦਾ ਸੰਪਰਕ ਧਰਮੀ ਅਤੇ ਪੜ੍ਹਾਈ ਲਿਖਾਈ'ਚ ਉੱਚ ਔਹਦੇਦਾਰਾਂ ਦੇ ਨਾਲ ਜਿਆਦਾ ਬਣਿਆ ਰਹਿੰਦਾ ਸੀ। ਇਸੇ ਵਿਚਾਰ ਅਧੀਨ ਉਹਨੀਂ ਇੱਕ ਕਾਲਜ ਬਨਾਉਣ ਦੇ ਲਈ ਪੰਜਾਬ ਵਿੱਚ ਜਗ੍ਹਾ ਦੇਖਣੀ ਸ਼ੁਰੂ ਕੀਤੀ, ਕਈਆਂ ਦੇ ਨਾਲ ਗੱਲਬਾਤ ਕਰਦੇ ਰਹੇ, ਆਖਿਰ ਇਹਨਾਂ ਦਾ ਸੰਪਰਕ ਮਹੇੜੂ ਪਿੰਡ ਦੇ ਮਹੰਤ ਪ੍ਰੀਤਮ ਦਾਸ ਹੋਰਾਂ ਦੇ ਨਾਲ ਹੋਇਆ ਜੋ ਕਿ ਮਹੰਤ ਸੰਤ ਰਾਮ ਦੇ ਸਪੁੱਤਰ ਸਨ। ਮਹੰਤ ਦੇ ਦੂਸਰੇ ਲੜਕੇ ਲੱਛਮਣ ਦਾਸ ਸਨ ਜੋ ਕਿ ਉਸ ਸਮੇਂ ਇਸ ਡੇਰੇ ਦੀ ਦੇਖ-ਰੇਖ ਕਰਦੇ ਸਨ ਪਰ ਇਹਨਾਂ ਦੋਵਾਂ ਭਰਾਵਾਂ ਦਾ ਇਸ ਡੇਰੇ ਤੇ ਇੱਕੋ ਜਿਹਾ ਹੱਕ ਸੀ। ਕਈ ਸਾਲਾਂ ਤੱਕ ਇਹਨਾਂ ਦੀ ਆਪਸੀ ਗੱਲਬਾਤ ਚੱਲਦੀ ਰਹੀ ਕਿ ਗਰੀਬ ਬੱਚਿਆਂ ਲਈ ਕਾਲਜ ਖੋਲ੍ਹਣ ਦਾ ਇਰਾਦਾ ਹੈ। ਇਸ ਕਾਲਜ ਵਿੱਚ ਦਾਖਲਾ ਉਹਨਾਂ ਬੱਚਿਆਂ ਨੂੰ ਦਿੱਤਾ ਜਾਇਆ ਕਰੇਗਾ ਜਿਹਨਾਂ ਦੀ ਮਾਲੀ ਹਾਲਤ ਗਰੀਬੀ-ਦਾਵੇ ਹੋਵੇਗੀ। ਮਹੰਤਾਂ ਨੇ ਇਸ ਗੱਲ ਨੂੰ ਵਿਚਾਰਦਿਆਂ ਆਪਣੀ ਵੀ ਰਜ਼ਾਮੰਦੀ ਜਾਹਿਰ ਕੀਤੀ ਅਤੇ ਫ਼ੈਸਲਾ ਲੈ ਲਿਆ ਗਿਆ। ਇਹ ਜਗ੍ਹਾ ਜੀ.ਟੀ ਰੋੜ ਦੇ ਬਿਲਕੁੱਲ ਕਿਨਾਰੇ ਤੇ ਮਹੇੜੂ ਦੇ ਨਜਦੀਕ ਪੈਂਦੀ ਹੈ ਅਤੇ ਇਸਦਾ ਰਕਬਾ 54 ਕਨਾਲ ਪੈਂਦਾ ਹੈ। ਇਹਨਾਂ ਮਹੰਤਾਂ ਦੇ ਨਾਲ ਸੌਦਾ ਤਹਿ ਕਰ ਲਿਆ ਗਿਆ, ਸਾਰੀ ਵਾਰਤਾ ਲਿਖਤੀ ਤੌਰ ਤੇ ਮੁੱਕਰਰ ਹੋ ਗਈ। ਪਿਤਾ ਜੀ ਹੋਰੀਂ ਹੌਲੀ ਹੌਲੀ ਕਿਸ਼ਤਾਂ ਰਾਹੀਂ ਉਹਨਾਂ ਨੂੰ ਪੈਸੇ ਦੇਣੇ ਸ਼ੁਰੂ ਕਰ ਦਿੱਤੇ ਕੁੱਝ ਸਮਾਂ ਪਾ ਕੇ ਦੋਵੇਂ ਮਹੰਤ ਭਰਾਵਾਂ ਦੀ ਮੌਤ ਹੋ ਗਈ। ਫਿਰ ਉਸਦੇ ਲੜਕੇ ਸਰਵਣ ਦਾਸ ਨਾਲ ਗੱਲਬਾਤ ਹੋਈ ਜਿਸਨੇ ਆਪਣੇ ਪਿਤਾ ਜੀ ਹੋਰਾਂ ਦੇ ਕੀਤੇ ਇਕਰਾਰ ਨੂੰ ਪੂਰਾ ਕਰਨ ਦਾ ਵਾਇਦਾ ਕੀਤਾ ਸੋ ਬਾਕੀ ਦੇ ਪੈਸੇ ਵੀ ਉਸਨੂੰ ਦੇਣੇ ਸ਼ੁਰੂ ਕਰ ਦਿੱਤੇ ਅਤੇ

ਲਿਖਤੀ ਤੌਰ ਤੇ ਉਸਦੇ ਕੋਲੋਂ ਸਬੂਤ ਲੈ ਲਿਆ ਗਿਆ। ਇਸ ਗੱਲ ਦਾ ਪਿੰਡ ਦੀ ਪੰਚਾਇਤ ਨੂੰ ਜਦੋਂ ਪਤਾ ਲੱਗਾ ਤਾਂ ਪੰਚਾਇਤ ਨੇ ਆਪਣਾ ਹੱਕ ਜਿਤਾਉਣਾ ਸ਼ੁਰੂ ਕਰ ਦਿੱਤਾ ਸੋ ਇਹ ਜਮੀਨ ਝਗੜੇ ਦਾ ਕਾਰਣ ਬਣ ਕੇ ਰਹਿ ਗਈ ਅਤੇ ਪੰਚਾਇਤ ਨੇ ਕੇਸ ਕਰ ਦਿੱਤਾ। ਉਦੋਂ ਤੋਂ ਕਈ ਸਾਲ ਇਹ ਕੇਸ ਚੱਲਦਾ ਰਿਹਾ ਪਰ ਹੱਕ ਮਹੰਤਾਂ ਦਾ ਹੀ ਸਾਬਿਤ ਹੁੰਦਾ ਰਿਹਾ ਅਤੇ ਉਹਨਾਂ ਦੀ ਹੀ ਜਿੱਤ ਹੋਈ। ਇੱਕ ਵਾਰ ਮਹੰਤ ਦੇ ਲੜਕੇ ਨੂੰ ਪਿੰਡ ਦੇ ਬੰਦਿਆਂ ਨੇ ਬਹੁਤ ਮਾਰਿਆ ਕੁਟਿੱਆ ਹੁਣ ਪਤਾ ਲੱਗਾ ਹੈ ਕਿ ਉਸਨੂੰ ਡਰਾ ਧਮਕਾ ਕੇ ਉਸਦੇ ਆਪਣੇ ਕਿਸੇ ਸੰਬੰਧੀ ਰਿਸ਼ਤੇਦਾਰ ਕੋਲ ਜਰਮਨੀ ਭੇਜ ਦਿੱਤਾ ਹੈ ਤਾਂ ਕਿ ਪੰਚਾਇਤ ਉਸ ਜਮੀਨ ਤੇ ਕਬਜ਼ਾ ਕਰ ਸਕੇ। ਅੱਜਕਲ੍ਹ ਉਹ ਮਹੰਤ ਦਾ ਲੜਕਾ ਜਰਮਨੀ ਕਿਸੇ ਸ਼ਹਿਰ ਵਿੱਚ ਆਪਣੀ ਭੈਣ ਦੇ ਕੋਲ ਰਹਿ ਰਿਹਾ ਹੈ ਸੋ ਜਮੀਨ ਦਾ ਕਬਜ਼ਾ ਉਸਦੇ ਵਾਪਿਸ ਆਇਆਂ ਤੇ ਹੀ ਲਿਆ ਜਾ ਸਕਦਾ ਹੈ। ਸਾਡੇ ਆਪਣੇ ਪਰਿਵਾਰ ਦੀ ਵੀ ਇਹੋ ਤਮੰਨਾ ਹੈ ਕਿ ਅਸੀਂ ਆਪਣੇ ਪਿਤਾ ਜੀ ਦੇ ਅਧੂਰੇ ਰਹਿ ਗਏ ਕਾਰਜਾਂ ਨੂੰ ਮੁਕੰਮਲ ਕਰਨ ਦਾ ਯਤਨ ਕਰ ਸਕੀਏ।

ਸੰਨ 1973 ਦੇ ਵਿੱਚ ਰਾਜਿੰਦਰ ਨੇ ਰਿਜ਼ਨਲਡ੍ਹ ਸਟਰੀਟ ਲੀਡਜ਼ ਦੇ ਵਿੱਚ ਕੱਪੜੇ ਦੀ ਫੈਕਟਰੀ ਲਾਈ ਸੀ। ਇਹ ਖਿਡਾਰੀਆਂ ਦੇ ਪਾਉਂਣ ਵਾਲੇ ਵਸਤਰਾਂ ਦੀ ਸਿਲਾਈ ਕਰਵਾਇਆ ਕਰਦਾ ਸੀ ਅਤੇ ਉਸ ਸਮੇਂ 10 ਮਸ਼ੀਨਾਂ ਤੇ ਕੰਮ ਕਰਨ ਲਈ ਆਪਣੀਆਂ ਬੀਬੀਆਂ ਸਿਲਾਈ ਦਾ ਕੰਮ ਕਰਿਆ ਕਰਦੀਆਂ ਸਨ। ਪਿਤਾ ਜੀ ਨੇ ਆਪਣੇ ਕੰਮ ਤੋਂ ਵੇਹਲੇ ਹੋਕੇ ਫੈਕਟਰੀ ਦਾ ਕੰਮ ਦੇਖਣਾ ਅਤੇ ਆਪ ਖੁਦ ਕਟਾਈ ਦਾ ਕੰਮ ਵੀ ਕਰ ਲਿਆ ਕਰਦੇ ਸੀ। ਇਹ ਜਗ੍ਹਾ ਛੋਟੀ ਪੈਂਦੀ ਸੀ ਪਰ ਕੰਮ ਸੋਹਣਾ ਚੱਲ ਰਿਹਾ ਸੀ ਘਰ ਦਾ ਗੁਜਾਰਾ ਕੁੱਝ ਸੌਖਾ ਹੋ ਗਿਆ ਸੀ। ਸੰਨ 1976 ਅਕਤੂਬਰ ਦੇ ਮਹੀਨੇ ਰਾਜਿੰਦਰ ਆਪਣੇ ਬੱਚਿਆਂ ਨੂੰ ਲੈ ਕੇ ਪੰਜਾਬ ਚਲਾ ਗਿਆ ਅਤੇ ਪਿਤਾ ਜੀ ਨੂੰ ਫੈਕਟਰੀ ਸਾਂਭਣੀ ਪਈ। ਪਿਤਾ ਜੀ ਆਪਣੇ ਪੋਤੇ ਬੌਬੀ ਦੇ ਨਾਲ ਬਹੁਤ ਪਿਆਰ ਕਰਦੇ ਸੀ, ਬੌਬੀ ਵੀ ਇਹਨਾਂ ਤੋਂ ਬਿਨਾ ਨਹੀਂ ਰਹਿ ਸਕਦਾ ਸੀ। ਪੰਜਾਬ ਜਾ ਕੇ ਇਹ ਉਦਾਸ ਹੋ ਗਿਆ, ਪਿਤਾ ਜੀ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ ਤਾਂ ਪਿਤਾ ਜੀ ਨੇ ਰਾਜਿੰਦਰ ਤੇ ਜੋਰ ਪਾਇਆ ਕਿ ਬੌਬੀ ਨੂੰ ਕਿਸੇ ਦੇ ਨਾਲ ਭੇਜ ਦਿਉ, ਉਹਨੀਂ ਇਸਨੂੰ ਦਸੰਬਰ ਦੇ ਅਖੀਰ ਵਿੱਚ ਹਵਾਈ ਜਹਾਜ਼ ਰਾਹੀਂ ਕਿਸੇ ਬਜੁਰਗ ਦੇ ਨਾਲ ਭੇਜ ਦਿੱਤਾ। ਪਿਤਾ ਜੀ ਬੌਬੀ ਨੂੰ ਲੈਣ ਲੰਡਨ ਚਲੇ ਗਏ ਅਤੇ ਕਾਹਲੀ ਦੇ ਵਿੱਚ ਬੌਬੀ ਦਾ ਪਾਸਪੋਰਟ ਉਸ ਬਜੁਰਗ ਦੇ ਕੋਲ ਹੀ ਰਹਿ ਗਿਆ, ਉਸਦਾ ਵੀ ਕੋਈ ਪਤਾ ਨਹੀਂ ਕਿੱਧਰ ਨੂੰ ਚਲਾ ਗਿਆ ਸੀ। ਉਹਨਾਂ ਦਿਨਾਂ ਵਿੱਚ ਅਸੀਂ ਨਵੀਂ ਵੌਲ੍ਹਵੋ ਕਾਰ ਕਢਾਈ ਸੀ। ਜਦੋਂ ਇਹ ਲੰਡਨ ਤੋਂ ਵਾਪਿਸ ਆ

ਰਹੇ ਸਨ ਤਾਂ ਮੋਟਰ ਵੇ ਤੇ ਡਰਵੀ ਦੇ ਲਾਗੇ ਇਹਨਾਂ ਦਾ ਬਹੁਤ ਖਤਰਨਾਕ ਕਾਰ ਦਾ ਹਾਦਸਾ ਹੋ ਗਿਆ। ਸੜਕ ਤੇ ਬਰਫ਼ ਜੱਮੀ ਹੋਈ ਸੀ ਜਿਸਨੂੰ ਬਲੈਕ ਆਈਸ ਕਹਿੰਦੇ ਹਨ, ਇਸਦਾ ਪਤਾ ਨਹੀਂ ਲੱਗਦਾ। ਇਹਨਾਂ ਦੇ ਅਗਾਂਹ ਜਾ ਰਹੀ ਕਾਰ ਵੱਖ ਨੂੰ ਨਿੱਕਲ ਗਈ, ਗੱਡੀਆਂ ਤੇਜ਼ ਰਫਤਾਰ ਦੇ ਨਾਲ ਆ ਰਹੀਆਂ ਸਨ, ਪਿਤਾ ਜੀ ਨੇ ਆਪਣੀ ਕਾਰ ਵੱਖ ਕਰਨ ਦੀ ਕੋਸ਼ਿਸ਼ ਕੀਤੀ ਪਰ ਪਿੱਛਿਉਂ ਕਿਸੇ ਹੋਰ ਦੀ ਕਾਰ ਇਹਨਾਂ ਦੀ ਕਾਰ ਦੇ ਵਿੱਚ ਟੱਕਰ ਖਾ ਗਈ, ਫਿਰ ਕੀ ਸੀ ਉਸਤੋਂ ਪਿੱਛੇ ਆਉਂਣ ਵਾਲੀਆਂ ਗੱਡੀਆਂ ਇੱਕ ਦੂਸਰੇ ਤੇ ਚੜਦੀਆਂ ਗਈਆਂ। ਮੋਟਰ ਵੇ ਬੰਦ ਕਰ ਦਿੱਤਾ ਗਿਆ, ਐਂਬੂਲੈਂਸਾਂ ਅਤੇ ਪੁਲੀਸ ਦੀਆਂ ਗੱਡੀਆਂ ਗਸ਼ਤ ਕਰਨ ਲੱਗ ਪਈਆਂ। ਅਸੀਂ ਸਾਰੇ ਇਹਨਾਂ ਦੀ ਉੜੀਕ ਕਰ ਰਹੇ ਸੀ ਜਦੋਂ ਕਾਰ ਹਾਦਸੇ ਵਾਰੇ ਟੀ.ਵੀ. ਤੇ ਖਬਰ ਸੁਣੀ ਤਾਂ ਸਾਡੀ ਚਿੰਤਾ ਹੋਰ ਵੀ ਵਧ ਗਈ। ਅਸੀਂ ਪੁੱਛ ਤਾਸ਼ ਮਹਿਕਮੇਂ ਦੇ ਵਿੱਚ ਟੈਲੀਫੋਨ ਕੀਤਾ ਤਾਂ ਸਾਨੂੰ ਦੱਸਿਆ ਗਿਆ ਕਿ ਮਿਸਟਰ ਕ੍ਰਿਪਾਲ ਸਿੰਘ ਡਰਬੀ ਹਸਪਤਾਲ ਵਿੱਚ ਦਾਖਲ ਕੀਤਾ ਗਿਆ ਹੈ। ਅਸੀਂ ਡਰਬੀ ਹਸਪਤਾਲ ਪਹੁੰਚ ਗਏ, ਪਿਤਾ ਜੀ ਦੀ ਜਾਨ ਤਾਂ ਬਚ ਗਈ ਸੀ ਸਿਰਫ ਪੈਰ ਦਾ ਗਿੱਟਾ ਟੁੱਟ ਗਿਆ ਸੀ। ਬੌਬੀ ਵਾਲ਼ ਵਾਲ਼ ਬਚ ਗਿਆ ਸਾਨੂੰ ਕੁੱਝ ਹੌਸਲਾ ਹੋਇਆ। ਪਿਤਾ ਜੀ ਨੂੰ ਸਾਰੇ ਹਾਦਸੇ ਬਾਰੇ ਪੁੱਛਿਆ ਤਾਂ ਉਹਨੀਂ ਕਿਹਾ ਕਿ ਇਹ ਤਾਂ ਗੱਡੀ ਬਹੁਤ ਮਜ਼ਬੂਤ ਸੀ, ਇਹਨਾਂ ਕਾਰਾਂ ਦੇ ਬੰਪਰ ਬਹੁਤ ਸੁਰੱਖਿਅਤ ਹੁੰਦੇ ਹਨ ਇਹੋ ਸਮਝੋ ਕਿ ਇਸ ਕਾਰ ਨੇ ਸਾਡਾ ਬਚਾਉ ਕਰ ਦਿੱਤਾ ਅਗਰ ਕਾਰ ਕੋਈ ਹੋਰ ਹੁੰਦੀ ਤਾਂ ਪਤਾ ਨਹੀਂ ਜਾਨ ਬਚਣੀ ਸੀ ਜਾਂ ਨਹੀਂ। ਮੈਨੂੰ ਯਾਦ ਹੈ ਕੁੱਝ ਹਫਤਿਆਂ ਬਾਦ ਇਹ ਜਦੋਂ ਲੀਡਜ਼ ਗੁਰਦੁਆਰਾ ਸਾਹਿਬ ਮੱਥਾ ਟੇਕਣ ਗਏ ਤਾਂ ਲੋਕੀ ਹੈਰਾਨ ਸਨ ਅਤੇ ਕਈ ਅਰਦਾਸਾਂ ਕਰਦੇ ਸਨ ਕਿ ਰੱਬਾ ਇਹ ਕੀ ਭਾਣਾ ਵਰਤ ਗਿਆ ਇਹੋ ਜਿਹਾ ਲੋਕਾਂ ਦਾ ਪਿਆਰ ਸਤਿਕਾਰ ਦਰ ਪੇਸ਼ ਆਇਆ।

ਸੰਨ 1977 ਦੇ ਵਿੱਚ ਪਿਤਾ ਜੀ ਦੀ ਸਹਿਮਤੀ ਦੇ ਨਾਲ ਲੀਡਜ਼ ਔਲਟਨ ਵਿਖੇ ਰਾਜਿੰਦਰ ਨੇ ਇੱਕ ਵੱਡਾ ਪ੍ਰਚੂਨ ਦਾ ਸਟੋਰ ਖਰੀਦਿਆ। ਇਹ ਸਟੋਰ ਕਰਮਾਂ ਵਾਲਾ ਸੀ, ਘਰੇਲੂ ਮਾਲੀ ਹਾਲਤ ਪਹਿਲ਼ਾ ਨਾਲੋਂ ਵੀ ਬੇਹਤਰ ਹੋ ਗਈ। ਰਾਜਿੰਦਰ ਸ਼ੁਰੂ ਤੋਂ ਹੀ ਬਹੁਤ ਮੇਹਨਤੀ ਰਿਹਾ ਸੀ ਅਤੇ ਇਹ ਆਪਣੇ ਕੰਮ ਕਾਜ਼ ਦੇ ਵਿੱਚ ਕਾਮਯਾਬ ਸੀ। ਇਹਨਾਂ ਦਿਨਾਂ ਦੇ ਵਿੱਚ ਹੀ ਪਿਤਾ ਜੀ ਨੇ ਜਲੰਧਰ ਘਰ ਬਣਾਉਂਣ ਲਈ ਜਗ੍ਹਾ ਖਰੀਦ ਲਈ। ਇਹ ਜਗ੍ਹਾ ਪਿਓ ਪੁੱਤਰ ਨੇ ਰਲ ਮਿਲ ਕੇ ਖਰੀਦੀ ਸੀ ਅਤੇ ਉੱਥੇ ਦੁਕਾਨਾਂ ਅਤੇ ਘਰ ਦੀ ਉਸਾਰੀ ਕਰਨੀ ਸ਼ੁਰੂ ਹੋ ਗਈ ਸੀ। ਪਹਿਲਾਂ ਆਲੇ ਦੁਵਾਲੇ ਬਗਲ ਕਰਕੇ ਇੱਕ ਕਮਰਾ ਬਣਾਇਆ। ਇਹਨਾਂ ਦੁਕਾਨਾਂ ਅਤੇ ਰਿਹਾਇਸ਼ੀ ਜਗ੍ਹਾ ਨੂੰ ਠੇਕੇਦਾਰ ਜੋਗਿੰਦਰ ਸਿੰਘ ਪਿੰਡ ਖੁਰਲਾ ਕੀਂਗਰਾ ਵਾਲਿਆਂ ਨੇ

ਬਣਾਇਆ ਸੀ। ਇਹ ਸਾਰੀ ਜਗ੍ਹਾ ਬੇਆਬਾਦ ਹੁੰਦੀ ਸੀ ਚਾਰ ਚੁਫੇਰੇ ਖੇਤ ਸਨ। ਦੋ ਤਿੰਨ ਸਾਲਾਂ ਤੋਂ ਬਾਦ 14 ਦੁਕਾਨਾਂ ਗੋਲ਼ ਸ਼ਕਲ ਦੇ ਵਿੱਚ ਬਣਾਈਆਂ ਗਈਆਂ, ਇਸੇ ਕਾਰਣ ਇਸਨੂੰ ਬੌਬੀ ਗੋਲ਼ ਮਾਰਕਿਟ ਕਹਿੰਦੇ ਹਨ। ਇਸਦਾ ਨਾਮ ਵੀ ਆਪਣੇ ਪੋਤੇ ਬੌਬੀ ਦੇ ਨਾਮ ਤੇ ਰੱਖਿਆ ਸੀ। ਸੰਨ 80/81 ਦੀ ਗੱਲ ਹੋਣੀ ਹੈ ਜਦੋਂ ਆਨੰਦ ਪੁਰ ਸਾਹਿਬ ਬ੍ਰਾਦਰੀ ਦੇ ਗੁਰਦੁਆਰੇ ਵਾਰੇ ਗੱਲਬਾਤ ਚੱਲ ਰਹੀ ਸੀ। ਮੇਰਾ ਖਿਆਲ ਹੈ ਕਿ ਸੰਨ 1981 ਦੇ ਵਿੱਚ ਇਹ ਜਗ੍ਹਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬ੍ਰਾਦਰੀ ਨੂੰ ਵਾਪਿਸ ਦੇ ਦਿੱਤੀ ਸੀ। ਇਹ ਦੋਵੇਂ ਕੰਮ ਆਪਣੀ ਮਾਰਕਿਟ ਦੀ ਉਸਾਰੀ ਅਤੇ ਗੁਰਦੁਆਰਾ ਸਾਹਿਬ ਦੀ ਉਸਾਰੀ ਕਰਵਾਉਂਣੀ ਪਿਤਾ ਜੀ ਨੇ ਨਾਲੋ ਨਾਲ ਨਜਿੱਠਣੇ ਸ਼ੁਰੂ ਕੀਤੇ ਹੋਏ ਸਨ। ਕੁੱਝ ਲੋਕਾਂ ਦੀ ਭ੍ਰਿਸ਼ਟ ਬੁੱਧੀ ਹੋਣ ਕਾਰਣ ਉਹਨਾਂ ਨੇ ਪਿਤਾ ਜੀ ਤੇ ਦੂਸ਼ਣ ਲਾਉਣੇ ਸ਼ੁਰੂ ਕਰ ਦਿੱਤੇ ਕਿ ਸਰਦਾਰ ਕ੍ਰਿਪਾਲ ਸਿੰਘ ਇੰਗਲੈਂਡ ਤੋਂ ਇਸ ਗੁਰੁ ਘਰ ਦੀ ਸੇਵਾ ਲਈ ਜੋ ਉਗਰਾਹੀ ਕਰਕੇ ਲਿਆਉਂਦੇ ਹਨ ਉਹ ਮਾਇਆ ਆਪਣੀ ਕੋਠੀ ਬਣਾਉਣ ਤੇ ਲਾਈ ਜਾ ਰਹੇ ਹਨ। ਅਜਿਹੇ ਲੋਕਾਂ ਨੇ ਕਦੀ ਕਿਸੇ ਨੂੰ ਇੱਕ ਦਮੜੀ ਤੱਕ ਨਹੀਂ ਦਿੱਤੀ ਹੁੰਦੀ ਨਾ ਹੀ ਕੌਮ ਦੀ ਉਸਾਰੀ ਲਈ ਕੋਈ ਕਦਮ ਹੀ ਚੁੱਕਿਆ ਹੁੰਦਾ ਹੈ ਪਰ ਦਿਆਨਤਦਾਰ ਲੋਕਾਂ ਤੇ ਇਲਜ਼ਾਮ ਲਾਉਂਣ ਤੋਂ ਕਦੀ ਗੁਰੇਜ਼ ਨਹੀਂ ਕਰਦੇ। ਪਿਤਾ ਜੀ ਨੇ ਇਸ ਗੱਲ ਦੀ ਪੂਰੀ ਛਾਣਵੀਣ ਕਰਨ ਦੀ ਕੋਸ਼ਿਸ਼ ਵੀ ਕੀਤੀ ਅਤੇ ਇਹਨਾਂ ਲੋਕਾਂ ਨੂੰ ਆਪਣੀ ਸਫਾਈ ਪੇਸ਼ ਕਰਨ ਦਾ ਮੌਕਾ ਵੀ ਦਿੱਤਾ ਪਰ ਕੋਈ ਵੀ ਸਕਸ਼ ਇਹਨਾਂ ਦੇ ਸਾਮ੍ਹਣੇ ਨਹੀਂ ਸੀ ਆਇਆ। ਖੈਰ ਇਹੋ ਜਿਹੀ ਆਮ ਲੋਕਾਂ ਦੀ ਫਿਤਰਤ ਹੁੰਦੀ ਹੈ ਉਹਨਾਂ ਦੀ ਆਪਣੀ ਬੇਬਸੀ ਹੋਇਆ ਕਰਦੀ ਹੈ, ਜਿਸਨੂੰ ਰੱਬ ਨੇ ਪਹਿਲਾਂ ਹੀ ਅਜਿਹੀ ਸੋਚ ਦੇ ਭਾਗੀ ਬਣਾਇਆ ਹੋਵੇ ਉਸਤੇ ਰਹਿਮ ਕਰ ਦੇਣਾ ਹੀ ਭਲਾ ਹੈ। ਇਹੋ ਵਜਾ ਸੀ ਕਿ ਪਿਤਾ ਜੀ ਨੇ ਇਸ ਗੁਰਦੁਆਰੇ ਦੀ ਉਸਾਰੀ ਦਾ ਕੰਮ ਬੰਦ ਕਰ ਦਿੱਤਾ ਸੀ, ਅਤੇ ਕਾਫੀ ਸਮੇਂ ਤੱਕ ਇਹ ਕੰਮ ਬੰਦ ਰਿਹਾ ਸੀ। ਕੁੱਝ ਸਾਲਾਂ ਦੇ ਵਕਫੇ ਦੌਰਾਨ ਦੁਕਾਨਾਂ ਦੇ ਪਿਛਲੇ ਪਾਸੇ ਮਕਾਨ ਬਣਾ ਲਏ ਗਏ, ਹੌਲੀ ਹੌਲੀ ਆਲੇ ਦੁਆਲੇ ਮਕਾਨ ਬਣਨੇ ਸ਼ੁਰੂ ਹੋ ਗਏ ਸਨ ਫਿਰ ਪਿਤਾ ਜੀ ਨੇ ਘਰਾਂ ਦੇ ਪਾਸੇ ਵਾਲੀ ਗਲ਼ੀ ਵੱਲ ਮਕਾਨ ਤਿਆਰ ਕਰਵਾਇਆ, ਜਿਵੇਂ ਜਿਵੇਂ ਪੈਸੇ ਦਾ ਇੰਤਜਾਮ ਹੁੰਦਾ ਗਿਆ ਫਿਰ ਦੂਸਰੀ ਮੰਜ਼ਲ ਵੀ ਬਣਦੀ ਗਈ। ਇਹਨਾਂ ਦੁਕਾਨਾਂ ਅਤੇ ਮਕਾਨਾਂ ਦੀ ਉਸਾਰੀ ਕਈ ਸਾਲਾਂ ਦੀ ਮੇਹਨਤ ਸੀ ਜੋ ਕਿ ਪਿਤਾ ਜੀ ਨੇ ਆਪਣੀ ਦੇਖ-ਰੇਖ ਹੇਠ ਕਰਵਾਈ ਸੀ। ਇਸਦੇ ਚਾਰ ਐਪਾਰਟਮੈਂਟਸ ਹਨ, ਆਪਣੇ ਬਚਿੱਆਂ ਲਈ ਵੱਖ ਵੱਖ ਹਿੱਸੇ ਤਕਸੀਮ ਕੀਤੇ ਹੋਏ ਹਨ।

ਸੰਨ 1976 ਦੇ ਅਰੰਭ ਵਿੱਚ ਪਿਤਾ ਜੀ ਨੇ ਇੱਕ ਵੱਡੀ ਕਪੜੇ ਦੀ ਫੈਕਟਰੀ

ਬਾਟਲੇ ਕਸਵੇ ਦੇ ਵਿੱਚ ਸ਼ੁਰੂ ਕੀਤੀ ਸੀ। ਲੀਡਜ਼ ਦੀ ਫੈਕਟਰੀ ਛੋਟੀ ਪੈਂਦੀ ਸੀ ਅਤੇ ਕਪੜੇ ਦਾ ਕੰਮ ਪਹਿਲਾਂ ਨਾਲੋਂ ਜਿਆਦਾ ਵਧ ਗਿਆ ਸੀ। ਇਸ ਫੈਕਟਰੀ ਦੇ ਵਿੱਚ ਘਰ ਦੇ ਸਾਰੇ ਜੀਅ ਆਪੋ ਆਪਣਾ ਯੋਗ ਹਿੱਸਾ ਪਾਉਂਦੇ ਰਹਿੰਦੇ ਸਨ। ਰਾਜਿੰਦਰ ਆਪਣਾ ਸਟੋਰ ਚਲਾ ਰਿਹਾ ਸੀ ਅਤੇ ਇਸਦੇ ਨਾਲ ਨਾਲ ਬਾਟਲੇ ਵਾਲੀ ਫੈਕਟਰੀ ਦਾ ਵੀ ਖਿਆਲ ਰੱਖਿਆ ਕਰਦਾ ਸੀ। ਇਸ ਜਗ੍ਹਾ ਜਿਆਦਾ ਵਸੋਂ ਹਿੰਦੁਸਤਾਨੀ ਮੁਸਲਮਾਨਾਂ ਦੀ ਹੁੰਦੀ ਸੀ ਅਤੇ ਅੰਗ੍ਰੇਜ਼ ਲੜਕੀਆਂ ਤੋਂ ਇਲਾਵਾ ਬਹੁਤ ਸਾਰੀਆ ਮੁਸਲਮਾਨ ਲੜਕੀਆਂ ਵੀ ਸਿਲਾਈ ਦਾ ਕੰਮ ਕਰਿਆ ਕਰਦੀਆਂ ਸਨ। ਇਸ ਫੈਕਟਰੀ ਦਾ ਮਾਲ ਅਸਬਾਬ ਬਾਹਰਲੇ ਦੇਸ਼ਾਂ ਨੂੰ ਭੇਜਿਆ ਜਾਂਦਾ ਸੀ। ਜਿਆਦਾ ਤਰ ਇੱਥੇ ਦੀ ਜੁੰਮੇਵਾਰੀ ਪਿਤਾ ਜੀ ਅਤੇ ਰਾਜਿੰਦਰ ਦੇ ਸਿਰ ਹੁੰਦੀ ਸੀ, ਵੈਸੇ ਇਸ ਫੈਕਟਰੀ ਦੀ ਸੰਚਾਲਕ ਅੰਗ੍ਰੇਜ਼ ਔਰਤ ਹੁੰਦੀ ਸੀ ਅਤੇ ਇਹੋ ਇੱਥੇ ਦਾ ਸਾਰਾ ਹਿਸਾਬ ਕਿਤਾਬ ਅਤੇ ਕੰਮ ਕਰਨ ਵਾਲੀਆਂ ਮਸ਼ੀਨਿਸਟਾਂ ਦੀ ਦੇਖ-ਰੇਖ ਕਰਿਆ ਕਰਦੀ ਸੀ। ਕਈ ਸਾਲ ਇਹ ਕਾਰੋਬਾਰ ਚੰਗਾ ਚੱਲਦਾ ਰਿਹਾ ਪਰ ਇੱਕ ਦੌਰ ਅਜਿਹਾ ਵੀ ਆਇਆ ਕਿ ਇੰਗਲੈਂਡ ਦੇ ਵਪਾਰੀਆਂ ਨੇ ਆਪਣੇ ਕੰਮ ਨੂੰ ਨਵੀਂ ਲੀਹ ਤੇ ਤੋਰਨ ਦਾ ਯਤਨ ਕੀਤਾ। ਇਹਨਾਂ ਦਿਨਾਂ ਦੇ ਵਿੱਚ ਇੱਥੇ ਮਜ਼ਦੂਰੀ ਮਹਿੰਗੀ ਹੋਣ ਲੱਗੀ, ਖਾਸ ਕਰਕੇ ਕਪੜੇ ਦਾ ਵਪਾਰ ਤਕਰੀਬਨ ਠੱਪ ਹੀ ਹੋ ਗਿਆ ਸੀ, ਬਾਹਰਲੇ ਮੁਲਕਾਂ ਤੋਂ ਬਣੇ ਬਣਾਏ ਵਸਤਰਾਂ ਦੀ ਆਯਾਤ ਅਰੰਭ ਹੋ ਗਈ। ਇੱਥੇ ਦੇ ਵਪਾਰੀਆਂ ਨੇ ਆਪਣੀਆਂ ਫੈਕਟਰੀਆਂ ਬਾਹਰਲੇ ਮੁਲਕਾਂ ਜਿਹਨਾਂ ਨੂੰ ਤੀਸਰੀ ਦੁਨੀਆਂ ਕਿਹਾ ਜਾਂਦਾ ਸੀ ਉੱਥੇ ਲਾਉਣੀਆਂ ਸ਼ੁਰੂ ਕਰ ਦਿੱਤੀਆਂ। ਜਦੋਂ ਇਹੋ ਜਿਹੇ ਹਾਲਾਤ ਹੋ ਗਏ ਤਾਂ ਸਾਨੂੰ ਵੀ ਇਹ ਫੈਕਟਰੀ ਬੰਦ ਕਰਨੀ ਪਈ।

## ਪਿੰਡ ਜੰਡੂ ਸਿੰਘਾ ਵਿਖੇ ਗਿਆਨੀ ਦਿੱਤ ਸਿੰਘ ਲਾਇਬਰੇਰੀ

ਸਰਦਾਰ ਕੁੰਦਨ ਸਿੰਘ ਜੀ ਹੋਰਾਂ ਦੇ ਨਾਲ ਪਿਤਾ ਜੀ ਦੀ ਕਾਫੀ ਨੇੜਤਾ ਸੀ। ਇਹ ਪਿੰਡ ਜੰਡੂਸਿੰਘਾ ਦੇ ਵਸਨੀਕ ਅਤੇ ਇੱਕ ਉੱਘੇ ਲਿਖਾਰੀ ਸਨ। ਇਸ ਪਾਵਨ ਧਰਤੀ ਤੇ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਹਿਬ ਜੀ ਦੇ ਚਰਨਾਂ ਦੀ ਛੋਹ ਇਸ ਜਗ੍ਹਾ ਨੂੰ ਹੋਰ ਵੀ ਪਵਿੱਤਰਤਾ ਬਖਸ਼ਦੀ ਹੈ ਸੋ ਇਸ ਪੱਖ ਤੋਂ ਵੀ ਇਹ ਪਿੰਡ ਇਤਿਹਾਸਕ ਤੱਥ ਦਾ ਵੀ ਮੁਦਈ ਹੈ। ਪਿਤਾ ਜੀ ਹੋਰੀਂ ਪੰਜਾਬ ਦੇ ਦੌਰੇ ਸਮੇਂ ਆਪਣੇ ਮਿਤੱਰਾਂ ਦੇ ਨਾਲ ਕੌਮ ਦੀ ਭਲਾਈ ਅਤੇ ਆਪਣੇ ਕੌਮੀ ਵੰਸ਼ ਦੇ ਵਿਦਵਾਨਾ, ਧਾਰਮਿਕ ਆਗੂਆਂ, ਲਾਸਾਨੀ ਸ਼ਹੀਦਾਂ ਦੀਆਂ ਯਾਦਾਂ ਨੂੰ ਤਾਜ਼ਾ ਕਰਨ ਲਈ ਉਹਨਾਂ ਦੇ ਸਤਿਕਾਰ ਵਜੋਂ ਉਹਨਾਂ ਦੀਆਂ ਯਾਦਗਾਰਾਂ ਦਾ ਨਿਰਮਾਣ ਕਰਨ ਲਈ ਹਮੇਸ਼ਾ ਵਿਚਾਰਾਂ ਕਰਦੇ ਰਹਿੰਦੇ ਸਨ। ਇਹਨਾਂ ਮਹਾਨ ਸ਼ਖਸੀਅਤਾਂ ਦੇ ਵਿੱਚੋਂ ਉੱਚ

ਕੋਟੀ ਦੇ ਮਹਾਨ ਵਿਦਵਾਨ, ਲਿਖਾਰੀ, ਗੁਰਮਤਿ ਵਿਦਿਆ ਵਿੱਚ ਨਿਪੁੰਨ, ਸਿੰਘ ਸਭਾ ਲਹਿਰ ਦੇ ਮੋਢੀ, ਪੰਜਾਬੀ ਪਤੱਰਕਾਰ, ਛੂਤਛਾਤ ਕੋੜ੍ਹ ਦੇ ਨਿਵਾਰਕ ਅਤੇ ਵਿਚਾਰ-ਗੋਸ਼ਟੀ ਦੇ ਪਿਤਾਮਾ ਗਿਆਨੀ ਦਿੱਤ ਸਿੰਘ ਹੋਰਾਂ ਦੀ ਯਾਦ ਵਿੱਚ ਪਿੰਡ ਜੰਡੂਸਿੰਘਾ ਵਿਖੇ ਲਾਇਬਰੇਰੀ ਦੀ ਸਥਾਪਨਾ ਕਰਨ ਦੇ ਵਿਚਾਰ ਨੂੰ ਲੈ ਕਿ ਕੁੱਝ ਪਤਪੰਤੇ ਸਜਨਾਂ ਦੇ ਨਾਲ ਗੱਲਬਾਤ ਹੋਈ ਅਤੇ ਸਾਰੇ ਹੀ ਇਸ ਤਜਵੀਜ ਦੇ ਨਾਲ ਪੂਰਣ ਤੌਰ ਤੇ ਸਹਿਮਤ ਸਨ। ਕਈ ਸਾਲਾਂ ਦੀ ਘਾਲਣਾ ਤੋਂ ਬਾਦ ਪਿਤਾ ਜੀ ਨੇ ਪਿੰਡ ਜੰਡੂਸਿੰਘੇ ਭਾਈ ਸਾਹਿਬ ਗਿਆਨੀ ਦਿੱਤ ਸਿੰਘ ਜੀ ਹੋਰਾਂ ਦੀ ਯਾਦ ਵਿੱਚ ਲਾਇਬਰੇਰੀ ਬਣਾਈ ਜਿਸਦਾ ਉਦਘਾਟਨ ਸੰਨ 1979 ਦੇ ਵਿੱਚ ਕੀਤਾ ਗਿਆ। ਬਹੁਤ ਗਿਣਤੀ ਦੇ ਸੰਗ੍ਰਿਹ ਵਿੱਚ ਲੋਕਾਂ ਨੇ ਸਹਿਯੋਗ ਦਿੰਦਿਆਂ ਇਸ ਕਾਰਜ਼ ਨੂੰ ਨੇਪਰੇ ਚਾੜਿਆ। ਇਸ ਪਿੰਡ ਦੇ ਨੌਜਵਾਨ ਸਭਾ ਨੇ ਪਿਤਾ ਜੀ ਹੋਰਾਂ ਦੇ ਸਨਮਾਨ ਵਿੱਚ ਸੰਨ 1979 ਦਸੰਬਰ ਦੀ 26 ਤਾਰੀਖ ਨੂੰ ਪਿਤਾ ਜੀ ਨੂੰ ਸਰੋਪਾ ਦੇ ਕੇ ਸਨਮਾਨਿਤ ਕੀਤਾ। ਇਸ ਸਭਾ ਦੇ ਚੇਅਰਮੈਨ ਜਗੀਰ ਸਿੰਘ ਅਨਜਾਣ, ਪ੍ਰਧਾਨ ਜਸਵੰਤ ਸਿੰਘ ਲਾਡੀ, ਸਰਦਾਰ ਮੰਨਦੀਪ ਸਿੰਘ ਅਤੇ ਕਾਰਜ਼ਕਰਤਾ ਕਮੇਟੀ ਦੇ ਕਾਰਕੁਨ ਜਦੋਂ ਮੈਂ ਜੰਡੂਸਿੰਘੇ ਗਿਆ ਤਾਂ ਇਹ ਸਾਰੇ ਮੈਨੂੰ ਬਹੁਤ ਪਿਆਰ ਨਾਲ ਮਿਲੇ ਸੀ। ਇਹਨਾਂ ਦੀ ਕੌਮ ਪ੍ਰਤੀ ਲਗਨ ਨੂੰ ਦੇਖ ਕੇ ਮੇਰਾ ਮਨ ਬਹੁਤ ਖੁਸ਼ ਹੋਇਆ ਅਤੇ ਮੈਨੂੰ ਆਸ ਹੈ ਕਿ ਇਹਨਾਂ ਦਾ ਕੌਮੀ ਜਜ਼ਬਾ ਕੌਮ ਦੀ ਭਲਾਈ ਲਈ ਯਕੀਨਨ ਲਾਹੇਵੰਦ ਹੋਵੇਗਾ।

ਗਿਆਨੀ ਦਿੱਤ ਸਿੰਘ ਜੀ ਵਾਰੇ ਸਿੱਖ ਜਗਤ ਬਹੁਤ ਘੱਟ ਜਾਣਦਾ ਹੈ ਇਸਦੇ ਕਈ ਕਾਰਣ ਹਨ। ਗਿਆਨੀ ਜੀ ਹੋਰਾਂ ਦੀ ਪ੍ਰਤਿਭਾ ਦਾ ਜ਼ਿਕਰ ਕਿਉਂ ਨਹੀਂ ਹੋ ਸਕਿਆ ਇਹ ਇੱਕ ਸਿਆਸੀ ਚਾਲ੍ਹ ਅਤੇ ਫਿਰਕਾਪ੍ਰਸਤੀ ਦਾ ਪ੍ਰਮਾਣ ਸਪੱਸ਼ਟ ਤੌਰ ਤੇ ਸਾਹਮਣੇ ਆਉਂਦਾ ਹੈ। ਗਿਆਨੀ ਜੀ ਹੀ ਸਨ ਜਿਹਨੀ ਸਿੱਖ ਧਰਮ ਨੂੰ ਢਾਹ੍ਹ ਲੱਗਦਿਆਂ ਦੇਖਕੇ ਸਿੱਖੀ ਸਰੂਪ ਅਤੇ ਸਿੱਖ ਧਰਮ ਦੇ ਅਸੂਲਾਂ ਨੂੰ ਮੁੜ ਸੁਰਜੀਤ ਕਰਨ ਦਾ ਪ੍ਰਣ ਲਿਆ ਸੀ। ਇਹਨਾਂ ਤੇ ਉਸ ਅਕਾਲ ਪੁਰੱਖ ਦੀ ਬਖਸ਼ਿਸ਼ ਸੀ ਕਿ ਇਹਨਾਂ ਦਾ ਜਨਮ ਮਾਤਾ ਰਾਮ ਕੌਰ ਅਤੇ ਪਿਤਾ ਦੀਵਾਨ ਸਿੰਘ ਜੀ ਹੋਰਾਂ ਦੇ ਘਰ ਹੋਇਆ ਜਿਹੜੇ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਨੂੰ ਪ੍ਰਚਾਰਨ ਲਈ ਜਗ੍ਹਾ ਜਗ੍ਹਾ ਘੁੰਮਦੇ ਸਨ। ਇਸ ਪਰਿਵਾਰ ਦੀ ਗੁਰੂ ਪ੍ਰਤੀ ਅਨੰਨ ਸ਼ਰਦਾ ਹੁੰਦੀ ਸੀ ਸੋ ਗਿਆਨੀ ਜੀ ਹੋਰਾਂ ਨੂੰ ਧਰਮ ਦੇ ਗਿਆਨ ਤੋਂ ਜਾਣੂ ਕਰਵਾਉਣ ਲਈ ਇਹਨਾਂ ਦੇ ਪਿਤਾ ਜੀ ਨੇ ਅਨੇਕਾਂ ਸੰਤਾਂ ਸਾਧੂਆਂ ਦੀ ਸ਼ਰਨ ਵਿੱਚ ਇਹਨਾਂ ਨੂੰ ਭੇਜਿਆ ਸੀ। ਕਹਿੰਦੇ ਹਨ ਜਿਹੋ ਜਿਹੀ ਸੰਗਤ ਹੋਵੇ ਉਸੇ ਦਾ ਪ੍ਰਭਾਵ ਇਨਸਾਨ ਤੇ ਪੈਂਦਾ ਹੈ ਸੋ ਇਹਨਾਂ ਦੇ ਜੀਵਨ ਤੇ ਵਿਦਵਤਾ ਦਾ ਭਰਪੂਰ ਰੰਗ ਚੜਿਆ। ਪਹਿਲਾਂ

ਇਹ ਆਰੀਆ ਸਮਾਜੀ ਲਹਿਰ ਦੇ ਪ੍ਰਚਾਰਕ ਰਹੇ ਪਰ ਜਦੋਂ ਉਹਨਾ ਦੀ ਕੁਟਿਲ ਨੀਤੀ ਸਿੱਖ ਧਰਮ ਦੇ ਖਿਲਾਫ ਹੋਣ ਵਾਰੇ ਗਿਆਨੀ ਜੀ ਨੂੰ ਅਹਿਸਾਸ ਹੋਇਆ ਤਾਂ ਇਹ ਸਿੱਖ ਧਰਮ ਦੇ ਪਰਿਵਾਰਕ ਹੋ ਕੇ ਅੱਗੇ ਵਧੇ। ਇਹ ਸਿੱਖ ਜਗਤ ਅੰਦਰ ਮਹਾਨ ਵਿੱਦਵਾਨ, ਪ੍ਰਚਾਰਕ, ਕਵੀ, ਅਤੇ ਕਥਾ-ਵਾਚਕ ਮੰਨੇ ਜਾਣ ਲੱਗੇ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਬਾਦ ਅੰਗ੍ਰੇਜ਼ਾਂ ਦੇ ਪ੍ਰਸ਼ਾਸਨ ਸਮੇਂ ਸਿੱਖ ਨੌਜਵਾਨ ਤੇਜ਼ ਰਫਤਾਰ ਦੇ ਨਾਲ ਪਤਿੱਤ ਹੋਣੇ ਸ਼ੁਰੂ ਹੋਣ ਲੱਗੇ ਸੀ ਜਿਹਨਾ ਦੇ ਵਿੱਚ ਨਾਮਵਰ ਪਰਿਵਾਰਾਂ ਦੇ ਬੱਚੇ ਵੀ ਗੁਮਰਾਹ ਹੁੰਦਿਆਂ ਸਿੱਖੀ ਤੋਂ ਪਤਿਤ ਹੋ ਗਏ ਸੀ। ਉਸ ਸਮੇਂ ਗਿਆਨੀ ਜੀ ਹੀ ਸਨ ਜਿਹਨੀਂ ਭਾਈ ਗੁਰਮੁੱਖ ਸਿੰਘ ਹੋਰਾਂ ਦੇ ਸਹਿਯੋਗ ਦੇ ਨਾਲ ਸਿੰਘ ਸਭਾ ਲਹਿਰ ਨੂੰ ਅਸਥਾਪਿਤ ਕੀਤਾ ਸੀ ਅਤੇ ਖਾਲਸਾ ਅਖਬਾਰ ਪ੍ਰਕਾਸ਼ਿਤ ਕਰਕੇ ਦਿਨ ਵ ਦਿਨ ਪੈਦਾ ਹੋ ਰਹੀਆਂ ਸਿੱਖ ਧਰਮ ਦੇ ਖਿਲਾਫ ਉੱਠ ਰਹੀਆਂ ਅਫ਼ਵਾਹਾਂ ਨੂੰ ਦੂਰ ਕਰਨ ਦਾ ਸੰਘਰਸ਼ ਉਤੇਜਿੱਤ ਕੀਤਾ ਸੀ। ਗਿਆਨੀ ਜੀ ਬਹਿਸ-ਮੁਬਾਹਸਾ ਕਰਨ ਵਿੱਚ ਨਿਪੁੰਨ ਸਨ ਅਤੇ ਇਸ ਗੱਲ ਦਾ ਆਮ ਜਿਕਰ ਆਉਂਦਾ ਹੈ ਕਿ ਇਹਨਾਂ ਦੀ ਤਿੰਨ ਬਾਰ ਸੁਆਮੀ ਦਯਾ ਨੰਦ ਨਾਲ ਬਹਿਸ ਹੋਈ ਸੀ ਜਿਸ ਵਿੱਚ ਸੁਆਮੀ ਹੋਰਾਂ ਨੂੰ ਬੁਰੀ ਸ਼ਿਕਸਤ ਖਾਣੀ ਪਈ। ਗਿਆਨੀ ਜੀ ਹੋਰਾਂ ਦਾ ਅਮ੍ਰਿਤਸਰ ਖਾਲਸਾ ਕਾਲਜ ਬਣਾਉਣ ਵਿੱਚ ਚੋਖਾ ਯੋਗਦਾਨ ਹੈ। ਇਹੋ ਜਿਹੇ ਵਿਦਵਾਨ ਨੂੰ ਸਿੱਖ ਪੰਥ ਦੇ ਇਤਿਹਾਸ ਤੋਂ ਅਲੋਪ ਕਰ ਦੇਣਾ ਇੱਕ ਡੂੰਘੀ ਸਾਜਿਸ਼ ਦੀ ਹੀ ਪ੍ਰਤਿਕਿਰਿਆ ਹੋ ਸਕਦੀ ਹੈ। ਪੰਥ ਦਰਦੀਆਂ ਨੂੰ ਆਪਣੇ ਅਨਮੋਲ ਵਿਰਸੇ ਦੀ ਕੜੀ ਨੂੰ ਅਜਾਈਂ ਝੁਠਿਆਉਣਾ ਨਹੀ ਚਾਹੀਦਾ ਸੀ। ਜਾਤ ਪਾਤ ਦੇ ਕੋਹੜ ਨੂੰ ਨਿਵਿਰਤ ਕਰਨ ਲਈ ਗੁਰੂ ਸਾਹਿਬਾਨਾ ਨੇ ਸਮਾਜ ਦੇ ਤਾਣੇ-ਬਾਣੇ ਵਿੱਚ ਅਨੋਖੀ ਰੂਹ ਫੂਕ ਦਿੱਤੀ ਸੀ ਪਰ ਖੇਦ ਹੈ ਕਿ ਬਹੁਤੇ ਅਖੌਤੀ ਸਿੱਖ ਅੱਜ ਵੀ ਟੱਸ ਤੇ ਮੱਸ ਨਹੀ ਹੋਏ ਬਲਕਿ ਮਨੂੰ ਦੀ ਵਿਚਾਰਧਾਰਾ ਤੇ ਅੱਟਲ ਵਿਸ਼ਵਾਸ ਰੱਖਦੇ ਹਨ ਅਤੇ ਹੋਕਾ ਗੁਰੂ ਦੇ ਖਾਲਸਾ ਹੋਣ ਦਾ ਫਰਮਾਉਂਦੇ ਹਨ। ਕੀ ਇਹ ਆਪਣੇ ਆਪ ਨੂੰ ਸਿੱਖ ਅਖਵਾਉਣ ਦੇ ਯੋਗ ਵੀ ਹਨ ਇਸਦਾ ਫੈਸਲਾ ਤਾਂ ਪੰਥ ਹੀ ਕਰ ਸਕਦਾ ਹੈ। ਗਿਆਨੀ ਦਿੱਤ ਸਿੰਘ ਹੋਰਾਂ ਦੇ ਜੀਵਨ ਦੀਆਂ ਉੱਚ ਪ੍ਰਾਪਤੀਆਂ ਨੂੰ ਸਿੱਖ ਜਗਤ ਵਿੱਚ ਪਰੀਚੈ ਕਰਵਾਉਣ ਲਈ ਪੰਥ ਦਰਦੀਆਂ ਨੂੰ ਯੋਗ ਯਤਨ ਕਰਨੇ ਚਾਹੀਦੇ ਹਨ। ਪਿੰਡ ਜੰਡੂ ਸਿੰਘਾ ਦੇ ਵਿੱਚ ਇਸ ਲਾਇਬਰੇਰੀ ਨੂੰ ਅਸਥਾਪਤਿ ਕਰਨ ਦਾ ਇਹ ਇੱਕ ਛੋਟਾ ਜਿਹਾ ਉਪਰਾਲਾ ਹੈ। ਗਿਆਨੀ ਹੋਰਾਂ ਦੀ ਸਿੱਖਿਆ ਅਤੇ ਧਾਰਮਿਕ ਪ੍ਰਾਪਤੀਆਂ ਸਮੁੱਚੇ ਸਿੱਖ ਜਗਤ ਨੂੰ ਸਮਰਪਿਤ ਹੈ। ਸਿੱਖ ਭਾਈਚਾਰੇ ਦਾ ਆਪਣਾ ਕਰਤੱਵ ਬਣ ਜਾਂਦਾ ਹੈ ਕਿ ਉਹ ਸਿੱਖ ਪੰਥ ਦੇ ਅਨਮੋਲ ਰਤਨਾਂ ਨੂੰ ਉਜਾਗਰ ਕਰਨ ਦਾ ਯਤਨ ਕਰਨ।

# ਆਨੰਦਪੁਰ ਸਾਹਿਬ ਗੁਰਦੁਆਰਾ ਸਾਹਿਬ ਦੀ ਅਸਥਾਪਨਾ

ਇਹਨਾ ਦਿਨਾ ਦੁਹਰਾਨ ਹੀ ਆਨੰਦਪੁਰ ਸਾਹਿਬ ਵਿਖੇ ਬ੍ਰਾਦਰੀ ਦੇ ਗੁਰਦੁਆਰੇ ਵਾਰੇ ਗੱਲਬਾਤ ਚੱਲ ਰਹੀ ਸੀ। ਰਾਮਦਾਸੀਆ ਬਰਾਦਰੀ ਸ੍ਰੀ ਗੁਰੂ ਰਾਮਦਾਸ ਜੀ ਦੇ ਅਨੰਨ ਸੇਵਕ ਹੋਏ ਹਨ। ਅੱਜ ਆਮ ਲੋਕਾਂ ਵੱਲੋਂ ਭੁਲੇਖੇ ਪਾਏ ਜਾ ਰਹੇ ਹਨ ਕਿ ਰਾਮਦਾਸੀਆ ਬ੍ਰਾਦਰੀ ਅਤੇ ਰਵੀਦਾਸੀਆ ਬ੍ਰਦਾਰੀ ਦੇ ਵਿੱਚ ਕੋਈ ਅੰਤਰਾ ਨਹੀ ਹੈ। ਪੜ੍ਹੇ ਲਿਖੇ ਲੋਕ ਅਤੇ ਕਈ ਵਿੱਦਿਅਕ ਅਦਾਇਰੇ ਵੀ ਬਿਨਾ ਕਿਸੇ ਠੋਸ ਸਬੂਤ ਦੇ ਰਾਮਦਾਸੀਆ ਪਤਵੰਤੇ ਸੱਜਣਾ ਨੂੰ ਰਵੀਦਾਸੀਏ ਹੀ ਲਿਖੀ ਜਾ ਰਹੇ ਹਨ। ਗਿਆਨੀ ਦਿੱਤ ਸਿੰਘ ਦੇ ਪਿਛੋਕੜ ਵਾਰੇ ਵੀ ਗਲਤ ਬਿਆਨ ਵਾਜੀ ਕੀਤੀ ਗਈ ਹੈ। ਖੈਰ ਮੇਰਾ ਵਿਸ਼ਾ ਬ੍ਰਾਦਰੀ ਦੀ ਪੜਚੋਲ ਕਰਨਾ ਨਹੀ ਹੈ ਕਿਉਂਕਿ ਮੈਂ ਸਮਝਦਾ ਹਾਂ ਕਿ ਗੁਰੂ ਦਾ ਸਿੱਖ ਕਿਸੇ ਜਾਤ ਬ੍ਰਾਦਰੀ ਦੇ ਨਾਲ ਸੰਬੰਧਤ ਨਹੀ ਹੁੰਦਾ। ਇਸ ਗੱਲ ਦਾ ਖੇਦ ਹੈ ਕਿ ਸਾਡਾ ਵਿੱਦਿਅਕ ਢਾਂਚਾ ਅਤੇ ਸਿਆਸੀ ਪੱਖ ਬ੍ਰਾਦਰੀਆਂ ਦੀ ਭਿੰਨਤਾ ਨੂੰ ਪਰਪੱਕ ਪ੍ਰਚਾਰਣ ਦਾ ਯਤਨ ਕਰ ਰਿਹਾ ਹੈ। ਅਗਰ ਲੋਕ ਆਪਣੀ ਹੋਂਦ ਨੂੰ ਬਰਕਰਾਰ ਰੱਖਣ ਲਈ ਚਾਹਵਾਨ ਹੋਣ ਤਾਂ ਉਹਨਾਂ ਦਾ ਇਹ ਉਪਰਾਲਾ ਉਹਨਾਂ ਨੂੰ ਮੁਬਾਰਿਕ ਹੈ ਪਰ ਸਿੱਖ ਅਖਵਾਉਣਾ ਅਤੇ ਬ੍ਰਾਦਰੀ ਦਾ ਢੰਡੋਰਾ ਵੀ ਪਿਟੱਣਾ ਇਹ ਗੁਰਮਤਿ ਦੇ ਖਿਲਾਫ ਹੈ। ਗੁਰੂ ਸਾਹਿਬਾਨ ਦੀ ਸਿੱਖਿਆ ਤੇ ਅਮਲ ਕਰਨਾ ਸਾਡਾ ਫਰਜ਼ ਬਣ ਜਾਂਦਾ ਹੈ। ਆਨੰਦਪੁਰ ਸਹਿਬ ਦੇ ਵਿੱਚ ਇਸ ਗੁਰਦੁਆਰੇ ਦੀ ਜਗ੍ਹਾ ਤੇ ਹੱਕ ਬ੍ਰਾਦਰੀ ਦਾ ਸੀ ਪਰ ਗੁਰਦੁਆਰਾ ਸਾਹਿਬ ਕਿਤੇ ਵੀ ਹੋਵੇ ਉਹ ਸਾਰੀ ਲੋਕਾਈ ਲਈ ਸਾਂਝੀਵਾਲਤਾ ਦਾ ਪ੍ਰਤੀਕ ਹੋਣਾ ਚਾਹੀਦਾ ਹੈ ਅਤੇ ਉਸਦੀ ਦੇਖ-ਰੇਖ ਦੀ ਜੁੰਮੇਵਾਰੀ ਸਿੱਖ ਹੀ ਕਰ ਸਕਦੇ ਹਨ। ਇਸ ਬ੍ਰਾਦਰੀ ਦਾ ਹਕੀਕਤ ਦੇ ਵਿੱਚ ਬਹੁਤ ਵੱਡਾ ਗੁਰਦੁਆਰਾ ਪਾਕਿਸਤਾਨ ਵਿੱਚ ਹੁੰਦਾ ਸੀ ਪਰ ਹਿੰਦੁਸਤਾਨ ਦੀ ਵੰਡ ਸਮੇਂ ਲੋਕਾਂ ਦੇ ਘਰਵਾਰ, ਜਮੀਨਾ ਅਤੇ ਜਾਇਦਾਦਾਂ ਆਦਿ ਸਭ ਕੁਝ ਹੀ ਬਟਵਾਰੇ 'ਚ ਖਿੰਡ-ਪੁੰਡ ਗਿਆ ਸੀ। ਉਸ ਗੁਰਦੁਆਰੇ ਦੇ ਬਟਵਾਰੇ ਵਜੋਂ ਹੀ ਆਨੰਦਪੁਰ ਸਾਹਿਬ ਵਿਖੇ ਇਸ ਬ੍ਰਾਦਰੀ ਲਈ ਇਹ ਜਗ੍ਹਾ ਤਕਸੀਮ ਹੋਈ ਸੀ ਜੋ ਕਿ ਉਸ ਵਕਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਬਜ਼ੇ ਵਿੱਚ ਸੀ। ਗੁਰਦੁਆਰੇ ਦੀ ਜਗ੍ਹਾ ਵਾਪਿਸ ਲੈਣ ਲਈ ਬ੍ਰਾਦਰੀ ਦੇ ਪਤਵੰਤੇ ਸੱਜਨਾਂ ਦੇ ਦਰਮਿਆਨ ਵਿਚਾਰਾਂ ਚੱਲ ਰਹੀਆਂ ਸਨ ਜਿਸ ਵਿੱਚ ਪਿਤਾ ਜੀ ਹੋਰਾਂ ਦਾ ਸ਼ਲਾਘਾ ਯੋਗ ਉੱਦਮ ਰਿਹਾ ਸੀ ਜਿਹਨੀਂ ਇਸਨੂੰ ਛੁਡਾਉਣ ਲਈ ਕਈ ਉਪਰਾਲੇ ਕੀਤੇ ਸਨ। ਕਈ ਸਾਲਾਂ ਦੀ ਘਾਲਣਾ ਤੋਂ ਉਪਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਫੈਸਲਾ ਇਸ ਬ੍ਰਾਦਰੀ ਦੇ ਹੱਕ ਵਿੱਚ ਕਰ ਦਿੱਤਾ ਅਤੇ ਇਹ ਗੁਰਦੁਆਰੇ ਦੀ ਜਗਹ ਬ੍ਰਾਦਰੀ ਨੂੰ ਹੀ ਵਾਪਿਸ ਸੌਂਪ ਦਿੱਤੀ ਗਈ ਸੀ। ਅਗਰ ਇਸੇ ਜਗ੍ਹਾ ਨੂੰ ਸ਼੍ਰੋਮਣੀ ਕਮੇਟੀ

ਗੁਰਦੁਆਰੇ ਦੀ ਰੂਪ ਰੇਖਾ ਦੇ ਦਿੰਦੀ ਤਾਂ ਸ਼ਾਇਦ ਇਸ ਬ੍ਰਾਦਰੀ ਨੂੰ ਵੀ ਸਾਂਝੀਵਾਲਤਾ ਦਾ ਅਹਿਸਾਸ ਹੁੰਦਾ ਪਰ ਸਦੀਆਂ ਤੋਂ ਹੀ ਊਚ ਨੀਚ ਦਾ ਪਸਾਰਾ ਹੋਂਦ ਵਿਚ ਰਿਹਾ ਹੈ ਜਿਸਦੇ ਕਾਰਣ ਅੱਜ ਲੋਕਾਂ ਦੀਆਂ ਵੰਡੀਆਂ ਅਤੇ ਆਪਸੀ ਵਿਤਕਰੇ ਸਿੱਖੀ ਅਸੂਲਾਂ ਦੇ ਵਿਪਰੀਤ ਆਤਮਿਕ ਵਿਕਾਸ ਦੀ ਬਜਾਏ ਆਤਮਿਕ ਗਿਰਾਵਟ ਵੱਲ ਵੱਧ ਰਹੇ ਹਨ।

ਗੁਰਦੁਆਰਾ ਸਾਹਿਬ ਦੀ ਈਮਾਰਤ ਦੀ ਉਸਾਰੀ ਦਾ ਪ੍ਰਬੰਧ ਉਸ ਸਮੇਂ ਦੇ ਉੱਘੇ ਬ੍ਰਾਦਰੀ ਦੇ ਮੁਖੀਆਂ ਨੇ ਰਲ ਮਿਲ ਕੇ ਚਿਤਵਿਆ ਅਤੇ ਨੀਂਹ-ਪੱਥਰ ਰੱਖਣ ਦੀ ਤਿਆਰੀ ਹੋਣ ਲੱਗੀ। ਇਹੋ ਫੇਸਲਾ ਲਿਆ ਗਿਆ ਕਿ ਜੌਹਲਾਂ ਵਾਲੇ ਸੰਤ ਬਾਬਾ ਗਿਆਨ ਸਿੰਘ ਜੀ ਹੋਰਾਂ ਤੋਂ ਉਦਘਾਟਨ ਕਰਵਾਇਆ ਜਾਵੇ। ਮੇਰੇ ਪਿਤਾ ਜੀ ਹੋਰੀਂ ਸਰਦਾਰ ਕੁੰਦਨ ਸਿੰਘ ਹੋਰਾਂ ਨੂੰ ਨਾਲ ਲੈਕੇ ਜੌਹਲਾਂ ਵਾਲੇ ਮਹਾਪੁਰਖਾਂ ਪਾਸ ਪੁੱਜੇ। ਇਹਨੀਂ ਆਨੰਦ ਪੁਰ ਸਾਹਿਬ ਗੁਰਦੁਆਰੇ ਦੀ ਨੀਂਹ-ਪੱਥਰ ਰੱਖਣ ਵਾਰੇ ਅਰਜ਼ ਕੀਤੀ ਅਤੇ ਆਮ ਕੌਮ ਦੀ ਪਨੀਰੀ ਪ੍ਰਤੀ ਉਹਨਾਂ ਦੀਆਂ ਜ਼ੁੰਮੇਵਾਰੀਆਂ ਨੂੰ ਨਿਭਾਉਣ ਵਾਰੇ ਗੱਲਬਾਤ ਵੀ ਹੋਈ ਜਿਸਨੂੰ ਉਹਨੀ ਕੋਈ ਮਹੱਤਤਾ ਨਹੀਂ ਦਿੱਤੀ ਹਾਂ ਪਰ ਉਹਨਾਂ ਨੇ ਬੇਨਤੀ ਨੂੰ ਪ੍ਰਵਾਨ ਕਰ ਲਿਆ ਉਪਰੰਤ ਪਿਤਾ ਜੀ ਸਾਰੇ ਪ੍ਰਬੰਧ ਦੀ ਜ਼ੁੰਮੇਵਾਰੀ ਸਰਦਾਰ ਕੁੰਦਨ ਸਿੰਘ ਹੋਰਾਂ ਨੂੰ ਦੇ ਕੇ ਵਾਪਿਸ ਇੰਗਲੈਂਡ ਆ ਗਏ। ਸਮਾਂ ਪਾ ਕੇ ਜਦੋਂ ਸਾਰਾ ਪ੍ਰਬੰਧ ਹੋ ਗਿਆ ਅਤੇ ਉਦਘਾਟਨ ਕਰਨ ਦੀ ਤਾਰੀਖ ਨਜਦੀਕ ਆਉਂਦੀ ਦੇਖਦਿਆਂ ਪਿਤਾ ਜੀ ਨੇ ਇੰਡੀਆ ਜਾਣ ਦੀ ਤਿਆਰੀ ਕਰ ਲਈ ਅਤੇ ਇਹ ਆਪਣੇ ਮਿੱਥੇ ਪਰੋਗਰਾਮ ਮੁਤਾਬਿਕ ਪੰਜਾਬ ਚਲੇ ਗਏ। ਉਹਨਾਂ ਦਿਨਾ ਦੇ ਵਿੱਚ ਮੈਂ ਵੀ ਜਲੰਧਰ ਗਿਆ ਹੋਇਆ ਸੀ। ਕੁੱਝ ਦਿਨਾਂ ਬਾਦ ਸਰਦਾਰ ਕੁੰਦਨ ਸਿੰਘ ਆਪਣੇ ਮਿੱਤਰ ਦੇ ਨਾਲ ਪਿਤਾ ਜੀ ਨੂੰ ਮਿਲਣ ਜਲੰਧਰ ਆਏ ਉਹਨੀਂ ਦੱਸਿਆ ਕਿ ਬਾਬਾ ਜੀ ਉਦਘਾਟਨ ਕਰਨ ਲਈ ਰਾਜ਼ੀ ਨਹੀਂ ਹਨ। ਦੂਸਰੇ ਪਾਸੇ ਇਸ਼ਤਿਹਾਰ ਬਣ ਚੁੱਕੇ ਸਨ ਅਤੇ ਬਾਕੀ ਦੀ ਤਿਆਰੀ ਹੋ ਚੁੱਕੀ ਸੀ। ਉਦਘਾਟਨ ਕਰਨ ਲਈ ਸਮਾਂ ਬਹੁਤ ਘੱਟ ਰਹਿ ਗਿਆ ਸੀ ਸੋ ਖੜੇ ਪੈਰ ਪਿਤਾ ਜੀ ਹੋਰੀਂ ਜੱਥੇਦਾਰ ਗੁਰਬਚਨ ਸਿੰਘ ਟੌਹੜਾ ਜੀ ਨੂੰ ਬੇਨਤੀ ਕੀਤੀ ਜੋ ਕਿ ਉਸ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਤੌਰ ਪ੍ਰਧਾਨ ਕੰਮ ਕਰ ਰਹੇ ਸਨ। ਉਹਨੀਂ ਇਹਨਾਂ ਦੀ ਬੇਨਤੀ ਨੂੰ ਪ੍ਰਵਾਨ ਕਰ ਲਿਆ ਅਤੇ ਆਖਿਰਕਾਰ ਇਸ ਗੁਰਦੁਆਰੇ ਦਾ ਨੀਂਹ ਪੱਥਰ ਰਖੱਣ ਲਈ ਆਨੰਦਪੁਰ ਸਹਿਬ ਵਿਖੇ ਟੌਹੜਾ ਸਾਹਿਬ ਨੇ ਆਪਣੇ ਹੱਥੀਂ ਹੀ ਇਸਦਾ ਉਦਘਾਟਨ ਕੀਤਾ।

ਕੌਮ ਦੇ ਕੰਮ ਕਰਨੇ ਬਹੁਤ ਔਖੀ ਗੱਲ ਹੈ। ਸੱਚੀ ਸੁੱਚੀ ਭਾਵਨਾ ਦੇ ਨਾਲ ਨਿਸ਼ਕਾਮ ਸੇਵਾ ਕਰਨੀ ਇਸਤੇ ਵੀ ਕਈ ਲੋਕੀ ਸੰਦੇਹ ਕਰਦੇ ਹਨ। ਹੈਰਾਨੀ ਇਸ

ਗੱਲ ਦੀ ਵੀ ਹੁੰਦੀ ਹੈ ਕਿ ਜਿਹਨੀ ਆਪ ਕੁੱਝ ਦਿੱਤਾ ਨਾ ਹੋਵੇ, ਕੁੱਝ ਕੀਤਾ ਨਾ ਹੋਵੇ ਉਹ ਵੀ ਕੰਮ ਕਰਨ ਵਾਲੇ ਤੇ ਦੂਸ਼ਣ ਲਾਉਂਣ ਲਈ ਰਤਾ ਗੁਰੇਜ਼ ਨਹੀ ਕਰਦੇ। ਇਸ ਤਰਾਂ ਦੀਆਂ ਘਟਨਾਵਾਂ ਆਮ ਹੁੰਦੀਆਂ ਰਹਿੰਦੀਆਂ ਹਨ। ਹਰ ਇੱਕ ਪੀਰ ਪੈਗੰਬਰ ਦੇਸ਼ ਭਗਤ ਜਾਂ ਸੇਵਕ ਅਜਿਹੀ ਸਥਿਤੀ ਦੇ ਵਿੱਚ ਦੀ ਲੰਘਦਾ ਰਿਹਾ ਹੈ। ਇਸੇ ਤਰਾਂ ਦੀ ਗੱਲ ਮੇਰੇ ਪਿਤਾ ਜੀ ਦੇ ਨਾਲ ਵੀ ਵਾਪਰੀ। ਇਹਨਾਂ ਦਿਨਾ ਵਿੱਚ ਪਿਤਾ ਜੀ ਨੇ ਜਲੰਧਰ ਆਪਣੀ ਗੋਲ਼ ਮਾਰਕਿਟ ਅਤੇ ਘਰ ਬਣਾਉਣ ਦਾ ਕੰਮ ਆਰੰਭਿਆ ਹੋਇਆ ਸੀ ਸੋ ਘੱਟ ਅਕਲ ਦੇ ਬੰਦਿਆਂ ਨੇ ਗਲਤ ਕਿਆਫੇ ਲਾਏ ਕਿ ਇਹ ਜੋ ਉਗਰਾਹੀ ਇੰਗਲੈਂਡ ਤੋਂ ਕਰਦੇ ਹਨ ਇਹ ਪੈਸਾ ਆਪਣੇ ਮਕਾਨ ਤੇ ਲਾਈ ਜਾ ਰਹੇ ਹਨ ਅਤੇ ਇਸ ਤਰਾਂ ਪਿਤਾ ਜੀ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਪਰ ਕੋਈ ਵੀ ਸਕਸ਼ ਇਸ ਗੱਲ ਦੀ ਪੁਸ਼ਟੀ ਕਰਨ ਲਈ ਅੱਗੇ ਨਹੀਂ ਸੀ ਆਇਆ। ਪਰ ਇਹਨੀਂ ਸਿਆਣਪ ਕੀਤੀ ਅਤੇ ਫੈਸਲਾ ਕਰ ਲਿਆ ਕਿ ਮੈਂ ਗੁਰਦੁਆਰੇ ਦਾ ਹੁਣ ਕੋਈ ਕੰਮ ਨਹੀਂ ਕਰਾਂਗਾ ਸੋ ਅਜਿਹਾ ਹੀ ਹੋਇਅ ਕੰਮ ਠੱਪ ਹੋ ਗਿਆ ਨਾ ਹੀ ਕਿਸੇ ਹੋਰ ਨੇ ਕੰਮ ਕਰਨ ਦੀ ਜੁੰਮੇਵਾਰੀ ਲਈ। ਕਾਫੀ ਸਮੇਂ ਤੱਕ ਕੰਮ ਇਸੇ ਤਰਾਂ ਬੰਦ ਰਿਹਾ, ਹਾਰ ਕੇ ਮੇਰੀ ਮਾਤਾ ਜੀ ਦੇ ਮਾਮਾ ਜੀ ਸਰਦਾਰ ਊਧਮ ਸਿੰਘ ਹੋਰੀ ਪਿਤਾ ਜੀ ਨੂੰ ਕਿਹਾ ਕਿ ਯਾਰ ਤੂੰ ਸੀਮਿੰਟ ਰੇਤਾ ਵਗੈਰਾ ਲੈ ਦੇ ਹੋਰ ਨਹੀ ਤਾਂ ਕੰਧਾਂ ਨੂੰ ਪਲਸਤਰ ਹੀ ਕਰਵਾ ਦਈਏ। ਪਿਤਾ ਜੀ ਦਾ ਮਾਮਾ ਜੀ ਦੇ ਨਾਲ ਬਹੁਤ ਪਿਆਰ ਸੀ ਕਿਉਂਕਿ ਇਹ ਅਹਿਮਦਾਬਾਦ ਇੱਕਠੇ ਰਹਿ ਚੁੱਕੇ ਸਨ। ਇਹਨੀਂ ਉਹਨਾਂ ਨੂੰ ਕਹਿ ਦਿੱਤਾ ਮਾਮਾ ਜੀ ਮੈਂ ਤਾਂ ਹੁਣ ਕੁੱਝ ਨਹੀ ਕਰਨਾ ਬਚਨੋ (ਮੇਰੀ ਮਾਤਾ) ਨੂੰ ਕਹਿ ਦਿਓ ਇਹ ਪੈਸੇ ਦੇ ਦੇਵੇਗੀ। ਸੋ ਬਾਕੀ ਦਾ ਕੰਮ ਮਾਮਾ ਜੀ ਨੇ ਆਪਣੇ ਹੱਥੀਂ ਮੁਕੰਮਲ ਕਰਵਾਇਆ ਸੀ। ਹਰ ਬ੍ਰਾਦਰੀ ਦੇ ਵਿੱਚ ਅਜਿਹੇ ਲੋਕ ਹੁੰਦੇ ਹਨ ਜਿਹਨੀਂ ਆਪ ਤਾਂ ਕੁੱਝ ਕਰਨਾ ਨਹੀ ਹੁੰਦਾ ਪਰ ਚੱਲਦੇ ਕੰਮ ਨੂੰ ਰੋਕਣ ਦੇ ਵਿੱਚ ਆਪਣੀ ਬਹਾਦਰੀ ਸਮਝਦੇ ਹਨ। ਮੈਂ ਕਈ ਵਾਰ ਇਹ ਸੋਚਦਾ ਹਾਂ ਕਿ ਅਗਰ ਕੌਮ ਆਪਣਾ ਭਲਾ ਹੋਣ ਦੇਣਾ ਚਾਹੁੰਦੀ ਹੀ ਨਾ ਹੋਵੇ ਤਾਂ ਸੇਵਾ ਕਰਨ ਵਾਲੇ ਦੀ ਆਤਮਾ ਨੂੰ ਕੀ ਸਕੂਨ ਪ੍ਰਾਪਤ ਹੋ ਸਕਦਾ ਹੋਵੇਗਾ।

ਇਨਸਾਨ ਦੀ ਫਿਤਰਤ ਹੀ ਅਜੀਬ ਹੈ ਕਦੋਂ ਕਿਸ ਪਾਸੇ ਨੂੰ ਇਸਦਾ ਰੁਖ ਹੋ ਜਾਣਾ ਹੈ ਇਸ ਵਾਰੇ ਕੋਈ ਕਿਆਫਾ ਨਹੀ ਲਾਇਆ ਜਾ ਸਕਦਾ। ਇਹ ਆਮ ਗੱਲ ਪ੍ਰਚੱਲਤ ਹੈ ਕਿ ਨਿਸ਼ਕਾਮ ਸੇਵਾ ਭਾਵਨਾ ਦੇ ਨਾਲ ਕਈ ਆਪਣੀ ਸਾਰੀ ਜਿੰਦਗੀ ਇਸ ਲੇਖੇ ਲਾ ਦਿੰਦੇ ਹਨ, ਗੁਰਦੁਆਰੇ ਜਾਂ ਲੋਕ ਭਲਾਈ ਹਿੱਤ ਵੱਡੀਆਂ ਵੱਡੀਆਂ ਬਿਲਡਿੰਗਾ ਉਸਾਰਦੇ ਹਨ ਪਰ ਉਹਨਾਂ ਅਸਥਾਨਾ ਦੇ ਦਾਹਵੇਦਾਰ ਉਹ ਲੋਕ ਬਣ ਬੈਠਦੇ ਹਨ ਜਿਹਨਾਂ ਦਾ ਆਪਣਾ ਯੋਗਦਾਨ ਇੱਕ ਤਿਲ਼ ਮਾਤਰ ਵੀ ਨਹੀ

ਹੁੰਦਾ। ਆਪਣੀ ਕੌਮ ਦੀ ਇਹੋ ਜਿਹੀ ਤਰਸਯੋਗ ਦਸ਼ਾ ਬਣਦੀ ਜਾ ਰਹੀ ਹੈ ਜਿੱਥੇ ਆਪਸੀ ਪਿਆਰ ਸਤਿਕਾਰ ਅਤੇ ਮਨੁੱਖੀ ਕਦਰਾਂ ਕੀਮਤਾ ਦਾ ਅਹਿਸਾਸ ਘਟਦਾ ਜਾ ਰਿਹਾ ਹੈ। ਸਿੱਖ ਨੌਜਵਾਨਾ ਨੂੰ ਕੀ ਸੁਚੱਜੀ ਸੇਧ ਮਿਲਣੀ ਸੰਭਵ ਹੋ ਸਕਦੀ ਹੈ ਇਹ ਵੀ ਅੱਜ ਚਿੰਤਾ ਦਾ ਵਿਸ਼ਾ ਬਣ ਗਿਆ ਹੈ। ਅਜਿਹੇ ਲੋਕ ਕਦੀ ਇਹ ਨਹੀਂ ਸਮਝ ਸਕਦੇ ਕਿ ਉਹ ਕੌਮ ਦਾ ਕਿੰਨਾ ਨੁਕਸਾਨ ਕਰ ਜਾਂਦੇ ਹਨ ਸ਼ਾਇਦ ਇਹਨਾਂ ਦੀ ਆਤਮਿਕ ਉਸਾਰੀ ਕਦੀ ਮੁਮਕਿਨ ਹੀ ਨਹੀਂ ਹੁੰਦੀ, ਵਾਹਿਗੁਰੂ ਅਜਿਹੇ ਲੋਕਾਂ ਨੂੰ ਵੀ ਸੁੱਮਤ ਬਖਸ਼ੇ ਤਾਂ ਕਿ ਇਹਨਾਂ ਦਾ ਵੀ ਭਲਾ ਹੋ ਸਕੇ।

## ਬਿਮਾਰੀ ਵਿੱਚ ਗ੍ਰਸਣਾ

ਬੀਬੀ ਜੀ ਅਤੇ ਪਿਤਾ ਜੀ ਸੰਨ 1986 ਦੇ ਵਿੱਚ ਪੰਜਾਬ ਗਏ ਹੋਏ ਸਨ। ਇੱਕ ਦਿਨ 17 ਜੁਲਾਈ 1986 ਨੂੰ ਅਚਾਨਕ ਚੱਕ ਕਲਾਂ ਤੋਂ ਦੁੱਖ ਭਰਿਆ ਸੁਨੇਹਾ ਆਇਆ ਕਿ ਇਹਨਾਂ ਦੇ ਮਾਮਾ ਲੱਖਾ ਸਿੰਘ ਜੀ ਅਕਾਲ ਚਲਾਣਾ ਕਰ ਗਏ ਹਨ, ਇਹ ਉਸ ਵਕਤ ਜਲੰਧਰ ਨਹੀਂ ਸਨ। ਤੀਸਰੇ ਦਿਨ ਜਦੋਂ ਇਹ ਵਾਪਿਸ ਜਲੰਧਰ ਆਏ ਤਾਂ ਮਾਮਾ ਜੀ ਦੀ ਖਬਰ ਵਾਰੇ ਇਹਨਾਂ ਨੂੰ ਦੱਸਿਆ ਗਿਆ। ਮਾਯੂਸ ਜਿਹੇ ਬੈਠੇ ਪਿੰਡ ਚੱਕ ਕਲਾਂ ਵੱਲ ਜਾਣ ਦੀ ਤਿਆਰੀ ਕਰ ਲਈ, ਬੀਬੀ ਜੀ ਇਹਨਾਂ ਦੇ ਨਾਲ ਸਨ, ਇਹ ਦੋਵੇਂ ਪਿੰਡ ਨੂੰ ਚਲੇ ਗਏ। ਅਕਾਲ ਪੁਰਖ ਦਾ ਭਾਣਾ ਤਾਂ ਪਹਿਲਾਂ ਹੀ ਵਰਤ ਚੁੱਕਾ ਸੀ। ਇਹਨਾਂ ਦਾ ਮਨ ਭਰ ਆਇਆ, ਮਾਮਾ ਜੀ ਦੇ ਪੋਤੇ ਬਲਬੀਰ ਦੀ ਉਸ ਸਮੇਂ ਛੋਟੀ ਉਮਰ ਸੀ, ਉਸਦੇ ਸਿਰ ਤੇ ਘਰ ਦਾ ਸਾਰਾ ਬੋਝ ਪੈ ਗਿਆ। ਘਰ ਦੀ ਹਾਲਤ ਪਹਿਲਾਂ ਹੀ ਕਮਜੋਰ ਸੀ, ਧਾਰਮਕ ਮਰਯਾਦਾ ਦੀ ਪਾਲਣਾ ਕਰਨਾ ਘਰ ਦੇ ਜੀਅ ਆਪਣਾ ਫਰਜ਼ ਸਮਝਦੇ ਸਨ, ਪਰ ਪੈਸਾ ਕੋਲ ਨਹੀਂ ਸੀ। ਪਿਤਾ ਜੀ ਨੇ ਬਲਬੀਰ ਨੂੰ ਅਖੰਡ ਪਾਠ ਦੀ ਤਿਆਰੀ ਕਰਨ ਲਈ ਕਿਹਾ ਉਹ ਚੁੱਪ ਬੈਠਾ ਸੀ। ਉਸਦੀ ਢਿੱਲ ਨੂੰ ਦੇਖਦਿਆਂ ਪਿਤਾ ਜੀ ਸਮਝ ਗਏ ਕਿ ਇਸਦੀ ਵਜ਼ਾ ਕੀ ਹੋ ਸਕਦੀ ਸੀ। ਇਹਨਾਂ ਨੇ ਉਸਨੂੰ ਹੌਸਲਾ ਦਿੰਦਿਆਂ ਰਸਦ ਵਗੈਰਾ ਲਿਆਉਣ ਲਈ ਆਪਣਾ ਪੂਰਣ ਸਹਿਯੋਗ ਦਿੱਤਾ ਅਤੇ ਸਾਰਾ ਇੰਤਜਾਮ ਵੀ ਹੋ ਗਿਆ। ਪਿਤਾ ਜੀ ਜਦੋਂ ਵਾਪਿਸ ਜਲੰਧਰ ਆਏ ਤਾਂ ਬੀਬੀ ਹੋਰਾਂ ਦੇ ਨਾਲ ਗੱਲਾਂ ਕਰਨ ਲੱਗੇ ਕਿ ਅੱਜ ਮਾਮਾ ਜੀ ਦੀ ਮੌਤ ਦੇ ਨਾਲ ਮੈਨੂੰ ਆਪਣੇ ਨਾਨਕਿਆਂ ਦਾ ਸਾਥ ਟੁੱਟ ਗਿਆ ਲੱਗਦਾ ਹੈ। ਇਹਨਾਂ ਦਾ ਮਾਮਾ ਜੀ ਦੇ ਨਾਲ ਪਿਆਰ ਵੀ ਬਹੁਤ ਹੁੰਦਾ ਸੀ, ਜਿੰਦਗੀ ਦੇ ਬਚਪਣ ਦਾ ਸਮਾਂ ਇਹਨਾਂ ਦੇ ਨਾਲ ਹੀ ਗੁਜਾਰਿਆ ਸੀ।ਅੱਜ ਇਹ ਬਹੁਤ ਇੱਕਲਾ ਪਨ ਮਹਿਸੂਸ ਕਰਨ ਲੱਗੇ, ਚੱਕਾਂ ਤੋਂ ਵਾਪਿਸ ਆ ਕੇ ਹਾਲੇ ਹੱਥ ਮੂੰਹ ਹੀ ਧੋਂਦੇ ਸਨ ਕਿ ਇਹਨਾਂ ਨੂੰ ਸੱਜੀ ਬਾਂਹ ਦੀਆਂ ਉਂਗਲਾਂ ਬੇਜਾਨ

ਜਿਹੀਆਂ ਲੱਗੀਆਂ। ਡਾਕਟਰ ਨੂੰ ਦਿਖਾਇਆ ਤਾਂ ਪਤਾ ਚੱਲਿਆ ਕਿ ਇਹ ਦਿਲ ਦੇ ਦੌਰੇ ਦਾ ਪਹਿਲਾ ਹਾਦਸਾ ਸੀ। ਬਾਦ ਵਿੱਚ ਇਹਨਾਂ ਨੂੰ ਚੰਗੀ ਤਰਾਂ ਚੈਕ ਕਰਵਾਇਆ ਉਸ ਵਕਤ ਇਹਨਾਂ ਦੀ ਸ਼ੁਗਰ ਦੀ ਬਿਮਾਰੀ ਦਾ ਵੀ ਖੁਲਾਸਾ ਖੁੱਲ ਗਿਆ ਕਿ ਇਹ ਸ਼ੁਗਰ ਦੇ ਵੀ ਮਰੀਜ਼ ਸਨ। ਉਮਰ 62 ਸਾਲਾਂ ਦੀ ਹੋ ਚੁੱਕੀ ਸੀ ਅਤੇ ਲੋਕ ਭਲਾਈ ਦੇ ਕੰਮ ਵਿੱਚ ਵੀ ਜਿਆਦਾ ਮਸਰੂਫ ਰਹਿੰਦੇ ਸਨ, ਅਗਾਂਹ ਚੰਗੀ ਸੇਹਤ ਰਹੇਗੀ ਇਸ ਵਾਰੇ ਕੋਈ ਭਰੋਸੇਯੋਗ ਆਸ ਨਹੀਂ ਸੀ ਰੱਖੀ ਜਾ ਸਕਦੀ। ਇਸ ਹਾਦਸੇ ਤੋਂ ਬਾਦ ਤਾਂ ਇਹਨਾਂ ਦੀ ਸੇਹਤ ਦੀ ਨਿਗਰਾਨੀ ਰੱਖਣੀ ਹੋਰ ਵੀ ਜਰੂਰੀ ਗੱਲ ਸੀ। ਲੋਕ ਭਲਾਈ ਦੇ ਕਮਾਂ ਕਾਰਾਂ ਦੇ ਵਿੱਚ ਇਹ ਫਿਰ ਵੀ ਪਹਿਲਾਂ ਦੀ ਤਰਾਂ ਡਟੇ ਰਹੇ। ਪੰਜਾਬ ਆਉਣਾ ਜਾਣਾ ਬੰਦ ਨਾ ਹੋਇਆ, ਤਕਰੀਬਨ ਇੱਕ ਸਾਲ ਬਾਦ ਫਿਰ ਇਹਨਾਂ ਨੂੰ ਦਿਲ ਦਾ ਦੌਰਾ ਪਿਆ ਉਸ ਵਕਤ ਇਹ ਇੰਗਲੈਂਡ ਹੀ ਸਨ ਅਤੇ ਸਮੇਂ ਸਿਰ ਹਸਪਤਾਲ ਦਾਖਲ ਕਰਵਾ ਦਿੱਤੇ ਗਏ, ਕੁੱਝ ਹਫਤਿਆਂ ਬਾਦ ਇਹ ਠੀਕ ਹੋ ਗਏ ਪਰ ਇਹਨਾਂ ਦੀ ਸ਼ੁਗਰ ਜਿਆਦਾ ਵਿਗੜ ਗਈ ਸੋ ਡਾਕਟਰਾਂ ਨੇ ਇੰਸੁਲਿਨ ਦੇ ਟੀਕੇ ਲਾਉਣ ਲਈ ਕਹਿ ਦਿੱਤਾ, ਸੋ ਟੀਕੇ ਲੱਗਣੇ ਸ਼ੁਰੂ ਹੋ ਗਏ। ਸਿਆਣੀ ਉਮਰ ਦੇ ਵਿੱਚ ਕਿਸੇ ਤਰਾਂ ਦੀ ਵੀ ਬਿਮਾਰੀ ਲੱਗ ਜਾਵੇ ਤਾਂ ਸੇਹਤ ਦੇ ਚੰਗੇ ਹੋਣ ਦੀ ਆਸ ਘੱਟ ਹੀ ਕੀਤੀ ਜਾ ਸਕਦੀ ਹੈ। ਬਿਮਾਰ ਹੁੰਦੇ ਹੋਏ ਵੀ ਇਹ ਆਪਣੇ ਉਲੀਕੇ ਹੋਏ ਪਰੋਗਰਾਮਾਂ ਦੀ ਪੂਰਤੀ ਲਈ ਹਮੇਸ਼ਾ ਤਿਆਰ ਵਰ ਤਿਆਰ ਰਹਿੰਦੇ ਸਨ, ਆਪਣੇ ਇਰਾਦੇ ਦੇ ਬਹੁਤ ਪੱਕੇ ਸਨ।

ਆਨੰਦ ਪੁਰ ਸਾਹਿਬ ਗੁਰਦੁਆਰੇ ਦੀ ਸਥਿਤੀ ਨੂੰ ਵਿਚਾਰਦਿਆਂ, ਇਸਦਾ ਵੀ ਇਹਨਾਂ ਦੀ ਸੇਹਤ ਤੇ ਬੁਰਾ ਅਸਰ ਪੈ ਚੁੱਕਾ ਸੀ। ਪਰ ਪਤਾ ਨਹੀਂ ਕਿਹੋ ਜਿਹੀ ਇਹਨਾਂ ਦੇ ਅੰਦਰ ਕੌਮੀ ਲਗਨ ਸੀ ਕਿ ਇਹ ਬਿਮਾਰ ਰਹਿੰਦਿਆ ਵੀ ਭਲਾਈ ਦੇ ਕਾਰਜ਼ ਵਿੱਚ ਹਮੇਸ਼ਾਂ ਵਿਅਸਤ ਰਹਿੰਦੇ ਸਨ। ਇਹਨਾਂ ਇੱਕਲਿਆਂ ਦਾ ਪੰਜਾਬ ਆਉਣਾ ਅਤੇ ਜਾਣਾ ਬਹੁਤਾ ਔਖਾ ਸੀ ਸੋ ਮੇਰੀ ਹੀ ਡਿਊਟੀ ਲੱਗਦੀ ਹੁੰਦੀ ਸੀ। ਮੈਂ ਹਮੇਸ਼ਾ ਬੀਬੀ ਅਤੇ ਪਿਤਾ ਜੀ ਹੋਰਾਂ ਦੇ ਨਾਲ ਪੰਜਾਬ ਆਇਆ ਜਾਇਆ ਕਰਦਾ ਸੀ। ਸੰਨ 2002 ਦੀ ਗੱਲ ਹੈ ਕਿ ਅਸੀਂ ਸਾਰੇ ਪੰਜਾਬ ਗਏ ਹੋਏ ਸੀ। ਇੱਕ ਦਿਨ ਮੈਂ ਕਿਸੇ ਵਿਆਹ ਤੋਂ ਲੇਟ ਵਾਪਿਸ ਘਰ ਆਇਆ, ਥਕਾਵਟ ਜਿਹੀ ਹੋਣ ਕਾਰਣ ਸ਼ੇਤੀ ਆਪਣੇ ਕਮਰੇ ਵਿੱਚ ਸੌਣ ਚਲਾ ਗਿਆ ਥੋੜੀ ਹੀ ਦੇਰ ਬਾਦ ਬੀਬੀ ਜੀ ਮੈਨੂੰ ਹਾਕਾਂ ਮਾਰੀ ਜਾਣ ਕਿ ਕਾਕਾ ਸ਼ੇਤੀਂ ਉੱਠ ਕੇ ਆ ਤੇਰੇ ਡੈਡੀ ਨੂੰ ਪਤਾ ਨਹੀਂ ਕੀ ਹੋ ਗਿਆ ਹੈ। ਮੈਂ ਇਹਨਾਂ ਦੇ ਕਮਰੇ ਦੇ ਵਿੱਚ ਗਿਆ ਤਾਂ ਪਿਤਾ ਜੀ ਬਾਥਰੂਮ ਦੇ ਬਾਹਿਰ ਫਰਸ਼ ਦੇ ਉੱਤੇ ਗੁੰਮ ਸੁੰਮ ਹੋਏ ਬੈਠੇ ਸਨ, ਉਸੇ ਵਕਤ ਮੈਂ ਚੱਗਰ ਹੋਰਾਂ ਨੂੰ ਹਾਕ ਮਾਰੀ ਅਤੇ ਸਾਡੇ ਘਰ ਕੰਮ ਕਰਨ ਵਾਲੇ ਮੁੰਡੇ ਨੂੰ ਸੱਦਿਆ

ਅਸੀਂ ਉਸੇ ਪਹਿਰ ਕਾਰ ਦੇ ਵਿੱਚ ਹਿਨਾਂ ਨੂੰ ਪਟੇਲ ਹਸਪਤਾਲ ਲੈ ਗਏ ਅਤੇ ਦਾਖਲ ਕਰਵਾ ਦਿੱਤੇ। ਡਾਕਟਰਾਂ ਨੂੰ ਵੀ ਕੋਈ ਸਮਝ ਨਹੀਂ ਆਈ ਕਿ ਕਿਸ ਕਾਰਣ ਇਹਨਾਂ ਦਾ ਬੈਕ ਪੈਸੇਜ਼ ਰਾਹੀਂ ਇੰਨਾ ਖੂਨ ਵਹਿ ਗਿਆ ਸੀ। ਖੂਨ ਦੇਣ ਲਈ ਬੋਤਲਾਂ ਦਾ ਇੰਤਜਾਮ ਕਰਨਾ ਪਿਆ ਜਿਸ ਲਈ ਸਰਦਾਰ ਪ੍ਰੀਤਮ ਸਿੰਘ ਪ੍ਰਦੇਸੀ ਹੋਰੀਂ ਬਹੁਤ ਦੌੜ ਭੱਜ ਕੀਤੀ ਅਤੇ ਸਾਨੂੰ ਸਾਰਿਆਂ ਨੂੰ ਬਹੁਤ ਹੌਂਸਲਾ ਦਿੰਦੇ ਰਹੇ। ਹਾਲਤ ਜਿਆਦਾ ਖਤਰਨਾਕ ਹੋਣ ਕਾਰਣ ਇੰਗਲੈਂਡ ਤੋਂ ਸਾਰੇ ਬੱਚਿਆਂ ਨੇ ਆਪਣੇ ਪਾਸਪੋਰਟ ਤਿਆਰ ਕਰ ਲਏ ਅਤੇ ਪੰਜਾਬ ਪਹੁੰਚਣ ਲਈ ਸੀਟਾਂ ਬੁੱਕ ਕਰਵਾਉਣ ਨੂੰ ਫਿਰਦੇ ਸਨ, ਜਦੋਂ ਮੈਨੂੰ ਪਤਾ ਲੱਗਾ ਤਾਂ ਮੈਂ ਇਹਨਾਂ ਨੂੰ ਆਉਣ ਤੋਂ ਰੋਕ ਦਿੱਤਾ। ਬਿਮਾਰੀ ਦਾ ਕੁੱਝ ਪਤਾ ਤਾਂ ਨਹੀਂ ਲੱਗ ਸਕਿਆ ਪਰ ਦੋ ਤਿੰਨ ਹਫਤਿਆਂ ਬਾਦ ਠੀਕ ਹੋ ਗਏ। ਜਿਉਂ ਹੀ ਇਹ ਠੀਕ ਹੋਏ ਮੈਂ ਵਾਪਿਸ ਆਉਣ ਦੀਆਂ ਸੀਟਾਂ ਬੁੱਕ ਕਰਵਾ ਲਈਆਂ ਅਤੇ ਅਸੀਂ ਵਾਪਿਸ ਇੰਗਲੈਂਡ ਆ ਗਏ। ਇੱਧਰ ਆ ਕੇ ਇਹ ਪਹਿਲਾਂ ਦੀ ਤਰਾਂ ਤੰਦਰੁਸਤ ਵੀ ਹੋ ਗਏ। ਅਗਲੇਰੇ ਸਾਲ ਮੈਂ ਆਪਣੇ ਪਿਤਾ ਜੀ ਅਤੇ ਬੀਬੀ ਜੀ ਨੂੰ ਨਾਲ ਲੈ ਕੇ ਅਸੀਂ 14 ਨਵੰਬਰ ਸੰਨ 2003 ਨੂੰ ਦਿੱਲੀ ਪਹੁੰਚੇ ਸੀ ਅਤੇ ਦੋ ਦਿਨ ਉੱਥੇ ਰਹਿ ਕੇ ਸ਼ਤਾਬਦੀ ਰੇਲ਼ ਦੇ ਵਿੱਚ ਜਲੰਧਰ ਆਪਣੇ ਘਰ ਚਲੇ ਗਏ ਸੀ, ਰੇਲਵੇ ਦਾ ਸਫ਼ਰ ਵੀ ਠੀਕ ਰਿਹਾ ਸੀ। ਇਹ ਸਾਲ ਇਹਨਾਂ ਲਈ ਚੰਗਾ ਹੀ ਬਤੀਤ ਹੋਇਆ ਕੋਈ ਬਹੁਤੀ ਫਿਕਰ ਵਾਲੀ ਗੱਲ ਨਹੀਂ ਸੀ। ਜਿੰਨਾ ਵੀ ਸਮਾਂ ਇਹ ਜਲੰਧਰ ਰਹੇ ਅਸੀਂ ਰਿਸ਼ਤੇਦਾਰਾਂ ਨੂੰ ਮਿਲਣ ਜਾਂਦੇ ਰਹੇ। ਦਸੰਬਰ ਦੇ ਮਹੀਨੇ ਬਾਬਾ ਸੰਗਤ ਸਿੰਘ ਯਾਦਗਾਰੀ ਟੱਰਸਟ ਵਲੋਂ ਸ਼ਹੀਦੀ ਸਮਾਗਮ ਤੇ ਰੱਖੇ ਗਏ ਅਖੰਡ ਪਾਠ ਦੇ ਸਮੇਂ ਅਸੀਂ ਸਾਰੇ ਉਚੇਚੇ ਤੌਰ ਤੇ ਪਿੰਡ ਕੱਟਾ ਸਬੌਰ ਪਹੁੰਚੇ ਹੋਏ ਸੀ। ਪਿਤਾ ਜੀ ਦੀ ਚਿਰੋਕਣੇ ਸਮੇਂ ਤੋਂ ਅਭਿਲਾਖਾ ਸੀ ਕਿ ਇਸ ਟੱਰਸਟ ਦੇ ਟੱਰਸਟੀਆਂ ਅਤੇ ਮੋਹਤਬਾਰ ਕਾਰਜ਼ਕਾਰੀਆਂ ਨੂੰ ਸਰੋਪੇ ਦੇ ਕੇ ਸਨਮਾਨਿਤ ਕਰਨਾ ਚਾਹੀਦਾ ਹੈ ਸੋ ਇਸੇ ਪ੍ਰਥਾਏ ਇਹਨੀਂ ਸਾਰਿਆਂ ਨੂੰ ਭੋਗ ਤੋਂ ਉਪਰੰਤ ਸਰੋਪੇ ਦੇ ਕੇ ਸਨਮਾਨਿਤ ਕੀਤਾ ਸੀ। ਇਸ ਬਾਰ ਇਹ ਬਹੁਤ ਖੁਸ਼ ਸਨ ਜਿਵੇਂ ਮਨ ਤੇ ਕੋਈ ਅਹਿਸਾਨ ਬਕਾਇਆ ਰਹਿੰਦਾ ਸੀ ਜੋ ਕਿ ਇਹ ਸਾਰਿਆਂ ਨੂੰ ਸਨਮਾਨ ਦੇ ਕੇ ਉਹਨਾਂ ਵੱਲੋਂ ਪ੍ਰਾਪਤ ਕੀਤੇ ਸਹਿਯੋਗ ਨੂੰ ਤਸਲੀਮ ਕਰਦਿਆਂ ਉਹਨਾਂ ਦਾ ਸ਼ੁਕਰਾਨਾ ਕਰਦੇ ਹੋਏ ਆਪਣੇ ਮਨ ਨੂੰ ਢਾਰਸ ਦੇਣ ਦਾ ਯਤਨ ਕਰ ਰਹੇ ਹੋਣ। ਸਮਾਗਮ ਬਹੁਤ ਸ਼ਲਾਘਾਯੋਗ ਸੰਪੰਨ ਹੋਇਆਂ ਅਤੇ ਸਾਰੇ ਟੱਰਸਟੀ ਸਾਹਿਬਾਨ ਨੇ ਪਿਤਾ ਜੀ ਦਾ ਧੰਨਵਾਦ ਕੀਤਾ। ਮੈਂ ਅਤੇ ਕੁਲਵਿੰਦਰ ਆਪਣੇ ਦੋਵਾਂ ਬੱਚਿਆਂ ਲਈ ਯੋਗ ਰਿਸ਼ਤਾ ਵੀ ਲੱਭਦੇ ਸੀ। ਕੁਲਵਿੰਦਰ ਦੀ ਭੈਣ ਬਲਵੀਰ ਨੇ ਛੋਟੇ ਲੜਕੇ ਗੁਰਵਿੰਦਰ ਲਈ ਇੱਕ ਰਿਸ਼ਤਾ ਦੱਸਿਆ ਅਤੇ ਅਸੀਂ ਇਸ ਲੜਕੀ ਨੂੰ ਚੱਬੇਵਾਲ ਦੇ ਨਜਦੀਕ ਪਿੰਡ ਪੱਟੀ ਸੈਦੋ ਕੀ ਦੇਖਣ ਚਲੇ ਗਏ, ਸਾਨੂੰ ਇਹ ਲੜਕੀ ਪਸੰਦ ਆ

ਗਈ ਉਸ ਸਮੇਂ ਗੁਰਵਿੰਦਰ ਸਾਡੇ ਨਾਲ ਨਹੀਂ ਸੀ ਗਿਆ। ਅਸੀਂ ਇਸ ਦੀ ਫੋਟੋ ਲੈ ਆਏ ਤਾਂ ਕਿ ਗੁਰਵਿੰਦਰ ਵੀ ਦੇਖ ਸਕੇ। ਅਸੀਂ ਘਰ ਪਹੁੰਚ ਕੇ ਬੀਬੀ ਅਤੇ ਪਿਤਾ ਜੀ ਹੋਰਾਂ ਦੇ ਨਾਲ ਗੱਲ ਕੀਤੀ ਇਹਨੀਂ ਕਿਹਾ ਅਗਰ ਗੁਰਵਿੰਦਰ ਰਾਜ਼ੀ ਹੋਵੇ ਤਾਂ ਇਹ ਰਿਸ਼ਤਾ ਕਰ ਦੇਣਾ ਚਾਹੀਦਾ ਹੈ। ਅਮਨ ਨੂੰ ਟੈਲੀਫੋਨ ਕਰਕੇ ਇੰਗਲੈਂਡ ਤੋਂ ਅਸੀਂ ਜਲੰਧਰ ਸੱਦ ਲਿਆ ਸੀ ਉਸਦੇ ਘਰ ਪਹੁੰਚਣ ਤੋਂ ਬਾਦ ਇੱਕ ਰਿਸ਼ਤਾ ਅਸੀਂ ਇੱਕਠੇ ਉਸਦੇ ਲਈ ਖਾਸ ਹੁਸ਼ਿਆਰਪੁਰ ਦੇਖਣ ਗਏ ਸੀ ਪਰ ਇਹਨਾਂ ਬੱਚਿਆਂ ਦੀ ਆਪਸੀ ਗੱਲਬਾਤ ਕਿਸੇ ਸਿਰੇ ਨਹੀਂ ਸੀ ਲੱਗ ਸਕੀ ਸੋ ਅਸੀਂ ਸੋਚਿਆ ਕਿ ਅਮਨ ਨੂੰ ਸਮਝਾਉਣ ਦੀ ਜਰੂਰਤ ਹੈ। ਸਾਨੂੰ ਉਸ ਲੜਕੀ ਦੇ ਵਿੱਚ ਕੋਈ ਖਾਮੀ ਨਜ਼ਰ ਨਹੀਂ ਸੀ ਆਉਂਦੀ ਸੋ ਫਿਲਹਾਲ ਗੱਲ ਉੱਥੇ ਹੀ ਛੱਡ ਦਿੱਤੀ ਗਈ ਸੀ। ਮੈਂ ਅਤੇ ਕੁਲਵਿੰਦਰ ਦੋਵੇਂ 26 ਦਸੰਬਰ 2003 ਨੂੰ ਇੰਗਲੈਂਡ ਵਾਪਿਸ ਆ ਗਏ ਸੀ। 19 ਅਪ੍ਰੈਲ 2004 ਨੂੰ ਦੁਬਾਰਾ ਮੈਂ ਪਿਤਾ ਜੀ ਅਤੇ ਬੀਬੀ ਹੋਰਾਂ ਨੂੰ ਲੈਣ ਵਾਸਤੇ ਪੰਜਾਬ ਚਲੇ ਗਿਆ ਸੀ। ਇਹਨਾਂ ਦੀ ਸੇਹਤ ਬਹੁਤੀ ਠੀਕ ਨਹੀਂ ਸੀ ਰਹਿੰਦੀ ਸੋ ਇਹਨਾਂ ਦਾ ਇੱਕਲਿਆਂ ਵਾਪਿਸ ਆਉਣਾ ਸੰਭਵ ਨਹੀਂ ਸੀ। ਮੈਂ ਕੁੱਝ ਸਮਾਂ ਜਲੰਧਰ ਰਹਿ ਕੇ ਪਿਤਾ ਜੀ ਅਤੇ ਬੀਬੀ ਹੋਰਾਂ ਦੇ ਨਾਲ 17 ਮਈ 2004 ਨੂੰ ਵਾਪਿਸ ਇੰਗਲੈਂਡ ਆ ਗਿਆ ਸੀ। ਕੁੱਝ ਮਹੀਨਿਆਂ ਤੋਂ ਬਾਦ ਮੇਰਾ ਭਰਾ ਰਾਜਿੰਦਰ ਅਤੇ ਬਰਖੁਰਦਾਰ ਬੌਬੀ ਆਪਣੇ ਛੋਟੇ ਭਰਾ ਗੁਰਸਿਮਰਨ ਲਈ ਰਿਸ਼ਤਾ ਦੇਖਣ ਜਲੰਧਰ ਗਏ ਹੋਏ ਸੀ, ਇਹ ਵੀ ਚਾਹੁੰਦੇ ਸੀ ਕਿ ਅਮਨ ਜਿਸ ਲੜਕੀ ਦੇ ਰਿਸ਼ਤੇ ਲਈ ਹਾਂ ਨਹੀਂ ਸੀ ਕਰਦਾ ਜਾ ਕੇ ਦੇਖ ਤਾਂ ਲਈਏ ਉਸ ਲੜਕੀ ਦੇ ਵਿੱਚ ਕੀ ਕੋਈ ਖਾਮੀ ਹੈ ਜਾਂ ਨਹੀਂ। ਖੈਰ ਉਸ ਲੜਕੀ ਨੂੰ ਦੇਖ ਕੇ ਇਹਨਾਂ ਦਾ ਵੀ ਮਨ ਨਹੀਂ ਸੀ ਮੰਨਦਾ ਸੋ ਗੱਲ ਢਿੱਲੀ ਪੈ ਗਈ ਅਤੇ ਇਹ ਵੀ ਆਪਣੇ ਕੰਮ ਨਜਿੱਠ ਕੇ ਵਾਪਿਸ ਲੀਡਜ਼ ਆ ਗਏ।

ਮੇਰੇ ਵੀਰ ਕੁਲਵੰਤ ਹੋਰੀਂ ਚਿਰੋਕਣੇ ਸਮੇਂ ਤੋਂ ਬੀਬੀ ਅਤੇ ਪਿਤਾ ਜੀ ਨੂੰ ਕਨੇਡਾ ਆਪਣੇ ਕੋਲ਼ ਸੱਦਣ ਦੇ ਚਾਹਵਾਨ ਸਨ। ਪਿਤਾ ਜੀ ਕਹਿਣ ਲੱਗੇ ਕਿ ਚਲੋ ਆਪਾਂ ਇਸ ਬਾਰ ਕਨੇਡਾ ਦਾ ਗੇੜਾ ਕੱਢ ਲੈਂਦੇ ਹਾਂ ਸੋ ਅਸੀ ਸੋਚਿਆ ਕਿ ਇਹਨਾਂ ਦੀ ਇਸ ਖੁਆਇਸ਼ ਨੂੰ ਵੀ ਪੂਰਾ ਕਰਨਾ ਸਾਡਾ ਫਰਜ਼ ਹੈ। ਮੈਂ ਬੀਬੀ ਹੋਰਾਂ ਦੇ ਵੀਜ਼ੇ ਲਈ ਪੇਪਰ ਭੇਜ ਦਿੱਤੇ, ਪੰਦਰਾਂ ਦਿਨਾਂ ਦੇ ਵਿੱਚ ਉਹਨੀਂ ਵੀਸਾ ਲਾ ਕੇ ਪਾਸਪੋਰਟ ਸਾਨੂੰ ਭੇਜ ਦਿੱਤਾ ਅਤੇ ਅਸੀਂ ਸੀਟਾਂ ਬੁੱਕ ਕਰਵਾ ਲਈਆਂ। ਸੰਨ 2004 ਅਕਤੂਬਰ ਦੀ ਤਿੰਨ ਤਾਰੀਖ ਨੂੰ ਅਸੀਂ ਵੈਨਕੂਵਰ ਪਹੁੰਚ ਗਏ, ਉਹਨਾਂ ਨੂੰ ਤਾਂ ਚਾ ਚੜ ਗਿਆ, ਘਰ ਦੇ ਵਿੱਚ ਰੌਣਕਾਂ ਲੱਗ ਗਈਆਂ। ਪਿਤਾ ਜੀ ਕੁਲਵੰਤ ਨੂੰ ਆਪਣਾ ਵੱਡਾ ਪੁੱਤਰ ਸਮਝਦੇ ਸਨ ਅਤੇ ਭਾਬੀ ਜਸਵਿੰਦਰ ਕੌਰ ਵੀ ਇਹਨਾਂ ਦਾ

ਬਹੁਤ ਸਤਿਕਾਰ ਕਰਦੀ ਸੀ, ਬੱਚਿਆਂ ਦੇ ਨਾਲ ਵੀ ਪਿਤਾ ਅਤੇ ਬੀਬੀ ਹੋਰਾਂ ਦਾ ਬਹੁਤ ਪਿਆਰ ਹੁੰਦਾ ਸੀ, ਉਹ ਵੀ ਸਾਰੇ ਇਹਨਾਂ ਨੂੰ ਮਿਲ ਕੇ ਬਹੁਤ ਖੁਸ਼ ਹੋਏ। ਹੈਰਾਨੀ ਇਹ ਵੀ ਸੀ ਕਿ ਭਾਵੇਂ ਪਿਤਾ ਜੀ ਦੀ ਸੇਹਤ ਢਿੱਲੀ ਰਹਿੰਦੀ ਸੀ ਪਰ ਮਨ ਦੀ ਦ੍ਰਿੜਤਾ ਕਿਸੇ ਵੀ ਕੰਮ ਕਰਨ ਤੋਂ ਉਹਨਾਂ ਨੂੰ ਦੁਚਿੱਤੀ ਵਿੱਚ ਨਹੀਂ ਸੀ ਪੈਣ ਦਿੰਦੀ। ਜਿਸ ਕੰਮ ਨੂੰ ਕਰਨ ਲਈ ਉਹ ਠਾਣ ਲੈਂਦੇ ਸੀ ਫਿਰ ਪਿਛਾਂਹ ਨਹੀਂ ਸੀ ਮੁੜਿਆ ਕਰਦੇ। ਕਨੇਡਾ ਜਾਣ ਤੋਂ ਕੁੱਝ ਚਿਰ ਪਹਿਲਾਂ ਹੀ ਮੰਜੇ ਤੋਂ ਉੱਠੇ ਸੀ, ਸਾਨੂੰ ਫਿਕਰ ਵੀ ਸੀ ਕਿ ਇਹ ਉੱਥੇ ਕਿਤੇ ਢਿੱਲੇ ਹੀ ਨਾ ਹੋ ਜਾਣ, ਪ੍ਰਦੇਸਾਂ ਦਾ ਮਾਮਲਾ ਵੀ ਕਦੀ ਕਦਾਈਂ ਚਿੰਤਾ ਦਾ ਵਿਸ਼ਾ ਬਣ ਜਾਇਆ ਕਰਦਾ ਹੈ। ਪਿਤਾ ਜੀ ਅਤੇ ਬੀਬੀ ਹੋਰਾਂ ਦਾ ਬਾਹਰ ਘੁੰਮਣਾ ਫਿਰਨਾ ਤਾਂ ਔਖੀ ਗੱਲ ਸੀ ਪਰ ਇਹਨਾਂ ਦਾ ਕਨੇਡਾ ਜਾਣਾ ਹੀ ਸਾਰਿਆਂ ਲਈ ਖੁਸ਼ਹਾਲੀ ਦਾ ਸੰਦੇਸ਼ ਬਣਿਆ ਰਿਹਾ। ਕੁਲਵੰਤ ਹੋਰੀਂ ਗੱਡੀ ਦੇ ਵਿੱਚ ਕਦੀ ਕਦਾਈਂ ਇਹਨਾਂ ਨੂੰ ਘੁਮਾ ਫਿਰਾ ਦਿਆ ਕਰਦੇ ਸੀ, ਕਦੀ ਕਿਸੇ ਰਿਸ਼ਤੇਦਾਰ ਦੇ ਘਰ ਚਲੇ ਜਾਣਾ ਜਾਂ ਆਲੇ ਦੁਆਲੇ ਦੇਖਣ ਵਾਲੀ ਕੋਈ ਖਾਸ ਜਗ੍ਹਾ ਇਹਨਾਂ ਨੂੰ ਗੱਡੀ ਦੇ ਵਿੱਚ ਹੀ ਬੈਠਾ ਕੇ ਦਿਖਾਲ ਲਿਆਉਣੀ। ਘਰ ਦੇ ਵਿੱਚ ਰਿਸ਼ਤੇਦਾਰਾਂ ਦਾ ਆਉਣਾ ਜਾਣਾ ਬਣਿਆ ਹੀ ਰਹਿੰਦਾ ਸੀ। ਸਾਡੀ ਭੈਣ ਵਰਿੰਦਰ ਕੌਰ ਜੀ ਅਤੇ ਭਣਵੱਈਆ ਸਾਹਿਬ ਸਰਦਾਰ ਗੁਰਦੀਪ ਸਿੰਘ ਔਜਲ਼ਾ ਜੀ ਉਹਨਾਂ ਦਾ ਸਮੁੱਚਾ ਪਰਿਵਾਰ, ਵੀਰ ਕੁਲਵੰਤ ਹੋਰਾਂ ਦਾ ਲੜਕਾ, ਲੜਕੀਆਂ ਉਹਨਾਂ ਦੇ ਸਮੂਹ ਪਰਿਵਾਰ ਅਤੇ ਭਾਬੀ ਹੋਰਾਂ ਦਾ ਆਪਣਾ ਪਰਿਵਾਰ ਵੀ ਸਰੀ ਸ਼ਹਿਰ ਦੇ ਵਿੱਚ ਹੀ ਇੱਕ ਦੂਸਰੇ ਦੇ ਨਜਦੀਕ ਰਹਿੰਦੇ ਹਨ। ਇਹਨਾਂ ਦਾ ਆਪਸੀ ਪਿਆਰ ਸਤਿਕਾਰ ਬਰਕਰਾਰ ਹੈ, ਸਾਨੂੰ ਇਹਨਾਂ ਸਾਰਿਆਂ ਨੂੰ ਮਿਲਣ ਦਾ ਸੁਨਿਹਰੀ ਮੌਕਾ ਮਿਲਿਆ ਅਤੇ ਬੀਬੀ ਪਿਤਾ ਜੀ ਵੀ ਬਹੁਤ ਖੁਸ਼ ਸਨ।

ਇੱਕ ਦਿਨ ਦਾ ਅਜਿਹਾ ਵਾਕਿਆ ਹੋਇਆ ਜਿਸਨੂੰ ਕਦੀ ਭੁਲਾਇਆ ਨਹੀਂ ਜਾ ਸਕਦਾ, ਕੁਲਵੰਤ ਅਤੇ ਮੈਂ ਪਿਤਾ ਜੀ ਲਈ ਵੀਲ਼ ਚੇਅਰ ਲੈਣ ਹਸਪਤਾਲ ਪਹੁੰਚ ਗਏ ਵੈਸੇ ਤਾਂ ਉਹਨੀਂ ਚੇਅਰ ਸਾਨੂੰ ਨਹੀਂ ਸੀ ਦੇਣੀ ਪਰ ਇਹ ਗੱਲ ਕਹਿਕੇ ਅਸੀਂ ਚੇਅਰ ਲੈ ਲਈ ਕਿ ਪਿਤਾ ਜੀ ਨੂੰ ਡਾਕਟਰ ਹੋਰਾਂ ਨੂੰ ਦਿਖਾਲਣ ਲਈ ਲੈ ਕੇ ਆਏ ਹਾਂ। ਅਸੀਂ ਉਸ ਦਿਨ ਪਿਤਾ ਜੀ ਅਤੇ ਬੀਬੀ ਹੋਰਾਂ ਨੂੰ ਵੈਨਕੂਬਰ ਸ਼ਹਿਰ ਘੁਮਾਉਣ ਲਈ ਲੈ ਗਏ ਅਤੇ ਦੂਸਰੇ ਦਿਨ ਇਸ ਵੀਲ਼ ਚੇਅਰ ਨੂੰ ਵਾਪਿਸ ਧੰਨਵਾਦ ਸਹਿਤ ਹਸਪਤਾਲ ਛੱਡ ਆਏ ਸੀ। ਸਾਡੇ ਪਿੰਡ ਜਮਸ਼ੇਰ ਤੋਂ ਸਰਦਾਰ ਗਿਆਨ ਸਿੰਘ ਹੋਰਾਂ ਦਾ ਪਰਿਵਾਰ ਵਿਕਟੋਰੀਆ ਰਹਿੰਦਾ ਸੀ ਪਿਤਾ ਜੀ ਅਤੇ ਬੀਬੀ ਹੋਰੀਂ ਉਹਨਾਂ ਨੂੰ ਵੀ ਮਿਲਣਾ ਚਾਹੁੰਦੇ ਸੀ ਸੋ ਇੱਕ ਦਿਨ ਅਸੀਂ ਵਿਕਟੋਰੀਆਂ ਜਾਣ ਦਾ ਪਰੋਗਰਾਮ ਬਣਾ ਲਿਆ ਅਤੇ ਆਪਣੀ ਕਾਰ ਦੇ ਵਿੱਚ ਸਮੁੰਦਰੀ ਜਹਾਜ਼ ਰਾਹੀਂ

ਵਿਕਟੋਰੀਆ ਚਲੇ ਗਏ। ਇਹ ਬਹੁਤ ਹੀ ਰਮਣੀਕ ਜਗ੍ਹਾ ਹੈ ਅਤੇ ਇਸਦੇ ਇਰਦ ਗਿਰਦ ਸਮੁੰਦਰ ਪੈਂਦਾ ਹੈ, ਦੋ ਤਿੰਨ ਦਿਨ ਅਸੀਂ ਇੱਥੇ ਰਹੇ ਅਤੇ ਖੂਬ ਘੁੰਮੇ ਫਿਰੇ। ਇੱਥੇ ਆ ਕੇ ਪਤਾ ਲੱਗਦਾ ਹੈ ਕਿ ਰੱਬ ਦੀ ਪ੍ਰਕਰਿਤੀ ਬੇਅੰਤ ਹੈ, ਇਸਦਾ ਕਰਿਸ਼ਮਾਂ ਬੇਮਿਸਾਲ ਅਤੇ ਇਸਦਾ ਨਿਖਾਰ ਅਸਚਰਜਤਾ ਦਾ ਮੁਜੱਸਮਾਂ ਪ੍ਰਤੀਤ ਹੁੰਦਾ ਹੈ। ਇਸ ਤਰਾਂ ਲੱਗਦਾ ਸੀ ਜਿਸ ਸਵਰਗ ਦੀ ਗੱਲ ਲੋਕੀ ਅਮੂਮਨ ਕਰਦੇ ਰਹਿੰਦੇ ਹਨ ਸ਼ਾਇਦ ਇਹੋ ਉਹ ਜਗ੍ਹਾ ਹੈ, ਪਰ ਕੀ ਇੱਥੇ ਦੇ ਸਾਰੇ ਵਸਨੀਕ ਦੇਵਤਾ ਰੂਪ ਹੋਣਗੇ ਇਹ ਗੁੱਝਾ ਭੇਦ ਨਹੀਂ ਖੁੱਲ ਸਕਿਆ। ਖੈਰ ਜਿਹਨਾਂ ਦੇ ਕੋਲ ਅਸੀਂ ਗਏ ਸੀ ਉਹਨਾਂ ਤੇ ਜਰੂਰ ਰੱਬ ਦੀ ਅਪਾਰ ਬਖਸ਼ਿਸ਼ ਹੈ। ਇਸੇ ਜਗ੍ਹਾ ਮੇਰੇ ਦੋਸਤ ਕ੍ਰਿਪਾਲ ਅਤੇ ਛੋਟਾ ਵੀਰ ਅਮਰਜੀਤ ਵੀ ਰਹਿੰਦੇ ਹਨ ਜੋ ਇੰਗਲੈਂਡ ਤੋਂ ਜਾ ਕੇ ਉੱਥੇ ਰਹਿਣ ਲੱਗ ਪਏ ਸਨ ਅਸੀਂ ਉਹਨਾਂ ਨੂੰ ਵੀ ਮਿਲੇ ਅਤੇ ਬਹੁਤ ਆਨੰਦ ਮਾਣਿਆ, ਇਹ ਮਿੱਠੀਆਂ ਯਾਦਾਂ ਹਨ ਜਿਹਨਾਂ ਨੂੰ ਕਦੀ ਭੁਲਾਇਆ ਨਹੀਂ ਜਾ ਸਕਦਾ। ਸਰੀ ਸ਼ਹਿਰ ਦੇ ਵਿੱਚ ਕਈ ਗੁਰਦੁਆਰੇ ਹਨ ਅਤੇ ਅਸੀਂ ਕੁੱਝ ਗੁਰਦੁਆਰਿਆਂ ਦੇ ਦਰਸ਼ਨ ਵੀ ਕੀਤੇ ਆਪਣੇ ਲੋਕਾਂ ਦੀ ਵਸੋਂ ਵੀ ਇੱਥੇ ਸੰਘਣੀ ਹੈ, ਖਾਣ ਪੀਣ ਲਈ ਆਪਣੀਆਂ ਦਾਲ਼ਾਂ ਸਬਜ਼ੀਆਂ ਸਾਰਾ ਕੁੱਝ ਮਿਲ ਜਾਂਦਾ ਹੈ। ਇਸ ਸ਼ਹਿਰ ਦੇ ਵਿੱਚ ਜਮਸ਼ੇਰ ਤੋਂ ਗੁਰਪਾਲ ਵੀ ਰਹਿੰਦਾ ਹੈ ਇਹਨਾਂ ਦੀ ਮਾਤਾ ਜੀ ਬਰੈਡਫੋਰੜ ਤੋਂ ਇਸਦੇ ਕੋਲ ਹੀ ਰਹਿਣ ਲੱਗ ਪਏ ਸਨ ਇਹਨਾਂ ਨੂੰ ਮਿਲ ਕੇ ਪੁਰਾਣੀਆਂ ਗੱਲਾਂ ਦੁਹਰਾਈਆਂ ਗਈਆਂ, ਪਿਤਾ ਜੀ ਅਤੇ ਬੀਬੀ ਜੀ ਬਹੁਤ ਖੁਸ਼ ਸਨ ਮੇਰੇ ਲਈ ਇਹਨਾਂ ਦਾ ਇਹ ਸਫ਼ਰ ਚੰਗਾ ਸਿੱਧ ਹੋਇਆ। ਮੇਰੇ ਛੋਟੇ ਵੀਰ ਰਵਿੰਦਰ ਸਿੰਘ ਦੀ ਪਤਨੀ ਨਰਿੰਦਰ ਕੌਰ ਦਾ ਭਰਾ ਸੁਰਿੰਦਰ ਸਿੰਘ ਆਪਣੇ ਪਰਿਵਾਰ ਦੇ ਨਾਲ ਉੱਥੇ ਹੀ ਰਹਿੰਦੇ ਹਨ ਅਸੀਂ ਉਹਨਾਂ ਨੂੰ ਵੀ ਮਿਲਦੇ ਰਹੇ ਸੋ ਪਿਤਾ ਜੀ ਇਹਨਾਂ ਸਾਰਿਆਂ ਦੀ ਮਹਿਫ਼ਲ ਵਿੱਚ ਆਨੰਦ ਮਾਣਦੇ ਰਹੇ। ਆਖਿਰ ਸਫ਼ਰ ਦਾ ਪਹਿਰ ਖਤਮ ਹੋਣ ਲੱਗਾ ਅਤੇ ਵਾਪਿਸੀ ਦੀ ਤਿਆਰੀ ਹੋਣ ਲੱਗੀ। 25 ਅਕਤੂਬਰ ਨੂੰ ਅਸੀਂ ਵੈਨਕੂਵਰ ਤੋਂ ਵਾਪਿਸ ਮਾਨਚੈਸਟਰ ਪਹੁੰਚ ਗਏ ਸੀ, ਪਿਤਾ ਜੀ ਅਤੇ ਬੀਬੀ ਜੀ ਹੋਰਾਂ ਦਾ ਹਵਾਈ ਜਹਾਜ਼ ਦਾ ਸਫ਼ਰ ਠੀਕ ਰਿਹਾ, ਇਹ ਵੀ ਇਹਨਾਂ ਦੇ ਮਨ ਦੀ ਖੁਆਇਸ਼ ਸੀ ਕਿ ਕੁਲਵੰਤ ਹੋਰਾਂ ਕੋਲ ਕਦੀ ਜਾਇਆ ਜਾਵੇ ਜੋ ਪੂਰੀ ਹੋ ਗਈ।

ਕਨੇਡਾ ਤੋਂ ਵਾਪਿਸ ਆ ਕੇ ਹਰ ਸਾਲ ਦੀ ਤਰਾਂ 30 ਨਵੰਬਰ 2004 ਨੂੰ ਪਿਤਾ ਜੀ ਅਤੇ ਬੀਬੀ ਜੀ ਦੋਵੇਂ ਇੱਕਲੇ ਹੀ ਪੰਜਾਬ ਜਾਣ ਲਈ ਤਿਆਰ ਹੋ ਗਏ। ਇਸ ਤਰਾਂ ਲੱਗਦਾ ਸੀ ਕਿ ਪਿਤਾ ਜੀ ਜਿਵੇਂ ਆਪਣੇ ਆਪ ਨੂੰ ਹੁਣ ਤੰਦਰੁਸਤ ਸਮਝਣ ਲੱਗੇ ਅਤੇ ਇਸੇ ਹੌਸਲੇ ਦੇ ਨਾਲ ਇਹਨੀਂ ਇੰਡੀਆ ਦਾ ਪਰੋਗਰਾਮ ਬਣਾ

ਲਿਆ। ਇਹ ਪਹਿਲੀ ਬਾਰ ਸੀ ਕਿ ਮੈਂ ਉਸ ਸਮੇਂ ਇਹਨਾਂ ਦੇ ਨਾਲ ਨਹੀਂ ਸੀ ਜਾ ਸਕਦਾ, ਪਰ ਪਿਤਾ ਜੀ ਪੰਜਾਬ ਜਾਣ ਲਈ ਬਹੁਤੇ ਇੱਛਕ ਸਨ। ਅਸੀਂ ਇਹਨਾਂ ਨੂੰ ਰੋਕਣ ਦਾ ਯਤਨ ਵੀ ਕੀਤਾ ਕਿ ਤੁਹਾਡੀ ਸੇਹਤ ਠੀਕ ਨਹੀਂ ਹੈ ਸੋ ਇੱਕਲਿਆਂ ਤੁਹਾਨੂੰ ਨਹੀਂ ਜਾਣਾ ਚਾਹੀਦਾ ਘਰ ਦੇ ਹੋਰ ਮੈਂਬਰ ਵੀ ਸਾਡੇ ਨਾਲ ਸਹਿਮਤ ਸਨ, ਇੱਥੇ ਤੱਕ ਕਿ ਇਨ੍ਹਾਂ ਦੇ ਡਾਕਟਰ ਨੇ ਵੀ ਇਹਨਾਂ ਨੂੰ ਇਹੋ ਸਲਾਹ ਦਿੱਤੀ ਸੀ ਕਿ ਇਹਨਾਂ ਦਾ ਇੰਡੀਆ ਜਾਣਾ ਠੀਕ ਨਹੀਂ ਹੈ। ਪਰ ਇਹਨਾਂ ਦਾ ਸੁਭਾਵ ਜਿੱਦੀ ਵੀ ਹੁੰਦਾ ਸੀ ਖੈਰ ਇਹ ਨਹੀਂ ਰੁਕੇ ਮੈਂ ਅਤੇ ਰਾਜਿੰਦਰ ਇਹਨਾਂ ਨੂੰ ਬਰਮਿੰਘਮ ਛੱਡਣ ਚਲੇ ਗਏ। ਅਸੀਂ ਦੋਵੇਂ ਭਰਾ ਮੇਰੇ ਵਾਲੀ ਮਰਸਿਡੀਜ਼ ਕਾਰ ਲੈ ਗਏ, ਰਸਤੇ ਦੇ ਵਿੱਚ ਸਾਨੂੰ ਗੱਡੀ ਦੇ ਅੰਦਰ ਪੈਟਰੋਲ ਦਾ ਮੁਸ਼ਕ ਆਉਣ ਲੱਗਾ, ਅਸੀਂ ਬਹੁਤਾ ਧਿਆਨ ਇਸ ਕਰਕੇ ਵੀ ਨਹੀਂ ਦਿੱਤਾ ਕਿ ਕਈ ਬਾਰ ਜਦੋਂ ਪੈਟਰੋਲ ਗੱਡੀ ਦੇ ਵਿੱਚ ਪੁਆਈਦਾ ਹੈ ਤਾਂ ਵੈਸੇ ਹੀ ਕਦੀ ਕਦਾਈਂ ਮੁਸ਼ਕ ਆਉਣ ਲੱਗ ਪੈਂਦਾ ਹੈ। ਜਦੋਂ ਅਸੀਂ ਗੱਡੀ ਦੇ ਵਿੱਚੋਂ ਸਮਾਨ ਉਤਾਰਨ ਲੱਗੇ ਤਾਂ ਅਟੈਚੀ ਵੀ ਮੁਸ਼ਕ ਮਾਰਦੇ ਸੀ, ਕੁੱਝ ਦੇਰ ਅਸੀਂ ਸਾਮਾਨ ਖੁੱਲੀ ਹਵਾ ਦੇ ਵਿੱਚ ਰਹਿਣ ਦਿੱਤਾ ਫਿਰ ਅਸੀਂ ਦੋਵੇਂ ਭਰਾ ਇਹਨਾਂ ਨੂੰ ਬਰਮਿੰਘਮ ਏਅਰਪੋਰਟ ਤੇ ਲੈ ਗਏ। ਸਾਮਾਨ ਤੋਲਣ ਤੋਂ ਬਾਦ ਰਾਜਿੰਦਰ ਗੱਡੀ ਦੀ ਡਿੱਗੀ ਚੈਕ ਕਰਨ ਚਲਾ ਗਿਆ ਮੈਂ ਪਿਤਾ ਜੀ ਹੋਰਾਂ ਦੇ ਨਾਲ ਹੀ ਰਿਹਾ। ਇਹਨਾਂ ਨੂੰ ਜਹਾਜ਼ ਦੇ ਵਿੱਚ ਬਿਠਾ ਕੇ ਵਾਪਿਸ ਰਾਜਿੰਦਰ ਦੇ ਕੋਲ ਆ ਗਿਆ, ਰਾਜਿੰਦਰ ਇਹਨਾਂ ਨੂੰ ਚੰਗੀ ਤਰਾਂ ਮਿਲ ਵੀ ਨਹੀਂ ਸੀ ਸਕਿਆ। ਅਸੀਂ ਔਟੋਮੋਬਾਈਲ ਐਸੋਸੀਏਸ਼ਨ ਅਜੰਸੀ ਨੂੰ ਸੱਦ ਲਿਆ, ਉਹਨਾਂ ਦਾ ਮੋਟਰ ਮਕੈਨਿਕ ਵੀ ਪੈਟਰੋਲ ਨਿਕਲ਼ਨ ਦੇ ਸੁਰਾਖ ਨੂੰ ਲੱਭਦਾ ਰਿਹਾ ਖੈਰ ਉਸਨੇ ਪਤਾ ਲਾ ਹੀ ਲਿਆ ਕਿ ਪੈਟਰੋਲ ਕਿੱਥੋਂ ਲੀਕ ਹੋ ਰਿਹਾ ਸੀ। ਅਮਨਦੀਪ ਨੇ ਗੱਡੀ ਦੇ ਵਿੱਚ ਕਿਸੇ ਆਪਣੇ ਮਿੱਤਰ ਦੇ ਕੋਲੋਂ ਨਵੀਂ ਟੇਪ ਰਿਕੌਰਡਰ ਡੈੱਕ ਪਿੱਛੇ ਬੂਟ ਦੇ ਵਿੱਚ ਫਿੱਟ ਕਰਵਾਈ ਸੀ ਉਸੇ ਜਗ੍ਹਾ ਤੋਂ ਪੈਟਰੋਲ ਟੈਂਕ ਲੱਗਾ ਹੋਇਆ ਸੀ, ਉਸਦੇ ਵਿੱਚ ਇਸਦੇ ਦੋਸਤ ਕਾਰੀਗਰ ਨੇ ਇੱਕ ਪੇਚ ਠੋਕ ਦਿੱਤਾ ਸੋ ਹੌਲੀ ਹੌਲੀ ਇੱਥੋਂ ਪੈਟਰੋਲ ਲੀਕ ਕਰਨ ਲੱਗ ਪਿਆ ਸੀ। ਔਟੋਮੋਬਾਈਲ ਐਸੋਸੀਏਸ਼ਨ ਦੇ ਮਕੈਨਿਕ ਨੇ ਫਾਇਰ ਬ੍ਰਗੇਡ ਨੂੰ ਸੱਦ ਲਿਆ, ਕਾਰ ਪਾਰਕ ਦਾ ਮਾਲਕ ਵੀ ਆ ਗਿਆ, ਇਹਨਾਂ ਦੇ ਨਾਲ ਹੀ ਪੁਲਿਸ ਦੀਆਂ ਗੱਡੀਆਂ ਵੀ ਪਹੁੰਚ ਗਈਆਂ ਕਿਉਂਕਿ ਪੈਟਰੋਲ ਦੇ ਉੱਡੇ ਹੋਏ ਹਵਾ ਵਿੱਚ ਵਾਸ਼ਪਾਂ ਕਾਰਣ ਖੜੀਆਂ ਕਾਰਾਂ ਲਈ ਭਿਆਨਕ ਖਤਰਾ ਹੋ ਸਕਦਾ ਸੀ। ਅਸੀਂ ਦੋਵੇਂ ਭਰਾ ਤਾਂ ਹੈਰਾਨ ਰਹਿ ਗਏ ਕਿ ਇਹ ਕਾਰ ਤਾਂ ਰਸਤੇ ਵਿੱਚ ਕਿਤੇ ਵੀ ਫੱਟ ਸਕਦੀ ਸੀ, ਪਰ ਕਹਿੰਦੇ ਹਨ ਜਿਸਨੋ ਰਾਖੇ ਸਾਈਆਂ ਮਾਰ ਨਾ ਸਕੇ ਕੋਇ, ਰੱਬ ਨੇ ਹੀ ਭਲਾ ਕੀਤਾ। ਇਹਨਾਂ ਨੂੰ ਜਹਾਜ਼ ਦੇ ਵਿੱਚ ਬਿਠਾ ਕੇ ਅਸੀਂ ਵਾਪਿਸ ਆ ਗਏ ਪਰ ਫਲਾਈਟ ਲੇਟ ਹੋਣ ਕਾਰਣ ਏਅਰ ਪੋਰਟ ਮਹਿਕਮੇ

ਨੇ ਜਹਾਜ਼ ਦੀ ਉਡਾਨ ਨਹੀਂ ਸੀ ਭਰਨ ਦਿੱਤੀ, ਅਤੇ ਸਾਰੀਆਂ ਸਵਾਰੀਆਂ ਨੂੰ ਕਿਸੇ ਹੋਟਲ ਦੇ ਵਿੱਚ ਭੇਜ ਦਿੱਤਾ ਸੀ ਦੂਸਰੇ ਦਿਨ ਪਤਾ ਨਹੀਂ ਜਹਾਜ਼ ਕਦੋਂ ਉੱਡਿਆ ਸੀ। ਇਹ ਫਲਾਈਟ ਅਮ੍ਰਿਤਸਰ ਜਾਣੀ ਸੀ ਸੋ ਅਸੀਂ ਆਪਣੇ ਕੰਮ ਕਰਨ ਵਾਲੇ ਲੜਕੇ ਇੰਦਰਜੀਤ ਨੂੰ ਕਹਿ ਦਿੱਤਾ ਕਿ ਉਹ ਅਮ੍ਰਿਤਸਰ ਪਿਤਾ ਜੀ ਹੋਰਾਂ ਨੂੰ ਲੈਣ ਚਲਾ ਜਾਵੇ। ਇਹ ਉੱਥੇ ਪਹੁੰਚ ਗਿਆ ਪਰ ਜਹਾਜ਼ ਦੇ ਪਹੁੰਚਣ ਦੀ ਕੋਈ ਉੱਗ ਸੁੱਗ ਹੀ ਨਹੀਂ ਸੀ ਆਖਿਰ ਉੜੀਕ ਉੜੀਕ ਕੇ ਇੰਦਰਜੀਤ ਵਾਪਿਸ ਜਲੰਧਰ ਚਲਾ ਗਿਆ। ਦੂਸਰੇ ਦਿਨ ਸਾਨੂੰ ਪਤਾ ਲੱਗਾ ਕਿ ਮੌਸਮ ਦੀ ਖਰਾਬੀ ਹੋਣ ਕਾਰਣ ਇਹਨਾਂ ਦਾ ਜਹਾਜ਼ ਸਿੱਧਾ ਦਿੱਲੀ ਉਤਾਰਿਆ ਗਿਆ ਅਤੇ ਇਹਨਾਂ ਨੂੰ ਦਿੱਲੀ ਤੋਂ ਬੱਸਾਂ ਰਾਹੀਂ ਅਮ੍ਰਿਤਸਰ ਭੇਜਿਆ ਗਿਆ ਸੀ। ਬੱਸਾਂ ਵਾਲੇ ਅਜਿਹੇ ਜਾਂਗਲੀ ਲੋਕ ਸਨ ਕਿ ਬੀਬੀ ਹੋਰੀਂ ਦੱਸਦੇ ਸਨ ਕਿ ਇਹਨੀਂ ਰਸਤੇ ਦੇ ਵਿੱਚ ਕਿਤੇ ਵੀ ਬੱਸ ਖੜੀ ਨਹੀਂ ਕੀਤੀ, ਬੱਚਿਆਂ ਦੇ ਨਾਲ ਬੀਬੀਆਂ ਬਹੁਤ ਤੰਗ ਹੋਈਆਂ, ਰਸਤੇ ਦੇ ਵਿੱਚ ਨਾ ਪਾਣੀ ਨਾ ਕੁੱਝ ਖਾਣ ਨੂੰ ਮਿਲਿਆ। ਸ਼ਾਮਾਂ ਨੂੰ ਹਨੇਰਾ ਜਿਹਾ ਹੋ ਗਿਆ ਸੀ, ਜਲੰਧਰ ਜਾਣ ਵਾਲਿਆਂ ਨੂੰ ਜਲੰਧਰ ਛਾਉਣੀ ਜੀ.ਟੀ. ਰੋੜ ਤੇ ਹੀ ਉਤਾਰ ਦਿੱਤਾ। ਇਹਨਾਂ ਦਾ ਸਮਾਨ ਵੱਖ ਵੱਖ ਜਗ੍ਹਾ ਦੋ ਬੱਸਾਂ ਦੇ ਵਿੱਚ ਰੱਖਿਆ ਹੋਇਆ ਸੀ, ਪਿਤਾ ਜੀ ਇੱਕ ਜਗ੍ਹਾ ਖੜੇ ਰਹੇ ਅਤੇ ਬੀਬੀ ਹੋਰਾਂ ਨੂੰ ਕਿਹਾ ਕਿ ਜਾ ਕੇ ਪਿਛਲੀ ਬੱਸ ਦੇ ਵਿਚੋਂ ਦੂਸਰਾ ਅਟੈਚੀ ਦੇਖ ਕੇ ਆ, ਬੀਬੀ ਹੋਰੀਂ ਪਿੱਛੇ ਦੂਸਰੀ ਬੱਸ ਦੇ ਵਿੱਚ ਸਮਾਨ ਲੱਭਣ ਚਲੇ ਗਏ। ਪਿਤਾ ਜੀ ਦੀ ਵੀਲ਼ ਚੇਅਰ ਵੀ ਗੁਆਚ ਗਈ ਇਹ ਦੋਵੇਂ ਬਹੁਤ ਪਰੇਸ਼ਾਨ ਹੋਏ। ਪਿਤਾ ਜੀ ਹੋਰੀਂ ਖੜੇ ਨਹੀਂ ਸੀ ਰਹਿ ਸਕਦੇ ਨਾ ਹੀ ਉਸ ਜਗ੍ਹਾ ਕੋਈ ਬੈਠਣ ਦਾ ਸਾਧਨ ਸੀ, ਇਹਨੀਂ ਔਟੋ ਰਿਕਸ਼ਾ ਲਿਆ ਅਤੇ ਬੀਬੀ ਹੋਰਾਂ ਨੂੰ ਦੇਖਣ ਪਿੱਛੇ ਚਲੇ ਗਏ ਅਤੇ ਦੂਸਰੇ ਪਾਸੇ ਤੋਂ ਬੀਬੀ ਹੋਰੀਂ ਕਿਸੇ ਹੋਰ ਰਿਕਸ਼ੇ ਵਿੱਚ ਇਹਨਾਂ ਵੱਲ ਆ ਰਹੇ ਸਨ ਸੋ ਦੋਵੇਂ ਰਿਕਸ਼ੇ ਵਾਲੇ ਇੱਕ ਦੂਸਰੇ ਨੂੰ ਮਿਲ ਪਏ ਸੋ ਇਹਨਾਂ ਨੇ ਪਿਤਾ ਜੀ ਅਤੇ ਬੀਬੀ ਹੋਰਾ ਦੀ ਬਹੁਤ ਦੇਖ ਭਾਲ ਕੀਤੀ। ਦੂਸਰੇ ਪਾਸੇ ਇੰਦਰਜੀਤ ਅਤੇ ਸਾਡੇ ਹੋਰ ਰਿਸ਼ਤੇਦਾਰ ਇਹਨਾਂ ਨੂੰ ਜਲੰਧਰ ਬੱਸ ਅੱਡੇ ਤੇ ਜਾ ਕੇ ਦੇਖਦੇ ਰਹੇ। ਭਲਾ ਹੋਵੇ ਉਹਨਾਂ ਰਿਕਸ਼ੇ ਚਲਾਉਣ ਵਾਲਿਆਂ ਦਾ ਜਿਹਨੀਂ ਇਹਨਾਂ ਨੂੰ ਜਲੰਧਰ ਘਰ ਪਹੁੰਚਾਇਆ ਅਤੇ ਸਾਰਿਆਂ ਦੀ ਚਿੰਤਾ ਦੂਰ ਹੋਈ।

ਇਸੇ ਸਾਲ ਦੌਰਾਨ ਜਦੋਂ ਇਹ ਪੰਜਾਬ ਗਏ ਹੋਏ ਸੀ ਫਿਰ ਪਹਿਲਾਂ ਦੀ ਤਰਾਂ ਦੁਬਾਰਾ ਢਿੱਲੇ ਹੋ ਗਏ। ਸੋ ਉਸੇ ਖ਼ੂਨ ਵਗਣ ਦੀ ਬਿਮਾਰੀ ਨੇ ਫਿਰ ਸੇਹਤ ਤੇ ਢਾਹ ਲਾਈ ਅਤੇ ਚੱਗਰ ਹੋਰਾਂ ਦੀ ਮਦਦ ਨਾਲ ਇਹਨਾਂ ਨੂੰ ਪਟੇਲ ਹਸਪਤਾਲ ਵਿੱਚ ਦਾਖਲ ਕਰਵਾ ਦਿੱਤਾ ਗਿਆ। ਮੈਂ ਉਸ ਸਮੇਂ ਇੰਗਲੈਂਡ ਦੇ ਵਿੱਚ ਸੀ ਜਦੋਂ ਮੈਨੂੰ

ਖਬਰ ਮਿਲੀ ਉਸੇ ਵਕਤ ਮੈਂ ਆਪਣੀ ਸੀਟ ਬੁੱਕ ਕਰਵਾ ਲਈ ਅਤੇ ਮੈਂ 19 ਜਨਵਰੀ 2005 ਨੂੰ ਜਲੰਧਰ ਪਹੁੰਚ ਗਿਆ ਸੀ। ਪਟੇਲ ਹਸਪਤਾਲ ਦੇ ਕਰਮਚਾਰੀ ਅਤੇ ਡਾਕਟਰ ਸਾਰੇ ਮੈਨੂੰ ਜਾਣਦੇ ਸੀ, ਮੇਰੇ ਪਹੁੰਚਦਿਆਂ ਹੀ ਬੀਬੀ ਹੋਰੀਂ ਖੁਸ਼ ਹੋ ਗਏ ਅਤੇ ਮੇਰੇ ਆਲੇ-ਦੁਆਲੇ ਭੀੜ ਜਿਹੀ ਲੱਗ ਗਈ, ਹਸਪਤਾਲ ਦੇ ਵਿੱਚ ਆਏ ਹੋਏ ਲੋਕੀ ਸਮਝਣ ਲੱਗੇ ਸ਼ਾਇਦ ਕੋਈ ਵੱਡਾ ਅਫਸਰ ਆਇਆ ਹੈ। ਇਸ ਬਾਰ ਇਹਨਾਂ ਦੀ ਸੇਹਤ ਜਿਆਦਾ ਗੰਭੀਰ ਸੀ ਸੋ ਇਹਨਾਂ ਨੂੰ ਈ.ਸੀ.ਯੂ ਵਿੱਚ ਦਾਖਲ ਕੀਤਾ ਹੋਇਆ ਸੀ। ਇੰਗਲੈਂਡ ਤੋਂ ਬੱਚੇ ਟੈਲੀਫੋਨ ਕਰਦੇ ਰਹਿੰਦੇ ਸਨ ਇਹਨੀਂ ਆਪਣੇ ਪਾਸਪੋਰਟ ਫਿਰ ਤਿਆਰ ਕਰ ਲਏ ਅਤੇ ਵੀਜ਼ਾ ਲੈਣ ਦੀ ਕੋਸ਼ਿਸ਼ ਵਿੱਚ ਸਨ ਪਰ ਮੈਂ ਇਹਨਾਂ ਨੂੰ ਤੱਸਲੀ ਦਿੱਤੀ ਕਿ ਅਗਰ ਪਿਤਾ ਜੀ ਦੀ ਸੇਹਤ ਜਿਆਦਾ ਢਿੱਲੀ ਹੋ ਗਈ ਤਾਂ ਮੈਂ ਫੌਰਨ ਤੁਹਾਨੂੰ ਆਉਣ ਲਈ ਕਹਿ ਦੇਵਾਂਗਾ ਪਰ ਫਿਲਹਾਲ ਤੁਸੀਂ ਕਿਸੇ ਨੇ ਵੀ ਨਹੀਂ ਆਉਣਾ, ਇਹਨੀਂ ਮੇਰੀ ਗੱਲ ਮੰਨ ਲਈ। ਜਸਵਿੰਦਰ ਨੇ ਸੰਤ ਜੀ ਹੋਰਾਂ ਨੂੰ ਚੰਡੀਗੜ ਟੈਲੀਫੋਨ ਕਰ ਦਿੱਤਾ ਅਤੇ ਪਿਤਾ ਜੀ ਦੀ ਹਾਲਤ ਵਾਰੇ ਦੱਸਿਆ, ਇਹ ਜਾਰੋ ਜਾਰ ਰੋ ਰਹੀ ਸੀ ਅਤੇ ਘਬਰਾਈ ਹੋਈ ਕਹੀ ਜਾਵੇ ਕਿ ਸੰਤ ਜੀ ਅਰਦਾਸ ਕਰੋ ਪਿਤਾ ਜੀ ਸਾਨੂੰ ਛੱਡ ਕੇ ਨਾ ਚਲੇ ਜਾਣ। ਸੰਤ ਜੀ ਚੁੱਪ ਰਹੇ ਕੁੱਝ ਦੇਰ ਬਾਦ ਕਹਿਣ ਲੱਗੇ ਘਬਰਾਉਣਾ ਨਹੀਂ ਹੈ ਕ੍ਰਿਪਾਲ ਸਿੰਘ ਨੂੰ ਕੁੱਝ ਨਹੀਂ ਹੋਣ ਲੱਗਾ। ਕੁੱਝ ਦਿਨ ਇਹ ਉਸੇ ਹਾਲਤ ਵਿੱਚ ਢਿੱਲੇ ਰਹੇ ਫਿਰ ਮੇਰੀ ਮੁਲਾਕਾਤ ਹਸਪਤਾਲ ਦੇ ਮੁਖੀ ਡਾਕਟਰ ਚੋਪੜਾ ਹੋਰਾਂ ਦੇ ਨਾਲ ਹੋਈ। ਉਸਦਾ ਇਹੋ ਮਸ਼ਵਰਾ ਸੀ ਕਿ ਉਹ ਆਪਣੀ ਵਾਹ ਲਾ ਕੇ ਦੇਖ ਚੁੱਕੇ ਹਨ ਅਤੇ ਹੋਰ ਕੁੱਝ ਨਹੀਂ ਸੀ ਕਰ ਸਕਦੇ ਸੋ ਮੈਨੂੰ ਕਿਹਾ ਕਿ ਆਪਣੇ ਪਿਤਾ ਜੀ ਨੂੰ ਐਂਜੀਓਗਰਾਫੀ ਟੈਸਟ ਲਈ ਡੀ.ਐਮ.ਸੀ. ਹਸਪਤਾਲ ਲੁਧਿਆਣੇ ਲੈ ਜਾਓ। ਮੈਂ ਉਸਦਾ ਧੰਨਵਾਦ ਕੀਤਾ ਅਤੇ ਡਾਕਟਰ ਗਿੱਲ ਹੋਰਾਂ ਦੇ ਨਾਲ ਸਲਾਹ ਕੀਤੀ ਜੋ ਉਸ ਸਮੇਂ ਔਲ ਇੰਡੀਆ ਮੈਡੀਕਲ ਯੂਨੀਅਨ ਦੇ ਪ੍ਰਧਾਨ ਸਨ। ਭਾਵੇਂ ਗਿੱਲ ਹੋਰੀ ਜਨਤਾ ਹਸਪਤਾਲ ਦੇ ਮਾਲਕ ਸਨ ਪਰ ਔਕਸਫੋਰੜ ਹਸਪਤਾਲ ਦੇ ਨਿਰਦੇਸ਼ਕ ਵੀ ਸਨ। ਉਹਨਾਂ ਨੇ ਔਕਸਫੋਰੜ ਹਸਪਤਾਲ ਲੈ ਕੇ ਜਾਣ ਲਈ ਕਿਹਾ ਅਤੇ ਉਸੇ ਵਕਤ ਉਹਨੀਂ ਡਾਕਟਰ ਚਾਵਲਾ ਜੀ ਨੂੰ ਟੈਲੀਫੋਨ ਵੀ ਕਰ ਦਿੱਤਾ, ਪਿਤਾ ਜੀ ਲਈ ਐਮਬੂਲੈਂਸ ਭੇਜ ਦਿੱਤੀ ਗਈ ਰਾਤ ਨੂੰ ਅਸੀਂ ਔਕਸਫੋਰੜ ਪਹੁੰਚ ਗਏ। ਉਹਨੀਂ ਐਂਜੀਓਗਰਾਮ ਕਰਨੀ ਸ਼ੁਰੂ ਕਰ ਦਿੱਤੀ, ਅੱਧੀ ਰਾਤ ਤੱਕ ਅਸੀਂ ਹਸਪਤਾਲ ਹੀ ਬੈਠੇ ਰਹੇ, ਡਾਕਟਰ ਚਾਵਲਾ ਜੀ ਨੇ ਦਸਿੱਆ ਕਿ ਉਹਨਾਂ ਨੂੰ ਬਿਮਾਰੀ ਦਾ ਕੁੱਝ ਵੀ ਪਤਾ ਨਹੀਂ ਲੱਗ ਸਕਿਆ, ਫਿਰ ਤਾਂ ਰੱਬ ਦੇ ਹੱਥ ਹੀ ਡੋਰ ਰੱਖੀ ਜਾ ਸਕਦੀ ਸੀ। ਕੁੱਝ ਦਿਨਾਂ ਬਾਦ ਇਹ ਠੀਕ ਹੋਣੇ ਸ਼ੁਰੂ ਹੋ ਗਏ, ਮੈਂ ਚਾਵਲਾ ਜੀ ਨੂੰ ਪੁੱਛਿਆ ਕਿ ਇਹ ਅਚੰਭਾ ਕਿਵੇਂ ਹੋ ਗਿਆ ਉਹਨੀਂ ਕਿਹਾ ਕਿ ਕਈ ਬਿਮਾਰੀਆਂ ਆਪੇ ਠੀਕ ਹੋ ਜਾਂਦੀਆਂ

ਹਨ ਇਹ ਕੁੱਦਰਤ ਦਾ ਕੋਈ ਗੁੱਝਾ ਭੇਦ ਹੈ ਇਸਨੂੰ ਅਸੀਂ ਵੀ ਨਹੀਂ ਸਮਝ ਸਕਦੇ। ਘਰ ਆ ਕੇ ਦਿਨ ਵ ਦਿਨ ਇਹ ਠੀਕ ਹੋਣੇ ਸ਼ੁਰੂ ਹੋ ਗਏ ਅਸੀਂ ਹਰ ਲਿਹਾਜ਼ ਦੇ ਨਾਲ ਇਹਨਾਂ ਦੀ ਖੁਰਾਕ ਅਤੇ ਦਵਾਈ ਵਗੈਰਾ ਦਾ ਖਿਆਲ ਰੱਖਦੇ ਰਹੇ ਸੋ ਇਹਨਾਂ ਦੀ ਸੇਹਤ ਵੀ ਠੀਕ ਹੋ ਗਈ। 23 ਮਾਰਚ 2005 ਨੂੰ ਮੈਂ ਵਾਪਿਸ ਲੀਡਜ਼ ਆ ਗਿਆ ਸੀ। ਮੇਰੇ ਭਤੀਜੇ ਬੌਬੀ ਨੇ ਪਿਤਾ ਜੀ ਅਤੇ ਬੀਬੀ ਜੀ ਹੋਰਾਂ ਦੀ ਸੀਟ ਅਮ੍ਰਿਤਸਰ ਤੋਂ ਇੰਡੀਅਨ ਏਅਰਲਾਈਨ ਦੇ ਵਿੱਚ ਬੁੱਕ ਕਰਵਾ ਦਿੱਤੀ ਸੀ। ਕਾਫੀ ਸਮੇਂ ਤੋਂ ਬਾਦ ਏਅਰ ਇੰਡੀਆ ਦੀ ਫਲਾਈਟ ਦੁਵਾਰਾ ਸ਼ੁਰੂ ਹੋਈ ਸੀ ਅਤੇ ਇਹ ਪਹਿਲੀ ਫਲਾਈਟ ਦੀ ਉਡਾਨ ਸੀ ਜਿਸਨੂੰ ਹਰੀ ਝੰਡੀ ਦੇਣ ਲਈ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਅਮਰਿੰਦਰ ਸਿੰਘ ਅਮ੍ਰਿਤਸਰ ਪਹੁੰਚੇ ਹੋਏ ਸਨ। ਅਜੀਤ ਅਖਬਾਰ ਨਵੀਸ ਨੇ ਪਿਤਾ ਜੀ ਦੇ ਨਾਲ ਗੱਲਬਾਤ ਵੀ ਕੀਤੀ ਅਤੇ ਇਹਨਾਂ ਦੀ ਇੱਕ ਫੋਟੋ ਖਿੱਚ ਕੇ ਅਖਬਾਰ ਦੇ ਵਿੱਚ ਛਾਪੀ ਸੀ। ਪਿਤਾ ਜੀ ਹੋਰੀਂ ਏਅਰ ਇੰਡੀਆ ਦੀ ਇਸ ਪਹਿਲੀ ਫਲਾਈਟ ਵਿੱਚ ਮੇਰੇ ਚਾਚਾ ਪ੍ਰੇਮ ਸਿੰਘ ਹੋਰਾਂ ਦੇ ਨਾਲ 15 ਮਈ ਸੰਨ 2005 ਨੂੰ ਬਰਮਿੰਘਮ ਪਹੁੰਚੇ ਸੀ। ਇਹ ਫੋਟੋ ਵੀ ਅਖੀਰਲੇ ਸਫਿਆਂ ਤੇ ਦੇਖੀ ਜਾ ਸਕਦੀ ਹੈ।

ਇੱਕ ਦਿਨ ਵੈਸੇ ਹੀ ਸੋਚਾਂ ਵਿੱਚ ਪਿਆ ਮੇਰੇ ਦਿਮਾਗ ਵਿੱਚ ਖਿਆਲ ਆਇਆ ਕਿ ਇਹ ਹਸਪਤਾਲਾਂ ਦਾ ਚੱਕਰ ਸਿਰਫ ਲੈਣ ਦੇਣ ਦਾ ਹੀ ਦਿੱਸਦਾ ਹੈ। ਜਿਵੇਂ ਲੋਕੀ ਕਿਹਾ ਕਰਦੇ ਹਨ ਕਿ ਸੰਸਾਰ ਦੇ ਵਿੱਚ ਵਿੱਚਰਦਿਆਂ ਕਈ ਬਾਰ ਇਹ ਸਾਰਾ ਲੈਣ ਦੇਣ ਦਾ ਹਿਸਾਬ ਕਿਤਾਬ ਹੀ ਹੁੰਦਾ ਹੈ ਸੋ ਸ਼ਾਇਦ ਸਾਡੇ ਨਾਲ ਵੀ ਇਸੇ ਤਰਾਂ ਦੀ ਗੱਲ ਬਾਰ ਬਾਰ ਦੁਹਰਾਈ ਹੋਈ ਜਾਪਦੀ ਸੀ। ਖੈਰ ਮੈਂ ਵਾਪਿਸ ਆ ਕੇ ਤੁਰਕੱਮਨਿਸਤਾਨ ਏਅਰਲਾਈਨ ਦੇ ਖਿਲਾਫ ਕੇਸ ਤਿਆਰ ਕੀਤਾ ਅਤੇ ਲੀਡਜ਼ ਕੋਰਟ ਦੇ ਵਿੱਚ ਦਾਖਲ ਕਰ ਦਿੱਤਾ। ਤਕਰੀਬਨ ਇੱਕ ਸਾਲ ਤੋਂ ਬਾਦ ਏਅਰਲਾਈਨ ਦੇ ਨੁਮਾਇੰਦੇ ਅਤੇ ਮੈਂ ਜੱਜ ਦੇ ਸਨਮੁਖ ਪੇਸ਼ ਹੋਏ, ਜੱਜ ਨੇ ਦੋਵੇਂ ਧਿਰਾਂ ਨੂੰ ਸੁਣਕੇ ਏਅਰਲਾਈਨ ਨੂੰ ਕਸੂਰਬਾਰ ਇੱਕਰਾਰ ਦੇ ਦਿੱਤਾ। ਸੋ ਮੇਰੀ ਡਿਊਟੀ ਸਿਰਫ ਇਹਨਾਂ ਦੀ ਸੇਹਤ ਦਾ ਖਿਆਲ ਰੱਖਣ ਤੱਕ ਹੀ ਸੀਮਿਤ ਨਹੀਂ ਸੀ ਹੁੰਦੀ ਬਲਕਿ ਘਰ ਦੇ ਹਰ ਮਸਲੇ ਨੂੰ ਬਾਹਰਲੇ ਅਦਾਇਰਿਆਂ ਦੇ ਵਿੱਚ ਨਜਿੱਠਣ ਦਾ ਵੀ ਪ੍ਰਯਤਨ ਕਰਨਾ ਹੁੰਦਾ ਸੀ।

ਮੈਂ ਤਕਰੀਬਨ ਹਰ ਸਾਲ ਇੰਡੀਆ ਜਾ ਆਇਆ ਕਰਦਾ ਸੀ, ਕਈ ਬਾਰ ਦੋ ਚੱਕਰ ਵੀ ਲੱਗ ਜਾਇਆ ਕਰਦੇ ਸਨ। 19 ਜਨਵਰੀ ਸੰਨ 2005 ਨੂੰ ਜਦੋਂ ਮੈਂ ਪੰਜਾਬ ਪਿਤਾ ਜੀ ਨੂੰ ਦੇਖਣ ਗਿਆ ਸੀ ਉਸ ਸਮੇਂ ਕੁਲਵਿੰਦਰ ਮੇਰੇ ਨਾਲ ਨਹੀਂ ਸੀ ਜਾ ਸਕੀ ਸੋ ਮੇਰੇ ਸਿਰ ਤੇ ਬੱਚਿਆਂ ਦੇ ਰਿਸ਼ਤਿਆਂ ਦੀ ਜੁੰਮੇਵਾਰੀ ਵੀ ਲਮਕਦੀ

ਸੀ। ਇਸ ਬਾਰ ਗੁਰਵਿੰਦਰ ਮੇਰੇ ਨਾਲ ਸੀ ਅਸੀਂ ਫਰਵਰੀ ਮਹੀਨੇ ਦੇ ਅੱਧ ਵਿੱਚ ਰਾਜਵੀਰ ਕੌਰ ਨੂੰ ਮਿਲਣ ਲਈ ਫਿਰ ਪਿੰਡ ਪੱਟੀ ਸੈਦੋਂ ਕੀ ਚਲੇ ਗਏ, ਰਾਜਵੀਰ ਦੇ ਪਿਤਾ ਨੂੰ ਵੀ ਉਹਨੀਂ ਬੰਬਈ ਤੋਂ ਸੱਦਿਆ ਹੋਇਆ ਸੀ। ਇਹਨਾਂ ਦੇ ਘਰ ਕੁੱਝ ਦੇਰ ਮੈਂ, ਗੁਰਵਿੰਦਰ ਅਤੇ ਇਸਦੀ ਮਾਸੀ ਮਾਸੜ ਬੈਠੇ ਗੱਲਾਂਬਾਤਾਂ ਕਰਦੇ ਰਹੇ ਅਤੇ ਦੋਵੇਂ ਬੱਚਿਆਂ ਨੂੰ ਕਿਹਾ ਤੁਸੀਂ ਇੱਕ ਦੂਸਰੇ ਨਾਲ ਗੱਲਬਾਤ ਕਰ ਲਉ ਤਾਂ ਕਿ ਬਾਦ ਵਿੱਚ ਕਿਸੇ ਕਿਸਮ ਦਾ ਸ਼ਿਕਵਾ ਨਹੀਂ ਹੋਣਾ ਚਾਹੀਦਾ। ਗੁਰਵਿੰਦਰ ਨੇ ਰਾਜਵੀਰ ਨਾਲ ਗੱਲਾਂ ਕੀਤੀਆਂ, ਉਸਨੇ ਵੀ ਜੋ ਕੁੱਝ ਪੁੱਛਣਾ ਸੀ ਪੁੱਛਿਆ, ਇਹਨਾਂ ਦੋਵਾਂ ਦੀ ਰਜ਼ਾਮੰਦੀ ਦਿਸਦੀ ਸੀ ਪਰ ਮੈਂ ਪਿਤਾ ਜੀ ਦੀ ਸਹਿਮਤੀ ਲੈਣੀ ਵੀ ਚਾਹੁੰਦਾ ਸੀ। ਸੋ ਰਾਜਵੀਰ ਅਤੇ ਉਸਦੇ ਮਾਤਾ ਪਿਤਾ ਨੂੰ ਜਲੰਧਰ ਆਉਣ ਲਈ ਕਿਹਾ ਤਾਂ ਕਿ ਪਿਤਾ ਜੀ ਦੇ ਨਾਲ ਗੱਲਬਾਤ ਵੀ ਹੋ ਸਕੇ, ਵੈਸੇ ਵੀ ਪਿਤਾ ਜੀ ਦਾ ਆਸ਼ੀਰਵਾਦ ਲੈਣਾ ਬਹੁਤ ਜਰੂਰੀ ਸੀ ਪਿਤਾ ਜੀ ਨੇ ਰਾਜਵੀਰ ਨੂੰ ਕੁੱਝ ਸਵਾਲ ਪੁੱਛੇ ਅਤੇ ਉਹਨੀਂ ਮੈਨੂੰ ਕਿਹਾ ਕਿ ਲੜਕੀ ਸਮਝਦਾਰ ਹੈ ਸੋ ਰਿਸ਼ਤਾ ਪੱਕਾ ਕਰ ਦਿੱਤਾ ਗਿਆ। ਰਾਜਵੀਰ ਦੇ ਪਿਤਾ ਜੀ ਬੰਬਈ ਕੰਮ ਕਰਦੇ ਸੀ ਸੋ ਉਹਨਾਂ ਦੇ ਵਾਪਿਸ ਜਾਣ ਤੋਂ ਪਹਿਲਾਂ ਅਸੀਂ ਬੱਚਿਆਂ ਦੀ ਕੁੜਮਾਈ ਦਾ ਪਰੋਗਰਾਮ 24 ਫਰਵਰੀ 2005 ਨੂੰ ਜਲੰਧਰ ਆਪਣੇ ਘਰ ਰੱਖ ਲਿਆ। ਇਸ ਸ਼ੁੱਭ ਮੌਕੇ ਤੇ ਇੰਗਲੈਂਡ ਤੋਂ ਦੁੱਗਲ ਪਰਿਵਾਰ ਦੇ ਕਈ ਜੀਅ ਅਤੇ ਮੇਰੇ ਮਿੱਤਰ ਹਾਜ਼ਰ ਸਨ। ਪਿਤਾ ਜੀ, ਬੀਬੀ ਜੀ, ਚਾਚਾ ਪ੍ਰੇਮ ਸਿੰਘ ਚਾਚੀ ਦਲਜੀਤ ਕੌਰ ਮੇਰੀ ਛੋਟੀ ਭੈਣ ਪਰਮਿੰਦਰ ਅਤੇ ਪ੍ਰਾਹੁਣਾ ਰਸ਼ਪਾਲ ਸਿੰਘ ਸਹੋਤਾ, ਮੋਹਣ ਸਿੰਘ ਸੰਘਾ, ਬਲਵੀਰ ਸਿੰਘ ਲਹਿਰੀ, ਸੰਤੋਖ ਸਿੰਘ ਢਿੱਲੋਂ ਅਤੇ ਉਸਦੀ ਪਤਨੀ ਜਗਦੀਸ਼ ਕੌਰ ਇਸ ਮੌਕੇ ਤੇ ਹਾਜ਼ਰ ਸਨ। ਉਸ ਦਿਨ ਦਾ ਇੱਕਠ ਖੁਸ਼ੀਆਂ ਭਰਪੂਰ ਨਜਿੱਠਿਆ ਗਿਆ। ਇਸ ਤੋਂ ਉਪਰੰਤ ਰਾਜਵੀਰ ਨੇ ਇੰਗਲੈਂਡ ਆਉਣ ਵਾਸਤੇ ਵੀਜ਼ੇ ਲਈ ਦਰਖਾਸਤ ਦੇ ਦਿੱਤੀ ਅਤੇ 16 ਜਨਵਰੀ 2006 ਨੂੰ ਇਹ ਇੰਗਲੈਂਡ ਪਹੁੰਚ ਗਈ। ਇਸਦੇ ਇੱਥੇ ਪਹੁੰਚਣ ਤੇ 18 ਫਰਵਰੀ ਦਾ ਵਿਆਹ ਰੱਖ ਦਿੱਤਾ ਗਿਆ ਅਤੇ ਵਿਆਹ ਦੀਆਂ ਤਿਆਰੀਆਂ ਕਰਨ ਲੱਗ ਪਏ। ਪਿਤਾ ਜੀ ਚਿਰੋਕਣੇ ਸਮੇਂ ਤੋਂ ਮੈਨੂੰ ਕਹਿ ਰਹੇ ਸਨ ਕਿ ਉਹਨਾਂ ਦੇ ਮਿੱਤਰ ਸਰਦਾਰ ਪ੍ਰੀਤਮ ਸਿੰਘ ਪ੍ਰਦੇਸੀ ਹੋਰਾਂ ਨੂੰ ਰਾਹਦਾਰੀ ਭੇਜ ਦੇ। ਪ੍ਰਦੇਸੀ ਹੋਰੀਂ ਪਹਿਲਾਂ ਵੀ ਇੰਗਲੈਂਡ ਆਉਣ ਲਈ ਦੁਰਖਾਸਤ ਦੇ ਚੁੱਕੇ ਸੀ ਜੋ ਕਿ ਖਾਰਜ ਹੋ ਗਈ ਸੀ, ਫਿਰ ਇਹਨੀਂ ਅਪੀਲ ਵੀ ਕੀਤੀ ਉਹ ਵੀ ਖਾਰਜ ਕਰ ਦਿੱਤੀ ਗਈ ਸੀ। ਪਿਤਾ ਜੀ ਨੂੰ ਮੈਂ ਕਿਹਾ ਉਹਨਾਂ ਦੇ ਪੇਪਰ ਮੰਗਵਾਓ ਦੇਖੇ ਤੇ ਪਤਾ ਲੱਗ ਸਕਦਾ ਹੈ ਕਿ ਕਿਸ ਕਾਰਣ ਈ.ਸੀ.ਓ. ਨੇ ਵੀਜ਼ਾ ਨਹੀਂ ਸੀ ਦਿੱਤਾ। ਉਹਨੀਂ ਪੇਪਰ ਭੇਜ ਦਿੱਤੇ ਸਾਰੇ ਪੇਪਰ ਮੈਂ ਦੇਖੇ ਅਤੇ ਇਮੀਗਰੇਸ਼ਨ ਦੇ ਮੋਹਤਬਾਰ ਫਸਟ ਸੈਕਟਰੀ ਨੂੰ ਖਤ ਲਿਖ ਦਿੱਤਾ ਕਿ ਕੁੱਝ ਨੁਕਤਿਆਂ ਬਾਰੇ ਮੈਨੂੰ ਜਾਣਕਾਰੀ ਚਾਹੀਦੀ ਹੈ, ਉਹਨਾਂ

ਨੂੰ ਅਤੇ ਪਿਤਾ ਜੀ ਨੂੰ ਮੇਰੀ ਹੈਸੀਅਤ ਦਾ ਪਤਾ ਸੀ। ਇਮੀਗਰੇਸ਼ਨ ਵਾਲਿਆਂ ਕੋਲ ਮੇਰੇ ਸਵਾਲਾਂ ਦਾ ਕੋਈ ਜਵਾਬ ਤਾਂ ਹੈ ਨਹੀਂ ਸੀ ਸਿਰਫ ਉਹਨੀਂ ਇਹੋ ਕਿਹਾ ਕਿ ਪ੍ਰੀਤਮ ਸਿੰਘ ਨੂੰ ਕਹੋ ਕਿ ਦੁਬਾਰਾ ਅਰਜ਼ੀ ਦੇ ਦੇਣ ਸੋ ਮੈਂ ਇਹਨਾਂ ਨੂੰ ਰਾਹਦਾਰੀ ਭੇਜ ਦਿੱਤੀ ਅਤੇ ਨਾਲ ਹੀ ਬਰਿਟਿਸ਼ ਫਸਟ ਸੈਕਟਰੀ ਨੂੰ ਖਤ ਲਿਖ ਦਿੱਤਾ। ਵਿਆਹ ਦੇ ਵਿੱਚ ਦੋ ਤਿੰਨ ਦਿਨ ਰਹਿ ਗਏ ਸਨ ਮੈਂ ਇਮੀਗਰੇਸ਼ਨ ਵਾਲਿਆਂ ਨੂੰ ਦਿੱਲੀ ਟੈਲੀਫੋਨ ਕੀਤਾ ਉਹਨੀਂ ਮੇਰੇ ਕਹਿਣ ਤੇ ਵੀਜ਼ਾ ਲਾ ਦਿੱਤਾ, ਉਸੇ ਵਕਤ ਮੈਂ ਸਰਦਾਰ ਪ੍ਰੀਤਮ ਸਿੰਘ ਹੋਰਾਂ ਨੂੰ ਕਿਹਾ ਕਿ ਕੱਲ ਸ਼ਾਮ ਨੂੰ ਤੁਸੀਂ ਆਪਣਾ ਪਾਸਪੋਰਟ ਜਲੰਧਰ ਤੋਂ ਲੈ ਲੈਣਾ ਅਤੇ ਆਪਣੀ ਸੀਟ ਬੁੱਕ ਕਰਵਾ ਲਉ। ਇਹ ਤਾਂ ਹੈਰਾਨ ਸਨ ਕਿ ਜਲੰਧਰ ਦਫਤਰ ਵਾਲਿਆਂ ਨੇ ਤਾਂ ਇਹਨਾਂ ਨੂੰ ਹਾਲੇ ਕੁੱਝ ਵੀ ਨਹੀਂ ਸੀ ਦੱਸਿਆ ਤਾਂ ਸੀਟ ਕਿਸ ਤਰਾਂ ਬੁੱਕ ਕਰਵਾ ਲੈਣ। ਇਹਨਾਂ ਨੂੰ ਮੈਂ ਫਿਰ ਕਿਹਾ ਕਿ ਵੀਜ਼ਾ ਉਹਨੀਂ ਲਾ ਦਿੱਤਾ ਹੈ ਅੱਜ ਹੀ ਤੁਸੀਂ ਇੰਗਲੈਂਡ ਆਉਣ ਦੀ ਤਿਆਰੀ ਕਰ ਲਵੋ। ਇਹ ਵੀ ਵਿਆਹ ਤੇ ਪਹੁੰਚ ਗਏ ਦੂਸਰੇ ਪਾਸੇ ਮੈਂ ਰਾਜ਼ਵੀਰ ਦੇ ਭਰਾ ਅਤੇ ਮਾਤਾ ਨੂੰ ਵੀ ਵੀਜ਼ਾ ਲਗੱਵਾ ਦਿੱਤਾ ਜਿਹਨਾਂ ਨੂੰ ਇਮੀਗਰੇਸ਼ਨ ਵਾਲਿਆਂ ਨੇ ਨਾਂਹ ਕੀਤੀ ਹੋਈ ਸੀ। ਇਹ ਸਾਰੇ ਫਿਰ ਇੱਕਠੇ ਲੀਡਜ਼ ਆ ਗਏ। ਪਿਤਾ ਜੀ ਦੇ ਕਹਿਣ ਤੇ ਸਰਦਾਰ ਚੇਤਨ ਸਿੰਘ ਦਾ ਵੀਜ਼ਾ ਵੀ ਮੈਂ ਹੀ ਲਗਵਾਇਆ ਸੀ। ਦੂਸਰੀ ਬਾਰ ਸਰਦਾਰ ਚੇਤਨ ਸਿੰਘ ਹੋਰਾਂ ਨੂੰ ਮੈਂ ਇੱਥੇ ਕਵੀ ਦਰਬਾਰ ਦੇ ਪਰੋਗਰਾਮ ਤੇ ਸਦਿੱਆ ਸੀ ਉਸ ਵਕਤ ਵੀ ਇਹਨਾਂ ਨੂੰ ਵੀਜ਼ਾ ਨਹੀਂ ਸੀ ਲੱਗਾ, ਫਿਰ ਮੈਨੂੰ ਹੀ ਕੋਸ਼ਿਸ਼ ਕਰਨੀ ਪਈ ਸੀ ਮੈਂ ਦੁਬਾਰਾ ਫਿਰ ਇਹਨਾਂ ਦਾ ਵੀਜ਼ਾ ਲਗੱਵਾਇਆ ਸੀ, ਉਸ ਸਮੇਂ ਇਹਨਾਂ ਨੂੰ ਰਾਹਦਾਰੀ ਸਰਦਾਰ ਮੋਤਾ ਸਿੰਘ ਸਰਾਏ ਹੋਰਾਂ ਦੇ ਕਿਸੇ ਮਿੱਤਰ ਨੇ ਭੇਜੀ ਸੀ ਸੋ ਉਹਨੀਂ ਵੀ ਆਪਣੇ ਵੱਲੋਂ ਦਿੱਲੀ ਇਮੀਗਰੇਸ਼ਨ ਵਾਲਿਆਂ ਨੂੰ ਬੇਨਤੀ ਕੀਤੀ ਸੀ। ਇੱਥੇ ਦੀ ਮਨਿਸਟਰੀ ਦੇ ਨਾਲ ਮੇਰੇ ਚੰਗੇ ਤਲਕਾਤ ਸਨ ਅਤੇ ਮੇਰਾ ਆਪਣਾ ਲੀਡਜ਼ ਕਾਊਂਸਲ ਦੇ ਨਾਲ ਕਾਫੀ ਰਸੂਖ ਰਿਹਾ ਸੀ। ਪਿਤਾ ਜੀ ਦੀ ਕੋਈ ਵੀ ਗੱਲ ਮੈਂ ਮੋੜਿਆ ਨਹੀਂ ਸੀ ਕਰਦਾ, ਉਹ ਆਪਣੇ ਸਮੇਂ ਦੇ ਵਿੱਚ ਲੋਕਾਂ ਦਾ ਕੰਮ ਕਰਦੇ ਰਹੇ ਸਨ ਸੋ ਬਾਦ ਵਿੱਚ ਪਰਮਾਤਮਾ ਨੇ ਮੇਰੀ ਡਿਊਟੀ ਲਾ ਦਿੱਤੀ, ਆਪਣੇ ਪਿਤਾ ਜੀ ਵਾਂਗ ਅੱਜ ਤੱਕ ਮੇਰਾ੍ਹ ਵੀ ਅਜਿਹਾ ਹੀ ਸੁਭਾਵ ਬਣਿਆ ਰਿਹਾ ਹੈ। ਇਹਨਾਂ ਗੱਲਾਂ ਕਰਕੇ ਉਹ ਹਮੇਸ਼ਾਂ ਮੇਰੇ ਤੇ ਫਖਰ ਵੀ ਮਹਿਸੂਸ ਕਰਿਆ ਕਰਦੇ ਸਨ ਪਰ ਕਦੀ ਜਾਹਿਰ ਵੀ ਨਹੀਂ ਸੀ ਹੋਣ ਦਿੰਦੇ। ਇਹਨਾਂ ਦਾ ਹਰ ਵਰਗ ਦੇ ਲੋਕਾਂ ਦੇ ਨਾਲ ਪਿਆਰ ਸੀ ਅਤੇ ਕਈ ਇਹਨਾਂ ਦੇ ਅਲ੍ਹੱੜ ਮਿੱਤਰ ਅਦਾਲਤਾਂ ਦੇ ਵਿੱਚ ਵੀ ਫਸ ਜਾਇਆ ਕਰਦੇ ਸੀ, ਉਹਨਾਂ ਨੂੰ ਛਡਾਉਣ ਦੀ ਡਿਊਟੀ ਵੀ ਮੇਰੀ ਹੀ ਲੱਗਦੀ ਹੁੰਦੀ ਸੀ। ਪਿਤਾ ਨੂੰ ਇਨਕਾਰ ਕਰਨਾ ਵੀ ਠੀਕ ਗੱਲ ਨਹੀਂ ਸੀ, ਵੈਸੇ ਪਿਤਾ ਦੇ ਤੌਰ ਤੇ ਇਹਨਾਂ ਦੀ ਹਸਤੀ ਜ਼ੋਰਾਵਰ ਹੁੰਦੀ ਸੀ। ਹੋ ਸਕਦਾ ਹੈ ਕਈ ਬਾਰ ਇਹ

ਮੇਰਾ ਇਮਤਿਹਾਨ ਵੀ ਲੈਂਦੇ ਹੋਣ ਪਰ ਖੁਸ਼ੀ ਇਸ ਗੱਲ ਦੀ ਹੈ ਕਿ ਇਹਨਾਂ ਦੇ ਹੁਕਮਾਂ ਦੀ ਹਮੇਸ਼ਾਂ ਪਾਲਣਾ ਹੀ ਹੁੰਦੀ ਰਹੀ ਸੀ ਅਤੇ ਇਹ ਵੀ ਇਸ ਖਿਆਲ ਨਾਲ ਖੁਸ਼ ਰਹਿੰਦੇ ਸਨ। ਇਸ ਮੌਕੇ ਤੇ ਬਰਖੁਰਦਾਰ ਗੁਰਵਿੰਦਰ ਦੇ ਵਿਆਹ ਤੇ ਪਿਤਾ ਜੀ ਅਤੇ ਸਰਦਾਰ ਪ੍ਰੀਤਮ ਸਿੰਘ ਜੀ ਦੋਵੇਂ ਮਿੱਤਰ ਇੱਕਠੇ ਸਨ, ਸਰਦਾਰ ਪ੍ਰੀਤਮ ਸਿੰਘ ਨੂੰ ਆਪਣੇ ਕੋਲ ਦੇਖ ਕੇ ਪਿਤਾ ਜੀ ਬਹੁਤ ਖੁਸ਼ ਨਜਰ ਆਉਂਦੇ ਸਨ। ਸਰਦਾਰ ਪ੍ਰੀਤਮ ਸਿੰਘ ਹੋਰਾਂ ਨੇ ਵੀ ਵਿਆਹ ਤੇ ਪਹੁੰਚ ਕੇ ਖੂਬ ਰੰਗ ਮਾਣਿਆ, ਪਿਤਾ ਜੀ ਦੀ ਖੁਆਇਸ਼ ਪੂਰੀ ਹੋ ਗਈ। ਫਰਵਰੀ ਦਾ ਵਿਆਹ ਸੀ ਜਿਵੇਂ ਇਹ ਰੰਗ ਮੰਚ ਉਹਨਾਂ ਦੀ ਜਿੰਦਗੀ ਦਾ ਅਖੀਰਲਾ ਮੌਕਾ ਹੋ ਨਿਬੜਿਆ, ਅਗਾਂਹ ਦਾ ਸਮਾਂ ਕਿਹੋ ਜਿਹਾ ਭਿਆਨਕ ਸਿਰ ਤੇ ਖੜਾ ਸੀ ਇਸਦਾ ਕੋਈ ਅੰਦਾਜ਼ਾ ਨਹੀਂ ਸੀ ਲਾਇਆ ਜਾ ਸਕਦਾ। ਵਿਆਹ ਦੀ ਚਹਿਲ ਪਹਿਲ ਖਤਮ ਹੋ ਗਈ, ਸਰਦਾਰ ਪ੍ਰੀਤਮ ਸਿੰਘ ਹੋਰਾਂ ਨੇ ਵੀ ਵਾਪਿਸ ਪੰਜਾਬ ਜਾਣ ਦੀ ਤਿਆਰੀ ਕਰ ਲਈ, ਆਪਣੇ ਮਿੱਤਰ ਦੇ ਨਾਲ ਇੱਕਠਿਆਂ ਵਿਤਾਇਆ ਸਮਾਂ ਜਿੰਦਗੀ ਦੀ ਬੇਹਤਰੀਨ ਯਾਦ ਬਣਕੇ ਪਿਤਾ ਜੀ ਦੇ ਮਨ ਵਿੱਚ ਸਮੋ ਗਿਆ। ਇਹੋ ਸਮਾਂ ਸੀ ਕਿ ਅਸੀਂ ਸਾਰੇ ਪਰਿਵਾਰਕ ਤੌਰ ਤੇ ਇੱਕ ਦੂਸਰੇ ਦੇ ਨਜ਼ਦੀਕ ਆਏ ਅਤੇ ਆਪਸੀ ਜਾਣ ਪਛਾਣ ਪਹਿਲਾਂ ਨਾਲੋਂ ਗੂੜ੍ਹੀ ਹੋ ਗਈ।

ਪਿਤਾ ਜੀ ਦੀ ਸੇਹਤ ਠੀਕ ਨਾ ਹੋਣ ਕਰਕੇ ਇਹ ਦਸੰਬਰ 2005 ਦਾ ਸਮਾਗਮ ਜੋ ਕੱਟਾ ਸਬੌਰ ਹਰ ਸਾਲ ਆਯੋਜਿਤ ਕੀਤਾ ਜਾਂਦਾ ਹੈ ਉੱਥੇ ਪਹੁੰਚ ਨਹੀਂ ਸੀ ਸਕੇ ਸੋ ਬਰਖੁਰਦਾਰ ਗੁਰਵਿੰਦਰ ਸਿੰਘ ਦੇ ਵਿਆਹ ਤੋਂ ਬਾਦ ਪਿਤਾ ਜੀ ਅਤੇ ਬੀਬੀ ਹੋਰੀਂ 5 ਮਾਰਚ ਸੰਨ 2006 ਨੂੰ ਚਾਚੇ ਬਲਦੇਵ ਸਿੰਘ, ਚਾਚੇ ਪ੍ਰੇਮ ਸਿੰਘ ਅਤੇ ਦੋਵੇਂ ਚਾਚੀਆਂ ਦੇ ਨਾਲ ਇੱਕਠੇ ਇਹ ਸਾਰੇ ਜੀਅ ਪੰਜਾਬ ਚਲੇ ਗਏ ਸੀ। ਮੈਂ ਅਤੇ ਕੁਲਵਿੰਦਰ ਇਸੇ ਸਾਲ 18 ਜੂਨ ਨੂੰ ਅਮ੍ਰਿਤਸਰ ਪਹੁੰਚੇ ਸੀ। ਇਸੇ ਸਾਲ ਦੀ ਗੱਲ ਹੈ ਕਿ ਇੱਕ ਰਾਤ ਮੈਂ ਅਤੇ ਕੁਲਵਿੰਦਰ ਆਪਣੇ ਕਮਰੇ ਦੇ ਵਿੱਚ ਸੁੱਤੇ ਹੋਏ ਸੀ, ਅਚਾਨਕ ਅੱਧੀ ਰਾਤ ਨੂੰ ਕਿਸੇ ਨੇ ਸਾਡਾ ਗੇਟ ਖੜਕਾਇਆ, ਇੰਦਰਜੀਤ ਨੇ ਗੇਟ ਖੋਹਲਿਆ ਤਾਂ ਮੇਰੇ ਛੋਟੇ ਭਰਾ ਰਾਮਿੰਦਰ ਸਿੰਘ ਦੀ ਸਾਲੀ ਛਿੰਦੀ ਸਾਡੇ ਕਮਰੇ ਵਿੱਚ ਆ ਕੇ ਸਾਡੇ ਸਾਹਮਣੇ ਸਾਨੂੰ ਖੜੀ ਦਿਸੀ, ਕੁਲਵਿੰਦਰ ਨੇ ਮੈਨੂੰ ਜਗਾਇਆ ਤਾਂ ਅਸੀ ਛਿੰਦੀ ਨੂੰ ਪੁੱਛਿਆ ਕਿ ਕੀ ਹੋਇਆ ਹੈ ਤੂੰ ਕਿਉਂ ਘਬਰਾਈ ਹੋਈ ਹੈਂ। ਉਸੇ ਰਾਤ 27 ਜੂਨ ਨੂੰ ਉਹ ਆਪਣੇ ਸੌਹਰੇ ਦੇ ਨਾਲ ਆਪਣੇ ਪਤੀ ਨੂੰ ਲੈ ਕੇ ਸਤਿੱਅਮ ਹਸਪਤਾਲ ਦਾਖਲ ਕਰਨ ਆਈ ਸੀ, ਉਸਦੇ ਪਤੀ ਉੱਤੇ ਕੁੱਝ ਗੁੰਡਿਆਂ ਨੇ ਕਾਤਲਾਨਾ ਹਮਲਾ ਕੀਤਾ ਸੀ ਅਤੇ ਉਸਦੀ ਹਾਲਤ ਬਹੁਤ ਗੰਭੀਰ ਸੀ। ਛਿੰਦੀ ਅਤੇ ਉਸਦਾ ਸੌਹਰਾ ਬਹੁਤ ਪਰੇਸ਼ਾਨ ਸਨ ਨਾਂ ਹੀ ਉਹਨਾਂ ਕੋਲ਼ ਉਸ ਵਕਤ ਕੋਈ

ਪੈਸਾ ਸੀ ਅਤੇ ਪੈਸੇ ਤੋਂ ਬਿਨਾਂ ਮਰੀਜ਼ ਭਾਵੇਂ ਮਰਨ ਵਾਲਾ ਕਿਉਂ ਨਾ ਹੋਵੇ ਕਿਸੇ ਹਸਪਤਾਲ ਦੇ ਵਿੱਚ ਉਸਨੂੰ ਦਾਖਲ ਨਹੀਂ ਕੀਤਾ ਜਾਂਦਾ। ਕੁਲਵਿੰਦਰ ਦੇ ਕੋ਼ਲ ਉਸ ਵੇਲੇ ਆਪਣੇ ਖਰਚ ਲਈ ਜਿੰਨੇ ਵੀ ਪੌਂਡ ਪਏ ਸੀ ਉਸਨੇ ਉਸੇ ਵੇਲੇ ਛਿੰਦੀ ਨੂੰ ਦੇ ਦਿੱਤੇ ਅਤੇ ਹੌਂਸਲਾ ਦਿੱਤਾ ਕਿ ਵਾਹਿਗੁਰੂ ਭਲੀ ਕਰੇਗਾ ਤੂੰ ਰੋਣਾ ਨਹੀ ਹੈ ਸਿਰਫ ਬਾਣੀ ਪੜੀ ਜਾ। ਦੂਸਰੇ ਦਿਨ ਸਵੇਰੇ ਅਸੀਂ ਪਿਤਾ ਜੀ ਨੂੰ ਇਸ ਹਾਦਸੇ ਵਾਰੇ ਦੱਸਿਆ ਉਹ ਵੀ ਪਰੇਸ਼ਾਨ ਹੋ ਗਏ। ਦੋ ਤਿੰਨ ਹਫਤਿਆਂ ਬਾਦ ਪਿਤਾ ਜੀ ਨੇ ਆਪਣੇ ਬੈਂਕ ਖਾਤੇ ਵਿੱਚੋਂ ਕੁੱਝ ਰੁਪਏ ਕੱਢਵਾਕੇ ਛਿੰਦੀ ਨੂੰ ਦੇ ਦਿੱਤੇ ਕਿਉਂਕਿ ਇੰਡੀਆ ਵਿੱਚ ਹਸਪਤਾਲਾਂ ਦੇ ਖਰਚ ਬਹੁਤ ਜਿਆਦਾ ਹੁੰਦੇ ਹਨ, ਛਿੰਦੀ ਦੇ ਵਿਰਦ ਮਾਤਾ ਪਿਤਾ ਉਸ ਸਮੇਂ ਬਹੁਤਾ ਖਰਚ ਨਹੀਂ ਸੀ ਕਰ ਸਕਦੇ, ਸੋ ਪਿਤਾ ਜੀ ਨੇ ਸੋਚਿਆ ਇਹਨਾਂ ਦੀ ਮਦਦ ਕਰਨੀ ਚਾਹੀਦੀ ਹੈ ਵੈਸੇ ਵੀ ਛਿੰਦੀ ਦੀ ਸੱਸ ਦਾ ਇਹਨਾਂ ਦਿਨਾਂ ਦੇ ਵਿੱਚ ਓਪਰੇਸ਼ਨ ਹੋਇਆ ਸੀ। ਛਿੰਦੀ ਦੇ ਪਤੀ ਦੇ ਬਹੁਤ ਗੁੱਝੀਆਂ ਸੱਟਾਂ ਮਾਰੀਆਂ ਹੋਈਆਂ ਸਨ, ਉਸਦੀਆਂ ਪਸਲੀਆਂ ਭੰਨੀਆਂ ਹੋਈਆਂ ਸਨ। ਕਿਸੇ ਨੇ ਮੈਨੂੰ ਦੱਸਿਆ ਕਿ ਜਲੰਧਰ ਸ਼ਹਿਰ ਦੇ ਵਿੱਚ ਇੱਕ ਵਿਅਕਤੀ ਹੈ ਜੋ ਟੁੱਟੀਆਂ ਪਸਲੀਆਂ ਠੀਕ ਕਰ ਸਕਦਾ ਹੈ, ਅਸੀਂ ਛਿੰਦੀ ਦੇ ਪਤੀ ਨੂੰ ਉਸਦੇ ਕੋਲ ਨਹੀਂ ਸੀ ਲੈ ਕੇ ਜਾ ਸਕਦੇ ਸਿਰਫ ਇੱਕੋ ਹੀ ਤਰੀਕਾ ਸੀ ਅਗਰ ਉਹ ਵਿਅਕਤੀ ਹਸਪਤਾਲ ਦੇ ਵਿੱਚ ਆ ਕੇ ਦੇਖ ਸਕਦਾ। ਮੈਂ ਡਾਕਟਰ ਰਾਜੇਸ਼ ਹੋਰਾਂ ਦੇ ਨਾਲ ਗੱਲ ਕੀਤੀ, ਉਹ ਕਹਿਣ ਲੱਗੇ ਡਾਕਟਰ ਹੋਣ ਦੇ ਨਾਤੇ ਮੈਂ ਇਹਨਾਂ ਗੱਲਾਂ ਨੂੰ ਨਹੀਂ ਮੰਨ ਸਕਦਾ ਪਰ ਦੁਗੱਲ ਸਾਹਿਬ ਤੁਹਾਡੇ ਸਤਿਕਾਰ ਪਖੋਂ ਮੈਂ ਆਪ ਜੀ ਦੇ ਨਾਲ ਹਾਂ ਤੁਸੀਂ ਆਪਣੀ ਤੱਸਲੀ ਕਰਵਾ ਸਕਦੇ ਹੋ। ਉਸ ਵਿਅਕਤੀ ਨੂੰ ਲਿਆ ਕੇ ਉਸਨੂੰ ਹਸਪਤਾਲ ਦੇ ਵਿੱਚ ਦਿਖਾਇਆ ਗਿਆ ਪਰ ਉਹ ਵਿਅਕਤੀ ਨੇ ਜਵਾਬ ਦੇ ਦਿੱਤਾ ਕਿ ਇਹ ਮੈਂ ਠੀਕ ਨਹੀਂ ਕਰ ਸਕਦਾ। ਉਸਦਾ ਬਚਣਾ ਮੁਸ਼ਕਲ ਸੀ ਸੋ ਉਹ ਵੀ ਰੱਬ ਨੂੰ ਪਿਆਰਾ ਹੋ ਗਿਆ ਅਤੇ 7 ਜੁਲਾਈ ਨੂੰ ਉਸਦਾ ਸਸਕਾਰ ਕਰ ਦਿੱਤਾ ਗਿਆ। ਉਸਦੇ ਭੋਗ ਤੋਂ ਪਹਿਲਾਂ ਛਿੰਦੀ ਦੀ ਵੱਡੀ ਭੈਣ ਸੁਰਿੰਦਰ ਵੀ ਇੰਗਲੈਂਡ ਤੋਂ ਪੰਜਾਬ ਪਹੁੰਚ ਗਈ ਸੀ। ਛਿੰਦੀ ਦੇ ਪਤੀ ਦੇ ਭੋਗ ਤੋਂ ਬਾਦ ਛਿੰਦੀ ਅਤੇ ਉਸਦਾ ਸੌਹਰਾ ਸਾਹਿਬ ਸਰਦਾਰ ਜਾਗੀਰ ਸਿੰਘ ਸਾਨੂੰ ਮਿਲਣ ਲਈ ਜਲੰਧਰ ਆਏ ਕਿਉਂਕਿ ਅਸੀਂ ਵਾਪਿਸ ਆਉਣ ਦੀ ਤਿਆਰੀ ਕਰ ਰਹੇ ਸੀ ਅਤੇ ਛਿੰਦੀ ਆਪਣੀ ਭੈਣ ਸੁਰਿੰਦਰ ਨੂੰ ਵੀ ਮਿਲਣਾ ਚਾਹੁੰਦੀ ਸੀ। ਸਰਦਾਰ ਜਾਗੀਰ ਸਿੰਘ ਨੇ ਪਿਤਾ ਜੀ ਨੂੰ ਪੈਸੇ ਵਾਪਿਸ ਦੇਣ ਦੀ ਗੱਲ ਕੀਤੀ ਪਰ ਪਿਤਾ ਜੀ ਨੇ ਉਹਨਾਂ ਨੂੰ ਕਹਿ ਦਿੱਤਾ ਕਿ ਇਹ ਪੈਸਾ ਮੈਂ ਵਾਪਿਸ ਲੈਣ ਲਈ ਨਹੀਂ ਸੀ ਦਿੱਤਾ ਸੋ ਪੈਸੇ ਵਾਪਿਸ ਕਰਨ ਦੀ ਕੋਈ ਲੋੜ ਨਹੀਂ ਹੈ। ਕੁਲਵਿੰਦਰ 12 ਜੁਲਾਈ ਨੂੰ ਵਾਪਿਸ ਆ ਗਈ ਸੀ ਪਰ ਅਸੀਂ ਘਰ ਦੇ ਸਾਰੇ ਜੀਅ 30 ਜੁਲਾਈ 2006 ਨੂੰ ਵਾਪਿਸ ਇੰਗਲੈਂਡ ਪਹੁੰਚੇ ਸੀ।

ਇਹਨਾਂ ਦੀ ਸੇਹਤ ਦਾ ਖਿਆਲ ਕਰਦੇ ਹੋਏ ਸੀਟਾਂ ਫਰਸਟ ਕਲਾਸ ਦੀਆਂ ਕਰਵਾ ਦਿੱਤੀਆਂ ਸਨ ਤਾਂ ਕਿ ਇਹ ਠੀਕ ਠਾਕ ਆਰਾਮ ਦੇ ਨਾਲ ਵਾਪਿਸ ਆ ਸਕਣ, ਇਹਨਾਂ ਦੇ ਨਾਲ ਹੀ ਸੁਰਿੰਦਰ ਦੀ ਸੀਟ ਵੀ ਰਾਖਵੀਂ ਕਰ ਲਈ ਸੀ। ਏਅਰ ਇੰਡੀਆ ਲਾਈਨ ਦੇ ਮੈਨੇਜਰ ਦੇ ਨਾਲ ਮੇਰੀ ਵਾਕਫੀਅਤ ਸੀ ਸੋ ਏਅਰ ਲਾਈਨ ਦਾ ਜਹਾਜ਼ੀ ਅਮਲਾ ਵੀ ਮੇਰੇ ਨਾਲ ਕਾਫੀ ਘੁ਼ਲ ਮਿਲ ਗਿਆ ਸੀ, ਏਅਰ ਲਾਈਨ ਦੀ ਮੈਨੇਜਰ ਨੇ ਬੀਬੀ ਹੋਰਾਂ ਲਈ ਇੱਕ ਲੜਕੀ ਦੀ ਡਿਊਟੀ ਲਾ ਦਿੱਤੀ ਅਤੇ ਪਿਤਾ ਜੀ ਦਾ ਖਿਆਲ ਰੱਖਣ ਲਈ ਇੱਕ ਲੜਕੇ ਦੀ ਡਿਊਟੀ ਲਾ ਦਿੱਤੀ ਅਤੇ ਅਸੀਂ ਦੋਵੇਂ ਮੈਂ ਅਤੇ ਹਵਾਈ ਜਹਾਜ਼ ਦੀ ਮੈਨੇਜਰ ਏਅਰ ਲਾਈਨ ਇੰਡੀਆ ਦੀ ਪਿਛੋਕੜ ਸਥਿਤੀ ਅਤੇ ਮੌਜੂਦਾ ਸਥਿਤੀ ਵਾਰੇ ਵਿਚਾਰਾਂ ਕਰਦੇ ਰਹੇ। ਇਹਨਾਂ ਦੀ ਸੇਵਾ ਸ਼ਾਹੀ ਮਹਿਮਾਨਾਂ ਵਾਂਗ ਹੋਈ ਇਹ ਦੋਵੇਂ ਬਹੁਤ ਖੁਸ਼ ਸਨ, ਸੁਰਿੰਦਰ ਵੀ ਸ਼ਾਹੀ ਮਹਿਮਾਨ ਦੇ ਤੌਰ ਤੇ ਫ਼ਲਾਈਟ ਦਾ ਆਨੰਦ ਮਾਣ ਰਹੀ ਸੀ। ਪਿਤਾ ਜੀ ਬਹੁਤ ਖੁਸ਼ ਸਨ ਕਿ ਤ੍ਰਿਲੋਚਨ ਦੇ ਨਾਲ ਹੀ ਆਉਣ ਜਾਣ ਦਾ ਲਾਹਾ ਹੈ, ਵੈਸੇ ਵੀ ਹਮੇਸ਼ਾਂ ਮੇਰੇ ਨਾਲ ਹੀ ਆਇਆ ਜਾਇਆ ਕਰਦੇ ਸਨ ਹੋਰ ਕਿਸੇ ਦੇ ਨਾਲ ਆਉਣਾ ਜਾਣਾ ਪਸੰਦ ਨਹੀਂ ਸੀ ਕਰਦੇ। ਮੈ ਏਅਰ ਲਾਈਨ ਦੇ ਮੁਖੀਆਂ ਦੇ ਨਾਲ ਗੱਲਬਾਤ ਕਰਕੇ ਕਈ ਬਾਰ ਇਹਨਾਂ ਦੀਆਂ ਸੀਟਾਂ ਫਰਸਟ ਕਲਾਸ ਦੇ ਵਿੱਚ ਤਬਦੀਲ ਕਰਵਾਈਆਂ ਸਨ ਇਹਨਾਂ ਨੂੰ ਵੀ ਸ਼ਾਹੀ ਠਾਠ ਦੇ ਨਾ਼ਲ ਆਉਣਾ ਚੰਗਾ ਲੱਗਦਾ ਸੀ ਅਤੇ ਸਫ਼ਰ ਵੀ ਸੁੱਖਦਾਇਕ ਹੁੰਦਾ ਸੀ।

ਲੀਡਜ਼ ਵਾਪਿਸ ਆ ਕੇ ਤਕਰੀਬਨ ਹਮੇਸ਼ਾਂ ਹੀ ਇਹਨਾਂ ਦੀ ਸੇਹਤ ਠੀਕ ਹੋ ਜਾਇਆ ਕਰਦੀ ਸੀ, ਇਸ ਬਾਰ ਵੀ ਐਸਾ ਮਹਿਸੂਸ ਹੁੰਦਾ ਸੀ ਕਿ ਪੰਜਾਬ ਤੋਂ ਆ ਕੇ ਇਹਨਾਂ ਦਾ ਚੇਹਰਾ ਤੰਦਰੁਸਤੀ ਦਾ ਸੋਹਣਾ ਪ੍ਰਗਟਾਵਾ ਕਰ ਰਿਹਾ ਸੀ। ਇੱਕ ਦਿਨ ਇਹ ਬੌਬੀ ਦੇ ਘਰ ਗਏ, ਬੌਬੀ ਦਾ ਬੰਗਲਾ ਬਹੁਤ ਸੋਹਣਾ ਅਤੇ ਕਈ ਕਮਰਿਆਂ ਦੀ ਰਿਹਾਇਸ਼ ਵਾਲਾ ਕਾਫੀ ਵੱਡਾ ਘਰ ਹੈ, ਪਿਤਾ ਜੀ ਬਹੁਤ ਖੁਸ਼ ਸਨ ਕਿ ਵਾਹਿਗੁਰੂ ਦੀ ਕ੍ਰਿਪਾ ਦੁਆਰਾ ਇਹ ਸੁੰਦਰ ਮਹਿਲ ਇਸ ਬੱਚੇ ਨੂੰ ਨਸੀਵ ਹੋਇਆ ਸੀ। ਇਸ ਬੱਚੇ ਦੀ ਮੇਹਨਤ ਸੀ ਜੋ ਸਫਲ ਹੋਈ, ਇਸਤੇ ਪਿਤਾ ਜੀ ਨੂੰ ਬਹੁਤ ਫਖਰ ਹੁੰਦਾ ਸੀ। ਬੌਬੀ ਸ਼ੁਰੂ ਤੋਂ ਹੀ ਆਪਣੇ ਬਾਬੇ ਦੇ ਨਾਲ ਰਿਹਾ ਸੀ ਭਾਵੇਂ ਇਸਦਾ ਜਨਮ ਲੀਡਜ਼ ਦਾ ਹੀ ਸੀ ਪਰ ਬਾਬੇ ਦੇ ਨਾਲ ਰਹਿਣ ਕਾਰਣ ਇਹ ਪੰਜਾਬੀ ਵੀ ਬਹੁਤ ਚੰਗੀ ਤਰ੍ਹਾਂ ਬੋ਼ਲ ਲੈਂਦਾ ਸੀ। ਇਹੋ ਹੀ ਨਹੀਂ ਇਸਨੂੰ ਜਿਵੇਂ ਬਾਬੇ ਤੋਂ ਪੂਰੀ ਸਿੱਖਿਆ ਮਿਲੀ ਹੋਈ ਹੋਵੇ, ਇਹ ਲੋਕਾਂ ਦੇ ਨਾਲ ਗੱਲਬਾਤ ਕਰਨ ਦੇ ਵਿੱਚ ਵੀ ਚੁੱਸਤ ਸੀ। ਇਸਦੇ ਤੌਰ ਤਰੀਕੇ ਅਤੇ ਗੱਲ ਕਰਨ ਦਾ ਲਹਿਜ਼ਾ, ਖਾਸ ਕਰਕੇ ਅੰਗ੍ਰੇਜ਼ੀ ਸਮਝਣ ਅਤੇ ਬੋਲਣ ਦੀ ਮਹਾਰਤ ਦੇ ਕਾਰਣ ਸ਼ਾਇਦ ਆਪਣੇ

ਕਾਰੋਬਾਰ ਦੇ ਵਿੱਚ ਇਸਨੂੰ ਬਹੁਤ ਸਫਲਤਾ ਪ੍ਰਾਪਤ ਹੋਣ ਦੀ ਵਜ਼ਾ ਹੀ ਬਾਬੇ ਤੋਂ ਮਿਲੀ ਇਸਦੀ ਸਿਖਲਾਈ ਮੰਨੀ ਜਾ ਸਕਦੀ ਹੈ ਜਿਸਦੀ ਬਦੌਲਤ ਇਹ ਕਈ ਬੰਗਲੇ ਖਰੀਦਣ ਦੇ ਯੋਗ ਹੋ ਸਕਿਆ ਸੀ। ਇਸਦੀ ਸਫਲਤਾ ਨੂੰ ਦੇਖ ਕੇ ਪਿਤਾ ਜੀ ਬੇਹੱਦ ਪ੍ਰਸੰਨ ਸਨ। ਮੇਰੇ ਖਿਆਲ ਦੇ ਵਿੱਚ ਜਿਸ ਇਨਸਾਨ ਨੇ ਆਪਣੀ ਜਿੰਦਗੀ ਦੇ ਵਿੱਚ ਬੇਹੱਦ ਗਰੀਬੀ ਹੰਢਾਈ ਹੋਵੇ, ਅਤੇ ਕੰਮਾਕਾਰਾਂ ਦੀ ਅਸਫਲਤਾ ਨੇ ਮਾਯੂਸੀ ਤੋਂ ਬਿਨਾ ਕੁੱਝ ਪੱਲੇ ਨਾ ਪਾਇਆ ਹੋਵੇ ਆਖਿਰ ਉਸਦੀ ਮੇਹਨਤ ਅਤੇ ਲਗਨ ਦੀ ਝਲ਼ਕ ਇਹਨੀਂ ਆਪਣੇ ਪੋਤੇ ਬੌਬੀ ਦੇ ਚੇਹਰੇ ਤੇ ਉਸ ਦਿਨ ਦੇਖੀ ਸੀ ਅਤੇ ਇਹਨਾਂ ਦਾ ਜਲ਼ਾਲ ਵੀ ਦੇਖਣ ਵਾਲਾ ਸੀ। ਇਹਨੀ ਸਾਰਾ ਦਿਨ ਉੱਥੇ ਰਹਿ ਕੇ ਉਸਦੇ ਨਾਲ ਅਗਲੀਆਂ ਪਿੱਛਲੀਆਂ ਪਤਾ ਨਹੀਂ ਕੀ ਕੀ ਗੱਲਾਂ ਕੀਤੀਆ ਸਨ। ਇਸ ਗੱਲ ਦਾ ਕਿਸੇ ਨੂੰ ਕੋਈ ਅੰਦਾਜ਼ਾ ਨਹੀਂ ਸੀ ਕਿ ਪਿਤਾ ਜੀ ਦੀ ਜਿੰਦਗੀ ਦਾ ਸਫ਼ਰ ਖਤਮ ਹੋਣ ਵਾਲ਼ਾ ਹੀ ਹੈ। ਇਹ ਲਿਖਦੇ ਲਿਖਦੇ ਪੰਜਾਬ ਰੇਡੀਓ ਤੇ ਹੁਣੇ ਹੀ ਗੁਰਬਾਣੀ ਦਾ ਸ਼ਬਦ ਪੜ੍ਹਿਆ ਜਾ ਰਿਹਾ ਸੀ ਕਿ 'ਸੱਜਣ ਮੇਰੇ ਰੰਗਲੇ ਜਾਏ ਸੁੱਤੇ ਜੀਰਾਣ' ਮੇਰੀਆਂ ਅੱਖਾਂ ਸੇਜਲੀਆਂ ਗਈਆਂ ਪਿਤਾ ਦੀ ਯਾਦ ਨੇ ਉਹਨਾਂ ਦੇ ਸਦੀਵੀ ਵਿਛੋੜੇ ਦੀ ਵੇਦਨਾਂ ਨੇ ਮਨ ਨੂੰ ਜਾ ਛੂਹਿਆ ਹੈ, ਵਾਹਿਗੁਰੂ ਭਲੀ ਕਰੇ। ਫਿਲਹਾਲ ਮੈਂ ਅਗਾਂਹ ਕੁੱਝ ਲਿਖ ਨਹੀਂ ਸਕਦਾ ਸੋ ਆਪਣੀ ਲਿਖਤ ਇੱਥੇ ਹੀ ਬੰਦ ਕਰਦਾ ਹਾਂ।

ਬੌਬੀ ਦੇ ਘਰ ਉਸੇ ਦਿਨ ਅਸੀਂ ਇਹਨਾਂ ਦੀ ਅੱਖ ਨੂੰ ਦੇਖਿਆ ਕਿ ਇਹ ਸੂਹੀ ਲਾਲ ਅਤੇ ਸੋਜ਼ਸ਼ ਦੇ ਨਾਲ ਖੁੱਲਦੀ ਵੀ ਨਹੀਂ ਸੀ। ਇਹ ਸਮਝਦੇ ਸੀ ਕਿ ਆਪੇ ਠੀਕ ਹੋ ਜਾਵੇਗੀ ਪਰ ਜਸਵਿੰਦਰ ਨਰਸ ਰਹਿ ਚੁੱਕੀ ਸੀ ਉਸਨੇ ਕਿਹਾ ਕਿ ਡੈਡੀ ਹਸਪਤਾਲ ਜਾ ਕੇ ਅੱਖ ਦਿਖਾਉਣੀ ਚਾਹੀਦੀ ਹੈ। ਅਸੀਂ ਆਪਣੇ ਡਾਕਟਰ ਨੂੰ ਕਹਿ ਕੇ ਇਹਨਾਂ ਲਈ ਹਸਪਤਾਲ ਦਾ ਸਮਾਂ ਨਿਸ਼ਚਤ ਕਰਵਾ ਲਿਆ। ਸਤੰਬਰ ਦੇ ਮਹੀਨੇ ਇੱਕ ਦਿਨ ਸਵੇਰੇ ਮੈਂ ਕੁਲਵਿੰਦਰ ਅਤੇ ਡੈਡੀ ਹੋਰਾਂ ਨੂੰ ਹਸਪਤਾਲ ਲੈ ਕੇ ਜਾਣਾ ਸੀ, ਰਾਜਿੰਦਰ ਹਾਲੇ ਪਾਠ ਕਰ ਰਿਹਾ ਸੀ ਮੈਂ ਅਤੇ ਕੁਲਵਿੰਦਰ ਇਹਨਾਂ ਨੂੰ ਰਾਜਿੰਦਰ ਦੇ ਬੰਗਲੇ ਤੋਂ ਲੈਣ ਚਲੇ ਗਏ ਕਿਉਂਕਿ ਇਹ ਉਹਨਾਂ ਦੇ ਨਾਲ ਰਹਿੰਦੇ ਹੁੰਦੇ ਸੀ। ਇਹ ਤਾਂ ਪਹਿਲਾਂ ਹੀ ਤਿਆਰ ਬੈਠੇ ਸੀ ਅਤੇ ਮੇਰੀ ਉੜੀਕ ਕਰ ਰਹੇ ਸੀ। ਵਕਤ ਹੋ ਗਿਆ ਮੈਂ ਇਹਨਾਂ ਨੂੰ ਲੈ ਕੇ ਹਸਪਤਾਲ ਚਲਾ ਗਿਆ, ਪਹਿਲਾਂ ਕੁਲਵਿੰਦਰ ਨੂੰ ਛੱਡਣ ਚਲੇ ਗਿਆ ਫਿਰ ਪਿਤਾ ਜੀ ਨੂੰ ਅੱਖਾਂ ਦੇ ਸਪੈਸ਼ਿਲਿਸਟ ਦੇ ਕੋਲ ਲੈ ਗਿਆ, ਉਸਨੇ ਅੱਖ ਦੇਖ ਕੇ ਕੁੱਝ ਟੈਸਟ ਕੀਤੇ ਅਤੇ ਮੈਨੂੰ ਕਹਿ ਦਿੱਤਾ ਕਿ ਇਹਨਾਂ ਨੂੰ ਹਸਪਤਾਲ ਦਾਖਲ ਕਰਨਾ ਪਏਗਾ ਸੋ ਇਸਤੋਂ ਇਲਾਵਾ ਹੋਰ ਕੋਈ ਚਾਰਾ ਬਾਕੀ ਨਹੀਂ ਸੀ ਰਹਿ ਗਿਆ, ਦਾਖਲ ਕਰਵਾ ਦਿੱਤੇ ਗਏ। ਉਹਨੀਂ ਕਿਹਾ

ਕਿ ਅੱਖ ਦਾ ਡੇਲ਼ਾ ਕੱਢਣਾ ਪਏਗਾ, ਇੱਕ ਅੱਖ ਦੀ ਰੋਸ਼ਨੀ ਪਹਿਲਾਂ ਹੀ ਚਲੀ ਗਈ ਸੀ, ਦੂਸਰੀ ਅੱਖ ਵੀ ਕੱਢ ਦੇਣੀ ਇਸ ਕਾਰਣ ਇਹਨਾਂ ਦੇ ਦਿਲ ਤੇ ਗਹਿਰੀ ਸੱਟ ਲੱਗੀ ਅਤੇ ਇਹ ਚੁੱਪ ਹੀ ਹੋ ਗਏ। ਮੇਰੇ ਨਾਲ ਕੋਈ ਗੱਲ ਨਹੀਂ ਕੀਤੀ ਜਦੋਂ ਚਾਚੇ ਬਲਦੇਵ ਸਿੰਘ ਅਤੇ ਪ੍ਰੇਮ ਸਿੰਘ ਮਿਲਣ ਗਏ ਤਾਂ ਉਹਨਾਂ ਨੂੰ ਕਹਿਣ ਲੱਗੇ ਕੀ ਇਸ ਉਮਰ ਦੇ ਵਿੱਚ ਇਹ ਅਵਸਥਾ ਵੀ ਦੇਖਣੀ ਬਾਕੀ ਰਹਿ ਗਈ ਸੀ। ਇਸ ਸਦਮੇਂ ਨੇ ਜਿਵੇਂ ਇਹਨਾਂ ਨੂੰ ਬਹੁਤ ਨਿਰਾਸ਼ ਕਰ ਦਿੱਤਾ ਹੋਵੇ ਫਿਰ ਰੱਬ ਦੇ ਰਹਿਮ ਤੇ ਮਨ ਟਿਕਾ ਲਿਆ। ਅਸੀਂ ਔਪਰੇਸ਼ਨ ਤਾਂ ਨਹੀਂ ਕਰਵਾਇਆ ਪਰ ਡਾਕਟਰਾਂ ਨੇ ਵੱਖ ਵੱਖ ਦਵਾਈ ਬਦਲ੍ਹ ਕੇ ਅੱਖ ਠੀਕ ਕਰਨ ਦੀ ਬਹੁਤ ਕੋਸ਼ਿਸ਼ ਕੀਤੀ ਪਰ ਹੁੰਦਾ ਉਹੋ ਹੈ ਜੋ ਮਨਜ਼ੂਰੇ ਖੁਦਾ ਹੁੰਦਾ ਹੈ। ਵੱਸ ਫਿਰ ਕੀ ਸੀ ਹਾਲਤ ਗੰਭੀਰ ਹੁੰਦੀ ਗਈ, ਕਮਜੋਰੀ ਵੱਧ ਗਈ, ਖਤਰੇ ਦੀ ਘੜੀ ਸਾਮਣੇ ਦਿੱਸ ਰਹੀ ਸੀ। ਇਹਨੀਂ ਬੌਬੀ ਦੀ ਪਤਨੀ ਨੂੰ ਕਿਹਾ ਕਿ ਬੇਟੇ ਰਾਜ਼ਦੀਪ ਨਿਆਣਿਆਂ ਨੂੰ ਸ਼ਾਮੀਂ ਲੈ ਕੇ ਆਵੀਂ, ਸ਼ਾਇਦ ਇਹ ਉਹਨਾਂ ਦਾ ਸਾਨੂੰ ਇਸ਼ਾਰਾ ਸੀ ਕਿ ਬੱਚਿਓ ਹੁਣ ਮੈਂ ਚਲੇ ਜਾਣਾ ਹੈ। ਡਾਕਟਰਾਂ ਦੇ ਨਾਲ ਅਸੀਂ ਮੀਟਿੰਗ ਕੀਤੀ ਉਹਨੀਂ ਸਾਨੂੰ ਦੱਸ ਦਿੱਤਾ ਕਿ ਇਹਨਾਂ ਦੀ ਸੇਹਤ ਜਿਆਦਾ ਖਰਾਬ ਹੋ ਗਈ ਹੈ ਅਤੇ ਬਚਣ ਦੀ ਆਸ ਨਹੀਂ ਰੱਖੀ ਜਾ ਸਕਦੀ ਪਰ ਅਸੀਂ ਹੋਰ ਹੀ ਉੱਮੀਦਾਂ ਹਾਲੇ ਲਾਈ ਬੈਠੇ ਰਹੇ। ਮੇਰੇ ਦੋਸਤ ਬਲਵੀਰ ਸਿੰਘ ਅਟਵਾਲ ਅਤੇ ਮੋਹਨ ਸਿੰਘ ਸੰਘਾ ਇਹਨਾਂ ਨੂੰ ਮਿਲਣ ਆਏ ਹੋਏ ਸੀ, ਬਲਵੀਰ ਨੇ ਕਿਹਾ ਕਿ ਅੰਕਲ ਜੀ ਹੌਸਲਾ ਰਖੋ ਹਾਲੇ ਤੁਸੀਂ ਬਹੁਤ ਕੰਮ ਕਰਨੇ ਹਨ, ਕਾਲਜ ਵੀ ਬਣਾਉਣਾ ਹੈ ਪਰ ਉਹਨੀਂ ਹੱਥ ਹਿਲਾ ਕੇ ਇਸ਼ਾਰਾ ਕਰ ਦਿੱਤਾ ਕਿ ਹੁਣ ਨਹੀਂ ਕੁੱਝ ਕਰ ਸਕਦਾ। ਬੌਬੀ ਦੇ ਬੱਚੇ ਵੀ ਮਿਲਕੇ ਘਰ ਚਲੇ ਗਏ ਰਾਤ ਨੂੰ ਮੈਂ ਅਤੇ ਰਾਜਿੰਦਰ ਰੋਟੀ ਖਾਣ ਘਰ ਆਏ ਹੀ ਸੀ ਕਿ ਚਾਚੇ ਪ੍ਰੇਮ ਸਿੰਘ ਵੱਲੋਂ ਟੈਲੀਫੋਨ ਆ ਗਿਆ ਕਿ ਵੀਰਾ ਜੀ ਸਾਨੂੰ ਛੱਡ ਗਏ ਹਨ। ਪਿਤਾ ਜੀ ਦੇ ਕੋਲ ਜਸਵਿੰਦਰ ਗੁਰਬਾਣੀ ਦੀ ਟੇਪ ਲਾ ਗਈ ਸੀ ਉਹ ਸੁਣਦੇ ਰਹੇ ਸ਼ਾਮੀ 8.20 ਤੇ 8 ਅਕਤੂਬਰ 2006 ਨੂੰ ਸਵਾਸ ਛੱਡ ਗਏ। ਉਸੇ ਵਕਤ ਅਸੀਂ ਸਾਰੇ ਬੀਬੀ ਜੀ ਨੂੰ ਲੈ ਕੇ ਹਸਪਤਾਲ ਚਲੇ ਗਏ, ਪਰ ਇਹਨਾਂ ਨੂੰ ਅਸੀਂ ਨਹੀਂ ਸੀ ਦੱਸਿਆ ਸੋ ਹਸਪਤਾਲ ਪਹੁੰਚ ਕੇ ਪਿਤਾ ਜੀ ਦੇ ਵਾਰਡ ਦੇ ਲਾਗੇ ਜਦੋਂ ਅਸੀਂ ਪੁਹੰਚੇ ਤਾਂ ਬੀਬੀ ਹੋਰੀਂ ਮੈਨੂੰ ਕਹਿਣ ਲੱਗੇ ਕਿ ਕੀ ਤੇਰੇ ਡੈਡੀ ਹੁਣ ਹੈ ਨਹੀਂ, ਮੈਂ ਸਿਰਫ ਸਿਰ ਫੇਰ ਦਿੱਤਾ ਹੋਰ ਕੁੱਝ ਕਹਿ ਨਹੀਂ ਸਕਿਆ, ਬੀਬੀ ਹੋਰੀਂ ਫਿਰ ਚੁੱਪ ਹੋ ਗਏ ਪਰ ਰਤਾ ਭਰ ਨਹੀਂ ਘਬਰਾਏ। ਘਰ ਆ ਕੇ ਸਾਰਾ ਪਰਿਵਾਰ ਇੱਕਠਾ ਹੋਇਆ, ਪਿਤਾ ਜੀ ਦੀਆਂ ਗੱਲਾਂ ਕਰਦੇ ਰਹੇ ਫਿਰ ਅਗਾਂਹ ਦੀ ਵਿਓਂਤ ਉਲੀਕਣ ਦਾ ਬੰਦੋਬਸਤ ਆਰੰਭਿਆ। ਬੌਬੀ ਦਾ ਇਹਨਾਂ ਦੇ ਨਾਲ ਬਹੁਤ ਤੇਹ ਸੀ ਇਸੇ ਕਾਰਣ ਇਹ ਜਿਆਦਾ ਮਾਯੂਸ ਰਹਿਣ ਲੱਗ ਪਿਆ ਅਤੇ ਤਕਰੀਬਨ ਰੋਜ਼ਾਨਾਂ ਬਾਬੇ ਦੀ ਮਿਰਤਕ

ਦੇਹ ਨੂੰ ਦੇਖਣ ਜਾਇਆ ਕਰਦਾ ਸੀ। ਅਸੀਂ ਆਪਣੇ ਘਰ ਸਹਿਜ ਪਾਠ ਆਰੰਭ ਕਰ ਦਿੱਤਾ ਤਾਂ ਕਿ ਇਸਦੀ ਵਿਰਤੀ ਤਬਦੀਲ ਹੋ ਸਕੇ। ਪਾਠੀ ਸਾਰੇ ਘਰ ਦੇ ਹੀ ਸਨ, ਮੇਰੀ ਭੂਆ ਜੀ ਗੁਰਮੇਜ਼ ਕੌਰ ਵੀ ਨਿਊਜ਼ੀਲੈਂਡ ਤੋਂ ਆਏ ਹੋਏ ਸਨ ਉਹ ਵੀ ਪਾਠ ਕਰਦੇ ਰਹੇ। ਪਿਤਾ ਜੀ ਨੇ ਭੈਣਾ ਭਰਾਵਾਂ ਨੂੰ ਬੱਚਿਆਂ ਵਾਂਗ ਪਾਲਿਆ ਸੀ, ਸੋ ਵੱਡੇ ਭਰਾ ਦਾ ਸਦੀਵੀ ਵਿਛੋੜਾ ਸਹਿਣਾ ਵੀ ਸੌਖੀ ਗੱਲ ਨਹੀਂ ਸੀ। ਜਿਹੋ ਜਿਹੀ ਪਿਤਾ ਜੀ ਦੀ ਲੋਕਾਂ ਦੇ ਨਾਲ ਮਿਲਵਰਤੋਂ ਹੁੰਦੀ ਸੀ ਉਸੇ ਲਿਹਾਜ ਦੇ ਨਾਲ ਘਰ ਲੋਕਾਂ ਦਾ ਅਫ਼ਸੋਸ ਕਰਨ ਆਉਣਾ ਜਾਣਾ ਵਧ ਗਿਆ ਸੋ ਉਹਨਾਂ ਵਾਰੇ ਸਤਿਕਾਰ ਅਤੇ ਪਿਆਰ ਭਰੀਆਂ ਗੱਲਾਂ ਸੁਣ ਕੇ ਦੁਖਾਂਤ ਮਾਹੌਲ ਕੁੱਝ ਢਿੱਲਾ ਪੈਂਦਾ ਗਿਆ, ਸਬਰ ਕਰਨ ਤੋਂ ਇਲਾਵਾ ਹੋਰ ਕੋਈ ਹੱਲ ਵੀ ਨਹੀਂ ਸੀ ਦਿਸਦਾ। ਉਸ ਦਾਤੇ ਦੀ ਰਜ਼ਾ ਦੇ ਵਿੱਚ ਰਹਿਣਾ ਹੀ ਪੈਂਦਾ ਹੈ।

18 ਅਕਤੂਬਰ ਬੁੱਧਵਾਰ ਵਾਲੇ ਦਿਨ ਦਾਹ-ਸਸਕਾਰ ਕਰਨ ਤੋਂ ਬਾਦ ਲੀਡਜ਼ ਚੈਪਲ ਟਾਊਨ ਗੁਰਦੁਆਰਾ ਸਹਿਬ ਵਿਖੇ ਸਹਿਜ ਪਾਠ ਦੇ ਭੋਗ ਪਾਏ ਗਏ ਉਪਰੰਤ ਉਹਨਾਂ ਦੇ ਮਿਤੱਰਾਂ ਨੇ ਸ਼ਰਧਾਂਜਲੀ ਅਰਪਣ ਕੀਤੀ, ਇਸਦੇ ਨਾਲ ਉਹਨਾਂ ਦੀ ਜਿੰਦਗੀ ਦਾ ਸਫ਼ਰ ਖਤਮ ਹੋ ਗਿਆ ਪਰ ਪਿਛੋਕੜ ਆਪਣੇ ਜੀਵਨ ਦੀਆਂ ਪ੍ਰਾਪਤੀਆਂ ਨੂੰ ਲੋਕ ਭਲਾਈ ਹਿੱਤ ਵਡਮੁੱਲਾ ਖਜਾਨਾ ਛੱਡ ਗਏ ਹਨ ਜੋ ਉਹਨਾਂ ਦੀ ਯਾਦ ਨੂੰ ਹਮੇਸ਼ਾ ਸਮਰਪਿਤ ਰਹੇਗਾ।

ਰਾਜਿੰਦਰ ਅਤੇ ਬੀਬੀ ਹੋਰੀਂ ਪਿਤਾ ਜੀ ਦੀਆਂ ਅਸਤੀਆਂ ਲੈ ਕੇ ਜਲੰਧਰ ਚਲੇ ਗਏ, ਇਹ ਗੋਲਮਾਰਕਿਟ ਤਕਰੀਬਨ ਅੱਧੀ ਰਾਤ ਨੂੰ ਪਹੁੰਚੇ ਸਨ ਕਈਆਂ ਦਾ ਖਿਆਲ ਹੁੰਦਾ ਹੈ ਕਿ ਅਸਤੀਆਂ ਘਰ ਲੈ ਕੇ ਨਹੀਂ ਜਾਣੀਆਂ ਚਾਹੀਦੀਆਂ ਇਸੇ ਕਾਰਣ ਬਹੁਤੇ ਸਾਰੇ ਲੋਕ ਸਿੱਧੇ ਕੀਰਤਪੁਰ ਚਲੇ ਜਾਂਦੇ ਹਨ ਪਰ ਅਸੀਂ ਅਜਿਹਾ ਨਹੀਂ ਕੀਤਾ ਅਸਤੀਆਂ ਵੀ ਆਪਣੇ ਘਰ ਅੰਦਰ ਹੀ ਰੱਖ ਲਈਆਂ। ਸਵੇਰੇ ਸਰਦਾਰ ਪ੍ਰੀਤਮ ਸਿੰਘ ਹੋਰੀਂ ਟਰਸਟ ਦੇ ਕੁੱਝ ਹੋਰ ਮੈਂਬਰਾਂ ਦੇ ਨਾਲ ਘਰ ਪਹੁੰਚ ਗਏ ਅਤੇ ਇਹ ਸਾਰੇ ਕੀਰਤਪੁਰ ਚਲੇ ਗਏ। ਟਰਸਟ ਦੇ ਬਾਨੀ ਹੋਣ ਕਰਕੇ ਵੈਸੇ ਵੀ ਪਿਤਾ ਜੀ ਦੇ ਪਿਆਰ ਅਤੇ ਸਤਿਕਾਰ ਸਦਕਾ ਟਰਸਟ ਦੇ ਮੋਹਤਬਾਰਾਂ ਨੇ ਕੱਟਾ ਸਬੌਰ ਸ੍ਰੀ ਅਖੰਡਪਾਠ ਆਰੰਭ ਕਰਵਾਇਆ ਅਤੇ ਬਹੁਤ ਅਦਵ ਸਹਿਤ ਭੋਗ ਪਾਏ ਗਏ। ਇਸ ਮੌਕੇ ਤੇ ਮੇਰੇ ਚਾਚਾ ਜੀ ਸੋਹਣ ਸਿੰਘ, ਚਾਚਾ ਜੀ ਅਜੀਤ ਸਿੰਘ ਦਾ ਲੜਕਾ ਬਲਰਾਜ ਸਿੰਘ, ਮੇਰੀ ਮਾਤਾ ਜੀ, ਰਾਜਿੰਦਰ ਸਿੰਘ, ਬੀਬੀ ਜੀ ਹੋਰਾਂ ਦੀ ਚਾਚੀ ਜੀ ਪ੍ਰਕਾਸ਼ ਕੌਰ ਨਾਨੀ ਜੀ, ਰਾਜਿੰਦਰ ਦੀ ਪਤਨੀ ਬਲਬੀਰ ਕੌਰ, ਗੁਰਮੇਲ ਸਿੰਘ ਅਤੇ ਚੱਕ ਕਲਾਂ ਤੋਂ ਬਲਬੀਰ ਸਿੰਘ ਹੋਰੀਂ ਆਪਣੇ ਬੱਚਿਆਂ ਸਮੇਤ ਹਾਜਿਰ ਸਨ। ਇਹਨਾਂ ਦੇ ਵਾਪਿਸ ਇੰਗਲੈਂਡ ਆਇਆਂ ਤੇ ਘਰ ਦਿਆਂ ਨੇ ਵਿਚਾਰ ਕੀਤੀ

ਕਿ ਸਾਨੂੰ ਜਲੰਧਰ ਘਰ ਸਹਿਜਪਾਠ ਆਪ ਕਰਨਾ ਚਾਹੀਦਾ ਹੈ ਸੋ ਇਸ ਗੱਲ ਨੂੰ ਵਿਚਾਰਦਿਆਂ ਅਸੀਂ ਪਰਿਵਾਰ ਦੇ ਬਹੁਤੇ ਸਾਰੇ ਮੈਂਬਰ ਮਾਰਚ 2007 ਦੇ ਪਹਿਲੇ ਹਫਤੇ ਜਲੰਧਰ ਪਹੁੰਚ ਗਏ ਸੀ। ਘਰ ਸਹਿਜਪਾਠ ਆਰੰਭ ਕੀਤਾ ਇਸਦੀ ਸੰਪੂਰਣਤਾ ਸਮੇਂ ਪਹਿਲੀ ਅਪ੍ਰੈਲ ਨੂੰ ਮਾਦਲ ਟਾਊਨ ਗੁਰਦੁਆਰੇ ਸਾਹਿਬ ਭੋਗ ਪਾਏ ਗਏ ਜਿਸਦਾ ਵਿਸਥਾਰ ਅਗਾਂਹ ਵੀ ਦਿੱਤਾ ਜਾਵੇਗਾ।

ਪਿਤਾ ਜੀ ਦੇ ਭੋਗ ਵਾਲੇ ਦਿਨ ਮੇਰੇ ਲੜਕੇ ਅਮਨਦੀਪ ਸਿੰਘ ਨੂੰ ਇੱਕ ਪਰਿਵਾਰ ਦੇ ਕੁੱਝ ਜੀਅ ਜਲੰਧਰ ਮਾਡਲ ਟਾਊਨ ਗੁਰਦੁਆਰਾ ਸਾਹਿਬ ਵਿਖੇ ਦੇਖਣ ਆ ਗਏ, ਉਹਨਾਂ ਦੇ ਨਾਲ ਗੱਲਬਾਤ ਹੋਈ ਪਰ ਸਾਡਾ ਆਪਣਾ ਘਰੇਲੂ ਮਾਹੌਲ ਢੁਕਵਾਂ ਨਾ ਹੋਣ ਕਰਕੇ ਗੱਲ ਅਗਾਂਹ ਨਹੀਂ ਵਧੀ ਸੋ ਦੁਬਾਰਾ ਮਿਲਣ ਦੀ ਤਾਰੀਖ ਰੱਖੀ ਗਈ। ਕੁਲਵਿੰਦਰ ਕੌਰ ਨੂੰ ਮੈਂ ਆਪਣੇ ਨਾਲ ਜਲੰਧਰ ਪਿਤਾ ਜੀ ਹੋਰਾਂ ਦੇ ਭੋਗ ਤੇ ਜਾਣ ਲਈ ਬਹੁਤ ਕਿਹਾ ਪਰ ਕਹਿੰਦੇ ਹਨ ਕਿ ਸਫ਼ਰਨਾਮਾ ਅਨਜਲ ਦੇ ਇਖਤਿਆਰ ਹੁੰਦਾ ਹੈ ਸੋ ਉਹ ਮੇਰੇ ਨਾਲ ਨਹੀਂ ਜਾ ਸਕੀ। ਅਸੀਂ ਦੁਵਾਰਾ ਫਿਰ ਲੜਕੀ ਵਾਲਿਆਂ ਦੇ ਘਰ ਇੱਕਟੇ ਹੋਏ ਅਮਨ ਅਤੇ ਜਸਪ੍ਰੀਤ ਨੇ ਗੱਲਾਂਬਾਤਾਂ ਕੀਤੀਆਂ ਸੋ ਇਹਨਾਂ ਦੀ ਸਹਿਮਤੀ ਦੇ ਨਾਲ ਬਰਖੁਰਦਾਰ ਅਮਨਦੀਪ ਦਾ ਰਿਸ਼ਤਾ ਤਹਿ ਹੋਇਆ। ਇਸ ਤੋਂ ਉਪਰੰਤ ਰਿੰਗ ਪਾਰਟੀ ਰੱਖੀ ਗਈ ਉਸ ਮੌਕੇ ਕੁਲਵਿੰਦਰ ਹਾਜਰ ਨਹੀਂ ਸੀ। ਜਲੰਧਰ ਤੋਂ ਵਿਦਾ ਹੋ ਕੇ ਅਸੀਂ ਵਾਪਿਸ ਇੰਗਲੈਂਡ ਆ ਗਏ, ਕੁਲਵਿੰਦਰ ਨੂੰ ਜਿਵੇਂ ਮਹਿਸੂਸ ਹੋਇਆ ਕਿ ਉਸਦੀ ਗੈਰਹਾਜਰੀ ਦੇ ਵਿੱਚ ਮੈਂ ਇਹ ਰਿਸ਼ਤਾ ਕਿਵੇਂ ਪੱਕਾ ਕਰ ਦਿੱਤਾ ਕਿਉਂਕਿ ਉਹ ਬਹੂ-ਰਾਣੀ ਨੂੰ ਆਪੇ ਪਸੰਦ ਕਰਨਾ ਚਾਹੁੰਦੀ ਸੀ। ਇਸੇ ਖਿਆਲ ਦੇ ਨਾਲ ਕੁਲਵਿੰਦਰ 28 ਮਈ 2007 ਨੂੰ ਬਰਮਿੰਘਮ ਤੋਂ ਅਮ੍ਰਿਤਸਰ ਪਹੁੰਚੀ। ਅਸੀਂ ਇਸਨੂੰ ਬਰਮਿੰਘਮ ਏਅਰਪੋਰਟ ਤੇ ਛੱਡਕੇ ਵਾਪਿਸ ਆ ਗਏ, ਸਾਨੂੰ ਕਿਸੇ ਨੂੰ ਨਹੀਂ ਸੀ ਪਤਾ ਕਿ ਇਹ ਕੁਲਵਿੰਦਰ ਦਾ ਸਫ਼ਰ ਅਖੀਰਲਾ ਹੈ। ਮੇਰੀ ਬੀਬੀ ਜੀ ਹਾਲੇ ਜਲੰਧਰ ਹੀ ਸਨ, ਕੁਲਵਿੰਦਰ ਨੇ ਉਹਨਾਂ ਨੂੰ ਵਾਪਿਸ ਆਪਣੇ ਨਾਲ ਲੈਕੇ ਆਉਣਾ ਸੀ। ਇਹਨਾਂ ਦਿਨਾਂ ਦੇ ਵਿੱਚ ਗਰਮੀ ਬਹੁਤ ਪੈ ਰਹੀ ਸੀ, ਇਸਦੇ ਬਾਬਜੂਦ ਕੁਲਵਿੰਦਰ ਜਿਹਨਾਂ ਰਿਸ਼ਤੇਦਾਰਾਂ ਨੂੰ ਚਿਰੋਕਣੇ ਸਮੇਂ ਤੋਂ ਨਹੀਂ ਸੀ ਮਿਲੀ ਉਹਨਾਂ ਨੂੰ ਮਿਲਣ ਜਾਂਦੀ ਰਹੀ। ਹੋਣੀ ਕਦੀ ਟਲਦੀ ਨਹੀਂ ਇਸਦਾ ਧਾਵਾ ਅਚਾਨਕ ਹੀ ਇਨਸਾਨ ਨੂੰ ਢਾਹ ਲੈਂਦਾ ਹੈ ਇਸੇ ਤਰਾਂ ਅਮਨਦੀਪ ਦੀ ਮੰਗੇਤਰ ਜਲੰਧਰ ਆਈ ਹੋਈ ਸੀ ਅਤੇ ਇਹ ਦੋਵੇਂ ਇੱਕਠੀਆਂ ਰਾਤ ਨੂੰ ਸੁੱਤੀਆਂ ਹੋਈਆਂ ਸਨ, ਸਵੇਰੇ ਹੀ ਇੰਦਰਜੀਤ ਚਾਹ ਪੀਣ ਲਈ ਸੱਦਾ ਦੇਣ ਚਲਾ ਗਿਆ ਜਸਪ੍ਰੀਤ ਨੇ ਦਰਵਾਜ਼ਾ ਖੋਹਲਿਆ ਜਦੋਂ ਕੁਲਵਿੰਦਰ ਵੱਲ ਦੇਖਿਆ ਤਾਂ ਉਹ ਬੇਹੋਸ਼ ਪਈ ਸੀ। ਜਸਪ੍ਰੀਤ ਨੂੰ ਪਤਾ ਹੀ ਨਹੀਂ

ਲੱਗਾ ਕਦੋਂ ਕੁਲਵਿੰਦਰ ਨੂੰ ਸਟਰੋਕ ਹੋਇਆ, ਉਸੇ ਵਕਤ ਇਸਨੂੰ ਔਕਸਫੋਰੜ ਹਸਪਤਾਲ ਲੈ ਗਏ ਪਰ ਇਸਦੀ ਹਾਲਤ ਖਤਰੇ ਤੋਂ ਖਾਲੀ ਨਹੀਂ ਸੀ। ਡਾਕਟਰ ਨਵੀਨ ਚਿਟਕਾਰਾ ਜੀ ਨੇ ਆਪਣਾ ਪੂਰਾ ਵਾਹ ਲਾਇਆ, ਜਲੰਧਰ ਤੋਂ ਮੈਨੂੰ ਟੈਲੀਫੋਨ ਆਇਆ ਉਸੇ ਸਮੇਂ ਮੈਂ ਡਾਕਟਰ ਹੋਰਾਂ ਨਾਲ ਗੱਲਬਾਤ ਕੀਤੀ ਅਤੇ ਕਿਹਾ ਕਿ ਮੈਂ ਸਵੇਰੇ ਜਲੰਧਰ ਪਹੁੰਚ ਰਿਹਾ ਹਾਂ। ਰਾਤ ਨੂੰ ਮੈਂ ਫਲਾਈਟ ਫੜ ਲਈ ਅਤੇ ਦੂਸਰੇ ਦਿਨ ਦੁਪਹਿਰ ਤੱਕ ਮੈਂ ਹਸਪਤਾਲ ਪਹੁੰਚ ਗਿਆ, ਕੁਲਵਿੰਦਰ ਨੂੰ ਦੇਖਿਆ ਉਸਨੂੰ ਕੋਈ ਹੋਸ਼ ਨਹੀਂ ਸੀ। ਡਾਕਟਰ ਹੋਰੀਂ ਮੈਨੂੰ ਦੱਸਿਆ ਕਿ ਸਟਰੋਕ ਹੋਏ ਨੂੰ ਸਮਾਂ ਜਿਆਦਾ ਹੋ ਚੁੱਕਾ ਹੈ ਸੋ ਕੁਲਵਿੰਦਰ ਦੀ ਹਾਲਤ ਗੰਭੀਰ ਹੈ। ਘਰ ਦਾ ਹਰ ਜੀਅ ਫਿਕਰਮੰਦ ਸੀ ਪਰ ਸਾਡੇ ਸਾਰਿਆਂ ਦੀ ਬੇਬਸੀ ਸੀ। ਇੰਗਲੈਂਡ ਬੱਚੇ ਵੀ ਪਰੇਸ਼ਾਨ ਸੀ, ਇਹ ਵੀ ਆਪਣੀ ਮਾਤਾ ਨੂੰ ਦੇਖਣ ਦੇ ਚਾਹਵਾਨ ਸਨ ਸੋ ਇਹ ਬੱਚੇ ਬਾਰੀ ਬਾਰੀ ਜਲੰਧਰ ਕੁਲਵਿੰਦਰ ਨੂੰ ਦੇਖਣ ਆਏ ਅਤੇ ਬਹੁਤਾ ਸਮਾਂ ਜਲੰਧਰ ਰਹਿ ਵੀ ਨਹੀਂ ਸੀ ਸਕਦੇ ਕੰਮਾਂਕਾਰਾਂ ਲਈ ਇਹਨਾਂ ਨੂੰ ਵਾਪਿਸ ਆਉਣਾ ਪਿਆ। ਨਵੀਨ ਜੀ ਨੇ ਸਟਰੋਕ ਅਤੇ ਡਾਇਗਨੌਸਟਿਕ ਦਾ ਵੇਰਵਾ ਡੀ.ਵੀ.ਡੀ. ਤੇ ਤਿਆਰ ਕਰ ਦਿੱਤਾ ਜਿਸਨੂੰ ਅਸੀਂ ਇੰਟਰਨੈਟ ਰਾਹੀਂ ਇੰਡੀਆ ਦੇ ਉੱਘੇ ਨਿਔਰੋਲੋਜਿਸਟਾਂ ਦੇ ਨਾਲ ਸੰਪਰਕ ਕੀਤਾ ਅਤੇ ਉਹਨਾਂ ਦੀ ਸਲਾਹ ਵੀ ਲਈ ਗਈ। ਬਰਖੁਰਦਾਰ ਅਮਨਦੀਪ ਨੇ ਇੰਨਸ਼ੋਰੈਂਸ ਦੇ ਨਾਲ ਗੱਲ ਕੀਤੀ ਅਤੇ ਅਸੀਂ ਕੁਲਵਿੰਦਰ ਨੂੰ ਵਾਪਿਸ ਇੰਗਲੈਂਡ ਲਿਆਉਣ ਦਾ ਇੰਤਜਾਮ ਕਰ ਲਿਆ ਨਵੀਨ ਹੋਰੀਂ ਆਪਣਾ ਪੂਰਾ ਸਹਿਯੋਗ ਦਿੱਤਾ ਜਿਸ ਲਈ ਮੈਂ ਉਹਨਾਂ ਦਾ ਬਹੁਤ ਅਭਾਰੀ ਹਾਂ। ਜਦੋਂ ਕੁਲਵਿੰਦਰ ਦੀ ਹਾਲਤ ਕੁੱਝ ਸਥਿਰ ਹੋਈ ਤਾਂ ਦਿੱਲੀ ਤੋਂ ਹਵਾਈ ਜਹਾਜ਼ ਦਾ ਇੰਤਜਾਮ ਕੀਤਾ ਗਿਆ ਸੋ ਔਕਸਫੋਰੜ ਹਸਪਤਾਲ ਤੋਂ ਤੁਰਨ ਲੱਗਿਆਂ ਅਜੀਤ ਅਖਬਾਰ ਦੇ ਨੁਮਾਇੰਦੇ ਆ ਪਹੁੰਚੇ ਹਸਪਤਾਲ ਦੇ ਮੁਖੀ ਢਿੱਲੋਂ ਜੀ ਅਤੇ ਡਾਕਟਰ ਨਵੀਨ ਜੀ ਆਪਣੇ ਸਟਾਫ ਸਮੇਤ ਉੱਥੇ ਹਾਜਰ ਸੀ। ਅਸੀਂ ਐਂਬੂਲੈਨਸ ਰਾਹੀਂ ਆਦਮਪੁਰ ਹਵਾਈ ਅੱਡੇ ਤੇ ਪਹੁੰਚੇ ਜਿੱਥੇ ਕਿ ਏਅਰ ਫੋਰਸ ਦੇ ਸੁਰੱਖਿਆ ਫ਼ੌਜੀ ਮੋਟਰ ਸਾਈਕਲਾਂ ਤੇ ਸਾਨੂੰ ਜਹਾਜ਼ ਤੱਕ ਅਗਾਂਹ ਲੈ ਕੇ ਗਏ। ਇਸ ਜਹਾਜ਼ ਦੇ ਵਿੱਚ ਕੁਲਵਿੰਦਰ ਦੀ ਹਿਫਾਜਤ ਲਈ ਇੱਕ ਡਾਕਟਰ ਭਾਰਦਵਾਜ ਵੀ ਦਿੱਲੀ ਤੋਂ ਪਾਇਲਟ ਦੇ ਨਾਲ ਹੀ ਆਏ ਸਨ। ਕੁਲਵਿੰਦਰ ਨੂੰ ਲੈਕੇ ਅਸੀਂ ਦਿੱਲੀ ਹਵਾਈ ਅੱਡੇ ਤੇ ਪਹੁੰਚੇ ਜਿੱਥੇ ਕਿ ਐਂਬੂਲੈਂਸ ਤਿਆਰ ਖੜੀ ਸੀ ਸੋ ਸਿੱਧੇ ਅਸੀਂ ਸਾਕੇਤ ਮੈਕਸਫੋਰੜ ਹਸਪਤਾਲ ਪਹੁੰਚ ਗਏ। ਅਸੀਂ 2 ਹਫਤੇ ਇੱਥੇ ਰਹੇ ਫਿਰ ਡਾਕਟਰ ਰੈਡੀ ਹੋਰਾਂ ਦੇ ਨਾਲ ਗੱਲ ਹੋਈ ਉਹਨੀਂ ਵੀ ਇਹੋ ਕਿਹਾ ਕਿ ਕੁਲਵਿੰਦਰ ਦੀ ਹਾਲਤ ਇਸੇ ਤਰਾਂ ਰਹਿਣ ਦੀ ਸੰਭਾਵਨਾ ਹੈ ਸੋ ਇਸਨੂੰ ਇੰਗਲੈਂਡ ਵਾਪਿਸ ਆਪਣੇ ਪਰਿਵਾਰ ਦੇ ਕੋਲ ਲੈ ਜਾਵੋ। ਜਦੋਂ ਇਸਦੀ ਹਾਲਤ ਸਥਿਰ ਹੋਈ ਅਸੀਂ ਏਅਰ

ਫਰਾਂਸ ਰਾਹੀਂ ਡਾਕਟਰ ਭਾਰਦਵਾਜ ਅਤੇ ਇੱਕ ਨਰਸ ਨੂੰ ਆਪਣੇ ਨਾਲ ਲੈਕੇ ਇੰਗਲੈਂਡ ਦੀ ਤਿਆਰੀ ਕੀਤੀ। ਕੁਲਵਿੰਦਰ ਲਈ ਜਹਾਜ਼ ਦੇ ਵਿੱਚ ਸਟ੍ਰੈਚਰ ਦਾ ਪ੍ਰਬੰਧ ਕੀਤਾ ਗਿਆ ਦਿੱਲੀ ਤੋਂ ਅਸੀਂ ਦੋ ਘੰਟੇ ਲੇਟ ਹੋਏ, ਪੈਰਸ ਆ ਕੇ ਕੁਲਵਿੰਦਰ ਨੂੰ ਫਿਰ ਮੈਡੀਕਲ ਹਿਫਾਜਤ ਹੇਠ ਰੱਖਿਆ ਗਿਆ ਫਿਰ ਅਸੀਂ ਮਾਨਚੈਸਟਰ 21 ਜੁਲਾਈ 2007 ਨੂੰ ਪਹੁੰਚ ਗਏ, ਐਂਬੂਲੈਂਸ ਤਿਆਰ ਸੀ ਅਸੀਂ ਸਿੱਧੇ ਲੀਡਜ਼ ਰੌਇਲ ਇਨਫਰਮਰੀ ਆ ਗਏ ਅਤੇ ਕੁਲਵਿੰਦਰ ਨੂੰ ਹਸਪਤਾਲ ਵਿੱਚ ਦਾਖਲ ਕਰ ਦਿੱਤਾ ਗਿਆ। ਡਾਕਟਰ ਭਾਰਦਵਾਜ ਹੋਰੀਂ ਦੂਸਰੇ ਦਿਨ ਵਾਪਿਸ ਇੰਡੀਆ ਚਲੇ ਗਏ। ਲੀਡਜ਼ ਡਾਕਟਰ ਬੈਮਫਰੜ ਬਹੁਤ ਮਸ਼ਹੂਰ ਹਨ ਇਹਨੀਂ ਵੀ ਆਪਣਾ ਪੂਰਾ ਵਾਹ ਲਾਇਆ ਪਰ ਕੁਲਵਿੰਦਰ ਠੀਕ ਨਹੀਂ ਹੋਈ। ਬੀਬੀ ਜੀ ਹੋਰੀਂ ਹਮੇਸ਼ਾਂ ਆਪਣੇ ਆਪ ਨੂੰ ਕੋਸਦੇ ਰਹੇ ਕਿ ਮੈਂ ਕੁਲਵਿੰਦਰ ਨੂੰ ਜਲੰਧਰ ਕਿਉਂ ਸੱਦ ਬੈਠੀ। ਕੁਲਵਿੰਦਰ ਦੀ ਹਾਲਤ ਦੇਖ ਕੇ ਬੀਬੀ ਹੋਰਾਂ ਨੂੰ ਵੀ ਦਿਲ ਦਾ ਦੌਰਾ ਪਿਆ, ਇਸ ਤਰਾਂ ਲੱਗਦਾ ਸੀ ਕਿ ਪਿਤਾ ਜੀ ਦੇ ਜਾਣ ਤੋਂ ਬਾਦ ਸਾਡੇ ਘਰ ਦੀਆਂ ਖੁਸ਼ੀਆਂ ਖਤਮ ਹੋ ਗਈਆਂ ਹਨ। ਕੁਲਵਿੰਦਰ ਵੀ ਸਾਨੂੰ ਸਾਰਿਆਂ ਨੂੰ ਛੱਡਕੇ 26 ਮਾਰਚ 2009 ਨੂੰ ਸਵੇਰੇ 10.25 ਤੇ ਪਰਲੋਕ ਸਿਧਾਰ ਗਈ। ਬੱਚਿਆਂ ਲਈ ਮਾਤਾ ਦਾ ਸਾਇਆ ਉੱਠ ਜਾਣਾ ਵੱਡਾ ਸਦਮਾ ਸੀ ਪਰ ਮੌਤ ਨੂੰ ਕੋਈ ਰੋਕ ਨਹੀਂ ਸਕਦਾ। ਕੁਲਵਿੰਦਰ ਦੀ ਉਮਰ ਵੀ 54 ਸਾਲਾਂ ਦੀ ਹਾਲੇ ਥੋੜੀ ਹੀ ਸੀ ਪਰ ਇਹ ਨਹੀਂ ਸੀ ਪਤਾ ਕਿ ਇਸਨੇ ਇੰਡੀਆ ਤੋਂ ਲੌਕ ਅੱਪ ਸਿੰਡਰਮ ਦੀ ਮਰੀਜ਼ ਬਣਕੇ ਵਾਪਿਸ ਇੰਗਲੈਂਡ ਆਉਣਾ ਹੈ। ਸਾਡੇ ਪਰਿਵਾਰ ਨੇ ਇਸਦੇ ਸਦੀਵੀ ਵਿਛੋੜੇ ਨੂੰ ਅਸਿਹ ਦੁੱਖ ਦੇ ਤੌਰ ਤੇ ਬਰਦਾਸ਼ਤ ਕੀਤਾ। ਇਹ ਦੋਵੇਂ ਘਰ ਦੇ ਜੀਅ ਅਚਾਨਕ ਸਾਡਾ ਸਾਥ ਛੱਡ ਗਏ ਅਤੇ ਘਰ ਦੀਆਂ ਰੌਣਕਾਂ ਜਿਵੇਂ ਖਤਮ ਹੋ ਗਈਆਂ ਹੋਣ, ਇਹਨਾਂ ਨੂੰ ਕਦੀ ਵੀ ਭੁਲਾਇਆ ਨਹੀਂ ਜਾ ਸਕਦਾ। ਇਹਨਾਂ ਦੀ ਸੁਹਿਰਦਤਾ ਵੀ ਲੋਕਾਂ ਲਈ ਇੱਕ ਜਿੰਦਾ ਯਾਦ ਹੈ, ਵਾਹਿਗੁਰੂ ਭਲੀ ਕਰੇ।

ਦੁਨੀਆਂ ਦੇ ਕੰਮ ਬੰਦ ਨਹੀਂ ਹੁੰਦੇ ਜਿੰਦਗੀ ਦੇ ਸਫ਼ਰ ਨੂੰ ਵੀ ਤਹਿ ਕਰਨਾ ਹੀ ਪੈਂਦਾ ਹੈ ਸੋ ਬੱਚਿਆਂ ਦੇ ਕਾਰਜ਼ ਸਮੇਂ ਸਮੇਂ ਆਉਂਦੇ ਹਨ ਅਤੇ ਪੂਰੇ ਵੀ ਕਰਨੇ ਪੈਂਦੇ ਹਨ ਪਰ ਪਿਤਾ ਜੀ ਅਤੇ ਕੁਲਵਿੰਦਰ ਦੀਆਂ ਯਾਦਾਂ ਹਰ ਵਕਤ ਦਿਲੋ ਦਿਮਾਗ ਵਿੱਚ ਘੁੱਮਦੀਆਂ ਰਹਿੰਦੀਆਂ ਹਨ। ਪਿਤਾ ਜੀ ਘਰ ਦੇ ਸਲਾਹਕਾਰ ਹੀ ਨਹੀਂ ਸਨ ਬਲਕਿ ਉਹ ਘਰ ਦੇ ਮੋਹਤਬਾਰ ਕਮਾਂਡਰ ਵੀ ਸਨ। ਬੱਚੇ ਭਾਵੇਂ ਉਹਨਾਂ ਤੋਂ ਡਰਦੇ ਸਾਹਮਣੇ ਨਹੀਂ ਸੀ ਆਉਂਦੇ ਪਰ ਉਹਨਾਂ ਨੂੰ ਹਰ ਬੱਚੇ ਬਾਰੇ ਪੂਰੀ ਜਾਣਕਾਰੀ ਹੁੰਦੀ ਸੀ ਕਿ ਕੀ ਕਰਦਾ ਹੈ ਅਤੇ ਉਹਨਾਂ ਦੀਆਂ ਗਲਤੀਆਂ ਨੂੰ ਦਰੁੱਸਤ ਕਰਨ ਤੋਂ ਵੀ ਕਦੀ ਝਿਜਕਦੇ ਨਹੀਂ ਸਨ। ਵੱਡੇ ਹਾਲ ਦੇ ਵਿੱਚ ਟੈਲੀਵਿਜ਼ਨ ਰੱਖਿਆ ਹੁੰਦਾ ਸੀ

ਅਤੇ ਉਹ ਵੱਡੇ ਹਾਲ ਦੇ ਵਿੱਚ ਹੀ ਬੈਠਿਆ ਕਰਦੇ ਸੀ ਇੱਕ ਬਾਰ ਪਿਤਾ ਜੀ ਨੂੰ ਬੀਬੀ ਹੋਰੀਂ ਕਿਹਾ ਕਿ ਤੁਸੀਂ ਦੂਸਰੇ ਕਮਰੇ ਵਿੱਚ ਬੈਠ ਜਾਇਆ ਕਰੋ ਤੁਹਾਡੇ ਤੋਂ ਡਰਦੇ ਬੱਚੇ ਇੱਥੇ ਟੈਲੀਵਿਜ਼ਨ ਨਹੀਂ ਦੇਖ ਸਕਦੇ ਤਾਂ ਉਹਨੀਂ ਬਹੁਤ ਰੋਹਬ ਵਿੱਚ ਕਿਹਾ ਕਿ ਕੀ ਮੈਂ ਕੋਈ ਸ਼ੀਂਹ ਆਂ। ਅਜਿਹਾ ਉਹਨਾਂ ਦਾ ਕਿਰਦਾਰ ਸੀ, ਬੱਚੇ ਡਰਿਆ ਵੀ ਕਰਦੇ ਸਨ ਪਰ ਉਹਨਾਂ ਦਾ ਸਤਿਕਾਰ ਹਮੇਸ਼ਾਂ ਬਰਕਰਾਰ ਰਿਹਾ ਸੀ। ਸਾਡੇ ਪਰਿਵਾਰ ਦੀ ਏਕਤਾ ਦੀ ਚਰਚਾ ਆਮ ਹੁੰਦੀ ਰਹਿੰਦੀ ਸੀ, ਇਸ ਇੱਕਠ ਦਾ ਸੇਹਰਾ ਵੀ ਪਿਤਾ ਜੀ ਦੇ ਸਿਰ ਸਜਦਾ ਹੈ। ਇਹ ਗੱਲ ਵੀ ਹੈਰਾਨੀ ਦੀ ਹੈ ਕਿ ਘਰ ਦੇ ਲੜਕੇ ਉਹਨਾਂ ਨਾਲ ਗੱਲ ਕਰਨ ਤੋਂ ਸੰਕੋਚ ਕਰਿਆ ਕਰਦੇ ਸੀ ਪਰ ਲੜਕੀਆਂ ਬਿਨਾ ਝਿਜਕ ਉਹਨਾਂ ਦੇ ਨਾਲ ਗੱਲਾਂ ਕਰ ਲੈਂਦੀਆਂ ਸਨ। ਕੀ ਇਸਨੂੰ ਵਿਤਕਰਾ ਕਿਹਾ ਜਾ ਸਕਦਾ ਹੈ। ਇਹ ਹਕੀਕਤ ਹੈ ਕਿ ਲੜਕੀਆਂ ਨੂੰ ਉਹ ਬਹੁਤ ਪਿਆਰ ਕਰਦੇ ਸਨ ਇਸਦਾ ਮਤਲਬ ਇਹ ਵੀ ਨਹੀਂ ਕਿ ਉਹ ਲੜਕਿਆਂ ਨੂੰ ਪਿਆਰ ਨਹੀਂ ਸੀ ਕਰਦੇ, ਲੜਕਿਆਂ ਦੇ ਨਾਲ ਵੀ ਪਿਆਰ ਹੁੰਦਾ ਸੀ ਪਰ ਉਹ ਜਾਹਿਰ ਨਹੀਂ ਸੀ ਕਰਦੇ ਕਿਉਂਕਿ ਲੜਕਿਆਂ ਦੇ ਦਿਮਾਗੀ ਫ਼ਤੂਰ ਦਾ ਵੀ ਉਹਨਾਂ ਨੂੰ ਅਹਿਸਾਸ ਹੁੰਦਾ ਸੀ। ਰਾਜਿੰਦਰ ਉਹਨਾਂ ਨੂੰ ਇਸ਼ਨਾਨ ਕਰਵਾਇਆ ਕਰਦਾ ਸੀ ਅਗਰ ਉਹਨੀਂ ਝਿੜਕੀ ਵੀ ਜਾਣਾ ਤਾਂ ਰਾਜਿੰਦਰ ਨੇ ਚੁੱਪ ਰਹਿਣਾ, ਉਹ ਵੀ ਇਸਦੇ ਸੁਭਾਵ ਤੇ ਖੁਸ਼ ਰਹਿੰਦੇ ਸਨ। ਇੱਕ ਦਿਨ ਰਾਜਿੰਦਰ ਨੇ ਲੰਡਨ ਜਾਣਾ ਸੀ ਉਹ ਮੈਨੂੰ ਕਹਿ ਗਿਆ ਕਿ ਕੱਲ ਡੈਡੀ ਹੋਰਾਂ ਨੂੰ ਤੂੰ ਨਹ੍ਹਾ ਦੇਵੀਂ, ਮੈਂ ਇਹਨਾਂ ਨੂੰ ਇਸ਼ਨਾਨ ਕਰਨ ਲਈ ਗੁਸਲਖਾਨੇ ਲੈ ਗਿਆ। ਮੈਨੂੰ ਕਹਿੰਦੇ ਕੁਰਸੀ ਲਿਆ, ਮੈਂ ਲੈ ਆਇਆ, ਫਿਰ ਕਹਿਣ ਕਿ ਗਰਮ ਪਾਣੀ ਦੀ ਟੂਟੀ ਖੋਹਲ, ਹਾਂ ਜੀ ਖੋਹਲ ਦਿੱਤੀ, ਫਿਰ ਕਹਿਣ ਇਸਨੂੰ ਬੰਦ ਕਰਦੇ ਹੁਣ ਠੰਡੇ ਪਾਣੀ ਦੀ ਟੂਟੀ ਖੋਹਲ, ਹਾਂ ਜੀ ਕਰ ਦਿੱਤੀ ਹੁਣ ਪਾਣੀ ਡੋਹਲ ਦੇ, ਮੈਂ ਕਿਹਾ ਕੀ ਤੁਸੀ ਨਾਉਣਾ ਹੈ ਕਿ ਨਹੀਂ ਤਾਂ ਗੁੱਸੇ ਵਿੱਚ ਕਹਿਣ ਲੱਗੇ ਮੈਂ ਨਹੀਂ ਨਾਉਣਾ ਮੇਰੇ ਕਪੜੇ ਫੜਾ, ਮੈਂ ਕਿਹਾ ਠੀਕ ਹੈ ਜੀ ਉਹ ਨਹੀਂ ਨ੍ਹਾਤੇ। ਰਾਜਿੰਦਰ ਜਦੋਂ ਵਾਪਿਸ ਆਇਆ ਤਾਂ ਉਸਨੂੰ ਮੈਂ ਸਾਰੀ ਗੱਲ ਦੱਸੀ ਉਹ ਹੱਸੀ ਗਿਆ ਅਤੇ ਕਹਿਣ ਲੱਗਾ ਤੂੰ ਮੋਹਰੇ ਬੋਲਿਆਂ ਹੋਵੇਂਗਾ। ਇਸ ਵਾਕਿਆ ਬਾਰੇ ਮੈਂ ਸੋਚਿਆ ਕਿ ਮੇਰੇ ਕੋਲੋਂ ਕਿਉਂ ਨਹੀਂ ਨ੍ਹਾਤੇ, ਫਿਰ ਖਿਆਲ ਆਇਆ ਕਿ ਪਿਤਾ ਜੀ ਹਮੇਸ਼ਾਂ ਗੱਲ ਸਿੱਧੀ ਅਤੇ ਸੰਖੇਪ ਤੌਰ ਤੇ ਕਰਿਆ ਕਰਦੇ ਹੁੰਦੇ ਸੀ ਅਤੇ ਮੇਰਾ ਸੁਭਾਵ ਵੀ ਅਜਿਹਾ ਹੀ ਸੀ ਸੋ ਮੁਮਕਿਨ ਹੈ ਕਿ ਸਾਡੀ ਰਾਸ ਨਹੀਂ ਸੀ ਗਲ਼ੀ। ਪਿਤਾ ਜੀ ਦੇ ਸੁਭਾਵ ਬਾਰੇ ਇੱਕ ਹੋਰ ਵਾਕਿਆ ਢੁੱਕਦਾ ਹੈ ਇਹ ਸਾਰੇ ਸੰਨ 2000 ਵਿੱਚ ਇੰਡੀਆ ਗਏ ਹੋਏ ਸੀ, ਰਾਜਿੰਦਰ ਵੀ ਉਸ ਸਮੇਂ ਜਲੰਧਰ ਹੀ ਸੀ। ਮੇਰੀ ਮਾਸੀ ਦੀ ਲੜਕੀ ਗੋਗੀ ਦੇ ਰਿਸ਼ਤੇ ਦੀ ਗੱਲ ਘਰ ਹੋਣ ਲੱਗੀ, ਪਿਤਾ ਜੀ ਕਹਿਣ ਲੱਗੇ ਲੜਕੇ ਨੂੰ ਇੱਥੇ ਹੀ ਸੱਦ ਲਉ, ਉਹ ਬੁੱਧਵਾਰ ਘਰ ਆ ਗਏ ਲੜਕੇ

ਪਰਦੀਪ ਦੇ ਨਾਲ ਗੱਲ ਹੋਈ ਉਹ ਰਿਸ਼ਤੇ ਲਈ ਰਾਜ਼ੀ ਸੀ ਸੋ ਪਿਤਾ ਜੀ ਕਹਿਣ ਲੱਗੇ ਠੀਕ ਹੈ ਦੋ ਦਿਨ ਬਾਦ ਲੜਕੀ ਨੂੰ ਵਿਆਹੁਣ ਆ ਜਾਇਓ। ਲੜਕਾ ਪਰਦੀਪ ਤਾਂ ਹੈਰਾਨ ਰਹਿ ਗਿਆ ਪਰ ਕੁੱਝ ਕਹਿ ਵੀ ਨਹੀਂ ਸਕਿਆ। ਰਾਜਿੰਦਰ ਨੇ ਤੀਸਰੇ ਦਿਨ ਵਾਪਿਸ ਇੰਗਲੈਂਡ ਆ ਜਾਣਾ ਸੀ ਸੋ ਇਸੇ ਕਾਰਣ ਵਿਆਹ ਦੀ ਤਾਰੀਖ 28 ਦਸੰਬਰ ਦੀ ਤਹਿ ਕਰ ਦਿੱਤੀ ਨਾਲ ਹੀ ਪਿਤਾ ਜੀ ਨੇ ਪਰਦੀਪ ਨੂੰ ਕਹਿ ਦਿੱਤਾ ਕਿ ਤੁਹਾਨੂੰ ਕੋਈ ਵੀ ਤਿਆਰੀ ਕਰਨ ਦੀ ਚਿੰਤਾ ਨਹੀਂ ਹੋਣੀ ਚਾਹੀਦੀ ਸਾਰਾ ਪ੍ਰਬੰਧ ਅਸੀਂ ਆਪੇ ਕਰ ਲਵਾਂਗੇ ਸੋ ਹੋਇਆ ਵੀ ਇਸੇ ਤਰਾਂ। ਇੱਕ ਹੋਰ ਵਾਕਿਆ ਇਸ ਤਰਾਂ ਹੈ ਕਿ ਰਾਜਿੰਦਰ ਦੀ ਲੜਕੀ ਪਰਦੀਪ ਲਈ ਅਸੀਂ ਲੈਸਟਰ ਲੜਕਾ ਦੇਖਣ ਗਏ, ਉਸਨੂੰ ਬੌਬੀ ਕਹਿ ਕੇ ਪੁਕਾਰਿਆ ਜਾਂਦਾ ਹੈ ਵੈਸੇ ਪੂਰਾ ਨਾਮ ਪਰਮਜੀਤ ਸਿੰਘ ਹੈ, ਪੜ੍ਹਿਆ ਲਿਖਿਆ ਸੀ, ਹੋਇਆ ਇਹ ਜਦੋਂ ਪਿਤਾ ਜੀ ਉਸਨੂੰ ਕੁੱਝ ਪੁੱਛਦੇ ਸੀ ਤਾਂ ਉਹ ਘਬਰਾਇਆ ਹੋਇਆ ਦਿਸਦਾ ਸੀ, ਰਿਸ਼ਤਾ ਹੋ ਗਿਆ ਬਾਦ ਵਿੱਚ ਕਹਿਣ ਲੱਗਾ ਕਿ ਪਰਦੀਪ ਦੇ ਬਾਬਾ ਜੀ ਤਾਂ ਫ਼ੌਜ ਦੇ ਕਮਾਂਡਰ ਦੀ ਤਰਾਂ ਮੈਨੂੰ ਪੁੱਛਦੇ ਸੀ ਅਤੇ ਮੈਂ ਬਹੁਤ ਘਬਰਾ ਗਿਆ ਅਤੇ ਮੱਥੇ ਤੇ ਤਰੇਲੀਆਂ ਆਈ ਜਾਂਦੀਆਂ ਸੀ। ਪਿਤਾ ਜੀ ਸਹਿਜ ਸੁਭਾਏ ਵੀ ਗੱਲ ਕਰਦੇ ਹੁੰਦੇ ਸੀ ਤਾਂ ਦੂਸਰੇ ਨੂੰ ਲੱਗਦਾ ਹੁੰਦਾ ਸੀ ਸ਼ਾਇਦ ਉਹ ਬਹੁਤ ਗੁੱਸੇ ਵਿੱਚ ਗੱਲ ਕਰਦੇ ਹੋਣ। ਉਹਨਾਂ ਦੀ ਜਿੰਦਗੀ ਦੀਆਂ ਕਈ ਘਟਨਾਵਾਂ ਹਨ ਜਿੱਥੇ ਉਹ ਗੱਲ ਨੂੰ ਕਦੀ ਲਮਕਾਉਂਦੇ ਨਹੀ ਸਨ ਬਲਕਿ ਉਸੇ ਵਕਤ ਫੈਸਲਾ ਲੈ ਲਿਆ ਕਰਦੇ ਸੀ ਅਤੇ ਉਹਨਾਂ ਦੇ ਫੈਸਲੇ ਵੀ ਲੋਕਾਂ ਦੇ ਕਲਿਆਣ ਹਿੱਤ ਹੋਇਆ ਕਰਦੇ ਸਨ।

ਜਦੋਂ ਪਿਤਾ ਜੀ ਪੰਜਾਬ ਜਾਂਦੇ ਸਨ ਤਾਂ ਕਿਸੇ ਵੀ ਸਮਾਗਮ ਤੇ ਜਾਣ ਲਈ ਸਾਰਿਆਂ ਤੋਂ ਪਹਿਲਾਂ ਤਿਆਰੀ ਕਰ ਲਿਆ ਕਰਦੇ ਸੀ, ਖਾਸ ਕਰ ਕੱਟਾ ਸਬੌਰ ਬਾਬਾ ਸੰਗਤ ਸਿੰਘ ਜੀ ਦੀ ਸ਼ਹਾਦਤ ਸਮਾਗਮ ਸਮੇਂ ਉਹ ਬਹੁਤ ਉਤਸ਼ਾਹਤ ਹੋ ਕੇ ਤਿਆਰੀ ਕਰਿਆ ਕਰਦੇ ਸੀ। ਸੰਗਤਾਂ ਨੂੰ ਵੀ ਗੋਲ ਮਾਰਕਿਟ ਆਉਣ ਲਈ ਸੱਦਾ ਦੇ ਦਿੰਦੇ ਸਨ ਅਤੇ ਕਈਆਂ ਨੇ ਰਾਤ ਪਹਿਲਾਂ ਹੀ ਘਰ ਆ ਜਾਣਾ, ਉਹਨਾਂ ਲਈ ਖਾਣ ਪੀਣ ਦਾ ਪੂਰਾ ਖਿਆਲ ਰੱਖਣਾ ਅਤੇ ਸਵੇਰੇ ਹੀ ਸਾਰਿਆਂ ਨੂੰ ਤਿਆਰੀ ਕਰਨ ਲਈ ਹੋਕਾ ਦੇਣਾ ਸ਼ੁਰੂ ਕਰ ਦੇਣਾ, ਆਪ ਤਿਆਰ ਹੋ ਕੇ ਬਾਹਿਰ ਬੱਸ ਦੀ ਉੜੀਕ ਕਰਨੀ। ਸਾਰੀ ਜਿੰਦਗੀ ਉਹ ਫੁਰਤੀਲੇ ਰਹੇ ਪਰ ਜਦੋਂ ਲੱਤਾਂ ਦੀ ਕਮਜ਼ੋਰੀ ਹੋਈ ਤਾਂ ਤੁਰਨ ਫਿਰਨ ਲਈ ਸਮੱਸਿਆ ਖੜੀ ਹੋ ਗਈ ਅਤੇ ਇੰਡੀਆ ਜਾਣ ਅਤੇ ਵਾਪਿਸ ਆਉਣ ਦੇ ਵਿੱਚ ਉਹ ਆਪਣੇ ਬੱਚਿਆਂ ਦੇ ਸਹਾਰੇ ਰਹਿ ਗਏ, ਪਰਿਵਾਰ ਦੇ ਮੈਂਬਰਾਂ ਨੇ ਵੀ ਉਹਨਾਂ ਨੂੰ ਪੂਰਾ ਸਹਿ ਯੋਗ ਦਿੱਤਾ, ਇਹਨਾਂ ਦੇ ਭਰਾ ਵੀ ਇਹਨਾਂ ਦੀ ਬਹੁਤ ਇੱਜਤ ਕਰਦੇ ਸਨ ਅਤੇ ਉਹਨੀਂ ਹਮੇਸ਼ਾਂ ਇਹਨਾਂ ਦਾ ਖਿਆਲ ਰਖਿਆ।

ਪਿਤਾ ਜੀ ਆਪਣੇ ਭਰਾਵਾਂ ਦੇ ਨਾਲ ਗੱਲਾਂ ਕਰਕੇ ਬਹੁਤ ਖੁਸ਼ ਹੋਇਆ ਕਰਦੇ ਸਨ। ਪਿੰਡ ਦੀ ਜਮੀਨ ਬੇਚਣ ਦੀ ਜਦੋਂ ਗੱਲ ਹੋਈ ਤਾਂ ਗੁਰਮੇਲ ਦੇ ਦੋ ਹਿਸਿਆਂ ਵਾਲੀ ਜਮੀਨ ਨੂੰ ਛੱਡ ਕੇ ਬਾਕੀ ਦੀ ਜਮੀਨ ਬੇਚਣ ਲਈ ਹੋਦੋਵੇਂ ਭਰਾਵਾਂ ਬਲਦੇਵ ਸਿੰਘ ਅਤੇ ਪ੍ਰੇਮ ਸਿੰਘ ਨੇ ਸਾਰੀ ਗੱਲ ਪਿਤਾ ਜੀ ਦੇ ਗੋਚਰੇ ਛੱਡ ਦਿੱਤੀ ਸੀ। ਅਜਿਹਾ ਭਰਾਵਾਂ ਦਾ ਪਿਆਰ ਲੋਕਾਂ ਲਈ ਆਦਰਸ਼ਕ ਨਮੂਨਾ ਸਿੱਧ ਹੋ ਸਕਦਾ ਹੈ। ਜਮੀਨਾ ਜਾਇਦਾਦਾ ਕਿਸੇ ਦੇ ਨਾਲ ਨਹੀਂ ਜਾਣੀਆਂ ਪਰ ਜਿਹੜੇ ਭਰਾ ਆਪਣੇ ਹੀ ਭਰਾਵਾਂ ਦੇ ਨਾਲ ਬੇਇਨਸਾਫੀ ਕਰਦੇ ਹਨ ਉਹ ਪਾਪਾਂ ਦੇ ਭਾਗੀ ਗਿਣੇ ਜਾ ਸਕਦੇ ਹਨ। ਅੱਜਕਲ੍ਹ ਪੰਜਾਬ ਦਾ ਮਾਹੌਲ ਹੀ ਰਿਸ਼ਤੇਦਾਰਾਂ ਵਿੱਚ ਝਗੜੇ ਦਾ ਕਾਰਣ ਬਣਿਆ ਹੋਇਆ ਹੈ ਖਾਸਕਰ ਪ੍ਰਦੇਸਾਂ ਵਿੱਚ ਰਹਿਣ ਵਾਲਿਆਂ ਭਰਾਵਾਂ ਦੀਆਂ ਜਾਇਦਾਦਾ ਜਮੀਨਾ ਤੇ ਪੰਜਾਬ ਵਿੱਚ ਰਹਿਣ ਵਾਲੇ ਭਰਾ ਜਾਂ ਭੈਣਾ ਹੀ ਨਿਜਾਇਜ਼ ਕਬਜ਼ਾ ਕਰੀ ਬੈਠੇ ਹਨ, ਇਹਨਾ ਦਾ ਭਲਾ ਕਿਵੇਂ ਹੋ ਸਕੇਗਾ ਇਹ ਤਾਂ ਵਾਹਿਗੁਰੂ ਹੀ ਜਾਣਦਾ ਹੈ।

## ਪਿੰਡ ਕੱਟਾ ਸਬੌਰ ਵਿਖੇ ਬਾਬਾ ਸੰਗਤ ਸਿੰਘ ਜੀ ਦੀ ਯਾਦਗਾਰ

ਸ਼ਹਾਦਤ ਮਨੁੱਖੀ ਆਚਰਨ ਦੀ ਬੁਲੰਦੀ ਦਾ ਪ੍ਰਤੱਖ ਪ੍ਰਮਾਣ ਹੁੰਦੀ ਹੈ। ਆਪਣੇ ਬੱਚਿਆਂ ਦੀ ਪਰਵਰਸ਼ ਕਰਨੀ ਹਰ ਇਨਸਾਨ ਦਾ ਫ਼ਰਜ਼ ਬਣਦਾ ਹੈ। ਆਪਣੀਆਂ ਲੋੜਾਂ ਦੀ ਪੂਰਤੀ ਤੋਂ ਇਲਾਵਾ ਰਿਸ਼ਤੇਦਾਰਾਂ ਦੀ ਮਦਦ ਕਰਨੀ ਹੋਰ ਵੀ ਉੱਤਮ ਮਨੁੱਖੀ ਵਿਵਹਾਰ ਮੰਨਿਆ ਜਾ ਸਕਦਾ ਹੈ। ਜਿਹੜੇ ਇਨਸਾਨ ਦੂਸਰੇ ਲੋਕਾਂ ਦੀ ਲੋੜ ਪੂਰੀ ਕਰਦੇ ਹੋਣ ਅਤੇ ਜਿੱਥੇ ਊਚ-ਨੀਚ, ਵੱਡਾ-ਛੋਟਾ, ਅਮੀਰ-ਗਰੀਬ ਸਾਰਿਆਂ ਨੂੰ ਇੱਕ ਬਰਾਬਰ ਸਮਝਦਿਆਂ ਹਰ ਧਰਮ ਦੇ ਵਰਗ ਨੂੰ ਸਮਾਨਤਾ ਦਿੰਦੇ ਹੋਣ ਉਹ ਦੈਵੀ ਗੁਣਾਂ ਦਾ ਧਾਰਨੀ ਸੱਚਾ ਸੁੱਚਾ ਇਨਸਾਨ ਕਹਿਲਾਉਣ ਦਾ ਹੱਕਦਾਰ ਬਣ ਜਾਂਦਾ ਹੈ। ਇਸਤੋਂ ਵੀ ਉਪਰਲੀ ਮੰਜ਼ਲ ਸ਼ਹਾਦੱਤ ਦੇਣ ਵਾਲੇ ਦੀ ਹੁੰਦੀ ਹੈ ਜੋ ਆਪਣੇ ਜੀਵਨ ਦੇ ਸੁੱਖਾਂ ਦੀ ਪ੍ਰਵਾਹ ਨਾਂ ਕਰਦਿਆਂ ਦੂਸਰਿਆਂ ਦੀ ਆਜ਼ਾਦੀ ਲਈ ਆਪਣੇ ਆਪ ਨੂੰ ਕੌਮ ਤੋਂ ਕੁਰਬਾਨ ਕਰ ਦਿੰਦਾ ਹੈ। ਸਿੱਖ ਇਤਿਹਾਸ ਖੂਨੀਂ ਸਾਕਿਆਂ ਦਾ ਪ੍ਰਤੀਕ ਹੈ ਇਹ ਅਜਿਹੀਆਂ ਅਨਮੋਲ ਜਿੰਦੜੀਆਂ ਦੀ ਹਮੇਸ਼ਾਂ ਦਾਸਤਾਨ ਪ੍ਰਗਟਾਉਂਦਾ ਰਹੇਗਾ ਜਿਹਨੀ ਹਰ ਵਰਗ ਦੇ ਧਰਮ ਦੀ ਸੁਤੰਤਰਤਾ ਲਈ ਸ਼ਹੀਦੀਆਂ ਪਾਈਆਂ ਸਨ। ਸਿੱਖ ਗੁਰੂ ਸਾਹਿਬਾਨਾਂ ਦੀਆਂ ਅਤੇ ਉਹਨਾਂ ਦੇ ਬਚਿੱਆਂ ਦੀਆਂ ਸ਼ਹਾਦਤਾਂ, ਅਨੇਕਾਂ ਮਰਜੀਵੜਿਆਂ ਅਤੇ ਗੁਰੂ ਦੇ ਪਿਆਰੇ ਜੁਝਾਰੂਆਂ ਦੀਆਂ ਕੁਰਬਾਨੀਆਂ, ਨਿਸ਼ਕਾਮ ਭਾਵਨਾਂ ਅਤੇ ਮਨੁੱਖੀ ਅਧਿਕਾਰਾਂ ਦੀ ਪ੍ਰਾਪਤੀ ਲਈ ਆਪਣੇ ਆਪ ਨੂੰ ਕੌਮ ਦੀ ਖਾਤਿਰ ਕੁਰਬਾਨ ਕਰ ਦੇਣਾ ਸਿੱਖ ਧਰਮ ਦਾ

ਬੇਮਿਸਾਲ ਦ੍ਰਿਸ਼ਟਾਂਤ ਹੈ। ਇਸੇ ਤੱਥ ਨੂੰ ਗੁਰਮੁਖਾਂ ਦੇ ਨਸੀਬ ਦਾ ਅਕੀਦਾ ਅਤੇ ਰੱਬ ਦੀ ਰਜ਼ਾ ਵਿੱਚ ਰਹਿਣ ਦਾ ਪਰਪੱਕ ਵਿਸ਼ਵਾਸ ਮੰਨਿਆ ਜਾਂਦਾ ਹੈ।

ਸੰਨ 1704 ਦਸੰਬਰ 22 ਤਾਰੀਖ ਨੂੰ ਹੋਈ ਚਮਕੌਰ ਦੀ ਜੰਗ ਸਿੱਖ ਇਤਿਹਾਸ ਦਾ ਉਹ ਸਾਕਾ ਹੈ ਜਿਸਨੂੰ ਪੜ੍ਹਦਿਆਂ, ਸੁਣਦਿਆਂ ਦੁਨੀਆ ਦੇ ਹਰ ਵਰਗ ਦਾ ਪ੍ਰਾਣੀ ਕੁਰਲਾ ਉਠੱਦਾ ਹੈ। ਇੱਕ ਪਾਸੇ ਗੜ੍ਹੀ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ 40 ਸਿੰਘਾਂ ਦਾ ਜੱਥਾ ਅਤੇ ਦੂਸਰੇ ਪਾਸੇ ਮੁਗਲਾਂ ਤੇ ਪਹਾੜੀ ਹਿੰਦੂ ਰਾਜਿਆਂ ਦੀ ਲੱਖਾਂ ਦੀ ਤਾਦਾਦ ਵਿੱਚ ਫੌਜ ਹੋਵੇ ਇਹ ਕਿਹੋ ਜਿਹਾ ਮੁਕਾਬਲਾ ਕਿਹਾ ਜਾ ਸਕਦਾ ਸੀ। ਸ਼ਾਇਦ ਦਸੰਵ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਨਮੋਲ ਬਚਨ 'ਸਵਾ ਲਾਖ ਸੇ ਏਕ ਲੜਾਊਂ ਤਬੇ ਗੋਬਿੰਦ ਸਿੰਘ ਨਾਮ ਕਹਾਊਂ' ਨੂੰ ਸਿੱਧ ਕਰਨ ਦਾ ਇਹ ਖਾਸ ਪ੍ਰਯੋਜਨ ਸੀ। ਜਿਵੇਂ ਜਿਵੇਂ ਮੁਗਲਈ ਟਿੱਡੀ ਦਲ ਚੜਕੇ ਆਉਂਦਾ ਸੀ ਉੱਧਰ ਗੁਰੂ ਦੀਆਂ ਲਾੜਲੀਆਂ ਫੌਜਾਂ ਪੰਜਾਂ ਪੰਜਾਂ ਦੇ ਜੱਥੇ ਵਿੱਚ ਉਹਨਾਂ ਦਾ ਮੁਕਾਬਲਾ ਕਰਦੇ ਸਨ। ਦੁਸ਼ਮਣਾਂ ਦੇ ਢੇਰ ਲਾਉਂਦੇ ਹੋਏ ਆਖਿਰਕਾਰ ਭੁੱਖ ਦੇ ਸਤਾਏ ਸਿੰਘ ਵੀ ਸ਼ਹੀਦ ਹੁੰਦੇ ਗਏ। ਸ਼ਹੀਦ ਹੋਣ ਵਾਲਿਆਂ ਵਿੱਚ ਗੁਰੂ ਸਾਹਿਬਾਨ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ ਅਤੇ ਪੰਜਾਂ ਪਿਆਰਿਆਂ ਚੋਂ ਤਿੰਨ ਪਿਆਰੇ ਭਾਈ ਮੋਹਕਮ ਸਿੰਘ ਜੀ, ਭਾਈ ਹਿੰਮਤ ਸਿੰਘ ਜੀ ਅਤੇ ਭਾਈ ਸਾਹਿਬ ਸਿੰਘ ਜੀ ਸ਼ਾਮਿਲ ਸਨ। 22 ਦਸੰਬਰ ਦੀ ਰਾਤ ਇਤਿਹਾਸਕ ਵਿਲੱਖਣਤਾ ਦਾ ਪ੍ਰਮਾਣ ਹੈ ਜਦੋਂ ਕਿ ਪੰਜਾਂ ਸਿੰਘਾਂ ਨੇ ਗੁਰਮਤਾ ਕਰਕੇ ਗੁਰੂ ਸਾਹਿਬਾਨ ਨੂੰ ਗੜ੍ਹੀ ਦੇ ਵਿੱਚੋਂ ਬਾਹਿਰ ਚਲੇ ਜਾਣ ਦਾ ਹੁਕਮ ਸੁਣਾਇਆ ਸੀ ਤਾਂ ਗੁਰੂ ਜੀ ਨੇ ਖਾਲਸੇ ਦੇ ਫੈਸਲੇ ਨੂੰ ਸਵੀਕਾਰ ਕੀਤਾ ਸੀ। ਗੁਰੂ ਜੀ ਨੇ ਆਪਣੇ ਹਮ-ਉਮਰ ਅਤੇ ਹਮ-ਸ਼ਕਲ ਬਾਬਾ ਸੰਗਤ ਸਿੰਘ ਜੀ ਨੂੰ ਆਪਣੇ ਕੋਲ ਬੁਲਾਇਆ ਅਤੇ ਓਹਨਾਂ ਨੂੰ ਆਪਣੀ ਗਲਵਕੜੀ ਵਿੱਚ ਲੈ ਕੇ ਉਹਨਾਂ ਦੀ ਪਿੱਠ ਉੱਤੇ ਥਾਪੜਾ ਦਿੰਦਿਆਂ ਕਿਹਾ ਸੀ ਖਾਲਸਾ ਜੀ ਤੁਸੀਂ ਮੇਰਾ ਰੂਪ ਹੋ। ਬਾਬਾ ਸੰਗਤ ਸਿੰਘ ਹੋਰਾਂ ਨੂੰ ਆਪਣੀ ਕਲਗੀ, ਜਿਗ੍ਹਾ, ਬਾਣਾ, ਤਾਣਾ ਅਤੇ ਸ਼ਸਤਰ ਦਿੰਦਿਆਂ ਹਿਦਾਇਤ ਕੀਤੀ ਕਿ ਕੱਲ ਨੂੰ ਮੇਰੇ ਸਰੂਪ ਵਿੱਚ ਜੰਗ ਦੀ ਕਮਾਨ ਕਰਨੀ ਅਤੇ ਮੁਗਲਾਂ ਦੇ ਸਾਹਵੇਂ ਲੜਾਈ ਲੜਦਿਆਂ ਹੋਇਆਂ ਸ਼ਹੀਦੀ ਪ੍ਰਾਪਤ ਕਰਨੀ ਹੈ। ਇਸ ਗੱਲ ਦਾ ਖਿਆਲ ਰੱਖਣਾ ਕਿ ਜੀਉਂਦੇ ਜੀ ਮੁਗਲਾਂ ਦੇ ਹੱਥ ਨਹੀਂ ਆਉਣਾ। ਅਜਿਹਾ ਹੁਕਮ ਵੱਡੇ ਵੱਡੇ ਯੋਧਿਆਂ ਨੂੰ ਹਲੂਣ ਕੇ ਰੱਖ ਸਕਦਾ ਹੈ ਕਿ ਹੇ ਬੰਦਿਆ ਮੌਤ ਤੇਰੇ ਸਾਹਵੇਂ ਖੜੀ ਉਡੀਕ ਕਰਦੀ ਹੈ ਫਿਰ ਵੀ ਹੌਸਲਾ ਬੁਲੰਦ ਰੱਖਣਾ ਬੇਮਿਸਾਲ ਬਹਾਦਰੀ ਦਾ ਸਾਖਿਆਤ ਪ੍ਰਮਾਣ ਹੈ। ਬਾਬਾ ਜੀ ਨੇ ਇਸੇ ਤਰਾਂ ਹੁਕਮ ਦੀ ਪਾਲਣਾ ਕੀਤੀ ਅਤੇ ਜੰਗ ਵਿੱਚ ਸ਼ਹੀਦ ਹੋ ਗਏ। ਬਾਬਾ ਜੀ ਦੀ ਇਸ ਲਾਸਾਨੀ ਸ਼ਹਾਦਤ ਉੱਤੇ ਸਿੱਖ

ਪੰਥ ਨੂੰ ਮਾਣ ਹੋਣਾ ਚਾਹੀਦਾ ਸੀ ਪਰ ਬਹੁਤੇ ਸਮੇਂ ਤੱਕ ਉਹਨਾਂ ਦੀ ਸ਼ਹਾਦਤ ਸਿੱਖ ਇਤਿਹਾਸ ਦੇ ਖੂਨੀਂ ਪੰਨਿਆਂ ਵਿਚੋਂ ਪਰਗਟ ਨਹੀਂ ਹੋ ਸਕੀ। ਇਸੇ ਤਰਾਂ ਅਨੇਕਾਂ ਹੀ ਹੋਰ ਸਿੱਖ ਸ਼ਹੀਦ ਹੋਏ ਹਨ ਉਹਨਾ ਦੀ ਵੀ ਕਈ ਸਦੀਆਂ ਤੱਕ ਸਿੱਖ ਪੰਥ ਨੇ ਕੋਈ ਸਾਰ ਨਹੀਂ ਲਈ। ਸਿੱਖ ਪੰਥ ਯਕੀਨਨ ਬਿਨਾਂ ਕਿਸੇ ਸੰਦੇਹ ਸਾਂਝੀਵਾਲਤਾ ਦਾ ਪੈਰੋਕਾਰ ਹੁੰਦਾ ਹੈ ਪਰ ਹੈਰਾਨੀ ਇਸ ਗੱਲ ਦੀ ਹੈ ਕਿ ਆਖਿਰ ਵਿਤਕਰਾ ਜਾਂ ਉਚ ਨੀਚ ਦਾ ਸੰਕਲਪ ਮਨ ਤੇ ਹਾਵੀ ਕਿਵੇਂ ਹੋ ਗਿਆ। ਅੱਜ ਗੁਰਮਤਿ ਅਸੂਲਾਂ ਨੂੰ ਅਪਨਾਉਣ ਤੋਂ ਸੰਕੋਚ ਅਤੇ ਆਪਸੀ ਮੱਤ ਭੇਦ ਕਾਰਣ ਸਿੱਖਾਂ ਦਾ ਪ੍ਰਤੀਬਿੰਬ ਸਮੁੱਚੇ ਸੰਸਾਰ ਅੰਦਰ ਧੁੰਦਲਾ ਅਤੇ ਚਿੰਤਾਤੁਰ ਪ੍ਰਤੀਤ ਹੋ ਰਿਹਾ ਹੈ। ਕੀ ਇਹ ਸਿੱਖੀ ਅਸੂਲਾਂ ਦੀ ਬੇਅਦਵੀ ਨਹੀਂ ਹੈ, ਕੀ ਸਿੱਖੀ ਸਰੂਪ ਅਤੇ ਸ਼ਾਸਤਰਾਂ ਦੇ ਧਾਰਨੀ ਪ੍ਰਗਟਾਵੇ ਮਾਤਰ ਸਿੱਖ ਗੁਰੂ ਸਾਹਿਬਾਨਾਂ ਦੇ ਹੁਕਮ ਦੀ ਉਲੰਘਣਾ ਨਹੀਂ ਕਰ ਰਹੇ? ਇਹ ਸਿੱਖ ਕੌਮ ਦੀ ਅਸਲੀ ਤਸਵੀਰ ਹੈ ਇਹੋ ਕਾਰਣ ਹੈ ਕਿ ਸਿੱਖਾਂ ਦੀ ਅੱਜਤੱਕ ਏਕਤਾ ਨਹੀਂ ਹੋ ਸਕੀ ਅਤੇ ਮੋਹਤਬਾਰ ਸੰਸਥਾਵਾਂ ਨੇ ਗੁਰੂ ਸਾਹਿਬਾਨਾਂ ਦੇ ਹੁਕਮ ਦੀ ---------------

ਬਾਬਾ ਸੰਗਤ ਸਿੰਘ ਜੀ ਦੀ ਇਸ ਅਦੁੱਤੀ ਸ਼ਹਾਦਤ ਦਾ ਸਦੀਆਂ ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਜਿਕਰ ਨਹੀਂ ਸੀ ਕੀਤਾ ਗਿਆ। ਪਿਤਾ ਜੀ ਹੋਰੀਂ ਸਰਦਾਰ ਨਿਰੰਜਨ ਸਿੰਘ ਸਾਥੀ ਹੋਰਾਂ ਦੇ ਸਹਿਯੋਗ ਦੇ ਨਾਲ ਨੂਰਪੁਰ ਬੇਦੀ ਦੇ ਵਸਨੀਕ ਬਾਬਾ ਗੁਰਬਚਨ ਸਿੰਘ ਹੈਡਮਾਸਟਰ ਜੀ ਜੋ ਉਸ ਵਕਤ ਕੱਟਾ ਸਬੌਰ ਅਤੇ ਨਜ਼ਦੀਕੀ ਗੁਰੂ ਘਰਾਂ ਦੀ ਸੇਵਾ'ਚ ਵਿਅਸਤ ਸਨ ਉਹਨਾ ਦੀ ਸ਼ਤਰ ਸ਼ਾਇਆ ਹੇਠ ਕੱਟਾ ਸਬੌਰ ਦੇ ਇਤਿਹਾਸਕ ਤੱਥ ਨੂੰ ਜਾਣਦਿਆਂ ਜਿੱਥੇ ਉਸ ਸਮੇਂ ਪਿੰਡ ਦੇ ਵਿੱਚ ਬਾਬਾ ਸੰਗਤ ਸਿੰਘ ਹੋਰਾਂ ਦੀ ਪਿੰਡ ਵਾਲਿਆਂ ਨੇ ਸਿਰਫ ਸਮਾਧ ਬਣਾਈ ਹੋਈ ਸੀ। ਇਸ ਅਸਥਾਨ ਤੇ ਸ਼ਹੀਦ ਬਾਬਾ ਸੰਗਤ ਸਿੰਘ ਯਾਦਗਾਰੀ ਟਰੱਸਟ ਜਲੰਧਰ ਦੇ ਸੇਵਕਾਂ ਨੇ ਪਿਤਾ ਜੀ ਦੀ ਅਗਵਾਈ ਹੇਠ ਰਲ-ਮਿਲ ਕੇ ਬਾਬਾ ਸੰਗਤ ਸਿੰਘ ਹੋਰਾਂ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਦੀ ਉਸਾਰੀ ਕਰਵਾਉਣ ਲਈ ਇਹਨੀ ਸਮਾਧ ਦੇ ਨਾਲ ਲੱਗਦੀ 8 ਕਨਾਲ ਜਮੀਨ ਖਰੀਦ ਲਈ। ਇਸ ਜਗ੍ਹਾ ਤੇ ਦੋ ਕਮਰੇ ਅਤੇ ਰਸੋਈ ਬਣੀ ਹੋਈ ਸੀ ਜਿੱਥੇ ਬਾਬਾ ਗੁਰਬਚਨ ਸਿੰਘ ਹੋਰੀਂ ਆਰਾਮ ਕਰਿਆ ਕਰਦੇ ਸਨ ਅਤੇ ਇੱਕ ਕਮਰਾ ਖਾਲੀ ਹੁੰਦਾ ਸੀ। ਜਲੰਧਰ ਟਰੱਸਟ ਦੀ ਹੋਂਦ ਤੋਂ ਪਹਿਲਾਂ ਦੋ ਵਾਰ ਇੱਥੇ ਸਮਾਗਮ ਬਾਬਾ ਗੁਰਬਚਨ ਸਿੰਘ ਹੋਰੀਂ ਕਰਵਾ ਚੁੱਕੇ ਸਨ। ਸ਼ਹੀਦ ਬਾਬਾ ਸੰਗਤ ਸਿੰਘ ਯਾਦਗਾਰੀ ਟਰੱਸਟ ਜਲੰਧਰ (ਰਜਿਸਟਰਡ) ਜਨਵਰੀ 1995 ਵਿੱਚ ਹੋਂਦ ਵਿਚ ਆਇਆ। ਇਸ ਟਰੱਸਟ ਨੇ ਇੱਥੇ ਪਹਿਲਾਂ ਜਮੀਨ ਖਰੀਦੀ ਫਿਰ ਇਹਨਾਂ ਦਿਨਾਂ'ਚ ਹੀ ਗੁਰਦੁਆਰਾ ਸਾਹਿਬ

ਦੀ ਉਸਾਰੀ ਅਰੰਭ ਕਰ ਦਿੱਤੀ ਗਈ ਅਤੇ ਪਹਿਲੇ ਗੁਰੂ ਘਰ ਦੇ ਵਜ਼ੀਰ ਗ੍ਰੰਥੀ ਗਿਆਨੀ ਹਰਮੇਸ਼ ਸਿੰਘ ਆਪਣੇ ਪਰਿਵਾਰ ਸਮੇਤ ਗੁਰੂ ਘਰ ਦੀ ਸੇਵਾ'ਚ ਹਾਜਿਰ ਹੋਏ। ਗਿਆਨੀ ਜੀ ਪਹਿਲਾਂ ਬਾਬਾ ਗੁਰਬਚਨ ਸਿੰਘ ਹੋਰਾਂ ਦੀ ਨਿਗਰਾਨੀ ਹੇਠ ਗੁਰਦੁਆਰਾ ਝਿੜੀ ਸਾਹਿਬ ਸੇਵਾ ਕਰਿਆ ਕਰਦੇ ਸਨ। ਸਰਦਾਰ ਨਿਰੰਜਨ ਸਿੰਘ ਸਾਥੀ ਹੋਰੀਂ ਲਿਖਦੇ ਹਨ ਕਿ ਸੰਨ 2006 ਵਿੱਚ ਬਾਬਾ ਸੰਗਤ ਸਿੰਘ ਗੁਰਦੁਆਰਾ ਕੱਟਾ ਸਬੌਰ ਵਿਖੇ ਇੰਗਲੈਂਡ ਨਿਵਾਸੀ ਸਰਦਾਰ ਜਰਨੈਲ ਸਿੰਘ ਬਿਲਗਾ ਦੀ ਸਹਾਇਤਾ ਨਾਲ 80 ਫੁੱਟ ਉੱਚਾ ਨਿਸ਼ਾਨ ਸਾਹਿਬ ਝੁਲਾਇਆ ਗਿਆ ਸੀ। ਸੰਨ 1995 ਵਿੱਚ 23 ਦਸੰਬਰ ਨੂੰ ਇੱਥੇ ਬਾਬਾ ਸੰਗਤ ਸਿੰਘ ਟਰੱਸਟ ਵਲੋਂ ਪਹਿਲਾ ਸ਼ਹੀਦੀ ਸਮਾਗਮ ਕੀਤਾ ਗਿਆ ਸੀ। ਇਸੇ ਸਮਾਗਮ ਵਿੱਚ ਨਜ਼ਦੀਕ ਦੇ ਪਿੰਡਾਂ ਤੋਂ ਸੰਗਤਾਂ ਨੇ ਭਾਰੀ ਗਿਣਤੀ'ਚ ਹਾਜਿਰੀ ਭਰੀ ਅਤੇ ਸ੍ਰੀ ਅਕਾਲ ਤਖੱਤ ਸਾਹਿਬ ਅਮ੍ਰਿਤਸਰ ਦੇ ਸਾਬਕਾ ਜੱਥੇਦਾਰ ਭਾਈ ਜਸਬੀਰ ਸਿੰਘ ਰੋਡੇ ਹੋਰੀਂ ਬਾਬਾ ਸੰਗਤ ਸਿੰਘ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਪ੍ਰੋਫੈਸਰ ਪਿਆਰਾ ਸਿੰਘ ਪਦਮ ਨੇ ਬਾਬਾ ਜੀ ਹੋਰਾਂ ਦੇ ਜੀਵਨ ਵਾਰੇ ਇਤਿਹਾਸਕ ਤੱਥ ਪੇਸ਼ ਕੀਤੇ ਸਨ।

ਉਸ ਸਮੇਂ ਇਸ ਟਰੱਸਟ ਦੇ ਨਾਮਜ਼ਦ ਟਰੱਸਟੀ ਸਾਹਿਬਾਨ ਇਸ ਪ੍ਰਕਾਰ ਸਨ। ਸਰਦਾਰ ਕ੍ਰਿਪਾਲ ਸਿੰਘ ਦੁਗੱਲ ਬਾਨੀ ਚੇਅਰਮੈਨ, ਸਰਦਾਰ ਪ੍ਰੀਤਮ ਸਿੰਘ ਪਰਦੇਸੀ ਉਪ-ਚੇਅਰਮੈਨ, ਸਰਦਾਰ ਬਲਦੇਵ ਸਿੰਘ ਬੱਲ ਪ੍ਰਧਾਨ, ਸਰਦਾਰ ਜੋਗਿੰਦਰ ਸਿੰਘ ਬੱਧਣ, ਸਰਦਾਰ ਗੁਰਦੇਵ ਸਿੰਘ ਵਿੰਜੀ, ਸਰਦਾਰ ਪ੍ਰਿਥੀ ਸਿੰਘ ਸੰਧੂ, ਸਰਦਾਰ ਬਲਦੇਵ ਸਿੰਘ, ਸਰਦਾਰ ਅਮਰੀਕ ਸਿੰਘ ਗਰੇਵਾਲ, ਅਤੇ ਸਰਦਾਰ ਬਲਬੰਤ ਸਿੰਘ ਜੀ। ਇਹਨਾਂ ਦੀ ਦੇਖ-ਰੇਖ ਹੇਠ ਪਿੰਡ ਕੱਟਾ ਸਬੌਰ ਵਿੱਚ ਬਾਬਾ ਸੰਗਤ ਸਿੰਘ ਹੋਰਾਂ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਦੀ ਈਮਾਰਤ ਤਿਆਰ ਕਰਨ ਦਾ ਅਤੇ ਉਹਨਾਂ ਦੀ ਲਾਸਾਨੀ ਸ਼ਹਾਦੱਤ ਅਤੇ ਮਹਾਨ ਸ਼ਖਸੀਅਤ ਨੂੰ ਪ੍ਰਚਾਰਨ ਦਾ ਯਤਨ ਸੀ। ਇਸ ਫ਼ਲਸਫੇ ਨੂੰ ਪ੍ਰਫੁੱਲਤ ਕਰਨ ਲਈ ਢੁਕਵੀਂ ਵਿਉਂਤ ਅਤੇ ਇਸਦੀ ਸੁਚੱਜੀ ਰੂਪ-ਰੇਖਾ ਨੂੰ ਘੜਨ ਦੀ ਲੋੜ ਸੀ ਸੋ ਇਸੇ ਕਾਰਜ ਨੂੰ ਪੂਰਾ ਕਰਨ ਲਈ ਟਰੱਸਟ ਦਾ ਸੰਵਿਧਾਨ ਸਰਦਾਰ ਸ਼ਮਸ਼ੇਰ ਸਿੰਘ ਭੱਟੀ ਅਤੇ ਸਰਦਾਰ ਬਲਦੇਵ ਸਿੰਘ ਹੋਰੀਂ ਤਿਆਰ ਕੀਤਾ ਸੀ ਜਿਸ ਵਿੱਚ ਟਰੱਸਟ ਦੇ ਨਿਸ਼ਾਨੇ ਅਤੇ ਉਦੇਸ਼ਾਂ ਦੀ ਪੂਰਤੀ ਦੇ ਸਾਧਨਾਂ ਨੂੰ ਵਿਆਨ ਕੀਤਾ ਗਿਆ ਹੈ। ਟਰੱਸਟ ਦਾ ਮੁੱਖ ਮੰਤਵ ਗੁਰਮਿਤ ਅਨੁਸਾਰ ਆਦਰਸ਼ਕ ਸਮਾਜ ਦੀ ਸਿਰਜਣਾ ਲਈ ਉਪਰਾਲੇ ਕਰਨੇ ਹਨ। ਧਾਰਮਕ ਸਮਾਗਮਾਂ ਤੋਂ ਇਲਾਵਾ ਊਚ-ਨੀਚ, ਅਮੀਰ-ਗਰੀਬ, ਵੈਰ-ਵਿਰੋਧ, ਈਰਖਾ-ਵਿਤਕਰੇ ਵਰਗੇ ਔਗੁਣਾਂ ਤੋਂ ਸਮਾਜ ਨੂੰ ਚੰਗੀ ਸੇਧ ਦੇਣੀ ਹੈ। ਲੋੜਵੰਦ-ਅੰਗਹੀਣ ਅਤੇ ਗਰੀਬ ਵਿਦਿਆਰਥੀਆਂ ਦੀ ਆਰਥਿਕ ਸਹਾਇਤਾ

ਕਰਨ ਦਾ ਯਤਨ ਹੈ। ਇਸ ਸੋਚ ਨੂੰ ਗਰੀਬ ਲੜਕੀਆਂ ਦੇ ਵਿਆਹਾਂ ਤੇ ਮਾਲੀ ਅਮਦਾਦ ਅਤੇ ਵਿਦਿਆਰਥੀਆਂ ਨੂੰ ਅੱਜ ਤੱਕ ਵਜੀਫੇ ਦੇ ਕੇ ਕਿਰਿਆਤਮਕ ਤੌਰ ਤੇ ਪੂਰਾ ਕੀਤਾ ਜਾਂਦਾ ਰਿਹਾ ਹੈ। ਅਗਾਂਹ ਦੇ ਕੰਮਾ ਕਾਰਾਂ ਨੂੰ ਸੁਚੱਜੀ ਸੇਧ ਦੇਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਬਾਬਾ ਸੰਗਤ ਸਿੰਘ ਯਾਦਗਾਰੀ ਟਰੱਸਟ ਜਲੰਧਰ ਦੇ ਟਰੱਸਟੀ ਸਾਹਿਬਾਨ ਅਤੇ ਕਮੇਟੀ ਦੇ ਸਹਿਯੋਗੀ ਕਾਰਕੁੰਨ ਇਸ ਸੇਵਾ ਵਿੱਚ ਜੁਟੇ ਹੋਏ ਹਨ। ਜਿਵੇਂ ਇਸ ਟਰੱਸਟ ਦੇ ਬਾਨੀ ਚੇਅਰਮੈਨ ਮੇਰੇ ਪਿਤਾ ਜੀ ਹੋਰਾਂ ਦਾ ਸੰਕਲਪ ਭਾਈਚਾਰੇ ਦੀ ਏਕਤਾ ਅਤੇ ਪਰਸਪਰ ਪਿਆਰ ਸਤਿਕਾਰ ਨੂੰ ਬਰਕਰਾਰ ਰੱਖਣ ਦਾ ਯਤਨ ਸੀ, ਉਸੇ ਤਰਾਂ ਟਰੱਸਟ ਦਾ ਮੌਜੂਦਾ ਚੇਅਰਮੈਨ ਹੋਣ ਦੇ ਨਾਤੇ ਮੈਂ ਪ੍ਰਣ ਕਰਦਾ ਹਾਂ ਕਿ ਪਿਤਾ ਜੀ ਦੇ ਕਦਮ-ਨਿਸ਼ਾਨਾਂ ਤੇ ਚੱਲਦਿਆਂ ਉਹਨਾਂ ਵੱਲੋਂ ਰਹਿ ਗਏ ਕੰਮਾ ਨੂੰ ਪੂਰਾ ਕਰਨ ਲਈ ਤਨ ਮਨ ਧਨ ਦੇ ਨਾਲ ਪੰਥਕ ਸੇਵਾ ਲਈ ਹਾਜਿਰ ਰਹਾਂਗਾ। ਮੈਨੂੰ ਇਹ ਆਸ ਹੈ ਕਿ ਪੰਥਕ ਦਰਦੀ ਸਹਾਇਕ ਟਰੱਸਟੀ ਆਪਣਾ ਪੂਰਣ ਸਹਿਯੋਗ ਦੇ ਕੇ ਮਿੱਥੇ ਹੋਏ ਨਿਸ਼ਾਨੇ ਸੰਪੰਨ ਕਰਨ ਲਈ ਯਤਨਸ਼ੀਲ ਹੋਣਗੇ।

ਹਰ ਸਾਲ ਕੱਟਾ ਸਬੌਰ ਦਸੰਬਰ ਦੇ ਮਹੀਨੇ ਬਾਬਾ ਸੰਗਤ ਸਿੰਘ ਜੀ ਦੀ ਯਾਦ ਵਿੱਚ ਸਮੂਹ ਸ਼ਹੀਦਾਂ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਕਰਕੇ ਸੰਪੂਰਣਤਾ ਤੇ ਭੋਗ ਪਾਏ ਜਾਂਦੇ ਹਨ। ਇਸ ਸਮਾਗਮ ਵਿੱਚ ਉੱਘੇ ਸਾਹਿਤਕਾਰ, ਵਿਦਵਾਨ, ਕਵੀ, ਰਾਗੀ-ਢਾਡੀ ਜੱਥੇ, ਪ੍ਰਚਾਰਕ, ਸ੍ਰੀ ਆਨੰਦਪੁਰ ਸਾਹਿਬ ਤੋਂ ਮਾਣਯੋਗ ਜੱਥੇਦਾਰ ਸਿੰਘ ਸਾਹਿਬਾਨ ਗਿਆਨੀ ਤਰਲੋਚਨ ਸਿੰਘ ਜੀ, ਸਥਾਨਕ ਸਿਆਸਤਦਾਨ ਸ੍ਰੀ ਕੇ.ਪੀ. ਸਿੰਘ ਰਾਣਾ ਜੀ, ਸੰਤ ਅਜੀਤ ਸਿੰਘ ਜੀ ਪਰਿਵਾਰ ਵਿਛੋੜਾ ਵਾਲੇ ਸ੍ਰੀ ਆਨੰਦਪੁਰ ਸਾਹਿਬ ਹਲਕੇ ਤੋਂ ਐਮ.ਐਲ.ਏ., ਸਰਦਾਰ ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅ), ਸਰਦਾਰ ਹਰਿੰਦਰ ਸਿੰਘ ਖਾਲਸਾ (ਨਾਰਵੇ), ਪੰਜਾਬ ਦੇ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਹੋਰਾਂ ਦੇ ਸਲਾਹਕਾਰ ਡਾਕਟਰ ਦਲਜੀਤ ਸਿੰਘ ਚੀਮਾ ਜੀ, ਐਮ.ਐਲ.ਏ. ਸਰਦਾਰ ਸਰਵਣ ਸਿੰਘ ਫਿਲੌਰ, ਸੱਦੇ-ਪਤਰ ਤੇ ਆਏ ਪਤਵੰਤੇ ਸੱਜਣ, ਅਤੇ ਭਾਰੀ ਗਿਣਤੀ'ਚ ਗੁਰੂ ਦੀ ਪਿਆਰੀ ਸ਼ਰਧਾਵਾਨ ਸੰਗਤ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਵਿਚੋਂ ਹਾਜ਼ਰੀ ਭਰਦੀ ਰਹੀ ਹੈ। ਵਿਸ਼ੇਸ਼ ਤੌਰ ਤੇ ਬਚਿੱਆਂ ਵਲੋਂ ਕੀਰਤਨ, ਇਤਿਹਾਸਕ ਪ੍ਰਸੰਗ ਅਤੇ ਕਵਿਤਾਵਾਂ ਇਸ ਸਮਾਗਮ ਦੀ ਸ਼ਾਨ ਹੁੰਦੀ ਹੈ। ਇਸ ਅਸਥਾਨ ਤੇ ਪਹਿਲਾਂ ਨਾਲੋਂ ਜਿਆਦਾ ਕਮਰੇ ਅਤੇ ਗੁਰੂ ਘਰ ਦੀ ਬਿਲਡਿੰਗ ਤਿਆਰ ਕੀਤੀ ਗਈ ਹੈ। ਸੰਨ 2006 ਵਿੱਚ ਗੁਰਦੁਆਰੇ ਦੇ ਆਲੇ-ਦੁਵਾਲੈ ਚਾਰ ਦਿਵਾਰੀ ਕਰ ਦਿੱਤੀ ਗਈ ਸੀ ਅਤੇ ਸੰਨ 2008 ਦੇ ਵਿੱਚ ਸਮਾਧ ਦੀ ਰੂਪ ਰੇਖਾ ਪਿੰਡ ਦੇ ਨਿਵਾਸੀਆਂ ਦੀ

ਸਹਿਮਤੀ ਦੇ ਨਾਲ ਨਵੇਂ ਸਿਰੇ ਤੋਂ ਉਸਾਰੀ ਗਈ ਸੀ। ਹੌਲੀ ਹੌਲੀ ਸੁਧਾਰ ਕੀਤਾ ਜਾ ਰਿਹਾ ਹੈ, ਪਹਿਲਾਂ ਨਾਲੋਂ ਪਿੰਡ ਦਾ ਕਾਫੀ ਸੁਧਾਰ ਹੋ ਚੁੱਕਾ ਹੈ ਅਤੇ ਧਾਰਮਿਕ ਪੱਖ ਤੋਂ ਵੀ ਕਈ ਨੌਜਵਾਨ ਕੇਸਾਧਾਰੀ ਹੋ ਗਏ ਹਨ ਅਤੇ ਕਈਆਂ ਨੇ ਖੰਡੇ ਬਾਟੇ ਦੀ ਪਾਹੁਲ ਵੀ ਛੱਕ ਲਈ ਹੈ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੇਵਕ ਬਣ ਗਏ ਹਨ। ਅੱਜ ਪੰਜਾਬ ਦੇ ਕਈ ਸ਼ਹਿਰਾਂ ਵਿੱਚ ਬਾਬਾ ਸੰਗਤ ਸਿੰਘ ਜੀ ਦੇ ਨਾਮ ਤੇ ਕਈ ਸੰਸਥਾਵਾਂ ਬਣ ਗਈਆਂ ਹਨ ਅਤੇ ਗੁਰਮਤਿ ਦਾ ਪ੍ਰਚਾਰ ਹੋ ਰਿਹਾ ਹੈ। ਅਗਾਂਹ ਦੀ ਯੋਜਨਾ ਦੇ ਮੁਤਾਬਿਕ ਲੰਗਰ ਹਾਲ, ਨਵੇਂ ਕਮਰੇ, ਅਜਾਇਬ ਘਰ, ਬਾਗ-ਬਗੀਚੇ, ਦੁਕਾਨਾਂ ਆਦਿ ਦੇ ਨਕਸ਼ੇ ਬਣੇ ਹੋਏ ਹਨ ਸੋ ਵਾਹਿਗੁਰੂ ਦੀ ਰਹਿਮਤ ਹੋਈ ਤਾਂ ਗੁਰੂ ਪਿਆਰਿਆਂ ਦੇ ਸਹਿਯੋਗ ਦੇ ਨਾਲ ਅਗਲੇਰੇ ਦਸਾਂ ਸਾਲਾਂ ਤੱਕ ਸਾਰਾ ਕੁੱਝ ਮੁਕੰਮਲ ਹੋਣ ਦੀ ਆਸ ਕੀਤੀ ਜਾਂਦੀ ਹੈ।

ਇਸ ਗੱਲ ਦੀ ਅਤਿਅੰਤ ਖੁਸ਼ੀ ਹੈ ਕਿ 16 ਨਵੰਬਰ 2003 ਨੂੰ ਚਮਕੌਰ ਸਾਹਿਬ ਵਿੱਚ ਕਰਵਾਏ ਗਏ ਸ਼ਹੀਦੀ ਸਮਾਗਮ ਵਿੱਚ ਜੱਥੇਦਾਰ ਗੁਰਬਚਨ ਸਿੰਘ ਜੀ ਟੌਹੜਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ, ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਜੀ ਜੱਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਅਮ੍ਰਿਤਸਰ, ਗਿਆਨੀ ਤਰਲੋਚਨ ਸਿੰਘ ਜੀ ਜੱਥੇਦਾਰ ਤਖਤ ਸ੍ਰੀ ਕੇਸਗੜ ਸਾਹਿਬ, ਅਤੇ ਭਾਈ ਬਲਬੰਤ ਸਿੰਘ ਜੀ ਜੱਥੇਦਾਰ ਤਖਤ ਸ੍ਰੀ ਦਮਦਮਾ ਸਾਹਿਬ ਇਹਨਾਂ ਸਾਰਿਆ ਨੇ ਸਾਂਝੇ ਸੰਦੇਸ਼ ਰਾਹੀਂ ਬਾਬਾ ਸੰਗਤ ਸਿੰਘ ਜੀ ਹੋਰਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਇਸ ਇਤਿਹਾਸਕ ਤੱਥ ਨੂੰ ਸਪੱਸ਼ਟ ਕਰ ਦਿੱਤਾ ਕਿ ਚਮਕੌਰ ਦੀ ਗੜ੍ਹੀ ਵਿੱਚ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਾਹਿਬ ਜੀ ਨੇ ਆਪਣੀ ਕਲਗੀ, ਜਿਗ੍ਹਾ, ਬਾਣਾ, ਤਾਣਾ ਅਤੇ ਆਪਣੇ ਸ਼ਸਤਰ ਬਾਬਾ ਸੰਗਤ ਸਿੰਘ ਜੀ ਹੋਰਾਂ ਨੂੰ ਹੀ ਦਿੱਤੇ ਸਨ। ਸਾਥੀ ਹੋਰੀਂ ਲਿਖਦੇ ਹਨ ਕਿ ਸ਼ਹੀਦੀ ਸਮਾਗਮ ਦੀ ਮੰਗ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਜੀ ਨੇ ਐਲਾਨ ਕੀਤਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਡਾਇਰੀਆਂ, ਜੰਤਰੀਆਂ ਅਤੇ ਕਲੰਡਰਾਂ ਵਿੱਚ ਬਾਬਾ ਸੰਗਤ ਸਿੰਘ ਜੀ ਦਾ ਸ਼ਹੀਦੀ ਦਿਵਸ 22 ਦਸੰਬਰ ਦਰਜ ਕੀਤਾ ਜਾਏਗਾ ਅਤੇ ਚਮਕੌਰ ਸਾਹਿਬ ਬਿਖੇ ਹੇਠ ਲਿਖੀਆਂ ਚਾਰ ਥਾਵਾਂ ਦੇ ਨਾਂ ਬਾਬਾ ਸੰਗਤ ਸਿੰਘ ਜੀ ਦੇ ਨਾਂ ਤੇ ਰੱਖੇ ਜਾਣਗੇ।

ਭਾਈ ਸੰਗਤ ਸਿੰਘ ਦੀਵਾਨ ਹਾਲ

ਭਾਈ ਸੰਗਤ ਸਿੰਘ ਲੰਗਰ ਹਾਲ

ਭਾਈ ਸੰਗਤ ਸਿੰਘ ਨਿਵਾਸ ਅਸਥਾਨ

4. ਸ਼ਹੀਦ ਭਾਈ ਸੰਗਤ ਸਿੰਘ ਗੇਟ (ਗੁਰਦੁਆਰਾ ਗੜ੍ਹੀ ਸਾਹਿਬ, ਚਮਕੌਰ)

ਇਹ ਵੀ ਲਿਖਦੇ ਹਨ ਕਿ ਗੁਰਦੁਆਰਾ ਗੜ੍ਹੀ ਸਾਹਿਬ ਇਕ ਹੋਰ ਗੇਟ ਦਾ ਨਾਂ ਵੀ ਸ਼ਹੀਦ ਭਾਈ ਮਦਨ ਸਿੰਘ, ਅਤੇ ਭਾਈ ਕਾਠਾ ਸਿੰਘ ਗੇਟ ਰੱਖਿਆ ਜਾਵੇਗਾ। ਇਹਨਾਂ ਅਸਥਾਨਾਂ ਉਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਹ ਸਾਰੇ ਨਾਂ ਪਿੱਤਲ ਦੇ ਵੱਡੇ ਅੱਖਰਾਂ ਵਿਚ ਲਿਖ ਦਿੱਤੇ ਹਨ।

ਸਰਦਾਰ ਨਿਰੰਜਨ ਸਿੰਘ ਸਾਥੀ ਹੋਰੀਂ ਇਹ ਵੀ ਲਿਖਦੇ ਹਨ ਕਿ ਸੰਨ 2005 ਵਿਚ ਚਮਕੌਰ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਜੰਗ ਚਮਕੌਰ ਦੇ ਸ਼ਹੀਦਾਂ ਦੀ ਤ੍ਰੈਸ਼ਤਾਬਦੀ ਮਨਾਈ ਗਈ। ਇਸ ਸਮੇਂ ਸੰਗਤਾਂ ਦੇ ਇੱਕਠ ਲਈ ਜੋ ਵੱਡਾ ਤੇ ਵਿਸ਼ਾਲ ਪੰਡਾਲ ਬਣਾਇਆ ਗਿਆ ਸੀ ਉਸ ਦਾ ਨਾਂ ਸ਼ਹੀਦ ਭਾਈ ਸੰਗਤ ਸਿੰਘ ਜੀ ਯਾਦਗਾਰੀ ਪੰਡਾਲ ਚਮਕੌਰ ਸਾਹਿਬ ਰੱਖਿਆ ਗਿਆ। ਸ਼ਹਿਰ ਦੇ ਵਿਚ ਬਣਾਏ ਗਏ ਗੇਟਾਂ ਵਿੱਚ ਇਕ ਗੇਟ ਦਾ ਨਾਂ ਸ਼ਹੀਦ ਭਾਈ ਸੰਗਤ ਸਿੰਘ ਜੀ ਯਾਦਗਾਰੀ ਗੇਟ ਰੱਖਿਆ ਗਿਆ। ਸੰਨ 2005 ਦੇ ਵਿਚ ਬੀਬੀ ਜਾਗੀਰ ਕੌਰ ਹੋਰੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹੁੰਦਿਆਂ ਬਾਬਾ ਸੰਗਤ ਸਿੰਘ ਜੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਬਾਬਾ ਸੰਗਤ ਸਿੰਘ ਦੀ ਤਸਵੀਰ ਵਾਲਾ ਕਲੰਡਰ ਪ੍ਰਕਾਸ਼ਿਤ ਕੀਤਾ ਸੀ।

ਬਾਬਾ ਸੰਗਤ ਸਿੰਘ ਯਾਦਗਾਰੀ ਟਰੱਸਟ ਜਲੰਧਰ ਦੇ ਸਮੂਹ ਟਰਸੱਟੀ ਅਤੇ ਇਸ ਟਰੱਸਟ ਦੇ ਸਮੂਹ ਸਹਾਇਕ ਕਾਰਕੁੰਨ ਤਹਿ ਦਿਲ ਤੋਂ ਇਹਨਾਂ ਸਾਰੇ ਜੱਥੇਦਾਰ ਸਾਹਿਬਾਨਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਟੌਹੜਾ ਸਾਹਿਬ ਅਤੇ ਪ੍ਰਧਾਨ ਬੀਬੀ ਜਾਗੀਰ ਕੌਰ ਹੋਰਾਂ ਦਾ ਧੰਨਵਾਦ ਕਰਦੇ ਹਨ ਅਤੇ ਕਲਗੀ ਬਾਰੇ ਇਸ ਪੰਥਕ ਸਚਾਈ ਨੂੰ ਜਿਵੇਂ ਸੰਗਤਾਂ ਤਾਈਂ ਪ੍ਰਗਟਾਇਆ ਹੈ ਬਾਬਾ ਸੰਗਤ ਸਿੰਘ ਟਰੱਸਟ ਦੇ ਸੇਵਾਦਾਰ ਇਹਨਾਂ ਪਤਵੰਤੇ ਸੱਜਣਾ ਦੇ ਆਭਾਰੀ ਹਨ। ਇਸ ਕਲਗੀ ਵਾਰੇ ਚੱਲ ਰਹੇ ਬਾਦ-ਵਿਵਾਦ ਵਾਰੇ ਹੋਰ ਕੋਈ ਭੁਲੇਖਾ ਨਹੀਂ ਰਹਿ ਜਾਂਦਾ ਸੋ ਹਰ ਇੱਕ ਗੁਰਸਿੱਖ ਦਾ ਇਹ ਇਖਲਾਕੀ ਫ਼ਰਜ ਬਣ ਜਾਂਦਾ ਹੈ ਕਿ ਸਮੂਹ ਸ਼ਹੀਦਾਂ ਨੂੰ ਮਾਣ ਦੇਣ ਦਾ ਪ੍ਰਣ ਕਰੀਏ। ਸਾਰੇ ਸ਼ਹੀਦ ਸਮੁੱਚੇ ਸਿੱਖ ਪੰਥ ਲਈ ਸਤਿਕਾਰ ਯੋਗ ਹਨ ਅਤੇ ਉਹਨਾਂ ਦੀ ਸ਼ਹਾਦਤ ਨੂੰ ਪ੍ਰਣਾਮ ਕਰਦਿਆਂ ਮਾਣ ਸਨਮਾਨ ਅਤੇ ਸਮਾਨਤਾ ਦੇਣੀ ਸਾਡਾ ਫ਼ਰਜ ਹੈ। ਇੱਕਠ ਵਿੱਚ ਹੀ ਪੰਥ ਦੀ ਭਲਾਈ ਹੈ ਸੋ ਸਾਰਿਆਂ ਗੁਰਸਿੱਖਾਂ ਨੂੰ ਸਨਿਮਰ ਬੇਨਤੀ ਹੈ ਕਿ ਗੁਰਮਿਤ ਵਿਚਾਰਧਾਰਾ ਨੂੰ ਸਮਝਣ ਅਤੇ ਅਪਨਾਉਣ ਦਾ ਆਪਾਂ ਸਾਰੇ ਪ੍ਰਯਾਸ ਕਰੀਏ। ਕਈ ਸੱਜਣ ਭੁਲੇਖੇ ਦੇ ਵਿੱਚ ਸ਼ਹੀਦ ਬਾਬਾ ਸੰਗਤ ਸਿੰਘ ਜੀ ਨੂੰ 'ਸ਼੍ਰੋਮਣੀ ਸ਼ਹੀਦ' ਦਾ ਸਿਰਲੇਖ ਦਿੰਦੇ ਰਹਿੰਦੇ ਹਨ, ਅਗਰ ਅਸੀਂ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ

ਸ਼ਹਾਦਤ ਜਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਜਾਂ ਦਸੰਵ ਪਿਤਾ ਗੁਰੂ ਗੋਬਿੰਦ ਸਿੰਘ ਹੋਰਾਂ ਦੇ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਵੱਲ ਝਾਤ ਮਾਰਦੇ ਹਾਂ ਤਾਂ ਸਾਨੂੰ ਸੋਚਣਾ ਪਏਗਾ ਕਿ ਕਿਸਦੀ ਸ਼ਹਾਦਤ ਨੂੰ ਸ਼੍ਰੋਮਣੀ ਸ਼ਹੀਦ ਕਹਾਂਗੇ। ਸ਼੍ਰੋਮਣੀ ਪਦ ਗਿਣਤੀ ਦਾ ਲਿਖਾਇਕ ਅਤੇ ਪਹਿਲੇ ਦਰਜੇ ਦੀ ਮਕਬੂਲੀਅਤ ਨੂੰ ਪ੍ਰਮਾਣਿਤ ਕਰਦਾ ਹੈ ਸੋ ਸ਼ਹੀਦਾਂ ਦੇ ਇਸ ਜਜ਼ਵੇ ਨੂੰ ਸਮਾਨਤਾ ਦੇਣੀ ਸਾਡਾ ਫਰਜ਼ ਹੈ। ਵਿਭਿੰਨ ਵਿਸ਼ੇਸ਼ਣ ਦੀ ਵਰਤੋਂ ਸਿੱਖ ਪੰਥ ਦੀ ਏਕਤਾ ਨੂੰ ਢਾਹ ਲਾ ਸਕਦੇ ਹਨ ਸੋ ਸਾਨੂੰ ਸਾਂਝੀਵਾਲਤਾ ਦਾ ਸੁਨੇਹਾ ਦੇਣਾ ਚਾਹੀਦਾ ਹੈ।

ਮੇਰੇ ਪਿਤਾ ਜੀ ਹਮੇਸ਼ਾਂ ਗੁਰਸਿਖਾਂ ਨੂੰ ਆਪਣੇ ਨਾਲ ਜੋੜਨ ਦਾ ਯਤਨ ਕਰਦੇ ਸਨ ਤਾਂ ਕਿ ਆਪਸੀ ਪਿਆਰ ਦੇ ਨਾਲ ਪੰਥ ਦੀ ਏਕਤਾ ਬਣੀ ਰਹੇ, ਏਕਤਾ ਦਾ ਸੰਕਲਪ ਗੁਰਮਤਿ ਦਾ ਆਧਾਰ ਹੈ ਇਸੇ ਵਿੱਚ ਪੰਥ ਦੀ ਭਲਾਈ ਹੋ ਸਕਦੀ ਹੈ ਸੋ ਬਾਬਾ ਸੰਗਤ ਸਿੰਘ ਹੋਰਾਂ ਦੇ ਨਾਮ ਤੇ ਜਿਹੜੀਆਂ ਸੰਸਥਾਂਵਾਂ ਬਣੀਆਂ ਹੋਈਆਂ ਹਨ ਉਹਨਾਂ ਦੇ ਮੁਖੀ ਸਜੱਣਾਂ ਨੂੰ ਮੇਰੀ ਪੁਰਜੋਰ ਬੇਨਤੀ ਹੈ ਕਿ ਆਓ ਇੱਕ ਛੱਤ ਹੇਠ ਅਸੀਂ ਸਾਰੇ ਇੱਕਠੇ ਹੋ ਕੇ ਆਪਣੇ ਬੱਚਿਆਂ ਦੇ ਸੁਨੈਹਰੀ ਭਵਿੱਖ ਲਈ ਢੁਕਵੀਆਂ ਯੋਜਨਾਵਾਂ ਉਲੀਕੀਏ ਅਤੇ ਅਨਮੋਲ ਸਿੱਖੀ ਵਿਰਸੇ ਨੂੰ ਸੰਭਾਲਣ ਦਾ ਯਤਨ ਕਰੀਏ।

## ਦੋਦੜਾ ਸਾਹਿਬ ਦੀ ਸੰਗਤ ਨਾਲ ਸੰਪਰਕ

ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਕਿ ਪਿਤਾ ਜੀ ਨੂੰ ਗੁਰਬਾਣੀ ਦੀ ਖੋਜ਼ ਕਰਨ ਦਾ ਬਹੁਤ ਸ਼ੌਕ ਹੁੰਦਾ ਸੀ। ਇਹਨਾਂ ਦਾ ਸ਼ੁਰੂ ਤੋਂ ਹੀ ਸਾਧੂ ਸੰਤਾ ਅਤੇ ਮਹਾਪੁਰਖਾਂ ਦੇ ਨਾਲ ਮੇਲ ਮਿਲਾਪ ਹੁੰਦਾ ਰਹਿੰਦਾ ਸੀ। ਇਹਨਾਂ ਦੀ ਜਿਗਿਆਸੂ ਵਿਰਤੀ ਹੋਣ ਦੇ ਕਾਰਣ ਇਹ ਦੂਰ ਦੁਰੇਡੇ ਗੁਰਮਤਿ ਸਮਾਗਮਾਂ ਤੇ ਜਾਇਆ ਕਰਦੇ ਸੀ। ਇੱਕ ਵਾਰ ਇਹ ਪੰਜਾਬ ਗਏ ਹੋਏ ਹੋਏ ਸੀ ਅਤੇ ਕਿਸੇ ਨੇ ਦੱਸ ਪਾਈ ਕਿ ਦੋਦੜਾ ਵਿਖੇ ਬਾਊ ਜੀ ਕਰਕੇ ਗੁਰਬਾਣੀ ਦੇ ਬਹੁਤ ਰਸੀਏ ਦੱਸੇ ਜਾਂਦੇ ਹਨ ਤੁਹਾਨੂੰ ਵੀ ਉਹਨਾਂ ਦੇ ਦਰਸ਼ਨ ਕਰਨੇ ਚਾਹੀਦੇ ਹਨ। ਇਹਨਾਂ ਦੀ ਜਿਵੇਂ ਅੰਤਰੀਵ ਭਾਵਨਾ ਕਿਸੇ ਗੁਰਮੁੱਖ ਦੀ ਭਾਲ ਕਰਦੀ ਹੋਵੇ ਸੋ ਇਹ ਨਿਸ਼ਚਾ ਕਰਕੇ ਸੰਨ 1987 ਦੇ ਵਿੱਚ ਉਹਨਾਂ ਨੂੰ ਦੋਦੜੇ ਮਿਲਣ ਚਲੇ ਗਏ। ਇਹਨਾਂ ਦੀ ਮੁਲਾਕਾਤ ਬਾਊ ਜੀ ਜਸਵੰਤ ਸਿੰਘ ਹੋਰਾਂ ਦੇ ਨਾਲ ਹੋਈ ਅਤੇ ਹੋਰ ਵੀ ਉਸ ਸਮੇਂ ਦੇ ਸਿਆਣੇ ਗੁਰਮੁੱਖ ਉਚੇਚੇ ਤੌਰ ਤੇ ਇਹਨਾਂ ਨੂੰ ਉੱਥੇ ਮਿਲ ਪਏ। ਇਹ ਬਾਊ ਜੀ ਅਤੇ ਪਤਵੰਤੇ ਸੱਜਣਾ ਨੂੰ ਮਿਲ ਕੇ ਬਹੁਤ ਖੁਸ਼ ਹੋਏ। ਇਸਤੋਂ ਪਹਿਲਾਂ ਕਿ ਅਗਾਂਹ ਦੀ ਵਾਰਤਾਲਾਪ ਜਾਰੀ ਰੱਖੀਏ ਆਪ ਜੀ ਨੂੰ ਦੋਦੜੇ ਦੇ ਪਿਛੋਕੜ ਵਾਰੇ ਦੱਸਣਾ ਵੀ ਜਰੂਰੀ ਹੈ।

ਦੋਦੜਾ ਜ਼ਿੱਲਾ ਮਾਨਸਾ ਦੇ ਵਿੱਚ ਇੱਕ ਛੋਟਾ ਜਿਹਾ ਕਸਬਾ ਹੈ। ਬਾਊ ਜੀ ਬਰਮਾਂ ਦੀ ਫ਼ੌਜ ਵਿੱਚ ਭਰਤੀ ਸਨ ਅਤੇ ਰਿਟਾਇਰਮੈਂਟ ਤੋਂ ਬਾਦ ਇਹ ਦੋਦੜੇ ਆ ਕੇ ਰਹਿਣ ਲੱਗੇ। ਗੁਰਮਤਿ ਦੇ ਅਭਿਆਸੀ ਅਤੇ ਗੁਰਬਾਣੀ ਦੇ ਇਹ ਖੋਜੀ ਸਨ ਇਸੇ ਵਜਾ ਇਹ ਖੋਜੀ ਕਰਕੇ ਵੀ ਪ੍ਰਸਿੱਧ ਹੋਏ ਹਨ। ਇਹਨਾਂ ਨੇ ਨਿੱਤ ਨੇਮ ਦੀ ਬਾਣੀ ਦਾ ਅਭਿਆਸ ਕਰਨਾ ਅਤੇ ਨਾਮ ਜੱਪਣ ਲਈ ਲੋਕਾਂ ਨੂੰ ਵੀ ਪ੍ਰੇਰਨਾ ਦੇਣੀ। ਇਹਨਾਂ ਦੀ ਸੋਭਾ ਸੁਣਕੇ ਦੂਰੋਂ ਦੂਰੋਂ ਲੋਕਾਂ ਨੇ ਆਉਣਾ ਸ਼ੁਰੂ ਕਰ ਦਿੱਤਾ ਅਤੇ ਇਹ ਰੋਜ਼ਾਨਾ ਦੀ ਪ੍ਰਥਾ ਗੁਰੂ ਦੀ ਸੰਗਤ ਦੇ ਰੂਪ ਵਿੱਚ ਸਮਾਗਮ ਦਾ ਰੂਪ ਧਾਰ ਗਈ। ਇਸ ਜਗ੍ਹਾ ਦੀ ਮਾਣਤਾ ਇਤਨੀ ਜਿਆਦਾ ਵਧ ਗਈ ਕਿ ਲੋਕੀ ਪ੍ਰਦੇਸਾਂ ਤੋਂ ਵੀ ਇਸ ਜਗ੍ਹਾ ਜਾਣ ਲੱਗ ਪਏ। ਇਹ ਪ੍ਰਥਾ ਸੰਨ 1960 ਤੋਂ ਆਰੰਭ ਹੋਈ ਦੱਸੀ ਜਾਂਦੀ ਹੈ। ਇਸ ਜਗ੍ਹਾ ਦੀ ਸ਼ੋਭਾ ਦੇਖਦਿਆਂ ਸੂਬੇਦਾਰ ਕਿਸ਼ਨ ਸਿੰਘ ਹੋਰੀਂ ਗੁਰਦੁਆਰੇ ਸਾਹਿਬ ਦੀ ਉਸਾਰੀ ਕਰਨ ਲਈ ਇਹਨਾਂ ਨੂੰ ਇੱਕ ਪਲੋਟ ਭੇਂਟ ਕਰ ਦਿੱਤਾ। ਅੱਜ ਇਸ ਜਗ੍ਹਾ ਤੇ ਗੁਰਦੁਆਰਾ ਸਾਹਿਬ ਦੀ ਬਹੁਤ ਸੁੰਦਰ ਇਮਾਰਤ ਬਣੀ ਹੋਈ ਹੈ ਅਤੇ ਇਸਦਾ ਨਾਮ ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ ਦੇ ਨਾਲ ਜਾਣਿਆ ਜਾਂਦਾ ਰਜਿਸਟਰੜ ਟਰੱਸਟ ਹੈ। ਸੰਨ 1976 ਦੇ ਵਿੱਚ ਮਾਤਾ ਚਰਨਜੀਤ ਕੌਰ ਮਲੇਸ਼ੀਆ ਤੋਂ ਆ ਕੇ ਇਸੇ ਅਸਥਾਨ ਤੇ ਸੇਵਾ ਵਿੱਚ ਲੀਨ ਹੋ ਗਏ ਸਨ।

ਪਿਤਾ ਜੀ ਦਾ ਹਰ ਸਾਲ ਦੋਦੜੇ ਸਾਹਿਬ ਆਉਣਾ ਜਾਣਾ ਮੁਕੱਰਰ ਹੋ ਗਿਆ ਅਤੇ ਬਾਊ ਜੀ ਨੇ ਇਹਨਾਂ ਨੂੰ ਵੀ ਇੰਗਲੈਂਡ ਦੇ ਵਿੱਚ ਸਮਾਗਮ ਆਯੋਜਿਤ ਕਰਨ ਲਈ ਕਿਹਾ। ਇਹਨਾਂ ਨੇ ਉਹਨਾਂ ਦੇ ਹੁਕਮ ਦੀ ਪਾਲਣਾ ਕੀਤੀ ਅਤੇ ਸਮਾਗਮ ਭਿੰਨ ਭਿੰਨ ਸ਼ਹਿਰਾਂ ਦੇ ਵਿੱਚ ਹੋਣ ਲੱਗ ਪਏ। ਇਸੇ ਤਰਾਂ ਲੰਡਨ, ਪੀਟਰਵਰ੍ਹੋ, ਬਰਮਿੰਘਮ, ਬਰੈਡਫੋਰੜ ਅਤੇ ਲੀਡਜ਼ ਦੇ ਵਿੱਚ ਸਮਾਗਮ ਕੀਤੇ ਜਾਂਦੇ ਰਹੇ। ਇਹਨਾਂ ਸਮਗਮਾ ਦੇ ਵਿੱਚ ਨਿੱਤ ਦੇ ਆਉਣ ਵਾਲੇ ਪ੍ਰੇਮੀ ਗੁਰਸਿੱਖਾਂ ਦੇ ਨਾਮ ਇਹ ਸਨ ਸਰਦਾਰ ਅਜਮੇਰ ਸਿੰਘ, ਸਰਦਾਰ ਅਵਤਾਰ ਸਿੰਘ, ਸਰਦਾਰ ਦਰਸ਼ਨ ਸਿੰਘ, ਸਰਦਾਰ ਰਾਮ ਸਿੰਘ ਅਤੇ ਖਾਸਕਰ ਲਾਡੀ ਹੁੰਦੇ ਸਨ। ਦੋਦੜੇ ਇਹਨਾਂ ਦੀ ਮੁਲਾਕਾਤ ਸਰਦਾਰ ਨਿਰਭੈ ਸਿੰਘ, ਵੀ.ਏ. ਵੀਰ ਜੀ, ਜੱਥੇਦਾਰ ਸਰਦਾਰ ਨਿਰੰਜਣ ਸਿੰਘ ਜੀ, ਪ੍ਰਿੰਸੀਪਲ ਕਰਤਾਰ ਸਿੰਘ ਜੀ, ਸਰਦਾਰ ਅਜੀਤ ਸਿੰਘ ਐਡਵੋਕੇਟ ਅਤੇ ਕਈ ਹੋਰ ਸੁੱਲਝੇ ਹੋਏ ਗੁਰਮੁਖਾਂ ਦੇ ਨਾਲ ਹੁੰਦੀ ਰਹਿੰਦੀ ਸੀ। ਸੰਨ 1990 ਦੇ ਵਿੱਚ ਪਹਿਲੀ ਬਾਰ ਸਰਦਾਰ ਬਲਰਾਜ ਸਿੰਘ ਕੈਨੇਡਾ ਤੋਂ ਸੰਗਤ ਲੈ ਕੇ ਲੀਡਜ਼ ਆਏ ਸਨ। ਇਹਨਾਂ ਨੇ ਨਾਲ ਸਰਦਾਰ ਸੁਰਜੀਤ ਸਿੰਘ ਅਤੇ ਗੁਣ ਗੁਰ ਕੌਰ ਆਏ ਸਨ ਜਿਸਦਾ ਪਿਛੋਕੜ ਅੰਗ੍ਰੇਜ਼ ਕਬੀਲੇ ਦੇ ਨਾਲ ਸੰਬੰਧਤ ਸੀ। ਦੂਸਰੇ ਸਾਲ ਫਿਰ ਬਲਰਾਜ ਸਿੰਘ ਆਪਣੇ ਨਾਲ ਗੁਣ ਗੁਰ ਕੌਰ, ਸਰਦਾਰ ਗੁਰਮੀਤ ਸਿੰਘ, ਸਰਦਾਰ

ਭਜਨ ਸਿੰਘ ਅਤੇ ਰਾਣੀ ਜੋ ਕੀਰਤਨ ਕਰਿਆ ਕਰਦੀ ਸੀ ਉਹਨਾਂ ਨੂੰ ਲੈ ਕੇ ਆਏ। ਤੀਸਰੇ ਫੇਰੇ ਦੌਰਾਨ ਸਰਦਾਰ ਜਰਨੈਲ ਸਿੰਘ, ਰਾਣੀ ਆਪਣੇ ਪਰਿਵਾਰ ਸਮੇਤ ਲੀਡਜ਼ ਆਏ ਸਨ। ਇਸਤੋਂ ਬਾਦ ਪਿਤਾ ਜੀ ਦੋਦੜਾ ਸਾਹਿਬ ਸਮਾਗਮ ਤੇ ਗਏ ਅਤੇ ਇਹਨੀਂ ਬਾਊ ਜੀ ਦੇ ਨਾਲ ਬਲਰਾਜ ਸਿੰਘ ਦੇ ਵਤੀਰੇ ਦਾ ਵੀ ਜਿਕਰ ਕੀਤਾ। ਬਾਊ ਜੀ ਨੇ ਬਲਰਾਜ ਸਿੰਘ ਨੂੰ ਹਿਦਾਇਤ ਕੀਤੀ ਕਿ ਉਹ ਸਮਾਗਮਾਂ ਦੇ ਵਿੱਚ ਹਿੱਸਾ ਲੈਣਾ ਬੰਦ ਕਰ ਦੇਣ ਸੋ ਅਜਿਹਾ ਹੀ ਹੋਇਆ। ਇਹਨਾਂ ਦਿਨਾਂ ਦੌਰਾਨ ਹੀ ਪਿਤਾ ਜੀ ਨੂੰ ਦੋਦੜੇ ਦਾ ਬਦਲਦਾ ਵਾਤਾਵਰਣ ਨਜਰ ਆਉਣ ਲੱਗਾ ਤਾਂ ਇਹਨੀਂ ਆਪਣੇ ਮਿੱਤਰਾਂ ਨੇ ਨਾਲ ਇਸ ਮੌਜੂ ਤੇ ਸਲਾਹ ਮਸ਼ਵਰਾ ਕੀਤਾ ਜੋ ਉਸ ਸਮੇਂ ਦੋਦੜੇ ਦੇ ਸਮਾਗਮਾਂ ਦੇ ਵਿੱਚ ਹਿੱਸਾ ਲਿਆ ਕਰਦੇ ਸੀ। ਇੱਥੇ ਕੁੱਝ ਗੱਲਾਂ ਗੁਰਮਤਿ ਸਿਧਾਂਤਾਂ ਦੇ ਅਨੁਕੂਲ ਨਹੀ ਸੀ ਹੋ ਰਹੀਆਂ, ਜਿਸ ਕਰਕੇ ਪਿਤਾ ਜੀ ਬਹੁਤੇ ਖੁਸ਼ ਨਹੀਂ ਸਨ। ਇਹ ਸੱਜਣ ਮਿੱਤਰ ਵੀ ਕਈ ਗੱਲਾਂ ਕਾਰਣ ਦੋਦੜੇ ਦੀ ਪ੍ਰਕਿਰਿਆ ਤੇ ਸਹਿਮਤ ਨਹੀਂ ਸਨ। ਸੋ ਪਿਤਾ ਜੀ ਦਾ ਦੋਦੜੇ ਆਉਣਾ ਜਾਣਾ ਸਿਥਲ ਹੋ ਗਿਆ। ਇਹਨਾਂ ਦਿਨਾਂ ਦੇ ਵਿੱਚ ਬਲਰਾਜ ਸਿੰਘ ਉਤੇ ਕਨੇਡਾ ਦੇ ਵਿੱਚ ਕੋਰਟ ਕੇਸ ਚੱਲ ਰਿਹਾ ਸੀ ਆਖਿਰ ਫੈਸਲਾ ਹੋਣ ਤੇ ਉਸਨੂੰ ਕੈਦ ਹੋ ਗਈ ਸੋ ਪ੍ਰਦੇਸਾਂ ਦੇ ਵਿੱਚ ਇਹ ਧਾਰਮਿਕ ਸਮਾਗਮ ਠੰਡੇ ਪੈ ਗਏ। ਕਨੇਡਾ ਦੇ ਵਿੱਚ ਸਮਾਗਮ ਕੁੱਝ ਦੇਰ ਬੰਦ ਰਹੇ ਹੁਣ ਫਿਰ ਚੱਲਣ ਲੱਗ ਪਏ ਹਨ। ਇੰਗਲੈਂਡ ਦੇ ਵਿੱਚ ਇਹ ਪ੍ਰਥਾ ਤਕਰੀਬਨ ਬੰਦ ਹੀ ਹੋ ਚੁੱਕੀ ਹੈ, ਵੈਸੇ ਵੀ ਬਹੁਤੇ ਲੋਕਾਂ ਦੀ ਦਿਲਚਸਪੀ ਹੁਣ ਪਹਿਲ਼ਾ ਵਾਂਗ ਨਹੀਂ ਰਹੀ।

ਜਦੋਂ ਅਸੀਂ ਗੁਰਮਤਿ ਦੀ ਗੱਲ ਕਰਦੇ ਹਾਂ ਤਾਂ ਇਸ ਵਾਰੇ ਸੋਚਣਾ ਪਏਗਾ ਕਿ ਕੋਈ ਵੀ ਡੇਰਾ ਕੀ ਗੁਰਸਿੱਖ ਨੂੰ ਏਕਤਾ ਵੱਲ ਪ੍ਰੇਰਿਤ ਕਰਦਾ ਹੋਇਆ ਸਿੱਖ ਪੰਥ ਦੇ ਨਾਲ ਜੋੜਦਾ ਹੈ ਜਾਂ ਅਨੇਕਤਾ ਵੱਲ ਪ੍ਰੇਰਿਤ ਕਰਦਾ ਹੋਇਆ ਸਿੱਖਾਂ ਦੇ ਵਿੱਚ ਵੱਖਵਾਦ ਦਾ ਪ੍ਰਪੰਚ ਰਚਦਾ ਜਾ ਰਿਹਾ ਹੈ। ਆਮ ਤੌਰ ਤੇ ਦੇਖਿਆ ਜਾਂਦਾ ਹੈ ਕਿ ਜਿਹੜਾ ਵਿਅਕਤੀ ਜਿਸ ਡੇਰੇ ਨਾਲ ਜੁੜ ਜਾਂਦਾ ਹੈ ਉਹ ਉਸੇ ਦੇ ਗੁਣ ਗਾਉਣ ਵਿੱਚ ਮਸਤ ਹੁੰਦਾ ਹੋਇਆ ਗੁਰੂਆਂ ਦੀ ਦਰਸਾਈ ਹੋਈ ਸਿੱਖਿਆ ਤੋਂ ਕਈ ਕੋਹਾਂ ਦੂਰ ਚਲੇ ਜਾਂਦਾ ਹੈ। ਅੱਜ ਇਹ ਵੱਖਵਾਦ ਇੱਕ ਦੂਸਰੇ ਦੇ ਨਾਲ ਵੈਰ ਵਿਰੋਧ ਦਾ ਕਾਰਣ ਬਣਦਾ ਪੰਥ ਦਾ ਨੁਕਸਾਨ ਕਰਨ ਦੇ ਵਿੱਚ ਵਿਅਸਤ ਹੈ। ਮੇਰੀ ਆਪਣੀ ਸਮਝ ਦੇ ਮੁਤਾਬਿਕ ਇਹ ਵੀ ਗੱਲ ਦਰੁੱਸਤ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਓਟ ਆਸਰਾ ਲੈਂਦੇ ਹੋਏ ਇਹਨਾਂ ਡੇਰਿਆਂ ਦੇ ਮੁਖੀਆਂ ਨੇ ਭਾਵੇਂ ਕਿਸੇ ਹੱਦ ਤੱਕ ਆਤਮਿਕ ਸ਼ਕਤੀ ਨੂੰ ਗ੍ਰਹਿਣ ਕਰ ਲਿਆ ਹੋਵੇਗਾ ਪਰ ਇਸ ਰੱਬੀ ਦਾਤ ਦੀ ਦੁਰਵਰਤੋਂ ਹੁੰਦੀ ਦੇਖ ਕੇ ਅਣਗੌਲੀ ਗੱਲ ਕਿਉਂ ਕੀਤੀ ਜਾਂਦੀ ਹੈ ਅਤੇ ਇਸਦਾ

ਨਤੀਜਾ ਕੀ ਹੋ ਸਕਦਾ ਹੈ ਸ਼ਾਇਦ ਆਮ ਲੋਕਾਂ ਨੂੰ ਪਤਾ ਨਹੀਂ ਹੈ। ਗੁਰਮਤਿ ਰਿੱਧੀ-ਸਿੱਧੀ ਦੀ ਵਰਤੋਂ ਨੂੰ ਮਾਣਤਾ ਨਹੀਂ ਦਿੰਦੀ। ਇਸ ਪੰਥ ਦੀ ਏਕਤਾ ਨਾ ਹੋਣ ਦਾ ਕਾਰਣ ਇਹ ਅਖੌਤੀ ਡੇਰਾਬਾਦ ਹੈ ਜੋ ਸਿੱਖੀ ਨੂੰ ਬਹੁਤੀ ਢਾਹ ਲਾਈ ਜਾ ਰਿਹਾ ਹੈ। ਸਿੱਖੀ ਦਾ ਬੂਟਾ ਤਾਂ ਸ਼ਹਾਦਤਾਂ ਦਾ ਮੁਦਈ ਹੈ, ਡੇਰੇ ਦੇ ਮੁਖੀਆਂ ਨੇ ਇਸ ਸਿੱਖੀ ਦੇ ਬੂਟੇ ਨੂੰ ਸਿੰਝਣ ਲਈ ਕੀ ਕੀਤਾ ਹੈ ਇਸ ਗੱਲ ਦੀ ਵਿਚਾਰ ਜਰੂਰ ਕਰ ਲੈਣੀ ਚਾਹੀਦੀ ਹੈ। ਪਿਤਾ ਜੀ ਦੀ ਇਸ ਗੱਲ ਤੇ ਮੈਂ ਬਹੁਤ ਖੁਸ਼ ਹਾਂ ਕਿ ਉਹਨੀਂ ਹਰ ਸਿੱਖਿਆ ਨੂੰ ਗੁਰਮਤਿ ਦੀ ਕਸੱਵਟੀ ਤੇ ਪਰਖਿਆ ਹੈ ਅਤੇ ਜਿਹੜਾ ਪ੍ਰਚਾਰ ਗੁਰਬਾਣੀ ਦੇ ਵਿਪਰੀਤ ਗੱਲ ਕਰਦਾ ਹੋਵੇ ਉਸ ਪਾਸੇ ਤੋਂ ਉਹਨੀਂ ਹਮੇਸ਼ਾਂ ਮੂੰਹ ਮੋੜਿਆ ਹੈ। ਜਿਹੜੇ ਸਾਧੂ ਸੰਤ ਗੁਰਬਾਣੀ ਤੇ ਖਰੇ ਉਤੱਰਦੇ ਰਹੇ ਉਹਨਾ ਦਾ ਪਿਤਾ ਜੀ ਨੇ ਸਤਿਕਾਰ ਵੀ ਕੀਤਾ ਹੈ, ਪਰ ਪਖੰਡ ਦੇ ਉਹ ਲਾਗੇ ਨਹੀ ਸੀ ਜਾਇਆ ਕਰਦੇ। ਕਈ ਅਖੌਤੀ ਮਹਾਂਪੁਰਖਾਂ ਦੇ ਨਾਲ ਉਹਨਾਂ ਦੀਆਂ ਝੜਪਾਂ ਵੀ ਹੁੰਦੀਆਂ ਰਹੀਆਂ ਅਤੇ ਉਹਨਾਂ ਲੋਕਾ ਨੇ ਰਿੱਧੀਆਂ ਸਿੱਧੀਆਂ ਨੂੰ ਵਰਤਦਿਆਂ ਇਹਨਾਂ ਤੇ ਕਈ ਹਮਲੇ ਵੀ ਕੀਤੇ ਸਨ। ਪਰ ਇਹਨਾਂ ਦਾ ਗੁਰਬਾਣੀ ਤੇ ਦ੍ਰਿੜ ਵਿਸ਼ਵਾਸ ਬਣਿਆ ਰਿਹਾ ਅਤੇ ਇਹਨਾਂ ਨੂੰ ਸਦਾ ਅਡੋਲ ਰੱਖਿਆ ਹੈ। ਇੱਕ ਵਾਰ ਇਸੇ ਮਜਮੂਨ ਤੇ ਇਹਨੀਂ ਸੰਤ ਲਕਸ਼ਮਣ ਜੀ ਹੋਰਾਂ ਦੇ ਨਾਲ ਗੱਲ ਕੀਤੀ ਸੀ, ਉਹਨੀਂ ਕਿਹਾ ਕ੍ਰਿਪਾਲ ਤੂੰ ਗੁਰਬਾਣੀ ਦੇ ਵਿੱਚ ਲੀਨ ਰਹਿੰਦਾ ਹੈ ਤੇਰੇ ਉੱਤੇ ਕਿਸੇ ਦਾ ਕੋਈ ਵਾਰ ਨਹੀ ਚੱਲ ਸਕਦਾ ਤੂੰ ਮਸਤ ਰਿਹਾ ਕਰ। ਸੰਤ ਜੀ ਦੇ ਭਰਾਤਾ ਜੀ ਡਾਕਟਰ ਹਰਭਜਨ ਸਿੰਘ ਬੀਬੀ ਹੋਰਾਂ ਨੂੰ ਕਿਹਾ ਕਰਦੇ ਸੀ ਕਿ ਕ੍ਰਿਪਾਲ ਸਿੰਘ ਨੂੰ ਤੁਹਾਡਾ ਟੱਬਰ ਨਹੀ ਸਮਝ ਸਕਦਾ ਇਹ ਬਹੁਤ ਉੱਚੀ ਹਸਤੀ ਹੈ। ਅੱਜ ਜੋ ਕੁੱਝ ਪਿਤਾ ਜੀ ਵਾਰੇ ਪਤਾ ਕਰਨ ਲਈ ਇਹਨਾਂ ਦੇ ਜਿਸ ਮਿੱਤਰ ਦੇ ਕੋਲ ਵੀ ਮੈਂ ਗਿਆ ਹਾਂ, ਉਸਦੇ ਮੂੰਹੋਂ ਸਿਫਤ ਸਲਾਹ ਹੀ ਸੁਣੀ ਹੈ। ਇਤਨਾ ਹੀ ਨਹੀਂ ਬਲਕਿ ਇਹਨਾਂ ਵੱਲੋਂ ਕੀਤੇ ਗਏ ਉਪਕਾਰਾਂ ਦੇ ਬੋਝ ਥੱਲੇ ਦੱਬੇ ਲੋਕਾਂ ਨੇ ਆਹਾਂ ਹੀ ਭਰੀਆਂ ਅਤੇ ਪਿਤਾ ਜੀ ਦੀ ਆਤਮਿਕ ਸ਼ਾਂਤੀ ਲਈ ਦਾਤੇ ਅੱਗੇ ਅਰਦਾਸਾਂ ਹੀ ਕੀਤੀਆਂ ਹਨ। ਇਹੋ ਜਿਹਾ ਕਿਰਦਾਰ ਸਾਂਭੀ ਰੱਖਣਾ ਉਸ ਦਾਤੇ ਦੀ ਪ੍ਰੇਰਨਾ ਹੀ ਹੋ ਸਕਦੀ ਹੈ। ਦੁੱਗਲ ਪਰਿਵਾਰ ਦਾ ਕੱਲਾ ਕੱਲਾ ਜੀ ਪਿਤਾ ਜੀ ਦਾ ਆਭਾਰੀ ਰਹੇਗਾ ਅਤੇ ਖੁਸ਼ਕਿਸਮਤ ਹੈ ਕਿ ਇੱਕ ਅਨਮੋਲ ਰੂਹ ਦਾ ਸਾਡੇ ਘਰ ਦੇ ਵਿੱਚ ਵਾਸਾ ਸੀ। ਭਾਵੇਂ ਉਹ ਸਰੀਰਕ ਤੌਰ ਤੇ ਅੱਜ ਸਾਡੇ ਨਾਲ ਨਹੀ ਹਨ ਪਰ ਆਤਮਿਕ ਤੌਰ ਤੇ ਉਹ ਸਦੀਵੀ ਇਸ ਪਰਿਵਾਰ ਦੇ ਅੰਗ ਸੰਗ ਸਹਾਈ ਰਹਿਣਗੇ।

ਕੁਲਵਿੰਦਰ ਲਈ ਪਿਤਾ ਜੀ ਦੇ ਮਨ ਵਿੱਚ ਅਥਾਹ ਪਿਆਰ ਸੀ, ਉਸ ਪਵਿਤਰ ਰੂਹ ਨੂੰ ਸ਼ਾਇਦ ਉਹ ਬਾਕੀ ਪਰਿਵਾਰ ਦੇ ਮੈਂਬਰਾਂ ਨਾਲੋਂ ਕੁਲਵਿੰਦਰ ਨੂੰ

ਜਿਆਦਾ ਸਮਝਦੇ ਸਨ, ਬੀਬੀ ਹੋਰੀਂ ਮੈਨੂੰ ਕਈ ਬਾਰ ਕਿਹਾ ਕਰਦੇ ਸੀ ਕਿ ਕਾਕਾ ਕੁਲਵਿੰਦਰ ਵਰਗੀ ਨੂੰਹ ਕਰਮਾਂ ਵਾਲਿਆਂ ਨੂੰ ਹੀ ਮਿਲਦੀ ਹੈ। ਰਿਸ਼ਤੇਦਾਰਾਂ ਵਿੱਚ ਵੀ ਕੁਲਵਿੰਦਰ ਦਾ ਮਾਣ ਸਤਿਕਾਰ ਬਣਿਆ ਹੋਇਆ ਸੀ। ਉਹ ਆਮ ਔਰਤਾਂ ਵਾਂਗ ਫ਼ਜ਼ੂਲ ਗੱਲਾਂ ਨਹੀਂ ਸੀ ਕਰਿਆ ਕਰਦੀ ਜਿੱਥੇ ਉਸਨੂੰ ਮਾਹੌਲ ਠੀਕ ਨਹੀਂ ਸੀ ਲੱਗਦਾ ਉਸ ਜਗ੍ਹਾ ਉਹ ਠਹਿਰਿਆ ਨਹੀਂ ਸੀ ਕਰਦੀ। ਘਰ ਦੇ ਵਿੱਚ ਵੀ ਬਹੁਤ ਸ਼ਾਂਤ ਸੁਭਾਵ ਦੀ ਸੀ, ਮੇਰੇ ਭਰਾਵਾਂ ਦੇ ਬੱਚਿਆਂ ਨੂੰ ਵੀ ਉਹੋ ਸਾਂਭਿਆ ਕਰਦੀ ਸੀ, ਬੱਚਿਆਂ ਨੂੰ ਸਕੂਲ ਛੱਡਣ ਜਾਣਾ ਜਾਂ ਉਹਨਾਂ ਦੇ ਖਾਣ ਪੀਣ ਦਾ ਇੰਤਜਾਮ ਕਰਨਾ ਉਹ ਕਦੀ ਵੀ ਸੰਕੋਚ ਨਹੀਂ ਸੀ ਕਰਦੀ। ਬੱਚੇ ਘਰ ਦੇ ਵਿੱਚ ਜਿੰਨਾ ਮਰਜੀ ਖਿਲਾਰਾ ਪਾ ਦੇਣ ਉਹ ਕਦੀ ਘਬਰਾਇਆ ਨਹੀਂ ਸੀ ਕਰਦੀ। ਪਿਤਾ ਜੀ ਅਤੇ ਬੀਬੀ ਹੋਰਾਂ ਦੇ ਨਾਲ ਦੋਦੜੇ ਵੀ ਆਪੇ ਚਲੀ ਜਾਇਆ ਕਰਦੀ ਸੀ, ਪ੍ਰਮਾਤਮਾ ਵੱਲੋਂ ਹੀ ਉਸਦੀ ਸੁਰਤ ਰੱਬ ਦੇ ਪ੍ਰਤੀ ਜੁੜੀ ਹੋਈ ਸੀ। ਕੁਲਵਿੰਦਰ ਦਾ 54 ਸਾਲਾਂ ਦੀ ਉਮਰ ਵਿੱਚ ਹੀ ਪਰਲੋਕ ਗਮਨ ਕਰ ਜਾਣਾ ਸਾਡੇ ਲਈ ਬਹੁਤ ਅਚੰਭੇ ਦੀ ਗੱਲ ਹੈ, ਅਗਰ ਉਹ ਪਿਤਾ ਜੀ ਦੇ ਜੀਵਨ ਕਾਲ ਵਿੱਚ ਹੀ ਚਲੇ ਜਾਂਦੀ ਤਾਂ ਸ਼ਾਇਦ ਪਿਤਾ ਜੀ ਲਈ ਵੀ ਉਸਦਾ ਸਦਮਾ ਬੀਬੀ ਜੀ ਵਾਂਗ ਹੀ ਅਸਿਹ ਹੁੰਦਾ। ਉਸਨੂੰ ਕਦੀ ਭੁਲਾਇਆ ਨਹੀਂ ਜਾ ਸਕਦਾ, ਬੱਚਿਆਂ ਲਈ ਮਾਂ ਦਾ ਸਾਇਆ ਉੱਠ ਜਾਣਾ ਬਹੁਤ ਗਹਿਰਾ ਸਦਮਾ ਹੈ। ਵਾਹਿਗੁਰੂ ਦਾ ਜੋ ਭਾਣਾ ਹੋਵੇ ਉਸਨੂੰ ਬਰਦਾਸ਼ਤ ਕਰਨ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਰਹਿ ਜਾਂਦਾ। ਇਹੋ ਅਰਦਾਸ ਹੈ ਹੇ ਦਾਤਾ ਜੀ ਕੁਲਵਿੰਦਰ ਦੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੀਂ। ਇਹਨਾ ਦੋਵਾਂ ਰੂਹਾਂ ਦਾ ਵਿਛੜ ਜਾਣਾ ਸਮੁੱਚੇ ਪਰਿਵਾਰ ਲਈ ਬਹੁਤ ਘਾਟਾ ਹੈ।

## ਆਪਣੇ ਪਰਿਵਾਰ ਪ੍ਰਤੀ ਜੁੰਮੇਵਾਰੀ

ਜਿੱਥੇ ਪਿਤਾ ਜੀ ਆਪਣੇ ਮਿੱਤਰਾਂ ਦੇ ਅੰਗ ਸੰਗ ਰਹਿਕੇ ਉਹਨਾਂ ਦੀਆਂ ਲੋੜਾਂ ਦੀ ਪੂਰਤੀ ਕਰਦੇ ਰਹੇ ਸਨ। ਇਸਦੇ ਨਾਲ ਨਾਲ ਹੀ ਸਮਾਜਿਕ ਅਤੇ ਧਾਰਮਿਕ ਪੱਖ ਨੂੰ ਵੀ ਕਦੀ ਅਣਗੌਲਿਆ ਨਹੀ ਸੀ ਕੀਤਾ। ਹੁਣ ਤੱਕ ਉਹਨਾਂ ਦੀ ਬਾਹਰਲੀ ਜਿੰਦਗੀ ਦੇ ਸਫਰ ਨੂੰ ਬਿਆਨ ਕੀਤਾ ਗਿਆ ਹੈ ਪਰ ਆਪਣੇ ਪਰਿਵਾਰ ਦੇ ਨਾਲ ਉਹ ਕਿਵੇਂ ਰਹੇ ਅਤੇ ਕੀ ਕੁੱਝ ਆਪਣੇ ਬੱਚਿਆਂ ਲਈ ਕੀਤਾ ਇਸਦਾ ਜਿਕਰ ਕਰਨਾ ਵੀ ਪਾਠਕਾਂ ਲਈ ਲਾਹੇਵੰਦ ਹੋ ਸਕਦਾ ਹੈ। ਸੋ ਇਸੇ ਵਿਚਾਰਧਾਰਾ ਨੂੰ ਲੈ ਕੇ ਕੁੱਝ ਗੱਲਾਂ ਆਪ ਜੀ ਦੇ ਨਾਲ ਸਾਂਝੀਆਂ ਕਰਨ ਜਾ ਰਿਹਾ ਹਾਂ।

ਅਸੀਂ ਘਰ ਦੇ ਸਾਰੇ ਜੀਅ ਇੰਗਲੇਂਡ ਪਹੁੰਚ ਚੁੱਕੇ ਸੀ, ਛੋਟੇ ਭੈਣ ਭਰਾ ਵੀ ਪੜ ਲਿਖਕੇ ਵੱਡੇ ਹੋ ਗਏ ਸਨ। ਕਹਿੰਦੇ ਹਨ ਕਿ ਲੋਕ-ਸੇਵਾ ਘਰੋਂ ਹੀ ਆਰੰਭ

ਕੀਤੀ ਜਾਵੇ ਤਾਂ ਹੀ ਸਮਾਜ ਦੀ ਸੱਚੀ ਸੁੱਚੀ ਸੇਵਾ ਕੀਤੀ ਜਾ ਸਕਦੀ ਹੈ ਅਤੇ ਕੌਮ ਦੀ ਸੇਵਾ ਕਰਦਿਆਂ ਹੀ ਸਫ਼ਲਤਾ ਨੂੰ ਛੋਹਿਆ ਜਾ ਸਕਦਾ ਹੈ। ਸੋ ਇਸੇ ਉੱਮੀਦ ਦੇ ਨਾਲ ਪਿਤਾ ਜੀ ਨੇ ਕੌਮੀ ਸੁਧਾਰ ਆਪਣੇ ਪਰਿਵਾਰ ਤੋਂ ਹੀ ਸ਼ੁਰੂ ਕੀਤਾ। ਇਸੇ ਪ੍ਰਥਾਏ ਇਹਨੀਂ ਆਪਣੇ ਬੱਚਿਆਂ ਦੇ ਵਿਆਹ ਇੰਡੀਆ ਤੋਂ ਕਰਨੇ ਯੋਗ ਸਮਝੇ।— ਇਸ ਕਰਕੇ ਇਹਨੀਂ ਗਰੀਬ ਘਰ ਦੀਆਂ ਬੱਚੀਆਂ ਅਤੇ ਬੱਚਿਆਂ ਦੀ ਜਿੰਦਗੀ ਸੁਧਾਰਨ ਲਈ ਆਪਣੇ ਬੱਚਿਆਂ ਦੇ ਵਿਆਹਾਂ ਵਾਸਤੇ ਲੜਕੇ ਅਤੇ ਲੜਕੀਆਂ ਨੂੰ ਇੰਡੀਆ ਤੋਂ ਸੱਦਿਆ ਇਹਨਾਂ ਵਿਆਹਾਂ ਤੇ ਖਰਚ ਵੀ ਖੁਦ ਆਪੇ ਹੀ ਕੀਤਾ। ਵਿਆਹ ਦੀਆਂ ਪਾਰਟੀਆਂ ਵੀ ਆਪਣੇ ਖਰਚ ਤੇ ਕੀਤੀਆਂ ਗਈਆਂ ਸਨ। ਪਿਤਾ ਜੀ ਦਾਜ਼ ਦਹੇਜ਼ ਦੇਖਣ ਅਤੇ ਲੈਣ-ਦੇਣ ਦੇ ਬਹੁਤ ਖਿਲਾਫ਼ ਸਨ। ਇਹਨੀਂ ਕਿਸੇ ਦੇ ਕੋਲੋਂ ਇੱਕ ਧੇਲੇ ਦਾ ਵੀ ਦਾਜ਼ ਨਹੀਂ ਸੀ ਲਿਆ। ਇੱਥੇ ਤੱਕ ਕਿ ਕੁੜਮਾਂ ਦੇ ਨਾਲ ਮਿਲਣੀ ਵੀ ਇੱਕੋ ਹੀ ਕਰਿਆ ਕਰਦੇ ਸੀ। ਮੇਰੇ ਸੌਹਰਾ ਸਾਹਿਬ ਭਾਵੇਂ ਡਾਕਟਰ ਸਨ ਪਰ ਉਹਨਾਂ ਦੀ ਪਰੈਕਟਿੱਸ ਬਹੁਤੀ ਸਫਲ ਨਹੀਂ ਸੀ ਸੋ ਮੇਰੀ ਕੁੜਮਾਈ ਸਮੇਂ ਜਦੋਂ ਉਹ ਜਲੰਧਰ ਸਗਨ ਦੇਣ ਆਏ ਤਾਂ ਉਹਨੀਂ 101 ਰੁਪੈਏ ਸਗਨ ਪਾਉਣਾ ਚਾਹਿਆ ਪਰ ਪਿਤਾ ਜੀ ਨੇ ਸਿਰਫ ਇੱਕ ਰੁਪਿਆ ਹੀ ਰੱਖਿਆ ਅਤੇ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਰੁਪਏ ਦੀ ਕੀਮਤ ਦਾ ਅਹਿਸਾਸ ਹੋਣਾ ਚਾਹੀਦਾ ਹੈ। ਇਸਦੀ ਕੀਮਤ ਜਦੋਂ ਅਸੀਂ ਘਟਾ ਕੇ ਹੋਰ ਪੈਸੇ ਸਗਨ ਦੇ ਵਿੱਚ ਰੱਖਦੇ ਹਾਂ ਤਾਂ ਰੁਪਏ ਦੀ ਅਹਿਮੀਅਤ ਨੂੰ ਨਹੀਂ ਸਮਝਦੇ। ਇਹੋ ਇੱਕ ਰੁਪਿਆ ਪਿਆਰ ਸਤਿਕਾਰ ਦੇ ਨਾਲ ਦਿੱਤਾ ਹੋਇਆ ਹੋਵੇ ਤਾਂ ਇੱਕ ਰੁਪਏ ਦੀ ਕੀਮਤ ਲੱਖਾਂ ਕਰੋੜਾਂ ਤੋਂ ਵੀ ਕਿਤੇ ਵਾਧੂ ਹੁੰਦੀ ਹੈ ਹੋਰ ਪੈਸੇ ਨੂੰ ਵਧਾ ਕੇ ਦੇਣਾ ਤਾਂ ਪੈਸਾ ਸ਼ੋਹਰਤ ਬਣ ਜਾਇਆ ਕਰਦਾ ਹੈ। ਵਿਆਹਾਂ ਲਈ ਇੰਡੀਆ ਤੋਂ ਲੜਕੇ ਜਾਂ ਲੜਕੀਆਂ ਲਿਆਉਣ ਦੀ ਦੂਸਰੀ ਵਜ੍ਹਾ ਇਹ ਵੀ ਸੀ ਕਿ ਬੱਚਿਆਂ ਦਾ ਸੰਬੰਧ ਆਪਣੇ ਮੁਲਕ ਦੇ ਨਾਲ ਜੁੜਿਆ ਰਹੇਗਾ। ਇਹ ਬੱਚੇ ਆਪਣੀ ਸੱਭਿਅਤਾ ਅਤੇ ਬੋਲੀ ਦੇ ਨਾਲ ਜੁੜੇ ਰਹਿਣਗੇ। ਇਹਨਾਂ ਦੇ ਗਰੀਬ ਮਾਤਾ ਪਿਤਾ ਦਾ ਵੀ ਭਲਾ ਹੋ ਸਕੇਗਾ ਇਹੋ ਜਿਹੀ ਆਦਰਸ਼ਵਾਦੀ ਸੋਚ ਦੇ ਸਾਨੂੰ ਅਨੁਯਾਈ ਬਣਾਇਆ ਹੈ।

ਖੁਦ ਆਪ ਇਹ ਪੜ੍ਹੇ ਲਿਖੇ ਸਨ ਅਤੇ ਹਮੇਸ਼ਾ ਬਚਿੱਆਂ ਨੂੰ ਪੜ੍ਹਨ ਲਈ ਪ੍ਰੇਰਿਤ ਕਰਿਆ ਕਰਦੇ ਸਨ। ਜਿੱਥੇ ਲੋਕਾਂ ਦੇ ਬਚਿੱਆਂ ਨੂੰ ਮਾਲੀ ਅਮਦਾਦ ਰਾਹੀਂ ਵੀ ਪੜ੍ਹਨ ਲਈ ਸਹਾਇਕ ਹੁੰਦੇ ਰਹੇ ਸਨ, ਉੱਥੇ ਆਪਣੇ ਬਚਿੱਆਂ ਪ੍ਰਤੀ ਕਿਵੇਂ ਅਣਗਹਿਲੀ ਕਰ ਸਕਦੇ ਸਨ। ਮੈਂ ਅਤੇ ਰਾਜਿੰਦਰ ਉਸ ਸਮੇਂ ਵੱਡੇ ਸੀ ਬਾਕੀ ਤਿੰਨੇ ਭੈਣ ਭਰਾ ਸਕੂਲ ਵਿੱਚ ਹੀ ਹਾਲੇ ਪੜ੍ਹਾਈ ਕਰਨ ਦੇ ਸਮਰੱਥ ਸਨ। ਉਹਨਾਂ ਨੂੰ ਸਕੂਲ ਦਾਖਲ ਕਰਵਾ ਦਿੱਤਾ, ਰਾਜਿੰਦਰ ਨੇ ਕਿਸੇ ਫੈਕਟਰੀ'ਚ ਕੰਮ ਕਰਨਾ

ਬੇਹਤਰ ਸਮਝਿਆ ਅਤੇ ਮੈਂ ਬਰੈਡਫੋਰਡ ਕਾਲਜ ਵਿੱਚ ਪੜ੍ਹਨਾ ਸ਼ੁਰੂ ਕਰ ਦਿੱਤਾ। ਕਿੱਥੇ ਮੈਡੀਕਲ ਅਤੇ ਕਿੱਥੇ ਇੰਜਨੀਅਰਿੰਗ ਆਖਿਰ ਗਣਿਤ ਵਿੱਦਿਆ ਮੇਰੇ ਲਈ ਸਿਰਦਰਦੀ ਬਣ ਗਈ। ਪਰ ਪਿਤਾ ਵਲੋਂ ਚੁਣੌਤੀ ਸੀ ਕਿ ਖਾਲਸਾ ਕਾਲਜ ਵਿੱਚ ਅਜਾਸ਼ੀ ਹੀ ਕੀਤੀ ਹੈ ਸੋ ਹੁਣ ਅਗਰ ਕੋਈ ਅਣਖ ਬਾਕੀ ਰਹਿ ਗਈ ਹੈ ਤਾਂ ਡਿਗਰੀ ਲੈ ਕੇ ਆਪਣੀ ਯੋਗਤਾ ਦਾ ਸਬੂਤ ਦੇ। ਫਿਰ ਕੀ ਸੀ ਮਨ ਤੇ ਜਿਵੇਂ ਕਿਸੇ ਨੇ ਗਹਿਰੀ ਸੱਟ ਮਾਰੀ ਹੋਵੇ ਸੋ ਪਿਛੋਕੜ ਨੂੰ ਭੁੱਲਕੇ ਪੜਾਈ ਕਰਨੀ ਸ਼ੁਰੂ ਕਰ ਦਿੱਤੀ। ਮਿਤੱਰਾਂ ਦੀਆਂ ਯਾਦਾਂ ਅਤੇ ਪੁਰਾਣਾ ਵਕਤ ਸੱਭ ਕੁੱਝ ਭੁੱਲ ਗਿਆ ਅੱਖਾਂ ਦੇ ਸਾਹਮਣੇ ਸਿਰਫ ਲਮਕਦੀ ਤਲਵਾਰ ਹੀ ਦਿਸਦੀ ਸੀ ਪਤਾ ਨਹੀਂ ਕਿਸ ਵੇਲੇ ਇਹ ਵਾਰ ਕਰ ਜਾਵੇ। ਕਹਿੰਦੇ ਹਨ ਮੇਹਨਤ ਦਾ ਫ਼ਲ ਮਿੱਠਾ ਹੀ ਹੁੰਦਾ ਹੈ ਸੋ ਮੇਰੀ ਮੇਹਨਤ ਵਰ ਆ ਗਈ ਅਤੇ ਮੈਂ ਕੈਮੀਕਲ ਇੰਜਨੀਅਰਿੰਗ ਦੀ ਆਨਰਸ ਡਿਗਰੀ ਪ੍ਰਾਪਤ ਕਰ ਲਈ। ਉਸਤੋਂ ਉਪਰੰਤ ਲੀਡਜ਼ ਯੂਨੀਵਰਸਿਟੀ ਵਿੱਚ ਮਾਸਟਰਸ ਡਿਗਰੀ ਕਰਨ ਲਈ ਪੜਨਾ ਸ਼ੁਰੂ ਕਰ ਦਿੱਤਾ। ਇਹਨਾਂ ਦਿਨਾਂ ਦੌਰਾਨ ਰਿਸ਼ਤੇਦਾਰ ਵੀ ਗੱਲਾਂ ਕਰਨ ਲੱਗ ਪਏ ਕਿ ਕੀ ਤੁਹਾਡੇ ਲੜਕੇ ਨੇ ਪੜੀ ਹੀ ਜਾਣਾ ਹੈ। ਕੀ ਤੁਸੀਂ ਕਦੇ ਇਸਦੇ ਵਿਆਹ ਕਰਨ ਵਾਰੇ ਨਹੀ ਸੋਚਿਆ। ਮਾਤਾ ਪਿਤਾ ਨੂੰ ਵੀ ਇਹ ਗੱਲਾਂ ਨਹੋਰੇ ਵਾਂਗ ਤੰਗ ਕਰਨ ਲੱਗੀਆਂ ਆਖਿਰ ਗੱਲ ਵਿਆਹ ਕਰ ਦੇਣ ਵਿੱਚ ਹੀ ਨਿੱਬੜੀ। ਪਿਤਾ ਜੀ ਹੋਰੀਂ ਰਾਜਿੰਦਰ ਦਾ ਵਿਆਹ ਪਹਿਲਾਂ ਕਰ ਦਿੱਤਾ ਸੀ ਕਿਉਂਕਿ ਉਹ ਇੰਗਲੈਂਡ ਆਉਂਦਾ ਹੀ ਕੰਮ ਕਰਨ ਲੱਗ ਪਿਆ ਸੀ। ਮੈਂ ਪੜਾਈ ਕਰਨ ਵਿੱਚ ਰੁੱਝਾ ਰਿਹਾ ਸੀ ਸੋ ਮੇਰੀ ਬਾਰੀ ਹਾਲੇ ਦੂਰ ਸੀ। ਕਹਿੰਦੇ ਹਨ ਕਿ ਬੱਚਾ ਅਗਰ ਵੱਡੀ ਉਮਰ ਦਾ ਹੋ ਜਾਵੇ ਅਤੇ ਵਿਆਹ ਹਾਲੇ ਹੋਇਆ ਨਾਂ ਹੋਵੇ ਤਾਂ ਲੋਕੀ ਕਈ ਤਰਾਂ ਦੇ ਕਿਆਫੇ ਲਾਉਣ ਲੱਗ ਜਾਇਆ ਕਰਦੇ ਹਨ। ਰਿਸ਼ਤੇਦਾਰ ਵੀ ਮੇਹਣੇ ਮਾਰਨ ਲੱਗ ਜਾਇਆ ਕਰਦੇ ਹਨ। ਇਹਨਾਂ ਹਾਲਾਤਾ ਨੂੰ ਘੋਖਦਿਆਂ ਪਿਤਾ ਜੀ ਨੇ ਫੈਸਲਾ ਕਰ ਲਿਆ ਕਿ ਬਰਖੁਰਦਾਰ ਦਾ ਵਿਆਹ ਸ਼ੇਤੀਂ ਕਰ ਦੇਣਾ ਚਾਹੀਦਾ ਹੈ ਸੋ ਅਜਿਹਾ ਹੀ ਹੋਇਆ। ਇਹਨਾਂ ਦੇ ਇੱਕ ਗੂੜ੍ਹੇ ਮਿਤੱਰ ਖਨੌੜੇ ਤੋਂ ਨੰਬਰਦਾਰ ਝੰਡਾ ਸਿੰਘ ਜੀ ਸਨ। ਉਹ ਮੇਰਾ ਰਿਸ਼ਤਾ ਕਰਨ ਲਈ ਬਹੁਤ ਸਮੇਂ ਤੋਂ ਮੇਰੇ ਪਿਤਾ ਜੀ ਨੂੰ ਕਹਿ ਵੀ ਰਹੇ ਸਨ ਖੈਰ ਰਿਸ਼ਤਾ ਤਹਿ ਹੋ ਗਿਆ। ਮੈਨੂੰ ਤਾਂ ਉਸ ਵਕਤ ਹੀ ਪਤਾ ਲੱਗਾ ਜੱਦ ਪਿਤਾ ਜੀ ਨੇ ਕਿਹਾ ਕਿ ਆ ਕੇ ਇਸ ਕੁਰਸੀ ਤੇ ਬੈਠ ਜਾ ਅਤੇ ਝੋਲ੍ਹੀ ਵਿੱਚ ਕੁੜਮਾਈ ਦਾ ਸਗਨ ਪੁਆ ਲੈ। ਪੁਤੱਰ ਦੀ ਕੀ ਮਿਜ਼ਾਜ ਸੀ ਕਿ ਉਹ ਕੁੱਝ ਕਹਿ ਸਕਦਾ। ਪਿਤਾ ਜੀ ਦਾ ਡਰ ਵੀ ਸੀ, ਉਹਨਾਂ ਨੂੰ ਹਾਂ ਜੀ ਕਹਿ ਕੇ ਬੈਠ ਗਿਆ ਕੁੜਮਾਈ ਹੋ ਗਈ। ਮਹਿਫਲਾਂ ਸੱਜ ਗਈਆਂ, ਫਿਰ ਕੀ ਸੀ ਮੌਜਾਂ ਹੀ ਮੌਜਾਂ ਲੱਗ ਗਈਆਂ ਘਰ ਦੇ ਵੀ ਖੁਸ਼ ਅਤੇ ਬਾਹਿਰਲੇ ਵੀ ਖੁਸ਼ ਹੋ ਗਏ। ਮੇਰੀ ਛੋਟੀ ਭੇਣ ਜਸਵਿੰਦਰ ਦਾ ਰਿਸ਼ਤਾ ਯੂ.ਪੀ. ਤੋਂ ਪ੍ਰਿਥੀਪਾਲ ਸਿੰਘ ਸਪੁੱਤਰ ਕੈਪਟਨ ਪ੍ਰੀਤਮ

ਸਿੰਘ ਸਹੋਤਾ ਦੇ ਨਾਲ ਕਰਨਾ ਤਹਿ ਹੋ ਚੁੱਕਾ ਸੀ। ਸੋ ਇਹ ਦੋਵੇਂ ਜੀਅ ਕੁਲਵਿੰਦਰ ਕੌਰ ਸਪੁੱਤਰੀ ਡਾਕਟਰ ਇੰਦਰ ਸਿੰਘ ਰਾਣਾ ਕਾਲਕਾ ਤੋਂ ਅਤੇ ਪ੍ਰਿਥੀਪਾਲ ਸਿੰਘ ਸੰਨ 1975 ਔਕਤੂਬਰ ਦੇ ਮਹੀਨੇ ਇੰਗਲੈਂਡ ਆ ਗਏ ਅਤੇ ਸਾਡੇ ਦੋਵਾਂ ਦੇ ਵਿਆਹ ਪਹਿਲੀ ਨਵੰਬਰ ਅਤੇ 2 ਤਾਰੀਖ ਨੂੰ ਕਰ ਦਿੱਤੇ ਗਏ। ਇਸੇ ਸਾਲ ਦੌਰਾਨ ਮੈਂ ਲੀਡਸ ਯੂਨੀਵਰਸਿਟੀ ਵਿੱਚ ਫੂਡ ਟੈਕਨੌਲੋਜੀ ਦੇ ਵਿਸ਼ੇ ਤੇ ਐਮ. ਐਸੀ ਕਰਦਾ ਸੀ ਇਸੇ ਸਾਲ ਵਿਆਹ ਵੀ ਕਰ ਦਿੱਤਾ ਗਿਆ ਫਿਰ ਦੋ ਦੋ ਕੰਮ ਤਾਂ ਹੋਣੇ ਔਖੇ ਸੀ ਪਰ ਹਿੰਮਤ ਨਹੀ ਹਾਰੀ ਅਤੇ ਪੜਾਈ ਜਾਰੀ ਰੱਖੀ। ਇੱਕ ਸਾਲ ਬਾਦ ਕਾਕੇ ਜਿਤਿੰਦਰ ਦਾ ਜਨਮ ਹੁੰਦਾ ਹੈ।

ਪਰਮਾਤਮਾ ਨੇ ਰਾਜਿੰਦਰ ਦੇ ਘਰ ਸੰਨ 1971 ਵਿੱਚ 2 ਫਰਵਰੀ ਨੂੰ ਭੁਜੰਗੀ ਦੀ ਦਾਤ ਬਖਸ਼ੀ। ਇਹ ਸਰਦਾਰ ਸਾਹਿਬ ਦਾ ਪਹਿਲਾ ਪੋਤਾ ਸੀ ਜਿਸਦੇ ਜਨਮ ਤੇ ਘਰ ਵਿੱਚ ਖੁਸ਼ੀ ਦੀ ਲਹਿਰ ਚਮਕੀ। ਇਸ ਬੱਚੇ ਦਾ ਨਾਮ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਹੁਕਮ ਨਾਮੇ ਤੋਂ ਉਚਾਰੇ ਗਏ ਪਹਿਲੇ ਅੱਖਰ 'ਸ' ਤੋਂ ਸਰਬਜੀਤ ਸਿੰਘ ਰਖਿੱਆ ਗਿਆ। ਇਸਦਾ ਨਿੱਕ ਨੇਮ ਬੌਬੀ ਅੱਜਤੱਕ ਪੁਕਾਰਿਆ ਜਾਂਦਾ ਹੈ। ਘਰ ਦੇ ਵਿੱਚ ਇਹ ਪਹਿਲਾ ਬੱਚਾ ਸੀ ਜਿਸਨੇ ਘਰ ਦੇ ਸਾਰੇ ਜੀਆਂ ਤੋਂ ਬੇਹੱਦ ਪਿਆਰ ਮਾਣਿਆ, ਬਾਬੇ ਦਾ ਵੀ ਸੁੱਖ ਨਾਲ ਰੱਜ ਕੇ ਲਾਡਲਾ ਪੋਤਾ ਸੀ। ਮੈਂ ਉਸ ਸਮੇਂ ਲਿਵਰਪੂਲ ਕੈਮੀਕੱਲ ਇੰਜਨੀਅਰਿੰਗ ਦੀ ਡਿਗਰੀ ਕਰਦਾ ਸੀ, ਅਤੇ ਮੈਂ ਜਦੋਂ ਲੀਡਜ਼ ਆਉਂਣਾ ਤਾਂ ਬੌਬੀ ਲਈ ਵੱਡੀਆਂ ਵੱਡੀਆਂ ਖੇਡਾਂ ਲਿਆਉਣੀਆਂ। ਇਸਤੋਂ ਬਾਦ ਲੜਕੀ ਪਰਦੀਪ ਕੌਰ ਅਤੇ ਤਰਵਿੰਦਰ ਕੌਰ ਦਾ ਜਨਮ ਹੋਇਆ। ਸਾਰਿਆਂ ਤੋਂ ਛੋਟੇ ਕਾਕੇ ਦਾ ਨਾਮ ਗੁਰਸਿਮਰਨ ਰੱਖਿਆ ਗਿਆ, ਇਹ ਚਾਰ ਬੱਚੇ ਰਾਜਿੰਦਰ ਦੇ ਹਨ। ਬੌਬੀ ਦੇ ਪਹਿਲੇ ਜਨਮ ਦਿਹਾੜੇ ਤੋਂ ਪਹਿਲਾਂ ਹੀ 3 ਐਵਰਸਟਨ ਲੀਡਸ 6 ਦਾ ਘਰ ਵੇਚ ਕੇ ਅਸੀਂ ਸਮੂਹ ਪਰਿਵਾਰ ਸਮੇਤ 17 ਸ਼ੈਡਵੈਲ੍ਹ ਵਾਕ ਲੀਡਸ 17 ਦੇ ਨਵੇਂ ਘਰ ਵਿੱਚ ਆ ਗਏ ਸੀ। ਇਹ ਘਰ ਨਵੀਨ ਢੰਗ ਦਾ ਬਣਿਆ ਹੋਇਆ ਸੀ ਪਹਿਲੇ ਘਰ ਦੇ ਕਮਰਿਆਂ ਨਾਲੋਂ ਛੋਟਾ ਘਰ ਸੀ। ਰਾਜਿੰਦਰ ਦੇ ਵਿਆਹ ਸਮੇਂ ਪਹਿਲੇ ਘਰ ਵਿੱਚ 42 ਮਹਿਮਾਨ ਸਾਂਭੇ ਗਏ ਸਨ ਪਰ ਨਵੇਂ ਘਰ ਦੀ ਸਮਰੱਥਾ ਬਹੁਤ ਘੱਟ ਸੀ। ਬੌਬੀ ਦਾ ਪਹਿਲਾ ਜਨਮ ਦਿਹਾੜਾ ਇਸ ਘਰ ਦੇ ਵਿੱਚ ਮਨਾਇਆ ਗਿਆ ਸੀ। ਮੇਰੇ ਵੱਡੇ ਲੜਕੇ ਜਿਤਿੰਦਰ ਸਿੰਘ ਦੀ ਪੈਦਾਇਸ਼ 5 ਅਗੱਸਤ 1975 ਦੀ ਹੈ। ਇਸ ਪੋਤੇ ਦੇ ਜਨਮ ਤੇ ਵੀ ਬਾਬੇ ਦਾਦੀ ਨੇ ਬਹੁਤ ਖੁਸ਼ੀ ਦਾ ਪ੍ਰਗਟਾਵਾ ਕੀਤਾ ਸੀ ਅਤੇ ਪਹਿਲੇ 5 ਵਰ੍ਹੇਗੰਢ ਦੇ ਮੌਕੇ ਤੇ ਘਰ ਦੇ ਵਿੱਚ ਸ੍ਰੀ ਅਖੰਡਪਾਠ ਕਰਵਾਏ ਗਏ ਸਨ ਅਤੇ ਨਾਮਵਰ ਰਾਗੀ ਜੱਥੇ ਸੱਦੇ ਗਏ ਸਨ। ਇੱਕ ਸਾਲ ਚੰਡੀਗੜ ਤੋਂ ਸੰਤ ਜੀ ਵੀ ਲੀਡਜ਼ ਆਏ ਹੋਏ ਸਨ। ਪਰਵਾਰ

ਦੇ ਵਿੱਚ ਧਰਮ ਦੀ ਪਰਪੱਕਤਾ ਹੋਣ ਕਾਰਣ ਇਹਨਾਂ ਸਾਰਿਆ ਬਚਿੱਆਂ ਦੇ ਜਨਮ ਦਿਨਾਂ ਤੇ ਘਰ ਵਿੱਚ ਸ੍ਰੀ ਅਖੰਡ ਪਾਠ ਆਰੰਭ ਕੀਤੇ ਜਾਂਦੇ ਸਨ ਅਤੇ ਮਸ਼ਹੂਰ ਰਾਗੀ ਜੱਥਿਆਂ ਨੂੰ ਸੱਦ ਕੇ ਕੀਰਤਨ ਦਰਬਾਰ ਸਜਾਇਆ ਜਾਂਦਾ ਸੀ। ਇਹ ਪ੍ਰੰਮਪਰਾ ਹਰ ਬੱਚੇ ਦੇ ਜਨਮ ਦਿਨ ਤੇ ਇਸੇ ਤਰਹ ਚੱਲਦੀ ਰਹੀ। ਮੇਰੇ ਪਰਿਵਾਰ ਵਿੱਚ ਜਿਤਿੰਦਰ ਤੋਂ ਬਾਦ ਬੱਚੀ ਬਲਜਿੰਦਰ ਕੌਰ, ਫਿਰ ਕਾਕਾ ਅਮਨਦੀਪ ਸਿੰਘ, ਅਤੇ ਇਸਤੋਂ ਛੋਟਾ ਕਾਕਾ ਗੁਰਵਿੰਦਰ ਸਿੰਘ ਹੋਇਆ ਹੈ। ਮੇਰੀ ਛੋਟੀ ਭੈਣ ਜਸਵਿੰਦਰ ਕੌਰ ਦੇ ਤਿੰਨ ਲੜਕੇ ਗੁਰਪ੍ਰੀਤ ਸਿੰਘ, ਸਤਵੀਰ ਸਿੰਘ ਅਤੇ ਕੁਲਬੀਰ ਸਿੰਘ ਹਨ। ਮੇਰੇ ਛੋਟੇ ਭਰਾ ਰਾਮਿੰਦਰ ਸਿੰਘ ਦੇ ਘਰ ਕਾਕਾ ਰਾਜਵੀਰ ਸਿੰਘ ਅਤੇ ਲੜਕੀ ਭਵਨੀਤ ਕੌਰ ਹੈ। ਸਾਰਿਆਂ ਤੋਂ ਛੋਟੀ ਭੇਣ ਪਰਮਿੰਦਰ ਕੌਰ ਦੇ ਘਰ ਇੱਕ ਲੜਕਾ ਜਗਦੀਪ ਸਿੰਘ ਹੈ। ਮਾਤਾ ਪਿਤਾ ਜੀ ਦੇ ਪੋਤੇ ਪੋਤੀਆਂ ਅਤੇ ਦੋਹਤੇ ਚੰਗੇ ਪੜੇ ਲਿਖੇ ਹਨ ਅਤੇ ਆਪੋ ਆਪਣੇ ਕੰਮਾ ਕਾਰਾਂ ਵਿੱਚ ਵਿਅੱਸਤ ਹਨ। ਮੇਰੇ ਦੋਵੇਂ ਚਾਚਿਆਂ ਦੇ ਲੜਕੇ ਲੜਕੀਆਂ ਵੀ ਪੜੇ ਲਿਖੇ, ਵਿਆਹੇ ਹੋਏ ਅਤੇ ਚੰਗੇ ਔਹਦਿਆਂ ਤੇ ਕੰਮ ਕਰਦੇ ਹਨ। ਦੁੱਗਲ ਵੰਸਾਵਲੀ ਦਾ ਪੂਰਾ ਵੇਰਵਾ ਅਖੀਰਲੇ ਸਫਿਆਂ ਤੇ ਦਿੱਤਾ ਜਾਵੇਗਾ।

ਹਾਂ ਇਹਨਾਂ ਦਿਨਾਂ ਵਿੱਚ ਹੀ ਪਿਤਾ ਜੀ ਹੋਰੀਂ ਆਪਣੇ ਦੋਸਤ ਕੇ.ਐਸ.ਐਲ. ਆਨੰਦ ਹੋਰਾਂ ਦੇ ਨਾਲ ਰਲ੍ਹ ਕੇ ਗੁੜਗਾਵਾਂ ਦੇ ਨਜਦੀਕ ਡੁੰਡਾਹੇਰਾ ਵਿੱਚ ਦੋ ਫੈਕਟਰੀਆਂ ਦੀ ਜਗ੍ਹਾ ਖਰੀਦਕੇ ਇੱਕ ਵਿੱਚ ਆਨੰਦ ਹੋਰਾਂ ਦੇ ਲੜਕੇ ਡਿੰਕਰ ਲਈ ਇਲੈਕਟਰੌਨਿਕਸ ਦਾ ਕੰਮ ਆਰੰਭ ਕਰ ਦਿੱਤਾ ਸੀ ਅਤੇ ਦੂਸਰੀ ਫੈਕਟਰੀ ਵਿੱਚ ਮੇਰੇ ਲਈ ਕੱਚੀ ਲੱਕੜ ਨੂੰ ਸੀਸਨਿੰਗ ਕਰਨ ਦਾ ਕੰਮ ਆਰੰਭ ਕਰਨਾ ਸੀ। ਇਸ ਫੈਕਟਰੀ ਨੂੰ ਚਾਲੂ ਕਰਨ ਲਈ ਤੈਬਾਨ ਤੋਂ ਮਸ਼ਿਨਰੀ ਦਾ ਔਡਰ ਦਿੱਤਾ ਹੋਇਆ ਸੀ। ਇਹ ਕੰਮ ਕੈਮੀਕੱਲ ਇੰਜਨੀਅਰਿੰਗ ਦਾ ਇੱਕ ਹਿੱਸਾ ਹੈ। ਇਸੇ ਕੰਮ ਦੀ ਸਿਖਲਾਈ ਲੈਣ ਲਈ ਮੇਰੇ ਲਈ ਲੀਡਜ਼ ਦੇ ਲਾਗਲੇ ਕਸਵੇ ਕਾਸਲ੍ਹਫੋਰਡ ਵਿੱਚ ਇੰਤਜਾਮ ਵੀ ਕਰ ਲਿਆ ਗਿਆ ਸੀ ਤਾਂ ਕਿ ਇਸ ਫੈਕਟਰੀ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਭੱਠੀਆਂ ਦੇ ਆਵੇ ਵਾਰੇ ਮੈਨੂੰ ਪੂਰੀ ਜਾਣਕਾਰੀ ਮਿਲ ਸਕੇ। ਪਿਤਾ ਜੀ ਇੰਡੀਆ ਵਿੱਚ ਕੰਮ ਖੋਹਲਣ ਦਾ ਅਤੇ ਇੱਥੇ ਹੀ ਆਪਣੇ ਬੱਚਿਆਂ ਨੂੰ ਵਸਾਉਣ ਦਾ ਖਿਆਲ ਰੱਖਦੇ ਸਨ। ਇਸੇ ਕਾਰਣ ਇਹਨਾਂ ਨੇ ਆਪਣੇ ਦੋਸਤ ਦੇ ਨਾਲ ਮਿਲਕੇ ਮਾਰੂਤੀ ਫੈਕਟਰੀ ਦੇ ਨਾਲ ਲੱਗਦੇ 4 ਖੇਤ ਹੋਰ ਖਰੀਦ ਲਏ ਸੀ। ਆਨੰਦ ਹੋਰੀਂ ਦਿੱਲੀ ਦੇ ਵਿੱਚ ਕਾਫੀ ਰਸੂਖ ਵਾਲੇ ਵਿਅਕਤੀ ਮੰਨੇ ਜਾਂਦੇ ਸਨ ਅਤੇ ਇਹ ਉਸ ਵਕਤ ਇੰਡੀਆ ਦੀ ਫਰਟੇਲਾਈਜ਼ਰ ਕੰਪਨੀ ਦੇ ਜੱਨਰਲ ਮੈਨੇਜਰ ਵੀ ਰਹਿ ਚੁੱਕੇ ਸਨ। ਇਹਨਾਂ ਦੀ ਗਿਆਨੀ ਜ਼ੈਲ ਸਿੰਘ ਜੀ ਅਤੇ ਸ੍ਰੀ ਮਤੀ ਇੰਦਰਾ ਗਾਂਧੀ ਹੋਰਾਂ

ਦੇ ਪਰਿਵਾਰ ਦੇ ਨਾਲ ਕਾਫੀ ਨੇੜਤਾ ਵੀ ਸੀ। ਡਿਗਰੀ ਪ੍ਰਾਪਤ ਕਰਨ ਤੋਂ ਉਪਰੰਤ ਆਖਿਰ ਮੈਨੂੰ ਦਿੱਲੀ ਜਾਣਾ ਪਿਆ ਤਾਂ ਕਿ ਖੁਦ ਫੈਕਟਰੀ ਦੀ ਯੋਗ ਜਾਂਚ ਕਰਵਾਈ ਜਾ ਸਕੇ। ਉਹਨਾਂ ਦਿਨਾ ਵਿੱਚ ਡਾਕਟਰ ਰੰਗੇਨਾਥਨ ਜੀ ਇੰਡੀਆ ਦੇ ਕੈਮੀਕਲ ਵਿਭਾਗ ਦੇ ਮੁਖੀ ਸਾਇੰਸਦਾਨ ਸਨ। ਜਦੋਂ ਇਹਨਾਂ ਤੋਂ ਫੇਕਟਰੀ ਲਾਉਣ ਵਾਰੇ ਪੁੱਛ ਪੜਤਾਲ ਕੀਤੀ ਗਈ ਤਾਂ ਇਹਨੀਂ ਦਸਿੱਆ ਕਿ ਗੁੜਗਾਵਾਂ ਲਕੱੜ ਨੂੰ ਸੀਸਨਿੰਗ ਕਰਨ ਲਈ ਫੇਕਟਰੀ ਲਾਉਣੀ ਘਾਟੇ ਵਿੱਚ ਰਹੇਗੀ ਕਿਉਂਕਿ ਇੱਕ ਦੋ ਵਰ੍ਹੇ ਪਹਿਲਾਂ ਹੀ ਇੰਡੀਆ ਗੌਰਮਿੰਟ ਨੇ ਮੱਧਿਆ ਪ੍ਰਦੇਸ ਵਿੱਚ ਇਹੋ ਜਿਹਾ ਪਲਾਂਟ ਲਾਇਆ ਸੀ। ਕੱਚੀ ਲੱਕੜ ਦੀ ਲੋੜ ਨੂੰ ਪੂਰਾ ਕਰਨ ਲਈ ਬਹੁਤ ਕਿਲੱਤ ਹੋਵੇਗੀ ਸੋ ਉਹਨਾਂ ਦੀ ਦਿੱਤੀ ਇਸ ਤਜਵੀਜ਼ ਨੂੰ ਧਿਆਨ ਵਿੱਚ ਰੱਖਦਿਆਂ ਇਹ ਪ੍ਰੋਜੈਕਟ ਖਾਰਜ਼ ਕਰਨਾ ਪਿਆ ਸੀ। ਇਸ ਹਾਲਤ ਵਿੱਚ ਮੇਰਾ ਉੱਥੇ ਹੋਰ ਰਹਿਣਾ ਵਿੱਅਰਥ ਸੀ ਸੋ ਮੈਨੂੰ ਵਾਪਿਸ ਇੰਗਲੈਂਡ ਆਉਣਾ ਹੀ ਪਿਆ। ਵਾਪਿਸ ਆਉਣ ਦੀ ਇਹੋ ਵਜ਼ਾ ਵੀ ਸੀ ਕਿ ਆਨੰਦ ਸਾਹਿਬ ਦੀ ਨੀਤ ਸਾਫ਼ ਨਹੀਂ ਸੀ ਨਜ਼ਰ ਆਉਂਦੀ ਇਹ ਖੁੱਦ ਮੇਰੀ ਰਿਹਾਇਸ਼ ਵਾਲੀ ਜਗ੍ਹਾ ਆਪ ਟਿਕ ਗਏ ਸਨ ਇਹਨੀਂ ਆਪਣਾ ਮਕਾਨ ਜੋ ਗਰੇਟਰ ਕੈਲਾਸ਼ ਪੁਰੀ ਹੁੰਦਾ ਸੀ ਉਸਨੂੰ ਵੇਚ ਦਿੱਤਾ ਸੀ। ਇੱਕ ਮੇਰੇ ਨਾਮ ਤੇ ਐਂਮਬੈਸੇਡਰ ਕਾਰ ਖਰੀਦੀ ਸੀ ਜਿਸਦਾ ਇਹਨੀਂ ਕਦੀ ਕੋਈ ਜਿਕਰ ਨਹੀਂ ਸੀ ਕੀਤਾ। ਮੇਰੇ ਲਈ ਫੈਕਟਰੀ ਦੇ ਹਿਸਾਬ ਕਿਤਾਬ ਦੀ ਪੜਤਾਲ ਕਰਨੀ ਜਰੂਰੀ ਵਿਸ਼ਾ ਬਣ ਗਿਆ। ਭਾਵੇਂ ਮੇਰੀ ਆਪਣੀ ਡਿਗਰੀ ਕੈਮੀਕੱਲ ਇੰਜਨੀਅਰਿੰਗ ਦੀ ਸੀ ਅਤੇ ਡਿੰਕਰ ਦਾ ਕੰਮ ਇਲਕਟਰੌਨਿਕਸ ਦਾ ਸੀ ਪਰ ਫਿਰ ਵੀ ਮੈਂ ਡਾਕਟਰ ਰੰਗਾਨਾਥਨ ਹੋਰਾਂ ਦੇ ਵੱਡੇ ਜਵਾਈ ਨੂੰ ਕਹਿ ਕੇ ਜੋ ਕਿ ਇੰਡੀਆਂ ਦੀ ਕਿਸੇ ਵੱਡੀ ਇਲੈਕਟਰੌਨਿਕਸ ਫੈਕਟਰੀ ਦੇ ਮੁਖੀ ਇੰਜਨੀਅਰ ਸੀ ਉਹਨਾਂ ਨੂੰ ਲਿਆ ਕੇ ਡੁੰਡਾਹੇਰਾ ਵਾਲੀ ਫੈਕਟਰੀ ਦੇ ਸਾਰੇ ਹਿਸਾਬ ਕਿਤਾਬ ਦੀ ਪੁੱਛ ਪੜਤਾਲ ਕਰਵਾਈ। ਜਦੋਂ ਹਿਸਾਬ ਕੀਤਾ ਗਿਆ ਤਾਂ ਲੱਖਾਂ ਦਾ ਹੇਰਫੇਰ ਆਨੰਦ ਹੋਰੀ ਕੀਤਾ ਹੋਇਆ ਪ੍ਰਤੱਖ ਸਾਹਮਣੇ ਆਇਆ। ਆਨੰਦ ਹੋਰੀ ਤਾਂ ਹੱਕੇ ਬੱਕੇ ਰਹਿ ਗਏ ਜਦੋਂ ਉਹਨਾਂ ਦੀਆਂ ਆਪਣੀਆਂ ਕਰਤੂਤਾਂ ਜ਼ਾਹਿਰਾ ਤੌਰ ਤੇ ਸਾਹਮਣੇ ਆਈਆਂ। ਮੇਰਾ ਇੱਕ ਸਾਲ ਇੰਡੀਆ ਦੇ ਵਿੱਚ ਰਹਿਣ ਤੋਂ ਬਾਦ ਵਾਪਿਸ ਇੰਗਲੈਂਡ ਆਉਣਾ ਅਤੇ ਨੌਕਰੀ ਲੱਭਣੀ ਬੜੀ ਔਖੀ ਗੱਲ ਸੀ। ਲੰਮੇ ਸਮੇਂ ਦਾ ਵਕਫਾ ਪੈ ਜਾਣ ਕਰਕੇ ਮੇਰੇ ਲਈ ਦੁਬਾਰਾ ਆਪਣੀ ਪੜਾਈ ਦੇ ਮੁਤਾਬਿਕ ਮੈਨੂੰ ਕੰਮ ਨਹੀ ਸੀ ਮਿਲ ਸਕਦਾ। ਅਜਿਹਾ ਹੀ ਹੋਇਆ ਜਦੋਂ ਵੀ ਮੈਂ ਇੰਟਰਵਿਊ ਲਈ ਜਾਣਾ ਪਹਿਲਾ ਸਵਾਲ ਇਹੋ ਹੁੰਦਾ ਸੀ ਕਿ ਡਿਗਰੀ ਕਰਨ ਤੋਂ ਬਾਦ ਤੁਰੰਤ ਕੰਮ ਲਈ ਕਿਉਂ ਨਹੀ ਸੀ ਅਰਜ਼ੀ ਦਿੱਤੀ। ਮੇਰੀ ਲਾਈਨ ਦਾ ਕੰਮ ਮਿਲਣਾ ਵੀ ਮੁਸੀਬਤ ਬਣ ਗਈ। ਕੰਮ ਦੀ ਤਲਾਸ਼ ਤਾਂ ਕਰਨੀ ਹੀ ਪੈਣੀ ਸੀ ਸੋ ਫਿਰ ਨੌਕਰੀ ਦੀ ਤਲਾਸ਼ ਕਰਦੇ ਰਹੇ ਆਖਿਰ

ਇੱਕ ਦਿਨ ਆਰਜ਼ੀ ਤੌਰ ਤੇ ਨੌਕਰੀ ਮਿਲ ਹੀ ਗਈ। ਇਹ ਕੰਮ ਸਕੂਲਾਂ ਦੇ ਵਿੱਚ, ਅੰਗ੍ਰੇਜ਼ ਅਧਿਆਪਕਾਂ, ਹੈਡਮਾਸਟਰਾਂ ਅਤੇ ਆਪਣੇ ਬੱਚਿਆਂ ਨੂੰ ਸਿੱਖ ਧਰਮ ਵਾਰੇ ਪੜਾਉਣ ਦਾ ਕੰਮ ਸੀ। ਕੁੱਝ ਸਮਾ ਇੱਥੇ ਕੰਮ ਕੀਤਾ ਫਿਰ ਮੈਨੂੰ ਕਿਸੇ ਹੋਰ ਸਕੂਲ ਵਿੱਚ ਕੰਮ ਮਿਲ ਗਿਆ। ਆਪਣੇ ਕੰਮ ਦੇ ਨਾਲ ਨਾਲ ਹੀ ਮੈਂ ਪੜਾਈ ਜਾਰੀ ਰੱਖੀ ਅਤੇ ਪੀ.ਜੀ.ਸੀ.ਈ. ਦੀ ਪੋਸਟ ਗਰੈਜੁਏਸ਼ਨ ਵੀ ਕਰ ਲਈ। ਫਿਰ ਸਾਰੀ ਜਿੰਦਗੀ ਸਕੂਲ ਵਿੱਚ ਅਧਿਆਪਕ ਬਣ ਕੇ ਵੱਖ ਵੱਖ ਸਕੂਲਾਂ ਵਿੱਚ ਪੜ੍ਹਾਉਂਦਿਆਂ ਹੀ ਜਿੰਦਗੀ ਦੇ ਸਫਰ ਨੂੰ ਤਹਿ ਕਰਦਿਆਂ ਹੁਣ ਰਿਟਾਇਰਮੈਂਟ ਲੈ ਕੇ ਬਾਕੀ ਦੀ ਉਮਰ ਵਿੱਚ ਦਿਨ ਕਟੀ ਹੋ ਰਹੀ ਹੈ। ਕਈ ਸੰਸਥਾਵਾਂ ਦਾ ਮੁਖੀ ਹੁੰਦਿਆਂ ਕੌਮ ਭਲਾਈ ਦੀ ਸੇਵਾ ਵਿੱਚ ਵਿਅਸਤ ਰਹਿੰਦਾ ਹਾਂ। ਆਪਣੇ ਲੋਕ ਵੀ ਆਪਣੀਆਂ ਸਮਸਿੱਆਵਾਂ ਲੈ ਕੇ ਆਉਂਦੇ ਰਹਿੰਦੇ ਹਨ, ਕਿਸੇ ਦਾ ਭਲਾ ਹੋ ਜਾਵੇ ਚੰਗੀ ਗੱਲ ਹੈ। ਇਹ ਸੇਵਾ ਭਾਵਨਾ ਹਰ ਇਨਸਾਨ ਨੂੰ ਨਸੀਵ ਨਹੀਂ ਹੁੰਦੀ ਸੋ ਵਾਹਿਗੁਰੂ ਦਾ ਸ਼ੁਕਰਾਨਾ ਹੈ।

ਇਸੇ ਸਮੇਂ ਦੌਰਾਨ ਆਪਣੇ ਪਿਤਾ ਜੀ ਵਾਂਗ ਹੀ ਲੋਕ ਭਲਾਈ ਵੱਲ ਡਟੇ ਰਹਿਣਾ ਮੇਰਾ ਉਦੇਸ਼ ਬਣਿਆ ਰਿਹਾ ਹੈ। ਧਾਰਮਿਕ ਰੁਚੀ ਵੀ ਸਿੱਖ ਧਰਮ ਦੇ ਕੰਮ ਕਰਨ ਲਈ ਪ੍ਰੇਰਿਤ ਕਰਦੀ ਰਹੀ ਸੋ ਸ਼ਾਇਦ ਇਸੇ ਵਜ੍ਹਾ ਮੈਂ ਚੈਪਲ-ਟਾਊਨ ਗੁਰਦੁਆਰੇ ਵਿੱਚ ਜਨਰਲ ਸਕੱਤਰ ਦੀ ਸੇਵਾ ਵੀ ਕੁੱਝ ਸਮਾਂ ਨਿਭਾਈ ਹੈ। ਆਪਣੇ ਭਾਈਚਾਰੇ ਦੀ ਤਰੱਕੀ ਅਤੇ ਬੇਹਤਰੀ ਲਈ ਕਾਊਂਸਲ ਦੀ ਕਾਰਗੁਜ਼ਾਰੀ ਵਿੱਚ ਹਿੱਸਾ ਲੇਣਾ ਵੀ ਹਮੇਸ਼ਾਂ ਜਾਰੀ ਰੱਖਿਆ। ਇੰਡੀਆ ਅਤੇ ਇੰਗਲੈਂਡ ਵਿੱਚ ਉੱਚ ਵਿੱਦਿਆ ਪ੍ਰਾਪਤ ਕਰਨ ਦਾ ਲਾਭ ਇਹ ਵੀ ਹੋਇਆ ਕਿ ਮੈਨੂੰ ਆਪਣੀ ਸਭਿੱਅਤਾ ਅਤੇ ਅੰਗ੍ਰੇਜ਼ੀ ਮਾਹੌਲ ਦੀ ਚੋਖੀ ਜਾਣਕਾਰੀ ਹੈ ਇਸੇ ਵਜ਼ਾ ਜਿਸ ਕੰਮ ਨੂੰ ਵੀ ਹੱਥ ਪਾਇਆ ਉਹ ਪਰਮਾਤਮਾ ਦੀ ਦਇਆ ਦ੍ਰਿਸ਼ਟੀ ਦੇ ਨਾਲ ਸਫਲ ਹੋਇਆ। ਬਹੁਤ ਸਾਰੀਆਂ ਸੰਸਥਾਵਾਂ ਜਿਵੇਂ ਐਜੂਕੇਸ਼ਨਲ ਵਰਕਿੰਗ ਕਮੇਟੀ, ਐਥਿਨਿੱਕ ਕਨਸਲਟੇਸ਼ਨ ਐਡਵਾਇਸਰੀ ਬੋਰੜ ਦੇ ਐਗਜੈਕਟਿਵ ਮੈਂਬਰ, ਲੀਡਜ਼ ਫ਼ੇਥਸ੍ਰ ਫੋਰਮ ਦੇ ਸੰਚਾਲਕ, ਬੁਲਾਰੇ ਅਤੇ ਟਰੱਸਟੀ, ਲੀਡਜ਼ ਇਨਿਸ਼ਟਿਵ ਦੇ ਮੁਖੀ ਮੈਂਬਰ, ਲੀਡਜ਼ ਸਿਟੀ ਕਾਊਂਸਲ ਵਿੱਚ ਸਿੱਖ ਰਿਪ੍ਰਸੈਂਟੇਟਿਵ ਜਿਸ ਵਿੱਚ ਪੰਜਾਬੀ ਲੋਕਾਂ ਦੀਆਂ ਸਮੱਸਿਆਵਾਂ ਨੂੰ ਸੁਲਝਾਣਾ, ਪ੍ਰਦੇਸਾਂ ਦੇ ਹਿੱਤ ਲਈ ਓੱਥੇ ਦੇ ਨੁਮਾਇੰਦਗਿਆਂ ਨਾਲ ਮੇਲ਼-ਜੋਲ ਕਾਇਮ ਕਰਨਾ, ਵੈਸਟ ਯੌਰਕਸ਼ਾਇਰ ਪੁਲੀਸ ਦੇ ਰੇਸ਼ੱਲ ਇੰਸੀਡੈਂਟੱਲ ਪੈਨਲ ਦੇ ਮੁਖੀ ਹੋਣਾ, ਲੀਡਜ਼ ਪੁਲੀਸ ਫੋਰਮ ਦੇ ਵਿੱਚ ਸਿੱਖ ਨੁਮਾਇੰਦੇ ਰਹਿਣਾ, ਲੀਡਜ਼ ਦੀ ਵੌਇਸ ਸੰਸਥਾ ਦੇ ਸੰਚਾਲਕ ਅਤੇ ਟਰੱਸਟੀ ਬਣਨਾ, ਸਿਟੀਝੱਨਸ ਐਡਵਾਈਸ ਬਿਊਰੋ ਦੇ ਸੰਚਾਲਕ ਅਤੇ ਟਰੱਸਟੀ ਹੋਣ ਦਾ ਵਾਹਿਗੁਰੂ ਨੇ ਆਪੇ ਮਾਣ ਬਖਸ਼ਿਆ ਹੈ। ਇਹਨਾਂ ਸੰਸਥਾਵਾਂ ਦੇ ਵਿੱਚ ਕੰਮ ਕਰਨ ਦਾ ਜੋ ਲਾਭ ਹੋਇਆ ਇਸੇ ਤਜ਼ਰਬੇ

ਦੇ ਨਾਲ ਲੋਕ ਭਲਾਈ ਹਿੱਤ ਲੋਕਾਂ ਦੀਆਂ ਲੋੜਾਂ ਦੀ ਪੂਰਤੀ ਕਰ ਸਕਣ ਦੇ ਸਮਰੱਥ ਹੋ ਸਕਿਆ ਹਾਂ। ਜਿੱਥੇ ਆਪਣੀ ਮਨੋਵਿਰਤੀ ਦਾ ਵਿਕਾਸ ਹੋਇਆ ਇਸਦੇ ਨਾਲ ਨਾਲ ਕੌਮ ਦੇ ਕਈ ਕਾਰਜ਼ ਸਿੱਧ ਹੋਏ ਹਨ। ਮੇਰੇ ਆਪਣੇ ਕੰਮਾ ਕਾਰਾਂ ਦਾ ਵਿਸਥਾਰ ਦੇਣਾ ਸ਼ਾਇਦ ਹੱਥ ਲਿਖਤ ਮਜਮੂਨ ਦੇ ਅਨੁਕੂਲ ਵਿਸ਼ਾ ਨਹੀ ਹੈ। ਆਪਣੇ ਵਾਰੇ ਕੁੱਝ ਲਿਖਣਾ ਜਰੂਰੀ ਇਸ ਕਰਕੇ ਬਣਦਾ ਹੈ ਕਿ ਇਹ ਪ੍ਰਾਪਤੀਆਂ ਪਿਤਾ ਜੀ ਦੀ ਆਪਣੀ ਹੱਲਾਸ਼ੇਰੀ ਅਤੇ ਬਚਿੱਆਂ ਪ੍ਰਤੀ ਉਹਨਾ ਵੱਲੋਂ ਆਪਣੇ ਫਰਜਾਂ ਦੀ ਅਦਾਇਗੀ ਦੀ ਮਹਾਨ ਦੇਣ ਹੈ।

ਅੱਜਕਲ੍ਹ 32 ਸਾਲਾਂ ਤੋਂ ਬਰੀਟਿਸ਼ ਐਜੁਕੇਸ਼ਨਲ ਐਂਡ ਕੱਲਚਰਲ ਐਸੋਸੀਏਸ਼ਨ ਔਫ ਸਿੱਖਸ ਦੇ ਬਾਨੀ ਅਤੇ ਮੁਖੀ ਸੰਚਾਲਕ ਪ੍ਰਧਾਨ ਦੇ ਤੌਰ ਤੇ ਕੌਮੀ ਸੇਵਾ ਕਰ ਰਿਹਾ ਹਾਂ। ਇਹ ਸੰਸਥਾ ਇੰਗਲੈਂਡ ਅਤੇ ਯੌਰਪ ਵਿੱਚ ਉੱਚ ਪੱਧਰ ਦੀ ਜਾਣੀ ਜਾਂਦੀ ਹੈ। ਅੱਜਕਲ੍ਹ ਇਸ ਸੰਸਥਾ ਨੇ ਬਰਖੁਰਦਾਰ ਜਸਜੀਤ ਸਿੰਘ ਨੂੰ ਲੀਡਜ਼ ਯੂਨੀਵਰਸਿਟੀ ਵਿੱਚ ਪੀ.ਐਚ.ਡੀ ਕਰਨ ਲਈ ਸਪੌਂਸਰ ਕੀਤਾ ਹੋਇਆ ਸੀ ਜਿਹਨਾਂ ਦੀ ਡਾਕਟਰੇਟ ਦੀ ਡਿਗਰੀ ਇਸੇ ਸਾਲ ਮੁਕੰਮਲ ਹੋਈ ਹੈ। ਉਹਨਾਂ ਦੇ ਪਰੀਖਿਅਕਾਂ ਵਿੱਚੋਂ ਆਪਣੀ ਸੰਸਥਾ ਵੱਲੋਂ ਮੈਂ ਇੱਕ ਪਰੀਖਿਅਕ ਦੇ ਤੌਰ ਤੇ ਲੀਡਜ਼ ਯੂਨਵਿਰਸਿਟੀ ਵੱਲੋਂ ਸਹਾਇਕ ਰਿਹਾ ਹਾਂ। ਇਸ ਸਤੰਬਰ 2012 ਦੇ ਮਹੀਨੇ ਬਰਖੁਰਦਾਰ ਜਸਜੀਤ ਸਿੰਘ ਜੀ ਨੂੰ ਬ੍ਰੀਟੇਨ ਦੇ ਹਾਈ ਕਮਿਸ਼ਨਰ ਹੋਰੀਂ ਦਿੱਲੀ ਸੱਦੇ ਤੇ ਬੁਲਾਇਆ ਸੀ ਅਤੇ ਇਸ ਮੌਕੇ ਤੇ ਹਿੰਦੁਸਤਾਨ ਦੀ ਸਰਕਾਰ ਵੱਲੋਂ ਵੀ ਕੁੱਝ ਨੁਮਾਇੰਦੇ ਉਹਨਾਂ ਨੂੰ ਮਿਲਣ ਲਈ ਪਹੁੰਚੇ ਹੋਏ ਸਨ। ਇਹਨਾਂ ਦੇ ਪੀ.ਐਚ,ਡੀ ਦਾ ਮਜਮੂਨ ਪੱਛਮ ਵਿੱਚ ਰਹਿੰਦਿਆਂ ਸਿੱਖ ਨੌਜਬਾਨਾ ਦੀ ਆਪਣੀ ਪਛਾਣ ਅਤੇ ਸਿੱਖ ਧਰਮ ਦੀ ਵਿੱਦਿਆ ਪ੍ਰਾਪਤ ਕਰਨ ਦੇ ਸਰੋਤ ਨੂੰ ਜਾਨਣ ਦਾ ਵਿਸ਼ਾ ਹੈ। ਸਾਡੀ ਸੰਸਥਾ ਲਈ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਇਸ ਸੰਸਥਾ ਨੇ ਕੌਮੀ ਜਾਗ੍ਰਤੀ ਲਈ ਇਸ ਯੋਜਨਾ ਨੂੰ ਅਪਨਾਇਆ ਹੈ। ਇਸਦੀ ਸਫਲਤਾ ਆਉਣ ਵਾਲੇ ਸਮੇਂ ਸਿੱਖ ਕੌਮ ਦੀ ਪਨੀਰੀ, ਗੁਰੂਘਰਾਂ ਲਈ ਅਤੇ ਅੰਗ੍ਰੇਜ਼ਾਂ ਲਈ ਲਾਭਦਾਇਕ ਸਿੱਧ ਹੋਵੇਗੀ। ਇੰਗਲੈਂਡ ਵਿੱਚ ਰਹਿੰਦਿਆਂ ਆਪਣੇ ਲੋਕਾਂ ਦੀ ਭਲਾਈ ਲਈ ਕੰਮ ਕਰਨੇ ਹਰ ਇੱਕ ਸਿੱਖ ਦਾ ਫ਼ਰਜ ਬਣਦਾ ਹੈ। ਮੇਰੇ ਪਿਤਾ ਜੀ ਮੇਰੇ ਲਈ ਆਦਰਸ਼ਕ ਰਾਹਬਰ ਸਾਬਿਤ ਹੋਏ ਹਨ ਜਿਹਨਾਂ ਦੇ ਅਸੂਲਾਂ ਨੂੰ ਅਪਨਾਉਣਾ ਅਤੇ ਦਰਸਾਏ ਗਏ ਮਾਰਗ ਤੇ ਤੁਰਨਾ ਮੇਰਾ ਫ਼ਰਜ ਬਣਿਆ ਰਿਹਾ ਹੈ ਅਤੇ ਲੋਕ ਭਲਾਈ ਦੇ ਸਿਧਾਂਤ ਨੂੰ ਸੰਪੰਨ ਕਰਨ ਦੇ ਵਿੱਚ ਇਸ ਯੋਗਦਾਨ ਦੀ ਸਫਲਤਾ ਉਸ ਦਾਤੇ ਦੀ ਆਪਣੀ ਹੀ ਵੱਡਿਆਈ ਕਹੀ ਜਾ ਸਕਦੀ ਹੈ। ਸਾਡੇ ਪਰਿਵਾਰ ਨੂੰ ਇਹ ਰੱਬੀ ਦੇਣ ਹੈ ਕਿ ਅਸੀਂ ਆਪਣੀ ਕਾਰ, ਪੈਟਰੌਲ, ਟੈਲੀਫੋਨ, ਆਪਣਾ ਸਮਾਂ ਅਤੇ

ਪੈਸਾ ਖਰਚ ਕਰਕੇ ਲੋਕ-ਭਲਾਈ ਦਾ ਕੰਮ ਕਰਦੇ ਰਹਿੰਦੇ ਹਾਂ। ਇਹ ਬਖਸ਼ਿਸ਼ ਉਸ ਦਾਤੇ ਦੀ ਆਪਣੀ ਹੀ ਹੈ ਸੋ ਵੱਡਿਆਈ ਵੀ ਉਸੇ ਦੀ ਕਰਨੀ ਸਾਡਾ ਫ਼ਰਜ ਹੈ। ਦੇਸਾਂ ਵਿਦੇਸਾਂ ਤੋਂ ਗੈਰ-ਸਿੱਖਾਂ ਅਤੇ ਆਪਣੇ ਸਮੁੱਚੇ ਸਿੱਖ ਭਾਈਚਾਰੇ ਵੱਲੋਂ ਦੁੱਗਲ ਪਰਿਵਾਰ ਨੂੰ ਮਾਣ ਸਤਿਕਾਰ ਮਿਲਣਾ ਉਸ ਦਾਤੇ ਦੀ ਆਪਣੀ ਰਹਿਮਤ ਹੈ। ਪਿਤਾ ਜੀ ਹੋਰਾਂ ਦੀ ਸ਼ਖਸੀਅਤ ਦਾ ਆਮ ਲੋਕਾਂ ਤੇ ਕਾਫੀ ਪ੍ਰਭਾਵ ਅੱਜ ਵੀ ਦੇਖਿਆ ਜਾ ਸਕਦਾ ਹੈ। ਅੰਗ੍ਰੇਜ਼ ਲੋਕਾਂ ਦੇ ਨਾਲ ਵੀ ਇਹਨਾਂ ਦੇ ਚੰਗੇ ਸੰਬੰਧ ਸਨ। ਇੰਗਲੈਂਡ ਅਤੇ ਇੰਡੀਆ ਦੇ ਵਿੱਚ ਸਮਾਜੀ ਪੱਖ ਤੋਂ ਇਲਾਵਾ ਧਾਰਮਿਕ ਕੰਮਾਕਾਰਾਂ ਦੇ ਵਿੱਚ ਵੀ ਇਹਨਾਂ ਦੀ ਅਣਥੱਕ ਸੇਵਾ ਰਹੀ ਹੈ।

ਅਜੱਕਲ੍ਹ ਮੇਰੇ ਦੋਵੇਂ ਚਾਚਾ ਜੀ ਸਰਦਾਰ ਬਲਦੇਵ ਸਿੰਘ ਅਤੇ ਸਰਦਾਰ ਪ੍ਰੇਮ ਸਿੰਘ ਲੀਡਜ਼ ਗੁਰਦੁਆਰੇ ਦੇ ਵਿੱਚ ਬਤੌਰ ਜਨਰਲ ਸਟੇਜ ਸਕੱਤਰ ਅਤੇ ਬਿਲਡਿੰਗ ਦੇ ਪ੍ਰਧਾਨ ਦੀ ਸੇਵਾ ਨਿਭਾ ਰਹੇ ਹਨ। ਇਹ ਪਿਰਤ ਖਾਨਦਾਨੀ ਇਖਲਾਕ ਦੀ ਰਹਿਨੁਮਾਈ ਕਰਦੀ ਪ੍ਰਤੀਤ ਹੁੰਦੀ ਹੈ ਤਾਂ ਕਿ ਆਪਣੀ ਸਭਿੱਅਤਾ ਤੋਂ ਸਾਡੇ ਬੱਚੇ ਮੁਨਕਰ ਨਾਂ ਹੁੰਦਿਆਂ ਹੋਇਆਂ ਸ਼ੁਰੂ ਤੋਂ ਹੀ ਸਿੱਖ ਧਰਮ ਦੇ ਪੈਰੋਕਾਰ ਬਣੇ ਰਹਿਣ ਅਤੇ ਗੁਰੂ ਸਾਹਿਬਾਨਾਂ ਵੱਲੋਂ ਦਰਸਾਏ ਗਏ ਅਸੂਲਾਂ ਨੂੰ ਅਪਨਾਉਂਦਿਆਂ ਹੋਇਆਂ ਲੋਕ ਭਲਾਈ ਹਿੱਤ ਕੰਮ ਕਰਦੇ ਰਹਿਣਾ ਅਤੇ ਆਪਣਾ ਫਰਜ਼ ਸਮਝਣ। ਇਹੋ ਅੱਜਤਕ੍ਹ ਸਾਡੇ ਪਰਿਵਾਰ ਦਾ ਅਕੀਦਾ ਬਣਿਆ ਰਿਹਾ ਹੈ ਅਤੇ ਵਾਹਿਗੁਰੂ ਦੇ ਚਰਨਾ ਵਿੱਚ ਅਰਜੋਈ ਹੈ ਕਿ ਦੁੱਗਲ ਪਰਿਵਾਰ ਦੀ ਅਗਾਂਹ ਦੀ ਪਨੀਰੀ ਵੀ ਇਹਨਾਂ ਲੀਹਾਂ ਤੇ ਤੁਰਦੀ ਹੋਈ ਪਰਿਵਾਰਿਕ ਮਾਣ ਮਰਿਯਾਦਾ ਨੂੰ ਬਹਾਲ ਕਰਦੇ ਰਹਿਣ। ਪਿਤਾ ਜੀ ਵਾਂਗ ਹਰ ਗੁਰ ਸਿੱਖ ਭਾਈ ਲਈ ਕੌਮ ਦੇ ਦਰਨ ਨੂੰ ਸਮਝਣਾ

ਅਤੇ ਆਪਣੇ ਘਰੇਲੂ ਰੁਝੇਮਿਆਂ ਤੋਂ ਵਕਤ ਕੱਢਦੇ ਹੋਏ ਨਿਸ਼ਕਾਮ ਸੇਵਾ ਭਾਵਨਾ ਦੇ ਨਾਲ ਜਿੰਦਗੀ ਕੌਮ ਦੇ ਲੇਖੇ ਲਾ ਦੇਣੀ ਇਹ ਪਰਮਾਤਮਾਂ ਦੀ ਹੀ ਦੇਣ ਹੋ ਸਕਦੀ ਹੈ ਸੋ ਸਾਰਿਆਂ ਤੇ ਵਾਹਿਗੁਰੂ ਕ੍ਰਿਪਾ ਕਰਨ। ਪੂਰਵਜਿਆਂ ਦਾ ਨੇਕ ਹੋਣਾ ਉਹਨਾਂ ਦੀ ਆਪਣੀ ਆਉਣ ਵਾਲੀ ਔਲਾਦ ਲਈ ਤੌਫੀਕ ਤੋਹਫਾ ਮੰਨਿਆ ਜਾਂਦਾ ਹੈ। ਚੰਗੇ ਵਰੋਸਾਏ ਗੁਣਾ ਵਾਲੇ ਪਰਿਵਾਰਾਂ ਤੇ ਉਸ ਦਾਤੇ ਦੀ ਬਖਸ਼ਿਸ਼ ਹੋਇਆ ਕਰਦੀ ਹੈ। ਦੁਨੀਆਂ ਦੇ ਵਿੱਚ ਬਹੁਤ ਘੱਟ ਲੋਕ ਅਜਿਹੇ ਹੁੰਦੇ ਹਨ ਜੋ ਆਪਣੇ ਜੀਵਨ ਨੂੰ ਸੁਚੱਜੀ ਸੇਧ ਦਿੰਦਿਆਂ ਹੋਇਆਂ ਆਪਣੇ ਪਰਿਵਾਰ ਅਤੇ ਆਮ ਲੋਕਾਈ ਦਾ ਵੀ ਭਲਾ ਕਰ ਜਾਂਦੇ ਹਨ।

ਪਿਤਾ ਜੀ ਦੀਆਂ ਜੀਵਨ ਪ੍ਰਾਪਤੀਆਂ ਨੂੰ ਦੇਖਦਿਆਂ ਇਹ ਅਨੁਭਵ ਹੁੰਦਾ ਹੈ ਕਿ ਹਰ ਪ੍ਰਾਣੀ ਲਈ ਆਪਣੇ ਧਰਮ ਦੀ ਮੁੱਢਲੀ ਵਿੱਦਿਆ ਪ੍ਰਾਪਤ ਕਰਨੀ ਆਪਣੇ ਅਤੇ ਆਮ ਲੋਕਾਈ ਲਈ ਬਹੁਤ ਲਾਹੇਵੰਦ ਸਿੱਧ ਹੋ ਸਕਦੀ ਹੈ। ਇਹ ਪਰਮਾਰਥਕ ਗਿਆਨ ਸਾਰੇ ਜੀਵ-ਜੰਤੂਆਂ ਲਈ ਕਲਿਆਣਕਾਰੀ ਮੰਨਿਆ ਜਾਂਦਾ ਹੈ। ਹਰ ਇਨਸਾਨ ਦੇ ਅੰਦਰ ਪੰਜਾਂ ਵਿਕਾਰਾਂ ਦੀ ਹੋਂਦ ਦਾ ਪ੍ਰਭਾਵ ਬਣਿਆ ਰਹਿੰਦਾ ਹੈ ਅਤੇ ਇਹਨਾਂ ਦੇ ਅਨੁਕੂਲ ਹੀ ਮਨੁੱਖ ਜੀਵਨ ਦੇ ਬਹਾਵ ਦੇ ਵਿੱਚ ਬਹਿੰਦਾ ਸੰਸਾਰੀ ਦੁੱਖ ਸੁੱਖ ਨੂੰ ਆਪਣੇ ਮਨ ਅਤੇ ਤਨ ਤੇ ਹੰਢਾਉਂਦਾ ਹੋਇਆ ਦੁਨੀਆਂ ਤੋਂ ਆਖਿਰ ਕੂਚ ਕਰ ਜਾਂਦਾ ਹੈ। ਹੁਣ ਸਾਨੂੰ ਸੋਚਣਾ ਪਏਗਾ ਕਿ ਕੀ ਜੀਵਨ ਦਾ ਲਕਸ਼ ਇਹੋ ਹੀ ਮੰਨਿਆ ਜਾ ਸਕਦਾ ਹੈ। ਜਿਹਨਾਂ ਗੁਰਸਿੱਖਾਂ ਦਾ ਵਿਸ਼ਵਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਦ੍ਰਿੜ ਹੁੰਦਾ ਹੈ ਅਤੇ ਜਦੋਂ ਉਹ ਗੁਰਸਿੱਖ ਗੁਰੂ ਦੀ ਬਾਣੀ ਨੂੰ ਪੜ੍ਹਦਾ, ਵਿਚਾਰਦਾ ਅਤੇ ਆਪਣੇ ਜੀਵਨ ਨੂੰ ਦਰਸਾਈ ਗਈ ਸੋਚ ਤੇ ਤੁਰਨ ਦਾ ਉਪਰਾਲਾ ਕਰਦਾ ਹੈ ਤਾਂ ਇਹੋ ਪੰਜੇ ਮਾਨਸਿਕ ਵਿਕਾਰ ਇਨਸਾਨ ਦੇ ਆਪਣੇ ਵੱਸ ਹੋ ਜਾਂਦੇ ਹਨ ਅਤੇ ਜੀਵਨ ਦੇ ਮਕਸਦ ਦਾ ਗਿਆਨ ਪ੍ਰਬਲ ਹੋ ਨਿੱਤਰਦਾ ਹੈ। ਮੇਰੇ ਪਿਤਾ ਜੀ ਦਾ ਬਚਪਣ ਹੀ ਗੁਰਮਤਿ ਦੇਖ-ਰੇਖ ਦੇ ਅਧੀਨ ਆਰੰਭ ਹੋਇਆ ਇਹ ਉਪਕਾਰ ਸੰਤ ਲਕਸ਼ਮਣ ਜੀ ਦੀ ਆਪਣੀ ਮਹਾਨ ਦੇਣ ਹੈ। ਸੰਤਾਂ ਦੇ ਸਮੂਹ ਪਰਿਵਾਰ, ਅਨੇਕਾਂ ਸਾਧੂਆਂ ਅਤੇ ਗੁਣੀ-ਗਿਆਨੀਆਂ ਦੇ ਸੰਪਰਕ ਨੇ ਪਿਤਾ ਜੀ ਦੇ ਜੀਵਨ ਤੇ ਗਹਿਰਾ ਪ੍ਰਭਾਵ ਛੱਡਿਆ। ਇਸੇ ਗਿਆਨ ਦੀ ਅੰਗਿਆਰੀ ਨੇ ਪਿਤਾ ਦੀ ਮਾਨਸਿਕ ਵਿਰਤੀ ਨੂੰ ਤਬਦੀਲ ਕਰ ਦਿੱਤਾ ਅਤੇ ਉਹ ਜੀਵਨ ਦੇ ਲਕਸ਼ ਨੂੰ ਢੂੰਡਦੇ ਹੋਏ ਸੰਸਾਰ ਤੋਂ ਪਰਲੋਕ ਸਿਧਾਰ ਗਏ। ਪਾਠਕ-ਜਨ ਸ਼ਾਇਦ ਇਹ ਜਾਨਣ ਦੀ ਲੋਚਾ ਰੱਖਦੇ ਹੋਣ ਕਿ ਸਰਦਾਰ ਸਾਹਿਬ ਕਿੱਥੇ ਤੱਕ ਆਪਣੇ ਜੀਵਨ ਦੇ ਲਕਸ਼ ਨੂੰ ਪ੍ਰਾਪਤ ਕਰ ਸਕੇ ਹੋਣਗੇ। ਇਸ ਸਵਾਲ ਦੀ ਤਹਿ ਤੇ ਪਹੁੰਚ ਕੇ ਇਸ ਗੱਲ ਦਾ ਨਿਰੀਖਣ ਕਰਨਾ ਮੇਰੀ ਆਪਣੀ ਪਾਰਦਰਸ਼ੀ ਸੋਚ ਦਾ ਵਿਸ਼ਾ ਨਹੀਂ ਹੈ। ਇਸ ਸਮੁੱਚੇ ਲੇਖ ਨੂੰ ਪੜ੍ਹਕੇ

ਅਤੇ ਪਿਤਾ ਜੀ ਦੀਆਂ ਜੀਵਨ-ਪ੍ਰਾਪਤੀਆਂ ਨੂੰ ਘੋਖਦਿਆਂ ਪਾਠਕ-ਜਨ ਕਿਸੇ ਹੱਦ ਤੱਕ ਆਪਣਾ ਨਿਰਣਾ ਲੈ ਸਕਦੇ ਹਨ। ਹਾਂ ਇਸ ਗੁੰਝਲ ਨੂੰ ਇੱਕ ਛੋਟੇ ਜਿਹੇ ਬਿਆਨ ਰਾਹੀਂ ਆਪ ਗੋਚਰੇ ਛੱਡਦਿਆਂ ਮੇਰੇ ਵੱਲੋਂ ਹੋਈਆਂ ਗਲਤੀਆਂ ਤੋਂ ਮੈਂ ਆਪ ਸਾਰਿਆਂ ਪਾਸੋਂ ਖਿਮਾਂ ਚਾਹਾਂਗਾ। ਪਿੰਡ ਡੱਲੇਵਾਲ਼ ਤੋਂ ਸੰਤੋਖ ਸਿੰਘ ਢਿੱਲੋਂ ਦਾ ਪਿਤਾ ਜੀ ਨਾਲ ਚਿਰੋਕਣਾ ਸੰਬੰਧ ਬਣਿਆ ਰਿਹਾ ਹੈ ਇਹ ਦੋਵੇਂ ਲੀਡਜ਼ ਗੁਰਦੁਆਰਾ ਸਾਹਿਬ ਦੀ ਕਮੇਟੀ ਦੇ ਵਿੱਚ ਇੱਕਠੇ ਕੰਮ ਕਰਦੇ ਰਹੇ ਸਨ। ਇਹਨਾਂ ਦੀ ਆਪਸੀ ਸਾਂਝ ਇਸ ਗੱਲ ਦੀ ਪ੍ਰਤੀਕ ਬਣੀ ਰਹੀ ਸੀ ਕਿ ਗੁਰਦੁਆਰੇ ਦੀ ਕਮੇਟੀ ਦੀ ਕਾਰਗੁਜ਼ਾਰੀ ਦੌਰਾਨ ਇਹਨੀਂ ਸੱਚ ਤੇ ਪਹਿਰਾ ਦਿੱਤਾ ਅਤੇ ਸਿੱਖ ਧਰਮ ਦਾ ਪ੍ਰਚਾਰ ਗੁਰਮਤਿ ਅਸੂਲਾਂ ਤੇ ਡਟ ਕੇ ਕੀਤਾ। ਸੰਨ 1978 ਦੀ ਗੱਲ ਹੈ ਕਿ ਲੀਡਜ਼ ਗੁਰਦੁਆਰੇ ਦੇ ਵਿੱਚ ਸਰਦਾਰ ਅਰਜਨ ਸਿੰਘ ਗਿਆਨੀ ਹੋਰਾਂ ਨੂੰ ਗੁਰੂ ਘਰ ਦੇ ਵਜ਼ੀਰ ਰੱਖਿਆ ਗਿਆ ਸੀ, ਇਹ ਭਾਈ ਸੁਰਜਨ ਸਿੰਘ ਹੋਰਾਂ ਦੇ ਨਾਲ ਰਾਗੀ ਜੱਥੇ ਦੇ ਵਿੱਚ ਹੁੰਦੇ ਸਨ ਅਤੇ ਉਹਨਾਂ ਦੇ ਨਾਲ ਕੀਰਤਨ ਕਰਿਆ ਕਰਦੇ ਸਨ। ਇਹਨਾਂ ਵੱਲੋਂ ਆਸਾ ਦੀ ਵਾਰ ਦਾ ਗਾਇਣ ਸਿੱਖ ਜਗਤ ਦੇ ਵਿੱਚ ਅੱਜਤਕ੍ਰ ਬਹੁਤ ਪ੍ਰਸਿੱਧ ਹੈ। ਸਰਦਾਰ ਅਰਜਨ ਸਿੰਘ ਹੋਰਾਂ ਦੇ ਨਾਲ ਪਿਤਾ ਜੀ ਦੀ ਬਹੁਤ ਸਾਂਝ ਰਹੀ ਹੈ ਕਿਉਂਕਿ ਇਹ ਵੀ ਗੁਰਮਤਿ ਅਸੂਲਾਂ ਤੇ ਪਹਿਰਾ ਦਿੰਦੇ ਸਨ ਖੇਦ ਹੈ ਕਿ ਸੱਚੇ ਇਨਸਾਨ ਨੂੰ ਕੋਈ ਟਿਕਣ ਨਹੀਂ ਦਿੰਦਾ ਸੋ ਇਸੇ ਕਾਰਣ ਇਹਨਾਂ ਦੀ ਰਾਸ ਲੀਡਜ਼ ਦੇ ਕੁੱਝ ਲੋਕਾਂ ਦੇ ਨਾਲ ਸਲਾਮਤ ਨਹੀਂ ਸੀ ਰਹੀ ਸੋ ਇਸੇ ਕਾਰਣ ਇਹ ਲੀਡਜ਼ ਸ਼ਹਿਰ ਛੱਡ ਕੇ ਲੰਡਨ ਚਲੇ ਗਏ ਸੀ। ਲੰਡਨ ਕਿਸੇ ਗੁਰਦੁਆਰੇ ਦੇ ਵਿੱਚ ਇਹ ਸੱਚੀ ਸੁੱਚੀ ਕਿਰਤ ਕਰਦੇ ਹਨ ਅਤੇ ਸੰਜੀਦਗੀ ਦਾ ਜੀਵਨ ਬਤੀਤ ਕਰ ਰਹੇ ਹਨ। ਪਿਤਾ ਜੀ ਦੇ ਅਖੀਰਲੇ ਸਫ਼ਰ ਤੋਂ ਕੁੱਝ ਦਿਨ ਪਹਿਲਾਂ ਦੀ ਗੱਲ ਹੈ ਕਿ ਇਹ ਸੰਤੋਖ ਸਿੰਘ ਢਿੱਲੋਂ ਦੇ ਨਾਲ ਗੱਲ ਕਰ ਰਹੇ ਸਨ ਕਿ ਸੰਤੋਖ ਸਾਰੀ ਜਿੰਦਗੀ ਕਮਾਈ ਕਰਦੇ ਰਹੇ, ਲੋਕ ਭਲਾਈ ਹਿੱਤ ਜੀਵਨ ਲਾ ਦਿੱਤਾ, ਗੁਰਬਾਣੀ ਪੜ੍ਹਦੇ ਅਤੇ ਪੜ੍ਹਾਉਂਦੇ ਰਹੇ ਪਰ ਜਿੰਦਗੀ ਦੇ ਲਕਸ਼ ਦੀ ਪਹਿਲਾਂ ਕਦੀ ਸਪੱਸ਼ਟ ਸੋਝੀ ਨਹੀਂ ਸੀ ਹੋਈ, ਹੁਣ ਲਕਸ਼ ਸਾਫ ਦਿੱਸਦਾ ਹੈ ਪਰ ਮੇਰੇ ਕੋਲ ਸਮਾਂ ਨਹੀ ਰਿਹਾ। ਇਹ ਇੱਕ ਬਹੁਤ ਵੱਡੀ ਬੁਝਾਰਤ ਹੈ ਜਿਸਨੂੰ ਸਮਝਣਾ ਸੌਖੀ ਗੱਲ ਨਹੀਂ ਹੈ। ਮੈਂ ਸਮਝਦਾ ਹਾਂ ਕਿ ਇਸ ਅਵਸਥਾ ਨੂੰ ਪ੍ਰਾਪਤ ਕਰ ਲੈਣਾ ਅਤੇ ਜੀਵਨ ਦੇ ਲਕਸ਼ ਦੀ ਸੋਝੀ ਹੋ ਜਾਣੀ ਕੀ ਉਹਨਾਂ ਦੀਆਂ ਜੀਵਨ ਪ੍ਰਾਪਤੀਆਂ ਦਾ ਪੁਰਸਕਾਰ ਨਹੀਂ ਕਿਹਾ ਜਾ ਸਕਦਾ। ਕੀ ਇਹ ਮਾਣ ਵਾਲੀ ਗੱਲ ਨਹੀਂ ਹੈ ਕਿ ਗੁਰਮਤਿ ਨੂੰ ਪੜ੍ਹਨਾ, ਪੜ੍ਹਾਉਣਾ ਅਤੇ ਜੀਵਨ ਨੂੰ ਉਹਨਾਂ ਲੀਹਾਂ ਤੇ ਤੋਰ ਲੈਣਾ ਫਿਰ ਲੋਕ ਭਲਾਈ ਲਈ ਯਤਨ ਕਰਦੇ ਰਹਿਣਾ, ਗੁਰੂ ਦੇ ਗਿਆਨ ਨੂੰ ਵੰਡਣਾ ਕੀ ਇਹ ਸ਼ੁੱਭ ਕਿਰਤ ਦੀ ਕਰਨੀ ਨਹੀ ਕਹਿ ਸਕਦੇ। ਲੇਖਕ ਜਿਸ ਵਾਤਾਵਰਣ ਦੇ ਘੇਰੇ ਵਿੱਚ ਹੁੰਦਾ ਹੋਇਆ ਜੋ ਲਿਖਦਾ ਹੈ ਅਤੇ ਪੜ੍ਹਨ

ਵਾਲਾ ਉਸ ਮਾਹੌਲ ਦਾ ਅਨੁਮਾਨ ਲਾਉਂਦਿਆਂ ਜੋ ਸਮਝਣ ਦਾ ਯਤਨ ਕਰਦਾ ਹੈ ਇਹਨਾਂ ਦੋਵਾਂ ਅਵਸਥਾਵਾਂ ਦਾ ਕਾਫੀ ਅੰਤਰਾ ਹੈ। ਪਿਤਾ ਜੀ ਦਾ ਦਾਰਸ਼ਨਕ ਸਿਧਾਂਤ ਆਮ ਲੋਕਾਂ ਲਈ ਕਲਿਆਣਕਾਰੀ ਸਿੱਧ ਹੋਇਆ ਹੈ ਇਸ ਫ਼ਲਸਫ਼ੇ ਨੂੰ ਮਾਣਤਾ ਦੇਣੀ ਅਤੇ ਉਹਨਾਂ ਲੀਹਾਂ ਤੇ ਤੁਰਨ ਦਾ ਯਤਨ ਕਰਨਾ ਮੇਰੇ ਲਈ ਅਪਾਰ ਬਖਸ਼ਿਸ਼ ਹੈ। ਪਿਤਾ ਜੀ ਦਾ ਦੁੱਗਲ ਪਰਿਵਾਰ ਦੇ ਵਿੱਚ ਜਨਮ ਲੈਣਾ ਸਾਡੇ ਸਾਰਿਆਂ ਲਈ ਬਹੁਤ ਮਾਣ ਵਾਲੀ ਗੱਲ ਹੈ। ਸਿਰਫ ਅਸੀਂ ਹੀ ਨਹੀਂ ਬਲਕਿ ਮੈਂ ਕਹਾਂਗਾ ਕਿ ਬਹੁਤ ਸਾਰੇ ਲੋਕਾਂ ਨੇ ਉਹਨਾਂ ਦੇ ਜੀਵਨ ਤੋਂ ਬਹੁਤ ਕੁੱਝ ਸਿੱਖਿਆ ਹੋਵੇਗਾ, ਇਸ ਦਿਆਨਤਦਾਰੀ ਨੂੰ ਉਹ ਲੋਕ ਹੀ ਮਹਿਸੂਸ ਕਰ ਸਕਦੇ ਹਨ ਭਲਾ ਹੋਵੇ ਉਹਨਾਂ ਲੋਕਾਂ ਦਾ ਅਤੇ ਸ਼ੁਕਰਾਨਾ ਹੈ ਪਿਤਾ ਜੀ ਦਾ ਜਿਹਨੀਂ ਗੁਰਮਤਿ ਦੇ ਫ਼ਲਸਫ਼ੇ ਨੂੰ ਸਮਝਦਿਆਂ ਜੀਵਨ ਦੇ ਵਿੱਚ ਨੇਕ ਕਮਾਈ ਕੀਤੀ ਹੈ। ਪਿਤਾ ਜੀ ਤੇ ਹੋਈ ਅਪਾਰ ਬਖਸ਼ਿਸ਼ ਦਾ ਸੇਹਰਾ ਉਸ ਅਕਾਲ ਪੁਰਖੁ ਦਾ ਹੈ ਜਿਸਦਾ ਮੈਂ ਕੋਟਾਨਕੋਟ ਧੰਨਵਾਦ ਕਰਦਾ ਹਾਂ ਅਤੇ ਵਾਹਿਗੁਰੂ ਨੂੰ ਨਤਮਸਤਕ ਹੁੰਦਿਆਂ ਉਸਦੇ ਚਰਨਾ ਦੇ ਵਿੱਚ ਅਰਦਾਸ ਕਰਦਾ ਹਾਂ ਕਿ ਵਾਹਿਗੁਰੂ ਆਪਣੇ ਗੁਰਸਿੱਖਾਂ ਨੂੰ ਪਰਮਾਰਥਕ ਰਸਤੇ ਤੇ ਤੁਰਨ ਦੀ ਸੁਮੱਤ ਬਖਸ਼ੇ। ਗੁਰਸਿੱਖ ਲਈ ਪੰਜਾਂ ਵਿਕਾਰਾਂ ਕਾਮ ਕ੍ਰੋਧ ਲੋਭ ਮੋਹ ਹੰਕਾਰ ਨੂੰ ਸੰਤੁਲਿਤ ਕਰਨ ਦਾ ਸਾਧਨ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰਨਾ ਅਤੇ ਗੁਰੂ-ਸ਼ਬਦ ਨੂੰ ਗ੍ਰਹਿਣ ਕਰਦਿਆਂ ਇਸ ਕਥਨ ਤੇ ਪਹਿਰਾ ਦੇਣਾ ਹੈ। ਗੁਰਮਤਿ ਦੀ ਸੋਝੀ ਹੀ ਮੈਂ-ਮੇਰੀ ਦੇ ਅੰਤਰੀਵ ਵਾਸ਼ਨਾ ਨੂੰ ਨਿਵਿਰਤ ਕਰ ਸਕਦੀ ਹੈ ਇਸੇ ਪ੍ਰਕਰਣ ਦੇ ਵਿੱਚੋਂ ਦੇਸ਼-ਭਗਤੀ ਅਤੇ ਲੋਕ ਭਲਾਈ ਵਾਲੇ ਗੁਣ ਉਪਜਿਆ ਕਰਦੇ ਹਨ। ਹਾਂ ਕੋਸ਼ਿਸ਼ ਕਰਨੀ ਸਾਡਾ ਫ਼ਰਜ਼ ਬਣਦਾ ਹੈ ਪਰ ਇਸਦਾ ਫਲ ਉਸ ਦਾਤੇ ਦੇ ਆਪਣੇ ਹੱਥ-ਵੱਸ ਹੁੰਦਾ ਹੈ ਸੋ ਆਪਣੇ ਫ਼ਰਜ਼ਾਂ ਦੀ ਅਦਾਇਗੀ ਕਰਦੇ ਰਹਿਣਾ ਸਾਡਾ ਪ੍ਰਮੁੱਖ ਕਰਤੱਵ ਬਣਦਾ ਹੈ ਅਤੇ ਆਸ ਹੈ ਕਿ ਪਿਤਾ ਜੀ ਦੇ ਜੀਵਨ ਦੇ ਸੰਘਰਸ਼ ਤੋਂ ਪਾਠਕ-ਜਨ ਜਰੂਰ ਕੋਈ ਲਾਹਾ ਲੈਣ ਦੀ ਕੋਸ਼ਿਸ਼ ਕਰਨਗੇ। **ਸ਼ੁੱਭ-ਕਾਮਨਾਵਾਂ ਸਹਿਤ ਆਪ ਸਾਰਿਆਂ ਦਾ ਧੰਨਵਾਦ ਹੈ ਜਿਨ੍ਹੀਂ ਇਸ ਪੁਸਤਕ ਨੂੰ ਪੜ੍ਹਨ ਦਾ ਯਤਨ ਕੀਤਾ ਹੈ।** ਪੁਸਤਕ ਵਿਚ ਹੋਈਆਂ ਗਲਤੀਆਂ ਦਾ ਸੁਧਾਰ ਕਰਨ ਲਈ ਦਾਸਰੇ ਨੂੰ ਇਸ ਨੰਬਰ ਤੇ 00447812892459 ਸੰਪਰਕ ਕਰਨ ਦੀ ਕ੍ਰਿਪਾਲਤਾ ਕਰਨੀ।

**ਤ੍ਰਿਲੋਚਨ ਸਿੰਘ ਦੁੱਗਲ**

# ਧੰਨਵਾਦ

ਕਿਸੇ ਵੀ ਵਿਸ਼ੇ ਤੇ ਲਿਖਣ ਲਈ ਲੋੜਿੰਦੀ ਸਮਗਰੀ ਚਾਹੀਦੀ ਹੈ ਬਿਨਾ ਖੋਜ਼ ਕੀਤਿਆਂ ਜਾਂ ਕਿਸੇ ਵੀ ਵਿਅਕਤੀ ਦੇ ਸੰਪਰਕ ਤੋਂ ਬਿਨਾ ਬਹੁਤਾ ਕੁੱਝ ਲਿਖਿਆ ਨਹੀਂ ਜਾ ਸਕਦਾ। ਇਸ ਪੁਸਤਕ ਨੂੰ ਲਿਖਣ ਲਈ ਹੇਠ ਲਿਖੇ ਗੁਰੂ-ਪਿਆਰਿਆਂ ਨੇ ਬਹੁਤ ਸੰਜੀਦਗੀ ਦੇ ਨਾਲ ਦਾਸਰੇ ਨੂੰ ਪੁਸਤਕ ਲਈ ਸਮਗਰੀ ਪੇਸ਼ ਕਰਦਿਆਂ ਕਿਰਤਾਰਥ ਕੀਤਾ ਹੈ ਮੈਂ ਇਨ੍ਹਾਂ ਸਾਰਿਆਂ ਦਾ ਸਦੀਵੀ ਰਿਣੀ ਰਹਾਂਗਾ ਅਤੇ ਪੁਸਤਕ ਦੀ ਸੰਪਾਦਨਾ ਪ੍ਰਤੀ ਯੋਗ ਸੋਧਾਂ ਕਰਨ ਲਈ ਮੈਂ ਸਰਦਾਰ ਸੰਤੋਖ ਸਿੰਘ ਢਿੱਲੋਂ, ਸਰਦਾਰ ਕਸ਼ਮੀਰ ਸਿੰਘ ਘੁੰਮਣ ਅਤੇ ਸਰਦਾਰ ਤਰਲੋਕ ਸਿੰਘ ਚੌਹਾਨ ਹੋਰਾਂ ਦਾ ਅਤਿ ਧੰਨਵਾਦੀ ਹਾਂ। ਜਿਨ੍ਹਾਂ ਸੱਜਣਾ ਨੇ ਪਿਤਾ ਜੀ ਦੇ ਜੀਵਨ ਦੀ ਘਾਲਣਾ ਨੂੰ ਆਪਣੇ ਸੰਦੇਸ਼ ਰਾਹੀਂ ਸ਼ਿਸ਼ਟਤਾ ਦੀ ਰੰਗਤ ਦੇਣ ਦਾ ਯਤਨ ਕੀਤਾ ਹੈ ਮੈਂ ਉਨ੍ਹਾਂ ਦਾ ਵੀ ਤਹਿਦਿਲ ਤੋਂ ਆਭਾਰੀ ਹਾਂ। ਇਨ੍ਹਾਂ ਦੇ ਸਹਿਯੋਗ ਤੋਂ ਬਿਨਾ ਇਸ ਪੁਸਤਕ ਦਾ ਖਰੜਾ ਤਿਆਰ ਨਹੀਂ ਸੀ ਹੋ ਸਕਦਾ ਸੋ ਇਨ੍ਹਾਂ ਸਾਰਿਆਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ।

**ਪੁਸਤਕ ਵਿੱਚ ਹਵਾਲੇ ਦੇਣ ਵਾਲੇ ਸਹਾਇਕ**

1. ਸੰਤ ਲਕਸ਼ਮਨ ਜੀ-ਚੰਡੀਗੜ੍ਹ
2. ਸੁਖਦੇਵ ਚੰਦ-ਜਮਸ਼ੇਰ ਖ਼ਾਸ
3. ਗੁਰਮੇਜ਼ ਸਿੰਘ ਨਿੱਜਰ ਨੌਟੀਘੰਮ
4. ਰਣਜੀਤ ਸਿੰਘ ਹੇਅਰ-ਲਮਿੰਗਟਨ ਸਪਾ
5. ਭਾਗ ਮੱਲ-ਲੀਡਜ਼
6. ਰੇਸ਼ਮ ਸਿੰਘ ਗਿੱਲ-ਲੀਡਜ਼
7. ਦਲਜੀਤ ਸਿੰਘ ਸੋਂਧ-ਲੀਡਜ਼
8. ਅਮਰਜੀਤ ਸਿੰਘ-ਲੰਡਨ
9. ਚੈਨ ਸਿੰਘ ਸ਼ੇਰਗਿੱਲ-ਜਮਸ਼ੇਰ ਖ਼ਾਸ
10. ਸੋਹਨ ਸਿੰਘ ਸਿੱਧੂ-ਲੁਧਿਆਣਾ
11. ਬਲਬੀਰ ਸਿੰਘ ਹੀਰ-ਚੱਕ ਕਲਾਂ
12. ਸੰਤੋਖ ਸਿੰਘ ਢਿਲੋਂ-ਲੀਡਜ਼

13. ਪ੍ਰੀਤਮ ਸਿੰਘ ਪਰਦੇਸੀ-ਰਾਮਾਂ ਮੰਡੀ

14. ਕਸ਼ਮੀਰ ਸਿੰਘ ਰਾਏ-ਲੀਡਜ਼

15. ਤਰਸੇਮ ਸਿੰਘ ਖੱਟਕਰ-ਲੀਡਜ਼

16. ਨਿਰੰਕਾਰ ਸਿੰਘ ਚੱਗਰ-ਜਲੰਧਰ

17. ਦੁੱਗਲ ਪਰਿਵਾਰ

ਸ਼ੁੱਭ-ਕਾਮਨਾਵਾਂ ਸਹਿਤ ਆਪ ਸਾਰਿਆਂ ਦਾ ਧੰਨਵਾਦ ਹੈ ਜਿਨ੍ਹੀਂ ਇਸ ਪੁਸਤਕ ਨੂੰ ਪੜ੍ਹਨ ਦਾ ਯਤਨ ਕੀਤਾ ਹੈ।

ਪੁਸਤਕ ਵਿਚ ਹੋਈਆਂ ਗਲਤੀਆਂ ਦਾ ਸੁਧਾਰ ਕਰਨ ਲਈ ਦਾਸਰੇ ਨੂੰ ਇਸ ਨੰਬਰ ਤੇ 00447812892459 ਸੰਪਰਕ ਕਰਨ ਦੀ ਕ੍ਰਿਪਾਲਤਾ ਕਰਨੀ।

**ਤ੍ਰਿਲੋਚਨ ਸਿੰਘ ਦੁੱਗਲ**